# ਬਾਰ ਪਰਾਏ ਬੈਸਣਾ

## ਪੰਜਾਬੀ ਸੱਥ

پنجابی سٿ

## ਪੰਜ ਨਦ ਪ੍ਰਕਾਸ਼ਨ


# ਬਾਰ ਪਰਾਏ ਬੈਸਣਾ



***Published by :***

***PUNJ NAD PUBLICATIONS***

***1FbVf/Lambra, j1MDr/ Jalandhar.***

***Pon/Ph : 0181-2791036***

***Available from :***

***ਡਾ. ਨਿਰਮਲ ਸਿੰਘ***

ਸੇਵਾਦਾਰ, ਪੰਜਾਬੀ ਸੱਥ

ਲਾਂਬੜਾ, ਜਲੰਧਰ, ਪੰਜਾਬ-ਭਾਰਤ

ਫੋਨ : 0181-2791036

ਈ ਮੇਲ : drnirmalsinghlambra@gmail.com

***Mota Singh Sarai***

15 Angelica Close, Tame Bridge,

Walsall, West Midlands. WS5 4RP. UK

Phone : +44 785 075 0109

Email : singh_m_sarai@hotmail.com

***ਪ੍ਰਿੰ. ਕੁਲਵਿੰਦਰ ਸਿੰਘ ਸਰਾਏ***

ਮੰਜਕੀ ਪੰਜਾਬੀ ਸੱਥ, ਭੰਗਾਲਾ

ਜਲੰਧਰ, ਪੰਜਾਬ-ਭਾਰਤ 144033

ਫੋਨ /Phone : 01826-275633,

ਮੋਬਾਈਲ /Mobile : 98141-60642

***Design and Type Setting :***

*Sunny Kochhar (9888428863)*

ਮੁੱਲ : *Rs.125, £5, $8*

## ਸਮਰਪਤ

ਪੰਜਾਂ ਪਾਣੀਆਂ ਦੇ ਉਹਨਾਂ ਧੀਆਂ ਪੁੱਤਰਾਂ ਨੂੰ ਸਮਰਪਿਤ ਜਿਹੜੇ ਆਪਣੀ ਜੰਮਣ ਭੋਏਂ ਤੋਂ ਜਿਸਮਾਨੀ ਤੌਰ 'ਤੇ ਹਜ਼ਾਰਾਂ ਕੋਹਾਂ ਦੂਰ ਰਹਿੰਦੇ ਜਦੋਂ ਚੋਗ ਚੁਗੇਂਦੇ ਥੱਕ ਟੁੱਟ ਕੇ ਨੀਂਦ ਰਾਣੀ ਦੀ ਗੋਦ ਵਿਚ ਜਾਂਦੇ ਨੇ ਤਾਂ ਸੁਪਨਿਆਂ ਵਿਚ ਆਪਣੇ ਪਿੰਡਾਂ ਦੀਆਂ ਜੂਹਾਂ 'ਚ ਵਿਚਰਦੇ ਨੇ।

## ਸ਼ੁਕਰਗੁਜ਼ਾਰੀ

ਵੀਰ ਪਰਮਜੀਤ ਸਿੰਘ ਧਾਲੀਵਾਲ ਦੀ, ਜਿਹੜੇ ਆਪਣੇ ਜੱਦੀ ਪਿੰਡ ਖੋਥੜਾਂ ਨੇੜੇ ਫਗਵਾੜਾ ਜ਼ਿਲ੍ਹਾ ਕਪੂਰਥਲਾ, ਪੰਜਾਬ ਤੋਂ ਉੱਠ ਕੇ ਅੱਜ ਕੱਲ੍ਹ ਹੌਲੈਂਡ ਦੀ ਧਰਤੀ ਉੱਪਰ ਆਪਣੀ ਪੁਸ਼ਤੈਨੀ ਬੋਲੀ ਦੀ ਖੁਸ਼ਬੂ ਵੰਡ ਰਹੇ ਹਨ। ਹਥਲੀ ਕਿਤਾਬ ਦਾ ਸਮੁੱਚਾ ਖਰਚ, ਪਰਮਜੀਤ ਸਿੰਘ ਧਾਲੀਵਾਲ ਅਤੇ ਉਨ੍ਹਾਂ ਦੇ ਸੁਹਿਰਦ ਮਿੱਤਰ ਹੌਲੈਂਡ ਵਾਸੀ ਜਸਪਾਲ ਸਿੰਘ ਨੇ, ਕਰਨ ਦਾ ਜਸ ਖੱਟਿਆ ਹੈ। ਅਸੀਂ ਉਸ ਦੋ ਜਹਾਨ ਦੇ ਵਾਲੀ ਅੱਗੇ ਸੱਚੇ ਦਿਲੋਂ ਅਰਦਾਸ ਕਰਦੇ ਹਾਂ ਕਿ ਸਾਡੇ ਪ੍ਰਦੇਸ ਵਸਦੇ ਵੀਰ ਆਉਣ ਵਾਲੇ ਸਮੇਂ ਵਿਚ ਵੀ ਆਪਣੇ ਸਭਿਆਚਾਰ ਨਾਲ ਜੁੜੇ ਰਹਿਣ।

# ਪ੍ਰਵਾਸ ਦੀਆਂ ਕੂਕਾਂ ਤੇ ਹੂਕਾਂ

ਆਪਣਾ ਜੱਦੀ ਪੁਸ਼ਤੀ ਥਾਂ ਟਿਕਾਣਾ ਛੱਡ ਕੇ ਓਪਰੇ ਲੋਕਾਂ, ਓਭੜ ਇਲਾਕਿਆਂ ਤੇ ਪਰਾਏ ਦੇਸਾਂ ਵਿਚ ਵੱਸਣ ਨੂੰ ਪਰਵਾਸ ਆਖਿਆ ਜਾਂਦਾ ਹੈ। ਏਸ ਥਾਂ ਬਦਲੀ ਦੇ ਅਨੇਕਾਂ ਕਾਰਨ ਹੋ ਸਕਦੇ ਨੇ ਤੇ ਇਹ ਵਰਤਾਰਾ ਮਨੁੱਖੀ ਇਤਿਹਾਸ ਜਿੰਨਾ ਈ ਪੁਰਾਣਾ ਏ। ਕਹਿੰਦੇ ਨੇ ਇਨਸਾਨ ਦੇ ਪੈਰਾਂ ਵਿਚਲਾ ਅਦਿੱਖ ਚੱਕਰ ਤੇ ਮਨ ਵਿਚਲੀ ਜਗਿਆਸਾ ਉਹਨੂੰ ਟਿਕ ਕੇ ਨਹੀਂ ਰਹਿਣ ਦਿੰਦੀ। ਪਸ਼ੂ ਪੰਛੀਆਂ ਤੇ ਬਨਾਸਪਤੀ ਜਗਤ ਵਿਚ ਵੀ ਆਪਣੀਆਂ ਰਿਆਇਸ਼ਗਾਹਾਂ ਤੇ ਜਨਮ ਭੂਮੀਆਂ ਛੱਡ ਸੈਂਕੜੇ ਹਜ਼ਾਰਾਂ ਕੋਹਾਂ ਤੀਕ ਪਰਵਾਸ ਕਰਨ ਦੀਆਂ ਮਿਸਾਲਾਂ ਮੌਜੂਦ ਨੇ। ਜੀਵਤ ਸ਼ੈਵਾਂ ਦਾ ਨਿਰਜੀਵਾਂ ਨਾਲੋਂ ਨਿਖੇੜਾ ਵੀ ਇਹੋ ਹੀ ਦਰਸਾਉਂਦਾ ਹੈ ਕਿ ਮਨੁੱਖਾਂ ਸਮੇਤ ਪਸ਼ੂ ਪੰਛੀ ਹਰ ਦੌਰ ਵਿਚ ਨਵੀਆਂ ਜੂਹਾਂ ਦੀ ਭਾਲ ਵਿਚ ਨਿਰੰਤਰ ਪਰਵਾਸ ਕਰਦੇ ਰਹੇ ਨੇ। ਇਹ ਇਕ ਕੁਦਰਤੀ ਅਮਲ ਹੈ ਤੇ ਇਹਨੂੰ ਸਮਝਿਆ ਤਾਂ ਜਾ ਸਕਦਾ ਹੈ, ਪਰ ਰੋਕਿਆ ਨਹੀਂ ਜਾ ਸਕਦਾ। ਉਦਾਹਰਣ ਵਜੋਂ ਪੰਜਾਬ ਦਾ ਸਮਾਜਿਕ ਇਤਿਹਾਸ ਗਵਾਹ ਹੈ ਕਿ ਇਥੇ ਦਰਾਵੜਾਂ, ਆਰੀਆਂ, ਯੂਨਾਨੀਆਂ, ਹੂਨਾਂ, ਸਿਥੀਅਨਾਂ, ਤੁਰਕਾਂ, ਇਰਾਨੀਆਂ, ਮੁਗਲਾਂ ਤੇ ਹੁਣ ਪੂਰਬੀਆਂ ਦੀਆਂ ਅਨੇਕਾਂ ਨਸਲਾਂ ਪਰਵਾਸ ਕਰਕੇ ਆਈਆਂ ਤੇ ਇਥੋਂ ਦੀਆਂ ਹੀ ਹੋ ਕੇ ਰਹਿ ਗਈਆਂ। ਏਸ ਤੋਂ ਉਲਟ ਪੰਜਾਂ ਪਾਣੀਆਂ ਦੀ ਏਸ ਧਰਤੀ ਦੇ ਵਸਨੀਕ ਲਗਾਤਾਰ ਇਥੋਂ ਪਲਾਇਨ ਕਰਕੇ ਅਣਵੰਡੇ ਹਿੰਦੁਸਤਾਨ ਵਿਚ ਤਾਂ ਜਾਂਦੇ ਹੀ ਰਹੇ ਦੁਨੀਆ ਦੀ ਹਰ ਨੁੱਕਰ ਨੂੰ ਉਹਨਾਂ ਆਪਣਾ ਘਰ ਬਣਾਇਆ।

ਇਸ ਅਦਲਾ ਬਦਲੀ ਨੂੰ ਘੋਖਿਆਂ ਪਤਾ ਲੱਗਦਾ ਏ ਕਿ ਪਰਵਾਸ ਦੀਆਂ ਦੋ ਮੋਟੀਆਂ ਜਿਹੀਆਂ ਕਿਸਮਾਂ ਨੇ। ਇਕ ਤੇ ਹੈ ਕੁਦਰਤੀ, ਸਹਿਜ ਤੇ ਸੋਚ ਸਮਝ ਵਾਲਾ ਜਿਹੜਾ, ਕਿਸੇ ਵੀ ਸਮਾਜ ਜਾਂ ਭਾਈਚਾਰੇ ਵਿਚ ਬਹੁਤੇ ਵਿਗਾੜ ਨਹੀਂ ਪੈਦਾ ਕਰਦਾ। ਵੱਡੇ ਟੱਬਰ 'ਚੋਂ ਕੋਈ ਇਕ ਅੱਧਾ ਜੀਅ ਕਿਸੇ ਖਾਸ ਕਾਰਨ ਕਰਕੇ ਘਰੋਂ ਦੂਰ ਜਾ ਕੇ ਖੁਸ਼ੀ ਖੁਸ਼ੀ ਕਿਸੇ ਨਵੇਂ ਪੇਸ਼ੇ ਜਾਂ ਕਾਰੋਬਾਰ ਕਾਰਨ ਪਰਾਏ ਦੇਸ ਵਿਚ ਵੱਸਣ ਲੱਗ ਜਾਂਦਾ ਹੈ। ਇਹਦਾ ਕੋਈ ਬਹੁਤਾ ਉਘੜਵਾਂ ਅਸਰ ਨਾ ਤੇ ਉਹਦੇ ਪਰਿਵਾਰ 'ਤੇ ਹੀ ਪੈਂਦਾ ਹੈ ਤੇ ਨਾ ਹੀ ਉਸ ਭਾਈਚਾਰੇ ਜਾਂ ਦੇਸ ਉੱਤੇ ਜਿੱਥੇ ਜਾ ਕੇ ਉਹ ਸਥਾਈ ਤੌਰ 'ਤੇ ਰਹਿਣ ਲੱਗਦਾ ਹੈ। ਕੋਈ ਲੰਮੀ ਚੌੜੀ ਹਿਲਜੁਲ ਕਿਧਰੇ ਵੀ ਨਹੀਂ ਹੁੰਦੀ, ਸਗੋਂ ਭਾਈਚਾਰਕ ਤੇ ਸਮਾਜਕ ਸਾਂਝਾਂ ਵਧਦੀਆਂ ਫੁੱਲਦੀਆਂ ਨੇ।

ਦੂਜੀ ਕਿਸਮ ਦਾ ਪਰਵਾਸ ਗੈਰ ਕੁਦਰਤੀ, ਦੇਖਾ ਦੇਖੀ ਤੇ ਭੇਡ ਚਾਲ ਵਾਲਾ ਹੁੰਦਾ ਹੈ। ਅੱਜ ਅਸੀਂ ਇਹਦੀ ਮਾਰ ਹੇਠ ਆਏ ਹੋਏ ਹਾਂ। ਪੰਜਾਬ ਇਹਦੀ ਦੋਹਰੀ ਮਾਰ ਝੱਲ ਰਿਹਾ ਹੈ, ਪੰਜਾਬੀ ਧੜਾ ਧੜ ਬਦੇਸ਼ਾਂ ਵੱਲ ਨੂੰ ਵਹੀਰਾਂ ਘੱਤ ਰਹੇ ਨੇ ਤੇ ਪੂਰਬੀਏ ਸਾਡੀ ਏਸ ਧਰਤੀ ਵੱਲ ਖਿੱਚੇ ਆ ਰਹੇ ਨੇ। ਇਸ ਪ੍ਰਕਿਰਿਆ ਦੇ ਦੋਵੇਂ ਤਰ੍ਹਾਂ ਦੇ ਪ੍ਰਭਾਵ ਜੀਵਨ ਦੇ ਹਰ ਪੱਖ

ਅਤੇ ਕੁਦਰਤੀ ਵਾਤਾਵਰਣ ਉੱਤੇ ਸਪੱਸ਼ਟ ਦੇਖੇ ਜਾ ਸਕਦੇ ਨੇ। ਇਹਨਾਂ ਵਿਚੋਂ ਕੁਝ ਹਾਂ ਪੱਖੀ ਵੀ ਹਨ, ਪਰ ਬਹੁਤੇ ਨਾਂਹ ਪੱਖੀ ਹਨ। ਤੰਗ ਨਜ਼ਰੀ ਤੇ ਜਨੂੰਨੀ ਭਾਵਨਾਵਾਂ ਨੂੰ ਲਾਂਭੇ ਰੱਖ ਕੇ ਗੰਭੀਰਤਾ ਨਾਲ ਵਿਚਾਰਨ ਨਾਲ ਬੜੇ ਭਿਆਨਕ ਨਤੀਜੇ ਸਾਹਮਣੇ ਆਉਣੇ ਸ਼ੁਰੂ ਵੀ ਹੋ ਗਏ ਹਨ। ਪਰਵਾਸ ਦੇ ਏਸ ਆਪਹੁਦਰੇ ਗੈਰ ਕੁਦਰਤੀ ਵਰਤਾਰੇ ਨੂੰ ਸਾਡੀ ਬੋਲੀ, ਸਭਿਆਚਾਰ, ਰਵਾਇਤਾਂ, ਅਰਥਚਾਰੇ, ਰਾਜਨੀਤੀ, ਧਰਮ, ਇਤਿਹਾਸ, ਹਵਾ, ਪਾਣੀ ਤੇ ਧਰਤੀ ਨੂੰ ਪਿਛਲੇ ਸਿਰਫ ਤੀਹ ਪੈਂਤੀ ਵਰ੍ਹਿਆਂ ਵਿਚ ਹੀ ਬੇ-ਪਛਾਣ ਕਰ ਦਿੱਤਾ ਹੈ।

ਪੰਜਾਬੀ ਸੱਥ ਵੱਲੋਂ ਪਿਛਲੇ ਵੀਹ ਸਾਲਾਂ ਤੋਂ ਪੰਜਾਬ ਨੂੰ ਪ੍ਰਭਾਵਤ ਕਰ ਰਹੇ ਕਿਸੇ ਭੱਖਦੇ ਮੁੱਦੇ ਨੂੰ ਲੈ ਕੇ ਅਸੀਂ ਕਿਤਾਬਾਂ ਛਾਪਦੇ ਆ ਰਹੇ ਹਾਂ। ਇਹਨਾਂ ਕਿਤਾਬਾਂ ਵਿਚ ਆਮ ਤੇ ਖਾਸ ਕਲਮਕਾਰਾਂ ਦੀਆਂ ਹਰ ਪੱਖ ਦੀਆਂ ਰਚਨਾਵਾਂ ਹੁੰਦੀਆਂ ਹਨ। ਚੜ੍ਹਦੇ ਲਹਿੰਦੇ ਪੰਜਾਬ ਦੇ ਟੋਟਿਆਂ ਤੋਂ ਵੱਖ ਬਾਹਰ ਵੱਸਦੇ ਪੰਜਾਬੀ ਵੀ ਸੁਚੇਤ ਰੂਪ ਵਿਚ ਸ਼ਾਮਲ ਕਰਨ ਦੇ ਜਤਨ ਕੀਤੇ ਜਾਂਦੇ ਰਹੇ ਨੇ। ਹਥਲੀ ਕਿਤਾਬ 'ਬਾਰ ਪਰਾਏ ਬੈਸਣਾ' ਵਿਚ ਵੀ ਕਵਿਤਾ ਦੀਆਂ 'ਕੂਕਾਂ' ਤੇ ਵਾਰਤਕ ਦੀਆਂ 'ਹੂਕਾਂ' ਪਾਠਕਾਂ ਨੂੰ ਸਿਰਫ ਮਨ ਪ੍ਰਚਾਵੇ ਲਈ ਨਹੀਂ ਸੋਚਣ, ਸਮਝਣ ਤੇ ਵਿਚਾਰਨ ਲਈ ਪਰੋਸਣ ਜਾ ਰਹੇ ਹਾਂ। ਇਸ ਅਤਿ ਸੰਵੇਦਨਸ਼ੀਲ ਮੁੱਦੇ ਨੂੰ ਛੇੜਨ ਵਿਚ ਅਸੀਂ ਕਿੰਨੇ ਕੁ ਕਾਮਯਾਬ ਹੋਏ ਆਂ ਇਹ ਤਾਂ ਸਮਾਂ ਹੀ ਦੱਸੇਗਾ, ਪਰ ਅਸਾਂ ਆਪਣੇ ਵੱਲੋਂ ਪੂਰੀ ਵਾਹ ਲਾਈ ਹੈ। ਸਾਡੀਆਂ ਛਪਤਾਂ ਵਿਚ ਅਕਸਰ ਹੀ ਊਣਤਾਈਆਂ, ਘਾਟਾਂ ਲੱਖ ਕੋਸ਼ਿਸ਼ਾਂ ਦੇ ਬਾਵਜੂਦ ਵੀ ਰਹਿ ਜਾਂਦੀਆਂ ਨੇ। ਸਾਨੂੰ ਯਕੀਨ ਹੈ ਕਿ ਪਾਠਕ ਇਹਨਾਂ ਨੂੰ ਅਣਡਿੱਠ ਕਰਦਿਆਂ ਕਿਤਾਬ ਛਾਪਣ ਦੀ ਭਾਵਨਾ ਨੂੰ ਸਮਝਦੇ ਹੋਏ ਸਾਡੀ ਮਿਹਨਤ ਦਾ ਮੁੱਲ ਇਹਨਾਂ ਲਿਖਤਾਂ ਨੂੰ ਪੜ੍ਹ ਕੇ, ਵਿਚਾਰ ਕੇ, ਕੋਈ ਹੱਲ ਲੱਭ ਕੇ ਜ਼ਰੂਰ ਮੋੜਨਗੇ।

ਇਸ ਕਿਤਾਬ ਦੇ ਛਾਪੇ ਚੜ੍ਹਨ ਤੋਂ ਪਹਿਲਾਂ ਜਿਹੜੀ ਲਗਨ ਮਿਹਨਤ ਤੇ ਸਿਰੜ ਨਾਲ ਇਹਦੇ ਕੰਪਿਊਟਰੀਕਰਨ ਵਿਚ ਬੀਬੀ ਬਲਜਿੰਦਰ ਰਾਣੀ ਨੇ ਜਿੰਨੀ ਮਗਜ਼ਪਚੀ ਕੀਤੀ ਹੈ, ਉਹਦੇ ਲਈ ਧੰਨਵਾਦ, ਸ਼ੁਕਰਾਨੇ ਦਾ ਸ਼ਬਦ ਬਹੁਤ ਛੋਟਾ ਹੈ। ਸੰਨੀ ਕੋਛੜ ਦਾ ਸੁਭਾਅ ਤਾਂ ਉਂਝ ਬਹੁਤ ਕਾਹਲਾ ਹੈ, ਪਰ ਪਰਵਾਸ ਸਬੰਧੀ ਰਚਨਾਵਾਂ ਦੀ ਅੱਖਰ ਜੜਤ, ਸਰਵਰਕ ਅਤੇ ਛਪਵਾਈ ਵਿਚ ਜੋ ਸੰਜੀਦਗੀ ਤੇ ਸਿਆਣਪ ਉਹਨੇ ਵਿਖਾਈ ਹੈ, ਉਹ ਵੀ ਸਾਡੀ ਵਧਾਈ ਦਾ ਪਾਤਰ ਹੈ।

**— ਮੋਤਾ ਸਿੰਘ ਸਰਾਏ**
**ਯੂਰਪੀ ਪੰਜਾਬੀ ਸੱਥ**
**ਵਾਲਸਾਲ-ਯੂ.ਕੇ.**

**— ਨਿਰਮਲ ਸਿੰਘ (ਡਾ.)**
**ਸੇਵਾਦਾਰ ਪੰਜਾਬੀ ਸੱਥ**
**ਲਾਂਬੜਾ - ਜਲੰਧਰ।**

# ਕੀ ਕਿੱਥੇ

## ਕੂਕਾਂ (ਕਵਿਤਾ)


| | | | |
|---|---|---|---|
| 1. | ਦੇਸਾਂ ਵਾਲਿਓ | ਅਹਿਮਦ ਰਾਹੀ ਲਾਹੌਰ | 10 |
| 2. | ਸੋਨੇ ਰੰਗੀ ਐਨਕ | ਅਬਦੁਲ ਕਰੀਮ ਕੁਦਸੀ | 11 |
| 3. | ਪੰਛੀਆਂ ਨੂੰ ਜਾਣਾ ਪੈ ਗਿਆ | ਅਮਨ 'ਅਨਮੋਲ' | 12 |
| 4. | ਸੇਹ ਦਾ ਕੰਡਾ | ਅਕਰਮ ਬਾਜਵਾ | 13 |
| 5. | ਭੰਨ ਲਏ ਆਪਣੇ ਖੰਭ | ਅੰਜੁਮ ਸਲੀਮੀ | 14 |
| 6. | ਆਵਾਂਗਾ ਜ਼ਰੂਰ | ਅਮਰਜੀਤ ਕੌਂਕੇ | 15 |
| 7. | ਆਪਣੇ ਆਪ ਗਵਾਚੇ | ਅਹਿਸਾਨ ਬਾਜਵਾ | 16 |
| 8. | ਅਰਦਾਸ | ਸੁਰਜੀਤ ਪਾਤਰ | 17 |
| 9. | ਜਦ ਚਿੜੀਆਂ ਚੁਗ ਗਈਆਂ ਖੇਤ | ਸਲੱਖਣ ਸਿੰਘ ਦਿਓਲ | 20 |
| 10. | ਗ਼ਜ਼ਲ | ਸੁਰਜੀਤ ਸਾਜਨ | 21 |
| 11. | ਗੀਤ | ਸਰਦੂਲ ਸਿੰਘ ਔਜਲਾ | 22 |
| 12. | ਵਰਲਡ ਟਰੇਡ ਦੀ ਸਿਖਰਲੀ ਬੱਤੀ | ਸੁਰਿੰਦਰ ਸੋਹਲ | 23 |
| 13. | ਵਿਛੋੜੇ ਦਾ ਸੱਲ | ਡਾ. ਸੁਖਵੀਰ ਕੌਰ | 24 |
| 14. | ਆਜੜੀ | ਸਾਹਿਬ 'ਦਰਦ' | 25 |
| 15. | ਕੈਨੇਡਾ 'ਚ ਭਾਊ ਤੇ ਪੰਜਾਬ ਵਿਚ ਭਾਬੀ | ਹਜ਼ਾਰਾ ਸਿੰਘ ਗਿੱਲ | 26 |
| 16. | ਕਾਸ਼! ਵੀਜਾ | ਹਰਭਜਨ ਸਿੰਘ ਹੁੰਦਲ | 28 |
| 17. | ਵਿਸ਼ਵੀਕਰਣ | ਹਰਕੰਵਲਜੀਤ ਸਾਹਿਲ | 29 |
| 18. | ਮਾਂ-ਪੁੱਤਰ | ਪ੍ਰੋ. ਹਰਿੰਦਰ ਸਿੰਘ 'ਤੁੜ' | 31 |
| 19. | ਮਗਰਮੱਛ | ਪ੍ਰੋ. ਹਰਭਜਨ ਸਿੰਘ | 33 |
| 20. | ਡਾਲਰਾਂ ਦੇ ਪਿੱਛੇ | ਕੁਲਵਿੰਦਰ ਕੁੱਲਾ | 35 |
| 21. | ਡਾਲਰਾਂ ਦੀ ਚਾਹਤ | ਕਾਮਰੇਡ ਮੇਘ ਰਾਜ ਫੌਜੀ | 36 |
| 22. | ਗੈਰਾਂ ਸਾਂਭ ਲੈਣਾ | ਕੋਮਲ ਸਿੰਘ ਸੰਧੂ | 37 |
| 23. | ਆਸ ਰੱਖ | ਕੰਵਰ ਇਕਬਾਲ | 38 |
| 24. | ਸਮੀਰੋ ਮੋਹ ਦੀਓ | ਪ੍ਰਿੰ. ਕਰਤਾਰ ਸਿੰਘ ਕਾਲੜਾ | 39 |
| 25. | ਸਭ ਪ੍ਰਦੇਸੀਂ ਤੁਰ ਚੱਲੇ ਨੇ | ਕਵਿੱਕਰ ਚਾਂਦ | 40 |
| 26. | ਸੁਪਨੇ ਰੁਲ ਗਏ | ਗੁਰਦੇਵ ਸਿੰਘ | 41 |
| 27. | ਕਦੀ ਪਾ ਵਤਨਾਂ ਵਲ ਫੇਰਾ | ਗੁਰਦਿਆਲ ਰੌਸ਼ਨ | 42 |
| 28. | ਪ੍ਰਦੇਸੀ ਢੋਲਾ | ਗੁਰਿੰਦਰ ਸਿੰਘ ਕਾਹਲੋਂ | 43 |

| | | | |
|---|---|---|---|
| 29. | ਪਿੱਛੋਂ ਘਰ ਉਜਾੜੇ – ਕਲੀ | ਗਿ. ਗੁਰਮੀਤ ਸਿੰਘ ਪਵਿਆਲ | 44 |
| 30. | ਕੁਝ ਹਾਲਾਤ ਕੁਝ ਮਜ਼ਬੂਰੀਆਂ | ਗੁਰਪ੍ਰੀਤ ਕੌਰ ਧਾਲੀਵਾਲ | 45 |
| 31. | ਚੱਲ ਬਾਪੂ ਦੀ ਸਾਰ ਜਾ ਲਈਏ | ਗੁਰਨਾਮ ਸਿੰਘ 'ਬਿਜਲੀ' | 46 |
| 32. | ਪਾਰੇ ਦਾ ਲੱਡੂ | ਗੁਰਿੰਦਰ ਢੱਟ | 47 |
| 33. | ਨੀ ਮਾਏਂ ਸਾਨੂੰ | ਗੁਰਦੀਪ 'ਦੀਪੀ' | 48 |
| 34. | ਗਧੇ | ਗੁਰਨਾਮ ਢਿੱਲੋਂ | 49 |
| 35. | ਨਾ ਜਾਈਂ ਪ੍ਰਦੇਸ ਓ ਪੁੱਤਰਾ, ਨਾ ਜਾਈਂ ਪ੍ਰਦੇਸ | ਚਰਨ ਸੀਚੇਵਾਲਵੀ | 50 |
| 36. | ਸੋਹਣੇ ਜਿਹੇ ਪੰਜਾਬ ਨੂੰ | ਜਗਜੀਤ ਸਿੰਘ ਕਾਹਲੋਂ | 52 |
| 37. | ਪੰਜਾਬੀਆਂ ਸੰਸਾਰ ਵਿਚ | ਜਰਨੈਲ ਸਿੰਘ ਜਲੰਧਰੀ | 53 |
| 38. | ਤਿੜਕੇ ਸੁਪਨੇ | ਜਸਵਿੰਦਰ ਮਾਨ | 54 |
| 39. | ਕੱਲਿਆਂ ਬਹਿ ਕੇ ਰੋਣਾ ਪੈਂਦਾ | ਤੀਰਥ ਰਾਮ ਸਾਗਰ | 55 |
| 40. | ਪ੍ਰਵਾਸ | 'ਦੀਪ' ਜ਼ੀਰਵੀ | 56 |
| 41. | ਪਰਵਾਸ ਦੀ ਤਾਂਘ | ਦੀਸ਼ ਦਬੁਰਜੀ | 57 |
| 42. | ਕਬੂਤਰਾ | ਸਵ. ਨਰਿੰਦਰ 'ਦਿਲਸ਼ਨ' | 58 |
| 43. | ਸੌਖਾ ਨਹੀਂ ਹੁੰਦਾ | ਨਿਰਮਲ | 59 |
| 44. | ਮੁੱਠੀ ਭਰ ਮਿੱਟੀ ਮੇਰੇ ਖੇਤ ਦੀ | ਡਾ. ਪ੍ਰਿਤਪਾਲ ਕੌਰ ਚਾਹਲ | 61 |
| 45. | ਦੋਨੋਂ ਪੱਖ ਪ੍ਰਵਾਸ ਦੇ | ਪ੍ਰਕਾਸ਼ ਸਿੰਘ | 63 |
| 46. | ਅਮਰੀਕਾ ਦਾ ਰਾਸ਼ਟਰਪਤੀ ਹੋਣ ਦੀਆਂ ਮੌਜਾਂ | ਪਵਨ ਕਰਣ | 65 |
| 47. | ਨੱਕ ਚੋਚੋ | ਪ੍ਰੇਮ ਸਾਹਿਲ | 68 |
| 48. | ਦੀਵਾ ਬਾਲ ਪੰਜਾਬੀ ਦਾ | ਪੌਲ ਸੰਸਾਰਪੁਰੀ | 70 |
| 49. | ਕਿਧਰੇ ਨਾ ਪੈਂਦੀਆਂ ਦੱਸਾਂ | ਫੈਜ਼ ਅਹਿਮਦ ਫੈਜ਼ | 71 |
| 50. | ਪ੍ਰਦੇਸੀ ਦੀ ਯਾਦ | ਬੀਰੂ ਬਾਠਾਂ ਵਾਲਾ | 72 |
| 51. | ਉਹ ਖ਼ਤ ਜਿਹੜਾ ਕਦੀ ਪਾਇਆ ਨਹੀਂ | ਭੁਪਿੰਦਰ ਸਿੰਘ–ਬੌਬੀ | 73 |
| 52. | ਅੱਕ ਚੱਬਣਾ | ਮਹਿੰਦਰ ਮਾਨ | 74 |
| 53. | ਪਾਟਿਆ ਬਾਦਵਾਨ | ਮਸਊਦ ਚੌਧਰੀ | 75 |
| 54. | ਹਾਏ ਕੈਨੇਡਾ | ਮਨੋਹਰ 'ਸਾਦਿਕ' | 76 |
| 55. | ਮੇਰੇ ਵਤਨਾਂ ਦੀ ਮਿੱਟੀ | ਮਨਵੀਰ ਮੀਲੂ | 78 |
| 56. | ਮੁੜ ਵਤਨੀਂ | ਰਣਜੀਤ ਆਜ਼ਾਦ ਕਾਂਝਲਾ | 80 |
| 57. | ਜਾ ਕੇ ਪਰਦੇਸ... | ਰਜਿੰਦਰ ਪੱਤੜ | 82 |
| 58. | ਅੱਗ ਦਾ ਸਾਉਣ ਵਰ੍ਹੇ | ਰੂਪ ਦਬੁਰਜੀ | 83 |
| 59. | ਪੈਸਾ ਧੇਲਾ ਜੱਗ ਝਮੇਲਾ | ਰਾਜਿੰਦਰ 'ਜਿੰਦ' | 84 |
| 60. | ਬਰਗਰ ਪੀਜ਼ੇ ਨਾਲ | ਡਾ. ਰਾਮ ਮੂਰਤੀ | 85 |
| 61. | ਬੰਦ ਬਣੇ ਨਾ ਤੇਰੇ | ਰਫ਼ਾਕਤ ਹੁਸੈਨ ਮੁਮਤਾਜ | 87 |
| 62. | ਗ਼ਮਾਂ ਦੀਆਂ ਹਨੇਰੀਆਂ | 'ਲਾਲੀ' ਕਰਤਾਰਪੁਰੀ | 88 |
| 63. | ਪਰ ਅਧੀਨ ਸੁਪਨੇ ਸੁੱਖ ਨਾਹੀਂ | ਸ਼ੰਕਰ ਸਿੰਘ ਪ੍ਰਵਾਨਾ | 89 |


## ਹੂਕਾਂ (ਵਾਰਤਕ)


| | | | |
|---|---|---|---|
| 1. | ਵਿਦੇਸ਼ਾਂ ਵਿਚ ਜਾਣ ਦਾ ਰੁਝਾਨ | ਆਤਮ ਸਿੰਘ ਚਿੱਟੀ | 91 |
| 2. | ਚਾਂਦਨੀ | ਡਾ. ਇਕਬਾਲ ਕੌਰ | 94 |
| 3. | ਇਟਲੀ ਦਾ ਸਹੇੜ | ਸੁਰਿੰਦਰ ਕੌਰ ਸਮਰਾ | 100 |
| 4. | ਪ੍ਰਵਾਸ | ਸਲਵਿੰਦਰ ਸਿੰਘ ਜੱਸੀ | 104 |
| 5. | ਆ ਵੜਨਾ ਮੇਰਾ ਵੀ ਆਸਟ੍ਰੇਲੀਆ ਵਿਚ | ਸੰਤੋਖ ਸਿੰਘ (ਗਿਆਨੀ) | 106 |
| 6. | ਮਿੱਟੀ ਦਾ ਮੋਹ | ਹਰਪ੍ਰੀਤ ਕੌਰ | 118 |
| 7. | ਮਹਿਕ ਫੁੱਲਾਂ ਦੀ | ਹਰਪ੍ਰੀਤ ਸੇਖਾ | 121 |
| 8. | ਸਮਾਜਿਕ ਜੀਵਨ 'ਤੇ ਮਾਰੂ ਅਸਰ ਪਾਉਂਦਾ ਪ੍ਰਵਾਸ | ਹਰਭਜਨ ਕੌਰ ਮਲਿਕਾ | 127 |
| 9. | ਸ਼ਿਕਾਰੀ ਕੀ ਸ਼ਿਕਾਰ ? | ਕਮਲ ਕੰਗ | 130 |
| 10. | ਨਾਯਾਬ ਚੀਜ਼ | ਕਮਲਾ ਦੱਤ | 140 |
| 11. | ਪ੍ਰਵਾਸ ਕਿਉਂ, ਇਸਦੇ ਪ੍ਰਭਾਵ ਅਤੇ ਹੱਲ | ਪ੍ਰਿੰ. ਕੁਲਵਿੰਦਰ ਸਿੰਘ ਸਰਾਏ | 148 |
| 12. | ਕਰਜ਼ | ਕੁਲਬੀਰ ਬਡੇਸਰੋਂ | 152 |
| 13. | ਵਸਦੇ ਰਹੋ | ਗੁਰਪਾਲ ਸਿੰਘ–ਲੰਡਨ | 158 |
| 14. | ਖਾਲੀ ਆਲ੍ਹਣਿਆਂ ਦਾ ਸੰਤਾਪ | ਜਸਬੀਰ ਸਿੰਘ ਸ਼ੇਤਰਾ | 165 |
| 15. | ਡਾਲਰਾਂ ਦੀ ਚਕਾਚੌਂਧ | ਜਗਦੀਸ਼ ਰਾਏ ਕੁਲਰੀਆਂ | 169 |
| 17. | ਮੈਂ, ਮੇਰੀ ਤਸਵੀਰ ਤੇ ਉਹ | ਦਰਸ਼ਨ ਸਿੰਘ ਧੀਰ | 171 |
| 18. | ਮਨੁੱਖੀ ਰਿਸ਼ਤਿਆਂ ਦਾ ਦੁਖਾਂਤ | ਪਿਆਰਾ ਸਿੰਘ ਸਹਿਰਾਈ | 179 |
| 19. | ਘਰ ਦੀ ਇੱਜ਼ਤ | ਡਾ. ਪ੍ਰਿਤਪਾਲ ਕੌਰ ਚਾਹਲ | 183 |
| 20. | ਸਿਉਂਕ | ਬਲਬੀਰ ਕੌਰ ਸੰਘੇੜਾ | 188 |
| 21. | ਰੱਬ ਦਾ ਜਨਮ ਦਿਨ | ਮੱਘਰ ਸਿੰਘ ਪਨੇਸਰ | 202 |
| 22. | ਮਾਸ, ਮਿੱਟੀ ਤੇ ਮਾਇਆ | ਖ਼ਾਲਿਦ ਫਰਿਹਾਦ ਧਾਲੀਵਾਲ | 207 |

# ਕੂਕਾਂ (ਕਵਿਤਾ)

## ਦੇਸਾਂ ਵਾਲਿਓ

ਦੇਸਾਂ ਵਾਲਿਓ !
ਆਪਣੇ ਦੇਸ ਅੰਦਰ
ਅਸੀਂ ਆਏ ਹਾਂ ,
ਵਾਂਗ ਪਰਦੇਸੀਆਂ ਦੇ ।
ਘਰਾਂ ਵਾਲਿਓ ਆਪਣੇ ਘਰਾਂ ਅੰਦਰ
ਅਸੀ ਆਏ ਹਾਂ ਵਾਂਗ ਪ੍ਰਾਹੁਣਿਆਂ ਦੇ ,
ਏਸ ਮਿੱਟੀ ਦੀ ਕੁੱਖ 'ਚ ਮਾਂ ਮੇਰੀ
ਸੁੱਤੀ ਪਈ ਹੈ ਸਮਿਆਂ ਦੀ ਹੂਕ ਬਣ ਕੇ ।
ਏਸ ਪਾਣੀ ਨਾਲ ਪਾਣੀ ਹੋ ਕੇ ਨੀਰ ਮੇਰੇ ,
ਏਥੇ ਆਸ ਤੜਪੀ ਮੇਰੀ ਹੂਕ ਬਣ ਕੇ ।
ਕਿਸੇ ਕੱਲਰ ਕੱਲੜੇ ਰੁੱਖ ਵਾਂਗੂੰ ,
ਧੁੱਪਾਂ ਛਾਵਾਂ ਦੇ ਭਰ ਨਾਲ ਡੋਲਣਾ ਵਾਂ ।
ਆਪਣੀ ਮਾਂ ਦੀ ਕਬਰ ਨੂੰ ਲੱਭਣਾ ਵਾ ,
ਭੇਣਾਂ ਭਰਾਵਾਂ ਦੀਆਂ ਹੱਡੀਆਂ ਟੋਲ੍ਹਣਾਂ ਵਾ ।
ਤੁਸੀ ਦੇਸ ਵਾਲੇ ਤੁਸੀ ਘਰਾਂ ਵਾਲੇ ,
ਅਸੀ ਬੇ-ਘਰੇ .........ਅਸੀ ਪਰਦੇਸੀ ।
ਤੁਸੀ ਹੱਸ ਕੇ ਸੀਨੇ ਨਾਲ ਲਾ ਲੀਤਾ
ਅਸਾਂ ਰੋ ਕੇ ਅੱਖ ਪਰਚਾਅ ਲੀਤੀ
ਤਾਰੇ ਬੁਝੇ ਹੋਏ ਇਕ ਬਾਰ ਫੇਰ ਚਮਕੇ
ਜਿਸ ਦੀ ਆਸ ਨਹੀ ਸੀ ਉਹ ਆਸ ਪੁੱਗੀ ।
ਜੀਵੇ ਸ਼ਹਿਰ ਮੇਰਾ ਜੀਵਨ ਸ਼ਹਿਰ ਵਾਲੇ
ਅਸੀ ਆਏ ਦੁਆਵਾਂ ਇਹ ਦੇ ਚੱਲੇ ।
ਚਾਰੇ ਕੱਨੀਆ ਸਾਡੀਆਂ ਵੇਖ ਖਾਲੀ
ਅਸੀ ਨਾਲ ਨਾਹੀ ਕੁਝ ਲੈ ਚੱਲੇ ।

**– ਅਹਿਮਦ ਰਾਹੀ ਲਾਹੌਰ**
**(ਲਹਿੰਦਾ ਪੰਜਾਬ)**

# ਸੋਨੇ ਰੰਗੀ ਐਨਕ

ਗੱਲਾਂ ਬਾਤਾਂ ਨਾਲ ਤੇ,
ਪੈਂਡੇ ਮੁੱਕ ਨਹੀਂ ਜਾਂਦੇ।
ਠੰਢੀਆਂ ਛਾਵਾਂ ਵੇਖ,
ਮੁਸਾਫਰ ਰੁਕ ਨਹੀਂ ਜਾਂਦੇ।

ਇੰਝ ਤੇ ਹੋਰ ਵੀ ਹਨ ਨਿਗੱਲੇ,
ਪਰ ਉਹ ਸੱਜਣਾ।
ਥੁੱਕ ਚਟਦੇ ਨੇ,
ਪਰ ਚੱਟ ਕੇ ਫਿਰ ਥੁੱਕ ਨਹੀਂ ਜਾਂਦੇ।

ਦੀਨ ਦਾ ਰਸਤਾ ਸਿੱਧਾ ਸਿੱਧ,
ਨੱਕ ਦੀ ਸੇਧੇ,
ਪਰ ਦੁਨੀਆਂ ਦੇ ਰਸਤੇ,
ਸਿੱਧੇ ਤੱਕ ਨਹੀਂ ਜਾਂਦੇ।

ਇਕ ਮੰਜ਼ਿਲ ਦੇ ਪਾਂਧੀ,
ਤੈਨੂੰ ਸਾਫ਼ ਨੇ ਜੇਕਰ,
ਫੇਰ ਉਹ ਇਕ ਦੂਜੇ ਦੇ ਖੌਂਫੋਂ,
ਲੁੱਕ ਨਹੀਂ ਜਾਂਦੇ।

ਸੋਨੇ ਰੰਗੀ ਐਨਕ ਲਾਇਆਂ,
ਐਬ ਅੱਖਾਂ ਦੇ,
ਲੁਕ ਤੇ ਸਕਦੇ ਨੇ ਪਰ,
'ਕੁਦਸੀ' ਮੁੱਕ ਨਹੀਂ ਜਾਂਦੇ।

**— ਅਬਦੁਲ ਕਰੀਮ ਕੁਦਸੀ**
**(ਲਹਿੰਦਾ ਪੰਜਾਬ)**



# ਪੰਛੀਆਂ ਨੂੰ ਜਾਣਾ ਪੈ ਗਿਆ

ਵਤਨਾਂ ਤੋਂ ਦੂਰ ਹੋ ਕੇ ਜਾਣ ਮਜ਼ਬੂਰ,
ਕੌਣ ਇਹਨਾਂ ਦੇ ਦਰਦ ਨੂੰ ਜਾਣੇ।
ਪੰਛੀਆਂ ਨੂੰ ਜਾਣਾ ਪੈ ਗਿਆ,
ਜਿੱਥੇ ਦਾਤੇ ਨੇ ਖ਼ਿਲਾਰੇ ਹੋਏ ਦਾਣੇ।
ਕਰ ਉੱਚੀਆਂ ਪੜ੍ਹਾਈਆਂ, ਇਥੇ ਵਿਹਲੇ ਰਹਿਣਾ ਪੈਂਦਾ,
ਡਾਂਗਾਂ ਸੋਟੀਆਂ ਸਿਵਾਏ, ਪੱਲੇ ਕੁਝ ਵੀ ਨਹੀਂ ਪੈਂਦਾ।
ਭ੍ਰਿਸ਼ਟ ਲੀਡਰਾਂ ਉਲਝਾ ਦਿੱਤੇ ਤਾਣੇ,
ਪੰਛੀਆਂ ਨੂੰ......
ਇੱਕ-ਅੱਧੇ ਕਿੱਲ੍ਹੇ ਵਾਲਾ, ਕਰੇ ਕੀ ਵਿਚਾਰਾ,
ਮਹਿੰਗਾਈ ਵਿਚ ਮੁਸ਼ਕਿਲ ਹੈ, ਕਰਨਾ ਗੁਜ਼ਾਰਾ।
ਉੱਤੋਂ ਮੰਗਦੇ ਨੇ ਖਰਚ ਨਿਆਣੇ,
ਪੰਛੀਆਂ ਨੂੰ.......
'ਮਾਲਟੇ' ਜਿਹੇ ਕਾਂਡ, ਜਾਂਦੇ ਦਿਲੋਂ ਨਾਂ ਭੁਲਾਏ,
ਡੂੰਘੇ ਸਾਗਰਾਂ ਨੇ ਖਾਧੇ, ਕਈ ਮਾਵਾਂ ਦੇ ਜਾਏ।
ਲਾਲਚੀ ਏਜੰਟਾਂ ਨੇ ਵਰਤਾਏ ਇਹ੍ਹ ਾਣੇ,
ਪੰਛੀਆਂ ਨੂੰ......
ਪੰਜਾਬੀਆਂ ਦੀ ਅੱਜ, ਹਰ ਪਾਸੇ ਹੀ ਚੜ੍ਹਾਈ ਏ,
ਮਿਹਨਤ ਨਾਲ ਵੱਖਰੀ, ਪਛਾਣ ਇਹਨਾਂ ਬਣਾਈ ਏ।
ਦਿਲਾਂ 'ਚ ਪੰਜਾਬ ਵਸਦਾ, ਭਾਵੇਂ ਪਾਉਣ ਵਲੈਤੀ ਬਾਣੇ,
ਪੰਛੀਆਂ ਨੂੰ......
ਰਹਿਣ ਜਿਥੇ ਵੀ ਪੰਜਾਬੀ, ਇਹੋ ਕਰਨ ਦੁਆਵਾਂ,
ਸਦਾ ਵਤਨਾਂ ਦੇ ਵੱਲੋਂ, ਆਉਣ ਠੰਡੀਆਂ ਹਵਾਵਾਂ।
ਸ਼ਾਲਾ! ਇਹ ਪੰਜਾਬ ਆਪਣਾ, ਰੱਜ-ਰੱਜ ਕੇ ਜੁਆਨੀਆਂ ਮਾਣੇ
ਪੰਛੀਆਂ ਨੂੰ......
ਕਰੇ ਅਰਜੋਈ ਬਸ ਇਹੋ 'ਅਨਮੋਲ',
ਪਰਦੇਸ ਜਾਣ ਵਾਲੇ ਕਰੋ ਪੂਰੀ ਪੜਚੋਲ।
ਕਈ ਏਜੰਟਾਂ ਨੇ ਜਾਲ ਵਿਛਾਉਣੇ,
ਪੰਛੀਆਂ ਨੂੰ......

**— ਅਮਨ 'ਅਨਮੋਲ', ਪਿੰਡ-ਤਲਵੰਡੀ ਖੁੰਮਣ**
**ਡਾਕਘਰ - ਪਾਖਰਪੁਰਾ, ਅੰਮ੍ਰਿਤਸਰ-143502, ਫੋਨ : 98559-58982**

# ਸੇਹ ਦਾ ਕੰਡਾ

ਇਕ ਵੇਲਾ ਸੀ
ਇਕ ਦੂਜੇ ਦੇ ਸਾਹਵਾਂ ਦੇ ਵਿਚ
ਸਾਹ....ਲੈਂਦੇ ਸਾਂ।
ਖੁਸ਼ਬੂਆਂ ਨੂੰ ਕੈਦ ਕਰ ਕੇ
ਅੰਬਰ ਨੂੰ ਹੱਥ ਲਾ ਲੈਂਦੇ ਸਾਂ।
ਇਕ ਮਸਤੀ....ਇਕ ਜੋਬਨ ਬਣ ਕੇ
ਇੱਕੋ ਈ....ਦਿਲ ਦੀ ਧੜਕਣ ਬਣ ਕੇ
ਇੱਕੋ ਜੇਹੇ ਸੁਫ਼ਨੇ ਵੇਂਹਦੇ ਦੋਵੇਂ।
ਚਾਅਵਾਂ, ਰੀਝਾਂ ਦੇ ਅਸਮਾਨੀਂ
ਪੰਛੀਆਂ ਵਾਂਗੂੰ
ਉੱਡਦੇ....ਦੋਵੇਂ।
ਪੈਰ ਨਾ ਭੋਏਂ ਤੇ ਲੱਗਦੇ ਸਾਡੇ
ਚਾਨਣੀਆਂ ਰਾਤਾਂ ਵਿਚ ਬਹਿ ਕੇ
ਦਿਲ ਦੀਆਂ ਗੱਲਾਂ ਕਰਦੇ ਦੋਵੇਂ।
ਅੱਖਾਂ ਸਾਹਵੇਂ ਫੁੱਲ ਸੀ ਖਿੜਦੇ
ਰਾਹਵਾਂ ਵਿਚ ਸੀ....ਤਾਰੇ ਕਿਰਦੇ
ਦੋ ਬੁੱਤ ਸੀ....ਪਰ ਇੱਕ ਪਰਛਾਵਾਂ
ਲੋਕ....ਮਸਾਲਾਂ ਦੇਂਦੇ ਹੈਸਨ।
ਫੇਰ....ਖੌਰੇ ਕੀ ਬਣਿਆ ਸੱਜਣਾ!
ਆਪਣੇ ਰਸਤੇ
ਵੱਖਰੇ ਹੋ ਗਏ
ਦੋ ਬੁੱਤ....ਦੋ ਪਰਛਾਵੇਂ ਬਣ ਗਏ
ਚਾਅਵਾਂ, ਰੀਝਾਂ
...ਦੇ ਰੰਗ ਉੱਡੇ
ਲੋਕਾਂ ਸਾਡੇ....ਭੰਨੇ ਗੁੱਡੇ ?
ਮੈਂ ਤੇ ਅੱਜ ਤੱਕ
ਜਾਣ ਨਹੀਂ ਸਕਿਆ
ਕੀਹਨੇ ਪਿਆਰ ਦੇ ਵਿਹੜੇ ਦੱਬਿਆ
ਅੱਖ ਬਚਾ ਕੇ ਸੇਹ ਦਾ ਕੰਡਾ....!!

**— ਅਕਰਮ ਬਾਜਵਾ**
**(ਲਹਿੰਦਾ ਪੰਜਾਬ)**



# ਭੰਨ ਲਏ ਆਪਣੇ ਖੰਭ

ਅਪਣੀ ਸੰਗਤ ਦੇ ਨਿਘ ਅੰਦਰ,
ਦੋ ਦਿਨ ਹਾਸਾ ਕਰ ਕੇ।
ਤੂੰ ਵੀ ਸਾਨੂੰ ਛੱਡ ਜਾਣਾ ਏਂ,
ਹੋਰ ਉਦਾਸਾ ਕਰ ਕੇ।

ਇਹ ਵੇਲਾ ਵੀ ਆਉਣਾ,
ਪਰ ਇਹ ਵੇਲਾ ਕਦੀ ਨ ਆਵੇ,
ਲੰਘਿਆ ਕਰਨਾ ਜਦ,
ਇਕ ਦੂਜੇ ਕੋਲੋਂ ਪਾਸਾ ਕਰ ਕੇ।

ਕੱਚੀ ਉਡਣੀ ਉੱਡਣ ਦੇ,
ਇਸ ਸ਼ੌਕ ਨੇ ਔਖਾ ਕੀਤਾ,
ਭੰਨ ਲਏ ਅਪਣੇ ਖੰਭ,
ਹਵਾਵਾਂ 'ਤੇ ਭਰਵਾਸਾ ਕਰ ਕੇ।

ਨਾਲੇ ਭਰਮ ਗੁਆਇਆ,
ਆਪਣਾ ਨਾਲੇ ਮਾਣ ਵੀ ਟੁੱਟਾ,
ਲਭਿਆ ਕੀ ਉਸ ਥੋੜ-ਦਿਲੇ ਦੇ,
ਅੱਗੇ ਕਾਸਾ ਕਰ ਕੇ।

ਮੈਂ ਗਿਰਝਾਂ ਦੇ ਕੋਲੋਂ,
ਆਪਣਾ ਆਪ ਬਚਾ ਕੇ 'ਅੰਜੁਮ',
ਚਿੜੀਆਂ ਅੱਗੇ ਪਾ ਦਿੱਤਾ ਏ,
ਮਾਸਾ ਮਾਸਾ ਕਰ ਕੇ।

**— ਅੰਜੁਮ ਸਲੀਮੀ**
**(ਲਹਿੰਦਾ ਪੰਜਾਬ)**
**ਧੰਨਵਾਦ – ਰੂਪਾਂਤਰ (1997)**

# ਆਵਾਂਗਾ ਜ਼ਰੂਰ

ਕਹਿਣਾ...ਮੇਰੇ ਸੁਪਨਿਆਂ 'ਚ
ਵਾਰ-ਵਾਰ ਜਾਗਦੇ....ਚਿਹਰਿਆਂ ਨੂੰ
ਮੇਰੇ ਖ਼ਾਬਾਂ 'ਚ ਵਿਲਕਦੇ
ਸ਼ਹਿਰਾਂ, ਗਲੀਆਂ, ਘਰਾਂ ਨੂੰ
ਅਚੇਤ 'ਚ ਵਸਦੇ...ਮੇਰੇ ਰਹਿਬਰਾਂ ਨੂੰ
ਕਹਿਣਾ...ਮੈਂ ਆਵਾਂਗਾ ਜ਼ਰੂਰ
ਕਿਸੇ ਦਿਨ...ਆਵਾਂਗਾ ਜ਼ਰੂਰ
ਕਿਸੇ ਦਿਨ
ਤੁਹਾਡੇ ਚਿਹਰਿਆਂ ਤੋਂ
ਆਪਣੇ ਬੀਤੇ ਦੇ ਪ੍ਰਛਾਵਿਆਂ ਨਾਲ
ਮੁਲਾਕਾਤ ਕਰਨ
ਧੁੰਦਲਾ ਰਹੇ ਨੈਣ-ਨਕਸ਼ਾਂ ਨਾਲ
ਦਿਲ ਦੀਆਂ ਗੱਲਾਂ ਸਾਂਝੀਆਂ ਕਰਨ
ਮੋਹ ਦੀ ਕੋਈ ਬਾਤ ਕਰਨ
ਤੁਹਾਡੇ ਨਾਲ ਬਿਤਾਏ ਦਿਨਾਂ ਨੂੰ
ਅਛੋਪਲੇ ਜਿਹੇ ਝਾਤ ਕਰਨ
ਆਵਾਂਗਾ ਜ਼ਰੂਰ
ਆਵਾਂਗਾ ਜ਼ਰੂਰ
ਇਸ ਚੱਕਰਵਿਊ 'ਚੋਂ ਨਿਕਲ ਕੇ
ਇਸ ਅੰਨ੍ਹੀ ਦੌੜ 'ਚੋਂ
ਕੁਝ ਪਲ ਕੱਢ ਕੇ
ਗਲ਼ 'ਚ ਪਿਆ
ਮਜ਼ਬੂਰੀਆਂ ਦਾ ਰੱਸਾ ਵੱਢ ਕੇ
ਆਵਾਂਗਾ ਜ਼ਰੂਰ
ਇਸ ਤੋਂ ਪਹਿਲਾਂ
ਕਿ ਯਾਦਾਂ ਦਾ ਲਹਿਲਹਾਉਂਦਾ
ਬਿਰਖ ਸੁੱਕ ਜਾਵੇ
ਉਮਰਾਂ ਦੇ ਅਨਸਰਾਂ 'ਚੋਂ
ਮੋਹ ਦਾ ਪਾਣੀ ਮੁੱਕ ਜਾਵੇ...
ਉਨ੍ਹਾਂ ਨੂੰ ਕਹਿਣਾ.... ਮੈਂ ਆਵਾਂਗਾ ਜ਼ਰੂਰ...।

**— ਅਮਰਜੀਤ ਕੌਂਕੇ**



# ਆਪਣੇ ਆਪ ਗਵਾਚੇ

ਜੀਵਨ ਟੋਰੇ ਉੱਚ ਸਹਾਰੇ ਨਾ ਲੱਭੇ।
ਤਰਨੇ ਪੈ ਕੇ ਕਦੀ ਕਿਨਾਰੇ ਨਾ ਲੱਭੇ।

ਪਿਆਰ ਦੀ ਅੱਖੋਂ ਜਿਹੜੇ ਆਪੂੰ ਕਿਰ ਜਾਵਣ,
ਮਿੱਟੀ ਫੋਲ ਕੇ ਫੇਰ ਉਹ ਤਾਰੇ ਨਾ ਲੱਭੇ।

ਸੋਚ ਥਕੇਵਾਂ ਜਿੰਨਾ ਮਰਜ਼ੀ ਹੋ ਜਾਵੇ,
ਆਸਾਂ ਦੇ ਲਈ ਪੈਂਡੇ ਹਾਰੇ ਨਾ ਲੱਭੇ।

ਆਪਣੇ ਆਪ ਗਵਾਚੇ ਜਿਹੜਾ ਯਾਦਾਂ 'ਚੋਂ,
ਮੁੜ ਕੇ ਉਹਨੂੰ ਰੋਂਦੇ ਚਾਰੇ ਨਾ ਲੱਭੇ।

ਅਹਿਸਾਸ ਸਭ ਵਜੂਦੋਂ ਆਪ ਮੁਕਾ ਕੇ ਤੇ,
ਜੀਵਨ ਦੇ ਲਈ ਝੂਠੇ ਲਾਰੇ ਨਾ ਲੱਭੇ।

ਮਨ ਵਿਚ ਪੁੱਟੋ ਮਿੱਠੇ ਪਾੜ ਹਯਾਤੀ ਦੇ,
ਛੱਪੜੀਆਂ 'ਚੋਂ ਪਾਣੀ ਖਾਰੇ ਨਾ ਲੱਭੇ।

ਰਾਹਵਾਂ ਵਿਚ ਜੋ ਆਪ 'ਇਹਸਾਨ' ਗਵਾਏ ਜੇ,
ਕੁਝ ਤੇ ਲੱਭੋ ਭਾਵੇਂ ਸਾਰੇ ਨਾ ਲੱਭੇ।

**— ਅਹਿਸਾਨ ਬਾਜਵਾ**
**(ਲਹਿੰਦਾ ਪੰਜਾਬ)**

# ਅਰਦਾਸ

ਰਾਮ ਦੁਲਾਰੀ ਸਾਡੇ ਘਰ ਵਿਚ ਝਾੜੂ ਪੋਚਾ ਲਾਵੇ
ਊਸ਼ਾ ਰਾਣੀ ਕੱਪੜੇ ਧੋਵਣ ਆਵੇ
            ਰਾਮ ਦੁਲਾਰੀ ਸਦਾਨੰਦ ਦੀ ਬੇਟੀ
            ਊਸ਼ਾ ਰਾਣੀ ਰਾਮ ਲਖਨ ਦੀ ਬੀਵੀ
ਸਦਾਨੰਦ ਨੇ ਸਾਡੇ ਘਰ ਦੀਆਂ ਕੰਧਾਂ ਚਿਣੀਆਂ
ਲੈਂਟਰ ਪਾਇਆ
ਰਾਮ ਲਖਨ ਨੇ ਫਰਸ਼ਾਂ ਪਾਈਆਂ
ਬਿਰਜੂ, ਰਾਮ ਖਿਲਾਵਨ, ਅੰਗਨੂ, ਦੇਵਕੀ ਨੰਦਨ
ਇੱਟਾਂ ਢੋਈਆਂ
ਰੇਤਾ ਤੇ ਸੀਮਿੰਟ ਰਲਾਇਆ
            ਇਹ ਸੀਮਿੰਟ ਜੋ ਛੋਟੇ ਭਾਈ ਦੇਸਾ ਸਹੁੰ ਦੇ
            ਕੈਨੇਡਾ ਤੋ ਘੱਲੇ ਪੈਸਿਆਂ ਨਾਲ ਸੀ ਬੁੱਕ ਕਰਾਇਆ
            ਪਿਆ ਪਿਆ ਹੀ ਪੱਥਰ ਹੋ ਜਾਣਾ ਸੀ
ਰਾਜ ਮਿਸਤਰੀ ਤੇਜਾ ਸਿੰਘ ਤਾਂ
ਬੱਸ ਡੀ. ਪੀ. ਸੀ. ਪਾ ਕੇ ਮਸ਼ਕਟ ਚਲਾ ਗਿਆ ਸੀ
ਰੁਲੀਆ ਸਿੰਘ ਮਜ਼ਦੂਰ ਵੀ ਇੱਕ ਦਿਨ ਆਇਆ
ਫਿਰ ਨਾ ਆਇਆ
ਕਹਿੰਦੇ ਉਸ ਨੇ ਆਟੋ ਪਾਇਆ
            ਸੋਨੂੰ ਤੇ ਮੋਨੂੰ ਨੂੰ ਰਿਕਸ਼ੇ ਵਿੱਚ ਬਿਠਾ ਕੇ
            ਰਾਮ ਭਰੋਸੇ ਰੋਜ਼ ਸਕੂਲ ਲਿਜਾਂਦਾ
ਅਤੇ ਬਥੇਰੇ ਹੋਰ
ਜਿਨ੍ਹਾਂ ਦੇ ਨਾਮ ਨ ਜਾਣਾਂ
ਫੈਕਟਰੀਆਂ ਵਿਚ ਕੰਮ ਕਰਦੇ ਨੇ
ਪੈਲੀਆਂ ਵਿਚ
ਪਨੀਰੀ ਲਾਉਂਦੇ
ਜ਼ੀਰੀ ਲਾਉਂਦੇ
ਫਸਲਾਂ ਵੱਢਦੇ



ਇਹ ਡਾਰਾਂ ਦੀਆਂ ਡਾਰਾਂ
ਕਦੀ ਕਦੀ ਤਾਂ ਡਰ ਲੱਗਦਾ ਹੈ
ਕਿੱਧਰ ਉਡੀਦਆਂ ਜਾਂਦੀਆਂ ਨੇ ਦਸਤਾਰਾਂ
            ਕਦੀ ਕਦੀ ਚੰਗਾ ਵੀ ਲੱਗਦਾ
            ਦੇਸ਼ ਦੇਸ਼ਾਂਤਰ ਜਿੱਥੇ ਜਾਵੋ
            ਦਿਸ ਹੀ ਪੈਂਦੀਆਂ ਨੇ ਦਸਤਾਰਾਂ
            ਸੱਤ ਸਮੁੰਦਰ ਪਾਰ ਵੀ ਝੂਲਣ ਝੰਡੇ
            ਲਿਸ਼ਕਣ ਖੰਡੇ
            ਰਿੱਝਣ ਦੇਗਾਂ
            ਪੱਕਣ ਮੰਡੇ
ਸੱਤ ਸਮੁੰਦਰੋਂ ਏਧਰ
ਸਾਡੀ ਨਵੀਂ ਵਸੀ ਆਬਾਦੀ
ਸ਼ਾਮ ਪਈ ਭਈਆਂ ਦੇ ਬੱਚੇ
ਸਿਰ ਤੇ ਫਟੇ ਪਰੋਲੇ ਧਰ ਕੇ
ਗੁਰਦੁਆਰੇ ਵਿਚ ਆ ਬਹਿੰਦੇ ਨੇ
ਨਾਲ ਨਾਲ ਪੜ੍ਹਦੇ ਨੇ ਬਾਣੀ
ਸਤਿਗੁਰ ਸੱਜਣ ਮਿਲਿਆ
ਨਾਨਕ ਨਾਮ ਮਿਲੇ ਤਾਂ ਜੀਵਾਂ
ਤਨ ਮਨ ਥੀਵੇ ਹਰਿਆ
            ਬੱਸ ਹੁਣ ਹੋਣੀਂ ਏਂ ਅਰਦਾਸ
            ਨਵੇਂ ਆਏ ਨੂੰ ਕਹਿੰਦਾ
            ਇਕ ਪਹਿਲਾਂ ਦਾ ਆਇਆ ਬੱਚਾ
            ਪਿੱਛੇ ਪਿੱਛੇ ਆਖੀਂ
            ਬੋਲੇ ਸੋ ਨਿਹਾਲ
            ਸਤਿ ਸ੍ਰੀ ਅਕਾਲ
ਫਿਰ ਮਿਲਣਾ ਪਰਸ਼ਾਦ
ਆਉਣੀ ਏ ਖ਼ੁਸ਼ਬੋ
            ਹੁੰਦੀ ਏ ਅਰਦਾਸ
            ਖ਼ੁਆਰ ਹੋਏ ਸਭ ਮਿਲਹਿੰਗੇ
            ਬਚੇ ਸ਼ਰਨ ਜੋ ਹੋਇ
ਖ਼ੁਆਰ ਹੋਇਆਂ ਤੇ ਸ਼ਰਨ ਪਿਆਂ ਦੇ ਬੱਚੇ
ਕਰਦੇ ਨੇ ਅਰਦਾਸ
            ਫਿਰ ਵੀ ਮੈਨੂੰ ਡਰ ਲੱਗਦਾ ਹੈ

ਪਤਾ ਨਹੀਂ ਇਹ ਕਿਹੋ ਜਿਹੇ ਨਿਕਲਣਗੇ
ਵੱਡੇ ਹੋ ਕੇ
ਬਹੁਤੇ ਹੋ ਕੇ
ਆਪਣੇ ਡਰ ਤੋਂ ਡਰ ਕੇ
ਸ਼ਰਮਸਾਰ ਹੋ
ਕਰਦਾ ਹਾਂ ਅਰਦਾਸ :
ਜੋ ਜਿਸ ਧਰਤੀ ਜੰਮੇ ਜਾਏ
ਉਸ ਨੂੰ ਉਥੇ ਈ ਰਿਜ਼ਕ ਥਿਆਏ
ਇਹ ਕਿਉਂ ਕਿਸੇ ਦੇ ਹਿੱਸੇ ਆਏ
ਬੈਸਣ ਬਾਰ ਪਰਾਏ
ਜਿੱਥੇ ਲੋਕੀਂ ਆਖਣ ਸਾਨੂੰ
ਇਹ ਕਿਥੋਂ ਦੇ ਜੰਮੇ ਜਾਏ
ਮੈਲ ਕੁਚੈਲੇ ਕਾਲੇ ਪੀਲੇ ਭੂਰੇ ਪਾਕੀ
ਏਥੇ ਆਏ
ਜਾਂ ਫਿਰ ਸਾਰੀ ਧਰਤੀ ਇੱਕ ਹੋ ਜਾਏ
ਕੋਈ ਨ ਕਹੇ ਪਰਾਏ
ਇਹ ਮੇਰੀ ਅਰਦਾਸ
ਨਾਨਕ ਨਾਮ ਚੜ੍ਹਦੀ ਕਲਾ
ਤੇਰੇ ਭਾਣੇ ਸਰਬੱਤ ਦਾ ਭਲਾ।

**— ਸੁਰਜੀਤ ਪਾਤਰ**
**ਲੁਧਿਆਣਾ**



# ਜਦ ਚਿੜੀਆਂ ਚੁਗ ਗਈਆਂ ਖੇਤ

ਮੇਰੇ ਮਾਪਿਆਂ ਬੜਾ ਮੈਨੂੰ ਸਮਝਾਇਆ ਸੀ
ਆਪਣੀ ਗਰੀਬੀ ਦਾ ਵਾਸਤਾ ਈ ਪਾਇਆ ਸੀ
ਬਾਹਰ ਜਾਣ ਲਈ ਲੱਖਾਂ ਹੀ ਖਰਚਾ ਆਉਗਾ
ਤੇਰਾ ਗਰੀਬ ਮਾਂ ਪਿਉ ਕਿੱਥੋਂ ਲਿਆਉਗਾ
ਮੈਂ ਕਿਸੇ ਦੀ ਇਕ ਨਾ ਸੁਣੀ ਆਪਣੀ ਜਿੱਦ ਨੂੰ ਪੁਗਾਇਆ
ਮੇਰੀ ਜਿੱਦ ਅੱਗੇ ਨਿਉਂਕੇ ਬਾਪੂ ਪੈਲੀ ਗਹਿਣੇ ਕਰ ਆਇਆ
ਮੈਂ ਖੁਸ਼ੀ-ਖੁਸ਼ੀ ਪਾਸਪੋਰਟ ਬਣਵਾਇਆ
ਦੇਕੇ ਪੈਸਾ ਏਜੰਟ ਨੂੰ ਝੱਟ ਵੀਜ਼ਾ ਮੰਗਵਾਇਆ
ਮੈਂ ਖੁਸ਼ ਸੀ ਸਭ ਨੇ ਰੋਂਦਿਆਂ ਮੈਨੂੰ ਜਹਾਜ਼ ਚੜ੍ਹਾਇਆ
ਪਰ ਮੇਰੀ ਖੁਸ਼ੀ ਏਅਰਪੋਰਟ ਤੇ ਹੀ ਮੁੱਕ ਗਈ
ਅੱਗੇ ਜਾ ਕੇ ਬੱਸ ਫਿਰ ਦੁੱਖ ਹੀ ਦੁੱਖ ਪਾਇਆ
ਜਦੋਂ ਸਾਨੂੰ ਬਾਹਰ ਬਹਾਨੇ ਜਾ ਜੰਗਲ ਵਿਚ ਲਾਹਿਆ
ਅਸੀਂ ਘਰ ਵੀ ਗਵਾਇਆ ਤੇ ਬਾਹਰ ਵੀ ਗਵਾਇਆ
ਗੰਦੇ ਪਾਣੀ ਤੇ ਪੱਤਿਆਂ ਦੇ ਨਾਲ ਭੁੱਖ ਪਿਆਸ ਨੂੰ ਮਿਟਾਇਆ
ਫਿਰ ਹਰ ਘੜੀ ਹਰ ਪਲ ਘਰ ਦਾ ਚੇਤਾ ਆਇਆ
ਅਸੀਂ ਫਸ ਗਏ ਅੱਧ ਵਿਚਾਲੇ ਤੇ ਕਰਜਾ ਸਿਰ ਚੜ੍ਹਾਇਆ
ਉਦੋਂ ਇਕ ਨਾਂ ਸੁਣੀ ਕਿਸੇ ਦੀ ਤੇ ਦੁੱਖ ਡਾਹਡਾ ਹੰਢਾਇਆ
ਸਾਲਾ ਬੱਧੀ ਧੱਕੇ ਖਾਂ ਕੇ ਜੰਗਲਾਂ ਵਿਚੋਂ ਵਾਪਸ ਘਰ ਆਇਆ
ਮੈਂ ਵੇਖ ਕੇ ਕਿਸੇ ਦੇ ਮਹਿਲ ਉੱਚੇ
ਤੇ ਆਪਣੀ ਕੁਲੀ ਨੂੰ ਵੀ ਢਾਇਆ
ਹੁਣ ਕਦੇ ਆਪਣੀ ਕੁਲੀ ਵੱਲ ਤੇ
ਕਦੇ ਆਪਣੇ ਵੱਲ ਰਿਹਾ ਹਾਂ ਵੇਖ
ਪਰ ਅਬ ਪਛਤਾਇਆ ਕਿਆ ਕਰੇ
ਜਬ ਚਿੜੀਆ ਚੁਗ ਗਈ ਖੇਤ

**— ਸਲੱਖਣ ਸਿੰਘ ਦਿਓਲ**
**ਪਿੰਡ ਦੇਲਾਂਵਾਲ ਡਾਕ : ਅਲੋਵਾਲ**
**ਤਹਿਸੀਲ ਖਡੂਰ ਸਾਹਿਬ**
**ਜ਼ਿਲ੍ਹਾ ਤਰਨਤਾਰਨ।**
**ਫੋਨ : 99882-04887**

# ਗ਼ਜ਼ਲ

ਕੀਮਤਾਂ ਕਦਰਾਂ ਨੂੰ ਪੂਰਾ ਖਾ ਲਿਆ ਪਰਵਾਸ ਨੇ।
ਯੂਥ ਖਾਸ-ਓ-ਆਮ ਪਿੱਛੇ ਲਾ ਲਿਆ ਪਰਵਾਸ ਨੇ।

ਘਰ ਅਤੇ ਪਰਿਵਾਰ ਹੁਣ ਬਾਜ਼ਾਰ ਬਣ ਕੇ ਰਹਿ ਗਏ,
ਸਾਰਿਆਂ ਨੂੰ ਇਸ ਕਦਰ ਨਸ਼ਿਆ ਲਿਆ ਪਰਵਾਸ ਨੇ।

ਧਰਮ ਕੀ ਹੈ, ਸ਼ਰਮ ਕੀ ਹੈ, ਲਾਜ ਕੀ ਆਵਾਜ਼ ਕੀ
ਇੰਜ ਦੀਆਂ ਸੋਚਾਂ ਤੇ ਪਰਦਾ ਪਾ ਲਿਆ ਪਰਵਾਸ ਨੇ।

ਦੇਸ਼ ਵਾਸੀ ਆਪਣੀ ਨੀਂਦਰ ਤੋਂ ਜੋ ਵੀ ਜਾਗਿਆ,
ਉਸਨੂੰ ਸਾਂਭਣ ਲਈ ਹਥਿਆ ਲਿਆ ਪਰਵਾਸ ਨੇ।

ਆਪਣੇ ਘਰ ਹਰ ਕੋਈ ਬੇਚੈਨ ਹੈ 'ਉਸ ਤੋਂ' ਬਿਨਾਂ,
ਜੀਣ ਦਾ ਇਕ ਢੰਗ ਇੰਜ ਲਿਸ਼ਕਾ ਲਿਆ ਪਰਵਾਸ ਨੇ।

ਧਨ ਇਕੱਠਾ ਕਰਦਿਆਂ ਪਰਿਵਾਰ ਖੇਰੂੰ ਹੋ ਗਏ,
ਕੁਝ ਕੁ ਥਾਈਂ ਕਹਿਰ ਏਦਾਂ ਦਾ ਲਿਆ ਪਰਵਾਸ ਨੇ।

ਸਾਂਝ ਤੇ ਸਾਜਨ, ਸਵਾਰਥ ਜਾਪਦੈ ਭਾਰੂ ਇਵੇਂ,
ਜਿਸ ਤਰ੍ਹਾਂ ਤੋਹਫਾ ਇਹੋ ਭਿਜਵਾ ਲਿਆ ਪਰਵਾਸ ਨੇ।

**— ਸੁਰਜੀਤ ਸਾਜਨ**
**ਪੱਤੜ ਕਲਾਂ**
**ਜਲੰਧਰ – 144806**
**ਫੋਨ : 98149-68611**



# ਗੀਤ

ਮਿਲਿਆ ਨਾਂ ਚੋਗਾ ਜਦੋਂ ਆਪਣੇ ਹੀ ਦੇਸ਼ ਵਿਚ
ਪੰਛੀਆਂ ਨੇ ਮਾਰੀਆਂ ਉਡਾਰੀਆਂ,
ਢਿੱਡੋਂ ਭੁੱਖੇ ਰੂਹ ਨੂੰ ਦੁੱਖ ਦੇ ਕੇ ਉੱਡੇ ਆਲ੍ਹਣੇ 'ਚੋਂ
ਜਿੱਥੇ ਚੋਗਾਂ ਰੱਬ ਨੇ ਖਿਲਾਰੀਆਂ।
    ਨਿੱਕੇ ਨਿੱਕੇ ਬੋਟਾਂ ਦੇ ਸੀ ਮੁਖੜੇ ਪਲੋਸ ਕੇ ਤੇ
    ਤੀਲਾ-ਤੀਲਾ ਆਲ੍ਹਣੇ ਨੂੰ ਛੱਡ ਕੇ,
    ਸੰਘਣੀਆਂ ਛਾਵਾਂ ਦੀਆਂ ਆਸਾਂ ਵਿਚ ਚੱਲੇ
    ਤੇਹ ਮੋਹ ਦੀਆਂ ਜੜ੍ਹਾਂ ਤੁਰੇ ਵੱਢ ਕੇ,
    ਆਪਣੇ ਨਾ ਵੱਸ ਵਿਚ ਹੁੰਦੀ ਅੱਗ ਪੇਟ ਵਾਲੀ
    ਜਾਂਦੀਆਂ ਨਾ ਆਪੇ ਰੂਹਾਂ ਠਾਰੀਆਂ।
ਆਪਣੀ ਨਾ ਧਰਤੀ ਆਕਾਸ਼ ਨਾਹੀਂ ਆਪਣਾ
ਨਾਹੀਂ ਚੰਨ ਚਾਨਣੀਆਂ ਰਾਤਾਂ
ਆਪਣੇ ਨਾ ਦੇਣ ਹੁੰਗਾਰੇ ਬੋਲਾਂ ਮਿੱਠਿਆਂ ਨੂੰ,
ਆਪਣੀਆਂ ਪੈਂਦੀਆਂ ਨਾ ਬਾਤਾਂ
ਮੁਲਕ ਬੇਗਾਨੇ ਦੀਆਂ ਕਾਲੀਆਂ ਸ਼ਾਹ ਰਾਤਾਂ
ਨੇਰ੍ਹਿਆਂ ਨੂੰ ਦਿੰਦੀਆਂ ਦੁਲਾਰੀਆਂ।
    ਅੱਧੀਓਂ ਵਧੇਰੀ ਲੰਘ ਜਾਂਦੀ ਦੇਸ਼ ਓਪਰੇ 'ਚ
    ਕਾਲਿਆਂ 'ਚ ਚਿੱਟੇ ਲਾਉਂਦੇ ਤਾਰੀ
    ਕੁੱਟੇ ਜਾਂਦੇ ਪਰ, ਚੋਗ ਚੁਗ ਹੀਰੇ ਮੋਤੀਆਂ ਦੀ
    ਭੁੱਲ ਜਾਂਦੀ ਮਾਰਨੀ ਉਡਾਰੀ
    ਮੁੜਦੇ ਜਾ ਘਰ ਹੁੰਦਾ ਵਿਸਰਿਆ ਦਰ
    ਜਿਥੇ ਮਾਰੀਆਂ ਸੀ ਕਦੇ ਕਿਲਕਾਰੀਆਂ।

**— ਸਰਦੂਲ ਸਿੰਘ ਔਜਲਾ**
**ਪਿੰਡ ਤੇ ਡਾਕਘਰ ਸੰਗੋਜਲਾ**
**ਜ਼ਿਲ੍ਹਾ-ਕਪੂਰਥਲਾ-144608, ਫੋਨ : 98141-68611**

# ਵਰਲਡ ਟਰੇਡ ਦੀ ਸਿਖਰਲੀ ਬੱਤੀ

ਘਰੋਂ ਤੁਰੇ ਸਾਂ ਪਰਦੇਸ
ਸੂਰਜ ਖੱਟਣ
ਰਾਹ ਵਿਚ ਨ੍ਹੇਰਾ ਵੀ ਮਿਲ ਸਕਦੈ
ਆਸ ਨਹੀਂ ਸੀ
ਦਿਲ ਬਾਲਣ ਦੀ ਹਾਲੇ
ਸਾਨੂੰ ਜਾਚ ਨਹੀਂ ਸੀ
    ਕਿਰਦਾਰਾਂ ਦੀ ਬਲੀ ਚੜ੍ਹਾ ਕੇ
    ਇਖਲਾਕਾਂ ਦੇ ਬੁਰਜ ਗਿਰਾ ਕੇ
    ਰਾਹ 'ਚੋਂ ਜਜ਼ਬੇ ਦੇ ਰੁੱਖ ਪੁੱਟਦੇ
    ਸਾਂਝ ਦੀਆਂ ਕਲੀਆਂ ਨੂੰ ਮਿੱਧਦੇ
    ਪਿਤਰਾਂ ਦੇ ਰਾਹਾਂ ਨੂੰ ਨਿੰਦਦੇ
    ਤਨ 'ਤੇ ਸੋਨੇ ਦੇ ਖੰਭ ਲਾ ਕੇ
    ਸੂਰਜ ਫੜਨ ਦੀ ਖਾਤਿਰ ਉੱਡਦੇ
    ਧਰਤੀ ਨਾਲੋਂ ਤੋੜਕੇ ਨਾਤਾ
    ਅਸੀਂ ਬਣ ਗਏ
    ਵਰਲਡ ਟਰੇਡ ਤੇ ਸਿਰ ਦੀ ਬੱਤੀ
ਜਿਸਦੀ ਲੋਅ
ਨਾ ਫਰਸ਼ ਤੇ ਪੁੱਜਦੀ
ਨਾ ਹੀ ਦਿਲ ਦੇ ਦਰ ਤਕ ਜਾਂਦੀ
ਨਾ ਹੀ ਨ੍ਹੇਰੇ ਘਰ ਤਕ ਜਾਂਦੀ
ਤ੍ਰਿਸ਼ੰਕੂ ਦੇ ਵਾਂਗਰ ਜਿਹੜੀ
ਧਰਤ ਆਕਾਸ਼ ਵਿਚਾਲੇ ਲਟਕੇ
ਹੋਂਦ ਵੀ ਹੈ ਅਣਹੋਇਆਂ ਵਰਗੀ
    ਉਸ ਬੱਤੀ ਦੀ ਜੂਨੇ ਪੈ ਕੇ
    ਦੁਬਿਧਾ ਦੇ ਅਸਮਾਨੀ
    ਅਸੀਂ ਵੀ ਲਟਕ ਗਏ ਹਾਂ
    ਅਸੀਂ ਲੋਕ
    ਸੂਰਜ ਖੱਟਣ
    ਜੋ ਤੁਰੇ ਸਾਂ ਘਰੋਂ ਪਰਦੇਸ

**—ਸੁਰਿੰਦਰ ਸੋਹਲ (ਯੂ.ਐਸ.ਏ.)**



# ਵਿਛੋੜੇ ਦਾ ਸੱਲ

ਪ੍ਰਵਾਸ ਗਏ ਪੁੱਤਰ ਨੂੰ,
ਨਿੱਤ ਉਡੀਕਣ ਮਾਵਾਂ
ਫੜ ਡੰਗੋਰੀ ਰੱਖ ਅੱਖਾਂ ਤੇ ਹੱਥ
ਦਿਲ 'ਚ ਤਾਂਘ,
ਪੁੱਤਰ ਨੂੰ ਮਿਲਣੇ ਦੀ
ਮਰਦੇ ਦਮ ਤੱਕ ਵਿਛੋੜੇ ਦਾ,
ਸੰਤਾਪ ਹੰਢਾਉਂਦੀਆਂ ਮਾਵਾਂ
ਕੀ ਪੁੱਤਰ ਨੂੰ ਯਾਦ ਹੋਵੇਗਾ,
ਮਾਂ ਦਾ ਪੋਰਿਆਂ ਪੋਰਿਆਂ ਕਰ ਪਾਲਣਾ
ਪੁੱਤਰ ਦੇ ਦੁੱਖ ਦਰਦ ਝੱਲਣੇ,
ਆਪ ਅੱਧੇ ਪੇਟ ਖਾਣਾ
ਆਪ ਪੈ ਕੇ ਗਿੱਲੇ,
ਪੁੱਤਰ ਨੂੰ ਪਾ ਕੇ ਸੁੱਕੇ
ਪੁੱਤਰਾਂ ਦੀਆਂ ਸੱਧਰਾਂ,
ਪੁਗਾਉਂਦੀਆਂ ਮਾਵਾਂ
ਪੁੱਤਰ ਮਾਂ ਤੱਤੜੀ ਦੇ,
ਦੁੱਖ ਸਮਝਣ ਤੋਂ ਇਨਕਾਰੀ
ਇਸ ਫ਼ਾਨੀ ਦੁਨੀਆ ਤੋਂ,
ਵਿਛੋੜੇ ਦਾ ਸੱਲ
ਸਹਿੰਦੀਆਂ ਤੁਰ ਜਾਵਣ,
ਇਹ ਦੁੱਖੀ ਮਾਵਾਂ।

**— ਡਾ. ਸੁਖਵੀਰ ਕੌਰ**
**72 ਗੁਰੂ ਨਾਨਕ ਨਗਰੀ, ਨੇੜੇ ਪਟੇਲ ਚੌਕ**
**ਜਲੰਧਰ ਸ਼ਹਿਰ।**
**ਫੋਨ : 98729-21718**

# ਆਜੜੀ

ਦਾਖਾਂ ਵਾਲੇ ਬਾਗਾਂ ਤੋਂ ਘੋਰੇ,
ਪੰਛੀ ਉਕ ਗਏ ਨੇ,
ਤਾਹਿਓਂ ਡਾਲਰਾਂ ਦੀ ਬੇਰੀ ਹੇਠ,
ਸਭੇ ਲੁਕ ਗਏ ਨੇ।

ਮੰਗਦੇ ਨੇ ਹਰ ਸ਼ੈ ਦੀ ਇਹ,
ਵੱਖਰੀ ਇੱਕ ਕੀਮਤ,
ਮੁੱਲ ਕੋਡੀਆਂ ਜੋ ਮਾਂ ਬੋਲੀ ਦਾ,
ਵੇ ਟੁੱਕ ਗਏ ਨੇ।

ਰਾਖੇ ਇਹਨਾਂ ਬਾਗਾਂ ਦੇ ਅੱਜ,
ਬਣ ਗਏ ਆਜੜੀ
ਕਲਮਾਂ ਸੁਨਹਿਰੇ ਭਵਿੱਖ ਦੀਆਂ
ਲਾਹ ਸੁੱਟ ਗਏ ਨੇ।

ਪੁੱਛਦੀਆਂ ਨੇ ਮਾਵਾਂ ਆ ਕੇ,
ਸੁਪਨਿਆਂ 'ਚ ਖੈਰ,
ਪਰ ਵਤਨਾਂ 'ਚ ਜੋ ਮਾਪਿਆਂ ਨੂੰ
ਵੇ ਭੁੱਲ ਗਏ ਨੇ।

ਕੀ ਪਤਾ ਕਦ ਮੁੜ ਪਰਤਣ,
ਪੈਰਾਂ ਦੇ ਕਾਫਿਲੇ,
ਹਨੇਰੀਆਂ ਨੇ ਰਾਹਾਂ ਤੇ ਦੀਵੇ
ਸਭ ਬੁਝ ਗਏ ਨੇ।

**—ਸਾਹਿਬ 'ਦਰਦ'**
**ਰੋਜ ਮੈਡੀਕਲ ਸਟੋਰ,**
**ਸਾਹਿਬਜ਼ਾਦਾ ਜੁਝਾਰ ਸਿੰਘ ਐਵੀਨਿਊ,**
**ਲਿੰਕ ਰੋਡ ਗੁਮਟਾਲਾ - ਅੰਮ੍ਰਿਤਸਰ**
**ਫੋਨ : 9256016359**



# ਕੈਨੇਡਾ 'ਚ ਭਾਊ ਤੇ ਪੰਜਾਬ ਵਿਚ ਭਾਬੀ

ਭਾਰਤੀ ਵਿਚਾਰੇ ਕਾਹਤੋਂ ਬਾਹਰ ਧੱਕੇ ਖਾਣ,
ਚੰਗੀ ਹੋਵੇ ਜੇ ਇਥੋਂ ਦੀ ਸਰਕਾਰ।
ਭਾਬੀ ਦੀ ਜੁਵਾਨੀ ਵੀ ਵਿਯੋਗ 'ਚ ਨਾ ਸੜੇ,
ਨਾ ਮੈਂ ਰੱਖੜੀ ਘਲਾਉਂਦੀ ਫਿਰਾਂ ਬਾਹਰ।
ਦੁਨੀਆ ਦੇ ਨਕਸ਼ੇ ਤੇ ਭਾਰਤ ਨੂੰ ਵੇਖ ਮਾਏਂ,
ਦੂਜੇ ਪਲ ਵੇਖ ਲੈ ਜਪਾਨ ਨੀ।
ਭਾਰਤ ਦੇ ਨਾਲੋਂ ਕਿੰਨਾ ਛੋਟਾ ਏ ਜਪਾਨ,
ਪਰ ਕੰਮ ਉਹਦੇ ਕਿਤਨੇ ਮਹਾਨ ਨੀ।
ਜਪਾਨ ਦੀ ਸਨਅਤ ਸਿਰਮੌਰ ਨਾ ਕਹਾਵੇ,
ਸਾਡੀ ਸਨਅਤ ਕਹਾਏ ਨਾ ਬੀਮਾਰ।
ਭਾਬੀ ਦੀ ਜੁਵਾਨੀ ਵੀ.....
ਗਦਰੀਆਂ ਕੂਕਿਆਂ ਤੇ ਬੱਬਰਾਂ ਦੇ ਵਾਰਸ,
ਆਜ਼ਾਦੀ ਦਾ ਆਨੰਦ ਵੇਖ ਮਾਣਦੇ।
ਤਖ਼ਤਾਂ ਦੇ ਮਾਲਕ ਤੇ ਧਨੀ ਤਲਵਾਰ ਦੇ,
ਬਦੇਸ਼ਾਂ 'ਚ ਬਿਗਾਨੀ ਖਾਕ ਛਾਣਦੇ।
ਸਾਡੇ ਦਸਾਂ ਗੁਰੂਆਂ ਦੇ ਵਾਰਸਾਂ ਦੇ ਪੁੱਤਰ ਬੇਸ਼ੁਮਾਰ,
ਭਾਬੀ ਦੀ ਜੁਵਾਨੀ ਵੀ.....
ਚੱਪਾ ਟੁੱਕ ਬਦਲੇ ਜੇ ਭਾਰਤ ਦੇ ਲੋਕਾਂ ਸੀ,
ਫਰੰਗੀਆਂ ਮੋਹਰੇ ਈ ਹੱਥ ਅੱਡਣੇ।
ਉਨ੍ਹਾਂ ਮੋਹਰੇ ਧੌਣਾਂ ਨੂੰ ਲੁਕਾਈ ਬੈਠੇ ਰਹਿੰਦੇ ਨੀ,
ਫਰੰਗੀ ਕਿਉਂ ਸੀ ਭਾਰਤ 'ਚੋਂ ਕੱਢਣੇ।
ਭੁੱਖ-ਮਰੀ ਮਾਰਨ ਦਾ ਦਾਅਵਾ ਕਰ ਲੈਣ ਜੇ ਨੀ,
ਗੱਦੀਆਂ ਦੇ ਬਣੇ ਦਾਅਵੇਦਾਰ।
ਭਾਬੀ ਦੀ ਜੁਵਾਨੀ ਵੀ......
ਭਾਰਤ ਦੀ ਤੱਕੜੀ ਜੇ ਸਹੀ ਤੋਲ ਤੋਲੇ,
ਸੋਨਾ ਖਾਕ ਨਾਲੋਂ ਮੰਦਾ ਕਦੀ ਤੁੱਲੇ ਨਾ।
ਬਦੇਸ਼ੀਆਂ ਦਾ ਮੁੜ੍ਹਕਾ ਬਚਾਉਣ ਦਿਆਂ ਯਤਨਾਂ 'ਚ,

ਭਾਰਤੀ ਲੋਕਾਂ ਦਾ ਲਹੂ ਡੁੱਲ੍ਹੇ ਨਾ।
ਕੈਨੇਡਾ ਵਿਚ ਭਾਊ ਤੇ ਪੰਜਾਬ ਵਿਚ ਭਾਬੀ
ਦੋਹੇਂ ਜਣੇਂ ਈ ਨਾ ਰੋਣ ਜ਼ਾਰੋ-ਜ਼ਾਰ।
ਭਾਬੀ ਦੀ ਜੁਵਾਨੀ ਵੀ......
ਬੜੇ ਬੜੇ ਵਿਦਵਾਨ ਬੜੇ ਬੜੇ ਸਾਇੰਸਦਾਨ,
ਭਾਰਤ 'ਚੋਂ ਬਾਹਰ ਜਾ ਕੇ ਬਹਿ ਗਏ।
ਭਾਰਤ ਮਾਤਾ ਦੇ ਕਈ ਹੋਣ ਹਾਰ ਪੁੱਤਰ,
ਬਦੇਸ਼ੀਆਂ ਜੋਗੇ ਈ ਹੋ ਕੇ ਰਹਿ ਗਏ।
ਘੋਗਿਆਂ ਦੇ ਢੇਰਾਂ ਵਿਚ ਜਾਣ ਨਾ ਵਿਚਾਰੇ,
ਕਈ ਭਾਰਤ ਦੇ ਰਤਨ ਜੁਵਾਹਰ।
ਭਾਬੀ ਦੀ ਜੁਵਾਨੀ ਵੀ......
ਗੁਰੂ ਮਹਾਰਾਜ ਦੀ ਹਜ਼ੂਰੀ ਵਿਚ ਬਹਿ ਕੇ,
ਭੈਣ ਵੀਰ ਨਾਲ ਵਿਆਹ ਕਰਵਾਏ ਨਾ।
ਮਾਇਆ 'ਚੋਂ ਅਨੰਦ ਦੀ ਪ੍ਰਾਪਤੀ 'ਚ ਰੁੱਝਾ ਬਾਪੂ,
ਧੀਆਂ ਨੂੰ ਈ ਪੁੱਤ ਲੜ ਲਾਏ ਨਾ।
ਡਾਲਰਾਂ ਤੇ ਪੌਂਡਾਂ ਦਿਆਂ ਢੇਰਾਂ ਪਿੱਛੇ ਲੱਗੀ,
ਬੁੱਢਾ ਭੂਸ਼ ਨਾ ਹੰਢਾਵੇ ਮੁਟਿਆਰ।
ਭਾਬੀ ਦੀ ਜੁਵਾਨੀ ਵੀ......
ਦੂਰੋ ਦੂਰੀ ਪਏ ਜਿਹੜੇ ਸੱਜ ਮੁਕਲਾਵੇ ਜੋੜੇ,
ਦੁੱਖਾਂ ਭਰੀ ਰਾਗਣੀ ਅਲਾਪਦੇ।
ਪਏ ਭਾਵੇਂ ਰੇਸ਼ਮੀ ਵਿਛਾਉਣਿਆਂ ਤੇ ਹੋਣ,
ਪਰ ਸੂਲਾਂ ਦੇ ਵਿਛਾਉਣਿਆਂ ਤੇ ਜਾਪਦੇ।
ਉਨ੍ਹਾਂ ਵਲ ਵੇਖ ਵੇਖ 'ਗਿੱਲ' ਦੀ ਕਲਮ ਦਾ ਨੀ,
ਵੈਣਾਂ ਨਾਲ ਈ ਪਵੇ ਨਾ ਵਿਹਾਰ।
ਭਾਬੀ ਦੀ ਜਵਾਨੀ ਵੀ।

**— ਹਜ਼ਾਰਾ ਸਿੰਘ ਗਿੱਲ**
**ਦਾਨੇ ਵਾਲ ਜਲੰਧਰ।**



# ਕਾਸ਼! ਵੀਜਾ

ਹੋਇਆ ਚੁੱਪ ਚਾਂ ਚੁਫੇਰਾ
ਫਿਰੇ ਟਹਿਲਦਾ ਹਨੇਰਾ
ਕਿੱਥੇ ਰੁੱਕਿਆ ਸਵੇਰਾ
ਕੋਈ ਦੱਸਦਾ ਨਹੀਂ।
    ਗਿਆ ਖੁੰਝ ਸਿਰਨਾਵਾਂ
    ਕਿਹਨੂੰ 'ਵਾਜ ਦੇ ਬੁਲਾਵਾਂ
    ਕਿਹਨੇ ਕੀਲੀਆਂ ਹਵਾਵਾਂ ?
    ਕੋਈ ਪੁੱਛਦਾ ਨਹੀਂ।
ਕੀਤਾ ਦੋਖੀਆਂ ਨੇ ਟੂਣਾ
ਹਰ ਖ਼ਵਾਬ ਊਣਾ ਊਣਾ
ਬੰਦਾ ਹੋ ਗਿਆ ਨਿਗੂਣਾ
ਕਦੇ ਹੱਸਦਾ ਨਹੀਂ।
    ਕਦੋਂ ਆਉਣਗੇ ਪਿਆਰੇ
    ਬੋਲ ਪਾਣੀ 'ਚੋਂ ਨਿਤਾਰੇ
    ਫੁੱਲ, ਰੌਸ਼ਨੀ, ਸਿਤਾਰੇ,
    ਕੋਈ ਦੱਸਦਾ ਨਹੀਂ।
ਪਾਏ ਸੰਸਿਆਂ ਨੇ ਘੇਰੇ
ਸੁੰਨੇ ਕਾਗ ਤੋਂ ਬਨੇਰੇ
ਕੀਤੇ ਫ਼ੋਨ ਵੀ ਬਥੇਰੇ
ਕੋਈ ਚੁੱਕਦਾ ਨਹੀਂ।
    ਦੀਵੇ, ਬੱਤੀਆਂ ਜਗਾਓ
    ਬਾਤਾਂ ਸੋਹਣੀਆਂ ਸੁਣਾਓ
    ਕੋਈ ਗੱਲ ਤਾਂ ਹਿਲਾਓ
    ਵੇਲਾ ਲੰਘਦਾ ਨਹੀਂ।
ਕਾਸ਼! ਵੀਜ਼ਾ ਲਗਵਾਈਏ
ਸ਼ਹਿਰ ਪਿਆਰਿਆਂ ਦੇ ਜਾਈਏ
ਬਹਿ ਕੇ ਵੇਦਨਾ ਸੁਣਾਈਏ
ਮੌਕਾ ਲੱਭਦਾ ਨਹੀਂ।

**— ਹਰਭਜਨ ਸਿੰਘ ਹੁੰਦਲ**
**ਫੱਤੂ ਚੱਕ - ਕਪੂਰਥਲਾ**

# ਵਿਸ਼ਵੀਕਰਣ

1.
ਵਿਸ਼ਵੀਕਰਣ ਤਾਂ ਹੋ ਚੁੱਕਾ
ਢੇਰ ਫਿਰ ਪਹਿਲਾਂ
ਸੱਚ ਦਾ।
ਵਿਸ਼ਵੀਕਰਣ ਹੀ ਨਹੀਂ
ਬ੍ਰਹਿਮੰਡੀਕਰਣ।
  ਕਣ ਕਣ ਵਿਚ ਲਹਿਰਾਵੇ ਸੱਚ!
  ਛਿਣ ਛਿਣ ਪਿਆਰ ਮਹਿਕਾਵੇ ਸੱਚ!!
ਤੇ ਹੁਣ ਤੁਸੀਂ
ਵਿਸ਼ਵੀਕਰਣ ਕਾਹਦਾ ਕਰੋਗੇ?
ਕੀ ਕਣ ਕਣ ਵਿਚ
ਛਿਣ ਛਿਣ ਵਿਚ ਵੀ ਕੂੜ ਭਰੋਗੇ।
ਤੇ ਮੁਨਾਫ਼ੇ ਆਪਣੀਆਂ ਜੇਬਾਂ 'ਚ ਧਰੋਗੇ!!
2.
  ਵਿਸ਼ਵੀਕਰਣ ਕਾਹਦਾ?
  ਵਿਸ਼ਵੀਕਰਣ ਤਾਂ ਹੋ ਚੁੱਕਾ ਹੈ
  ਕੁਦਰਤ ਦੇ ਵਿਚ ਵਿਚਰ ਰਹੇ
  ਪਾਣੀਆਂ ਦੇ ਸੁਭਾਵਾਂ ਦਾ
  ਹਰ ਤੁਪਕਾ, ਹਰ ਵਾਸ਼ਪ
  ਹਰ ਦਰਿਆ
  ਅਪੜੇ ਅੰਤ ਨੂੰ ਇੱਕੋ ਸਾਗਰ
  ਆਉਂਦਾ ਆਉਂਦਾ ਰਸਤੇ ਰਸਤੇ
  ਹਰਿਆਵੇ ਜੀਅ ਬਨਸਪਤੀ
  ਤੇ ਮਿਟਾਵੇ ਪਿਆਸ
  ਬਿਨ ਵਿਤਕਰੇ ਤੋਂ
  ਕੀ ਇਹ ਵਿਸ਼ਵਵਿਆਪੀ ਵਰਤਾਰਾ ਨਹੀਂ।



ਪਰ ਪਾਣੀਆਂ ਨੂੰ ਮਾਰ ਕੇ ਬੰਨ੍ਹ
ਪੂਰਨੇ ਸਿਰਫ਼ ਕੁਝ ਇਕਨਾ ਦੇ ਹਿੱਤ!
ਤੇ ਕਰ ਬੋਤਲੀਂ ਕੈਦ
ਵੇਚਣਾ ਮੁਨਾਫਿਆਂ ਲਈ
ਕੀ ਵਿਸ਼ਵੀਕਰਣ ਹੈ?
3.
  ਵਿਸ਼ਵੀਕਰਣ ਕਾਹਦਾ?
  ਵਿਸ਼ਵੀਕਰਣ ਤਾਂ ਹੋ ਚੁੱਕਾ
  ਗਿਆਨ ਦਾ
  ਸੁੱਚਾ ਸਮੁੱਚਾ ਸੁੱਘੜ ਗਿਆਨ
  ਵਾਂਗ ਕਿਸੇ ਪਾਣੀ ਨਿਸ਼ਕਾਮ
  ਉੱਚੇ ਟਿੱਲਿਓਂ ਰਿਹਾ ਹੈ ਵਗਦਾ
  ਨੀਵਾਣਾਂ ਵੱਲ
  ਆਦਿ ਜੁਗਾਦਿ ਤੋਂ ਅਟੱਲ
  ਕਿਸੇ ਖ਼ੁਦਾਈ ਮਸਤ ਤੋਰ
  ਇਕਸਾਰ ਝਰਨੇ ਦੇ ਵਾਂਗ।
ਪਰ ਹਰ ਵਿਕਸਿਤ ਲਾਗੂ-ਗਿਆਨ
'ਤੇ ਜਥੇਬੰਦੀਆਂ ਤੇ ਰੁਝਾਨ
ਵੇਚ ਉਤਪਾਦਨ ਗਿਣਨੀ ਭਾਨ
ਕੀ ਵਿਸ਼ਵੀਕਰਣ ਹੈ?
4.
  ਵਿਸ਼ਵੀਕਰਣ ਤਾਂ ਹੋਇਆ ਪਿਆ ਹੈ
  ਕੁਦਰਤ 'ਚ
  ਫੁੱਲ ਦੇਵੇ ਖੁਸ਼ਬੂ, ਹਰ ਥਾਂ ਸੁਹਾਵਾ ਹੀ ਲੱਗੇ
  ਹਰਿਆਵਲ ਹਰ ਥਾਂ ਅੱਖ ਨੂੰ,
  ਸੁਖਦ ਹੀ ਲੱਗੇ।
ਪਰ ਇਹ ਪੇਟੈਂਟ ਮਾਰੀ ਦੇ ਦੈਂਤ
ਕਰਨੀ ਕੁਦਰਤ ਹਰ ਥਾਂ ਕੈਦ
ਅਤੇ ਰਾਖਵੀਂ
ਕੁਝ ਇਕਨਾਂ ਲਈ
ਮੁਨਾਫਿਆਂ ਖ਼ਾਤਿਰ
ਕੀ ਵਿਸ਼ਵੀਕਰਣ ਹੈ?

**— ਹਰਕੰਵਲਜੀਤ ਸਾਹਿਲ**
**ਕੈਨੇਡਾ।**
**(ਚਿਰਾਗ ਤੋਂ ਧੰਨਵਾਦ ਸਹਿਤ)**

# ਮਾਂ-ਪੁੱਤਰ

ਮਾਂ : ਕਿਉਂ ਜਾਂਦਾ ਏ ਪੁੱਤਾ ਪ੍ਰਦੇਸ, ਵੇ ਪੰਜਾਬ ਨੂੰ ਛੱਡ ਕੇ
ਕਿਉਂ ਕਮਾਂਦਾ ਏ ਧਰੋਹ, ਵੇ ਪੁੱਤਾ ਪੰਜਾਬ ਨੂੰ ਛੱਡ ਕੇ

ਪੁੱਤਰ : ਪੜ੍ਹ ਲਿਖ ਕੇ ਵੀ ਕੋਈ ਰੁਜ਼ਗਾਰ ਨੀ ਮਿਲਦਾ
ਬਾਪੂ ਦੇ ਸਿਰ ਚੜ੍ਹਿਆ ਕਰਜ਼ਾ
ਰਾਤ ਭਰ ਸੌਣ ਨੀ ਦਿੰਦਾ
ਕੀ ਕਰਾਂ ਮਾਏ ਨੀ, ਮੈਂ ਪੰਜਾਬ 'ਚ ਰਹਿ ਕੇ....

ਮਾਂ : ਇਸ ਮਿੱਟੀ 'ਚ ਤੇਰੇ ਦਾਦੇ - ਪੜਦਾਦੇ ਦੀ ਛੋਹ ਏ
ਬਾਪ ਦੇ ਸੁਪਨਿਆਂ ਦੀ ਲੋਅ ਏ
ਮਾੜਾ-ਮੋਟਾ ਹੀ ਕੰਮ ਕਾਰ ਤੂੰ ਕਰ ਲੈ
ਦੋ ਵੇਲੇ ਦੀ ਰੋਟੀ ਦਾ ਜੁਗਾੜ ਤੂੰ ਕਰ ਲੈ
ਨਾ ਦੇਖ ਮਹਿਲ-ਮੁਨਾਰੇ ਕੁੱਲੀ ਦਿਲ ਦੀ ਜੜ੍ਹ ਲੈ
ਕਿਉਂ ਕਮਾਂਦਾ ਏ ਧਰੋਹ, ਵੇ ਪੁੱਤਾ ਪੰਜਾਬ ਨੂੰ ਛੱਡ ਕੇ....

ਪੁੱਤਰ : ਮਾਏ ਮੇਰੀਏ ! ਵਿੱਦਿਆ ਮੈਨੂੰ ਲਾਹਨਤਾਂ ਪਾਏ
ਭ੍ਰਿਸ਼ਟਾਚਾਰੀ ਦੇ ਅੰਬਾਰ ਦਾ ਵਿਰੋਧ ਕਰਨਾ ਚਾਹੇ
ਨੌਂਕਰੀ ਮਿਲਦੀ ਪੈਸਿਆਂ ਨਾਲ
ਜਾਂ ਰਾਜਨੀਤੀ ਦੇ ਸਿਰ 'ਤੇ
ਮੇਰੀ ਗਰੀਬੀ ਤੇ ਲਾਚਾਰੀ ਦਾ ਬੋਝ
ਵਧਦਾ ਜਾਏ....ਵਧਦਾ ਜਾਏ
ਇਸੇ ਲਈ ਮਾਏ ਮੇਰੀਏ, ਮੈਂ ਵਿਦੇਸ਼ ਨੂੰ ਜਾਵਾਂ
ਕੀ ਕਰਾਂ ਮਾਏ ਮੇਰੀਏ, ਮੈਂ ਪੰਜਾਬ 'ਚ ਰਹਿ ਕੇ....

ਮਾਂ : ਤੇਰੇ ਤੋਂ ਬਾਹਰ ਪੁੱਤਾ ਸਾਡਾ ਨਾ ਕੋਈ
ਤੈਨੂੰ ਤੱਕ-ਤੱਕ ਸਾਹ ਸਾਨੂੰ ਆਏ
ਗਿਆ ਕੋਈ ਪ੍ਰਦੇਸ ਵੇ ਲੋਕੋ !
ਵਾਪਸ ਨਾ ਆਏ ਵਾਪਸ ਨਾ ਆਏ
ਕਿਉਂ ਰੋਲਣਾ ਚਾਹੁੰਦਾ ਸਾਡੀਆਂ ਬੁੱਢੀਆਂ ਹੱਡੀਆਂ
ਬਾਪ ਤੇਰੇ ਨੇ ਕਦੀ ਆਸਾਂ ਤੇਰੇ 'ਤੇ ਰੱਖੀਆਂ
ਛੋਟੀ ਭੈਣ ਦੀ ਰੱਖੜੀ ਨੂੰ ਨਾ ਤੋੜ ਧਾਗਾ ਸਮਝ ਕੇ



ਕਿਉਂ ਕਮਾਂਦਾ ਏ ਧਰੋਹ, ਵੇ ਪੁੱਤਾ ! ਪੰਜਾਬ ਨੂੰ ਛੱਡ ਕੇ...

ਪੁੱਤਰ : ਮਾਏ ਮੇਰੀਏ ! ਇੱਥੇ ਮਿਹਨਤਾਂ ਦਾ ਮੁੱਲ ਨਾ ਪੈਂਦਾ
ਫੜ੍ਹ ਕੇ ਹੱਥ 'ਚ ਡਿਗਰੀਆਂ
ਸਵੇਰ ਤੋਂ ਸ਼ਾਮ ਤੱਕ ਘੁੰਮਦਾ
ਵਿਦੇਸ਼ 'ਚ ਜਾ ਕੇ ਮਾਂ ਮੇਰੀਏ !
ਰੁਜ਼ਗਾਰ ਤਾਂ ਮਿਲਜੂ
ਕਰਕੇ ਹੱਢ-ਭੰਨਵੀਂ ਮਿਹਨਤ
ਤੁਹਾਨੂੰ ਸੁੱਖ ਤਾਂ ਮਿਲਜੂ
ਛੋਟੀ ਭੈਣ ਦਾ ਜੀਵਨ ਵੀ ਸੁਆਰਨਾ ਮੈਂ
ਇਸੇ ਲਈ ਮਨ ਜਾਣਾ ਚਾਹੇ ਵਿਦੇਸ਼ ਨੂੰ
ਕੀ ਕਰਾਂ ਮਾਏ ਨੀ, ਮੈਂ ਪੰਜਾਬ 'ਚ ਰਹਿ ਕੇ...

ਮਾਂ : ਪੁੱਤਾ ਚਲ ਤੇਰੀ ਮਰਜੀ
ਜੋ ਤੈਨੂੰ ਭਾਵੇ ਉਹੀ ਕਰਲੈ,
ਰਹਿਗੀ ਦੋ ਕੁ ਕੀਲੇ ਜ਼ਮੀਨ, ਬੈਅ ਤੂੰ ਕਰਲੈ
ਸਵਾਰ ਆਪਣਾ ਜੀਵਨ ਪ੍ਰਦੇਸ 'ਚ ਜਾ ਕੇ
ਪਰ ਭੁੱਲੀ ਨਾ ਕਦੇ ਪੁੱਤਾ
ਸਾਨੂੰ ਪ੍ਰਦੇਸ 'ਚ ਜਾ ਕੇ
ਪਰਤ ਆਈਂ ਪੁੱਤਾ ਫੇਰ ਕਮਾਈਆਂ ਕਰਕੇ
ਓਟ ਲੈ ਗੁਰਾਂ ਦੀ 'ਤੁੜ' ਮਿਹਨਤ ਕਰੀਂ
ਮਾਖਿਓਂ ਮਿੱਠੇ ਪੰਜਾਬ ਨੂੰ ਪਰ ਕਦੀਂ ਨਾ ਭੁੱਲੀਂ
ਮਾਖਿਓਂ ਮਿੱਠੇ ਪੰਜਾਬ ਨੂੰ ਪਰ ਕਦੀ ਨਾ ਭੁੱਲੀਂ....

ਪੁੱਤਰ : ਚੰਗਾ ਮਾਏ ਤੇਰੀ ਅਸੀਸ ਲੈ ਕੇ ਜਾਂਦਾ
ਭੈਣ ਦੀ ਰੱਖੜੀ ਦਾ ਸਤਿਕਾਰ ਲੈ ਕੇ ਜਾਂਦਾ
ਬਾਪੂ ਕਰੀਂ ਨਾ ਫ਼ਿਕਰ ਮੈਂ ਵਿਦੇਸ਼ ਨੂੰ ਜਾਂਦਾ
ਹੱਡ-ਭੰਨਵੀਂ ਮਿਹਨਤ 'ਹਰਿੰਦਰ' ਦੀ ਰੰਗ ਲਿਆਊ
ਕਰਕੇ ਢੇਰ ਕਮਾਈ ਮੈਂ ਪੰਜਾਬ ਨੂੰ ਆਊਂ
ਚੰਗਾ ਮਾਏ ! ਪੁੱਤ ਤੇਰਾ ਵਿਦੇਸ਼ ਨੂੰ ਜਾਂਦਾ
ਚੰਗਾ ਮਾਏ ! ਪੁੱਤ ਤੇਰਾ....

**— ਪ੍ਰੋ. ਹਰਿੰਦਰ ਸਿੰਘ 'ਤੁੜ'**
**ਪਿੰਡ+ਡਾਕਖਾਨਾ ਤੁੜ**
**ਤਹਿਸੀਲ ਖਡੂਰ ਸਾਹਿਬ**
**ਜ਼ਿਲ੍ਹਾ ਤਰਨਤਾਰਨ**
**ਮੋਬਾਇਲ : 98728-87215**
**98553-37880**

# ਮਗਰਮੱਛ

ਮੈਂ ਬਚਪਨ ਵਿਚ
ਸੰਮੁਦਰ ਕਦੇ ਨਹੀ ਸੀ ਵੇਖਿਆਂ
ਪਰ ਮੇਰੀ ਭੁਗੋਲ ਦੀ ਕਿਤਾਬ ਵਿਚ
ਇਕ ਨਕਲੀ ਸਮੁੰਦਰ
ਹਰ ਵੇਲੇ ਵਗਦਾ ਰਹਿੰਦਾ ਸੀ
ਤੇ ਸਾਡਾ ਅਧਿਆਪਕ ਕਹਿੰਦਾ ਸੀ -
ਇਹ ਦੇ ਵਿਚ ਮਗਰਮੱਛ ਰਹਿੰਦਾ ਹੈ
ਜੋ ਬੜਾ ਖੱਤਰਨਾਕ ਜਾਨਵਰ ਹੁੰਦਾ ਹੈ
ਸਮੁੰਦਰ ਦੇ ਜੀਅ ਜੰਤੂ ਖਾ ਜਾਂਦਾ ਹੈ
ਜੇ ਆਦਮੀ ਹੱਥ ਚੜ੍ਹ ਜਾਏ ਤਾਂ
ਜਿੰਦਾ ਨਿਗਲ ਜਾਂਦਾ ਹੈ
ਪਰ ਇਹ ਮਗਰਮੱਛ
ਰੁੱਖ ਉੱਤੇ ਨਹੀਂ ਚੜ੍ਹ ਸਕਦਾ
ਹਵਾ ਵਿਚ ਨਹੀਂ ਉੱਡ ਸਕਦਾ
ਜ਼ਮੀਨ ’ਤੇ ਨਹੀਂ ਭੱਜ ਸਕਦਾ

ਉਹ ਮਗਰਮੱਛ ਕਦੇ ਕਦਾਈ
ਮੇਰੇ ਸੁਫ਼ਨੇ ਵਿਚ ਆ ਜਾਂਦਾ
ਤਾਂ ਮੈ ਉਹਦੇ ਤੋਂ ਡਰਦਾ
ਖੇਤਾਂ ਵਿਚ ਲੁਕ ਜਾਂਦਾ
ਜਾਂ ਵੱਟੇ ਵੱਟ ਭੱਜ ਤੁਰਦਾ

ਹੁਣ ਮੈਂ
ਸਮੁੰਦਰ ਕਿਨਾਰੇ ਰਹਿੰਦਾ ਹਾਂ
ਮੇਰੇ ਇਕ ਪਾਸੇ ਐਟਲਾਂਟਿਕ ਹੈ
ਦੂਜੇ ਪਾਸੇ ਪੈਸਿਫ਼ਿਕ ਮਹਾਂ-ਸਾਗਰ
ਤੇ ਇਨ੍ਹਾਂ ਦੋਹਾਂ ਸਮੁੰਦਰਾਂ ਵਿਚਕਾਰ



ਇਕ ਬਹੁਤ ਵੱਡਾ ਮਗਰਮੱਛ ਰਹਿੰਦਾ ਹੈ
ਸਮੁੰਦਰ ਦੇ ਪਾਣੀਆਂ ਵਿਚ ਨਹੀ
ਸ਼ੀਸ਼ ਮਹਿਲ ਵਿਚ ਵੱਸਦਾ ਹੈ
ਇਹ ਮਗਰਮੱਛ , ਰੁੱਖ ਤਾਂ ਕੀ
ਪਰਬਤਾਂ ‘ਤੇ ਵੀ ਚੜ੍ਹ ਜਾਂਦਾ ਹੈ
ਹਵਾ ਤਾਂ ਹਵਾ
ਬਿਨਾ ਹਵਾ ਤੋਂ ਵੀ
ਉੱਡ ਸਕਦਾ ਹੈ
ਸੱਤ ਸਮੁੰਦਰਾਂ ਉਤੇ ਤਾਂ
ਇਹਦਾ ਰਾਜ ਚਲੱਦਾ ਹੈ

ਇਹ ਖੇਤ ਚਰਦਾ ,ਤੇਲ ਪੀਦਾਂ
ਮਨੁੱਖੀ ਮਾਸ ਨੋਚ ਨੋਚ ਖਾਂਦਾ
ਮਨੁੱਖੀ ਲਹੂ ਦੇ ਬਾਟੇ
ਭਰ ਭਰ ਡਕਾਰ ਜਾਂਦਾ ਹੈ

ਇਹ ਮਗਰਮੱਛ
ਮੈਨੂੰ ਨਿਗਲ ਜਾਣ ਦੇ
ਮਨਸੂਬੇ ਬਣਾਉਂਦਾ
ਮੇਰੇ ਸੁਫ਼ਨਿਆਂ ਵਿਚ ਆ ਆ
ਮੈਨੂੰ ਡਰਾਉਂਦਾ ਹੈ
ਤੇ ਮੈ ਇਸ ਤੋਂ ਬਚਣ ਲਈ
ਅਪਣੇ ਹੀ ਮਨ ਦੀ ਕਿਸੇ
ਲਹਿਰ ਉੱਤੇ ਸਵਾਰ
ਲਹਿਰੋ ਲਹਿਰ ਹੋ ਜਾਂਦਾ ਹਾਂ

ਇਹ ਮਗਰਮੱਛ
ਲਹਿਰਾਂ ਤੋਂ ਬੜਾ ਡਰਦਾ ਹੈ
ਸਿਰਫ਼ ਲਹਿਰਾਂ ਤੋਂ ਹੀ ਡਰਦਾ ਹੈ
ਤੇ ਪਿੱਛੇ ਮੁੜ ਜਾਂਦਾ ਹੈ

**— ਪ੍ਰੋ. ਹਰਭਜਨ ਸਿੰਘ**
**ਕੈਲੀਫੋਰਨੀਆ ਅਮਰੀਕਾ**

# ਡਾਲਰਾਂ ਦੇ ਪਿੱਛੇ

ਕਿੰਨਾ ਚਿਰ ਦਿਲਾ! ਤੂੰ ਹੰਢਾਉਣੈ ਪਰਵਾਸ,
ਭਟਕਣ ਕੀਤਾ ਤਨ ਮਨ ਵਿਚ ਵਾਸ, ਕਿੱਥੇ ਟਿੱਕੇਂਗਾ, ਪਤਾ ਹੀ ਨਾ।
ਡਾਲੀ ਨਾਲੋਂ ਟੁੱਟ ਕੇ ਉੱਡੇ ਪੱਤ ਵਾਂਗੂੰ ਕਿੱਥੇ ਡਿਗੇਂਗਾ, ਪਤਾ ਹੀ ਨਾ।

ਬੁੱਢੇ ਮਾਪਿਆਂ ਦੇ ਸਭ ਲੁੱਟ ਗਏ ਸਹਾਰੇ, ਅੱਖੋਂ ਦੂਰ ਹੋ ਗਏ,
ਮੱਲ ਲਏ ਹਨੇਰਿਆਂ ਨੇ ਡੂੰਘੇ ਨੈਣ ਚਾਰੇ, ਖ਼ਾਬ ਚੂਰ ਹੋ ਗਏ,
ਝੁਰੜੀਆਂ ਵਿਚ ਲੁਕੇ ਹੰਝੂਆਂ ਦੀ ਗਾਥਾ ਕਿੰਝ ਲਿਖੇਂਗਾ, ਪਤਾ ਹੀ ਨਾ।
ਡਾਲੀ ਨਾਲੋਂ...........

ਵਾਅਦੇ ਪਹਿਲੇ ਪਿਆਰ ਨਾਲ ਕੀਤੇ ਸੀ, ਨਿਭੇ ਨਾ, ਅਫ਼ਸੋਸ ਹੈ ਬੜਾ,
ਚਾਹੁੰਦਿਆਂ ਹੋਇਆਂ ਵੀ ਫੁੱਲ ਪਿਆਰ ਦੇ ਖਿੜੇ ਨਾ, ਹੁਣ ਰੋਸ ਹੈ ਬੜਾ,
ਕਿਤਾਬਾਂ 'ਚ ਲੁਕਾ ਕੇ ਰੱਖੇ ਫੁੱਲਾਂ ਦੀ ਜਗ੍ਹਾ ਕਿਹੜੀ ਮਿੱਥੇਂਗਾ, ਪਤਾ ਹੀ ਨਾ।
ਡਾਲੀ ਨਾਲੋਂ...........

ਖ਼ੌਰੇ ਕਿੱਥੇ ਬੇਲੀ ਬਾਲਪਨ ਦੇ ਗੁਆਚੇ, ਭੁੱਲਦੇ ਨਾ ਪਲ ਵੀ
ਯਾਦਾਂ 'ਚੋਂ ਨਾ ਜਾਣ ਭੈਣ ਭਾਈ ਤਾਏ ਚਾਚੇ, ਅੱਜ ਵੀ ਨਾ ਕੱਲ੍ਹ ਵੀ,
ਉਮਰ ਦੇ ਦੰਦਾਂ ਨਾਲ ਯਾਦਾਂ ਵਾਲੇ ਰੋੜ ਕਿਵੇਂ ਚਿੱਥੇਂਗਾ, ਪਤਾ ਹੀ ਨਾ।
ਡਾਲੀ ਨਾਲੋਂ...........

ਡਾਲਰਾਂ ਦੇ ਪਿੱਛੇ ਲੱਗੀ ਦੌੜ ਰੁਕਣੀ ਨਾ, ਸਾਹ ਰੁਕ ਜਾਣਗੇ,
ਮੰਜ਼ਿਲਾਂ ਦੇ ਨੇੜੇ ਜਿੰਦ 'ਕੁੱਲੇ' ਢੁਕਣੀ ਨਾ ਰਾਹ ਮੁਕ ਜਾਣਗੇ,
ਐਹੋ ਜਿਹੇ ਹਾਲਾਤ ਵਿਚ ਜ਼ਿੰਦਗੀ ਦੀ ਜੰਗ ਕਿਵੇਂ ਜਿੱਤੇਂਗਾ, ਪਤਾ ਹੀ ਨਾ।
ਡਾਲੀ ਨਾਲੋਂ ਟੁੱਟ ਕੇ ਉੱਡੇ ਪੱਤ ਵਾਂਗੂੰ ਕਿੱਥੇ ਡਿਗੇਂਗਾ, ਪਤਾ ਹੀ ਨਾ।

**— ਕੁਲਵਿੰਦਰ ਕੁੱਲਾ**
**ਕੇ. ਵੀ. ਫਾਰਮੇਸੀ,**
**ਮੂਸਾਪੁਰ ਰੋਡ, ਨਵਾਂਸ਼ਹਿਰ।**
**ਫੋਨ : 98154-29964**



# ਡਾਲਰਾਂ ਦੀ ਚਾਹਤ

ਪਤਾ ਨੀ ਕਿਸ ਚੰਦਰੇ ਨੇ, ਪਿੰਡ ਡਾਲਰ ਵਿਖਾਏ।
ਸੰਗਦੀ ਮੈਂ ਨਾਂ ਬੋਲੀ, ਸੁਪਨੇ ਤਾਂ ਸੀ ਮਾੜੇ ਆਏ।

ਪਿੰਡੋਂ ਤੁਰਦੀ ਨੂੰ ਸਹੇਲੀਆਂ, ਤਾਹਨੇ ਤੇ ਤਾਹਨੇ ਸੀ ਲਾਏ।
ਕਰੇ ਜੀ ਤੇਰਾ ਸੈਰਾਂ ਨੂੰ ਕਾਰਾਂ ਤੇ, ਕਿਉਂ ਐਵੇਂ ਫੋਕੇ ਹੰਝੂ ਵਹਾਏ।

ਛੱਡ ਕੇ ਬਾਬੁਲ ਦਾ ਵਿਹੜਾ, ਰੋ ਰੋ ਨੈਣ ਗਵਾਏ।
ਮਜ਼ਦੂਰੀ ਕਰਦੀ ਕਰਦੀ ਨੂੰ, ਸੂਰਜ ਛਿਪ ਜਾਵੇ।

ਵਿਹਲਾ ਨਾ ਓਥੇ ਕੋਈ, ਹਰ ਕੋਈ ਹੱਥ ਭੰਨਾਏ।
ਕਾਰਾਂ ਵੀ ਦੋ, ਨਾਰਾਂ ਵੀ ਦੋ, ਰਾਤੀਂ ਰਹਿਣ ਪੁਆੜੇ ਆਏ।

ਭਾਰਤੀ ਨਾਰੀ ਪੈਰ ਦੀ ਜੁੱਤੀ, ਕਲੇਜਾ ਫਟ ਫਟ ਜਾਏ।
ਨਾ ਉਮਰ ਦਾ ਲੇਖਾ-ਜੋਖਾ, ਰੋਵਾਂ ਬੁੱਕਲ ਮੂੰਹ ਛੁਪਾਏ।

ਨਾਂ ਹੀ ਔਲਾਦ ਨੂੰ, ਮਾਂ ਬਾਪ ਦਾ ਹੇਜ ਸਤਾਏ।
ਪਤਾ ਨੀ ਕਿਸ ਚੰਦਰੇ ਨੇ, ਮੇਰੇ ਨਾਲ ਵੈਰ ਕਮਾਏ।

ਜਿੰਦ ਨਿਮਾਣੀ ਨੂੰ ਵਿਚ ਪਰਦੇਸਾਂ, ਪਲ ਪਲ ਰਹਿੰਦੇ ਚੱਕਰ ਆਏ।
ਸੋਚ ਸਮਝ ਕੇ ਹਰ ਕੋਈ, ਵਿਦੇਸ਼ੀ ਲਾੜਾ ਬਣਾਏ।

ਡਾਲਰਾਂ ਦੀ ਚਾਹਤ ਲਈ, ਧੀ ਦਾ ਸੀਨਾ ਨਾ ਤੜਫਾਏ।
ਨਾ ਵਾਧੂ ਪੁਆੜੇ ਪਾਏ।

**—ਕਾਮਰੇਡ ਮੇਘ ਰਾਜ ਫੌਜੀ**
**c/o ਗੋਇਲ ਮਿੱਲ ਸਟੋਰ,**
**ਨੇੜੇ ਬੱਸ ਸਟੈਂਡ, ਰਾਮਪੁਰਾ ਫੂਲ**
**ਫੋਨ : 94631-48536**

# ਗੈਰਾਂ ਸਾਂਭ ਲੈਣਾ

ਜੰਮ-ਜੰਮ ਕਰ ਕਮਾਈਆਂ ਤੂੰ ਪਰਦੇਸੀਂ ਜਾ ਕੇ ਵੇ
ਬਹਿ ਗਿਆਂ ਕਾਹਤੋਂ ਉੱਥੇ ਪੱਕੇ ਡੇਰੇ ਲਾ ਕੇ ਵੇ
ਛੇਤੀ-ਛੇਤੀ ਮੁੜ ਵਤਨਾਂ ਨੂੰ ਪਾਵੀਂ ਫੇਰਾ ਵੇ
ਨਹੀਂ ਤੇ ਗੈਰਾਂ ਸਾਂਭ ਲੈਣਾ ਘਰ ਬਾਰ ਏ ਤੇਰਾ ਵੇ

ਖਾਲੀ ਘਰ ਤੇਰੇ ਹੌਲੀ-ਹੌਲੀ ਢਹਿ ਹੀ ਚੱਲੇ ਨੇ
ਕਈ ਤਾਂ ਬੰਨ ਬਨੇਰੇ ਤੇਰੇ ਗੈਰਾਂ ਮੱਲੇ ਨੇ
ਜਾਣ ਬਣਾਈ ਬਾਹਰੋਂ ਆ ਪ੍ਰਵਾਸੀ ਡੇਰਾ ਵੇ
ਨਹੀਂ ਤੇ ਗੈਰਾਂ ਸਾਂਭ ਲੈਣਾ ਘਰ ਬਾਰ ਏ ਤੇਰਾ ਵੇ

ਬੱਚੇ ਤੇਰੇ ਮਾਂ ਬੋਲੀ ਨੂੰ ਜਾਣ ਭੁਲਾਈ ਵੇ
ਵਿਰਸੇ ਦੀ ਕੋਈ ਏਹਨਾਂ ਨੂੰ ਨਾ ਜਾਚ ਸਿਖਾਈ ਵੇ
ਏਹਨਾਂ ਨੂੰ ਵੀ ਵਤਨਾਂ ਦਾ ਵਿਖਾ ਜਾਂਵੀ ਚੇਹਰਾ ਵੇ
ਨਹੀਂ ਤੇ ਗੈਰਾਂ ਸਾਂਭ ਲੈਣਾ ਘਰ ਬਾਰ ਏ ਤੇਰਾ ਵੇ

ਮਾਂ ਪਿਓ ਤੇਰੇ ਦੀਦ ਤੇਰੀ ਨੂੰ ਰਹਿੰਦੇ ਤਰਸਦੇ ਨੇ
ਵੇਖ ਉਨ੍ਹਾਂ ਦੀਆਂ ਅੱਖਾਂ 'ਚੋਂ ਕਿੰਝ ਹੰਝੂ ਵਰਸਦੇ ਨੇ
ਤੇਰੇ ਬਾਝੋਂ ਮੱਖਣਾ, ਉਨ੍ਹਾਂ ਦਾ ਹੋਇਆ ਵੇਹੜਾ ਵੇ
ਨਹੀਂ ਤੇ ਗੈਰਾਂ ਸਾਂਭ ਲੈਣਾ ਘਰ ਬਾਰ ਏ ਤੇਰਾ ਵੇ

'ਕੋਮਲ' ਭਾਵੇਂ ਲੱਖਾਂ ਡਾਲਰ ਪੌਂਡ ਕਮਾ ਲਈਏ
ਏਨ੍ਹਾਂ ਵਿਚ ਨਾ ਕਿਧਰੇ ਆਪਣਾ ਆਪ ਗਵਾ ਲਈਏ
ਵੱਸ ਪਰਦੇਸੀਂ ਪੱਥਰ ਦਾ ਨਾ ਕਰਿਓ ਜੇਰਾ ਵੇ
ਨਹੀਂ ਤੇ ਗੈਰਾਂ ਸਾਂਭ ਲੈਣਾ ਘਰ ਬਾਰ ਏ ਤੇਰਾ ਵੇ

**—ਕੋਮਲ ਸਿੰਘ ਸੰਧੂ**
**ਪਿੰਡ ਸਿੰਘਾਂ-ਜਲੰਧਰ।**



# ਆਸ ਰੱਖ

ਯਾਰ ਦੇ ਮੋਢੇ 'ਤੇ ਸਿਰ ਧਰ ਕੇ ਬੜਾ ਚਿਰ ਡੁਸਕਿਆ!
ਦੂਰ ਜੋ ਵਤਨਾਂ ਤੋਂ ਸੀ ਯਾਰੋ ਕਦੇ ਦਾ ਟੁਰ ਗਿਆ!
ਠੰਡੜੀ ਮਾਣੀ ਨਾ ਛਾਂ, ਨਾ ਧੁੱਪ ਨਾ ਬਰਸਾਤ ਓਸ,
ਡਾਲਰਾਂ ਪੌਂਡਾਂ 'ਚ ਖੁਰਦਾ ਚੀਲ੍ਹ ਦਾ ਰੁਖ਼ ਖੁਰ ਗਿਆ।
ਉਹਦੀ ਬੱਚੀ ਜਿਉਂਦੀਆਂ ਕਬਰਾਂ 'ਚੋਂ ਨਿੱਤ ਕਰਦੀ ਤਲਾਸ਼,
ਮਾਂ ਜਿਹਾ ਕੋਈ ਅਕਸ, ਜੋ ਖੇਡਣ ਦੀ ਉਮਰੇ ਤੁਰ ਗਿਆ।
ਹਾਕ ਸੁਣਕੇ ਬਾਪ ਦੀ ਆਇਆ ਸਮੁੰਦਰ ਚੀਰਦਾ,
ਫਰਜ਼ ਸਭ ਹੱਥੀਂ ਨਿਭਾਅ ਕੇ ਹੂਕ ਲੈ ਕੇ ਪਰਤਿਆ।
ਫੋਨ ਤੇ ਕੁਝ ਕਹਿ ਨਾ ਸਕਿਆ, ਸਿਸਕਿਆ ਹਾਏ ਅੰਮੀਏ,
ਥੰਮ ਖਿੜੀ ਗੁਲਜ਼ਾਰ ਦਾ ਕਿਹੜੇ ਹੜ੍ਹਾਂ ਵਿਚ ਹੜ੍ਹ ਗਿਆ।
ਅੰਮੀਏ ਬਾਪੂ ਪਿਆਰਾ ਸੁਪਨਿਆਂ ਦੀ ਜੂਹ ਜਿਹਾ,
ਵਤਨ ਦੀ ਮਿੱਟੀ ਜਿਹਾ, ਹਾਏ ਕੋਲ ਕੁਝ ਵੀ ਨਾ ਰਿਹਾ।
ਲੋਚਦਾ ਹਾਂ ਪਰਤ ਆਵਾਂ ਜਾਂ ਬੁਲਾਵਾਂ ਕੋਲ ਤੈਨੂੰ,
ਹਾੜ੍ਹਾ ਈ ਤੇਰਾ ਲਾਲ ਅੰਮੀਏ ਸਹਿ ਨਹੀਂ ਸਕਦਾ ਹੇਰਵਾ।
ਸਾਹਜਰੇ ਹੀ ਮੂੰਹ ਹਨੇਰੇ ਚੁੱਕ ਲੈਂਦੇ ਹਾਂ ਔਜ਼ਾਰ,
ਜ਼ਿਹਨ ਵਿਚ ਭਟਕਣ ਰਹੇ, ਅੰਗਾਂ 'ਚੋਂ ਉਠਦੈ ਜ਼ਲਜ਼ਲਾ।
ਉਮਰ ਦੀ ਇਸ ਡਾਲ ਤੋਂ ਪੱਤੇ ਨੇ ਝੜਦੇ ਜਾ ਰਹੇ,
ਤੂੰ ਹੀ ਦਸ ਕਲਮਾਂ ਦੇ ਵਾਰਸ ਕੀ ਬਣੇਗਾ ਦੋਸਤਾ?
ਰੋਜ਼ੀ ਰੋਟੀ ਖਿੱਚ ਲਿਆਈ ਸੀ ਅਸਾਂ ਨੂੰ ਇਸ ਗਰਾਂ,
ਜਾਣਦੇ ਨਾ ਸਾਂ ਉਮਰ ਦਾ ਬੁਣ ਆਏ ਹਾਂ ਸਿਲਸਿਲਾ।
ਪਰਤਣਾਂ ਮੁਮਕਿਨ ਨਹੀਂ, ਪਰਤਾਂਗਾ ਫਿਰ ਵੀ ਆਸ ਹੈ,
ਆਸ ਰੱਖ 'ਇਕਬਾਲ' ਮਿੱਤਰ ਹੁਣ ਨਾ ਢਾਵੀਂ ਹੌਂਸਲਾ।

**—ਕੰਵਰ ਇਕਬਾਲ**
**ਮੁੱਖ ਸੰਪਾਦਕ 'ਅਹਿਸਾਸ'**
**ਇਕਬਾਲ ਫੈਂਸੀ ਸਟੋਰ**
**ਅੰਮ੍ਰਿਤ ਬਜ਼ਾਰ ਕਪੂਰਥਲਾ - ਪੰਜਾਬ।**

# ਸਮੀਰੋ ਮੋਹ ਦੀਓ

ਸਮੀਰੋ ਮੋਹ ਦੀਓ ਝੁੱਲੋ, ਸਦਾ ਹਰ ਅਰਸ਼ ’ਤੇ ਝੁੱਲੋ।
ਕਦੇ ਆਪਣੇ ਵਤਨ ਵੱਲ ਪਰਤਣਾ ਨ ਭੁੱਲ ਕੇ ਭੁੱਲੋ।

ਹੈ ਬੇਸ਼ਕ ਸਾਂਭਿਆ ਗਿਰਝਾਂ ਨੇ ਨਾਗਾਂ-ਲਕੜ-ਬਗਿਆਂ ਨੇ,
ਹੈ ਫਿਰ ਵੀ ਦੇਸ਼ ਆਪਣਾ ਕਰ ਕੇ ਕੁਝ ਇਹਦੇ ਲਈ ਫੁੱਲੋ!

ਬੜੀ ਜਰਖੇਜ਼ ਧਰਤੀ ਦਿਲ ਦੀ ਹੈ ਜੋ ਚਾਹੇ ਉਪਜੇਗਾ,
ਅਕਾਰਣ ਹੀ ਨਾ ਧਰਤੀ ਹੋਰ ਦਾ ਮੋਹ ਪਾਲ ਕੇ ਡੁੱਲ੍ਹੋ।

ਮੈਂ ਆਪਣੀ ਤ੍ਰੇਹ ਬੁਝਾਵਣ ਲਈ ਨਾ ਰਿਸ਼ਤੇ ਜੋੜਣੇ ਲੋਚਾਂ,
ਤੁਸੀਂ ਸੋਨਾ ਰਹੋ ਸੋਨਾ, ਨਾ ਆ ਕੇ ਭੋਂਹ ਸੰਗ ਤੁੱਲੋ!

ਤੁਹਾਡਾ ਰੰਗ ਵੱਖਰਾ ਹੈ, ਤੁਹਾਡੀ ਹੈ ਨੁਹਾਰ ਅਡਰੀ,
ਅਸਾਡੇ ਖ਼ੂਨ ’ਚੋਂ ਉਪਜੇ, ਗੁਲਾਬੀ ਤੇ ਸੁਰਖ਼ ਫੁੱਲੋ।

ਬਿਰਧ ਬੂਟੇ ਬਗ਼ੀਚੇ ਦੇ ਨੇ ਲੂ-ਠਾਰੀ ਨੇ ਝੰਬ ਸੁੱਟੇ,
ਦਿਓ ਨਿੱਘਾਂ, ਉਡੇ ਠਾਰੀ, ਸੁਖਾਵੀਂ ਬਣਕੇ ’ਵਾ ਝੁੱਲੋ।

ਤੁਹਾਡਾ ਆਪਣਾ ‘ਕਰਤਾਰ’ ਰਾਹ ਦੇਖੇ ਦਿਨੇ ਰਾਤੀਂ,
ਤੁਹਾਡਾ ਮਨ ਕਦੇ ਨਹੀਂ ਆਖਦਾ : ਜੁੱਲੋ ਵਤਨ ਜੁੱਲੋ ?।

**— ਪ੍ਰਿੰ. ਕਰਤਾਰ ਸਿੰਘ ਕਾਲੜਾ**
**# 225 ਪਾਂਡੂਸਰ, ਨਾਭਾ– 147201**
**29 Watervale Bvd.**
**Tylors Hill, Victoria 3037**
**Austraila**



# ਸਭ ਪ੍ਰਦੇਸੀਂ ਤੁਰ ਚੱਲੇ ਨੇ

ਅਕਲਾਂ ਲੈ ਕੇ ਇਸ ਮਿੱਟੀ ਤੋਂ
ਇਸ ਮਿੱਟੀ ਕਰਮਾਂ ਪਿੱਟੀ ਤੋਂ
ਕਿਰਤੀ ਅਤੇ ਤਮੀਜ਼ਾਂ ਵਾਲੇ
ਭਾਰਤ ਮਾਂ ਦੇ ਰਾਜ ਦੁਲਾਰੇ
ਲੇਖਾਂ ਨੂੰ ਚਮਕਾਉਣ ਦੀ ਖ਼ਾਤਿਰ
ਸਭ ਪ੍ਰਦੇਸੀਂ ਤੁਰ ਚੱਲੇ ਨੇ।

ਸੁੱਖਾਂ ਸੁੱਖ ਜਵਾਨੀ ਆਈ
ਚਿੰਤਾਵਾਂ ਵੀ ਨਾਲ ਲਿਆਈ
ਭੁੱਖਾਂ ਦੇ ਸੰਤਾਪ ਬੁਰੇ ਨੇ
ਥੋੜਾਂ ਦੇ ਅਹਿਸਾਸ ਬੁਰੇ ਨੇ
ਬੜੀ ਉਚੇਰੀ ਸਿੱਖਿਆ ਪਾ ਕੇ
ਆਪਣੇ ਦੇਸ਼ ’ਚੋਂ ਹੁਨਰ ਕਮਾ ਕੇ,
ਸਭ ਪ੍ਰਦੇਸੀਂ ਤੁਰ ਚੱਲੇ ਨੇ।

ਉੱਤੋਂ ਉੱਤੋਂ ਹੱਸਣ ਮਾਵਾਂ
ਹੰਝੂ ਕਿੱਦਾਂ ਡੱਕਣ ਮਾਵਾਂ
ਮਚਦੇ ਹੋਏ ਅੰਗਿਆਰ ਤੁਰੇ ਨੇ
ਸੱਤ ਸਮੁੰਦਰ ਪਾਰ ਤੁਰੇ ਨੇ
ਇਕ ਸੁਨਹਿਰੀ ਆਸ ਜਗਾ ਕੇ
ਪਰ ਮਮਤਾ ਨੂੰ ਲਾਂਬੂ ਲਾ ਕੇ
ਸਭ ਪ੍ਰਦੇਸੀਂ ਤੁਰ ਚੱਲੇ ਨੇ।

**— ਕਵਿੱਕਰ ਚਾਂਦ**

# ਸੁਪਨੇ ਰੁਲ ਗਏ

ਕੀ ਕੀ ਦੁਖੜੇ ਦੱਸੀਏ ਇਸ ਪ੍ਰਵਾਸ ਦੇ,
ਜਿਉਂਦੇ ਪਏ ਹਾਂ ਵਾਂਗਰ ਜਿੰਦਾ ਲਾਸ਼ ਦੇ।
ਜਦ ਦੀ ਛੱਡੀ ਮਿੱਟੀ ਸੱਜਣੋਂ ਵਤਨ ਦੀ,
ਛੁੱਟ ਗਏ ਸਭ ਰਿਸ਼ਤੇ ਨਹੁੰ ਤੇ ਮਾਸ ਦੇ।

ਉਡੀਕ 'ਚ ਵੀਰਾਂ ਦੀ ਭੈਣਾਂ ਰੋਂਦੀਆਂ,
ਸੁਹਾਗਣਾ ਮੁੱਕ ਜਾਵਣ ਔਸੀਆਂ ਪੌਂਦੀਆਂ,
ਮਾਂ ਬਾਪ ਛੱਡ ਕਈਆਂ ਦੇ ਸੁਆਸ ਗਏ।

ਵਿਚ ਪਰਦੇਸਾ ਦੇ ਸੁਪਨੇ ਰੁਲ ਗਏ,
ਆਪਣੀ ਬੋਲੀ ਆਪਣਾ ਵਿਰਸਾ ਭੁੱਲ ਗਏ,
ਬੁੱਤਾਂ ਵਾਂਗਰ ਜਿਉਂ ਕਿਸੇ ਤਰਾਸ਼ ਲਏ।

ਪਰਦੇਸਾਂ 'ਚ ਲੈ ਆਉਂਦੀਆਂ ਮਜ਼ਬੂਰੀਆਂ,
ਕਿਹੜਾ ਛੱਡਣਾ ਚਾਹੁੰਦਾ ਮਾਂ ਦੀ ਚੂਰੀਆਂ,
ਮਾਰੇ ਹੋਏ ਸਾਰੇ ਨੇ ਹਾਲਾਤ ਦੇ।

ਵਤਨ ਦੀ ਮਿੱਟੀ ਜਿਹੀ ਖੁਸ਼ਬੋ ਨਹੀਂ
ਆਪਣਿਆਂ ਦੇ ਵਰਗਾ ਲੋਭਦਾ ਮੋਹ ਨਹੀਂ,
ਸੱਚ ਨੇ ਸੰਧੂ ਸਿਆਣੇ ਆਖਦੇ।

**— ਗੁਰਦੇਵ ਸਿੰਘ**
ਗੋਖੂਵਾਲ, ਪੋਠੋਹਾਰ, ਬਟਾਲਾ।
ਜ਼ਿਲ੍ਹਾ-ਗੁਰਦਾਸਪੁਰ।



# ਕਦੀ ਪਾ ਵਤਨਾਂ ਵੱਲ ਫੇਰਾ

ਕਦੀ ਪਾ ਵਤਨਾਂ ਵੱਲ ਫੇਰਾ, ਵੇ ਦਿਲ ਸਾਡਾ ਲੱਗਦਾ ਨਹੀਂ।
ਸਾਨੂੰ ਤੇਰੇ ਬਾਝੋਂ ਦੁਨੀਆਂ ਹਨੇਰਾ, ਵੇ ਦਿਲ ਸਾਡਾ ਲੱਗਦਾ ਨਹੀਂ।

ਬੈਠ ਕਿਉਂ ਜਾ ਕੇ ਪ੍ਰਦੇਸ ਮੇਰੇ ਹਾਣੀਆਂ,
ਭੁੱਲ ਗਿਉਂ ਪਿਆਰ ਦੀਆਂ ਸਾਰੀਆਂ ਕਹਾਣੀਆਂ,
ਧੰਨ ਤੇਰਾ ਪ੍ਰਦੇਸੀਆ ਹੈ ਜੇਰਾ,
ਵੇ ਦਿਲ ਸਾਡਾ....

ਰੋ ਰੋ ਦਿਨ ਕੱਟਾਂ ਹੌਕੇ ਭਰ ਭਰ ਰਾਤ ਵੇ,
ਮੇਰੇ ਲਈ ਤਾਂ ਰਹੇ ਸਾਰਾ ਸਾਲ ਬਰਸਾਤ ਵੇ,
ਅਸੀਂ ਦਿਲ ਨੂੰ ਮਨਾਈਦਾ ਬਥੇਰਾ,
ਵੇ ਦਿਲ ਸਾਡਾ.....

ਕਰਦੇ ਨੇ ਤੰਗ ਜੀਣ ਦਿੰਦੇ ਨਾ ਸ਼ਰੀਕ ਵੇ,
ਛੇਤੀ ਛੇਤੀ ਲਿਖ ਮੈਨੂੰ ਆਉਣ ਦੀ ਤਰੀਕ ਵੇ,
ਮੈਨੂੰ ਪਾਇਆ ਹੈ ਮੁਸੀਬਤਾਂ ਨੇ ਘੇਰਾ,
ਵੇ ਦਿਲ ਸਾਡਾ....

ਆਵੇ ਨਾ ਨਿਭਾਉਣਾ ਤਾਂ ਪਿਆਰ ਨਹੀਂ ਪਾਈਦਾ,
ਦੁੱਖਾਂ ਦਿਆਂ ਮਾਰਿਆਂ ਨੂੰ ਹੋਰ ਨਹੀਂ ਸਤਾਈਦਾ,
ਦੱਸ 'ਰੌਸ਼ਨਾ' ਕਸੂਰ ਕੀ ਹੈ ਮੇਰਾ,
ਵੇ ਦਿਲ ਸਾਡਾ....

**— ਗੁਰਦਿਆਲ ਰੌਸ਼ਨ**
ਲੁਧਿਆਣਾ
ਫੋਨ : 98884-44002

# ਪ੍ਰਦੇਸੀ ਢੋਲਾ

ਪਰਦੇਸ ਗਿਆ ਮੁੜ ਵਤਨ ਨਾ ਆਇਆ,
ਸਾਡਾ ਵੇ ਤੂੰ ਚੇਤਾ ਭੁਲਾਇਆ।
ਧੋਖਾ ਮੈਨੂੰ ਦੇ ਨਹੀਂ ਸਕਦਾ,
ਮਨ ਪੂਰੀ ਭਰੇ ਗਵਾਹੀ।
ਵੇ ਦੱਸ ਕੀ ਮਜ਼ਬੂਰੀ ਸੀ, ਜਾ ਕੇ ਚਿੱਠੀ ਵੀ ਨਾਂ ਪਾਈ।
ਰੌਣਕ-ਰੌਣਕ ਕਹਿੰਦਾ ਸੀ,
ਬਿਨ ਮੇਰੇ ਘੜੀ ਨਾ ਰਹਿੰਦਾ ਸੀ,
ਅਬ੍ਹੜਵਾਹੇ ਰਾਤ ਨੂੰ ਉੱਠ ਕੇ,
ਤੇਰਾ 'ਪ੍ਰਿੰਸ' ਵੀ ਦਵੇ ਦੁਹਾਈ, ਵੇ ਦੱਸ ਕੀ ਮਜ਼ਬੂਰੀ.....।
ਏਜੰਟ ਵੀ ਅੱਜ ਕੱਲ੍ਹ ਧਰੋਹ ਕਮਾਉਂਦੇ,
ਅਖ਼ਬਾਰਾਂ ਦੇ ਲੇਖ ਨੇ ਆਉਂਦੇ।
ਹਾਲ ਕਿਹੜੇ ਵਿਚ ਹੋਵੇਂਗਾ,
ਇਹੋ ਚਿੰਤਾ ਜਾਏ ਸਤਾਈ, ਵੇ ਦੱਸ ਕੀ ਮਜ਼ਬੂਰੀ....।
ਓ ਮੇਰੇ ਪ੍ਰਦੇਸੀ ਢੋਲਾ,
ਜੇ ਤੇਰੇ ਨਹੀਂ ਮਨ ਵਿਚ ਖੋਟ।
ਆਪਣੇ ਦਿਲ ਦੀ ਡਾਇਰੀ ਉੱਤੇ
ਇਹ ਨੰਬਰ (0183-2110673) ਤੂੰ ਕਰ ਲੈ ਨੋਟ।
ਚਿੱਠੀ ਮਿਲਦਿਆਂ ਸਾਰ ਹੀ,
ਇਸ ਨੰਬਰ ਤੇ ਫੋਨ ਘੁਮਾਈਂ, ਵੇ ਦੱਸ ਕੀ ਮਜ਼ਬੂਰੀ....।
'ਗੁਰਿੰਦਰ' ਪਿੰਡ ਤਲਵੰਡੀ ਤੇਰੇ,
ਲੈ ਕੇ ਆਈ ਜਦੋਂ ਦੇ ਫੇਰੇ।
ਚੜ੍ਹਦੀ ਕਲਾ ਵਿਚ ਰੱਖਿਆ ਮਨ ਨੂੰ,
ਹੁਣ ਤੂੰ ਨਾਂ ਦਗਾ ਕਮਾਈਂ, ਵੇ ਦੱਸ ਕੀ ਮਜ਼ਬੂਰੀ.....।

**— ਗੁਰਿੰਦਰ ਸਿੰਘ ਕਾਹਲੋਂ**
**ਸੇਂਟ ਐਗਨਸ ਕਾਨਵੈਂਟ ਸਕੂਲ,**
**ਪਿੰਡ-ਤਲਵੰਡੀ ਖੁੰਮਣ**
**ਡਾਕਘਰ-ਪਾਖਰਪੁਰਾ।**
**ਜ਼ਿਲ੍ਹਾ ਅੰਮ੍ਰਿਤਸਰ - 143502**



# ਪਿੱਛੋਂ ਘਰ ਉਜਾੜੇ - ਕਲੀ

ਬਗਾਨੇ ਮੁਲਕਾਂ ਦੇ ਵਿਚ, ਬੰਦੇ ਜਾ ਪ੍ਰਵਾਸੀ ਬਣਦੇ ਨੇ,
ਪਿੱਛੋਂ ਰੁਲਦੇ ਫਿਰਦੇ, ਮਾਂ ਪਿਉ ਪੁੱਤਰ ਵਿਚਾਰੇ॥
ਵਿਚ ਜਵਾਨੀ ਰੋਂਦੀਆਂ ਤੋਰ ਪ੍ਰਦੇਸੀ ਸੱਜਣਾਂ ਨੂੰ,
ਮੁੜ ਨਾ ਮਿਲਣ ਉਹਨਾਂ ਨੂੰ ਦਿਲਾਂ ਦੇ ਸਹਾਰੇ॥
ਰੋ ਰੋ ਨੈਣ ਗਵਾਉਂਦੇ ਕਈ ਬੁੱਢੜੇ ਮਾਪੇ ਜੀ,
ਕਰਦੇ ਉਡੀਕਾਂ ਰਹਿੰਦੇ ਜੋ ਨੈਣਾਂ ਦੇ ਤਾਰੇ॥
ਮੁਟਿਆਰਾਂ ਧੀਆਂ ਰੋਂਦੀਆਂ ਯਾਦ ਕਰ ਕਰ ਬਾਪੂ ਨੂੰ,
ਰੋਵਣ ਭੈਣਾਂ ਜਿਨ੍ਹਾਂ ਦੇ ਵੀਰ ਨਾ ਮਿਲਣ ਪਿਆਰੇ॥
ਕਈ ਤਾਂ ਭਾਈ ਰੋਵਣ, ਭਾਈਆਂ ਨੂੰ,
ਵਿਚ ਪ੍ਰਦੇਸੀ ਚਲੇ ਗਏ, ਸਿਦਕੀ ਵੀਰ ਪਿਆਰੇ॥
ਪਿਛੋਂ ਘਰ ਉਜਾੜੇ ਕਈ ਸ਼ਰੀਕਾਂ ਬੰਦਿਆਂ ਨੇ,
ਮੂੰਹੋਂ ਮਿੱਠੇ ਪਰ ਖੋਟੇ ਜੋ ਦਿਲਾਂ ਦੇ ਮਾੜੇ॥
ਕਈਆਂ ਕਬਜ਼ੇ ਕਰ ਲਏ ਉਹਨਾਂ ਦੀਆਂ ਜੈ ਦਾਤਾ ਤੇ,
ਵਿਚ ਅਦਾਲਤਾਂ ਘੁੰਮਦੇ, ਕਰਮਾਂ ਦੇ ਫਿਟਕਾਰੇ॥
ਜਾ ਕੇ ਵਿਚ ਪ੍ਰਦੇਸਾਂ ਮਾਇਆਂ ਬਹੁਤੀ ਜੋੜੀ ਹੈ,
ਪਾਈਆਂ ਕੋਠੀਆਂ ਉੱਚੀਆਂ, ਅਕਾਸ਼ੀਂ ਛੂਹਣ ਚੁਬਾਰੇ॥
ਪੜ੍ਹਿਆਂ ਲਿਖਿਆਂ ਵੀਰਾਂ ਵਿਚ ਤੇ ਮਾਣ ਵਧਾਇਆ ਹੈ,
ਜਿੱਤੀਆਂ ਇਲੈਕਸ਼ਨਾਂ ਜਿਨ੍ਹਾਂ, ਉਚੀ ਛੱਡਣ ਜੈ ਕਾਰੇ॥
ਵਿਚ ਪ੍ਰਦੇਸਾਂ ਵੀ ਕਈ ਨਸ਼ੇ ਸ਼ਰਾਬਾਂ ਪੀਂਦੇ ਨੇ,
ਬਚਾਉਂਦੇ ਪੈਸੇ ਨਾ ਕੋਈ ਕਰਮ ਜਿਨ੍ਹਾਂ ਦੇ ਮਾੜੇ॥
ਰਹਿਣ ਤਰਸਦੇ ਕਦੋਂ ਮੁੜੀਏ ਵਤਨਾਂ ਨੂੰ,
ਬਾਝੋਂ ਪੈਸੇ ਦੇ ਉਹ ਪ੍ਰਦੇਸੀਂ ਰੁਲਣ ਵੀਚਾਰੇ॥
ਜਾ ਪ੍ਰਦੇਸੀ ਵੀ ਬਹੁਤੇ ਮਾਂ ਬੋਲੀ ਨੂੰ ਭੁੱਲਦੇ ਨਹੀਂ,
ਜਿਹੜੇ ਭੁੱਲਦੇ ਉਹ ਤਾਂ ਕੱਖਾਂ ਤੋਂ ਵੀ ਮਾੜੇ॥
ਮਾਂ ਪੰਜਾਬੀ ਨੂੰ ਵੀਰੋ ਮੇਰੇ ਭੁੱਲਿਉ ਨਾਂ,
ਬਣੋ ਪ੍ਰਵਾਸੀ ਵੀ ਤੁਸੀਂ ਜਾਵੋਗੇ ਸਤਿਕਾਰੇ॥
ਰੱਬ ਰਾਖਾ ਹੋਵੇ 'ਪਵਿਆਲ' ਜੀ ਪ੍ਰਵਾਸੀ ਬੰਦਿਆਂ ਦਾ,
ਪੈਸੇ ਖਾਤਰ ਜਿਨ੍ਹਾਂ ਨੇ ਲੱਖਾਂ ਕਸ਼ਟ ਸਹਾਰੇ॥

**— ਗਿ. ਗੁਰਮੀਤ ਸਿੰਘ ਪਵਿਆਲ,**
**ਪਿੰਡ ਤੇ ਡਾਕ - ਮਾਲੜੀ, ਜ਼ਿਲ੍ਹਾ ਜਲੰਧਰ, ਫੋਨ : 98151-44743**

# ਕੁਝ ਹਾਲਾਤ ਕੁਝ ਮਜ਼ਬੂਰੀਆਂ

ਵਾਸੀ ਸਾਂ ਮੈਂ ਵੀ
ਇਸੇ ਪਿੰਡ ਦਾ
ਪਰ ਹੁਣ ਪਤਾ ਬਦਲਿਆ ਮੇਰਾ
ਤੇ ਮੈਂ ਪ੍ਰਵਾਸੀ ਬਣ ਗਿਆ
ਉਹ ਤਾਂ ਕੁਝ ਹਾਲਾਤ ਸੀ
ਤੇ ਕੁਝ ਸੀ ਮਜ਼ਬੂਰੀਆਂ।
ਜਿੰਨ੍ਹਾ ਪਾ ਦਿੱਤੀਆਂ ਆਪਣਿਆਂ ਵਿਚ ਦੂਰੀਆਂ।
ਵਰਨਾ ਕੀਹਦਾ ਜੀ ਕਰਦਾ ਏ
ਆਪਣੀ ਧਰਤੀ ਛੱਡ
ਦੂਜੀ ਮਿੱਟੀ 'ਚ ਜਾ
ਘਰੌਂਦਾ ਬਣਾਉਣ ਨੂੰ।
ਬੇਗਾਨਿਆਂ ਵਿਚ ਜਾ
ਆਪਣਾ ਆਪ ਗਵਾਉਣ ਨੂੰ।
ਜੇ ਹਿੱਕ ਤਾਣ ਤੁਰਨ ਦੀ ਆਦਤ ਪਾਲੀ ਹੋਵੇ
ਤਾਂ ਦੂਜੇ ਦੇ ਰਹਿਮੋਂ ਕਰਮ ਤੇ ਜਿਉਣ ਨੂੰ
ਆਪਣੇਪਣ ਦੀ ਆਸ ਵਿਚ ਹੀ
ਭੱਜੇ ਆਉਂਦੇ ਹਾਂ ਮੁੜ-ਮੁੜ ਇਸ ਧਰਤ ਵੱਲ ਨੂੰ
ਇਥੇ ਆ ਕੇ ਆਪਣਿਆਂ ਹੀ ਯਾਰਾਂ ਬੇਲੀਆਂ ਵਿਚ
ਕੀਹਦਾ ਜੀ ਕਰਦਾ ਪ੍ਰਵਾਸੀ ਕਹਾਉਣ ਨੂੰ।
ਭਾਈਆਂ-ਭਾਈਆਂ ਵਿਚ ਨਾ ਪੈਂਦੀਆਂ
ਜੇ ਵੰਡੀਆਂ
ਜ਼ਮੀਨਾਂ ਦੇ ਨਾ ਭੋਰਾ-ਭੋਰਾ
ਜੇ ਹੁੰਦੇ ਟੋਟੇ
ਖਾਂਦੇ ਰੱਜ-ਰੱਜ ਅਸੀਂ ਇਥੇ
ਕਾਹਨੂੰ ਜਾਂਦੇ ਬੇਗਾਨੇ ਦੇਸੀਂ
ਜੇ ਪਾਪੀ ਪੇਟ ਦਾ ਨਾਂ ਸਵਾਲ ਹੁੰਦਾ।
ਪ੍ਰਵਾਸ ਕਰਨ ਦਾ.....
ਸਾਡੇ ਮਨ ਵਿਚ ਵੀ ਨਾ ਖਿਆਲ ਹੁੰਦਾ।

**—ਗੁਰਪ੍ਰੀਤ ਕੌਰ ਧਾਲੀਵਾਲ**
**ਡਾਕ ਘਰ-ਲਹਿਰ, ਤਹਿਸੀਲ-ਪਾਇਲ, ਜ਼ਿਲ੍ਹਾ-ਲੁਧਿਆਣਾ।**
**ਫੋਨ : 0161-2858274**



# ਚੱਲ ਬਾਪੂ ਦੀ ਸਾਰ ਜਾ ਲਈਏ

ਚੱਲ ਸੱਜਣਾ, ਮੁੜ ਵਤਨ ਨੂੰ ਚੱਲੀਏ,
ਘਰੀਂ ਉਡੀਕਣ ਮਾਵਾਂ
ਇਸ ਧਰਤੀ ਦੇ ਗੁਲਮੋਹਰਾਂ ਨਾਲੋਂ,
ਠੰਡੀਆਂ ਬੋਹੜ ਦੀਆਂ ਛਾਵਾਂ!
ਪਰਦੇਸਾਂ ਵਿਚ ਕਮਾਏ ਡਾਲਰ,
ਮਨ ਦਾ ਚੈਨ ਗਵਾਉਂਦੇ
ਬਾਪੂ ਤੁਰਨੋਂ ਆਕੀ ਹੋਇਆ,
ਘਰੋਂ ਸੁਨੇਹੇ ਆਉਂਦੇ
ਚੱਲ ਬਾਪੂ ਦੀ ਸਾਰ ਜਾ ਲਈਏ,
ਗਲ੍ਹ ਜਾਂ ਪਾਈਏ ਬਾਹਵਾਂ!
ਪੰਡ ਜਿਹੜੀ ਤੂੰ ਕਰਜ਼ੇ ਵਾਲੀ,
ਛੱਡ ਆਇਐਂ ਘਰ ਆਪਣੇ
ਉਸਦੇ ਭਾਰ ਥੱਲੇ ਦੱਬ ਚੁੱਕੇ,
ਬਾਪੂ ਦੇ ਸਭ ਸਪਨੇ
ਦਰ ਖੜਕਾਉਂਦੈ ਸ਼ਾਹ ਜਦ ਆ ਕੇ,
ਨਾ ਮਿਲਣ ਲੁੱਕਣ ਲਈ ਥਾਵਾਂ!
ਵਕਤ ਤਕਾਜ਼ਾ ਇਹੋ ਦੱਸਦੈ,
ਮੋਹ ਮਿੱਟੀ ਦਾ ਆਵੇ
ਵਤਨਾਂ ਵਰਗੀ ਮੌਜ ਨਾ ਸੱਜਣਾ,
ਪਰਦੇਸਾਂ ਵਿਚ ਥਿਆਵੇ
ਸਵਰਗਾਂ ਵਰਗੀ ਧਰਤੀ ਛੱਡ ਕੇ,
ਕਿਉਂ ਪਰਦੇਸ ਹੰਢਾਵਾਂ?
ਪੂੰਜੀ ਸਾਹਾਂ ਦੀ ਕਿਰਦੀ ਜਾਂਦੀ,
ਕੀ ਭਰਵਾਸਾ ਸਾਹਵਾਂ ਦਾ
ਮਾਂ ਤੇਰੀ ਦੀ ਨਜ਼ਰ ਗੁਆਚੀ,
ਘਾਲ ਹੋ ਗਿਆ ਚਾਅਵਾਂ ਦਾ
ਚੱਲ 'ਬਿਜਲੀ' ਮਾਂ ਦੀ ਨਜ਼ਰ ਬਣਾ ਕੇ,
ਘਰ ਨੂੰ ਸਵਰਗ ਬਣਾਵਾਂ!

**— ਗੁਰਨਾਮ ਸਿੰਘ 'ਬਿਜਲੀ'**
**ਮਕਾਨ : ਆਲ੍ਹਣਾ, ਸ਼ੂਗਰ ਮਿੱਲ ਰੋਡ, ਮੋਰਿੰਡਾ, ਜ਼ਿਲ੍ਹਾ ਰੂਪਨਗਰ।**

# ਪਾਰੇ ਦਾ ਲੱਡੂ

ਮਾਪਿਆਂ ਨੇ ਕੱਟ ਕੇ ਆਪਣਾ ਢਿੱਡ,
ਬਚਾ ਕੇ ਕੁਝ ਪੈਸੇ,
ਬਣਾ ਕੇ ਸੋਹਣੀ ਵਰਦੀ,
ਭਰ ਕੇ ਮਹਿੰਗੀ ਫੀਸ,
ਪੁੱਤ ਨੂੰ ਤੋਰਿਆ ਹੈ, "ਅੰਗਰੇਜ਼ੀ ਸਕੂਲੇ"
ਸ਼ਾਇਦ, ਉਹ ਨਹੀਂ ਜਾਣਦੇ, ਗੋਰਿਆਂ ਵਲੋਂ,
ਥਾਲੀ ਵਿਚ ਪਰੋਸ ਕੇ ਦਿੱਤਾ, "ਪਾਰੇ ਦਾ ਲੱਡੂ"
ਇਕ ਦਿਨ ਖਾ ਜਾਵੇਗਾ,
ਉਨ੍ਹਾਂ ਨੂੰ, ਉਨ੍ਹਾਂ ਦੇ ਬੱਚਿਆਂ ਨੂੰ,
ਉਨ੍ਹਾਂ ਦੇ ਅਮੀਰ ਸੱਭਿਆਚਾਰ ਨੂੰ,
ਸਮਾਂ ਬਦਲੇਗਾ।
ਰਹਿ ਜਾਣਗੀਆਂ ਸਿਰਫ਼ ਬਾਤਾਂ,
ਉਹ ਲੋਕ ਕੌਣ ਸਨ ?
ਜਿਹੜੇ ਉੱਠਦੇ ਸਨ, ਕੁੱਕੜ ਦੀ ਬਾਂਗ ਨਾਲ,
ਪੀਂਦੇ ਸਨ, "ਅੱਧਰਿੜਕਾ"!
ਬੰਨ੍ਹਦੇ ਸਨ, ਬਲਦਾਂ ਗੱਲ੍ਹ ਟੱਲੀਆਂ!
ਗਾਉਂਦੇ ਸਨ, ਕੰਨ ਤੇ ਹੱਥ ਰੱਖ,
ਮਿਰਜ਼ੇ ਦੀਆਂ ਕਲੀਆਂ!
ਉਹ ਸੂਰਵੀਰ ਬਹਾਦਰ ਤੇ ਯੋਧੇ ਲੋਕ, ਕੌਣ ਸਨ ?
ਜਵਾਬ ਇਹੀ ਹੋਵੇਗਾ!
"ਆਈ ਡੌਂਟ ਨੋ"!!!
ਪਰ, ਕਿਸੇ ਕਿਤਾਬ ਵਿਚ, ਪੜ੍ਹਿਆ ਸੀ,
ਸ਼ਿਵਾਲਿਕ ਪਹਾੜਾਂ ਦੇ ਪੈਰਾਂ ਵਿਚ,
ਇੰਡੀਆ ਦੀ ਉਤੱਰੀ ਗੁੱਠ ਵਿਚ,
ਇਕ ਨਸਲ ਵਸਦੀ ਸੀ।
ਜਿਹੜੀ 'ਖ਼ਤਮ' ਹੋ ਚੁੱਕੀ ਹੈ।
ਸ਼ਾਇਦ! ਉਨ੍ਹਾਂ ਨੂੰ "ਪੰਜਾਬੀ" ਕਹਿੰਦੇ ਸਨ!!
'ਬਟ'! ਆਈ ਡੌਂਟ ਨੋ!!!!

**— ਗੁਰਿੰਦਰ ਢੱਟ**
**ਨਿਊਜ਼ੀਲੈਂਡ।**



# ਨੀ ਮਾਏਂ ਸਾਨੂੰ

ਅਸੀਂ ਚੱਲੇ ਹਾਂ ਵਿਚ ਪ੍ਰਦੇਸ
ਨੀ ਮਾਏ ਸਾਨੂੰ ਪਿਆਰ ਕਰ ਲੈ।

ਪਤਾ ਨਹੀਂ ਮੁੜ ਅਸੀਂ ਆਉਣਾ ਵੀ ਕਿ ਨਹੀਂ,
ਪਿਆਰ ਤੇਰਾ ਮਾਏ ਮੁੜ ਪਾਉਣਾ ਵੀ ਕਿ ਨਹੀਂ,
ਆ ਜਾ ਭਾਬੀਏ ਨੀ ਰੀਝਾਂ ਨਾ ਤਿਆਰ ਕਰ ਲੈ।
ਅਸੀਂ ਚੱਲੇ ਹਾਂ....
ਭੋਲਾ-ਭਾਲਾ ਬਚਪਨ ਯਾਦ ਮਾਏ ਆਏਗਾ,
ਨਿੱਘ ਤੇਰੀ ਗੋਦ ਵਾਲਾ ਬੜਾ ਹੀ ਸਤਾਏਗਾ,
ਬਹਿ ਜਾ ਦਾਦੀ-ਅੰਮਾਂ ਤੂੰ ਵੀ ਗੱਲਾਂ ਚਾਰ ਕਰ ਲੈ।
ਅਸੀਂ ਚੱਲੇ ਹਾਂ....
ਰਹਿਣਗੀਆਂ ਯਾਦ ਸਦਾ ਬਾਪੂ ਦੀਆਂ ਝਿੜਕਾਂ,
ਰੱਖਦਾ ਸੀ ਹਰ ਵੇਲੇ ਸਾਡੀਆਂ ਉਹ ਬਿੜਕਾਂ,
ਸਾਡੀ ਗੱਲ ਦਾ ਹੁੰਗਾਰਾ ਵੀਰਾ ਤੂੰ ਵੀ ਭਰ ਲੈ।
ਅਸੀਂ ਚੱਲੇ ਹਾਂ....
'ਦੀਪੀ' ਭੈਣੇ ਤੇਰੀ ਸਾਨੂੰ ਬੜੀ ਯਾਦ ਆਏਗੀ,
ਯਾਦ ਸਾਨੂੰ ਤੇਰੀ ਕੀਤੀ ਫਰਿਯਾਦ ਆਏਗੀ,
ਕਾਹਨੂੰ ਛੁਪ ਛੁਪ ਰੋਵੇਂ ਨੀ ਤੂੰ ਧੀਰ ਧਰ ਲੈ।
ਅਸੀਂ ਚੱਲੇ ਹਾਂ....
ਨਾਲ 'ਦੀਪੀ' ਦੇ ਦੁਬਾਰਾ ਰੱਬ ਹੀ ਮਿਲਾਊਗਾ,
ਉਹਦਾ 'ਚੱਕ ਗੁਰੂ' ਕੱਲ੍ਹ, ਪ੍ਰਦੇਸ ਬਣ ਜਾਊਗਾ,
ਆਖੇ ਦਿਲ ਰੱਜ ਪਿੰਡ ਦੇ ਦੀਦਾਰ ਕਰ ਲੈ।
ਅਸੀਂ ਚੱਲੇ ਹਾਂ....

**— ਗੁਰਦੀਪ 'ਦੀਪੀ'**
**ਚੱਕ ਗੁਰੂ (ਨਵਾਂਸ਼ਹਿਰ)**
**ਫੋਨ : 94178-44808**

# ਗਧੇ

ਅੱਜ ਕੱਲ ਬਾਂਕੇ
ਬੇਲਿਆਂ ਬੰਨਿਆਂ ਰੂੜੀਆਂ ਖੇਤਾਂ ਦੇ ਵਿਚ
ਘਾਹ-ਫੂਸ ਚਰਨ ਨਹੀਂ ਜਾਂਦੇ
ਨਾ ਹੀ ਕਿੱਲੇ ਬੱਝੇ, ਖੁਰਲੀ ਵਿਚੋਂ ਭੋਅ,
ਫੱਕ ਅਤੇ ਪੱਠੇ ਖਾਂਦੇ
ਧੋਬੀ ਦੀ ਲੱਦ, ਘੁਮਿਆਰਾਂ ਦੇ ਭਾਂਡੇ
ਭੱਠਿਆਂ ਦੀਆਂ ਇੱਟਾਂ
ਜ਼ਿਮੀਂਦਾਰ ਦੀ ਚਰੀ ਦੇ ਟਾਂਡੇ, ਹੁਣ ਨਹੀਂ ਪਿੱਠਾਂ ਉੱਤੇ ਢੋਂਦੇ
ਨਾ ਕੱਚੇ ਰਾਹਾਂ ਤੇ ਗਾਰੇ ਦੇ ਵਿਚ ਖੁੱਭਦੇ
ਨਾ ਰੇੜ੍ਹੀ ਦੇ ਮੂਹਰੇ ਜੁਪਦੇ
ਨਾ ਹੀ ਡੰਡੇ ਖਾ ਕੇ ਅੱਗੇ ਅੱਗੇ ਭੱਜਦੇ
ਨਾ ਰਾਤਾਂ ਨੂੰ ਕੁੜ੍ਹ ਵਿਚ ਬੱਝਦੇ।
ਮਿੱਤਰੋ! ਅੱਜ ਭੂਮੰਡਲੀਕਰਣ ਦਾ ਯੁੱਗ ਹੈ
ਇਸ ਲਈ ਹਰ ਕਾਰਾ ਵਰਤਾਰਾ ਸੰਭਵ ਹੈ।
ਤੌਬਾ! ਤੌਬਾ!
ਹੁਣ ਇਹ ਸਾਜਨ ਪਿਆਰੇ ਬਣ ਗਏ
ਵਿਸ਼ਵ-ਵਿਦਿਆਲਿਆਂ ਦੀਆਂ ਅੱਖੀਆਂ ਦੇ ਤਾਰੇ
ਗਿਆਨ-ਗੋਸ਼ਟੀਆਂ ਦੇ ਪਰਪੰਚ ਰਚਾ ਕੇ
ਪੱਛਮੀ ਪੁਸਤਕਾਂ ਦੇ ਵਿਚੋਂ ਪਰਸੰਗ ਚੁਰਾ ਕੇ
ਬੁੱਧੀ ਦਾ ਨੰਗ ਕੱਜਣ ਦੇ ਲਈ
ਪੱਛਮ ਵਾਲੇ ਨਵੇਂ ਫੈਸ਼ਨੀ ਸੰਕਲਪਾਂ ਦੇ ਵਸਤਰ ਪਾ ਕੇ
ਤਰ੍ਹਾਂ ਤਰ੍ਹਾਂ ਦੇ ਫੰਧ ਲਗਾ ਕੇ
ਆਪਣੇ ਸਿਰ 'ਤੇ ਬੜੀ ਸ਼ਾਨ ਸੰਗ
ਕਿਸੇ ਹੋਰ ਦੀ ਪੱਗ ਸਜਾ ਕੇ ਟੋਪੀ ਪਾ ਕੇ
ਬੇਅਰਥੇ ਤੇ ਰਸ-ਹੀਣ
ਸ਼ਬਦਾਂ ਦੀ ਖੱਟੀ ਖਾਣ 'ਚ ਰੁੱਝੇ ਰਹਿੰਦੇ
ਨਾਵਾਂ ਨਾਲ ਲਗਾ ਕੇ ਸੋਹਣੀਆਂ ਸਨਦਾਂ ਦੇ ਗਿੱਦੜ ਪਰਵਾਨੇ
ਅਰਸਤੂ, ਸਾਰਤਰ ਅਤੇ ਗੋਰਕੀ ਬਣ ਬਣ ਬਹਿੰਦੇ।

**— ਗੁਰਨਾਮ ਢਿੱਲੋਂ**



# ਨਾ ਜਾਈਂ ਪ੍ਰਦੇਸ ਓ ਪੁੱਤਰਾ, ਨਾ ਜਾਈਂ ਪ੍ਰਦੇਸ

ਹਰਿਆ ਭਰਿਆ ਭਾਗਾਂ ਭਰਿਆ
ਛੱਡ ਕਣਕਾਂ ਦਾ ਦੇਸ ਓ ਪੁੱਤਰਾ
ਛੱਡ ਕਣਕਾਂ ਦਾ ਦੇਸ।
ਨਾ ਜਾਈਂ ਪ੍ਰਦੇਸ ਓ ਪੁੱਤਰਾ
ਨਾ ਜਾਈਂ ਪ੍ਰਦੇਸ।

ਬਾਹਰ ਦੀ ਸਾਰੀ ਨਾਲੋਂ ਕਹਿੰਦੇ,
ਘਰ ਦੀ ਚੰਗੀ ਅੱਧੀ।
ਤੂੰ ਕੀ ਜਾਣੇ ਵੇਖ ਤੇਰੇ ਲਈ,
ਘਰ ਵਿਚ ਬੂਰੀ ਬੱਧੀ।
ਸਾਗ ਮੱਕੀ ਦੀ ਰੋਟੀ ਉੱਤੇ,
ਨਾ ਮਿਲਣਾ ਮਖਣੇਸ ਓ ਪੁੱਤਰਾ,
ਨਾ ਮਿਲਣਾ ਮਖਣੇਸ।
ਨਾ ਜਾਈਂ ਪ੍ਰਦੇਸ ਓ ਪੁੱਤਰਾ,
ਨਾ ਜਾਈਂ ਪ੍ਰਦੇਸ।

ਦੋ ਕਿੱਲੇ ਜੋ ਕੋਲ ਨੇ ਤੇਰੇ,
ਇਹ ਵੀ ਵਿੱਕ-ਵੁੱਕ ਜਾਣੇ।
ਚਿੰਤਾ ਵਾਲੇ ਕਿੱਲ ਮੇਰੇ ਫਿਰ,
ਮੱਥੇ ਵਿਚ ਠੁੱਕ ਜਾਣੇ।
ਵੇਖਣ ਨੂੰ ਫਿਰ ਕਿਤੇ ਨਾ ਮਿਲਣੇ,
ਇਹ ਕਿੰਨੂਆਂ ਦੇ ਦੇਸ ਓ ਪੁੱਤਰਾ
ਇਹ ਕਿੰਨੂਆਂ ਦੇ ਦੇਸ।
ਨਾ ਜਾਈਂ ਪ੍ਰਦੇਸ ਓ ਪੁੱਤਰਾ,
ਨਾ ਜਾਈਂ ਪ੍ਰਦੇਸ।

ਚਲਾ ਗਿਆ ਜੇਕਰ ਤੂੰ,
ਸੁੱਖ ਨਾਲ ਮੇਮਾਂ ਔਣ ਨਹੀਂ ਦੇਣਾ,
ਡਾਲਰ ਤੇ ਪੌਂਡਾਂ ਨੇ ਤੈਨੂੰ,
ਰਾਤੀਂ ਸੌਣ ਨਹੀਂ ਦੇਣਾ।
ਨਾ ਸਿਰ ਉੱਪਰ ਪੱਗ ਇਹ ਰਹਿਣੀ,
ਨਾ ਰਹਿਣੇ ਸਿਰ ਕੇਸ।
ਨਾ ਜਾਈਂ ਪ੍ਰਦੇਸ ਓ ਪੁੱਤਰਾ,
ਨਾ ਜਾਈਂ ਪ੍ਰਦੇਸ।

ਕਰ ਦੇ ਸ਼ੁਰੂ ਅਧੁਨਿਕ ਖੇਤੀ,
ਲਾ ਦੇ ਲਹਿਰਾਂ-ਬਹਿਰਾਂ।
ਪੰਜ ਸੱਤ ਮੱਝਾਂ ਰੱਖ, ਵਗਾ ਦੇ,
ਨਾਲੇ ਦੁੱਧ ਦੀਆਂ ਨਹਿਰਾਂ।
ਰੱਬ ਬਰਕਤਾਂ ਪਾਊ ਆਪੇ,
ਕਹੇ 'ਚਰਨ' ਦਰਵੇਸ ਓ ਪੁੱਤਰਾ,
ਕਹੇ ਚਰਨ ਦਰਵੇਸ।
ਨਾ ਜਾਈਂ ਪ੍ਰਦੇਸ ਓ ਪੁੱਤਰਾ,
ਨਾ ਜਾਈਂ ਪ੍ਰਦੇਸ।

ਹਰਿਆ ਭਰਿਆ ਭਾਗਾਂ ਭਰਿਆ
ਛੱਡ ਕਣਕਾਂ ਦਾ ਦੇਸ ਓ ਪੁੱਤਰਾ,
ਛੱਡ ਕਣਕਾਂ ਦਾ ਦੇਸ।
ਨਾ ਜਾਈਂ ਪ੍ਰਦੇਸ ਓ ਪੁੱਤਰਾ,
ਨਾ ਜਾਈਂ ਪ੍ਰਦੇਸ।

**— ਚਰਨ ਸੀਚੇਵਾਲਵੀ**
428, ਗੁਰੂ ਨਾਨਕਪੁਰਾ
ਡਾਕਖਾਨਾ - ਚੌਗਿੱਟੀ (ਵੈਸਟ)
ਜਲੰਧਰ - 144009
ਫੋਨ : 0181-2231654



# ਸੋਹਣੇ ਜਿਹੇ ਪੰਜਾਬ ਨੂੰ

ਪ੍ਰਵਾਸ ਕਰੀ ਜਾਣ ਪੰਜਾਬੀ, ਖਾਲੀ ਕਰ ਗਏ ਗੁਲਾਬ ਨੂੰ।
ਭਈਏ ਮੱਲੀ ਜਾਂਦੇ, ਮੇਰੇ ਸੋਹਣੇ ਜਿਹੇ ਪੰਜਾਬ ਨੂੰ।
ਡਿਗਰੀਆਂ ਲੈ ਕੇ ਵਿਹਲੇ ਗੱਭਰੂ, ਕਿੱਥੇ ਲੋਕੋ ਜਾਣ।
ਨੌਕਰੀ ਮੰਗਿਆਂ, ਮਿਲਦੀਆਂ ਡਾਂਗਾਂ,ਕਈਆਂ ਦਿੱਤੀ ਜਾਨ।
ਲੀਡਰਾਂ ਸੋਚਿਆ ਇੱਥੇ ਯਾਰੋ,ਬਸ ਆਪਣੇ ਹੀ ਲਾਭ ਨੂੰ।
ਭਈਏ ਮੱਲੀ ਜਾਂਦੇ, ਮੇਰੇ ਸੋਹਣੇ ਜਿਹੇ ਪੰਜਾਬ ਨੂੰ।
ਭੈਣਾਂ ਦੇ ਹੋਏ ਵੀਰ ਪ੍ਰਦੇਸੀ, ਪੁੱਤ ਲਾਡਲੇ ਮਾਵਾਂ ਦੇ।
ਡਾਲਰਾਂ ਪੌਂਡਾਂ ਦੇ ਚੱਕਰਾਂ 'ਚ, ਗਲੇ ਘੁੱਟ ਗਏ ਚਾਵਾਂ ਦੇ।
ਜਿਸ ਤਨ ਲਾਗੇ ਓਹੀ ਜਾਣੇ, ਕੌਣ ਵੇਖੇ ਕਿਸੇ ਦੇ ਖਾਬ ਨੂੰ।
ਭਈਏ ਮੱਲੀ ਜਾਂਦੇ, ਮੇਰੇ ਸੋਹਣੇ ਜਿਹੇ ਪੰਜਾਬ ਨੂੰ।
ਗੱਡੀਆਂ ਭਰ-ਭਰ ਆਉਣ ਪ੍ਰਵਾਸੀ, ਜਹਾਜ਼ ਭਰ-ਭਰ ਜਾਣ।
ਕਰੀਮ ਚਲੀ ਗਈ, ਲੋਟੂ ਆ ਗਏ, ਇਥੇ ਡੇਰੇ ਲਾਣ।
ਲੱਗੀ ਨਜ਼ਰ ਕਿਸੇ ਦੀ ਜਾਪੇ, ਅੱਜ ਪੰਜ ਪਾਣੀਆਂ ਦੇ ਆਬ ਨੂੰ।
ਭਈਏ ਮੱਲੀ ਜਾਂਦੇ, ਮੇਰੇ ਸੋਹਣੇ ਜਿਹੇ ਪੰਜਾਬ ਨੂੰ।
'ਕਾਹਲੋਂ' ਆਖੇ ਪ੍ਰਵਾਸੀ ਵੀਰੋ।
'ਸੱਥ' ਵਿਚ ਹਿੱਸਾ ਪਾਉਂਦੇ ਰਹਿਣਾ।
ਮੋਤਾ ਸਿੰਘ ਸਰਾਏ ਵਾਂਗੂੰ,ਵਤਨੀ ਗੇੜਾ ਲਾਉਂਦੇ ਰਹਿਣਾ।
ਵਿਚ ਪ੍ਰਦੇਸੀਂ ਵੀਰੋ ਜਾ ਕੇ, ਨਾ ਲਾਉਣਾ ਹੱਥ ਸ਼ਰਾਬ ਨੂੰ।
ਪ੍ਰਵਾਸ ਕਰੀ ਜਾਣ ਪੰਜਾਬੀ, ਖਾਲੀ ਕਰ ਗਏ ਗੁਲਾਬ ਨੂੰ।
ਭਈਏ ਮੱਲੀ ਜਾਂਦੇ, ਮੇਰੇ ਸੋਹਣੇ ਜਿਹੇ ਪੰਜਾਬ ਨੂੰ।

**— ਜਗਜੀਤ ਸਿੰਘ ਕਾਹਲੋਂ**
ਪਿੰਡ-ਤਲਵੰਡੀ ਖੁੰਮਣ
ਡਾਕਘਰ - ਪਾਖਰਪੁਰਾ, ਅੰਮ੍ਰਿਤਸਰ-143502
ਫੋਨ : 99146-70028

# ਪੰਜਾਬੀਆਂ ਸੰਸਾਰ ਵਿਚ

ਜਿਥੇ ਜਾਂਦੇ ਨੇ ਪੰਜਾਬੀ, ਫੁੱਲ ਖਿੜਦੇ ਗੁਲਾਬੀ।
ਫੁੱਲਾਂ ਨਾਲ ਭਰ ਜਾਂਦੀਆਂ ਕਿਆਰੀਆਂ।
ਪੰਜਾਬੀਆਂ ਸੰਸਾਰ ਵਿਚ ਮਹਿਕਾਂ ਨੇ ਖਿਲਾਰੀਆਂ।
ਪੰਜਾਬੀਆਂ ਸੰਸਾਰ ਵਿਚ ਮਹਿਕਾਂ ਨੇ ਖਿਲਾਰੀਆਂ।
ਜਿਥੇ ਜਾਉ ਪੰਜਾਬੀ ਮਿਲੇ,ਹਰ ਥਾਂ ਪੰਜਾਬੀ ਫੁਲ ਖਿਲੇ।
ਫੁੱਲਾਂ ਉੱਤੇ ਉਡਦੀਆਂ ਤਿਤਲੀਆਂ ਪਿਆਰੀਆਂ।
ਪੰਜਾਬੀਆਂ ਸੰਸਾਰ ਵਿਚ........
ਜਿਥੇ ਪੰਜਾਬੀ ਹੱਥ ਲਾਵੇ, ਕੰਡਾ ਫੁੱਲ ਬਣ ਜਾਵੇ।
ਇਨ੍ਹਾਂ ਬੰਜਰ 'ਤੇ ਉਜਾੜਾਂ ਨੇ ਸੁਵਾਰੀਆ।
ਪੰਜਾਬੀਆਂ ਸੰਸਾਰ ਵਿਚ.........
ਜਾ ਕੇ ਦੇਖੋ ਅਮਰੀਕਾ, ਭਾਵੇਂ ਜਾਉ ਅਫਰੀਕਾ।
ਹਰ ਥਾਂ ਪੰਜਾਬੀਆਂ ਦੇ ਹਾਸੇ ਕਿਲਕਾਰੀਆਂ।
ਪੰਜਾਈਆਂ ਸੰਸਾਰ ਵਿਚ.......
ਜਿਥੇ ਜਾਣ ਖੁਸ਼ੀਆਂ ਵੰਡਣ, ਨਿਊਜ਼ੀਲੈਂਡ ਡੁਬਈ ਲੰਡਨ।
ਸਮੁੰਦਰ ਅਕਾਸ਼ ਵਿਚ ਲਾਉਂਦੇ ਨੇ ਤਾਰੀਆਂ।
ਪੰਜਾਬੀਆਂ ਸੰਸਾਰ ਵਿਚ.........
ਸਰਕਾਰੀ ਖੇਤਰ ਰਾਜਨੀਤੀ, ਫੁੱਲ ਖਿੜੇ ਹਰ ਬਗ਼ੀਚੀ।
ਇਨ੍ਹਾਂ ਕਈ ਦੇਸ਼ਾਂ ਵਿਚ ਚਮਕਾਈਆਂ ਸਰਦਾਰੀਆਂ।
ਪੰਜਾਬੀਆਂ ਸੰਸਾਰ ਵਿਚ.........
ਇਨ੍ਹਾਂ ਦਾ ਮੇਹਨਤੀ ਸੁਭਾਅ, ਕੰਮ ਕਰ ਚੜ੍ਹੇ ਚਾਅ।
ਮੇਹਨਤ ਨਾਲ ਇਨ੍ਹਾਂ ਭਰੀਆਂ ਪਟਾਰੀਆਂ।
ਪੰਜਾਬੀਆਂ ਸੰਸਾਰ ਵਿਚ.........
ਕਰਨ ਵੱਡੇ ਕਾਰੋਬਾਰ, ਕਰਕੇ ਸਭ ਨੂੰ ਪਿਆਰ।
ਸਾਰੇ ਦੇਸ਼ਾਂ ਵਿਚ ਇਨ੍ਹਾਂ ਮੱਲਾਂ ਨੇ ਮਾਰੀਆਂ।
ਪੰਜਾਬੀਆਂ ਸੰਸਾਰ ਵਿਚ.........
ਕੈਨੇਡਾ ਦੇਸ਼ ਭਾਵੇ ਦੂਰ, ਦੇਖ ਆਉਂਦਾ ਏ ਸਰੂਰ।
ਖੇਤਾਂ ਵਿਚ ਕੰਮ ਕਰਦੇ ਨਰ ਨਾਰੀਆਂ।
ਪੰਜਾਬੀਆਂ ਸੰਸਾਰ ਵਿਚ.........

**— ਜਰਨੈਲ ਸਿੰਘ ਜਲੰਧਰੀ**
**ਮਕਾਨ ਨੰ. 155 ਗਲੀ ਨੰ. 2, ਗੁਰੂ ਨਾਨਕ ਪੁਰਾ (ਪੱਛਮੀ)**
**ਡਾਕਘਰ- ਚੁਗਿੱਟੀ, ਜਲੰਧਰ - ਫੋਨ ਨੰ.: 2232097**



# ਤਿੜਕੇ ਸੁਪਨੇ

ਮੈਂ ਦੁਬਿਧਾ ਵਿਚ ਕਿਉਂ ਬੈਠਾਂ ਹਾਂ,
ਮੈਂ ਕੱਚ ਹੋ ਕੇ ਕਿਉਂ ਟੁੱਟਿਆਂ ਹਾਂ ?

ਕੇਹੜੇ ਪੱਤਣ ਤੋਂ ਤੁਰਿਆ ਸਾਂ,
ਕੇਹੜੇ ਪੱਤਣ 'ਤੇ ਮੁੱਕਿਆ ਹਾਂ ?

ਮੈਂ ਇਤਿਹਾਸ ਦਾ ਪੰਨਾਂ ਕੋਈ,
ਖੂਨ ਦੇ ਨਾਲ ਗਿਆ ਲਿਖਿਆ ਹਾਂ ?

ਤਿੜਕੇ ਸੁਪਨੇ, ਤਿੜਕੀ ਨੀਂਦਰ,
ਇੰਜ ਲੋਆਂ ਤੱਕ ਮੈਂ ਜਾਗਿਆ ਹਾਂ।

ਇਸ ਮਿੱਟੀ ਦੇ ਨੈਣਾਂ ਦੇ ਵਿਚ,
ਖੁਸ਼ਕ ਲਕੀਰਾਂ ਜੋ ਬਚਿਆ ਹਾਂ।

ਨਾ ਚਿਹਰਾ ਨਾ ਨਕਸ਼ ਬਚੇ ਨੇ,
ਏਦਾਂ ਆਪੇ ਤੱਕ ਪੁੱਜਿਆ ਹਾਂ।

ਏਸੇ ਖ਼ਾਤਰ ਹੀ ਮੈਂ ਹਾਜ਼ਰ,
ਏਸੇ ਖਾਤਰ ਹੀ ਬਚਿਆ ਹਾਂ।
(ਇਸ ਤੋਂ ਅਗੇਰੇ ਜਾਣਾ ਮਾਨ ਜੀ ਦੀ ਹੋਣੀ ਹੈ)

**— ਜਸਵਿੰਦਰ ਮਾਨ**
**ਧੰਨਵਾਦ - ਰੂਪਾਂਤਰ**

# ਕੱਲਿਆਂ ਬਹਿ ਕੇ ਰੋਣਾ ਪੈਂਦਾ

ਮੈਂ ਪ੍ਰਦੇਸੀ ਹੋਇਆ ਯਾਰੋ
ਪ੍ਰਦੇਸਣ ਹੋ ਗਈ ਸੋਚ ਮੇਰੀ
ਖਾਬਾਂ ਦੇ ਨਿੱਤ ਮਹਿਲ ਉਸਾਰੇ
ਹੋ ਗਈ ਹੋਰ ਤੋਂ ਹੋਰ ਸੋਚ ਮੇਰੀ
ਮੈਂ ਪ੍ਰਦੇਸੀ ਹੋਇਆ..........
ਧਰਤ ਵਿਦੇਸੀ ਤੇ ਲੋਕ ਪਰਾਏ
ਕੋਈ ਕਿਸਨੂੰ ਦਰਦ ਸੁਣਾਏ
ਕੱਲਿਆਂ ਬਹਿ ਕੇ ਰੋਣਾ ਪੈਂਦਾ
ਦੁੱਖ ਨੂੰ ਆਪੇ ਸਹਿਣਾ ਪੈਂਦਾ
ਕਿਉਂ ਹੋਇਆ ਮਨ ਲੋਭੀ ਮੇਰਾ
ਸੋਚੇ ਇਹੋ ਸੋਚ ਮੇਰੀ, ਮੈਂ ਪ੍ਰਦੇਸੀ ਹੋਇਆ....
ਯਾਦ ਵਤਨ ਦੀ ਵੱਢ-ਵੱਢ ਖਾਵੇ
ਯਾਰ ਬੇਲੀ ਨਾ ਕੋਈ ਨਜਰੀਂ ਆਵੇ
ਨਹੀਂ ਲੱਭਦੇ ਮੇਰੇ ਪਿੰਡ ਦੇ ਨਜ਼ਾਰੇ
ਦਿਨ ਬਚਪਨ ਦੇ ਜਿੱਥੇ ਗੁਜਾਰੇ
ਪੱਥਰਾਂ ਦੇ ਇਸ ਸ਼ਹਿਰ ਵਿਚ
ਪੱਥਰ ਹੋ ਗਈ ਸੋਚ ਮੇਰੀ, ਮੈਂ ਪ੍ਰਦੇਸੀ ਹੋਇਆ.....
ਪੈਸੇ ਦੀ ਚਮਕ ਹੁਣ ਫਿੱਕੀ ਜਾਪੇ
ਰੱਬਾ ਮਿਲਾ ਦੇ ਮੈਨੂੰ ਮੇਰੇ ਮਾਪੇ
ਇਸ ਪੈਸੇ ਨੇ ਦੇਸ਼ ਛੁਡਾਇਆ
ਕਦ ਹੋਣਗੇ ਦੱਸ ਮੇਲ ਵੇ ਰੱਬਾ
ਸੋਚੋ ਇਹ ਸੋਚ ਮੇਰੀ, ਮੈਂ ਪ੍ਰਦੇਸੀ ਹੋਇਆ.....
ਦਰਦ ਲੁਕੋਇਆਂ ਲੁਕਦੇ ਨਾਹੀਂ
ਅੱਥਰੂ ਅੱਖ 'ਚੋਂ ਰੁਕਦੇ ਨਾਹੀਂ
ਯਾਦ ਆਉਂਦੇ ਨੇ ਅਮੜੀ ਜਾਏ
ਰਿਸ਼ਤੇਦਾਰ ਤੇ ਹਮਸਾਏ
ਕਦੋਂ ਪਹੁੰਚਾਗਾ ਪਿੰਡ ਦੀ ਜੂਹੇ
ਸੋਚੋ ਇਹ ਸੋਚ ਮੇਰੀ, ਮੈਂ ਪ੍ਰਦੇਸੀ ਹੋਇਆ......

**—ਤੀਰਥ ਰਾਮ ਸਾਗਰ**
**858, ਸੰਜੇ ਗਾਂਧੀ ਕਲੋਨੀ, ਫਤਿਹਗੜ੍ਹ ਚੂੜੀਆਂ ਰੋਡ,**
**ਅੰਮ੍ਰਿਤਸਰ - 143001 ਫੋਨ : 9464743969**



# ਪ੍ਰਵਾਸ

ਮਹਿੰਦੀ, ਵੰਗਾਂ, ਝਾਂਜਰ
ਤੇ ਨੱਥ ਪਾ ਕੇ,
ਆਪਣੇ ਘਰ ਜਾਣ ਦੀ
ਤਾਂਘ ਰੱਖਣ ਵਾਲੇ
ਸਭ ਸੁਪਨੇ ਇਕ ਦਿਨ
ਪ੍ਰਵਾਸੀ ਹੋ ਜਾਂਦੇ।
ਕੁਝ ਵਿਸ਼ਵਾਸੀ ਹੋ ਜਾਂਦੇ
ਕੁਝ ਬਨਵਾਸੀ ਹੋ ਜਾਂਦੇ।
ਉਹ ਸੁਪਨੇ
ਉਮਰਾਂ ਦੀ ਪ੍ਰਵਾਸ ਕਰੇਂਦੇ
ਰਿੜ੍ਹਦੇ, ਟੁਰਦੇ
ਫਿਰ ਡਿੱਗ ਪੈਂਦੇ।
ਉਹ ਸੁਪਨੇ
ਕੁੱਖੋਂ ਕਬਰਾਂ ਤੀਕ
ਤੁਰੇਂਦੇ।
ਥੱਕ ਕੇ ਮੂਲ ਨਾ ਬਹਿੰਦੇ।
ਆਪਣੇ ਹਿੱਸੇ ਦਾ ਚੋਗਾ
ਜਿੱਥੋਂ ਲੱਭਦਾ
ਆਣ ਚੁਗੇਂਦੇ।
ਉਹ ਪ੍ਰਵਾਸੀ ਸੁਪਨੇ
ਹਰ ਸੱਜਰੇ ਨੈਣਾਂ ਵਿਚ
ਸ਼ਿੰਗਾਰ ਰਚੇਂਦੇ।
ਨਾਰੀ ਜੂਨ ਦੇ ਪ੍ਰਵਾਸੇ ਸੁਪਨੇ
ਉੱਜੜੀ ਅੱਖ 'ਚੋਂ
ਨਦੀਆਂ ਨਿੱਤ ਨਿੱਤ
ਪਏ ਰੁੜ੍ਹੇਂਦੇ।

**— 'ਦੀਪ' ਜ਼ੀਰਵੀ (ਜ਼ੀਰਾ)**
**ਫੋਨ : 98155-24600**

# ਪ੍ਰਵਾਸ ਦੀ ਤਾਂਘ

ਅੰਤਰ ਤੋਂ ਨਿਰ-ਅੰਤਰ ਲਈ ਜਦੋਂ
ਮੈਂ ਨਿਰੰਤਰ ਪਰਵਾਸ ਦੇ
ਪ੍ਰਿਯਾਸ ਵਿਚ,
ਅਧੂਰਾ ਰਹਿ ਜਾਂਦਾ ਹਾਂ
ਜਦ ਵੀ ਮੈਂ ਪਰਵਾਸ ਦੀ,
ਤਿਆਰੀ ਵਿਚ ਜੁਟਦਾ ਹਾਂ
ਪੰਜ ਗੁੱਟਾਂ ਵਿਚ ਵੰਡੀਆਂ
ਭਿੰਨ ਭਿੰਨ ਪ੍ਰਕਾਰ ਦੀਆਂ ਫੌਜਾਂ,
ਮੈਨੂੰ ਆਣ ਘੇਰਦੀਆਂ ਹਨ
ਮੈਂ ਬੇ-ਵੱਸ ਹਾਰ ਕੇ ਹੀ,
ਰਹਿ ਜਾਂਦਾ ਹਾਂ
ਪਰਵਾਸ ਦੀ ਤਾਂਘ ਨੂੰ,
ਆਪਣੇ ਦਿਲ ਵਿਚ ਲੈ ਕੇ
ਪਰ ਮੈਂ ਇਹ ਜੰਗ,
ਉਦੋਂ ਤੱਕ ਲੜਾਂਗਾ
ਜਦੋਂ ਤੱਕ ਮੈਂ
ਪਰਵਾਸ ਦੇ ਸਹਾਰੇ
ਆਪਣੀ ਮੰਜ਼ਿਲ ਤੱਕ,
ਨਹੀਂ ਪੁੱਜ ਜਾਂਦਾ।

**— ਦੀਸ਼ ਦਬੁਰਜੀ**
**ਪਿੰਡ ਦਬੁਰਜੀ**
**ਡਾਕਘਰ : ਲੱਖਣ ਕਲਾਂ**
**ਜ਼ਿਲ੍ਹਾ ਕਪੂਰਥਲਾ– 144601**



# ਕਬੂਤਰਾ

ਉਡਾਰੀਆਂ ਕੈਨੇਡਾ ਵੱਲ ਲਾਈਂ ਵੇ ਕਬੂਤਰਾ।
ਹੌਲੀ ਜਿਹੀ ਉਥੇ ਛੁਪ ਜਾਈਂ ਵੇ ਕਬੂਤਰਾ।

ਸਾਜ਼ਾਂ ਉੱਤੇ ਹੱਥ ਰੱਖ ਫੋਟੋ ਖਿਚਵਾ ਲਈਂ।
ਕਿਸੇ ਪ੍ਰਮੋਟਰ ਤੇ ਜਾ ਕੇ ਪੱਟੂ ਪਾ ਲਈਂ।
ਸ੍ਵਾਂਗ ਕਲਾਕਾਰ ਦਾ ਬਣਾਈ ਵੇ ਕਬੂਤਰਾ।
ਉਡਾਰੀਆਂ ਕੈਨੇਡਾ ਵੱਲ.....

ਪੁੱਜ ਗਿਆ ਜਦੋਂ ਵੀ ਕੈਨੇਡਾ ਮੇਰੇ ਸੱਜਣਾ।
ਬਣ ਜਾਈਂ ਉਥੇ ਤੂੰ ਛਲੇਡਾ ਮੇਰੇ ਸੱਜਣਾ।
ਭਾਲਿਆਂ ਵੀ ਹੱਥ ਨਾ ਤੂੰ ਆਈਂ ਵੇ ਕਬੂਤਰਾ।
ਉਡਾਰੀਆਂ ਕੈਨੇਡਾ ਵੱਲ.....

ਤੈਨੂੰ ਜੇ ਲਿਜਾਵੇ ਬਾਹਰ ਕੋਈ ਕਲਾਕਾਰ ਨਾ।
ਰਲ ਜਾਵੀਂ ਕਿਸੇ ਧਾਰਮਿਕ ਅਹੁਦੇਦਾਰ ਨਾ।
ਪੁੰਨ ਨਾਲੇ ਫੁਲੀਆਂ ਕਮਾਈਂ ਵੇ ਕਬੂਤਰਾ।
ਉਡਾਰੀਆਂ ਕੈਨੇਡਾ ਵੱਲ.....

ਕੈਦ ਕਰਵਾਤਾ ਤੈਨੂੰ ਬਾਹਰ ਜੇ ਕਲੇਸ਼ ਨੇ।
ਬਣ ਜਾਣਾ ਦਰਦੀ ਹੈ ਤੇਰਾ ਸਾਰੇ ਦੇਸ਼ ਨੇ।
'ਦਿਲਸ਼ਨ' ਨਾ ਤੂੰ ਘਬਰਾਈ ਵੇ ਕਬੂਤਰਾ।
ਉਡਾਰੀਆਂ ਕੈਨੇਡਾ ਵੱਲ....

**— ਨਰਿੰਦਰ 'ਦਿਲਸਨ'**
**ਨਕੋਦਰ।**

# ਸੌਖਾ ਨਹੀਂ ਹੁੰਦਾ

ਬਣ ਪ੍ਰਦੇਸੀ
ਆਪਣਿਆਂ ਤੋਂ ਵੱਖ ਹੋਣਾ
ਸੌਖਾ ਨਹੀਂ ਹੁੰਦਾ
ਪਰਾਏ ਲੋਕ, ਪਰਾਈ ਧਰਤ
ਪਰਾਈ ਫਿਜ਼ਾ ਨੂੰ ਗਲ ਲਾਉਣਾ
ਸੌਖਾ ਨਹੀਂ ਹੁੰਦਾ।

ਰੋਜੀ ਰੋਟੀ ਖ਼ਾਤਰ
ਆਪਣਾ ਘਰ-ਬਾਰ ਛੱਡ
ਆਪਣੇ ਖ਼ੂਨ ਤੋਂ ਵੱਖ ਹੋਣਾ
ਸੌਖਾ ਨਹੀਂ ਹੁੰਦਾ।

ਮੀਆਂ-ਬੀਵੀ ਦਾ
ਸ਼ਿਫਟਾਂ ਵਿਚ ਜਿਉਣਾ
ਬੱਚਿਆਂ ਕੋਲ ਮਹਿਮਾਨ ਦੀ ਤਰ੍ਹਾਂ
ਘਰ ਆਉਣਾ
ਸੌਖਾ ਨਹੀਂ ਹੁੰਦਾ।

ਡਾਲਰਾਂ ਦੀ ਭੁੱਖ ਵਿਚ
ਆਪਣੇ-ਆਪ ਤੋਂ
ਬਾਗੀ ਹੋਣਾ
ਸਰੀਰ ਤੋਂ ਮਸ਼ੀਨ ਵਾਂਗ
ਕੰਮ ਲੈਣਾ
ਸੌਖਾ ਨਹੀਂ ਹੁੰਦਾ।

ਦੋ ਨੰਬਰ ਵਿਚ
ਜਾਅਲੀ ਪਾਸ-ਪੋਰਟਾਂ ਰਾਹੀਂ



ਉਡਾਰੂ ਹੋਣਾ
ਫਿਰ ਕਦੇ ਵਤਨੀਂ
ਫ਼ੇਰਾ ਪਾਉਣਾ
ਸੌਖਾ ਨਹੀਂ ਹੁੰਦਾ।

ਚਿਰਾਂ ਪਿੱਛੋਂ, ਕਦੇ-ਕਦਾਈਂ
ਘਰ ਵਾਪਿਸ ਆਉਣਾ
ਤੇ ਮੁੜ ਪ੍ਰਵਾਸੀ ਬਣ
ਤੁਰ ਜਾਣਾ
ਸੌਖਾ ਨਹੀਂ ਹੁੰਦਾ।

ਮਾਂ ਦੀ ਬੁੱਕਲ ਦਾ ਨਿੱਘ
ਮੱਕੀ ਦੀ ਰੋਟੀ
ਸਰੋਂ ਦਾ ਸਾਗ
ਚਾਟੀ ਦੀ ਲੱਸੀ
ਲਈ ਤਰਸਦੇ ਹੋਏ
ਵਕਤ ਲੰਘਾਉਣਾ
ਸੌਖਾ ਨਹੀਂ ਹੁੰਦਾ।

ਢਿੱਡ ਨੂੰ ਝੁਲਕਾ ਦੇਣ ਲਈ
'ਨਿਰਮਲ' ਰੂਹਾਂ ਦਾ
ਪ੍ਰਵਾਸੀ ਪੰਛੀਆਂ ਵਾਂਗ
ਪ੍ਰਦੇਸਾਂ ਵੱਲ
ਵਹੀਰਾਂ ਘੱਤਣਾ
ਸੌਖਾ ਨਹੀਂ ਹੁੰਦਾ।

**—ਨਿਰਮਲ**
**17 ਏ, ਨਿਊ ਆਸ਼ਾਪੁਰੀ, ਲੁਧਿਆਣਾ।**
**ਫੋਨ : 98554-44955**

# ਮੁੱਠੀ ਭਰ ਮਿੱਟੀ ਮੇਰੇ ਖੇਤ ਦੀ

(ਟੈਲੀਫੋਨ ਉੱਤੇ ਪੁੱਛਿਆ ਗਿਆ, ਦਿਲ ਟੁੰਬਣ ਵਾਲਾ ਸਵਾਲ)
"ਆ ਰਹਾ ਹੂੰ ਮਿਲਨੇ ਕੋ ਕਿਆ ਚਾਹੀਏ ?
ਕਿਆ ਲਾਊਂ ? ਤੂ ਬਤਾ।"
(ਇਹ ਟੈਲੀਫੋਨ ਮੈਂ ਸੁਣਿਆ ਅਤੇ ਆਪਣੇ ਪਾਪਾ ਦੀ ਤਰਫੋਂ ਜਵਾਬ ਦਿੱਤਾ....)
ਖੇਤਾਂ ਦੀ ਮਹਿਕ, ਫਿਰਨੀ ਦੀ ਖੁਸ਼ਬੂ
ਤੇ ਕਿੰਨੀ ਸਾਰੀ ਪਿੰਡ ਦੀ ਹਵਾ
ਮੁੱਠੀ ਭਰ ਮਿੱਟੀ ਮੇਰੇ ਖੇਤ ਦੀ
ਹੋ ਸਕਿਆ ਤਾਂ ਲੈ ਆਵੀਂ ਦੋਸਤਾ
(ਤੇਰੇ ਟੈਲੀਫੋਨ ਉੱਤੇ ਯਾਦ ਆਇਆ)
ਤੂੜੀ ਵਾਲੇ ਢਾਰੇ ਵਿਚ
ਦੱਬੇ ਹੋਏ ਬੰਦੇ ਨੇ
ਮਿਲੀ ਡੰਡੇ-ਸੂੱਲੀ ਤੇ ਸਜ਼ਾ
ਸੋ ਕੁਝ ਯਾਦਾਂ ਬਚ ਸਕਦੀਆਂ
ਕੁੱਝ ਗੱਲਾਂ ਦਿਲਾਂ ਦੀਆਂ
ਤੇ ਥੋੜ੍ਹੀ ਜਿਹੀ ਜਵਾਨੀ ਦੀ ਅਦਾ
ਮੁੱਠੀ ਭਰ ਮਿੱਟੀ......
ਕਰਦਾ ਹਾਂ ਬੰਦ ਅੱਖਾਂ
ਆਂਵਦੀ ਏ ਯਾਦ ਖੂਹ ਦੀ
ਸੀ ਪਾਣੀ ਮਿੱਠਾ ਸ਼ਰਬਤ ਜਿਹਾ
ਕੁੱਝ ਬੇਰ ਮਲ੍ਹਿਆਂ ਦੇ
ਜੰਗਲ ਜਲੇਬੀਆਂ ਤੇ
ਪਹਿਲੀ ਤੱਕਣੀ ਦਾ ਹਲਕਾ ਨਸ਼ਾ
ਮੁੱਠੀ ਭਰ ਮਿੱਟੀ....
ਰਸੋਈ ਵਾਲੀ ਛੱਤੀ ਉੱਤੇ
ਪਿਆ ਹੋਉ ਪਿੰਨਾ ਇਕ
ਮਾਝਾ ਲੱਗੀ ਡੋਰ ਵਾਲਾ
ਥੱਬਾ ਇਕ ਗੁੱਡੀਆਂ ਦਾ
ਲੈ ਕੇ ਨਾਮ ਦੋਸਤੀ ਦਾ
ਵੱਲ ਮੇਰੇ ਦੇਸ਼ ਨੂੰ ਉਡਾਈ ਦੋਸਤਾ
ਮੁੱਠੀ ਭਰ ਮਿੱਟੀ.....



ਆਂਵਦੀ ਏ ਯਾਦ ਜਦੋਂ
ਪਿੰਡ ਦੀਆਂ ਗਲੀਆਂ ਦੀ
ਜਾਂਵਦੀ ਏ ਰੂਹ ਤੜਪਾ
ਚਾਚੀ ਫੱਤੋ ਦੀਆਂ
ਗੱਲਾਂ ਗਾਲੀਆਂ ਤੇ ਪਿਆਰ ਉੱਤੇ
ਅਜੇ ਤੱਕ ਦਿਲ ਹੈ ਫਿਦਾ
ਮੁੱਠੀ ਭਰ ਮਿੱਟੀ....
ਅੱਧੀ ਅੱਧੀ ਰਾਤ ਤਾਈਂ
ਗਲੀਆਂ 'ਚ ਖੇਡਣ ਦੀ
ਭੁੱਲੀ ਨਹੀਂ ਯਾਦ ਮੈਨੂੰ
ਕਿਕਲੀ ਤ੍ਰਿੰਝਣਾਂ ਦੀ
ਉੱਠਦੀ ਹੈ ਹੂਕ ਦਿਲ 'ਚੋਂ
ਆਵੇ ਯਾਦ ਪਿੰਡ ਦੀ ਫਿਜ਼ਾ
ਮੁੱਠੀ ਭਰ ਮਿੱਟੀ......
ਆਵੇਂਗਾ ਤਾਂ ਦੇਖ ਲਵੀਂ
ਰੱਖੀਆਂ ਨੇ ਸਾਂਭ ਚੀਜ਼ਾਂ ਕਈ
ਝੱਲੇ ਨਹੀਂ ਜਾਣੇ ਸਾਥੋਂ ਚਾਅ
ਇਕ ਹੈ ਰੁਮਾਲ ਤੋਹਫਾ
ਰੱਖੇ ਸਾਂਭ ਹੰਝੂ ਵਿਚ
ਸੀ ਲਈ ਜਦੋਂ ਪਿੰਡ ਤੋਂ ਵਿਦਾ
ਮੁੱਠੀ ਭਰ ਮਿੱਟੀ.....
ਟੈਲੀਫੋਨ ਚੁੰਮ ਲਵਾਂ
ਜਿਸ ਵਿਚੋਂ ਬੋਲਿਐਂ ਤੂੰ
ਬੱਸ ! ਇਕ ਵਾਰੀ ਸ਼ਕਲ ਦਿਖਾ
ਘੁੱਗ ਵੱਸੋ, ਖੁਸ਼ ਰਹੋ
ਇਹੀ ਮੇਰੀ ਰੱਬ ਨੂੰ ਦੁਆ
ਸੱਭ ਨੂੰ ਸਲਾਮ ਮੇਰੀ
ਸੱਭ ਨੂੰ ਪਿਆਰ ਮੇਰਾ
ਦਿੰਦਾ ਮੇਰਾ ਦਿਲ ਇਹ ਸਦਾ
ਨਹੀਂ ਚਾਹੀਦਾ ਕੁੱਝ ਤੇਰੇ ਸਿਵਾ
ਨਹੀਂ ਚਾਹੀਏ ਕੁੱਝ ਤੇਰੇ ਸਿਵਾ
ਮੁੱਠੀ ਭਰ ਮਿੱਟੀ ਮੇਰੇ ਖੇਤ ਦੀ
ਹੋ ਸਕਿਆ ਤਾਂ ਲੈ ਆਵੀਂ ਦੋਸਤਾ

**— ਡਾ. ਪ੍ਰਿਤਪਾਲ ਕੌਰ ਚਾਹਲ**
**ਮਕਾਨ ਨੰ. 184, ਬਲਾਕ-ਸੀ, ਭਾਈ ਰੰਧੀਰ ਸਿੰਘ ਨਗਰ,**
**ਲੁਧਿਆਣਾ-141012, ਫੋਨ : 01612463315**

# ਦੋਨੋ ਪੱਖ ਪ੍ਰਵਾਸ ਦੇ

## ਚੰਗਿਆਈਆਂ

ਸਮਾਂ ਹੀ ਜੀਵਾਂ ਅਤੇ ਮਨੁੱਖਾਂ ਨੂੰ ਪ੍ਰਵਾਸ ਕਰਾਉਂਦਾ ਏ।
ਕਈਆਂ ਦੀ ਕੁਰਕੀ ਅਤੇ ਖੁਸ਼ਹਾਲ ਕਈ, ਪ੍ਰਵਾਸ ਬਣਾਉਂਦਾ ਏ।

ਪ੍ਰਵਾਸ ਨਾਲ ਹੀ ਦੁਨੀਆਂ 'ਤੇ ਖੁਸ਼ਹਾਲੀ ਆਈ ਏ।
ਪਹਿਲਾਂ ਨਾਲੋਂ ਜ਼ਿੰਦਗੀ ਬਹੁਤ ਹੀ ਸਰਲ ਬਣਾਈ ਏ।
ਮਨੁੱਖਤਾ ਵਿਚ ਨੇੜਤਾ ਨੂੰ ਪ੍ਰਵਾਸ ਵਧਾਉਂਦਾ ਏ।
ਸਮਾਂ ਹੀ ਜੀਵਾਂ ਅਤੇ ਮਨੁੱਖਾਂ.....

ਨਿੱਤ ਹੀ ਨਵੇਂ ਤਜ਼ਰਬੇ, ਇਸੇ ਕਾਰਨ ਹੁੰਦੇ ਨੇ।
ਇਕ ਦੂਜੇ ਦੇ ਸਹਿਯੋਗ ਨਾਲ, ਤਿਆਰ ਇਹ ਖਰੜੇ ਹੁੰਦੇ ਨੇ।
ਊਚ ਨੀਚ ਤੇ ਜਾਤ ਪਾਤ ਨੂੰ, ਜੜੋਂ ਮੁਕਾਉਂਦਾ ਏ,
ਸਮਾਂ ਹੀ ਜੀਵਾਂ ਅਤੇ ਮਨੁੱਖਾਂ.....

ਗਿਆਨ ਖੇਤਰ ਵਿਚ ਅੱਜ ਤਾਈਓਂ ਧੁੰਮਾ ਪਈਆਂ ਨੇ,
ਖੰਡਰਾਂ ਦੀ ਥਾਂ ਮਹਿਲ ਬਣਾ ਲਏ, ਤਾਈਓਂ ਕਈਆਂ ਨੇ,
ਸੁਪਨਿਆਂ ਨੂੰ ਸਾਕਾਰ ਵੀ ਤਾਂ, ਪ੍ਰਵਾਸ ਬਣਾਉਂਦਾ ਏ,
ਸਮਾਂ ਹੀ ਜੀਵਾਂ ਅਤੇ ਮਨੁੱਖਾਂ.....

ਆਰਥਿਕਤਾ ਨੂੰ ਕਾਫੀ ਅੱਜ ਸਹਿਯੋਗ ਪਿਆ ਮਿਲਦਾ,
ਤਰੱਕੀ ਵਾਲਾ ਚੱਕਾ ਤਾਈਓਂ ਤੇਜ਼ ਪਿਆ ਹਿਲਦਾ।
ਪ੍ਰਕਾਸ਼ ਮਰੜ ਵੀ ਤਾਹੀਓਂ, ਸੋਹਲੇ ਪ੍ਰਵਾਸ ਦੇ ਗਾਉਂਦਾ ਏ,
ਸਮਾਂ ਹੀ ਜੀਵਾਂ ਅਤੇ ਮਨੁੱਖਾਂ.....



## ਬੁਰਾਈਆਂ

ਛੋਟੇ ਹੁੰਦਿਆਂ ਹੀ ਅਸੀਂ ਦੇਖਦੇ ਸਾਂ, ਪੰਛੀ ਪ੍ਰਵਾਸ ਤਾਂ ਕਰਦੇ ਸੀ।
ਤੜਕੇ ਉੱਡ ਕੋਹਾਂ ਦੂਰ ਜਾ ਕੇ, ਉਹ ਆਪਣਾ ਢਿੱਡ ਭਰਦੇ ਸੀ।
ਪਰ ਫਿਰ ਵੀ ਕਦੇ ਉਹ ਭੁੱਲਦੇ ਨਾ, ਘਰ ਆਪਣੇ ਦੇਸ਼ ਟਿਕਾਣੇ ਨੂੰ।
ਕਦੇ ਬੋਲੀ ਰੂਪ ਵਟਾਉਂਦੇ ਨਾ, ਛੱਡ ਆਉਂਦੇ ਦੇਸ਼ ਬੇਗਾਨੇ ਨੂੰ।

ਅੱਜ ਕੱਲ੍ਹ ਇਹ ਬਿਰਤੀ ਮਨੁੱਖਾਂ ਨੂੰ, ਧੜਾ ਧੜ ਪ੍ਰਵਾਸ ਕਰਾਉਂਦੀ ਏ।
ਅਣਖ ਇੱਜ਼ਤ ਆਬਰੂ ਲਾ ਦਾਅ ਤੇ, ਹਰ ਹੀਲੇ ਪਈ ਅਪਣਾਉਂਦੀ ਏ।
ਪਹਿਚਾਣ ਗਵਾ ਅੱਜ ਕਈਆਂ ਦੀ, ਵਿੱਚ ਪ੍ਰਦੇਸਾਂ ਕਈ ਪਹੁੰਚਾ ਦਿੱਤੇ।
ਇਸ ਅੰਨ੍ਹੀ ਲਾਲਚ ਖੇਡ ਨੇ ਤਾਂ, ਕਈ ਘਰਾਂ ਦੇ ਚਿਰਾਗ ਬੁਝਾ ਦਿੱਤੇ।

ਕਦੇ ਵਿਚ ਸਮੁੰਦਰਾਂ ਡੁੱਬਦੇ ਨੇ ਕਦੀ ਵਿੱਚ ਜੇਲ੍ਹਾਂ ਦੇ ਬੰਦ ਹੁੰਦੇ।
ਵਿਚ ਸੰਸਿਆਂ ਲੰਘਦੀ ਇਹ ਜ਼ਿੰਦਗੀ, ਕਈ ਘਰ ਵੇਖੇ ਮੈਂ ਨੰਗ ਹੁੰਦੇ।
ਰਾਹ ਤੱਕਦਿਆਂ ਕਈ ਬਜ਼ੁਰਗ ਹੋਏ, ਕਦ ਲਾਡਲਾ ਘਰ ਨੂੰ ਆਵੇਗਾ।
ਇਸ ਉਜੜੇ ਘਰ ਵੈਰਾਨ ਤਾਈਂ, ਕਦੋਂ ਆ ਕੇ ਰੌਣਕਾਂ ਲਾਏਗਾ।

ਕੁਝ ਹੀਰੇ ਮੰਡੀ ਮੋਤੀਆਂ ਦੀ, ਜਾ ਕੌਡੀਆਂ ਦੇ ਭਾਅ ਵਿਕ ਗਏ ਨੇ।
ਭੁੱਲ ਆਪਣੇ ਸੱਭਿਆਚਾਰ ਤਾਈਂ, ਲੱਚਰਤਾ ਉਥੋਂ ਸਿਖ ਗਏ ਨੇ।
ਪ੍ਰਕਾਸ਼ ਸਿੰਘ ਨੂੰ ਤਾਹੀਓਂ ਹੀ, ਨਾਲ ਦੁੱਖ ਦੇ ਲਿਖਣਾ ਪੈ ਗਿਆ ਏ,
ਕਰੀਮ ਪਈ ਰੁਲਦੀ ਪ੍ਰਦੇਸਾਂ ਵਿਚ, ਨਿੱਕੜ-ਸੁਕੜ ਏਥੇ ਰਹਿ ਗਿਆ ਏ।

**— ਪ੍ਰਕਾਸ਼ ਸਿੰਘ**
**ਪਿੰਡ ਅਤੇ ਡਾਕਘਰ ਮਰੜ੍ਹ/ਵਾਇਆ-ਅਲੀਵਾਲ**
**ਤਹਿ. ਬਟਾਲਾ - ਜ਼ਿਲ੍ਹਾ, ਗੁਰਦਾਸਪੁਰ-143507**

# ਅਮਰੀਕਾ ਦਾ ਰਾਸ਼ਟਰਪਤੀ ਹੋਣ ਦੀਆਂ ਮੌਜਾਂ

ਅਮਰੀਕਾ ਦਾ ਰਾਸ਼ਟਰਪਤੀ ਹੋਣ ਦੀਆਂ ਬੜੀਆਂ ਮੌਜਾਂ ਮੌਜਾਂ ਨੇ
ਇਹਨੂੰ ਇਉਂ ਵੀ ਆਖਿਆ ਜਾ ਸਕਦਾ ਏ
ਜੇ ਕਿਸੇ ਦੇਸ਼ ਦਾ ਰਾਸ਼ਟਰਪਤੀ ਹੋਣ ਦੀਆਂ ਮੌਜਾਂ ਨੇ
ਤਾਂ ਉਹ ਬਸ ਅਮਰੀਕਾ ਦਾ ਰਾਸ਼ਟਰਪਤੀ ਹੋਣ ਵਿਚ ਨੇ
ਜਾਂ ਇੰਜ ਵੀ ਕਿ ਜੇ ਕਿਤੇ ਰਾਸ਼ਟਰਪਤੀ ਹੋਣ ਦੀਆਂ ਮੌਜਾਂ ਨੇ
ਤਾਂ ਉਹ ਸਿਰਫ਼ ਅਮਰੀਕਾ ਈ ਹੈ
    ਅਮਰੀਕਾ ਦੇ ਰਾਸ਼ਟਰਪਤੀ ਦੀ ਇਹ ਕੀ ਘੱਟ ਮਜ਼ੇਦਾਰੀ ਏ
    ਕਿ ਉਹ ਜਦੋਂ ਵੀ ਚਾਹੇ ਛੋਟੇ ਵੱਡੇ ਦੇਸ਼ ਨੂੰ
    ਆਪਣੇ ਸਾਹਮਣੇ ਕੰਨ ਫੜ੍ਹਾ ਕੇ ਬੈਠਕਾਂ ਕਢਵਾ ਸਕਦਾ ਏ
    ਯਾਰੀ ਯਾਰੀ 'ਚ ਕਿਸੇ ਵੀ ਮੁਲਕ ਨਾਲ
    ਧੌਣ ਦੁਆਲੇ ਬਾਹਾਂ ਵਲਾਈ ਤੁਰਦਿਆਂ ਹੋਇਆਂ
    ਭੋਰਾ ਜਿੰਨੀ ਗੱਲ 'ਤੇ ਉਹਦੀ ਧੌਣ ਨੱਪ ਸਕਦਾ ਏ
    ਆਪਣੇ ਪੈਰਾਂ 'ਤੇ ਦੌੜਨ ਦੀ ਕੋਸ਼ਿਸ਼ 'ਚ ਲੱਗੇ ਕਿਸੇ ਵੀ ਦੇਸ਼ ਨੂੰ
    ਫੁਰਤੀ ਨਾਲ ਚੁੱਪ ਚੁਪੀਤਿਆਂ ਠਿੱਬੀ ਮਾਰ ਕੇ
    ਉਹਨੂੰ ਮੂੰਹ ਪਰਨੇ ਚੁਫਾਲ ਜ਼ਮੀਨ 'ਤੇ ਡਿੱਗ ਪੈਣ ਲਈ
    ਮਜ਼ਬੂਰ ਕਰ ਸਕਦਾ ਏ
ਉਹਦੀਆਂ ਕੀ ਮੌਜਾਂ ਨੇ ਕਿ ਉਹ ਕਿਸੇ ਵੀ ਦੇਸ਼ ਦੀ
ਸੱਤਾ ਸੰਭਾਲਣ ਲਈ ਆਪਣੀ ਛਾਂ ਭੇਜ ਸਕਦਾ ਏ
ਤੇ ਇਉਂ ਅਮਰੀਕਾ ਦਾ ਰਾਸ਼ਟਰਪਤੀ
ਉਸ ਦੇਸ਼ ਦਾ ਵੀ ਰਾਸ਼ਟਰਪਤੀ ਹੋ ਸਕਦਾ ਏ
    ਉਹ ਕਦੋਂ ਵੀ ਸੰਯੁਕਤ ਰਾਸ਼ਟਰ ਪਹੁੰਚ ਕੇ ਪਿੱਛਿਓਂ
    ਮਹਾ-ਸਕੱਤਰ ਦੇ ਸਿਰ 'ਤੇ ਧੱਫਾ ਮਾਰ ਕੇ ਲੁਕ ਸਕਦਾ ਏ
    ਲੋੜਵੰਦਾਂ ਲਈ, ਮਦਦ ਲਈ ਭਰੇ ਅੱਗੇ ਜਾਂਦੇ ਟਰੱਕਾਂ ਦੇ ਪਹੀਆਂ ਦੀ
    ਰਾਹ ਵਿਚ ਹੀ ਹਵਾ ਕੱਢ ਸਕਦਾ ਏ
    ਕਦੇ ਵੀ ਕੌਮਾਂਤਰੀ ਸਰਮਾਇਆ ਕੋਸ਼ ਦਾ ਸਟਰੌਂਗ ਰੂਮ ਖੁਲ੍ਹਵਾ ਕੇ
    ਉਹਦੇ 'ਚ ਰੱਖੇ ਪੈਸੇ ਗਿਣ ਸਕਦਾ ਏ
    ਵਿਸ਼ਵ ਬੈਂਕ ਦੇ ਦਰਵਾਜ਼ੇ 'ਤੇ ਜੰਦਰੇ ਮਾਰ ਕੇ
ਉਹਦੀ ਚਾਬੀ ਆਪਣੀ ਜੇਬ ਵਿਚ ਰੱਖ ਸਕਦਾ ਏ
ਹੋਰ ਤਾਂ ਹੋਰ, ਇਸ ਸਭ ਕੁਝ ਪਿੱਛੋਂ ਵੀ



ਉਹ ਸਾਰਿਆਂ ਦੇ ਸਾਹਮਣੇ ਅੰਗੂਠੇ ਨਾਲ ਆਪਣਾ ਨੱਕ ਚੁੱਕ ਕੇ
ਆਪਣਾ ਹੱਥ ਨਚਾਉਂਦਿਆਂ ਸਟੈਚੂ ਆਫ ਲਿਬਰਟੀ ਦੇ ਕੋਲ ਖਲੋ ਕੇ
ਉਹ ਸਾਰਿਆਂ ਨੂੰ ਆਪਣੀ ਜੀਭ ਕੱਢ ਕੇ ਚਿੜਾ ਸਕਦਾ ਏ
    ਅਮਰੀਕਾ ਦਾ ਰਾਸ਼ਟਰਪਤੀ ਹੋਣ ਦੀਆਂ ਜੋ ਮੌਜਾਂ ਨੇ, ਉਨ੍ਹਾਂ 'ਚੋਂ
    ਇਕ ਮੌਜ ਇਹ ਵੀ ਏ ਕਿ ਕਿਸੇ ਵੀ ਉਮਰ 'ਚ ਉਹਦਾ ਚਿਹਰਾ
    'ਪਲੇਅ ਬੁਆਏ' ਦੇ ਮੁੱਖ ਪੰਨੇ 'ਤੇ ਛਪਣ ਜੋਗਾ ਬਣਿਆ ਰਹਿੰਦਾ ਏ
    ਉਹਦੀ ਮਰਦਾਨਗੀ ਦੇ ਧੱਬੇ ਉਹਦੇ ਦਫ਼ਤਰ ਦੀਆਂ ਅਲ੍ਹੜ
    ਕਰਮਚਾਰੀ ਔਰਤਾਂ ਦੇ ਲੁਕਵੇਂ ਕਪੜਿਆਂ ਉੱਤੇ
    ਮਾਣਮੱਤੇ ਹੋ ਦਿਸ ਪੈਂਦੇ ਨੇ
ਉਹ ਆਪ ਵੀ ਨੇਮਾਂ ਕਾਨੂੰਨਾਂ ਨੂੰ ਨਹੀਂ ਮੰਨਦਾ
ਤਾਂ ਉਹਦੇ ਬੱਚੇ ਵੀ ਕੁਝ ਨਹੀਂ ਸਿੱਖਦੇ ਉਹਦੇ ਤੋਂ
ਤੇ ਸੁਧਾਰ ਘਰਾਂ 'ਚ ਅਕਸਰ
ਸਜ਼ਾ ਭੁਗਤਦੇ ਸੁਧਰਦੇ ਵੇਖੇ ਜਾਂਦੇ ਨੇ
ਇਹ ਵੀ ਕਿੰਨਾ ਮਜ਼ੇਦਾਰ ਏ ਕਿ ਅਮਰੀਕਾ ਦੇ ਰਾਸ਼ਟਰਪਤੀ ਦਾ ਘਰ
ਸੁਧਾਰ ਘਰ ਦੇ ਮੇਚ ਦਾ ਵੀ ਨਹੀਂ ਏ
    ਉਹਦੀਆਂ ਏਨੀਆਂ ਮੌਜਾਂ ਨੇ ਕਿ ਉਹਨੂੰ ਇਸ ਗੱਲੋਂ
    ਕੋਈ ਫ਼ਰਕ ਨਹੀਂ ਪੈਂਦਾ ਕਿ ਕੋਈ ਉਹਨੂੰ ਕਿੰਨੀ ਨਫ਼ਰਤ ਕਰਦਾ ਏ
    ਉਹਦੇ ਚਾਹੁਣ ਨਾਲ ਹੀ ਉਹਦੇ ਨਾਲ ਕਿਸੇ ਨੂੰ ਵੀ
    ਉਹਦੇ ਲਈ ਬਰਾਬਰ ਦੀ ਨਫ਼ਰਤ ਨਾਲ ਪਿਆਰ
    ਤੇ ਪਿਆਰ ਦੇ ਸਾਵੀਂ ਨਫ਼ਰਤ ਕਰਨੀ ਪੈ ਸਕਦੀ ਏ
    ਨਾ ਚਾਹੁੰਦਿਆਂ ਹੋਇਆਂ ਵੀ ਆਪਣੇ ਬੱਚਿਆਂ ਨੂੰ
    ਅ ਤੋਂ ਅਮਰੀਕਾ ਤੇ ਬ ਤੋਂ ਬ੍ਰਿਟੇਨ
    ਇਹ ਵਰਣਮਾਲਾ ਪੜ੍ਹਾਉਂਦਿਆਂ ਵੀ ਲਾਚਾਰ ਹੋਣਾ ਪੈ ਸਕਦਾ ਏ
ਮਜ਼ੇ ਮਜ਼ੇ 'ਚ ਉਹ ਜਦੋਂ ਚਾਹੇ ਪੈਂਟਾਗਨ ਦੀ ਆਪਣੀ ਇਕ ਅਜੇਹੀ ਕਾਰ
ਜਿਹਦੇ ਵਿਚ ਦੋਸਤ ਦੇ ਦੁਸ਼ਮਣ
ਦੋਵੇਂ ਤਰ੍ਹਾਂ ਬਰਾਬਰ ਨਿਕਲਣ ਦੀ ਸਹੂਲਤ ਏ
ਆਪਣੀ ਮੁੱਛ ਮਰੋੜਾ ਦਿੰਦਿਆਂ ਬਾਹਰ ਕੱਢ ਸਕਦਾ ਏ
ਉਹ ਆਪਣੇ ਹੀ ਦੁਸ਼ਮਣ ਨੂੰ ਮਾਰਨ ਲਈ
ਆਪਣੀ ਗੇਂਦ ਲੱਭਦੇ ਕਿਸੇ ਜ਼ਿੱਦੀ ਬੱਚੇ ਵਾਂਗ
ਕਿਸੇ ਵੀ ਮੁਲਕ ਨੂੰ ਹੰਗਾਲ ਸਕਦਾ ਏ
ਉਹ ਵਾਰਿਸਾਂ ਨੂੰ ਹੀ
ਆਪਣੀ ਵਿਰਾਸਤ ਲੁੱਟਣ ਲਈ ਉਕਸਾਅ ਸਕਦਾ ਏ
ਉਹ ਵੀਅਤਨਾਮ ਨੂੰ ਆਪਣੇ ਸਿਰ ਵਾਂਗ ਖੁਰਕ ਸਕਦਾ ਏ
ਕੰਬੋਡੀਆ ਨੂੰ ਬਰਤਾਨੀਆ ਵਾਂਗੂ ਨੋਚ ਸਕਦਾ ਏ
    ਉਹ ਆਪਣੇ ਇਤਿਹਾਸ ਪੂਰੀ ਦੁਨੀਆਂ 'ਚ
    ਮੁੱਖ ਇਤਿਹਾਸ ਵਾਂਗ ਸੰਭਾਲਣ

ਤੇ ਬਾਕੀ ਦੁਨੀਆਂ ਨੂੰ ਆਪਣੇ ਆਪਣੇ ਇਤਿਹਾਸ ਨੂੰ
ਉਪ-ਇਤਿਹਾਸ ਵਾਂਗ ਮੰਨਣ ਦੀ ਹਿਦਾਇਤ ਦੇ ਸਕਦਾ ਏ
ਆਪਣੇ ਦੇਸ਼ ਵਾਸੀਆਂ ਦੇ ਨਾਲ ਨਾਲ
ਆਪਣੇ ਹਥਿਆਰਾਂ ਦੀਆਂ ਬਾਹਾਂ ਚੜ੍ਹਾਉਂਦਿਆਂ
ਹੋਰਨਾਂ ਮੁਲਕਾਂ ਨੂੰ ਵੀ ਕਹਿ ਸਕਦਾ ਏ
ਜੋ ਜੰਗ ਵਿਚ ਮੇਰੇ ਨਾਲ ਨਹੀਂ ਹਨ
ਉਹ ਇਤਿਹਾਸ ਵਿਚ ਵੀ ਮੇਰੇ ਨਾਲ ਨਹੀਂ ਹੋਣਗੇ
ਤੇ ਮੇਰੇ ਬਿਨਾਂ
ਦੁਨੀਆਂ ਦਾ ਇਤਿਹਾਸ ਵੀ ਕੀ ਇਤਿਹਾਸ ਏ
ਅਮਰੀਕਾ ਦਾ ਰਾਸ਼ਟਰਪਤੀ ਹੋਣ ਦੀਆਂ ਜਿੰਨੀਆਂ ਮੌਜਾਂ ਨੇ
ਉਹ ਦੁਨੀਆਂ ਦੇ ਕਿਸੇ ਹੋਰ ਰਾਸ਼ਟਰਪਤੀ ਹੋਣ ਵਿਚ ਨਹੀਂ
ਤੁਸੀਂ ਹੋ ਜਾਓ ਕਿਸੇ ਦੇਸ਼ ਦੇ ਰਾਸ਼ਟਰਪਤੀ
ਤੁਹਾਡੇ ਰਾਸ਼ਟਰਪਤੀ ਹੋਣ ਦਾ ਕੀ ਅਰਥ ਏ
ਕਿ ਜਦੋਂ ਤੁਹਾਡੇ ਬੋਝੇ ਡਾਲਰਾਂ ਨਾਲ ਭਰੇ ਹੋਏ ਨਾ ਹੋਣ
ਇਸ ਮਾਮਲੇ ’ਚ ਇਕ ਅਮਰੀਕੀ ਰਾਸ਼ਟਰਪਤੀ ਹੀ ਏ
ਜਿਹਦੀ ਜੇਬ ਖਾਲੀ ਹੋਣ ਦੀ ਹੱਦ ਤੱਕ
ਡਾਲਰਾਂ ਨਾਲ ਭਰੀ ਰਹਿੰਦੀ ਏ
ਆਪਣੇ ਕੋਟ ਦੀਆਂ ਜੇਬਾਂ ’ਚ ਭਰੇ ਡਾਲਰਾਂ ਦੀ
ਮਜ਼ੇਦਾਰ ਖੇਡ ਵਿਚ
ਉਹ ਏਨਾ ਮਾਹਿਰ ਹੁੰਦਾ ਏ ਕਿ ਉਹਦੇ ਸੱਜੀ ਜੇਬ ’ਚੋਂ
ਖੱਬੇ ਪਾਸੇ ਡਾਲਰ ਸੁੱਟਦਿਆਂ ਹੀ
ਇਰਾਕ ਹੋ ਜਾਂਦਾ ਏ ਤੇ ਖੱਬੀ ਜੇਬ ’ਚੋਂ ਕੱਢ ਕੇ
ਸੱਜੇ ਪਾਸੇ ਉਛਾਲਦਿਆਂ ਹੀ ਡਾਲਰ ਅਫਗਾਨ ਹੋ ਜਾਂਦਾ ਏ
ਉਹ ਯੂਰੋ ਨੂੰ ਪੁਚਕਾਰਦਾ ਏ
ਤੇ ਉਹਨੂੰ ਵਾਧੂ ਨਾ ਭੁੜਕਣ ਦੀ ਸਲਾਹ ਦੇਂਦਾ ਏ
ਤੇ ਡਾਲਰ ਦੇ ਕੰਨ ਵਿਚ
ਧੀਰਜ ਰੱਖਣ ਲਈ ਫੁਸਫਸਾਉਂਦਾ ਏ
ਅਮਰੀਕਾ ਦਾ ਰਾਸ਼ਟਰਪਤੀ
ਬਸ ਅਮਰੀਕਾ ਦਾ ਰਾਸ਼ਟਰਪਤੀ ਹੋਣ ਕਰਕੇ
ਏਨੀਆਂ ਮੌਜਾਂ ’ਚ ਵਿਖਾਈ ਦੇਂਦਾ ਏ
ਕਿ ਉਹਦੇ ਰਗੜਨ ਨਾਲ ਅਕਸਰ
ਲਾਲ ਹੋ ਜਾਂਦੀਆਂ ਅੱਖਾਂ ’ਚ ਲਗਾਤਾਰ
ਕਿਰਕਿਰੀ ਵਾਂਗ ਚੁਭਦਾ
ਕਿਊਬਾ ਕਿਸੇ ਨੂੰ ਦਿਸਦਾ ਈ ਨਹੀਂ।

**— ਪਵਨ ਕਰਣ**
**ਪੰਜਾਬੀ ਰੂਪ : ਏਕਮ**



# ਨੱਕ ਚੋਚੋ

ਦੇਖੋ ਤਾਂ ਇਸ ਨੱਕ ਚੜ੍ਹੀ ਨੂੰ,
ਬੂ ਮਾਰਨ ਲੱਗ ਪਏ ਸਨੇਹੀ।

ਅੱਜ ਅਮਰੀਕਾ ਤੋਂ ਆਈ,
ਅੱਧਖੜ ਬੀਬੀ ਨੂੰ ਘਿਣ ਆਉਂਦੀ ਏ,
ਘਿਣ ਉਸ ਝੱਲ ਤੋਂ,
ਪਿਆਰ ’ਚ ਇਸਦੇ ਜੋ ਛੁੱਟਦਾ ਏ,
ਹਰ ਉਸ ਗੱਲ ਤੋਂ,
ਜਿਸ ਵਿੱਚ ਇਸਦੀ ਸਿਫ਼ਤ ਨਹੀਂ ਏ।

ਸੁਰਖ਼ ਲਿਪਸਟਿਕ ਦੀ ਤਹਿ ਹੇਠ,
ਲੁਕੀ ਨਫ਼ਰਤ ਦੀ ਖੁਸ਼ਕ-ਲਬੀ ਏ,
ਪਿੰਡੇ ’ਤੇ ਮੜ੍ਹਿਆ ਸੋਨਾ ਏ,
ਚਰਬੀ ’ਤੇ ਹੈ ਚਰਬੀ,
ਚਰਬੀ ਲੰਘਾਏ,
ਕਿਸੇ ਵੀ ਰਿਸ਼ਤੇਦਾਰ ਤੋਂ,
ਇਸਦਾ ਦੇਣ ਨਾ ਦੇ ਹੋਣਾ ਏ।

ਡੋਰਾਂ, ਬੁੱਕਾਂ, ਵੀਕਾਂ,
ਅੱਜ ਅਮਰੀਕਾ ਤੋਂ ਆਈ,
ਅਨਪੜ੍ਹ ਬੀਬੀ ਨੂੰ ਸਭ ਆਉਂਦਾ ਏ,
ਹੁਣ ਇਸਦੇ ਵਾਲਾਂ ’ਚੋਂ,
ਗੋਹਾ ਨਹੀਂ ਚੋਂਦਾ।

ਮੁੜ੍ਹਕੇ ਸੰਗ ਨੁੱਚੜਦੇ ਕੱਪੜੇ, ਸੁੱਟ ਆਈ ਏ।
ਹੁਣ ਤਾਂ ਆਉਂਦੀ ਸਾਰ ਹੀ ਉਸਨੇ
ਸੈਂਟਾਂ ਦੀ ਛਹਿਬਰ ਲਾਈ ਏ।

ਹੁਣ ਇਸ ਦੇ ਨਹੁੰਆ ਵਿੱਚ ਫਸਿਆ,
ਗੰਦ ਨਹੀਂ,
ਮੋਟੀਆਂ ਪੀਲੀਆਂ ਪਰਤਾਂ ਕੱਜੇ ਦੰਦ ਨਹੀਂ,
ਹੁਣ ਤਾਂ ਮੈਚਿੰਗ,

ਨਹੁੰ-ਪਾਲਿਸ਼ ਲਾਉਂਦੀ ਏ,
ਬੀੜ ਦੰਦਾ ਦੀ,
ਮੋਤੀਆਂ ਦੀ ਦੱਸ ਪਾਉਂਦੀ ਏ।

ਇੱਥੇ ਹੁੰਦੀ ਨੱਕ ਚੋਚੋ ਜੱਫੀਆਂ ਪਾਉਂਦੀ ਸੀ,
ਅੱਜ ਅਚਾਨਕ ਬੂ ਮਾਰਨ ਲੱਗ ਪਏ ਸਨੇਹੀ,
ਚਲ ਕੁੜੇ ਚੱਲੀਏ,
ਇਸ ਨੱਕ ਚੜ੍ਹੀ ਦੀ ਏਹੀ-ਤੇਹੀ।

**— ਪ੍ਰੇਮ ਸਾਹਿਲ**



# ਦੀਵਾ ਬਾਲ ਪੰਜਾਬੀ ਦਾ

ਸੱਤ ਸਮੁੰਦਰ ਪਾਰ ਤੂੰ ਕਰਕੇ, ਛੱਡ ਚੱਕਰ ਮਾਲ ਦੁਆਬੀ ਦਾ,
ਭੁੱਲ ਕੇ ਭੈਣ ਭਰਾਵਾਂ ਤੱਕ ਤੂੰ, ਦੀਵਾ ਬਾਲ ਪੰਜਾਬੀ ਦਾ।
ਸੱਤ ਸਮੁੰਦਰ ਪਾਰ ਤੂੰ ਕਰਕੇ.........
ਤੂੰ ਦੀਵਾ ਬਾਲ ਪੰਜਾਬੀ ਦਾ.........
ਕੀ 'ਮੋਤਾ ਸਿੰਘ' ਕੀ 'ਕੁਲਵਿੰਦਰ' ਚਾਹੇ ਸਾਰੇ ਸਰਾਏ ਨੇ,
ਪੰਜਾਬੀ ਦੀਵਾ ਬਾਲਣ ਦੇ ਵਿਚ, ਸਭ ਤੋਂ ਅੱਗੇ ਆਏ ਨੇ।
ਮਾਂ ਬੋਲੀ ਨੂੰ ਲਾ-ਲਾ ਸੀਨੇ, ਕੰਮ ਚੱਕਤਾ ਵੇਖ ਨਵਾਬੀ ਦਾ,
ਸੱਤ ਸਮੁੰਦਰ ਪਾਰ ਤੂੰ ਕਰਕੇ.........
ਤੂੰ ਦੀਵਾ ਬਾਲ ਪੰਜਾਬੀ ਦਾ.........
ਨਾ ਕੋਈ ਇਸ ਵਿਚ 'ਤਾਹਿਰ ਮਹਿਮੂਦ' ਨਾ ਕੋਈ ਵਿਚ ਅਟਵਾਲ ਏ,
ਨਾ ਕੋਈ ਇਸ ਵਿਚ 'ਸਵਰਨ ਕੌਰ' ਹੈ, ਸਭ ਦਾ ਇਹੋ ਸਵਾਲ ਏ।
ਸੱਤ ਸਮੁੰਦਰ ਪਾਰ ਤੂੰ ਕਰਕੇ.........
ਤੂੰ ਦੀਵਾ ਬਾਲ ਪੰਜਾਬੀ ਦਾ.........
ਕੀ ਕੈਨੇਡਾ, ਕੀ ਅਮਰੀਕਾ, ਚਾਹੇ ਲਹਿੰਦਾ ਹੀ ਪੰਜਾਬ ਏ,
ਕੀ ਜਰਮਨ ਤੇ ਕੀ ਕੈਨੇਡਾ, ਚਾਹੇ ਚੜ੍ਹਦਾ ਹੀ ਪੰਜਾਬ ਏ।
"ਪੰਜਾਬੀ ਸੱਥ" ਨੂੰ ਰੋਸ਼ਨ ਕਰ ਦਿਓ, ਇਹ ਕੰਮ ਰੂਹਾਨੀ ਚਾਬੀ ਦਾ,
ਸੱਤ ਸਮੁੰਦਰ ਪਾਰ ਤੂੰ ਕਰਕੇ.........
ਤੂੰ ਦੀਵਾ ਬਾਲ ਪੰਜਾਬੀ ਦਾ.........
"ਸੰਸਾਰਪੁਰੀ" ਨਾ ਦਰ-ਦਰ ਰੁੱਲ ਜਾਈਂ, ਐਥੇ ਯਾਰ ਸੁਹਾਏ ਨੇ,
ਕੋਈ ਚਾਹੇ ਆਇਆ ਵਿਚ ਕੈਨੇਡੋ, 'ਪੰਜਾਬੀ ਸੱਥ' ਦੇ ਜਾਏ ਨੇ।
ਪਿਆਰ ਦਾ ਬਾਲਣ ਰੂਹ ਵਿਚ ਭਰ ਕੇ, ਹਰ ਕੰਮ ਕਰ ਹਿਸਾਬੀ ਦਾ,
ਸੱਤ ਸਮੁੰਦਰ ਪਾਰ ਤੂੰ ਕਰਕੇ.........
ਤੂੰ ਦੀਵਾ ਬਾਲ ਪੰਜਾਬੀ ਦਾ.........

**—ਪੌਲ ਸੰਸਾਰਪੁਰੀ**
**ਓ.ਪੀ.ਡੀ. ਮੈਨੇਜਰ**
**ਸੀ.ਐਮ.ਸੀ. ਹਸਪਤਾਲ, ਲੁਧਿਆਣਾ - 141008**
**ਫੋਨ : 98559 60378**

# ਕਿਧਰੇ ਨਾ ਪੈਂਦੀਆਂ ਦੱਸਾਂ

ਕਿਧਰੇ ਨਾ ਪੈਂਦੀਆਂ ਦੱਸਾਂ–
ਵੇ ਪਰਦੇਸੀਆ ਤੇਰੀਆਂ।

ਕਾਗ ਉਡਾਵਾਂ ਸ਼ਗਨ ਮਨਾਵਾਂ,
ਵਗਦੀ ਵਾ ਦੇ ਤਰਲੇ ਪਾਵਾਂ,
ਤੇਰੀ ਯਾਦ ਆਵੇ ਤਾਂ ਰੋਵਾਂ,
ਤੇਰਾ ਜ਼ਿਕਰ ਆਵੇ ਤਾਂ ਹੱਸਾਂ,
ਕਿਧਰੇ ਨਾ ਪੈਂਦੀਆਂ ਦੱਸਾਂ–
ਵੇ ਪਰਦੇਸੀਆ ਤੇਰੀਆਂ।

ਦਰਦ ਨਾ ਦੱਸਾਂ ਘੁਲਦੀ ਜਾਵਾਂ,
ਰਾਜ਼ ਨਾ ਖੋਲ੍ਹਾਂ ਮੁਕਦੀ ਜਾਵਾਂ,
ਕਿਸ ਨੂੰ ਦਿਲ ਦੇ ਦਾਗ ਵਿਖਾਵਾਂ,
ਕਿਸ ਦਰ ਅੱਗੇ ਝੋਲੀ ਡਾਹਵਾਂ,
ਵੇ ਮੈਂ ਕਿਸ ਦਾ ਦਾਮਨ ਖੱਸਾਂ ?
ਕਿਧਰੇ ਨਾ ਪੈਂਦੀਆਂ ਦੱਸਾਂ–
ਵੇ ਪਰਦੇਸੀਆ ਤੇਰੀਆਂ।

ਸ਼ਾਮ ਉਡੀਕਾਂ ਫ਼ਜਰ ਉਡੀਕਾਂ,
ਆਖੇ ਤਾਂ ਸਾਰੀ ਉਮਰ ਉਡੀਕਾਂ,
ਆਂਢ ਗੁਆਂਢ ਦੀਵੇ ਬਲਦੇ,
ਰੱਬਾ ਸਾਡਾ ਚਾਨਣ ਘੱਲਦੇ,
ਜੱਗ ਵਸਦਾ ਏ ਮੈਂ ਵੀ ਵੱਸਾਂ,
ਕਿਧਰੇ ਨਾ ਪੈਂਦੀਆਂ ਦੱਸਾਂ–
ਕਿਧਰੇ ਨਾ ਪੈਂਦੀਆਂ ਦੱਸਾਂ–=
ਵੇ ਪਰਦੇਸੀਆ ਤੇਰੀਆਂ।

**— ਫੈਜ਼ ਅਹਿਮਦ ਫੈਜ਼**
(ਲਹਿੰਦਾ ਪੰਜਾਬ)



# ਪ੍ਰਦੇਸੀ ਦੀ ਯਾਦ

ਕਦੇ ਕੋਠੇ ਉੱਤੇ ਚੜ੍ਹਕੇ,
ਕਦੇ ਵਿਚ ਦਰਾਂ ਦੇ ਖੜ੍ਹ ਕੇ,
ਕਦੇ ਤੜਕੇ ਉੱਠ ਕੁਰਲਾਉਂਦੀ ਐ।
ਤੇਰੀ ਹੂਰ ਢੋਲਣਾ,
ਤੈਨੂੰ ਹੁਣ ਮਿਲਣਾ ਚਾਹੁੰਦੀ ਐ।
　　ਮੇਰਾ ਰੰਗਲਾ ਚੂੜਾ ਸੱਦਦਾ,
　　ਬਿਨ ਤੇਰੇ ਜੀ ਨਹੀਂ ਲੱਗਦਾ,
　　ਕੀ ਖੇਡ ਰਚਾਈ ਲੇਖਾਂ ਨੇ,
　　ਮੈਨੂੰ ਇਹ ਸਮਝ ਨਾ ਆਉਂਦੀ ਐ।
　　ਤੇਰੀ ਹੂਰ ਢੋਲਣਾ....
ਮੇਰੀ ਤੜਫੇ ਜਿੰਦ ਨਿਮਾਣੀ,
ਕੀ ਕਦਰ ਬੇਕਦਰਾ ਜਾਣੀ,
ਤੂੰ ਪੌਂਡਾਂ ਦੇ ਵਿਚ ਉਲਝ ਗਿਆ,
ਮੈਨੂੰ ਤੇਰੀ ਯਾਦ ਸਤਾਉਂਦੀ ਐ।
ਤੇਰੀ ਹੂਰ ਢੋਲਣਾ....
　　ਸੱਜਣਾ ਬਿਨ ਰੁਲ਼ੇ ਜਵਾਨੀ ਵੇ,
　　ਛਾਈ ਹੈ ਘੋਰ ਵਿਰਾਨੀ ਵੇ,
　　ਰੁੱਤ ਜੋਬਨ ਚਾਰ ਦਿਹਾੜੇ ਵੇ,
　　ਇਹ ਵਾਰ ਵਾਰ ਨਾ ਆਉਂਦੀ ਐ।
　　ਤੇਰੀ ਹੂਰ ਢੋਲਣਾ....
ਮੈਨੂੰ ਪੁੱਛਦਾ 'ਬਾਠਾਂ ਵਾਲਾ',
ਕੋਈ ਲਗਦੈ ਘਾਲਾ ਮਾਲਾ,
ਸੁਣ ਸੁਣ ਕੇ ਮਿਹਣੇ 'ਬੀਰੂ' ਦੇ,
ਇਹ ਜਿੰਦ ਬੜਾ ਘਬਰਾਉਂਦੀ ਐ।
ਤੇਰੀ ਹੂਰ ਢੋਲਣਾ...

**— ਬੀਰੂ ਬਾਠਾਂ ਵਾਲਾ (ਨਕੋਦਰ)**
ਫੋਨ : 98151-66075

# ਉਹ ਖ਼ਤ ਜਿਹੜਾ ਕਦੀ ਪਾਇਆ ਨਹੀਂ

ਬਾਬਲਾ ਤੂੰ ਦਿਲ ਦਾ ਟੁਕੜਾ 'ਧੀ' ਵਿਚ ਪ੍ਰਦੇਸਾਂ ਦੇ ਵਿਆਹ ਬੈਠਾ
ਫੁੱਲ ਤੂੰ ਲੱਭਦਾ ਉਹਦੇ ਲਈ, ਕੰਡੇ ਝੋਲੀ ਪਾ ਬੈਠਾ
ਕੀ ਦੱਸਾਂ ਕੀ ਆਖ ਸੁਣਾਵਾਂ, ਤੈਨੂੰ ਬਾਬਲਾ ਦੁੱਖ ਪ੍ਰਦੇਸਾਂ ਦੇ
ਏਥੇ ਉਹ ਆਪਣੇ ਵੀ ਬੈਗਾਨੇ ਹੋ ਜਾਂਦੇ ਜਿਹੜੇ ਹੁੰਦੇ ਦੇਸਾਂ ਦੇ
ਵਿਆਹ ਦੇ ਵੇਲੇ ਹੋਰ ਤੇ ਏਥੇ ਗੱਲਾਂ ਹੋਰ ਨੇ
ਵੇਟਰ ਦਾ ਕੰਮ ਕਰਦਾ ਜਿਹੜਾ ਕਹਿੰਦਾ ਸੀ ਸਾਡੇ ਕੈਨੇਡਾ ਟੌਅਰ ਨੇ
ਕਹਿੰਦੇ ਸੀ ਧੀ ਤੇਰੀ ਬਾਬਲਾ ਏਥੇ ਰਾਜ ਕਰੂ
ਤੂੰ ਕੀ ਜਾਣਦਾ ਸੀ ਬਾਬਲਾ ਰੋ ਰੋ ਹੰਝੂਆਂ ਦੇ ਬੁੱਕ ਭਰੂ
ਸਾਰੇ ਦੇ ਸਾਰੇ ਜੀ ਜਾਂਦੇ ਕੰਮ ਤੇ, ਬਾਹਰੋ ਤਾਲਾ ਲਾਂਦੇ
ਆਂਢ ਗੁਆਂਢ ਨੂੰ ਮੇਰੇ ਤੇ ਪਹਿਰੇਦਾਰ ਬਿਠਾ ਜਾਂਦੇ
ਮਾਰਨਾ ਕੁੱਟਣਾ ਰੋਜ ਦਾ ਕੰਮ, ਕੀ ਸਾਰ ਸੁਣਾਵਾਂ ਵੇ
ਐਸੀ ਜ਼ਿੰਦਗੀ ਤੋਂ ਤਾਂ ਬਾਬਲਾ ਮੈਂ ਮਰ ਜਾਵਾ ਵੇ
ਧਮਕੀ ਦਿੰਦੇ ਵਾਪਸ ਭੇਜਣ ਦੀ, ਇੱਜ਼ਤ ਤੇਰੀ ਖਾਤਿਰ ਮੈਂ ਚੁੱਪ ਕਰ ਬਹਿਨੀ ਆਂ
ਬਾਬਲਾ ਇੱਜ਼ਤ ਤੇਰੀ ਨਾ ਘੱਟੇ ਮੈਂ ਇਥੇ ਸਭ ਦੁੱਖ ਸਹਿਨੀ ਆਂ
ਹੋਰ ਤੇ ਹੋਰ ਬਾਬਲਾ ਉਹ ਏਥੇ ਮੇਮ ਨਾਲ ਵਿਆਇਆ ਹੈ
ਉਹ ਵੀ ਇਸੇ ਘਰ ਹੀ ਰਹਿੰਦੀ, ਮੈਂ ਕੀ ਸੁੱਖ ਪਾਇਆ ਹੈ
ਮੈਂ ਬਾਬਲਾ ਸਹਿਮੀ ਸਹਿਮੀ ਜਿਹੀ ਰਹਿੰਦੀ ਆਂ
ਰੋਜ਼ ਤੈਨੂੰ ਖਤ ਲਿਖਦੀ, ਰੋਜ਼ ਪਾੜ ਬਹਿੰਦੀ ਆਂ
ਅੱਛਾ ਬਾਬਲਾ ਮੇਰੇ ਕਰਮ ਮੇਰੇ ਨਾਲ ਹੀ ਜਾਣਗੇ
ਕਦ ਤੱਕ ਬਾਬਲਾ ਇਹ ਸਾਡੇ ਦੇਸ਼ੋਂ ਕੁੜੀਆਂ ਵਿਆਹ ਕੇ ਲਿਆਣਗੇ।
ਕੌਣ ਕਰੇ ਆਵਾਜ਼ ਬੁਲੰਦ ਕੌਣ ਸਿਰ ਉਠਾਊਗਾ
ਕੌਣ ਲੜੂ ਸਾਡੇ ਹੱਕ ਦੀ ਖਾਤਿਰ, ਕੌਣ ਇਹ ਜ਼ੁਲਮ ਹਟਾਊਗਾ
ਆਖਰੀ ਬੇਨਤੀ ਬਾਬਲਾ ਰੋਜ਼ ਦੀ ਤਰ੍ਹਾਂ ਮੈਂ ਕਰਾਂ
ਧੀਆਂ ਤੋਰਨ ਲੱਗਿਆਂ ਲਾੜੇ ਦਾ ਕਰ ਲਿਆ ਕਰੋ ਪਤਾ
ਏਸੇ ਦੇ ਨਾਲ ਹੀ ਖੱਤ ਲਿਖ ਕੇ ਪਾੜਦੀ ਹਾਂ
ਪੜ ਨਾ ਲਵੇ ਕੋਈ ਸਬੂਤ ਮਿਟਾਉਣ ਲਈ ਸਾੜਦੀ ਹਾਂ

**— ਭੁਪਿੰਦਰ ਸਿੰਘ (ਬੌਬੀ)**
**ਫੋਨ : 98552-38072**



# ਅੱਕ ਚੱਬਣਾ

ਮੈਂ ਕਦੀ ਨਹੀਂ ਸੀ ਚਾਹਿਆ
ਆਪਣੇ ਜਿਗਰ ਦੇ ਟੋਟੇ ਨੂੰ
ਅੱਖਾਂ ਦੇ ਰਾਜ ਦੁਲਾਰੇ ਨੂੰ
ਵਿਦੇਸ਼ ਭੇਜਣਾ
ਤੇ ਅੱਖਾਂ ਤੋ ਪਰੇ ਕਰਨਾ।

ਪਰ ਗਿਰਵੀ ਰੱਖੇ ਘਰ ਨੂੰ
ਛੁਡਾਣ ਖਾਤਰ
ਆਪਣੇ ਪਤੀ ਸਿਰ ਚੜ੍ਹੇ
ਲੱਖਾਂ ਦੇ ਕਰਜੇ ਤੋਂ।

ਸੁਰਖ਼ਰੂ ਹੋਣ ਖਾਤਰ,
ਤੇ ਆਪਣੀ ਇੱਕੋ ਇਕ
ਜਵਾਨ ਧੀ ਦਾ
ਵਿਆਹ ਕਰਨ ਖਾਤਰ,
ਮੈਨੂੰ ਇਹ ਅੱਕ
ਚੱਬਣਾ ਹੀ ਪੈਣਾ ਸੀ।
ਚਬੱਣਾ ਹੀ ਪੈਣਾ ਸੀ।

**— ਮਹਿੰਦਰ ਮਾਨ**
**ਪਿੰਡ ਤੇ ਡਾ. ਰਕੱੜਾਂ ਢਾਹਾ**
**ਜ਼ਿਲ੍ਹਾ ਨਵਾਂ ਸ਼ਹਿਰ 144526**

# ਪਾਟਿਆ ਬਾਦਵਾਨ

ਆਪਣੇ ਭਰਮ ਨੂੰ ਆਪ ਹੀ ਪਲ ਵਿਚ ਗਵਾ ਲਿਆ।
ਸੂਰਜ ਦੇ ਦਾਅਵੇਦਾਰ ਨੇ ਜੁਗਨੂੰ ਚੁਰਾ ਲਿਆ।
ਓਦੋਂ ਸ਼ਨਾਖ਼ਤਾਂ ਦਾ ਕੀ ਕਹਿਣਾ ਸਵਾਲ ਸੀ,
ਜਦ ਸ਼ੀਸ਼ਿਆਂ ਦੀ ਆਬ ਨੂੰ ਸੂਰਜ ਨੇ ਖਾ ਲਿਆ।

ਰੱਖਿਆ ਬਹਾਲ ਨ੍ਹੇਰ ਵਿਚ ਚਾਨਣ ਦਾ ਸਿਲਸਿਲਾ,
ਦੀਵਾ ਜਲਾ ਲਿਆ, ਕਦੀ ਅੱਥਰੂ ਜਲਾ ਲਿਆ।
ਸਾਹਵਾਂ ਦੇ ਮੁੱਖ 'ਤੇ ਫੈਲੀਆਂ ਕੁਝ ਹੋਰ ਜ਼ਰਦੀਆਂ,
ਮਕਤਲ ਨੂੰ ਸਜਦਾਗਾਹ ਸੀ ਜਦ ਮੈਂ ਬਣਾ ਲਿਆ।

ਮੁਨਸਫ਼ ਦੀ ਮੁਨਸਫ਼ੀ ਨਿਰੀ ਖੇਡ ਬਣ ਗਈ,
ਜ਼ੁਰਅਤ ਮੇਰੀ ਦਾ ਮਸਲਾ ਜ਼ਾਤੀ ਬਣਾ ਲਿਆ।
ਪਾਟਾ ਹੈ ਬਾਦਬਾਨ ਵੀ ਤੂਫ਼ਾਨ ਵੀ ਏ ਤੇਜ਼,
ਫਿਰ ਵੀ ਸਫ਼ਰ ਦੇ ਵਾਸਤੇ ਲੰਗਰ ਉਠਾ ਲਿਆ।

ਲੱਗਾ ਸੀ ਸੇਕ ਮੋਮ ਦੇ ਪੁਤਲੇ ਨੂੰ ਜਿਸ ਘੜੀ,
ਸੂਰਜ ਦੇ ਨਾਲ ਓਸ ਨੇ ਮੱਥਾ ਸੀ ਲਾ ਲਿਆ।
ਆਪੇ ਈ ਆਪਣੇ ਜਾਲ ਵਿਚ ਆ ਕੇ ਉਹ ਫਸ ਗਿਆ,
ਮੈਂ ਤੇ ਬਥੇਰਾ ਓਸ ਨੂੰ 'ਮਸਊਦ' ਟਾਲਿਆ।

**— ਮਸਊਦ ਚੌਧਰੀ**
**ਮ. ਨੰ. 38, ਗਲੀ ਨੰ. 45,**
**ਸੰਤ ਨਗਰ, ਲਾਹੌਰ, ਪਾਕਿਸਤਾਨ।**



# ਹਾਏ ਕੈਨੇਡਾ

### (ੳ) ਮਾਂ ਦੀ ਧੀ ਨੂੰ ਸਿੱਖਿਆ

ਤੈਥੋਂ ਤਿੱਗਣੀ ਉਮਰ ਦਾ ਹੈ ਭਾਵੇਂ,
ਲੱਭ ਦਿੱਤਾ ਕੈਨੇਡਾ ਦਾ ਵਰ ਧੀਏ।
ਲੰਮੀ ਉਮਰ ਹੋਵੇ ਰੱਬ ਭਾਗ ਲਾਵੇ,
ਖੁਸ਼ੀ ਖੁਸ਼ੀ ਜਾਹ ਆਪਣੇ ਘਰ ਧੀਏ।
ਜਦੋਂ ਤੱਕ ਨਾ ਉਪਰਲੀ ਮੋਹਰ ਲੱਗੇ,
ਸਭ ਕੁਝ ਖਿੜੇ ਮੱਥੇ ਜਾਵੀਂ ਜਰ ਧੀਏ।
ਸਿਟੀਜ਼ਨ ਜਦੋਂ ਕੈਨੇਡਾ ਦੀ ਤੂੰ ਬਣ ਗਈ,
ਟੁੰਡੀ-ਲਾਟ ਦਾ ਫੇਰ ਨਾ ਡਰ ਧੀਏ।
ਆਪਣੇ ਵੀਰ ਲਈ ਉਧਰੋਂ ਕੁੜੀ ਲੱਭ ਕੇ,
ਖੋਲ੍ਹੀਂ ਇਹਦਾ ਵੀ ਬਾਹਰ ਦਾ ਦਰ ਧੀਏ।
ਸਾਡਾ ਹੀਲਾ-ਵਸੀਲਾ ਵੀ ਕਰੀਂ ਛੇਤੀਂ,
ਏਧਰ ਸਹਿਕਦੇ ਨਾ ਜਾਈਏ ਮਰ ਧੀਏ।
ਜੇਕਰ ਨਾਲ ਸਕੀਮ ਦੇ ਕੰਮ ਕਰੀਏ,
ਲਕੜੀ ਨਾਲ ਜਾਂਦਾ ਲੋਹਾ ਤਰ ਧੀਏ।
ਜੀ ਚਾਹੇ ਜਾਂ ਭੜੂਏ ਨੂੰ ਛੱਡ ਦੇਵੀਂ,
ਭਲਾ 'ਸਾਦਿਕ' ਕੀ ਲਊਗਾ ਕਰ ਧੀਏ।

### (ਅ) ਮਾਂ ਦਾ ਗਾਇਕ ਅੱਗੇ ਤਰਲਾ

ਮੇਰੇ ਪੁੱਤ ਨੂੰ ਬੇਟਾ ਦਲੇਰ ਮਹਿੰਦੀ,
ਚੀਨਾ ਕਬੂਤਰ ਬਣਾ ਕੇ ਲੈ ਜਾਹ ਵੇ।
ਸਿੱਖ ਲਿਆ ਹੈ ਭੰਗੜਾ ਖੂਬ ਇਸ ਨੇ,
ਆਪਣੇ ਨਾਲ ਨਚਾ ਕੇ ਲੈ ਜਾਹ ਵੇ।
ਥੋੜ੍ਹਾ ਬਹੁਤ ਮੂੰਹ ਗਾਉਣ ਨੂੰ ਮਾਰ ਲੈਂਦਾ,

ਬਾਕੀ ਆਪ ਸਿਖਾ ਕੇ ਲੈ ਜਾਹ ਵੇ।
ਕੋਈ ਸਾਜ਼ ਫੜਾ ਕੇ ਲੈ ਜਾਹ ਵੇ,
ਜਾਂ ਸਾਜ਼ਾ ਵਿਚ ਛੁਪਾ ਕੇ ਲੈ ਜਾਹ ਵੇ।
ਦਿਨ ਰਾਤ ਤਰੱਕੀਆਂ ਕਰੇਂ ਸ਼ੇਰਾ,
ਇਹਨੂੰ ਹੱਥ ਫੜਾ ਕੇ ਲੈ ਜਾਹ ਵੇ।
ਜਿਵੇਂ ਹੋਰਨਾਂ ਨੂੰ ਬੰਨੇ ਲਾ ਦਿੱਤਾ,
ਇਹਨੂੰ ਪਾਰ ਲੰਘਾ ਕੇ ਲੈ ਜਾਹ ਵੇ।
ਪਹਿਲੇ ਪੂਰ ਵਿਚ ਲਿਖ ਲੈ ਨਾਮ ਇਹਦਾ,
ਜਲਦੀ ਜਹਾਜ਼ ਚੜ੍ਹਾ ਕੇ ਲੈ ਜਾਹ ਵੇ।
ਮੇਰਾ 'ਸਾਦਿਕ' ਕੈਨੇਡਾ 'ਚ ਪਹੁੰਚ ਜਾਵੇ,
ਭਾਵੇਂ ਬੋਰੀ ਵਿਚ ਪਾ ਕੇ ਲੈ ਜਾਹ ਵੇ।

**— ਮਨੋਹਰ 'ਸਾਦਿਕ', ਮਾਲੜੀ।**
**ਫੋਨ : 94632-52322**



# ਮੇਰੇ ਵਤਨਾਂ ਦੀ ਮਿੱਟੀ

ਆ ਜਾ ਸੁਣ ਲੈ ਕਹਾਣੀ
ਤੈਨੂੰ ਦੱਸਾਂ ਮੇਰੇ ਹਾਣੀ
ਯਾਦ ਪਿੰਡ ਦੀ ਕਿਵੇਂ ਚਿੱਤ ਨੂੰ ਡੁਲਾਉਂਦੀ ਐ
ਮੇਰੇ ਵਤਨ ਦੀ ਮਿੱਟੀ ਵਾਜਾਂ ਮਾਰ ਕੇ ਬੁਲਾਉਂਦੀ ਐ

ਗੱਲ ਦੱਸਾਂ ਕੀ ਸਵੇਰੇ
ਜਿਹੜੀ ਪੈਂਦੀ ਸੀ ਤ੍ਰੇਲ ਬਈ
ਖੇਤ ਵੇਖ ਹਰੇ ਭਰੇ
ਚਿੱਤ ਜਾਂਦਾ ਸੀ ਮੇਲ੍ਹ, ਬਈ

ਮੈਨੂੰ ਨਿੱਤ ਇੰਞ ਲੱਗੇ
ਮੇਰੇ ਨਾਲੋਂ ਕੋਈ ਅੱਗੇ
ਪੈੜ ਜੂਹ ਵਿਚ ਤੁਰ ਫਿਰ ਆਉਂਦੀ ਐ
ਮੇਰੇ ਵਤਨਾਂ ਦੀ ਮਿੱਟੀ...

ਖੂਹਾਂ ਦਾ ਪਾਣੀ ਯਾਰ
ਭਾਫਾਂ ਤਾਜੀਆਂ ਸੀ ਛੱਡਦਾ।
ਕੋਈ ਹਲ਼ ਵਾਹਵੇ,
ਕੋਈ ਪਿਆ ਨੱਕੇ ਵੱਢਦਾ

ਔਹ ਲੈ ਕੇ ਭੱਤਾ ਲੱਸੀ
ਕੋਈ ਜਾਵੇ ਕੱਸੀ ਕੱਸੀ
ਹਾਜਰੀ ਸਵੇਰੇ ਖੇਤ 'ਚ ਪੁਚਾਉਂਦੀਆਂ
ਮੇਰੇ ਵਤਨਾਂ ਦੀ ਮਿੱਟੀ...

ਗੱਲ ਦੱਸਾਂ ਕੀ ਦੁਪਹਿਰੇ
ਜੇਹੜੀ ਹੁੰਦੀ ਬੋਹੜ ਛਾਵਾਂ ਦੀ
ਜੁਆਕ ਖੇਡਦੇ ਪੁਲਾਂਘੜਾ
ਜਿਉਂ ਰੌਲੀ ਪੈਂਦੀ ਕਾਵਾਂ ਦੀ

ਬੜਾ ਬਾਬਿਆਂ ਨੇ ਘੂਰਨਾ
ਜਾਣਾ ਛਾਂ ਕੋਲੋਂ ਦੂਰ ਨਾ
ਰੇਤ ਤੱਤੀ ਪੈਰਾਂ ਨੂੰ ਤਪਾਉਂਦੀ ਆ
ਮੇਰੇ ਵਤਨਾਂ ਦੀ ਮਿੱਟੀ...

ਕੰਮ ਕਾਰ ਸਾਂਭ ਮੀਲੂ
ਰਾਤ ਜਦੋਂ ਆਉਂਦੀ ਸੀ
ਰੋਟੀ ਟੁੱਕ ਪਿੱਛੋਂ,
ਬੇਬੇ ਦੁੱਧ ਵੀ ਪਿਆਉਂਦੀ ਸੀ

ਦੇਦੇ ਬਾਤਾਂ ਦੇ ਹੁੰਘਾਰੇ
ਅਸੀਂ ਸੌਂ ਜਾਂਦੇ ਸਾਰੇ
ਸੰਗਲ ਤੁੜਾ ਕੇ ਮੱਝ ਬਾਈ ਜੀ ਜਗਾਉਂਗੀ ਆ
ਮੇਰੇ ਵਤਨਾਂ ਦੀ

**— ਮਨਵੀਰ ਮੀਲੂ, ਐਬਟਸਬੋਰਡ।**
ਫੋਨ : 778-908-7101



# ਮੁੜ ਵਤਨੀਂ

ਭੈੜੀ ਜਿੰਦ ਨਿਮਾਣੀ ਮੇਰੀ
ਤੈਨੂੰ ਰਹੀ ਸੁਨੇਹੇ ਘੱਲ।
ਕੇਹੇ ਤੇਰੇ ਵਾਅਦੇ ਚੰਨਾ!
ਤੇਰੀ ਗਈ ਸਰਾਪੀ ਕੱਲ੍ਹ।
ਟੁਰ ਪ੍ਰਦੇਸ ਗਇਉਂ
ਰੀਝਾਂ ਦਿੱਤੀਆਂ ਤੂੰ ਖੰਡਰ ਬਣਾ।
ਤੱਤੜੀ ਦੀ ਦਿਲ ਨਾ ਲੱਗੇ
ਮੁੜ ਵਤਨੀਂ ਚੰਨਾ ਤੂੰ ਫੇਰਾ ਪਾ।.....!!

ਅੱਖੀਆਂ ਨੂੰ ਸੋਭਦੀ ਨਾ
ਬਾਗਾਂ 'ਚ ਬਹਾਰ ਆਈ।
ਜਦੋਂ ਦੀ ਨਿਮਾਣੀ ਦੇਹੀ
ਹੰਝੂਆਂ ਦੇ ਪੱਲੇ ਪਾਈ!
ਚਮਨ ਦੇ ਮਾਲੀਆ ਵੇ
ਮੁਰਝਾਇਆ ਮੁੱਖ ਮੌਕੇ ਦਾ ਗਵਾਹ।....!!

ਹਾਸਿਆਂ ਦੀ ਝੋਲੀ ਮੇਰੀ
ਗ਼ਮਾਂ ਨੇ ਹੈ ਭਾਰੀ ਕੀਤੀ।
ਮੁੜ ਨਾ ਪਿਲਾਈ ਕਦੀ
ਜੋ ਤੇਰੇ ਦੀਦਿਆਂ 'ਚੋਂ ਪੀਤੀ
ਕੇਹਾ ਇਹ ਸਰਾਪ ਲੱਗਾ
ਕਿਉਂ ਲਈਆਂ ਨਜ਼ਰਾਂ ਚੁਰਾ ?....??

ਵਾਂਗ ਅਲਜ਼ਾਬਰੇ ਦੇ
ਉਲਝਿਆ ਸਵਾਲ ਮੇਰਾ।
ਲੱਭਦਾ ਨਾ ਹੱਲ ਕੋਈ
ਬੁਰਾ ਹੋਇਆ ਹਾਲ ਮੇਰਾ!
ਬ੍ਰਿਹਾ ਦੇ ਮਿਲਾਪ ਵਾਲਾ
ਤੂੰ ਹੀ ਸਵਾਲ ਸਮਝਾਅ।....!!

ਪ੍ਰੀਤ ਜਾਣੇ ਨਾ ਰੀਤ
ਸੱਚ ਕਹਿੰਦੇ ਐ ਲੋਕ।
ਮੰਦਾ, ਚੰਗਾ ਤੇ ਕੁਸੈਲਾ
ਸਭ ਸਹਿੰਦੇ ਐ ਲੋਕ!
ਕੁਝ ਤਾਂ ਵਿਚਾਰ ਸੋਹਣਿਆ
ਦਿਲਾਂ ਨੂੰ ਦਿਲਾਂ ਦੇ ਹੁੰਦੇ ਰਾਹ!....!!

ਭੋਲੇ 'ਆਜ਼ਾਦ' ਪੰਛੀ
ਪ੍ਰਵਾਸ ਯਾਤਰਾ ਲੰਮੇਰੀ ਹੈ।
'ਕਾਂਝਲੇ' ਗਰਾਂ 'ਚ ਮੇਰੀ
ਦਿਨ-ਰਾਤ ਫੇਰੀ ਹੈ!
ਮੁੱਖ ਵਾਲੀ ਚੁੱਪ ਤੋੜ
ਸੂਹੇ ਬੁੱਲ੍ਹੀਂ ਰਾਮ ਨੂੰ ਨਚਾ!
ਤੱਤੜੀ ਦਾ ਦਿਲ ਨਾ ਲੱਗੇ
ਮੁੜ ਵਤਨੀ ਚੰਨਾ ਤੂੰ ਫੇਰਾ ਪਾ।

**— ਰਣਜੀਤ ਆਜ਼ਾਦ ਕਾਂਝਲਾ**
**10-ਸੀ/102, ਸ਼ਿਵਪੁਰੀ,**
**ਧੂਰੀ (ਪੰਜਾਬ)-148024**
**ਫੋਨ : 94646-97781**



# ਜਾ ਕੇ ਪਰਦੇਸ...

ਹੰਝੂਆਂ ਦੇ ਨਾਲ ਖ਼ਤ ਲਿਖਾਂ ਦਿਲਦਾਰ ਨੂੰ
ਜਾ ਕੇ ਪਰਦੇਸ ਜਿਹੜਾ ਭੁੱਲ ਗਿਆ ਪਿਆਰ ਨੂੰ

ਉਸਨੂੰ ਕੀ ਪਤਾ ਕਿੰਜ ਕੱਢਾਂ ਦਿਨ ਰਾਤਾਂ ਮੈਂ
ਅੱਖ ਕਦੇ ਲਗਦੀ ਨਾ ਉਠ ਉਠ ਝਾਕਾਂ ਮੈਂ
ਬਣ ਗਿਆ ਸੁਪਨਾ ਨਿਭਾਉਣਾ ਇਕਰਾਰ ਨੂੰ
ਹੰਝੂਆਂ ਦੇ ਨਾਲ ਖ਼ਤ.....

ਚਿੱਠੀ ਜੇ ਲਿਖਣ ਬੈਠਾਂ ਰੋਣ ਜਿਹਾ ਆਂਵਦਾ
ਸੌ ਸੌ ਵਾਰ ਇਕ - ਇਕ ਅੱਖਰ ਗੁਆਂਵਦਾ
ਹਵਾ ਹੋ ਜਾਏ ਜਾਨ ਚੇਤੇ ਕਰਾਂ ਜੇ ਬਹਾਰ ਨੂੰ
ਹੰਝੂਆਂ ਦੇ ਨਾਲ ਖ਼ਤ.....

ਪੱਥਰਾਂ ਦੇ ਸ਼ਹਿਰ ਜਾ ਕੇ ਪੱਥਰ ਹੀ ਹੋ ਗਿਆ
ਜ਼ਿੰਦਗੀ ਰਜਿੰਦਰ ਦੀ ਸੂਲਾਂ 'ਚ ਪਰੋ ਗਿਆ
ਕਿਤੇ ਵੀ ਨਾ ਚੈਨ ਮਿਲੇ ਦਿਲ ਬੇਕਰਾਰ ਨੂੰ
ਹੰਝੂਆਂ ਦੇ ਨਾਲ ਖ਼ਤ....

**— ਰਜਿੰਦਰ ਪੱਤੜ**
**ਪਿੰਡ ਪੱਤੜ ਕਲਾਂ**
**ਡਾਕਖਾਨਾ ਖਾਸ**
**ਜ਼ਿਲ੍ਹਾ ਜਲੰਧਰ।**

# ਅੱਗ ਦਾ ਸਾਉਣ ਵਰ੍ਹੇ

ਮੇਰੇ ਪ੍ਰਦੇਸੀਆ
ਵਤਨ ਤੇਰੇ ਦੇ ਵਿਚ
ਅੱਗ ਦਾ ਸਾਉਣ ਵਰ੍ਹੇ।
ਅੱਗ ਦੇ ਸਾਉਣ ਦੀ
ਝੜੀ ਵੇ ਕਸੂਤੀ ਲੱਗੀ
ਫਿਕਰਾਂ ਦੇ ਪਾਣੀ ਨੇ ਚੜ੍ਹੇ।
ਚੋਅ ਨਾ ਜਾਏ ਕਿਤੇ ਮੇਰਾ
ਹੌਂਸਲੇ ਦਾ ਕੋਠਾ ਚੰਨਾ
ਦਿਲ ਮੇਰਾ ਬਹੁਤ ਹੀ ਡਰੇ।
ਐਤਕੀਂ ਦੇ ਸਾਉਣ ਨੇ
ਮੇਰੀਆਂ ਹਥੇਲੀਆਂ ’ਤੇ
ਗਮਾਂ ਦਾ ਧਰ ਤੇ ਗੜ੍ਹੇ।
ਗੱਡਿਆਂ ਮੁਸਾਫਰਾਂ ਨੂੰ
ਸੋਚਾਂ ਦੀਆਂ ਕੰਧਾਂ ਉੱਤੇ
ਓੜ੍ਹ-ਪੋੜ੍ਹ ਕਈ ਮੈਂ ਕਰੇ।
ਮੇਰੇ ਵੇ ਅਭਾਗਣੀ ਦੇ
ਹੰਝੂਆਂ ਦੀ ਢਾਬ ਵਿਚ
ਸ਼ੌਕ ਸਾਰੇ ਡੁੱਬ ਕੇ ਮਰੇ।
ਭਾਵੇਂ ਇਥੇ ਸਾਉਣ ਵੇ
ਅੱਗ ਦਾ ਹੀ ਵਰ੍ਹਦੈ
ਸਾਂਝਾਂ ਵਾਲੇ ਰੁੱਖ ਤਾਂ ਹਰੇ।
ਮੇਰੇ ਪ੍ਰਦੇਸੀ ਆ ਵੇ।
ਵਤਨ ਤੇਰੇ ਦੇ ਵਿਚ
ਅੱਗ ਦਾ ਸਾਉਣ ਵਰ੍ਹੇ।

**— ਰੂਪ ਦਬੁਰਜੀ**
**ਪਿੰਡ ਦਬੁਰਜੀ,**
**ਡਾਕਘਰ ਲੱਖਣ ਕਲਾਂ**
**ਫੋਨ : 94174-80582**



# ਪੈਸਾ ਧੇਲਾ ਜੱਗ ਝਮੇਲਾ

ਰੋਟੀ ਖਾਤਿਰ ਘਰ ਨੂੰ ਛੱਡ ਕੇ ਆ ਗਏ ਦੇਸ਼ ਪਰਾਏ।
ਤਨ ਦੇ ਸੁੱਖ ਲਈ ਮਨ ਚੰਦਰੇ ਨੇ ਬਹੁਤੇ ਦੁੱਖ ਹੰਢਾਏ।

ਉਸ ਮੁਲਕ ਦੀਆਂ ਕਰੜੀਆਂ ਧੁੱਪਾਂ ਇਨ੍ਹਾਂ ਛਾਵਾਂ ਤੋਂ ਠਰੀਆਂ ਨੇ
ਏਸ ਮੁਲਕ ਵਿਚ ਮਾਂ ਵਰਗਾ, ਕੋਈ ਬੂਟਾ ਨਜ਼ਰ ਨਾ ਆਵੇ।

ਜ਼ਰਬਾਂ ਤੇ ਤਕਸੀਮਾਂ ਤੋਂ ਵੀ, ਮਨ ਦਾ ਜੋਗੀ ਖੁਸ਼ ਨਹੀਂ ਹੋਇਆ,
ਲੱਖਾਂ ਦਾ ਧਨ ਪਾ ਕੇ ਵੀ ਇਹ, ਮਨ ਦਾ ਬੂਟਾ ਸੁਕਦਾ ਜਾਏ।

ਚੰਨ ਤੇ ਪੁੱਜਣ ਵਾਲੇ ਇਹਨਾਂ, ਦੇਸ਼ਾਂ ਦੇ ਵਿਚ ਪਿਆਰ ਨਹੀਂ
ਰਿਸ਼ਤੇ ਨਾਤੇ ਧੀਆਂ ਪੁੱਤਰ, ਸਭ ਤਾਂ ਹਨ ਪਰ ਹੈਨ ਪਰਾਏ।

ਬਿੱਲ ਮਾਰਗੇਜ਼ ਕਿਸ਼ਤਾਂ ਦੇ ਵਿਚ, ਐਸਾ ਬੰਦਾ ਡੁੱਬ ਗਿਆ ਹੈ
ਹਫ਼ਤਾ-ਹਫਤਾ ਬੱਚਿਆਂ ਦਾ ਮੂੰਹ, ਮਾਂ ਬਾਪ ਨੂੰ ਨਜ਼ਰ ਨਾ ਆਵੇ।

ਕਿਸ ਦੁਨੀਆਂ ਵਿਚ ਆ ਗਏ ਲੋਕੋ, ਜਿਥੇ ਚੈਨ ਆਰਾਮ ਨਹੀਂ,
ਪੈਸਾ ਧੇਲਾ ਜੱਗ ਝਮੇਲਾ, ਹਰ ਇਕ ਬੰਦਾ ਭੱਜਦਾ ਜਾਏ।

**— ਰਾਜਿੰਦਰ ‘ਜਿੰਦ’,**
**ਨਿਊਯਾਰਕ (ਅਮਰੀਕਾ)**

# ਬਰਗਰ ਪੀਜੇ ਨਾਲ

ਮਾਣੀਆਂ ਜੋ ਛਾਵਾਂ ਸਾਰੇ ਸੁੱਖ ਚੇਤੇ ਆਉਂਦੇ ਨੇ
ਆਪਣੇ ਗਰਾਂ ਦੇ ਮੈਨੂੰ ਰੁੱਖ ਚੇਤੇ ਆਉਂਦੇ ਨੇ

ਧੁੱਪਾਂ ਵਿਚ ਤੂਤ ਪਿਤਾ ਠੰਡੀ ਛਉਰ ਦਿੰਦੀ ਸੀ
ਪਿਪਲ ਜਿਹਾ ਦਾਦਾ ਰਾਗ ਪੱਤਿਆਂ ਦੇ ਗਾਉਂਦਾ ਸੀ
ਨਿੰਮ ਜਿਹੀ ਮਾਤਾ ਦੂਰ ਕਰ ਦਿੰਦੀ ਪਲਾਂ ਵਿਚ
ਪਿੱਤ-ਫੋੜੇ ਦਾੜ੍ਹ-ਦੰਦ ਦੁੱਖ ਚੇਤੇ ਆਉਂਦੇ ਨੇ
ਆਪਣੇ ਗਰਾਂ ਦੇ.......

ਟਾਹਲੀ ਜਿਹੀ ਭੈਣ ਦੀ ਕੁੱਛੜ ਚੜ੍ਹ ਜਾਂਦਾ ਸਾਂ
ਬੋਹੜ ਪੜਦਾਦੇ ਦੀਆਂ ਜਟਾਂ ਸਹਿਲਾਂਦਾ ਸਾਂ
ਬੇਰੀ ਬਣ ਚਾਚੀ ਜਦੋਂ ਕਦੇ ਕੰਡੇ ਚੋਭਦੀ
ਕੇਲੇ ਰੁੱਖ ਚਾਚੇ ਦੇ ਵੀ ਦੁੱਖ ਚੇਤੇ ਆਉਂਦੇ ਨੇ
ਆਪਣੇ ਗਰਾਂ ਦੇ ਮੈਨੂੰ.....

ਖੇਡਦੇ ਚੌਰਾਹੇ ਵਿਚ ਮੈਂ ਤੇ ਪੰਮਾ ਭ੍ਰੀਰਾ ਭੱਜੀ
ਲੱਗਾ ਟੁੱਲ ਗੁੱਲੀ ਤਾਈ ਸੰਤੀ ਦੇ ਮੱਥੇ ਵੱਜੀ
ਸੱਪ ਲੜੇ ਥੋਡੇ ਕਹਿੰਦੀ ਪੂਛ ਵਲੋਂ ਮੂਰਖੋ
ਰੱਬ ਜਿਹੇ ਐਹੋ ਜਿਹੇ ਮਨੁੱਖ ਚੇਤੇ ਆਉਂਦੇ ਨੇ
ਆਪਣੇ ਗਰਾਂ ਦੇ ਮੈਨੂੰ.....

ਰਾਤ ਵੇਲੇ ਸਾਗ ਰੈਤਾ ਪੂਤਨੇ ਦੀ ਚਟਣੀ
ਬੇਹੀ ਰੋਟੀ ਨਾਲ ਖਾਣੀ ਸ੍ਹਾਜਰੇ ਨੂੰ ਮੱਖਣੀ
ਬਰਗਰ ਪੀਜ਼ੇ ਨਾਲ ਭੁੱਖ ਨਹੀਓਂ ਮਿਟਦੀ
ਮੇਥਿਆਂ ਦੀ ਰੋਟੀ, ਪੂੜੇ ਮੁੱਖ ਚੇਤੇ ਆਉਂਦੇ ਨੇ
ਆਪਣੇ ਗਰਾਂ ਦੇ ਮੈਨੂੰ.....



ਕੱਲੇ-ਕਾਰ੍ਹੇ ਬੈਠੇ ਹਾਂ ਬਿਹਾਰੀਆਂ ਦੇ ਭੇਸ ਵਿਚ
ਛੱਡ ਸਰਦਾਰੀਆਂ ਨੂੰ ਆਪਣੇ ਹੀ ਦੇਸ਼ ਵਿਚ
ਗੋਰੇ ਦੀ ਗੁਲਾਮੀ ਇਥੇ ਆਪਣੇ ਪਛਾਣਦੇ ਨਾ
ਦੁੱਖ ਵਿਚ ਗ਼ੈਰ ਆਉਂਦੇ ਢੁੱਕ ਚੇਤੇ ਆਉਂਦੇ ਨੇ
ਆਪਣੇ ਗਰਾਂ ਦੇ ਮੈਨੂੰ.....

ਘਰ ਦੀ ਗਹਿਲ ਕਹੇ ਲੱਗਿਆ ਗ੍ਰਹਿਣ ਮੈਨੂੰ
ਪੱਕੀਆਂ ਨੇ ਅੰਬੀਆਂ ਉਡੀਕਦਾ ਮਹੈਣ ਤੈਨੂੰ
ਏਥੇ ਹੈ ਬਹਾਰ ਰੁੱਖਾਂ ਉੱਤੇ ਕੋਇਲ ਕੂਕਦੀ
ਬੇਰਾਂ ਅਤੇ ਜਾਮਣਾ ਦੇ ਬੁੱਕ ਚੇਤੇ ਆਉਂਦੇ ਨੇ
ਆਪਣੇ ਗਰਾਂ ਦੇ ਮੈਨੂੰ ਰੁੱਖ ਚੇਤੇ ਆਉਂਦੇ ਨੇ।

**— ਡਾ. ਰਾਮ ਮੂਰਤੀ**
**ਪਿੰਡ ਤਲਵੰਡੀ ਸਲੇਮ**
**ਜ਼ਿਲ੍ਹਾ ਜਲੰਧਰ।**
**ਫੋਨ : 94174-49665**

# ਬੰਦ ਬਣੇ ਨਾ ਤੇਰੇ

ਹਾਲੀ ਬੰਦ ਬਣੇ ਨਾ ਤੇਰੇ
ਇੱਟਾਂ ਢੋਈਆਂ, ਗਾਰੇ ਢੋਏ
ਰਾਤਾਂ ਅੰਦਰ ਦਿਨ ਦੀ ਲੋਏ
ਜੰਗਲ ਬੇਲੇ, ਨਹਿਰਾਂ, ਨਦੀਆਂ
ਪੱਤਣ ਤਰੇ ਡੂੰਘੇਰੇ
ਬੰਦ ਬਣੇ ਨਾ ਤੇਰੇ
ਹਾਲੀ ਬੰਦ ਬਣੇ ਨਾ ਤੇਰੇ

ਜ਼ਹਿਰਾਂ ਫੱਕੀਆਂ ਮਹੁਰੇ ਖਾਧੇ
ਵਿਚ ਪਰਦੇਸਾਂ ਘਾਟੇ ਵਾਧੇ
ਓਭੜ ਮੁਲਕਾਂ ਜੂਹਾਂ ਅੰਦਰ
ਕਿੱਥੇ ਕਿੱਥੇ ਰੈਣ ਬਸੇਰੇ
ਹਾਲੀ ਬੰਦ ਬਣੇ ਨਾ ਤੇਰੇ।

ਹੱਥੀਂ ਰੱਟਣ ਪੈਰੀਂ ਛਾਲੇ
ਸੱਪਾਂ ਮੋਹਰੇ ਦੀਵੇ ਬਾਲੇ
ਗ਼ੈਰਾਂ ਦੀ ਮਜਦੂਰੀ ਕੀਤੀ
ਤਾਹਨੇ ਸੁਣੇ ਬਥੇਰੇ
ਬੰਦ ਬਣੇ ਨਾ ਤੇਰੇ
ਹਾਲੀ ਬੰਦ ਬਣੇ ਨਾ ਤੇਰੇ।

**— ਰਫ਼ਾਕਤ ਹੁਸੈਨ ਮੁਮਤਾਜ**
**ਜੜ੍ਹਾਂਵਾਲਾ-ਲਹਿੰਦਾ ਪੰਜਾਬ**



# ਗ਼ਮਾਂ ਦੀਆਂ ਹਨੇਰੀਆਂ

ਕੱਢਦੀ ਕਸੀਦੇ ਥੱਕ ਗਈ ਢੋਲਣਾ, ਸਾਰ ਪੁੱਛੀ ਨਾ ਸੋਹਣਿਆ ਆ ਕੇ
ਹਿਜਰਾਂ ਦੀ ਸੂਈ ਨਾਲ ਕੱਢਾਂ ਫੁਲਕਾਰੀ, ਮੋਤੀ ਹੰਝੂਆਂ ਦੇ ਵਿਚ ਲਾ ਲਾ ਕੇ

ਦਿਲ ਵਿਚ ਹੂਕ ਉੱਠੀ ਸੁਣਦੀ ਅੰਬਰ ਤਾਈਂ, ਤੈਨੂੰ ਰਤਾ ਸੁਣੀ ਨਾ ਆਵਾਜ਼ ?
ਦਿਲਾਂ ਨੂੰ ਤਾਂ ਦਿਲਾਂ ਵਾਲੇ ਰਾਹ ਹੁੰਦੇ ਸੱਜਣਾ ਵੇ, ਇਹਦੇ 'ਚ ਵੀ ਹੋਣਾ ਕੋਈ ਰਾਜ਼
ਖੌਰੇ ਕਿਸੇ ਚੰਦਰੀ ਨੇ ਜੋਗੀਆ ਵੇ ਕੀਲ ਲਿਆ, ਰੱਖਿਆ ਪਟਾਰੀ ਵਿਚ ਪਾ ਕੇ
ਹਿਜਰਾਂ ਦੀ ਸੂਈ....

ਦਰਦ ਬਿਛੁੰਨੀ ਦਾ ਵੀ ਦੇਖ ਕਿਤੇ ਹਾਲ ਆ ਕੇ, ਨੈਣਾਂ ਵਿਚੋਂ ਵਗਦਾ ਏ ਨੀਰ
ਗਮਾਂ ਦੇ ਪਹਾੜ ਡਿੱਗੇ ਸਿਰ ਉੱਤੇ ਆਣ, ਝੱਲਾਂ ਕਿਵੇਂ ਮੈਂ ਵਿਛੋੜਿਆਂ ਦੇ ਤੀਰ
ਵਾਰ-ਵਾਰ ਦਿਲ ਨੂੰ ਵਰਾਉਂਦੀ ਰਹੀ ਹਾਣੀਆ, ਬਿਰਹੋਂ ਦੇ ਗੀਤ ਗਾ ਗਾ ਕੇ
ਹਿੱਜਰਾਂ ਦੀ ਸੂਈ....

ਚਾਨਣੇ ਦੀ ਰਾਤ ਸਾਨੂੰ ਮੱਸਿਆ ਦੇ ਵਾਂਗ ਜਾਪੇ
ਗਮਾਂ ਦੀਆਂ ਵਗਣ ਹਨ੍ਹੇਰੀਆਂ
ਹੱਡੀਆਂ ਦੇ ਪਿੰਜਰ ਨੂੰ ਚੜ੍ਹ ਜਾਏ ਬੁਖਾਰ
ਜਦੋਂ ਆਉਣ ਸੱਜਣਾ ਵੇ ਯਾਦਾਂ ਤੇਰੀਆਂ
ਉੱਡ ਗਈ 'ਲਾਲੀ' ਰੰਗ ਹੋ ਗਿਆ ਜ਼ਰਦ-ਵੰਨਾ, ਖੱਟਿਆ ਕੀ ਤੇਰੇ ਸੰਗ ਲਾ ਕੇ
ਹਿਜਰਾਂ ਦੀ ਸੂਈ ਨਾਲ ਕੱਢਾਂ ਫੁਲਕਾਰੀ, ਮੋਤੀ ਹੰਝੂਆਂ ਦੇ ਵਿਚ ਲਾ ਲਾ ਕੇ

**— 'ਲਾਲੀ' ਕਰਤਾਰਪੁਰੀ**
**ਮੰਡੀ ਮੁਹੱਲਾ, ਕਰਤਾਰਪੁਰ-144801**
**ਫੋਨ : 94174-74493**

# ਪਰ ਅਧੀਨ ਸੁਪਨੇ ਸੁੱਖ ਨਾਹੀਂ

ਪੰਛੀ ਤੇ ਪ੍ਰਦੇਸੀ ਦੇ ਨਾਲ ਕਦੀ ਨਹੀਂ ਨਿਭਦੀ ਯਾਰੀ।
ਕੀ ਪਤਾ ਇਹ ਕਦੋਂ ਕਿਧਰ ਨੂੰ, ਜਾਵਣ ਮਾਰ ਉਡਾਰੀ।
ਇੱਕ ਤੁਰਕ ਦੀਆਂ ਦੋ ਬੇਗਮਾਂ, ਹਿਜਰਤ ਅਤੇ ਪ੍ਰਵਾਸਣ।
ਇੱਕ ਲਾਲਚ ਦੀ ਮਾਰੀ ਹੋਈ, ਦੂਜੀ ਡਰਦੀ ਮਾਰੀ।
ਡਾਲਰ ਪੌਂਡ ਪਰਾਏ ਘਰ 'ਚੋਂ, ਚੁਗਦੇ ਫਿਰਨ ਪ੍ਰਵਾਸੀ।
ਜਿੱਦਾਂ ਚਿੜੀਆਂ ਚੋਗ ਚੁਗਦੀਆਂ, ਵਿਹੜੇ ਵਿੱਚ ਖਿਲਾਰੀ।
ਕੁੜੀਆਂ ਮੁੰਡਿਆਂ ਸਭ ਨੂੰ ਮਾਪੇ, ਦੇਵਣ ਦੇਸ ਨਿਕਾਲਾ।
ਮੈਨੂੰ ਲਗਦੀ ਕਮਲੀ ਹੋ ਗਈ, ਜਿੰਦਾਂ ਦੁਨੀਆਂ ਸਾਰੀ।
ਪਰ-ਅਧੀਨ ਸੁਪਨੇ ਸੁੱਖ ਨਾਹੀ, ਸੱਚ ਕਹੇ ਗੁਰਬਾਣੀ।
ਪਰਾਏ ਘਰ ਵਿੱਚ ਕਦੇ ਨਹੀਂ ਬਣਦੀ, ਪਿਉ ਵਰਗੀ ਸਰਦਾਰੀ।
ਵਿੱਚ ਪ੍ਰਦੇਸਾਂ ਭਈਆਂ ਵਾਂਗਰ. ਬੁੱਤੀਆਂ ਕਰਨ ਪੰਜਾਬੀ।
ਆਪਣੇ ਘਰ ਦੀ ਭਈਆਂ ਦੇ ਹੱਥ ਖੁਦ ਦੇ ਕੇ ਜਿੰਮੇਵਾਰੀ।
ਅਰਬ ਖ਼ਰਬ ਦਾ ਮਾਲਕ ਭਾਵੇਂ, ਬਣ ਜਾਵੇ ਪ੍ਰਵਾਸੀ।
ਨੌਕਰ ਆਖ ਬੁਲਾਵੇ ਉਸ ਨੂੰ, ਪਿੰਡ ਦਾ ਹਾਰੀ-ਸਾਰੀ।
ਕੋਠੇ ਮੰਡਿਲ ਮਹਿਲ ਮਾੜੀਆਂ, ਰਹਿਣ ਲਈ ਹੋਣ ਚੁਬਾਰੇ।
ਫਿਰ ਵੀ ਆਪਣੇ ਘਰ ਦੀ ਚੇਤੇ ਆਉਂਦੀ ਚਾਰ ਦਿਵਾਰੀ।
ਲਬ ਲੋਭ ਹੰਕਾਰ ਕੀ ਮਾਤੀ, ਵਧਦੀ ਜਾਏ ਵਧਾਇਆਂ।
ਬਿਨ ਸੰਤੋਖ ਕਦੀ ਨਹੀਂ ਭਰਦੀ, ਹਉਮੈ ਦੀ ਪਟਾਰੀ।
ਜਦ ਪ੍ਰਵਾਸੀ ਛੁੱਟੀ ਆਵਣ, ਨਖ਼ਰੇ ਕਰਨ ਬਥੇਰੇ।
ਨਖ਼ਰੇ ਵੇਖ ਕੇ ਵੱਗਾਂ ਟੇਟੇ, ਚੜ੍ਹਦੀ ਲੋਕ ਲਚਾਰੀ।
ਪ੍ਰਵਾਸੀ ਆਪਣੀ ਮਾਤਾ ਨੂੰ ਵੀ, ਅੰਤ ਮਿਲਣ ਨਾ ਆਇਆ।
ਪੁੱਤਰ ਪੁੱਤਰ ਕਰਦੀ ਤੁਰ ਗਈ, ਸਿਵਿਆਂ ਤੱਕ ਵਿਚਾਰੀ।
'ਪ੍ਰਵਾਨਾ' ਤੇਰਾ ਕੱਚਾ ਕੋਠਾ, ਲਾਲ ਕਿਲ੍ਹੇ ਤੋਂ ਚੰਗਾ।
ਬੇਫਿਕਰੀ ਨਾਲ ਸੌਂਣਾ ਜਿੱਥੇ ਪੀ ਕੇ ਘੁੱਟ ਖ਼ੁਮਾਰੀ।

**— ਸ਼ੰਕਰ ਸਿੰਘ ਪ੍ਰਵਾਨਾ**
**ਪਿੰਡ ਤੇ ਡਾਕਘਰ ਖਡੂਰ ਸਾਹਿਬ,**
**ਜ਼ਿਲ੍ਹਾ ਤਰਨਤਾਰਨ।**



# ਹੂਕਾਂ (ਵਾਰਤਕ)

# ਵਿਦੇਸ਼ਾਂ ਵਿਚ ਜਾਣ ਦਾ ਰੁਝਾਨ

ਦੁਨੀਆ ਦਾ ਕੋਈ ਅਜਿਹਾ ਮੁਲਕ ਨਹੀਂ, ਜਿਥੇ ਭਾਰਤੀ ਲੋਕ ਕਿਸੇ ਕਾਰੋਬਾਰ ਕਰਨ ਲਈ, ਕਿਤੇ ਵਪਾਰੀ ਬਣਨ ਲਈ, ਉਚੇਰੀ ਪੜ੍ਹਾਈ ਕਰਨ ਹਿਤ, ਨੌਕਰੀ ਦਾ ਧੰਦਾ ਅਪਣਾਉਣ ਲਈ ਜਾਂ ਵਿਆਹ ਆਦਿ ਕਰਵਾਉਣ ਦੀ ਨੀਅਤ ਨਾਲ ਪੱਕੇ ਹੋਣ ਲਈ ਨਾ ਵਸੇ ਹੋਣ। ਇਹ ਕਮਾ ਕੇ ਵੀ ਖੁਸ਼ ਹਨ ਤੇ ਦੂਜਿਆਂ ਨੂੰ ਖਿਲਾ ਕੇ ਵੀ। ਇਹ ਜਿਥੇ ਵੀ ਜਾਂਦੇ ਹਨ, ਉਨ੍ਹਾਂ ਨੂੰ ਆਪਣਾ ਬਣਾ ਕੇ ਬਹਿ ਜਾਂਦੇ ਹਨ। ਆਪਣੀ ਪਛਾਣ ਨੂੰ ਮਜ਼ਬੂਤ ਬਣਾਇਆ ਹੈ। ਭਾਰਤੀਆਂ ਤੇ ਖਾਸ ਕਰਕੇ ਪੰਜਾਬੀਆਂ ਦੀ ਜ਼ਿੰਦਾਦਿਲੀ ਦੀ ਸਾਰੀ ਦੁਨੀਆ ਵਿਚ ਅਜੇ ਵੀ ਧਾਕ ਹੈ। ਇਹ ਰਾਜ ਯੋਗੀ ਹਨ, ਦਾਤੇ ਹਨ, ਸਖ਼ੀ ਸੁਭਾਅ ਦੇ ਹਨ ਤੇ ਆਪਣੇ ਬਲਬੂਤੇ ਨਾਲ ਆਪਣੀ ਥਾਂ ਬਣਾਉਣ ਵਿਚ ਇਹਨਾਂ ਕੋਲ ਹੁਨਰ ਹੈ, ਕਲਾ ਹੈ, ਜੁਗਤ ਹੈ ਤੇ ਸਭ ਤੋਂ ਵਧੇਰੇ ਕਾਰੀਗਰੀ ਹੈ। ਹੁਣ ਤਾਂ ਇਹ ਦੁਨੀਆ ਦੇ ਕੋਨੇ ਕੋਨੇ ਵਿਚ ਫੈਲ ਚੁੱਕੇ ਹਨ। ਕਈ ਦੇਸ਼ਾਂ ਵਿਚ ਮੇਅਰ ਤੋਂ ਲੈ ਕੇ ਪਾਰਲੀਮੈਂਟ ਦੇ ਮੈਂਬਰ ਤੇ ਮੰਤਰੀ ਤੱਕ ਜਾ ਬਣੇ ਹਨ। ਇਹ ਸਾਰਾ ਕੁਝ ਇਹਨਾਂ ਦੀ ਸੱਚੀ ਸੁੱਚੀ ਮਿਹਨਤ, ਅਸਰ-ਰਸੂਖ ਤੇ ਚੰਗੀ ਉਚੇਰੀ ਪੜ੍ਹਾਈ ਕਾਰਨ ਹੀ ਸੰਭਵ ਹੋ ਸਕਿਆ ਹੈ। ਕੁਝ ਦਿਆਨਤਦਾਰੀ ਤੇ ਨੇਕੀ ਵੀ ਚੰਗਾ ਰੋਲ ਅਦਾਅ ਕਰਦੀ ਹੈ।

ਪੰਜਾਬੀ-ਲੋਕ ਇਰਾਦੇ ਪੱਖੋਂ ਕਾਫੀ ਚੰਗੇ ਹਨ। ਦੇਸ਼ਾਂ-ਵਿਦੇਸ਼ਾਂ ਵਿਚ ਇਹਨਾਂ ਨੇ ਆਪਣੀ ਚੰਗੀ ਭੱਲ ਬਣਾਈ ਹੋਈ ਹੈ। ਚੰਗੀ-ਚੋਖੀ ਕਮਾਈ ਕਰਕੇ ਇਨ੍ਹਾਂ ਨੇ ਆਪਣੇ ਘਰਾਂ ਦੀ ਕਾਇਆਕਲਪ ਕਰ ਦਿੱਤੀ ਹੈ। ਕਿਤੇ ਪੰਜਾਹ ਸਾਲ ਪਿੱਛੇ ਝਾਤੀ ਮਾਰੋ-ਵਿਹੜੇ ਵਿਚ ਬੈਠੇ ਬੇਬੇ ਤੇ ਬਾਪੂ ਨਜ਼ਰੀਂ ਪੈਂਦੇ ਹਨ। ਕੋਠੜੀਆਂ, ਦਲਾਨ, ਵਰਾਂਡੇ, ਕੱਚੀਆਂ ਇੱਟਾਂ ਦੇ ਹਨ। ਘਰ ਵਿਚ ਤਾਏ-ਤਾਈਆਂ, ਚਾਚੇ-ਚਾਚੀਆਂ, ਨਣਦਾਂ-ਭਰਜਾਈਆਂ, ਭਰਾ-ਭੈਣਾਂ, ਭਤੀਜੇ-ਭਤੀਜੀਆਂ, ਸਭ ਇਕੋ ਛੱਤ ਹੇਠ ਸਬਰ ਸੰਤੋਖ ਨਾਲ ਰਹਿੰਦੇ ਹਨ। ਬੇਬੇ-ਬਾਪੂ ਦੋਵੇਂ ਹੁਕਮ ਕਰਦੇ ਰਹਿੰਦੇ-ਇਹਨਾਂ ਦਾ ਹੁਕਮ ਇਕ ਹਾਕਮ ਦੀ ਤਰ੍ਹਾਂ ਮੰਨ ਹੁੰਦਾ। 'ਕੋਈ ਰੋਟੀ ਲੈ ਕੇ ਖੂਹ ਨੂੰ ਚਲੇ ਜਾਂਦਾ, ਕਿਸੇ ਨੇ ਕਪਾਹ ਚੁਗਣੀ ਹੁੰਦੀ, ਕਿਸੇ ਨੇ ਮੱਕੀ ਦੇ ਟਾਂਡਿਆਂ ਤੋਂ ਗੰਢਾਂ ਮਰੋੜਨੀਆਂ ਹੁੰਦੀਆਂ, ਕਿਸੇ ਦਾ ਕੰਮ ਘਰ ਸੰਵਾਰਨ ਦਾ ਹੁੰਦਾ। ਜਿਹਨਾਂ ਕੁੜੀਆਂ-ਚਿੜੀਆਂ ਤੇ ਬੁੱਢੀਆਂ-ਠੇਰੀਆਂ ਕੋਲ ਵਿਹਲ ਹੋ ਜਾਂਦੀ, ਉਹ ਬੇਬੇ ਕੋਲ ਆ ਕੇ ਗਲੀ ਜਾਂ ਵਿਹੜੇ ਵਿਚ ਚਰਖਾ ਕੱਤਣ ਆ ਜਾਂਦੀਆਂ। ਕੋਈ ਆਟਾ ਗੁੰਨ੍ਹਦੀ, ਕੋਈ ਤੰਦੂਰ ਤਾਉਂਦੀ, ਕੋਈ ਭਾਈਏ ਦੀ ਰੋਟੀ ਲੈ ਕੇ ਖੂਹ ਨੂੰ ਚਲੇ ਜਾਂਦੇ, ਕੋਈ ਭੜੋਲੀ ਵਿਚ ਪਾਥੀਆਂ ਲਾ ਕੇ ਮੋਠਾਂ ਦੀ ਜਾਂ ਮਾਂਹ ਦੀ ਦਾਲ ਧਰ ਦਿੰਦੀ।

ਅੱਜ ਦੇ ਮਸ਼ੀਨੀ ਯੁੱਗ ਵਿਚ ਇਹ ਸਾਰਾ ਕੁਝ ਖ਼ਤਮ ਹੋ ਗਿਆ ਹੈ। ਮਸ਼ੀਨਾਂ ਨੇ ਮਨੁੱਖ ਤੇ ਔਰਤ ਨੂੰ ਵਿਹਲੇ ਕਰ ਦਿੱਤਾ ਹੈ। ਇਸੇ ਲਈ ਕਈ ਨਾਮੁਰਾਦ ਬੀਮਾਰੀਆਂ ਤੇ ਰੋਗਾਂ ਨੇ



ਸਾਡੇ ਸਰੀਰਾਂ ਨੂੰ ਘੇਰਾ ਪਾ ਲਿਆ ਹੈ। ਮੈਨੂੰ ਅਜੇ ਵੀ ਯਾਦ ਹੈ- ਕਿਸੇ ਪ੍ਰਾਹੁਣੇ ਦੇ ਘਰ ਆਇਆਂ ਤੇ ਸਾਰੇ ਜੀਆਂ ਨੂੰ ਭਾਜੜ ਪੈ ਜਾਂਦੀ ਸੀ। ਕਿਸੇ ਵੱਡੇ ਅਫਸਰ ਆਏ ਵਾਂਗੂੰ ਸਾਰੇ ਘਰ ਦੇ ਭੱਜੇ ਫਿਰਦੇ ਤੇ ਸਾਰਿਆਂ ਦੇ ਚਿਹਰਿਆਂ ਤੇ ਇਕ ਅਲੌਕਿਕ ਖੁਸ਼ੀ ਹੁੰਦੀ। ਦੁਨੀਆ ਦੀ ਹਰ ਚੀਜ ਬੜੀ ਤੇਜ਼ੀ ਨਾਲ ਬਦਲ ਰਹੀ ਹੈ। ਜੇ ਹੁਣ ਅਸੀਂ ਬਜ਼ੁਰਗ ਕਹੀਏ ਕਿ ਅਸੀਂ ਪੁਰਾਣਾ 'ਗੱਡਿਆਂ ਵਾਲਾ' ਸੱਭਿਆਚਾਰ ਲਿਆ ਕੇ ਹਟਾਂਗੇ। ਹੁਣ ਇਹ ਸੋਚਣਾ ਵੀ ਫਜ਼ੂਲ ਹੈ। ਸਾਨੂੰ ਸਾਰਿਆਂ ਨੂੰ ਨਵੀਆਂ ਗੱਲਾਂ ਸਵੀਕਾਰ ਕਰਨੀਆਂ ਪੈਣਗੀਆਂ। ਤਬਦੀਲੀ ਇਕ ਗਤੀਸ਼ੀਲ ਵਰਤਾਰਾ ਹੈ। ਸੱਭਿਆਚਾਰ ਤੇ ਲੋਕਧਾਰਾ ਵੱਗਦੇ ਦਰਿਆ ਦੀ ਤਰ੍ਹਾਂ ਹੈ। ਆਪਾਂ ਰੋਜ਼ ਦੇਖਦੇ ਹਾਂ ਕਿ ਸਮਾਜ ਵਿਚ ਕਿਹੋ ਜਿਹੀਆਂ ਗੱਲਾਂ ਵਾਪਰ ਰਹੀਆਂ ਹਨ। ਦੇਖ ਕੇ ਸੁਣ ਕੇ ਮਨ ਦੁਖੀ ਹੁੰਦਾ ਹੈ।

ਇਹ ਬੜੇ ਦੁੱਖ ਨਾਲ ਕਹਿਣਾ ਪੈ ਰਿਹਾ ਹੈ ਕਿ ਸੋਨੇ ਵਰਗੀਆਂ ਜਵਾਨ ਪੰਜਾਬੀ ਧੀਆਂ-ਭੈਣਾਂ ਨੂੰ ਕਈ ਵੱਡੀ ਉਮਰ ਦੇ ਗੋਰੇ ਵਿਆਹੀ ਫਿਰਦੇ ਹਨ। ਝੂਠੇ-ਸੱਚੇ ਰਿਸ਼ਤੇ ਕਰਕੇ ਕਈਆਂ ਦੀ ਜ਼ਿੰਦਗੀ ਬਰਬਾਦ ਕਰ ਰਹੇ ਹਨ। ਸਾਡੇ ਭਾਰਤੀਆਂ ਵਿਚ ਬਾਹਰਲੇ ਮੁਲਕਾਂ ਵਿਚ ਜਾ ਕੇ ਵੱਸਣ ਦੀ ਸਿੱਕ ਬਹੁਤ ਹੀ ਪ੍ਰਬਲ ਹੋ ਚੁੱਕੀ ਹੈ। ਜਾਇਜ਼-ਨਜਾਇਜ਼ ਢੰਗ ਨਾਲ ਵਿਦੇਸ਼ਾਂ ਵਿਚ ਜਾਣ ਦਾ ਤੇ ਫਿਰ ਓਧਰ ਵੱਸਣ ਦਾ ਜੁਗਾੜ ਪੰਜਾਬੀਆਂ ਨੂੰ ਬਣਾਉਣਾ ਆਉਂਦਾ ਹੈ। ਇਹ ਬੜੇ ਜੁਗਤੀ ਹਨ। ਸਾਡੇ ਵੇਖਦਿਆਂ ਵੇਖਦਿਆਂ ਹੀ ਸਾਡੇ ਆਂਢ-ਗੁਆਂਢ, ਸਾਕ-ਸਕੀਰੀ ਤੇ ਵਾਕਫਕਾਰਾਂ ਵਿਚ ਮੁੰਡਿਆਂ-ਕੁੜੀਆਂ ਨੇ ਵੱਡੀ ਉਮਰ ਦੇ ਲਾੜੇ-ਲਾੜੀਆਂ ਨਾਲ ਬੇਝਿਜਕ ਵਿਆਹ ਕਰਵਾਏ। ਉਮਰ, ਜਾਤ ਬਰਾਦਰੀ ਆਦਿ ਨੂੰ ਅੱਖੋਂ ਪਰੋਖੇ ਕਰਕੇ ਅਸੀਂ ਆਪਣੀਆਂ ਧੀਆਂ-ਭੈਣਾਂ ਇਹਨਾਂ ਵਡੇਰੀ ਉਮਰ ਦੇ ਲਾੜਿਆਂ ਨਾਲ ਲੱਖਾਂ ਸ਼ਗਨਾਂ ਨਾਲ ਤੋਰੀਆਂ। ਕਈਆਂ ਨੂੰ ਮਗਰੋਂ ਪਤਾ ਲੱਗਾ ਕਿ ਜਿਸ ਮੁੰਡੇ ਨਾਲ ਅਸੀਂ ਆਪਣੀ ਕੁੜੀ ਦਾ ਵਿਆਹ ਰਚਾਇਆ ਹੈ, ਉਸਦਾ ਪਹਿਲਾਂ ਵੀ ਵਿਆਹ ਹੋ ਚੁੱਕਾ ਹੈ ਤੇ ਵਿਦੇਸ਼ ਵਿਚ ਉਸ ਦੇ ਬੱਚੇ ਵੀ ਹਨ। ਇਹ ਆਮ ਹੋਇਆ ਹੈ ਕਿ ਵਿਦੇਸ਼ੀ ਲਾੜਾ ਪੰਜਾਬ ਵਿਚ ਵਿਆਹ ਕਰਵਾ ਕੇ ਚਾਰ ਮਹੀਨੇ ਬਾਅਦ ਇਹ ਕਹਿ ਕੇ ਮੁੜ ਜਾਂਦਾ ਹੈ ਕਿ ਬੱਸ ਹੁਣ ਮੈਂ ਆਪ ਜਾ ਕੇ 'ਇਹਨੂੰ' ਉਧਰ ਮੰਗਵਾ ਲਊਂ, ਤੁਸੀਂ ਫਿਕਰ ਨਾ ਕਰਿਓ, ਪਾਸਪੋਰਟ ਬਣਨਾ ਦੇ ਦਿਓ।' ਮੂੰਹ ਮੁਲਾਹਜੇ ਲਈ ਪਤਨੀ ਨੂੰ ਕੁਝ ਪੌਂਡ/ਡਾਲਰ ਘੱਲੇ, ਦੋ ਚਾਰ ਟੈਲੀਫੋਨ ਕੀਤੇ ਤੇ ਅਖੀਰ ਨੂੰ ਤੂੰ ਕੌਣ ਤੇ ਮੈਂ ਕੌਣ ?

ਕੁਝ ਮੁੰਡਿਆਂ ਕੁੜੀਆਂ ਨੇ ਮਾਪਿਆਂ ਦੀ ਮਰਜ਼ੀ ਤੋਂ ਬਿਨਾਂ ਆਪ ਹੀ ਬਾਹਰਲੇ ਰਿਸ਼ਤੇ ਆਪਣੇ ਸਾਧਨਾਂ ਰਾਹੀਂ ਲੱਭ ਕੇ ਵਿਆਹ ਕਰਵਾ ਲਏ। ਪਿੱਛੋਂ ਇਹਨਾਂ ਰਿਸ਼ਤਿਆਂ ਵਿੱਚ ਤਰੇੜਾਂ ਆ ਗਈਆਂ। ਇਹ ਕਿੰਨੀਆਂ ਦੁੱਖਦਾਈ ਤੇ ਪ੍ਰੇਸ਼ਾਨੀ ਵਾਲੀਆਂ ਘਟਨਾਵਾਂ ਹਨ, ਜੋ ਸਾਨੂੰ ਇਸ ਨਵੇਂ ਰਿਵਾਜ ਦੇ ਆਪ ਹੁਦਰੇਪਣ ਤੇ ਸੋਚਣ ਲਈ ਮਜ਼ਬੂਰ ਕਰਦੀਆਂ ਹਨ। ਨਵੀਂ ਜਵਾਨੀ ਪੁੱਠੇ ਰਾਹੇ ਪੈ ਗਈ ਹੈ। ਕਿਸੇ ਨੂੰ ਬਿਠਾ ਕੇ ਸਮਝਾਉਣ ਦੀ ਕੋਸ਼ਿਸ਼ ਕਰਕੇ ਦੇਖੋ, ਅਗਲਾ ਉਲਟਾ ਸਗੋਂ ਸਾਨੂੰ ਖਾਣ ਨੂੰ ਆਉਂਦੈ। ਸਾਨੂੰ ਜ਼ਰਾ ਗੰਭੀਰਤਾ ਨਾਲ ਸੋਚ ਸਮਝ ਕੇ, ਠੋਕ ਵਜਾ ਕੇ ਕੋਈ ਫੈਸਲਾ ਲੈਣਾ ਚਾਹੀਦਾ ਹੈ। ਕੁੜੀ-ਮੁੰਡੇ ਬਾਰੇ ਕੋਈ ਪੁਣ-ਛਾਣ ਕਰਨੀ ਮਾੜੀ ਗੱਲ ਨਹੀਂ। ਜਿਹੜੇ ਵਿਦੇਸ਼ੀ ਲਾੜੇ ਲਾੜੀ ਨਾਲ ਅਸੀਂ ਪੁੱਤ ਭਰਾ, ਧੀ-ਭੈਣ ਆਂਢੀ-

ਗੁਆਂਢੀ ਕੋਲੋਂ, ਕਿਸੇ ਵਿਦੇਸ਼ ਵਿੱਚ ਬੈਠੇ ਦੋਸਤ-ਮਿੱਤਰ ਕੋਲੋਂ ਸਹੀ ਜਾਣਕਾਰੀ ਹਾਸਲ ਕਰ ਲੈਣੀ, ਬਹੁਤ ਚੰਗੀ ਗੱਲ ਹੈ, ਘਾਟੇ ਵਾਲੀ ਗੱਲ ਨਹੀਂ। ਇਸ ਵਿਚ ਦੋਹਾਂ ਧਿਰਾਂ ਦਾ ਫਾਇਦਾ ਹੈ। ਅਸੀਂ ਸਾਰੇ ਪੜ੍ਹੇ ਲਿਖੇ ਜਾਣ ਬੁੱਝ ਕੇ ਇਹ ਉਕਾਈਆਂ/ਗਲਤੀਆਂ ਨਾ ਕਰੀਏ ਵਿਆਹ-ਸ਼ਾਦੀਆਂ ਦੇ ਮਾਮਲੇ ਵਿਚ ਸੰਜੀਦਾ ਹੋਣ ਦੀ ਸਗੋਂ ਕੁਝ ਵਧੇਰੇ ਲੋੜ ਹੁੰਦੀ ਹੈ। ਕਈਆਂ ਦਾ ਤਾਂ ਆਲਮ ਹੀ ਨਿਰਾਲਾ ਹੈ, ਜੇ ਬਾਹਰਲਾ ਮੁੰਡਾ-ਕੁੜੀ ਮਿਲ ਜਾਵੇ, ਫਿਰ ਉਹਨਾਂ ਨੂੰ ਹੋਰ ਕੁਝ ਸੁੱਝਦਾ ਹੀ ਨਹੀਂ। ਖਾਨਦਾਨੀ ਪਰਿਵਾਰ ਤੋਂ ਵੀ ਉਹ ਅੱਖਾਂ ਮੀਟ ਲੈਂਦੇ ਹਨ। ਬਾਹਰਲੀ ਕਮਾਈ ਵੱਲ ਅਸੀਂ ਬਦੋ-ਬਦੀ ਖਿੱਚੇ ਜਾਂਦੇ ਹਾਂ। ਹੁਣ ਅਸੀਂ ਭਾਰਤੀ ਵੀ ਪੱਛਮੀ ਸੱਭਿਆਚਾਰ, ਪੱਛਮੀ ਸੱਭਿਅਤਾ ਦੇ ਪੂਰੀ ਤਰ੍ਹਾਂ ਅਸਰ ਹੇਠ ਆ ਰਹੇ ਹਾਂ। ਪੱਛਮੀ ਤਰਜ਼ ਤੇ ਸਭ ਕੁਝ ਬਰਦਾਸ਼ਤ ਕਰੀ ਜਾ ਰਹੇ ਹਨ। ਪੱਗਾਂ ਵਾਲੇ ਪੰਜਾਬੀ ਮੁੰਡੇ ਅਤੇ ਸਲਵਾਰ ਕਮੀਜ਼ ਵਾਲੀਆਂ ਪੰਜਾਬਣ ਮੁਟਿਆਰਾਂ ਹੁਣ ਘੱਟ ਹੀ ਨਜ਼ਰ ਆ ਰਹੀਆਂ ਹਨ। ਨਵੇਂ ਨਵੇਂ ਅਡੰਬਰ ਰਚੇ ਜਾ ਰਹੇ ਹਨ, ਸ਼ਕਤੀਸ਼ਾਲੀ ਡੀ.ਜੇ. ਤੇ ਡਾਂਸ ਹੋ ਰਿਹਾ ਹਾਂ। ਹਰ ਸਮਾਗਮ ਪੈਲਿਸਾਂ ਵਿਚ ਧੜਾ ਧੜ ਇਕ ਦੂਜੇ ਦੀ ਰੀਸੇ ਅਸੀਂ ਕਰੀ ਜਾ ਰਹੇ ਹਾਂ। ਸਾਦਗੀ ਤੇ ਸ਼ਰਮ-ਹਯਾ ਨਾਂ ਦੀ ਕੋਈ ਚੀਜ਼ ਹੀ ਨਹੀਂ ਰਹਿ ਗਈ ਹੁਣ।

ਇਥੇ ਇਕ ਹੋਰ ਗੱਲ ਕਰਨੀ ਵੀ ਠੀਕ ਰਹੇਗੀ-ਕਈ ਮੁੰਡੇ-ਕੁੜੀਆਂ ਵਿਦੇਸ਼ਾਂ ਵਿਚ ਵਿਆਹ ਕਰਵਾਉਣ ਤੋਂ ਬਾਅਦ ਲੋਹੜੇ ਦੇ ਖੁਸ਼ ਵੀ ਹਨ। ਉਨ੍ਹਾਂ ਨੂੰ ਆਪਣੀ ਜ਼ਾਤ ਬਰਾਦਰੀ, ਆਪਣੇ ਹਾਣ-ਪ੍ਰਵਾਨ ਦੇ ਬਹੁਤ ਹੀ ਵਧੀਆ ਰਿਸ਼ਤੇ ਮਿਲੇ ਹਨ। ਭਾਵੇਂ ਉਹਨਾਂ ਦੀ ਭਾਸ਼ਾ, ਰਹਿਣ-ਸਹਿਣ, ਖਾਣ-ਪੀਣ, ਪਹਿਰਾਵਾ, ਪੜ੍ਹਾਈ ਲਿਖਾਈ ਪੱਛਮੀ ਹੋ ਗਈ ਹੈ, ਪਰ ਉਹ 'ਆਨੰਦ' ਵਿਚ ਜ਼ਰੂਰ ਹਨ। ਕਈਆਂ ਨੇ ਆਪਣੇ ਮੂਲ ਨੂੰ ਵੀ ਨਹੀਂ ਛੱਡਿਆ। ਹੁਣ ਤਾਂ ਇੰਜ ਲੱਗਦਾ ਹੈ ਕਿ ਜਿਵੇਂ ਅਸੀਂ ਸਾਰੇ ਕਿਸੇ ਫੋਕੀ ਟੌਅਰ ਹੇਠ ਬਰਬਾਦ ਹੋਣ ਤੇ ਤੁਲੇ ਹੋਈਏ। ਅਸੀਂ ਆਪਣੇ ਆਪ ਨੂੰ ਸੰਕਟ ਵਿਚ ਪਾਉਣ ਤੋਂ ਝਿਜਕਦੇ ਨਹੀਂ। ਇਸ ਵਿਚ ਕੋਈ ਸ਼ੱਕ ਨਹੀਂ ਕਿ ਕੌਮਾਂਤਰੀ ਭਾਈਚਾਰੇ ਵਿਚ ਭਾਰਤੀਆਂ ਦੀ ਨੇਕੀ, ਸਿਆਣਪ, ਉਦਾਰਤਾ, ਖੁੱਲ੍ਹ ਦਿਲੀ, ਤੇਹ, ਪਿਆਰ, ਨਿਮਰਤਾ, ਦੂਰਅੰਦੇਸ਼ੀ ਤੇ ਕਾਰਾਗਰੀ ਦਾ ਕੋਈ ਸਾਨੀ ਨਹੀਂ। ਖਾਂਦੇ ਪੀਂਦੇ ਤੇ ਤਕੜੇ ਘਰਾਂ ਦੇ ਪੰਜਾਬੀ ਨੌਜਵਾਨ ਬਾਹਰਲੇ ਮੁਲਕਾਂ ਵਿਚ ਬੇਹੱਦ ਦੁਖੀ ਹਨ, ਜ਼ਮੀਨਾਂ ਤੇ ਘਰ ਵੇਚ-ਵੱਟ ਕੇ ਬੜੀਆਂ ਔਕੜਾਂ ਤੇ ਮੁਸੀਬਤਾਂ ਸਹਿ ਕੇ ਵਿਦੇਸ਼ਾਂ ਵਿਚ ਪਹੁੰਚੇ ਨੌਜਵਾਨਾਂ ਦੀ ਦੁੱਖ ਭਰੀ ਕਹਾਣੀ ਸੁਣ ਕੇ ਕਲੇਜਾ ਫਟਣ ਨੂੰ ਵੀ ਆਉਂਦਾ ਹੈ। ਇਹਨਾਂ ਮਸਲਿਆਂ ਬਾਰੇ ਕਿਤੇ ਖੁੱਲ੍ਹ ਕੇ ਵਿਚਾਰ ਕਰਨ ਦੀ ਜ਼ਰੂਰਤ ਹੈ।

**— ਆਤਮ ਸਿੰਘ ਚਿੱਟੀ**
**ਪਿੰਡ ਤੇ ਡਾਕਘਰ ਚਿੱਟੀ**
**ਜ਼ਿਲ੍ਹਾ ਜਲੰਧਰ - 144028**
**ਫੋਨ : 0181-2796427**



# ਚਾਂਦਨੀ

ਹਾਣੀ ਮੁੰਡੇ ਜਸਮੇਰ ਸਿੰਘ ਦਾ ਭੋਲਾ ਸਾਊ ਸੁਭਾਅ ਹੋਣ ਕਰਕੇ ਉਸ ਨੂੰ ਸੰਤ-ਸੰਤ ਆਖਣ ਡਹਿ ਪਏ ਸਨ। ਵੇਖਾ-ਵੇਖੀ ਸਾਰਾ ਪਿੰਡ ਹੀ ਉਸਨੂੰ ਕਦੀ 'ਸੰਤ' ਕਦੀ 'ਭਗਤਾ' ਬੁਲਾਉਣ ਲੱਗ ਪਿਆ। ਜਦੋਂ ਸ਼ੀਤਲ ਵਿਆਹੀ ਆਈ ਤਾਂ ਪਹਿਲਾਂ ਤਾਂ ਉਹਨੂੰ ਬਹੁਤ ਅਜੀਬ ਲੱਗਾ ਕਿ ਜਸਮੇਰ ਸਿੰਘ ਘਰ ਗ੍ਰਹਿਸਤੀ ਵਾਲਾ ਬੰਦਾ ਹੈ, ਕਿਉਂ ਲੋਕੀਂ ਉਸ ਦੇ ਖਾਵੰਦ ਨੂੰ ਸਾਧੂ-ਸਾਧੂ ਕਹਿਣ ਲੱਗ ਪਏ ਹਨ। ਪਰ ਮਹੀਨੇ ਖੰਡ ਵਿਚ ਉਹ ਉਸ ਦੇ ਸੁਭਾਅ ਤੋਂ ਜਾਣੂ ਹੋ ਗਏ ਤੇ ਅਕਸਰ ਘਰਦਿਆਂ ਤੇ ਆਂਢ-ਗੁਆਂਢ ਨੂੰ ਖੁਸ਼ੀ-ਖੁਸ਼ੀ ਕਹਿੰਦੀ, 'ਭਾਈ ਮੇਰਾ ਤੇ ਘਰ ਵਾਲਾ ਸਾਈਂ ਲੋਕ ਆ।' ਇਕ ਦਿਨ ਉਹਦੇ ਮੂੰਹੋਂ ਅਚੇਤ ਹੀ ਨਿਕਲ ਗਿਆ ਕਿ ਇਹ ਤਾਂ ਸੱਚੀਂ ਦਰਵੇਸ਼ ਆ। ਤੁਰਦੀ-ਤੁਰਦੀ ਗੱਲ ਸਾਰੇ ਪਿੰਡ ਵਿਚ ਅੱਪੜ ਗਈ ਤੇ ਜਸਮੇਰ ਸੋਂਹ ਦੀ ਅੱਲ ਹੀ 'ਦਰਵੇਸ਼' ਪੈ ਗਈ। ਦੋਵੇਂ ਜੀਅ ਘਰ ਵਿਚ ਮਿਹਨਤ ਕਰਦੇ। ਵਾਹੀ-ਜੋਤੀ ਵਿਚ ਵੀ ਪੂਰਾ ਧਿਆਨ ਲਾਉਂਦੇ। ਨਿੱਕੇ-ਨਿੱਕੇ ਨਿਆਣੇ ਵੱਡੇ ਹੁੰਦੇ ਗਏ। ਤਿੰਨਾਂ ਨੂੰ ਹੀ ਜਿੰਨੀ ਵਾਹ ਗਈ ਪੜ੍ਹਾ ਕੇ ਨੇਪਰੇ ਚੜ੍ਹਾ ਦਿੱਤਾ।

ਮੁੰਡਾ ਘਰ-ਬਾਰੀ ਹੋ ਕੇ ਆਪਣੇ ਟੱਬਰ ਵਿਚ ਰੁੱਝ ਗਿਆ। ਵੱਡੀ ਕੁੜੀ ਨੂੰ ਵੀ ਵਾਹਿਗੁਰੂ ਨੇ ਭਾਗ ਲਾ ਦਿੱਤੇ, ਉਹ ਆਪਣੇ ਕੰਮੀਂ-ਧੰਦੀਂ ਰੁੱਝ ਗਈ। ਨਿੱਕੀ ਚਾਂਦਨੀ ਜਿਹਦੇ ਨਾਲ ਦੋਹਾਂ ਜੀਆਂ ਦਾ ਸ਼ੁਰੂ ਤੋਂ ਬਹੁਤ ਪਿਆਰ ਸੀ। ਉਹਨੂੰ ਝੱਟ-ਪੱਟ ਰਿਸ਼ਤਾ ਮਿਲਣ 'ਤੇ ਵਿਆਹ ਕੇ ਬਾਹਰ ਭੇਜ ਦਿੱਤਾ। ਪਤਾ ਨਹੀਂ ਕੀ ਗੱਲ ਬਣੀ ਜਦੋਂ ਦੀ ਨਿੱਕੀ ਵਿਆਹੀ, ਇਹਨਾਂ ਨੂੰ ਕੁਝ ਧੁੜਕੂ ਜਿਹਾ ਲੱਗ ਗਿਆ। ਚੱਤੇ ਪਹਿਰ ਉਸੇ ਦੀਆਂ ਗੱਲਾਂ ਕਰ ਕਰ ਝੂਰਦੇ ਰਹਿੰਦੇ।

ਅੱਜ ਅੱਧੀ ਰਾਤ ਤੋਂ ਵਧ ਦਾ ਸਮਾਂ ਲੰਘ ਚੁੱਕਾ ਸੀ ਪਰ ਦੋਵੇਂ ਜੀ ਆਪੋ ਆਪਣਿਆਂ ਮੰਜਿਆਂ 'ਤੇ ਪਏ ਉੱਸਲਵੱਟੇ ਭੰਨ ਰਹੇ ਸਨ। ਬਰਾਂਡੇ ਵਿਚ ਸੌਂ ਕੇ ਵੀ ਉਹ ਅਨੀਂਦਰੇ ਹੀ ਰਹੇ। ਅੰਦਰ ਉਹਨਾਂ ਨੂੰ ਹੁੱਸੜ ਜਿਹਾ ਜਾਪਦਾ ਸੀ। ਤਾਜ਼ੀ ਹਵਾ ਦੇ ਬੁੱਲ੍ਹੇ ਵੀ ਉਨ੍ਹਾਂ ਦੇ ਮਨ ਨੂੰ ਚੈਨ ਵਿਚ ਨਹੀਂ ਸੀ ਆਉਣ ਦਿੰਦੇ। ਕਦੀ ਉਹ ਤਾਰਿਆਂ ਵਲ ਧਿਆਨ ਕਰਦੇ, ਕਦੇ ਚੰਦਰਮਾ ਦੀ ਰੌਸ਼ਨੀ ਨੂੰ ਨਿਹਾਰਨ ਦੀ ਕੋਸ਼ਿਸ਼ ਕਰਦੇ। ਦਰਵੇਸ਼ ਵਿਹੜੇ ਵਿਚ ਲੰਮਾ ਗੇੜਾ ਵੀ ਕੱਢ ਲੈਂਦਾ। ਜੀ-ਭਿਆਣੇ ਨੇ ਰਾਤ ਹੀ ਵਿਹੜੇ ਵਿਚ ਲੱਗੇ ਬੂਟਿਆਂ ਨੂੰ ਪਾਣੀ ਵੀ ਛੱਡ ਦਿੱਤਾ। ਹਰਿਆਵਲ ਉਸ ਨੂੰ ਕਾਲਿੱਤਣੀ ਭਾਅ ਮਾਰਨ ਲੱਗੀ। ਚੁਬੱਚੇ ਵਿਚੋਂ ਕਿਆਰੀ ਵਿਚ ਡਿੱਗਦੇ ਪਾਣੀ ਦੀ ਆਵਾਜ਼ ਉਸ ਨੂੰ ਬੇਆਰਾਮ ਕਰਨ ਲੱਗੀ। ਪਾਣੀ ਬੰਦ ਕਰ ਕੇ ਉਹ ਮੁੜ ਆਪਣੇ ਮੰਜੇ ਉੱਤੇ ਆ ਬੈਠਾ। ਸ਼ੀਤਲਾ ਪਾਸੇ ਮਾਰੀ ਜਾਂਦੀ ਸੀ। ਜਾਪਦਾ ਸੀ ਨੀਂਦ ਤਾਂ ਜਿਵੇਂ ਉਨ੍ਹਾਂ ਦੀਆਂ ਅੱਖਾਂ ਵਿਚੋਂ ਸਦਾ ਲਈ ਉੱਡ ਗਈ ਹੋਵੇ।

ਦੋਵੇਂ ਮੁੜ ਮੰਜੀਆਂ ਉੱਤੇ ਰੁਣ-ਬੁਣ ਕਰਨ ਲੱਗ ਪਏ। ਕੋਈ ਨਾ ਕੋਈ ਗੱਲ ਯਾਦ ਆ

ਜਾਂਦੀ ਸੀ। ਦਰਵੇਸ਼ ਨੇ ਵੇਖਿਆ ਸ਼ੀਤਲ ਅੱਜ ਕੁਝ ਜ਼ਿਆਦਾ ਓਦਰੀ ਸੀ। ਮੰਜੇ ਉੱਤੋਂ ਉੱਠ ਕੇ ਕਹਿਣ ਲੱਗਾ, "ਸ਼ੀਤਲ, ਸੌਂ ਜਾ, ਘੜੀ ਅੱਖ ਲੱਗ ਗਈ ਤਾਂ ਸਵੇਰੇ ਉੱਠ ਹੋਊ। ਨਹੀਂ ਤਾਂ ਸਾਰਾ ਦਿਨ ਸਰੀਰਾਂ ਨੇ ਟੁੱਟਦੇ-ਭੱਜਦੇ ਰਹਿਣਾ ਏ।"

"ਦਰਵੇਸ਼, ਪਤਾ ਏ, ਜਦ ਤੱਕ ਜੀਣਾ ਏ, ਇਹ ਧੰਦੇ-ਕਾਰ ਵੀ ਨਾਲ ਚੱਲਣੀ ਏ। ਪਰ ਇਹ ਚੇਤੇ ਵੀ ਨਾਲ ਹੀ ਰਹਿਣੇ ਨੇ। ਕੀ ਕਰਾਂ? ਧਿਆਨ ਉਧਰ ਚਲਾ ਜਾਵੇ ਤਾਂ ਚੰਦਰਾ ਐਸਾ ਮੁੜ, ਮੁੜਦਾ ਨਹੀਂ। ਸੋਚਾਂ ਵਿਚ ਡੁੱਬ ਜਾਂਦੀ ਆਂ। ਤੂੰ ਕਿਹੜਾ ਘੱਟ ਹੇਰਵਾ ਕਰਦਾ ਏਂ। ਤੈਨੂੰ ਵੇਖ ਕੇ ਮੈਂ ਹੋਰ ਡੋਲ ਜਾਂਦੀ ਆਂ।" ਸ਼ੀਤਲ ਨੇ ਦੁਪੱਟੇ ਦੇ ਪੱਲੇ ਨਾਲ ਅੱਖਾਂ ਪੂੰਝਦਿਆਂ ਕਿਹਾ। "ਸ਼ੀਤਲ, ਕੀ ਕਰਾਂ? ਚਾਂਦਨੀ ਬੜੀ ਮੋਹ ਵਾਲੀ ਕੁੜੀ ਸੀ। ਮਰ ਜਾਣੀ! ਘਰ ਵਿਚ ਉੱਡਦੀ ਫਿਰਦੀ। ਹੌਲਾ ਫੁੱਲ ਸਰੀਰ ਅਜੇ ਵੱਡੀ ਸਿਮਰਤ ਤੇਰੇ 'ਤੇ ਗਈ ਸੀ। ਚਾਂਦਨੀ ਦਾ ਗੱਲਬਾਤ ਦਾ ਸਲੀਕਾ ਸਭ ਨੂੰ ਮੋਹ ਲੈਂਦਾ ਸੀ। ਜਿਹੜਾ ਅੰਗ-ਸਾਕ ਆਉਣਾ ਉਸੇ ਦੀਆਂ ਸਿਫ਼ਤਾਂ ਸਾਰੇ ਕਰਦੇ ਸਨ।"

"ਦਰਵੇਸ਼, ਮੈਨੂੰ ਕਿਹੜੀ ਭੁੱਲ ਆ, ਜਿਸ ਭੈਣ-ਭਰਾ ਆਉਣਾ ਡੁੱਬ ਜਾਣੀ ਨੇ ਉਹਦੇ ਢਿੱਡ ਵਿਚ ਵੜ ਜਾਣਾ। ਮਰਨੀ ਭੁੱਲਦੀ ਨਹੀਂ। ਡੁੱਬਣੀ ਤੋੜ ਤਾਈਂ ਸਾਰਾ ਘਰ ਸੁੰਬਰ ਦੇਂਦੀ ਸੀ। ਜਦੋਂ ਛੁੱਟੀ ਵਾਲੇ ਦਿਨ ਡਹਿ ਪੈਂਦੀ ਸੀ। ਨਿੱਕੀ ਸੀ ਸਾਰਿਆਂ ਨਿਆਣਿਆਂ ਤੋਂ ਪਰ ਮਰਨੀ ਸਿਆਣੀ ਬੜੀ ਸੀ। ਪਤਾ ਈ ਕਈ ਵੇਰਾਂ ਬੜੀ ਮੱਤ ਦੀਆਂ ਗੱਲਾਂ ਦੱਸਦੀ ਹੁੰਦੀ ਸੀ।" ਦਰਵੇਸ਼ ਦਾ ਆਪਣਾ ਮਨ ਭਰ ਆਇਆ ਤੇ ਉਹ ਹੇਠਾਂ ਨੂੰ ਮੂੰਹ ਕਰਕੇ ਸੋਚਾਂ ਸੋਚਣ ਲੱਗ ਪਿਆ। ਮਨ ਵਿਚ ਬਹੁਤ ਉਦਾਸ ਹੋ ਗਿਆ ਪਰ ਉਹਨੂੰ ਡਰ ਸੀ ਕਿਤੇ ਸ਼ੀਤਲ ਉਸ ਨੂੰ ਇਸ ਹਾਲ ਵਿਚ ਵੇਖ ਕੇ ਹੋਰ ਨਾ ਝੂਰਨ ਲੱਗ ਪਏ। ਉਸ ਨੇ ਦੂਜੇ ਪਾਸੇ ਮਹ ਕਰ ਲਿਆ। ਪਲ ਭਰ ਲਈ ਦੋਹਾਂ ਨੇ ਚੁੱਪ ਵੱਟ ਲਈ।

ਸ਼ੀਤਲ ਕੋਲੋਂ ਕੀ ਗੁੱਝਾ ਸੀ, ਲੱਕ ਸਿੱਧਾ ਕਰਨ ਲਈ ਮੁੜ ਮੰਜੀ 'ਤੇ ਪੈ ਗਈ ਪਰ ਸੋਚਾਂ ਦੀ ਲੜੀ ਟੁੱਟਦੀ ਨਾ ਵੇਖ ਕੇ ਮੁੜ ਉੱਠ ਬੈਠੀ। "ਦਰਵੇਸ਼, ਬਹੁਤਾ ਮਨ ਨਹੀਂ ਡੁਲਾਈਦਾ। ਆਖ਼ਰ ਧੀਆਂ ਘਰ ਨਹੀਂ ਰੱਖ ਹੁੰਦੀਆਂ। ਰਾਜੇ ਰਾਣੇ ਵੀ ਧੀਆਂ ਤੋਰਦੇ ਆਏ ਨੇ। ਸਾਡੀ ਕੋਈ ਅਲੋਕਾਰ ਬਿਗਾਨੇ ਘਰ ਗਈ ਆ? ਆਖ਼ਰ ਮਾਪਿਆਂ ਨੂੰ ਧੀਆਂ ਭਾਰ ਲੱਗਣ ਲੱਗ ਪੈਂਦੀਆਂ ਹਨ। ਇਹੋ ਸੋਚੀਦਾ ਕਿਹੜਾ ਵੇਲਾ ਆਵੇ ਕੋਈ ਵਰ-ਘਰ ਲੱਭੇ ਤੇ ਇਹਨਾਂ ਨੂੰ ਘਰੋਂ ਉਠਾਈਏ। ਅਗਲੇ ਘਰ ਤੋਰੀਏ। ਇਹ ਤਾਂ ਜੱਗ ਦੀ ਰੀਤ ਆ। ਮਰਨੀ! ਜਦੋਂ ਵੀ ਮੇਰੇ ਚੇਤੇ ਵਿਚ ਆ ਜਾਂਦੀ ਏ, ਜੀ ਕਰਦਾ ਉੱਡ ਕੇ ਆ ਮਿਲੇ। ਪਰ ਆ ਕਿੱਦਾਂ ਜਾਵੇ, ਦੂਰੀ ਦੇ ਮਾਮਲੇ ਆ। ਇਹ ਕਿਹੜਾ ਜਲੰਧਰ ਅੰਬਰਸਰ ਆ?"

ਸ਼ੀਤਲ ਗੱਲਾਂ ਕਰੀ ਗਈ। ਦਰਵੇਸ਼ ਵੱਲ ਵੇਖਿਆ, ਉਸਨੇ ਅੱਖਾਂ ਮੀਟੀਆਂ ਸਨ, ਇਹ ਸੋਚ ਕੇ ਉਹ ਘੜੀ ਅੱਖ ਲਾ ਲਵੇ, ਚੁੱਪ ਹੋ ਗਈ। ਦਰਵੇਸ਼ ਨੇ ਭਾਵੇਂ ਅੱਖਾਂ ਤਾਂ ਮੀਟੀਆਂ ਸਨ, ਪਰ ਇਹ ਨੀਂਦ ਨਹੀਂ ਸੀ। ਉਹਦਾ ਧਿਆਨ ਤਾਂ ਸਮੁੰਦਰੋਂ ਪਾਰ ਪਹੁੰਚ ਚੁੱਕਾ ਸੀ।

ਉਸ ਨੇ ਸਿਰ ਝਟਕਦਿਆਂ ਕਿਹਾ, "ਸ਼ੀਤਲ, ਸੌਂ ਜਾ। ਸਵੇਰੇ ਫਿਰ ਕੰਮ-ਧੰਦਿਆਂ ਵਿਚ ਜੁੱਟਣਾ ਏਂ। ਰੋਜ ਦਫ਼ਤਰ ਜਾਣ ਦੀ ਪਾਬੰਦੀ ਤੋਂ ਤਾਂ ਹੁਣ ਛੁੱਟੀ ਹੋ ਗਈ ਸੀ, ਪਰ ਟੱਬਰਾਂ ਦੇ ਫ਼ਿਕਰ ਤੇ ਕੰਮ-ਧੰਦੇ ਤੇ ਨਹੀਂ ਨਾ ਜੀਉਂਦਿਆਂ ਮੁੱਕਦੇ। ਬੌਲਦ ਦਾ ਜੀਵਨ ਆ ਬੰਦੇ ਦਾ,



ਬੌਲਦ ਦਾ, ਬੰਦੇ ਦਾ ਸਰੀਰ ਭਾਵੇਂ ਨਿੱਭ ਜਾਵੇ ਇਹ ਨਿੱਤ-ਦਿਹੜੀ ਦੇ ਕੰਮ ਨਹੀਂ ਸਾਹ ਲੈਣ ਦਿੰਦੇ। ਬੰਦਾ ਸੋਚਦਾ, ਮੈਂ ਆਹ ਕਰ ਜਾਵਾਂ, ਔਹ ਕਰ ਜਾਵਾਂ! ਜਿੱਦਾਂ ਅਸਮਾਨ ਇਹਨੇ ਹੀ ਸਿਰ 'ਤੇ ਥੰਮ੍ਹਿਆ ਹੋਇਆ। ਪਤਾ ਵੀ ਏ, ਫੂਕ ਨਿਕਲੀ ਨਹੀਂ ਤੇ ਔਹ ਗਿਆ। ਐਵੇਂ ਜਾਨ ਮਾਰਦਾ ਰਹਿੰਦਾ। ਬੰਦਾ ਬੜਾ ਢੀਠ ਆ। ਯਾਦਾਂ ਮਾਰ ਦਿੰਦੀਆਂ ਨੇ। ਚਾਂਦਨੀ! ਪਿਆਰੀ ਧੀ ਦੀ ਹੌਲੀ ਜਿਹੀ ਉਮਰ ਸੀ ਅਜੇ ਬਾਲੜੀ ਕਿਤੇ ਤੋਰਨ ਵਾਲੀ ਸੀ? ਉੱਠ ਚਾਹ ਪੀਈਏ। ਵਾਹੀ-ਜੋਤੀ ਵੀ ਹੌਸਲੇ ਨਾਲ ਹੁੰਦੀ ਏ।"

"ਦਰਵੇਸ਼, ਚਾਂਦਨੀ ਦਾ ਨਿਛੋਹ ਚਿੱਟਾ ਰੰਗ ਹੁੰਦਾ ਗਿਆ। ਨਿੱਕੇ ਹੁੰਦਿਆਂ ਕਿਸੇ ਨਾਲ ਰਲੇ ਈ ਨਾ। ਜਿਉਂ-ਜਿਉਂ ਵੱਡੀ ਹੁੰਦੀ ਗਈ, ਲੋਹੜੇ ਦਾ ਰੰਗ ਨਿੱਖਰ ਗਿਆ। ਆਪਣੀ ਸੰਭਾਲ ਬੜੀ ਕਰਦੀ ਸੀ। ਅਕਲਾਂ ਵਾਲੀ, ਚੱਤੇ-ਪਹਿਰ ਆਪਣਾ ਮੂੰਹ-ਸਿਰ ਸੰਵਾਰਦੀ ਰਹਿੰਦੀ ਸੀ। ਸਾਡੀ ਪਿਆਰੀ ਧੀ ਦੂਰ ਚਲੀ ਗਈ। ਨੇੜੇ ਹੁੰਦੀ ਕਿਤੇ ਦੁੱਖ-ਸੁੱਖ ਨੂੰ ਅੱਪੜ ਜਾਂਦੀ। ਹੁਣ ਦੂਰਾਂ ਦੇ ਮਾਮਲੇ। ਅੱਛਾ ਰਾਜ਼ੀ-ਖੁਸ਼ੀ ਰਹੇ ਸਾਨੂੰ ਠੰਡੀ 'ਵਾ ਆਵੇ। ਯਾਦ ਈ, ਇਕ ਵੇਰਾਂ ਮਾਸੀ ਗਿਆਨੋ ਨੇ ਸਾਕ ਦੀ ਗੱਲ ਕੀਤੀ ਸੀ ਤੇ ਮੈਂ ਭੱਜ ਕੇ ਪਈ ਸਾਂ। ਤੂੰ ਆਪਣੀ ਭੈਣ, ਚਵਿੰਡੇ ਵਾਲੀ ਬੀਬੀ ਨਰਾਜ਼ ਕਰ ਲਈ ਸੀ ਕਿ ਅਜੇ ਨਹੀਂ ਅਸੀਂ ਗੱਲ ਤੋਰਨੀ। ਸਾਨੂੰ ਕਾਹਦੀ ਕਾਹਲੀ ਆ। ਕਿੰਨੇ ਈ ਸਾਕ ਆਏ। ਉਹ ਵੀ ਆਖੇ ਅਜੇ ਮੈਂ ਨੌਕਰੀ ਕਰਨੀ ਆ। ਇੰਨੇ ਸਾਲ ਲਾ ਕੇ ਪੜ੍ਹਾਈ ਕੀਤੀ।"

ਦਰਵੇਸ਼ ਨੇ ਠੰਡਾ ਸਾਹ ਭਰਿਆ। ਮੁੜ ਚੇਤਾ ਆ ਗਿਆ, "ਨਿੱਕੀ ਜਿਹੀ ਉਮਰ ਸੀ ਚਾਂਦਨੀ ਦੀ, ਅੰਬਰਾਂ ਦੇ ਤਾਰੇ ਤੋੜਨ ਵਾਲੀ, ਅਕਾਸ਼ਾਂ ਵਿਚ ਪੀਂਘਾਂ ਪਾਉਣ ਵਾਲੀ, ਵਿੱਛੜ ਗਈ ਮਰਨੀ, ਦੂਰ ਚਲੀ ਗਈ। ਅਸਾਂ ਆਪ ਭੇਜੀ। ਅੱਛਾ! ਜਿਥੇ ਸੰਜੋਗ ਸੀ।"

ਸ਼ੀਤਲ ਨੂੰ ਚੇਤਾ ਆ ਗਿਆ, "ਦੂਜੇ ਦੋਵੇਂ ਵਿਆਹੇ ਗਏ। ਘਰ ਵਿਚ ਇਹੋ ਹੀ ਨਿਆਣਾ ਸੀ। ਦੂਜੀ ਜਮਾਤ ਤੱਕ ਤੇ ਤੂੰ ਤਰਕਾਲਾਂ ਨੂੰ ਬਾਹਰ ਖੁੱਲ੍ਹੀ ਹਵਾ ਵਿਚ ਇਹਨੂੰ ਆਪਣੇ ਗੋਡਿਆਂ 'ਤੇ ਚੜ੍ਹਾ ਕੇ ਨਿਆਣਿਆਂ ਵਾਂਗ ਹੂਟੇ ਮਾਟੇ ਕਰਨੇ। ਫਿਰ ਨਾਲ ਲੰਮਿਆਂ ਪਾ ਕੇ ਗੁਣਗੁਣਾਉਣ ਲੱਗ ਪੈਣਾ, 'ਸਾਡੀ ਚੰਦਾ ਧੀ.....ਸਾਡੀ ਤਾਰਾ ਧੀ। ਸਾਡੀ ਬੀਬੀ ਧੀ। ਸਾਡੀ ਲਾਡੋ ਧੀ!' ਇਹਨੂੰ ਉਥੇ ਹੀ ਨੀਂਦ ਆ ਜਾਣੀ।"

"ਸ਼ੀਤਲ! ਤੂੰ ਕਹਿੰਦੀ ਏ ਤੇਰੀ ਮਾਂ ਕਹਿੰਦੀ ਹੁੰਦੀ ਸੀ ਵੱਗ ਵਿਚ ਆਪਣਾ ਵੱਛਾ ਕੱਟੀ ਹੋਵੇ ਤਾਂ ਵੱਗ ਚੰਗਾ ਲੱਗਦਾ। ਤੇਰੀ ਮਾਂ ਬੜੀ ਸਿਆਣੀ ਸੀ, ਬਹੁਤ ਚੰਗੀ ਸੀ। ਮੈਨੂੰ ਤੇ ਇੰਜ ਜਾਪਦਾ ਸਾਡੀ ਚਾਂਦਨੀ ਦਾ ਮੜੰਗਾ ਉਸੇ 'ਤੇ ਪੈਂਦਾ ਹੈ। ਉਸੇ ਤਰ੍ਹਾਂ ਸਭ ਨੂੰ ਚੰਬੜ ਕੇ ਮਿਲਦੀ ਏ। ਤੂੰ ਸੱਚੀਂ ਏਂ ਤੈਨੂੰ ਵੀ ਸੁਨੱਖੀਆਂ ਕੁੜੀਆਂ ਵੇਖ ਕੇ ਆਪਣੀ ਚਾਂਦਨੀ ਯਾਦ ਆ ਜਾਂਦੀ ਏ। ਢਿੱਡ ਦੀ ਆਂਦਰ ਜੁ ਹੋਈ। ਮੈਂ ਤੇ ਆਪ ਹੈਰਾਨ ਆਂ ਸਾਰੇ ਬੱਚੇ ਵਿਆਹੇ। ਹੋਰ ਕੰਮ ਕੀਤੇ। ਇਸ ਡੁੱਬਣੀ ਦਾ ਚੇਤਾ ਨਹੀਂ ਭੁੱਲਦਾ। ਦਿਲ ਏਡਾ ਕਮਜ਼ੋਰ ਹੋ ਗਿਆ ਏ।"

"ਸਭ ਦੀਆਂ ਧੀਆਂ ਸੌਹਰੇ ਜਾਂਦੀਆਂ ਨੇ, ਆਪਣੀ ਸਿਮਰਤ ਵੀ ਆਪ ਤੋਰੀ। ਇਹ ਮਰਨੀ ਸਾਡੇ ਚੇਤੇ ਵਿਚ ਹੀ ਵੱਸ ਗਈ ਏ। ਉਹਦੇ ਨਾਲ ਦੀਆਂ ਵੇਖ ਕੇ ਚੇਤਾ ਹੱਟਦਾ ਈ ਨਹੀਂ। ਉੱਠ ਕਿੱਡਾ ਦਿਨ ਚੜ੍ਹ ਆਇਆ। ਘੁੱਟ ਚਾਹ ਪੀ ਕੇ ਜੁੱਟੀਏ ਕੰਮੀਂ, ਜਨੌਰ ਕਦੋਂ ਦੇ ਉੱਪਰ ਉੱਡਦੇ ਫਿਰਦੇ ਨੇ। ਜਾ ਤੂੰ ਦਾਣੇ ਪਾ ਆ, ਪਾਣੀ ਵੀ ਬਦਲ ਦੇਵੀਂ। ਚਾਹ ਪੀ ਕੇ,

ਧਾਰਾਂ ਅਜੇ ਕੱਢਣੀਆਂ। ਇਹਨਾਂ ਚੇਤਿਆਂ ਨੇ ਮਾਰ ਦਿੱਤਾ ਸਾਨੂੰ। ਦਰਵੇਸ਼, ਕੱਲ ਹਰਸ਼ੀ ਨੂੰ ਆਖਾਂਗੇ ਟੈਲੀਫੋਨ ਕਰ ਕੇ ਪਤਾ ਕਰੇ। ਸੁੱਖ ਤੇ ਹੈ ਕਿਉਂ ਮਨ ਵਿਚ ਏਨੀਆਂ ਸੋਚਾਂ ਆਉਂਦੀਆਂ ਨੇ ?" ਚਾਹ ਲਿਆਉਂਦੀ ਸ਼ੀਤਲ ਦੇ ਮਨ ਵਿਚ ਸੋਚਾਂ ਅੱਗੇ ਹੋਰ ਵਧਾ ਰਹੀਆਂ ਸਨ।

"ਦਰਵੇਸ਼! ਉੱਤੇ ਜਦੋਂ ਕਬੂਤਰ ਗੁਟਕਦੇ ਆ ਤਾਂ ਯਾਦ ਆਉਂਦਾ। ਸਾਡੀ ਦਾਦੀ ਕਹਿੰਦੀ ਹੁੰਦੀ ਸੀ ਪੁਰਾਣੇ ਜ਼ਮਾਨੇ ਵਿਚ ਲੋਕ ਕਬੂਤਰਾਂ ਰਾਹੀਂ ਚਿੱਠੀਆਂ ਭੇਜਦੇ ਸਨ। ਕਾਂ ਬੋਲਣਾ ਤੇ ਕਹਿਣਾ ਅੱਜ ਕੋਈ ਨਾ ਕੋਈ ਪ੍ਰਾਹੁਣਾ ਆਏਗਾ। ਪਰ ਉਹ ਪਿਛਲਾ ਜ਼ਮਾਨਾ ਸੀ। ਹੁਣ ਸਭ ਕੁਝ ਬਦਲ ਗਿਆ। ਬੰਦੇ ਵੀ ਬਦਲ ਗਏ। ਦਰਵੇਸ਼! ਤੂੰ ਨਾ ਖਾਂ ਏਦਾਂ ਕਰਿਆ ਕਰ। ਜਿਹੜਾ ਚਾਰ ਦਿਨ ਜੀਣਾ ਉਹ ਵੀ ਹੁਣ ਮੁਹਾਲ ਹੋ ਗਿਆ ਏ। ਇੱਦਾਂ ਢੇਰੀ ਢਾਹਿਆਂ ਨਹੀਂ ਗੁਜ਼ਾਰਾ ਹੋਣਾ। ਦਾਤੇ ਦੀ ਮਰਜ਼ੀ, ਤੇਰੇ ਮੇਰੇ ਕੀ ਵੱਸ ਆ। ਧੀਆਂ ਜਿਥੇ ਰਹਿਣ ਸੁਖੀ ਰਹਿਣ। ਇਹੋ ਹੱਥ ਜੋੜ। ਇਹਨਾਂ ਦਾ ਪੇੜਾ ਰੱਬ ਨੇ ਵੱਖਰਾ ਲਿਖਿਆ ਹੁੰਦਾ। ਔਹ ਹਰਸ਼ੀ ਆ ਈ ਗਿਆ, ਉਹਨੂੰ ਕਹੁ ਧਾਰਾਂ ਕੱਢ ਲਿਆਵੇ ਧੁੱਪ ਚੜ੍ਹ ਗਈ ਆ।"

"ਹਰਸ਼ ਬੀਬਾ ਪੁੱਤ! ਜਾਹ ਧਾਰਾਂ ਕੱਢ ਦੇ। ਤੇਰਾ ਚਾਚਾ ਅੱਜ ਰਾਤ ਸੁੱਤਾ ਨਹੀਂ। ਮੈਨੂੰ ਵੀ ਨੀਂਦ ਨਹੀਂ ਆਈ। ਜਦੋਂ ਵੀ ਤੇਰੀ ਭੈਣ ਨਿੱਕੀ, ਬਾਹਰ ਆਲੀ ਚੇਤੇ ਆ ਜਾਂਦੀ ਪਤਾ ਨਹੀਂ, ਸਾਰੀ-ਸਾਰੀ ਰਾਤ ਨੀਂਦ ਨਹੀਂ ਪੈਂਦੀ। ਜਾਹ ਬੀਬਾ ਪੁੱਤ! ਚੋਅ ਲਿਆ ਮੱਝਾਂ।"

ਦਰਵੇਸ਼ ਮੁੜ ਵਿਹੜੇ ਵਿਚ ਆ ਬੈਠਾ। "ਨੀਂਦ ਸੂਲੀ 'ਤੇ ਵੀ ਕਹਿੰਦੇ ਆ ਜਾਂਦੀ ਏ, ਪਤਾ ਨਹੀਂ ਸਾਡੇ ਤੋਂ ਕਿਉਂ ਪਾਸਾ ਵੱਟ ਗਈ ਏ ? ਸਾਰਾ ਸਰੀਰ ਆਕੜਿਆ ਪਿਆ।"

"ਦਰਵੇਸ਼, ਨਾ ਏਦਾਂ ਕਰਿਆ ਕਰ। ਸਾਡੀ ਅਕਲਾਂ ਵਾਲੀ ਧੀ, ਇੰਨੀ ਪੜ੍ਹਾਈ, ਤੰਗੀ ਨਾਲ ਵੀ, ਪਰ ਨਛੱਤਰ ਦੇ ਟੱਬਰ ਨੂੰ ਕੀ। ਦੋਹਾਂ ਨਿਆਣਿਆਂ ਤੋਂ ਵਧ ਚੜ੍ਹ ਗਈ। ਚੜ੍ਹਤ ਏਨੀ ਜਦੋਂ ਉਹਨੇ ਤੇ ਵੱਡੀ ਦੋਹਾਂ ਭੈਣਾਂ ਘਰੋਂ ਨਿਕਲਨਾ ਮੈਂ ਦੂਰ ਵਾਟ ਤਕ ਵੇਖੀ ਜਾਣਾ। ਮੈਂ ਆਪਣਾ ਕੋਈ ਕੱਪੜਾ ਨਾ ਸੁਵਾਉਣਾ ਇਹਨਾਂ ਦੇ ਹੀ ਨਿੱਤ ਨਵੇਂ ਖ਼ਰੀਦ ਲਿਆਉਣੇ। ਇਹਨਾਂ ਨੂੰ ਵੇਖ ਕੇ ਮੇਰਾ ਚਾਅ ਥੰਮਿਆ ਨਹੀਂ ਸੀ ਜਾਂਦਾ। ਲੋਕਾਂ ਆਖਣਾ ਕੁੜੀਆਂ ਵੀ ਸੱਚਾਰੀਆਂ ਤੇ ਮਾਂ-ਪਿਉ ਨੇ ਤੰਗੀ-ਤੁਰਸ਼ੀ ਵਿਚ ਖੜ੍ਹਾ ਵੀ ਲਈਆਂ।"

"ਭਾਗਵਾਨੇ! ਬਲਕਾਰ ਦੇ ਕਿਹੜੇ ਅਸਾਂ ਚਾਅ ਘੱਟ ਕੀਤੇ। ਪੜ੍ਹਾਇਆ, ਲਿਖਾਇਆ, ਵਿਆਹਿਆ। ਐਸੀ ਕਰਮਾਂ ਵਾਲੀ ਆਈ, ਅਸੀਂ ਫਿਰ ਕੱਲੇ ਦੇ ਕੱਲੇ।"

ਸ਼ੀਤਲ ਕਹਿਣ ਲੱਗੀ, "ਦਰਵੇਸ਼! ਦੋਸ਼ ਕੀਹਨੂੰ ਦੇਈਏ ? ਇਹ ਕਰਮਗਤੀ ਆ। ਬੰਦਾ ਸੋਚਦਾ ਕੁਛ ਹੋਰ ਆ, ਹੋ ਕੁਝ ਹੋਰ ਜਾਂਦਾ। ਸੋਚਦੇ ਸਾਂ ਹੁਣ ਪੜ੍ਹਾਈ ਪੂਰੀ ਹੋ ਗਈ ਏ, ਚੰਗੀ ਨੌਕਰੀ ਮਿਲ ਜਾਊਗੀ। ਇਥੇ ਕੋਈ ਸਾਕਾਂ ਦਾ ਘਾਟਾ ? ਇੰਨੀ ਮਿਹਨਤ ਕੀਤੀ। ਕਿਸੇ ਪਾਸੇ ਲੱਗ ਜਾਵੇ। ਜਿਥੇ ਸੰਜੋਗ ਹੋਏ ਆਪੇ ਹੋ ਜਾਣਾ ਏ। ਅਜੇ ਉਮਰ ਕਿਹੜੀ ਆ ਇਹਦੇ ਜਿੱਡੀਆਂ ਖੇਡਦੀਆਂ ਮੱਲਦੀਆਂ। ਪਹਿਲੇ ਜ਼ਮਾਨਿਆਂ ਵਿਚ ਲੋਕੀਂ ਦੂਰ ਨਹੀਂ ਸੀ ਸਾਕ ਕਰਦੇ। ਇਕ ਵਿਚਾਰ ਬਣ ਗਈ ਸੀ, ਭਾਈ ਦੁਆਬਾ ਵੀ ਦੂਰ ਆ। ਮਾਲਵਾ ਤਾਂ ਹੈ ਈ ਦੂਰ। ਉਥੇ ਧੀ ਵਿਆਹੋ ਜਿਥੇ ਸਾਅ-ਦਿਨ ਮਿਲ ਕੇ ਮੁੜ ਆਈਏ। ਚਲੋ! ਉਹ ਸਮਾਂ ਹੋਰ ਸੀ। ਹੁਣ ਇਹੋ ਜਿਹੀਆਂ ਨਿੰਦ-ਵਿਚਾਰਾਂ ਤੇ ਨਹੀਂ, ਪਰ ਫਿਰ ਵੀ ਧੀ ਪੁੱਤ ਨੇੜੇ ਹੋਏ, ਦੁੱਖ ਸੁੱਕ ਨੂੰ ਬਹੁੜ ਪਈਦਾ। ਹਰਸ਼ੀ ਦੁੱਧ ਚੋ ਕੇ ਲੈ ਆਇਆ। ਹਰਸ਼ੀ ਨੂੰ ਵੇਖ ਕੇ ਸ਼ੀਤਲ ਉੱਠੀ,



"ਬੀਬਾ ਪੁੱਤ, ਤੂੰ ਵੀ ਘੁੱਟ ਦੁੱਧ ਪੀ ਜਾ ਮੈਂ ਗਰਮ ਕਰ ਕੇ ਲਿਆਉਂਦੀ ਹਾਂ। ਤੇਰੇ ਚਾਚੇ ਨੇ ਤੇਰੀ ਨਿੱਕੀ ਭੈਣ ਦਾ ਬਹੁਤ ਹੀ ਹੇਰਵਾ ਕਰ ਲਿਆ ਏ। ਘੜੀ ਆ ਜਾਇਆ ਕਰ, ਮਨ ਬਦਲ ਜਾਂਦਾ ਏ। ਜਾਂਦਾ ਬਾਰੂ ਨੂੰ ਘਲਾ ਜਾਵੀਂ, ਕਈ ਕੰਮ ਕਰਨ ਵਾਲੇ ਪਏ ਆ।"

ਸ਼ੀਤਲ ਚੌਂਕੇ ਵਿਚ ਜਾ ਕੇ ਪਰੌਂਠੀਆਂ ਵੀ ਲਾਹ ਲਿਆਈ, ਪਰ ਦਰਵੇਸ਼ ਦਾ ਮਨ ਕੁਝ ਅਨਮਨਾ ਜਿਹਾ ਹੀ ਰਿਹਾ। ਸ਼ੀਤਲ ਕੋਲ ਬੈਠ ਗਈ, "ਦਰਵੇਸ਼! ਪ੍ਰਾਹੁਣੇ ਦੇ ਟੱਬਰ ਨੇ ਸਾਡੀ ਲਾਡਲੀ ਚਾਂਦਨੀ ਦੇ ਵਿਆਹ 'ਤੇ ਗਿੱਧੇ, ਭੰਗੜੇ ਪਾ-ਪਾ ਕੇ ਖ਼ੂਬ ਚਾਂਬੜਾਂ ਪਾਈਆਂ। ਮੁੜ-ਮੁੜ ਨਵੇਂ ਨੋਟਾਂ ਦੀ ਸੁੱਟ ਕਰਨ। ਵੇਖਣ ਵਾਲੇ ਲੋਕੀਂ ਆਖਣ ਇਹਨਾਂ ਦੀ ਤਾਂ ਲਾਟਰੀ ਨਿਕਲੀ ਆ। ਸੋਹਣੀ-ਸਿਆਣੀ ਅਕਲਮੰਦ ਫਿਰ ਇੰਨੀ ਪੜ੍ਹੀ ਲਿਖੀ ਕੁੜੀ ਮਿਲ ਗਈ ਆ ਤਾਈਉਂ ਇਹਨਾਂ ਦੇ ਪੈਰ ਭੋਇੰ 'ਤੇ ਨਹੀਂ ਲੱਗਦੇ। ਨਵੇਂ-ਨਵੇਂ ਲੀੜੇ-ਲੱਤੇ 'ਤੇ ਗਹਿਣੇ-ਗੱਟੇ ਦੀਆਂ ਲਿਸ਼ਕੋਰਾਂ ਮਾਰਦੇ ਫਿਰਨ। ਹਿਰਖ਼ ਨਾਲ ਕਹਿਣ ਲੱਗੀ, "ਦਰਵੇਸ਼! ਆਪਾਂ ਭੋਲੇ ਸਾਂ ਉਹਨਾਂ ਦੀਆਂ ਮਿੱਠੀਆਂ-ਮਿੱਠੀਆਂ ਗੱਲਾਂ ਵਿਚ ਆ ਗਏ। ਅਕਲ-ਮੌਤ ਨੇ ਕੰਮ ਨਾ ਕੀਤਾ। ਅਸੀਂ ਕਿਹੜਾ ਕੋਈ ਪੱਤਣ ਤਰੇ ਸਾਂ ? ਜਿਉਂ ਜਮੇਂ ਬੋਦੀਉਂ ਲੰਮੇ। ਜ਼ਮਾਨਾ ਹੇਰਾ-ਫੇਰੀ ਦਾ ਆ ਗਿਆ। ਆਪਾਂ ਤੇ ਕਿਸੇ ਨੂੰ ਗੱਲੀਂ ਬਾਤੀਂ ਨਹੀਂ ਰੱਖਿਆ। ਬਾਬੇ ਦੀ ਬਾਣੀ ਵਿਚ ਵੀ ਆਪਾਂ ਇਹੋ ਸੁਣਦੇ ਆਂ ਕਿ ਕਿਸੇ ਨਾਲ ਧੋਖਾ ਨਹੀਂ ਕਰਨਾ। ਝੂਠ ਨਹੀਂ ਬੋਲਣਾ।"

"ਚਲੋ ਅਸੀਂ ਕੋਈ ਮਾੜਾ ਕੰਮ ਨਹੀਂ ਕੀਤਾ। ਵਾਹਿਗੁਰੂ ਮਿਹਰ ਕਰੇਗਾ। ਜਿਥੇ-ਜਿਥੇ ਟੱਬਰ ਦੇ ਜੀਅ ਆ ਰਾਜ਼ੀ ਖੁਸ਼ੀ ਰੱਖੇ।" ਦਰਵੇਸ਼ ਨੇ ਮੰਜੀਆਂ ਚੁੱਕ ਕੇ ਇਕ ਪਾਸੇ ਕਰਦਿਆਂ ਕਿਹਾ। "ਦਰਵੇਸ਼! ਤੂੰ ਕਾਹਲਾ ਨਾ ਪਿਆ ਕਰ। ਮੈਂ ਆਪਣੇ ਢਿੱਡ ਦੀ ਸਾਰੀ ਗੱਲ ਤਾਂ ਕਰ ਲਵਾਂ। ਤੇਰੇ ਕੁੜਮਾਂ ਨੂੰ ਆਸ ਸੀ ਇੰਨੀ ਪੜ੍ਹੀ ਚਾਂਦਨੀ ਦੀ ਪੜ੍ਹਾਈ ਸਾਡੇ ਕੰਮ ਆਸੀ। ਖ਼ੂਬ ਖੱਟੀ ਹੋਸੀ। ਸਾਡਾ ਨਾਂ ਉੱਚਾ ਹੋਸੀ। ਦਰਵੇਸ਼! ਅਸੀਂ ਸਿੱਧੇ। ਹੁਣ ਤੇ ਗੁਰੂ 'ਤੇ ਓਟ ਆ। ਸਾਡਾ, ਸਾਡੀ ਧੀ ਨਾਲ ਮੇਲ ਹੋਵੇ ਤਾਂ ਦੱਸਸੀ ਕਿਸ ਹਾਲ ਹੈ। ਸਾਡੀ ਤਾਂ ਉਥੇ ਅਪੜਣ ਦੀ ਜਾਅ ਨਹੀਂ। ਕਿੰਨਾ ਪੈਸਾ। ਕਿਹੜਾ ਕੋਈ ਉਥੇ ਹਾਰੀ-ਸਾਰੀ ਜਾ ਸਕਦਾ। ਸਾਡੀ ਮੱਤ-ਅਕਲ ਉਦੋਂ ਕਿਤੇ ਚੱਲੀ ਗਈ। ਉਹਨਾਂ ਮੁਲਕਾਂ ਵਿਚ ਕੋਈ ਚਿੱਠੀ ਚਪਾਤੀ ਵੀ ਘੱਟ ਲਿਖਦਾ। ਫ਼ੂਨ 'ਤੇ ਗੱਲਾਂ ਹੁੰਦੀਆਂ। ਭਲਾ ਦਰਵੇਸ਼! ਫ਼ੂਨ ਮਨ ਦੀ ਕੀ ਗੱਲ ਦੱਸਸੀ ?"

"ਤੂੰ ਮੁੜ ਮੁੜ ਵਹਿਣਾਂ ਵਿਚ ਵਗ ਤੁਰਦੀ ਏਂ, ਭਲੀਏ ਲੋਕੇ। ਏਸ ਵਹਿਣ ਵਿਚੋਂ ਨਿਕਲੀਏ। ਐਵੇਂ ਮੇਰਾ ਵੀ ਮਨ ਹੌਲਾ ਕਰ ਦਿੰਦੀ ਏਂ।"

"ਦਰਵੇਸ਼! ਮੇਰੀ ਗੱਲ ਸੁਣ। ਕੱਲ ਸੋਹਣ ਕੀ ਪੱਤੀ ਵਾਲਿਆਂ ਦੀ ਦੂਰੋਂ ਨੇੜਿਉਂ ਸਾਕਾਂ ਵਿਚ ਵਿਆਹੀ ਕੁੜੀ ਤੋਂ ਸੁਣੀ ਸੁਣਾਈ ਗੱਲ ਤੋਂ ਪਤਾ ਲੱਗਾ, ਸਾਡੀ ਚਾਂਦਨੀ ਆਪਣੀ ਧੀ ਨਾਲ ਅਜੇ ਘਰੇ ਹੀ ਰਹਿੰਦੀ ਆ। ਪ੍ਰਾਹੁਣਾ ਰਾਤ-ਦਿਨ ਆਪਣੇ ਕੰਮ 'ਤੇ ਗਿਆ ਰਹਿੰਦਾ। ਦੋਵੇਂ ਉਹਨੂੰ ਉਡੀਕਦੀਆਂ ਰਹਿੰਦੀਆਂ। ਸੋਚਦੀ ਆਂ, ਭੋਲੀ ਚਾਂਦਨੀ ਉਸ ਮੁਲਕ ਦੀ ਹਵਾ-ਪਾਣੀ ਨਾਲ ਪਰਚੀ ਰਹਿੰਦੀ ਆ। ਨੱਛਤਰ ਨੇ ਕਦੀ ਸਾਨੂੰ ਸਾਬ-ਸਲਾਮ ਨਹੀਂ ਭੇਜੀ। ਉਦੋਂ ਕਹਿੰਦਾ ਸੀ ਤੁਸੀਂ ਮੇਰੇ ਉਹੋ ਜਿਹੇ ਮਾਪੇ ਹੋ ਜਿੱਦਾਂ ਮੇਰੇ।"

"ਭਲੀਏ! ਕਿਹਾ ਤੇ ਬਹੁਤ ਕੁਝ ਸੀ, ਸਮਝੋ ਤੁਹਾਡੀ ਧੀ ਸਵਰਗ ਵਿਚ ਆ ਹੁਣ। ਅਸੀਂ ਛੇਤੀ ਤੁਹਾਨੂੰ ਵੀ ਉਥੇ ਬੁਲਾ ਲੈਣਾ। ਸੁਖ ਆਰਾਮ ਦੀ ਜ਼ਿੰਦਗੀ ਭੋਗੋਗੇ। ਇਥੇ ਕੀ ਪਿਆ ਏ।

ਸਾਰੀ ਉਮਰ ਮਿਹਨਤ ਕਰ ਕੇ ਪੱਲੇ ਕੁਝ ਨਹੀਂ ਪੈਂਦਾ। ਉਥੇ ਜਾਂਦਿਆਂ ਜੀਵਨ ਬਦਲ ਜਾਂਦਾ। ਪਰ ਜੀਊਣ ਜੋਗੀਏ, ਉਹ ਸਾਨੂੰ ਬੁਲਾਊ ਕਿ ਆਪਣੇ ਮਾਪਿਆਂ ਨੂੰ ?"

"ਪਰ ਮਾਹਲਪੁਰ ਆਲੀ ਭੂਆ ਦੇ ਧੀ-ਜਵਾਈ ਤਾਂ ਉਹਨੂੰ ਸੱਦ ਘੱਲਿਆ। ਤੂੰ ਨਹੀਂ ਸੁਣਿਆ ?" ਸ਼ੀਤਲ ਨੇ ਦਰਵੇਸ਼ ਦੇ ਕੋਲ ਹੋ ਕੇ ਕਿਹਾ।

"ਕਮਲੀਏ ! ਵੱਡਿਆਂ ਦੀਆਂ ਵੱਡੀਆਂ ਗੱਲਾਂ। ਰੀਸ ਨਹੀਂ ਕਰੀਦੀ, ਕਰਮ ਤਾਂ ਆਪਣੇ ਲੈਣੇ। ਕਦੋਂ ਵਿਚਾਰੀ ਕੰਮ 'ਤੇ ਲੱਗੂ, ਬੱਚੀ ਅਜੇ ਫੁੱਲ ਭਰ, ਫੇਰ ਪੈਸੇ ਜਮ੍ਹਾਂ ਹੋਣਗੇ। ਫਿਰ ਸਾਨੂੰ ਬੁਲਾ ਸਕਦੀ ਏ। ਉਹ ਵੀ ਪ੍ਰਾਹੁਣੇ ਦੀ ਮਰਜ਼ੀ ਨਾਲ। ਗੱਲਾਂ ਤਾਂ ਮੈਂ ਵੀ ਬਥੇਰੀਆਂ ਸੁਣਦਾਂ ਕਿ ਔਖੇ ਭਾਵੇਂ ਰਹਿਣ ਕੁੜੀਆਂ ਨੂੰ ਕੰਮ ਤੇ ਨਹੀਂ ਲਾਉਂਦੇ ਭਈ ਕੱਲ-ਕਲੋਤਰ ਨੂੰ ਕਿਤੇ ਇਹ ਮਾਪਿਆਂ ਨੂੰ ਨਾ ਬੁਲਾ ਲਵੇ। ਅੰਦਰ ਡੱਕਣ ਵਾਲਾ ਹਿਸਾਬ ਆ।"

"ਲੈ, ਮੈਨੂੰ ਆ ਗਿਆ ਈ ਚੇਤਾ ਮੰਗਲ ਦੀ ਸਾਲੀ ਦੱਸਦੀ ਸੀ ਹੁਣ ਸਾਕ ਕਰਨ ਲੱਗੇ ਕੁੜੀਆਂ ਵਾਲਿਆਂ ਅੱਗੇ ਸ਼ਰਤ ਰੱਖ ਦਿੰਦੇ ਕਿ ਇਹ ਆਪਣੇ ਮਾਪਿਆਂ ਨੂੰ ਨਹੀਂ ਬਾਹਰ ਬੁਲਾਏਗੀ। ਮਨਜ਼ੂਰ ਆ, ਤਾਂ ਰਿਸ਼ਤਾ ਪੱਕਾ ਕਰੋ। ਮਗਰੋਂ ਉਹ ਕੰਮ 'ਤੇ ਲੱਗ ਕੇ ਹਜ਼ਾਰਾਂ ਕਮਾਉਣ ਫਿਰ ਵੀ ਉਹ ਮਾਪਿਆਂ ਨੂੰ ਨਹੀਂ ਸੱਦ ਸਕਦੀਆਂ। ਕੰਮ ਆਲੀ ਥਾਂ 'ਤੇ ਕੱਠੀਆਂ ਹੋ ਕੇ ਸਹੇਲੀਆਂ ਅੱਗੇ ਦੁੱਖ ਫੋਲਦੀਆਂ। ਬੁੱਕ-ਬੁੱਕ ਰੋਂਦੀਆਂ ਕਹਿੰਦੇ ਵੇਖੀਆਂ ਨਹੀਂ ਜਾਂਦੀਆਂ। ਇਹੋ ਜਿਹਿਆਂ ਨੂੰ ਰੱਬ ਵੀ ਨਹੀਂ ਪੁੱਛਦਾ।" "ਦਰਵੇਸ਼ ! ਪਤਾ ਨਹੀਂ ਕਿਉਂ ਉਲਟੇ- ਪੁਲਟੇ ਖ਼ਿਆਲ ਆਉਂਦੇ ਰਹਿੰਦੇ ਨੇ ? ਇੱਦਾਂ ਈ ਸੁਣੀਦਾ, ਉਥੇ ਕੁੜੀਆਂ ਦੇ ਬੁਰੇ ਹਾਲ ਕਰ ਦਿੰਦੇ ਆ। ਪੇਕਿਆਂ ਕੰਨੀ ਕੋਈ ਭਿਣਕ ਨਹੀਂ ਪੈਣ ਦਿੰਦੇ। ਉੱਦਣ ਗੁਮਾਨਪੁਰੇ ਵਾਲੀ ਮਾਸੀ ਫਿਕਰਾਂ ਦੀਆਂ ਗੱਲਾਂ ਕਰਦੀ ਸੀ। ਕੁਝ ਨਹੀਂ ਹਾਲ ਪਰਦੇਸਾਂ ਦੇ। ਮੈਂ ਤੇ ਬਥੇਰਾ ਵਾਹਿਗੁਰੂ ਅੱਗੇ ਨੱਕ ਗੋਡਾ ਰਗੜਦੀ ਆਂ ਕਿ ਗੁਰੂ ਸਾਡੀ ਧੀ ਨਾਲ ਸਾਡੇ ਮੇਲ ਕਰਾ ਦੇ। ਆਹ ਜਿਹੜੇ ਬੁਰੇ ਭਲੇ ਗਮ ਸਾਡੇ ਢਿੱਡ ਵਿਚ ਆਉਂਦੇ, ਨਾ ਆਉਣ। ਗੱਲਾਂ ਤੇ ਹੋਰ ਵੀ ਇਹਤੋਂ ਮਾੜੀਆਂ ਕੰਨੀਂ ਪੈਂਦੀਆਂ, ਪਰ ਕਹੀਦਾ ਵਾਹਿਗੁਰੂ ਮਾੜੇ ਦਿਨ ਨਾ ਵਿਖਾਈਂ। ਸਭ ਨੂੰ ਸੁਮੱਤ ਬਖਸ਼ੀਂ। ਜਿਹਨਾਂ ਢਿੱਡ ਦੀਆਂ ਬੋਟੀਆਂ ਦੇ ਦਿੱਤੀਆਂ, ਹੋਰ ਕੀ ਪਿੱਛੇ ਰਹਿ ਗਿਆ ? ਪਤਾ ਨਹੀਂ ਕਿਉਂ ਬੰਦੇ ਨੂੰ ਦਿਨੋ ਦਿਨ ਲੋਭ ਵਧਦਾ ਜਾਂਦਾ ? ਰੱਬਾ ਸਭ ਦੀਆਂ ਘਰੀਂ ਸੁਖੀ ਵੱਸਣ !"

"ਉੱਠਾਂ, ਪਿੰਡੇ 'ਤੇ ਮੁੜ ਪਾਣੀ ਪਾ ਲਵਾਂ, ਬੇਚੈਨੀ ਜਿਹੀ ਹੁੰਦੀ ਏ।" ਕਹਿੰਦੀ ਸ਼ੀਤਲ ਨਹਾਉਣ ਚਲੀ ਗਈ। ਦਰਵੇਸ਼ ਨੇ ਛੇਤੀ ਨਾਲ ਚੌਂਕੇ ਵਿਚੋਂ ਤੱਤਾ ਦੁੱਧ ਲਿਆਂਦਾ। ਸ਼ੀਤਲ ਨੂੰ ਹਾਕ ਮਾਰੀ ਤੇ ਫੜਾਉਂਦਿਆਂ ਕਿਹਾ, "ਭਾਗਵਾਨੇ ! ਅਸੀਂ ਕੀ ਚੱਕੀ ਝੋਅ ਬਹਿੰਨੇ ਆਂ ? ਇੱਦਾਂ ਸਰੀਰ ਮਾਂਦੇ ਪੈਂਦੇ ਜਾਂਦੇ ਆ। ਡਿੱਗ ਪਏ ਕਿਸੇ ਨੇ ਦੁਆਲ ਨਹੀਂ ਹੋਣਾ। ਚਾਂਦਨੀ ਹੁਣ ਪਰ-ਵੱਸ ਆ। ਵੱਡੀ ਓਦਾਂ ਵੱਡੇ ਟੱਬਰ ਵਿਚ ਫਸੀ ਪਈ ਆ। ਬਲਕਾਰ ਦੇ ਅਸਾਂ ਪੱਲੇ ਨਹੀਂ ਪਾਇਆ। ਉੱਠ ਲੱਤਾਂ ਗੋਡੇ ਨਾ ਰਹਿ ਜਾਣ ਜਾਨ ਰਹੀ ਤਾਂ ਖੌਰੇ ਸਾਡੀ ਧੀ ਨਾਲ ਕਿਤੇ ਮੇਲ ਹੋ ਜਾਵੇ। ਦੁਨੀਆ ਆਸ 'ਤੇ ਵੱਸਦੀ ਏ।"

**— ਡਾ. ਇਕਬਾਲ ਕੌਰ**
**ਅੰਮ੍ਰਿਤਸਰ**
**ਫੋਨ : 2507434**
**'ਬਟਵਾਰਾ' ਕਹਾਣੀ ਸੰਗ੍ਰਹਿ ਵਿਚੋਂ**



# ਇਟਲੀ ਦਾ ਸਹੇੜ

ਨਿੱਕੀ ਜਿਹੀ ਮਾਸੂਮ ਜਿੰਦ ਕੀ ਹੁੰਦੀ ਹੈ, ਉਮਰ ਨੌਂਵੀਂ ਵਿਚ ਪੜ੍ਹਦੀ ਕੁੜੀ ਦੀ। ਪਰ ਮਾਪਿਆਂ ਨੇ ਆਪਣਾ ਬੋਝ ਲਾਹੁਣ ਲਈ ਤੇ ਇਸ ਚੰਦਰੀ ਗਰੀਬੀ ਤੋਂ ਖਹਿੜਾ ਛੁਡਾਉਣ ਦਾ ਖਾਬ੍ਹ ਲੈ ਕੇ ਇਟਲੀ ਤੋਂ ਆਏ ਮੁੰਡੇ ਨਾਲ ਰਿਸ਼ਤਾ ਕਰ ਦਿੱਤਾ। ਉਹ ਤੇ ਅਜੇ ਪੜਨਾਂ ਹੀ ਚਾਹੁੰਦੀ ਸੀ ਤੇ ਆਪਣੇ ਆਪ ਨੂੰ ਕਦੇ ਟੀਚਰ, ਨਰਸ, ਡਾਕਟਰ, ਪਾਇਲਟ ਤੇ ਪੁਲਿਸ ਅਫਸਰ ਬਣਨ ਦੇ ਸੁਪਨੇ ਲੈਂਦੀ ਸੀ। ਇਕ ਹਨ੍ਹੇਰੀ ਬਣ ਆਇਆ, ਰਿਸ਼ਤਾ ਤੇ ਵਾਵਰੋਲੇ ਵਿਚ ਲਿਪਟ ਗਈ ਇਹ ਜਿੰਦ ਜਿਸ ਨੂੰ ਵਰਜ ਪੂਲ ਵਿਚ ਪਾ ਦਿੱਤਾ, ਉਸ ਸਹੇੜ ਨੇ।

ਇਟਲੀ ਦੀ ਬੋਲੀ ਵੱਖਰੀ, ਲੋਕ ਵੱਖਰੇ, ਖਾਣ ਪੀਣ, ਪਹਿਨਣ ਹਰ ਚੀਜ਼ ਵੱਖਰੀ ਤੇ ਵਿਚ ਉਹ ਸ਼ਰਾਬੀ ਆਫਰਿਆ ਸਾਹਨ ਜਿਸਨੂੰ ਆਪਣਾ ਆਪਾ ਹੀ ਦਿਸਦਾ। ਪਰ ਉਹ ਨਿੱਕੀ ਜਿੰਦ ਇਕ ਕੀੜਾ ਮਕੌੜਾ ਜਿਸ ਨੇ ਫਿਰ ਅਗਾਂਹ ਇਕ ਬੱਚੀ ਨੂੰ ਜਨਮ ਦੇ ਦਿੱਤਾ ਤੇ ਫਿਰ ਇਕ ਕੰਕਰੀਲੀ, ਕਾਲੀ ਬੋਲੀ ਮੀਂਹ ਵਾਲੀ ਰਾਤ ਨੂੰ ਉਸਦੇ ਜ਼ੁਲਮ ਦਾ ਅੰਤ ਹੋ ਗਿਆ। ਜਦੋਂ ਧੱਕੇ ਮਾਰ ਕੇ ਸ਼ਰਾਬੀ ਹੋਏ ਪਤੀ ਨੇ ਮਾਵਾਂ ਧੀਆਂ ਨੂੰ ਸੜਕ ਉੱਤੇ ਛੱਡ ਦਿੱਤਾ ਤੇ ਆਪ ਕਿਸੇ ਅਣ ਦੱਸੇ ਥਾਂ 'ਤੇ ਚੱਲੇ ਗਿਆ। ਉਹਦਾ ਨਾ ਘਰ ਨਾ ਘਾਟ ਨਾ ਭੈਣ ਨਾ ਭਰਾ ਨਾ ਰਿਸ਼ਤੇਦਾਰ ਨਾ ਜਾਣ ਨਾ ਪਛਾਣ। ਉਹ ਰੌਂਦੀ ਸੜਕ 'ਤੇ ਜਾ ਰਹੀ ਸੀ ਕਿ ਕਿਸੇ ਨੇ ਉਸ ਨੂੰ ਵੇਖ ਲਿਆ। ਉਸ ਦੇ ਮਨ ਵਿਚ ਮਿਹਰ ਪੈ ਗਈ ਉਹ ਉਹਨਾਂ ਨੂੰ ਘਰ ਲੈ ਗਿਆ। ਦੋਹਾਂ ਮਾਵਾਂ ਧੀਆਂ ਨੂੰ ਬਹੁਤ ਹੀ ਤੇਜ਼ ਬੁਖਾਰ ਸੀ। ਉਸ ਨੇ ਐਂਬੂਲੈਂਸ ਕਾਲ ਕਰਕੇ ਹਸਪਤਾਲ ਪਹੁੰਚਾ ਦਿੱਤਾ। ਹਸਪਤਾਲ ਉਸਨੇ ਟੁੱਟੀ ਫੁੱਟੀ ਅੰਗਰੇਜ਼ੀ ਵਿਚ ਆਪਣੀ ਕਹਾਣੀ ਬਿਆਨ ਕੀਤੀ ਤੇ ਦੱਸਿਆ ਕਿ ਉਸਦਾ ਕੋਈ ਐਡਰੈੱਸ ਨਹੀਂ ਘਰ ਨਹੀਂ ਹੈ, ਭੈਣ ਭਰਾ ਨਹੀਂ ਹੈ, ਉਹ ਕਿਸੇ ਜਾਨਵਰ ਦੇ ਵਸ ਵਿਚ ਕਿਵੇਂ ਡੇਢ ਸਾਲ ਰਹੀ। ਹਸਪਤਾਲ ਵਾਲਿਆਂ ਦੋਵਾਂ ਮਾਵਾਂ ਧੀਆਂ ਦਾ ਇਲਾਜ ਕਰਕੇ ਇਕ ਜਨਾਨੀ ਦੇ ਸ਼ੈਲਟਰ ਹਾਊਸ ਵਿਚ ਭੇਜ ਦਿੱਤਾ।

ਮੈਨੂੰ ਇੰਡੀਆ ਤੋਂ ਮੇਰੀ ਰਿਸ਼ਥੇਦਾਰ ਦਾ ਫੋਨ ਆਇਆ "ਭੈਣ ਜੀ ਤੁਹਾਡੇ ਤੋਂ ਇਟਲੀ ਕਿੰਨੀ ਦੂਰ ਹੈ ?" ਮੈਂ ਦੱਸਿਆ ਕਿ ਕੋਈ ਸੱਤ ਹਜ਼ਾਰ ਕਿਲੋਮੀਟਰ ਹੋਵੇਗਾ। ਆਪਣੀ ਰਾਜੀ ਉਥੇ ਵਿਆਹੀ ਸੀ ਤੇ ਉਹਦਾ ਘਰ ਵਾਲਾ ਉਹਨੂੰ ਸੜਕ 'ਤੇ ਹੀ ਛੱਡ ਕੇ ਚਲੇ ਗਿਆ ਹੈ। ਮੈਂ ਤ੍ਰੱਬਕ ਗਈ ਤੇ ਪੁੱਛਿਆ, "ਓ ਮਾਈ ਗਾਡ ਰਾਜੀ ਵਿਆਹੀ ਗਈ ਸੀ ?" ਮੈਂ ਰਾਜੀ ਪੰਦਰਾਂ ਸਾਲ ਪਹਿਲਾਂ ਨਿੱਕੀ ਜਿਹੀ ਵੇਖੀ ਸੀ, ਪਰ ਉਹ ਕੁੜੀ ਆਪਣੇ ਸਾਰੇ ਰਿਸ਼ਤੇਦਾਰਾਂ ਦੀਆਂ ਕੁੜੀਆਂ ਵਿਚੋਂ ਸਭ ਤੋਂ ਸੋਹਣੀ ਤੇ ਆਪਣੇ ਹਾਣ ਦੇ ਬੱਚਿਆਂ ਨਾਲੋਂ ਕਈ ਗੁਣਾ ਹੁਸ਼ਿਆਰ ਸੀ। ਉਸ ਵਕਤ ਮੈਨੂੰ ਪਤਾ ਹੈ ਕਿ ਉਸ ਦਾ ਮੁਕਾਬਲਾ ਮੇਰੇ ਬੱਚਿਆਂ ਨਾਲ ਵੀ ਨਹੀਂ ਸੀ, ਉਹ ਇੰਨੀ ਹੁਸ਼ਿਆਰ ਸੀ ਤੇ ਮੈਂ ਨਿੱਕੀ ਜਿਹੀ ਤੋਂ ਪੁੱਛਿਆ ਕਿ ਤੂੰ ਕੀ ਬਣਨਾ ਹੈ ਤੇ ਕਹਿੰਦੀ ਸੀ ਮੈਂ ਆਈ.ਏ.ਐਸ. ਅਫਸਰ ਬਣਨਾ ਹੈ। ਮੈਂ ਉਹਦੀ ਮਾਂ ਨੂੰ ਕਿਹਾ ਸੀ ਕਿ ਭੈਣ ਕੁੜੀ ਨੂੰ ਹਟਾਈਂ ਨਾ

ਪੜ੍ਹਾਈਂ ਜ਼ਰੂਰ ਇਹ ਵੱਖਰੀ ਕਿਸਮ ਦੀ ਬੱਚੀ ਹੈ। ਇੰਡੀਆ ਵਿਚ ਅਸੀਂ ਜਦੋਂ ਵੀ ਕ੍ਰਿਸਮਿਸ ਦੀਆਂ ਜਾਂ ਗਰਮੀਆਂ ਦੀਆਂ ਛੁੱਟੀਆਂ ਵਿਚ ਮੇਰੇ ਪੇਕੇ ਜਾਂਦੇ, ਉਹਦੀ ਮਾਂ ਵੀ ਆਪਣੇ ਬੱਚੇ ਲੈ ਕੇ ਉਥੇ ਆਈ ਹੁੰਦੀ।

ਉਹਨੇ ਮੇਰੇ ਭਰਾ ਭਰਜਾਈ ਤੋਂ ਫੋਨ ਲੈ ਕੇ ਮੈਨੂੰ ਕੀਤਾ ਤੇ ਨਾਲ ਹੀ ਰੋ ਪਈ ਕਿ ਰਾਜੀ ਬਹੁਤ ਹੀਤੰਗ ਹੈ। "ਭੈਣ ਹੁਣ ਕੀ ਕਰੀਏ ਅਸੀਂ ਤੇ ਚਾਰ ਕਨਾਲਾਂ ਪਾਲਕ ਬੀਜੀ ਹੈ ਤੇ ਉਹ ਪਾਲਕ ਵੱਢ ਕੇ ਵੇਚ ਕੇ ਉਹਨੂੰ ਫੋਨ ਕਰ ਲਈਦਾ ਹੈ।" ਉਸਨੇ ਸਾਰੀ ਗੱਲ ਦੱਸੀ। "ਚਲ ਤੂੰ ਮੈਨੂੰ ਫੋਨ ਨੰਬਰ ਦੇ ਮੈਂ ਫੋਨ ਕਰਦੀ ਹਾਂ, ਉਸ ਸ਼ੈਲਟਰ ਹਾਊਸ ਵਿਚ ਫੇਰ ਵੇਖੂੰ ਕੀ ਕਹਿੰਦੇ ਆ ਉਹ।" ਉਹਨੂੰ ਰੋਂਦੀ ਨੂੰ ਮੈਂ ਕੁਝ ਧਰਵਾਸ ਦਿੱਤਾ ਆਪ ਸੋਚਣ ਲੱਗ ਪਈ ਕੁੜੀ ਤੇ ਅਗਾਂਹ ਕੁੜੀ ਦੀ ਕੁੜੀ ਕੀ ਕਰੂ ਬੰਦਾ ਮਜ਼ਬੂਰ। ਖੈਰ ਹਿੰਮਤੀ ਤਾਂ ਮੈਂ ਵੀ ਬਹੁਤ ਹਾਂ, ਸੋਚ ਕੇ ਪਹਿਲਾਂ ਨੰਬਰ ਆਪਣੀ ਭੈਣ ਜੋ ਇੰਗਲੈਂਡ ਵਿਚ ਰਹਿੰਦੀ ਹੈ, ਉਸਨੂੰ ਦਿੱਤਾ ਕਿ ਤੂੰ ਵੀ ਕਾਲ ਕਰੀਂ ਤੇ ਫਿਰ ਆਪਾਂ ਮਿਲ ਕੇ ਜਿੰਨੀ ਮਦਦ ਹੋ ਸਕਦੀ ਕਰੀਏ।

ਮੈਂ ਇਟਲੀ ਵਾਸਤੇ ਕਾਲਿੰਗ ਕਾਰਡ ਲਿਆਂਦਾ ਤੇ ਕਾਲ ਕੀਤੀ ਅੱਗੋਂ ਕਿਸੇ ਮਰਦ ਨੇ ਫੋਨ ਚੁੱਕਿਆ ਤੇ ਉਹ ਇਟਾਲੀਅਨ ਬੋਲ ਰਿਹਾ ਸੀ। ਮੈਂ ਅੰਗਰੇਜ਼ੀ ਬੋਲੀ ਜਾਵਾਂ ਤੇ ਉਹ ਇਟਾਲੀਅਨ ਜੋ ਮੈਂ ਫੋਨ ਕੱਟ ਦਿੱਤਾ ਤੇ ਕਿਸੇ ਤਰ੍ਹਾਂ ਹੀ ਮੇਰੀ ਭੈਣ ਦੀ ਕਾਲ ਵਾਪਿਸ ਆ ਗਈ ਤੇ ਸ਼ਾਮ ਨੂੰ ਅਸਾਂ ਇਕ ਦੂਜੀ ਨੂੰ ਦੱਸਿਆ ਕਿ ਕਿਵੇਂ ਹੋਇਆ। ਫਿਰ ਉਸਨੇ ਇਕ ਇਟਾਲੀਅਨ ਸਮਝਣ ਵਾਲੇ ਨੂੰ ਲੱਭ ਹੀ ਲਿਆ ਤੇ ਕਾਲ ਕੀਤੀ ਤੇ ਉਸਨੇ ਉਸ ਨਾਲ ਗੱਲ ਕਰਕੇ ਮੇਰੀ ਭੈਣ ਨੂੰ ਅੰਗਰੇਜ਼ੀ ਵਿਚ ਦੱਸਿਆ ਕਿ ਉਹ ਆਦਮੀ ਆਪ ਬਹੁਤ ਅੱਕਿਆ ਥੱਕਿਆ ਪਿਆ ਹੈ, ਕਿਉਂਕਿ ਉਹ ਸਾਰੇ ਬੱਚੇ ਉਥੇ ਉਸ ਹਾਊਸ ਵਿਚ ਸੰਭਾਲਦਾ ਹੈ ਤੇ ਨਾਲ ਹੀ ਪਰਸ ਸਿਊਂਦਾ ਹੈ ਤੇ ਉਹ ਸਾਰੀਆਂ ਕੁੜੀਆਂ ਸ਼ਹਿਰ ਵਿਚ ਉਸ ਮਾਲਕ ਦਾ ਸਮਾਨ ਵੇਚਣ ਜਾਂਦੀਆਂ ਹਨ। ਚੰਗਾ ਹੋਣ ਕਰਕੇ ਉਨ੍ਹਾਂ ਦਾ ਹਿਸਾਬ ਕਿਤਾਬ ਵੀ ਰਾਤ ਨੂੰ ਕਰਦੀ ਹੈ। ਤੁਸੀਂ ਰਾਤ ਨੂੰ ਹੁਣ ਤੋਂ ਅੱਠ ਘੰਟੇ ਨੂੰ ਫੋਨ ਕਰਿਓ ਤਾਂ ਫਿਰ ਉਹ ਮਿਲ ਸਕਦੀ ਹੈ।

ਮੇਰੀ ਭੈਣ ਨੇ ਮੈਨੂੰ ਕੰਮ ਤੇ ਫੋਨ ਕਰਕੇ ਸਾਰੀ ਕਹਾਣੀ ਦੱਸੀ ਕਿ ਭੈਣ ਜੀ ਆਹ ਗੱਲ ਹੈ। ਚਲੋ ਅੱਠ ਘੰਟਿਆਂ ਨੂੰ ਤੂੰ ਫੋਨ ਕਰੀਂ ਤੇ ਮੇਰੇ ਤਾਂ ਤੇਰੇ ਤੋਂ ਵੀ ਪੰਜ ਘੰਟੇ ਟਾਈਮ ਪਿੱਛੇ ਹੈ, ਜਾਣੀਂ ਤੇਰਾਂ ਘੰਟਿਆਂ ਨੂੰ ਮੈਂ ਫੋਨ ਕਰ ਸਕਦੀ ਹਾਂ। ਅਸੀਂ ਫੋਨ ਤਾਂ ਬੰਦ ਕਰ ਦਿੱਤਾ ਪਰ ਮੈਂ ਸੋਚਣ ਲੱਗ ਪਈ ਕਿ ਉਹ ਕਿਵੇਂ ਆਪਣੇ ਕੁੜੀ ਸਾਂਭਧੀ ਹੋਊ, ਕਿਵੇਂ ਤੇ ਕਿੰਨਾ ਸੌਂਦੀ ਹੋਊ। ਅਖੀਰ ਤੇਰਾਂ ਘੰਟੇ ਲੰਘੇ ਤਾਂ ਫੋਨ ਆ ਗਿਆ ਕਿ ਭੈਣ ਜੀ ਉਹਨੇ ਅਜੇ ਚਾਰ ਘੰਟੇ ਹੋਰ ਕੰਮ 'ਤੇ ਰਹਿਣਾ ਹੈ, ਮੈਂ ਕਿਹਾ, "ਤੈਨੂੰ ਕਿਵੇਂ ਪਤਾ ਲੱਗਾ ?" ਕਹਿੰਦੀ, "ਜਿਹੜੇ ਭਾਈ ਨੂੰ ਮੈਂ ਇਟਾਲੀਅਨ ਵਿਚ ਗਲ ਕਰਨ ਲਈ ਕਿਹਾ ਸੀ, ਉਸਦਾ ਫੋਨ ਆਇਆ ਹੈ ਕਿ ਉਹ ਭਾਈ ਸਾਡੀ ਦੁਕਾਨ 'ਤੇ ਕੰਮ ਕਰਦਾ ਹੈ ਤੇ ਭੈਣ ਜੀ ਸਾਰੀ ਕਹਾਣੀ ਸੁਣ ਕੇ ਉਹ ਇੰਨਾ ਭਾਵੁਕ ਹੋ ਗਿਆ ਕਿ ਉਹ ਤਾਂ ਆਪ ਜਾਣ ਨੂੰ ਤਿਆਰ ਹੋ ਗਿਆ ਤੇ ਹੁਣ ਉਸਨੇ ਆਪ ਹੀ ਫਿਰ ਫੋਨ ਕਰਕੇ ਮੈਨੂੰ ਦੱਸ ਦਿੱਤਾ ਹੈ।" ਮੈਂ ਕਿਹਾ, "ਇਕ ਬਿਪਤਾ ਦੂਰ ਕਰਦੇ ਕਰਦੇ ਕਿਤੇ ਦੂਜੀ ਬਿਪਤਾ ਨਾ ਸਹੇੜ ਲਈਏ, ਤੂੰ ਆਪ ਹੀ ਫੋਨ ਕਰ।" ਕਹਿਣ ਲੱਗੀ, "ਭੈਣ ਜੀ ਇਹ ਖੁਸ਼ ਤੇ ਸੁਖੀ ਪਰਿਵਾਰ ਹੈ, ਇੰਜ ਤੇ ਨਹੀਂ ਕਰ ਸਕਦਾ।"

ਮੈਂ ਕਿਹਾ, "ਛੇਤੀ ਫਿਰ ਫੋਨ ਕਰਕੇ ਦੱਸ। ਉਸ ਨੇ ਕਰਕੇ ਦੱਸਿਆ, "ਭੈਣ ਜੀ ਤੁਸੀਂ ਯਕੀਨ ਤੇ ਕਰਦੇ ਨਹੀਂ ਅੱਗੋਂ ਫਿਰ ਉਹ ਇਟਾਲੀਅਨ ਭਾਈ ਹੀ ਬੋਲਦਾ ਹੈ।" ਮੈਂ ਕਿਹਾ,



"ਚਲੋ ਚਾਰ ਘੰਟਿਆਂ ਨੂੰ ਕਰੀਂ।"

ਮੈਂ ਇਥੇ ਆਪਣੇ ਕੰਮ ਉੱਤੇ ਪੂਰੇ ਦਾ ਪੂਰਾ ਧਿਆਨ ਸ਼ਿੰਦੇ ਵਲ ਤੇ ਸ਼ਿੰਦੋ ਦੇ ਸ਼ਰਾਬੀ ਪ੍ਰਾਹੁਣੇ ਵਲ ਉਸਦੇ ਅਪਾਹਜ ਮੁੰਡੇ ਵਲ ਤੇ ਅਗਾਂਹ ਉਸਦੀ ਕੁੜੀ ਰਾਜੀ, ਰਾਜੀ ਦੇ ਉਸ ਨੂੰ ਛੱਡ ਕੇ ਭੱਜੇ ਸਾਹਨ ਵਲ ਤੇ ਉਸਦੀ ਕੁੜੀ ਵਲ ਲਾ ਕੇ ਹੀ ਬੈਠੀ ਰਹੀ।

ਅਚਾਨਕ ਹੀ ਮੇਰੀ ਸੁਪਰਵਾਈਜ਼ਰ ਆ ਕੇ ਮੇਰੇ ਸਿਰ ਉੱਤੇ ਖਲੋ ਗਈ। ਤੇ ਕਹਿੰਦੀ "ਆਰ ਯੂ ਓ.ਕੇ. ?" ਮੈਂ ਨਾ ਓ.ਕੇ. ਹੀ ਕਿਹਾ "ਪਰ ਮੁੜ ਜ਼ੋਰ ਨਾਲ ਆਪਣੇ ਆਪ ਨੂੰ ਉਸ ਦਲਦਲ ਵਿਚੋਂ ਕੱਢ ਕੇ ਕਿਹਾ, "ਯੈਸ ਆਈ ਐਮ ਓ.ਕੇ.।" ਉਹ ਕਹਿੰਦੀ "ਵਟ ਇਜ਼ ਰੌਂਗ ਟੂਡੇ, ਤੂੰ ਠੀਕ ਨਹੀਂ ਲੱਗਦੀ ?" ਕਿਉਂਕਿ ਉਹਨੇ ਮੈਨੂੰ ਆਪਣੇ ਪੇਟਰਨਜ਼ ਵਲ ਧਿਆਨ ਨਾ ਦਿੰਦੇ ਤੇ ਦੋ ਚਾਰ ਵਾਰ ਫੋਨ ਵਿਚ ਖੁੱਭੇ ਵੇਖਿਆ ਸੀ। ਚਲੋ ਕਿਵੇਂ ਨਾ ਕਿਵੇਂ ਮੈਂ ਉਸ ਨਾਲ ਆਪਣਾ ਆਪ ਬਦਲ ਕੇ ਗੱਲ ਕਰਕੇ ਛੁਟਕਾਰਾ ਪਾ ਹੀ ਲਿਆ ਤੇ ਬਹਾਨਾ ਲਾਇਆ ਕਿ ਮੇਰੀ ਬੇਟੀ ਸਨੋ ਸਟੌਰਮ ਵਿਚ ਫਸ ਗਈ ਹੈ। ਇਸ ਕਰਕੇ ਮੈਂ ਫੋਨ 'ਤੇ ਸੀ ਤੇ ਕੁਝ ਅਪਸੈੱਟ ਸੀ। ਝੂਠ ਤੇ ਮੈਂ ਬੋਲ ਕੇ ਬਚ ਗਈ, ਪਰ ਵਾਕਿਆ ਹੀ ਅਪਸੈੱਟ ਮੈਂ ਉਨੀਂ ਹੀ ਸੀ ਜਿਵੇਂ ਮੇਰੀ ਬੇਟੀ ਕਿਤੇ ਸਨੋ ਸਟੌਰਮ ਵਿਚ ਇਕੱਲੀ ਫਸ ਗਈ ਹੋਵੇ।

ਕਰਦੇ ਕਰਾਉਂਦਿਆਂ ਪੰਜ ਵੱਜ ਗਏ ਤੇ ਮੈਂ ਘਰ ਨੂੰ ਤੁਰ ਪਈ ਰਸਤੇ ਵਿਚ ਫਿਰ ਫੋਨ ਵਜਿਆ ਤੇ ਮੈਂ ਬਹੁਤ ਹੀ ਭਾਰੀ ਟਰੈਫਿਕ ਵਿਚ ਫਸੇ ਹੋਣ ਦੇ ਬਾਵਜੂਦ ਜਦੋਂ ਕਿ ਸਾਡੀ ਸਟੇਟ ਵਿਚ ਸੈੱਲ ਫੋਨ ਡਰਾਇਵਿੰਗ ਦੌਰਾਨ ਕਰਨਾ ਸਖ਼ਤ ਮਨ੍ਹਾ ਹੈ, ਫੋਨ ਚੁੱਕ ਲਿਆ। ਇਹ ਮੇਰੀ ਭੈਣ ਦਾ ਹੀ ਸੀ। ਉਸ ਦੱਸਿਆ, "ਭੈਣ ਜੀ ਇਥੇ ਰਾਤ ਦੇ ਬਾਰ੍ਹਾਂ ਵੱਜ ਗਏ ਹਨ ਮੈਂ ਸੌ ਚੱਲੀ ਹਾਂ ਤੁਸੀਂ ਫੋਨ ਨਾ ਕਰਿਓ ਕਿਉਂਕਿ ਸਵੇਰੇ ਅਸੀਂ ਤੇ ਬੱਚਿਆਂ ਨੇ ਜਲਦੀ ਉੱਠਣਾ ਹੈ।" ਮੈਨੂੰ ਚੈਨ ਨਹੀਂ ਸੀ ਮੈਂ ਘਰ ਆ ਕੇ ਫਿਰ ਇਟਲੀ ਫੋਨ ਕੀਤਾ। ਅੱਗੋਂ ਉਹੀ ਇਟਾਲੀਅਨ ਭਾਈ ਨਾ ਸਮਝੇ ਨਾ ਸਮਝਾਵੇ ਕੀ ਕਰਾਂ ਤੇ ਕੀ ਨਾ ਕਰਾਂ ਹੁਣ ਤਾਂ ਮੇਰੀ ਭੈਣ ਵੀ ਸੌਂ ਗਈ ਹੈ। ਮੈਂ ਸੋਚਿਆ ਇੰਡੀਆ ਸ਼ਿੰਦੋ ਨੂੰ ਫੋਨ ਕਰਾਂ, ਪਰ ਉਥੇ ਵੀ ਅਜੇ ਤੜਕਾ ਹੋਣਾ, ਉਠੇ ਨਹੀਂ ਹੋਣੇ। ਦੂਜਾ ਉਹਨੂੰ ਦਸੂੰ ਕੀ ਉਹ ਤੇ ਕੁਝ ਹੌਸਲਾ ਕਰਕੇ ਸੁੱਤੀ ਹੋਣੀ ਹੈ ਕਿ ਉਸ ਮੇਰੇ ਨਾਲ ਆਪਣਾ ਦੁੱਖ ਵੰਡਿਆ ਹੈ। ਸੋਚਦਿਆਂ ਸੋਚਦਿਆਂ ਮੇਰੇ ਮਨ ਵਿਚ ਆਇਆ ਕਿ ਮੈਂ ਵੀ ਆਸ ਪਾਸ ਕੋਈ ਇਟਾਲੀਅਨ ਬੋਲਣ ਵਾਲਾ ਲੱਭਾਂ ਤੇ ਮੈਂ ਕਾਰ ਸਟਾਰਟ ਕਰਕੇ ਆਪਣੇ ਗੈਸ ਸਟੇਸ਼ਨ 'ਤੇ ਚਲੇ ਗਈ ਤੇ ਇਕ ਗੱਤੇ ਤੇ ਇਹ ਲਿਖ ਕੇ "ਤੂੰ ਇਟਾਲੀਅਨ ਬੋਲ ਸਕਦਾ ਹੈ ?" ਆਪਣੇ ਅਟੈਂਡੈਂਟ ਨੂੰ ਫੜਾ ਦਿੱਤਾ ਤੇ ਕਿਹਾ, "ਜਦੋਂ ਤੂੰ ਗੈਸ ਪਾਵੇਂ ਲੋਕਾਂ ਨੂੰ ਇਹ ਵਿਖਾਈ ਜਾਣੀ ਤੇ ਜੇ ਕੋਈ ਲੱਭਾ ਤਾਂ ਮੈਨੂੰ ਅੰਦਰ ਦੱਸ ਦੇਵੀਂ।" ਮੇਰਾ ਖਿਆਲ ਸੀ ਕਿ ਜ਼ਰੂਰ ਹੀ ਛੇਤੀ ਹੀ ਕੋਈ ਲੱਭ ਹੀ ਪੈਣਾ ਹੈ। ਪੰਦਰਾਂ ਕੁ ਗੱਡੀਆਂ ਬਾਅਦ ਚੰਗੇ ਕਰਮਾਂ ਨਾਲ ਇਕ ਮੇਮ ਦੀ ਗੱਡੀ ਆਈ। ਉਹ ਕਹਿੰਦੀ "ਹਾਂ ਮੈਂ ਬੋਲ ਸਕਦੀ ਹਾਂ।"

ਉਹ ਗੱਡੀ ਪਾਸੇ 'ਤੇ ਲਵਾ ਕੇ ਉਸਨੂੰ ਮੇਰੇ ਕੋਲ ਲੈ ਆਇਆ। ਮੈਂ ਉਸ ਨਾਲ ਹੱਥ ਮਿਲਾ ਕੇ ਓਨਰ ਆਫ ਦਾ ਗੈਸ ਸਟੇਸ਼ਨ ਤੇ ਨਾਮ ਦੱਸ ਕੇ ਇੰਟੋਰੋਡਕਸ਼ਨ ਦਿੱਤੀ ਤੇ ਉਸ ਕਿਹਾ, ਮੇਰਾ ਨਾਂ ਰੋਜ਼ ਹੈ ਤੇ ਮੇਰੀ ਬੇਕਰੀ ਹੈ।" ਮੈਂ ਪੁੱਛਿਆ "ਤੇਰੇ ਕੋਲ ਸਮਾਂ ਹੈ ?" ਉਸ ਕਿਹਾ, "ਸ਼ਿਓਰ।" ਮੈਂ ਉਸਨੂੰ ਕੁਰਸੀ ਬੈਠਣ ਲਈ ਦਿੱਤੀ ਤੇ ਸਾਰੀ ਸਟੋਰੀ ਸੁਣਾਈ। ਤੇ ਪੁੱਛਿਆ, "ਜੇ ਮੈਂ ਫੋਨ ਮਿਲਾਵਾਂ ਤਾਂ ਤੂੰ ਗੱਲ ਕਰੇਂਗੀ ?" ਕਹਿੰਦੀ "ਹਾਂ।"

ਮੈਂ ਫੋਨ ਮਿਲਾ ਦਿੱਤਾ ਅੱਗੇ ਫਿਰ ਉਹੀ ਭਾਈ ਸੀ। ਉਹ ਤੇ ਮਾਰਨ ਲੱਗ ਪਈ ਅੱਠੇ ਅੱਠ

ਉਹ ਤੇ ਹੱਸੀ ਜਾਵੇ ਤੇ ਮੇਰੀ ਜਾਨ ਨੂੰ ਬਣੀ ਹੋਈ ਸੀ ਕਿ ਇਹ ਕਾਰਡ ਖ਼ਤਮ ਕਰੀ ਜਾਂਦੀ ਹੈ, ਖਬਰੇ ਕੰਮ ਦੀ ਗੱਲ ਕਰਦੀ ਹੋਣੀ ਹੈ ਕਿ ਨਹੀਂ। ਅਖੀਰ ਪੰਦਰਾਂ ਮਿੰਟਾਂ ਬਾਅਦ ਉਸ ਕਿਹਾ, "ਤੂੰ ਘਬਰਾ ਨਾ ਤੇਰੀ ਕੁੜੀ ਠੀਕ ਹੈ, ਉਹ ਬਹੁਤ ਹੀ ਸਮਾਰਟ ਹੈ ਬਹੁਤ ਹੀ ਛੇਤੀ ਸਭ ਕੁਝ ਸਿੱਖ ਰਹੀ ਹੈ ਤੇ ਉਸਨੇ ਪੰਦਰਾਂ ਦਿਨਾਂ ਵਿਚ ਆ ਕੇ ਹੀ ਆਪਣੀ ਥਾਂ ਬਣਾ ਲਈ ਹੈ। ਇਹ ਭਾਈ ਬੱਚੇ ਸਾਂਭਦਾ ਤੇ ਘਰ ਦੀ ਦੇਖਭਾਲ ਕਰਦਾ ਹੈ। ਉਹ ਆਉਣ ਹੀ ਵਾਲੀ ਹੈ। ਉਹ ਹੱਸਦਾ ਸੀ ਕਿ ਇਹ ਪੰਜਵਾਂ ਫੋਨ ਉਸ ਲਈ ਹੈ, ਤਿੰਨ ਇੰਗਲੈਂਡ ਤੋਂ ਅੱਗੇ ਆ ਚੁੱਕੇ ਹਨ, ਉਹ ਠੀਕ ਹੈ।" ਰੋਜ਼ ਨੇ ਦੱਸਿਆ, "ਇਹ ਭਾਈ ਬਹੁਤ ਸਵੀਟ ਸੀ, ਕਹਿੰਦਾ ਸੀ ਕਿ ਤੂੰ ਆ ਜਾ ਇਥੇ। ਮੈਂ ਸਮਰ ਵਿਚ ਜਾਵਾਂਗੀ। ਮੈਂ ਨੰਬਰ ਲੈ ਲਿਆ ਹੈ।"

ਗੱਲ ਕਰਕੇ ਮੈਂ ਘਰ ਆ ਗਈ ਤੇ ਰੋਟੀ ਬਣਾਉਣ ਲੱਗ ਪਈ। ਪਰ ਮੁੜ ਹੌਸਲਾ ਕਰਕੇ ਫਿਰ ਫੋਨ ਕਰ ਦਿੱਤਾ ਐਤਕੀਂ ਕਿਸੇ ਨੇ ਮੇਰੀ ਭਾਸ਼ਾ ਅੰਗਰੇਜ਼ੀ ਸਮਝ ਕੇ ਰਾਜੀ ਨਾਲ ਗੱਲ ਕਰਵਾ ਹੀ ਦਿੱਤੀ। ਮੈਂ ਆਪ ਰੋ ਰਹੀ ਸਾਂ। "ਰਾਜੀ ਮੈਂ ਤੇਰੀ ਮਾਸੀ ਅਮਰੀਕਾ ਵਿਚੋਂ ਬੋਲਦੀ ਹਾਂ, ਮੈਨੂੰ ਤੇਰੀ ਮੰਮੀ ਨੇ ਦੱਸਿਆ ਸੀ, ਤੂੰ ਕਿਵੇਂ ਹੈ ?" ਪਹਿਲਾਂ ਤਾਂ ਉਹ ਕੁਝ ਚੁੱਪ ਰਹੀ ਪਰ ਫਿਰ ਸੰਭਲ ਗਈ ਤੇ ਕਹਿਣ ਲੱਗੀ, "ਮਾਸੀ ਮੈਂ ਤੇਰੀ ਭਣੇਵੀਂ ਹਾਂ ਛੋਟੇ ਹੁੰਦਿਆਂ ਅਸੀਂ ਤੁਹਾਨੂੰ ਵੇਖਦੇ ਹੁੰਦੇ ਸੀ ਤੇ ਸਾਡੇ ਤੇ ਬਹੁਤ ਅਸਰ ਹੁੰਦਾ ਸੀ ਕਿ ਤੁਹਾਡੇ ਮਾਪਿਆਂ ਨੇ ਤੁਹਾਨੂੰ ਪੜ੍ਹਾ ਕੇ ਨੌਕਰੀ ਉੱਤੇ ਲਵਾਇਆ ਹੈ ਤੇ ਹੁਣ ਤੁਸੀਂ ਆਪਣੇ ਬੱਚਿਆਂ ਨੂੰ ਪੜ੍ਹਾਉਂਦੇ ਹੋ ? ਪਰ ਮੇਰੇ ਮੰਮੀ ਪਾਪਾ ਦੇ ਮਾਪਿਆਂ ਨੇ ਉਹਨਾਂ ਨੂੰ ਨਹੀਂ ਪੜ੍ਹਾਇਆ ਤੇ ਉਹਨਾਂ ਅਗਾਂਹ ਸਾਨੂੰ ਵੀ ਇਸ ਤਰ੍ਹਾਂ ਭੇਜ ਦਿੱਤਾ।" ਮੈਨੂੰ ਉਸਦੀ ਆਈ.ਏ.ਐਸ. ਅਫ਼ਸਰ ਬਣਨ ਵਾਲੀ ਗੱਲ ਯਾਦ ਆ ਗਈ ਉਸਨੇ ਹੌਸਲੇ ਨਾਲ ਕਿਹਾ, "ਮਾਸੀ ਜੀ ਹੁਣ ਤੁਸੀਂ ਕੋਈ ਫਿਕਰ ਨਾ ਕਰੋ, "ਮੈਂ ਬਹੁਤ ਦਲੇਰ ਹੋ ਗਈ ਹਾਂ ਤੇ ਬਹੁਤ ਕੁਝ ਜਲਦੀ ਜਲਦੀ ਸਿੱਖ ਰਹੀ ਹਾਂ। ਓਹ ਛਿੱਟੇ ਮੇਰੇ ਤੋਂ ਪਰ੍ਹੇ ਹੋ ਗਈ, ਜਿਸਨੇ ਡੇਢ ਦੋ ਸਾਲ ਮੇਰੇ ਨਰਕ ਬਣਾ ਦਿੱਤੇ। ਹੁਣ ਮੇਰੇ ਪੇਪਰ ਬਣ ਜਾਣੇ ਹਨ। ਜੇ ਬਣ ਗਏ ਤਾਂ ਵੀ ਨਹੀਂ ਤਾਂ ਇਹਨਾਂ ਬਣਾ ਦੇਣੇ ਹਨ। ਇਹ ਜਨਾਨੀਆਂ ਲਈ ਸ਼ੈਲਟਰ ਹਾਊਸ ਹੈ। ਹਸਪਤਾਲ ਵਾਲਿਆਂ ਇਥੇ ਭੇਜ ਦਿੱਤਾ ਸੀ ਤੇ ਇਸ ਦੀ ਮਾਲਕ ਸਾਡੇ ਤੋਂ ਕੰਮ ਕਰਵਾਉਂਦੀ ਹੈ ਤੇ ਸਾਨੂੰ ਸੋਹਣਾ ਰਹਿਣ ਸਹਿਣ ਲਈ ਖਾਣ ਪੀਣ ਲਈ ਦਿੰਦੀ ਹੈ। ਇਹ ਮੇਰੀ ਬੇਟੀ ਵੀ ਸੰਭਾਲਦੇ ਹਨ। ਹੁਣ ਮੈਂ ਆਪਣੀ ਜ਼ਿੰਦਗੀ ਆਪ ਜੀਵਾਂਗੀ ਸੋ ਤੁਸੀਂ ਬਹੁਤ ਚੰਗਾ ਕੀਤਾ ਕਿ ਸੰਪਰਕ ਕੀਤਾ ਹੈ, ਪਰ ਫਿਕਰ ਨਾ ਕਰਿਓ ਆਈ ਐਮ ਫਾਈਨ, ਆਈ ਐਮ ਸਟਰੌਂਗ ਮੈਨੂੰ ਕਿਸੇ ਦਾ ਡਰ ਨਹੀਂ ਹੈ, ਪ੍ਰਮਾਤਮਾ ਮੇਰੀ ਮਦਦ ਕਰੇਗਾ।" ਮੈਂ ਉਸਨੂੰ ਪੂਰਾ ਉਤਸ਼ਾਹ ਦਿੱਤਾ ਤੇ ਆਪਣੇ ਵਲੋਂ ਮਦਦ ਲਈ ਕਿਹਾ ਪਰ ਉਸਨੂੰ ਹੁਣ ਕਿਸੇ ਦੀ ਵੀ ਮਦਦ ਦੀ ਲੋੜ ਨਹੀਂ ਸੀ। ਰਾਜੀ ਉਹੀ ਰਾਜੀ ਬਣ ਗਈ ਜੋ ਬਚਪਨ ਵਿਚ ਪੰਜ ਛੇ ਸਾਲ ਦੀ ਸੀ। ਸੋ ਮੈਂ ਕਵਿੰਟਲਾਂ ਬੋਝ ਉਤਾਰ ਕੇ ਉਸ ਦੀ ਮਾਂ ਨੂੰ ਖੁਸ਼ੀ ਨਾਲ ਫੋਨ ਕੀਤਾ ਤੇ ਆਪ ਉਸ ਦਿਨ ਤੋਂ ਫਿਕਰ ਵਿਚ ਲੰਘਾਈਆਂ ਉਨੀਂਦਰੀਆਂ ਦੋ ਰਾਤਾਂ ਪਿੱਛੋਂ ਚੈਨ ਨਾਲ ਸੌਂ ਗਈ।

**—ਸੁਰਿੰਦਰ ਕੌਰ ਸਮਰਾ**
**ਯੂ.ਐਸ.ਏ.**
**ਫੋਨ : 609-668-9653**



# ਪ੍ਰਵਾਸ

ਅੰਗਰੇਜ਼ੀ ਕਵਾਹਤ ਹੈ "East or West home is the best" ਉਂਝ ਤਾਂ ਦੁਨੀਆ ਦੇ ਹਰ ਕੋਨੇ ਵਿਚ ਹਰ ਜੀਵ ਜੰਤੂ, ਹਰ ਪਸ਼ੂ ਪੰਛੀ ਕਿਤੇ ਨਾ ਕਿਤੇ ਤੁਰਿਆ ਹੀ ਰਹਿੰਦਾ ਹੈ। ਪਰ ਹਰ ਇੱਕ ਦਾ ਤੁਰਨਾ ਕਿਸੇ ਖਾਸ ਮਕਸਦ, ਤ੍ਰਿਸ਼ਨਾ ਜਾਂ ਫਲ ਪ੍ਰਾਪਤੀ ਲਈ ਹੁੰਦਾ ਹੈ। ਇਹ ਜੀਵ ਹਜ਼ਾਰਾਂ ਮੀਲਾਂ ਤੋਂ ਸਾਇਬੇਰੀਆ ਦੇ ਮੈਦਾਨ ਛੱਡ ਕੇ ਹਰ ਸਾਲ ਮੱਧ ਏਸ਼ੀਆ ਦੇ ਮੈਦਾਨਾਂ ਵਿਚ ਪ੍ਰਵਾਸ ਕਰਦੇ ਹਨ ਅਤੇ ਇਥੋਂ ਦੇ ਪੌਣ ਪਾਣੀ ਨੂੰ ਮਾਣਦੇ ਹੋਏ ਉਕਤਾ ਕੇ ਫਿਰ ਵਤਨੀ ਪਰਤ ਜਾਂਦੇ ਹਨ। ਇਨ੍ਹਾਂ ਨੂੰ ਪ੍ਰਵਾਸੀ ਪੰਛੀ ਕਿਹਾ ਜਾਂਦਾ ਹੈ। ਸਾਈਮਨ ਮੱਛਲੀਆਂ ਲਗਭਗ 3000 ਕਿਲੋਮੀਟਰ ਦਾ ਸਫ਼ਰ ਤੈਅ ਕਰਕੇ ਲੱਖਾਂ ਕਰੋੜਾਂ ਅੰਡੇ ਦੇ ਕੇ ਮੁੜ ਆਪਣੀ ਰਿਹਾਇਸ਼ਗਾਹ 'ਤੇ ਪਹੁੰਚ ਜਾਂਦੀਆਂ ਹਨ। ਜੋ ਜਿਸਨੂੰ ਅਨੁਕੂਲ ਲੱਗਦਾ ਹੈ, ਉਹ ਉਂਝ ਹੀ ਢਲ ਜਾਂਦਾ ਹੈ।

ਪ੍ਰਵੇਜ਼ ਦਾ ਸ਼ਾਬਦਕ ਅਰਥ ਹੈ, ਉਡਾਨ। ਇਸ ਦਾ ਅਰਥ ਬਣਿਆ ਪ੍ਰਵਾਸ ਅਤੇ ਇਸ ਤੋਂ ਹੀ ਸ਼ਬਦ ਪ੍ਰਵਾਸੀ ਨੇ ਜਨਮ ਲਿਆ। ਸੋ ਅਸੀਂ ਕਹਿ ਸਕਦੇ ਹਾਂ ਕਿ ਪ੍ਰਵਾਸੀ ਉਹ ਹੈ ਜੋ ਆਪਣੇ ਉਦਗਮ ਸਥਾਨ ਤੋਂ ਦੂਜੇ ਸਥਾਨ 'ਤੇ ਜਾ ਵਸੇ। ਮਨੁੱਖ ਵੀ ਇਸ ਤੋਂ ਅਛੂਤੇ ਨਹੀਂ ਰਹੇ। ਹਰ ਸਾਲ ਹਜ਼ਾਰਾਂ, ਲੱਖਾਂ ਦੀ ਤਾਦਾਦ ਵਿਚ ਲੋਕੀ ਇਧਰੋਂ ਉਧਰ ਹੁੰਦੇ ਰਹਿੰਦੇ ਹਨ। ਜੇ ਇਕੱਲੇ ਭਾਰਤ ਦੀ ਗੱਲ ਕਰੀਏ ਤਾਂ ਪੁਰਾਤਨ ਕਾਲ ਵਿਚ ਕੇਵਲ ਦਰਾਵੜ ਜਾਤੀ ਦੇ ਲੋਕ ਭਾਰਤ ਵਿਚ ਰਹਿੰਦੇ ਸਨ। ਮੱਦ ਏਸ਼ੀਆ ਤੋਂ ਪ੍ਰਵਾਸੀਆਂ ਦਾ ਝੁੰਡ ਉੱਡਿਆ। ਦਰਾਵੜਾਂ ਨੂੰ ਖੂੰਝੇ ਲਾ ਕੇ ਭਾਰਤ 'ਤੇ ਕਬਜ਼ਾ ਕਰ ਲਿਆ। ਜਿਨ੍ਹਾਂ ਨੂੰ ਆਰੀਆ ਲੋਕ ਕਹਿੰਦੇ ਸਨ। ਹੁਣ ਦਰਾਵੜ ਆਪਣੇ ਆਟੇ ਵਿਚ ਲੂਣ ਹਨ। ਭਾਰਤ ਦੇ ਕੁਝ ਰਾਜਾਂ ਵਿਚੋ ਪ੍ਰਵਾਸੀ ਮਜ਼ਦੂਰ ਪਹਿਲਾ ਹਾੜੀ ਸਾਉਣੀ ਦੀ ਫਸਲ ਨੂੰ ਸੰਭਾਲਣ ਲਈ ਮਜ਼ਦੂਰੀ ਕਰਨ ਉਪਰੰਤ ਵਾਪਸ ਆਪਣੇ ਪਿਤਰੀ ਰਾਜਾਂ ਨੂੰ ਚਲੇ ਜਾਂਦੇ ਸਨ, ਪ੍ਰੰਤੂ ਹੌਲੀ ਹੌਲੀ ਇਹਨਾਂ ਨੇ ਪੰਜਾਬੀ ਸੂਬੇ ਨੂੰ ਸਵਰਗ ਦਾ ਪੰਗੂੜਾ ਸਮਝ ਕੇ ਪੱਕੇ ਤੌਰ 'ਤੇ ਰਿਹਾਇਸ਼ ਕਰ ਲਈ ਹੈ। ਇਹਨਾਂ ਲੋਕਾਂ ਨੇ ਅਨਪੜ੍ਹਤਾ ਅਤੇ ਅਗਿਆਨਤਾ ਹੋਣ ਕਰਕੇ ਵਸੋਂ ਵਿਚ ਵਾਧਾ ਕਰਕੇ ਚਿੰਤਾਜਨਕ ਸਥਿਤੀ ਪੈਦਾ ਕਰ ਦਿੱਤੀ ਹੈ। ਇਥੋਂ ਤੱਕ ਕਿ ਇਹਨਾਂ ਦੀ ਆਮਦ ਨਾਲ ਚੋਰੀਆਂ, ਡਕੈਤੀਆਂ ਅਤੇ ਕਤਲੇਆਮ ਵਿਚ ਵੀ ਵਾਧਾ ਹੋਇਆ ਹੈ।

ਇਹਨਾਂ ਪ੍ਰਵਾਸੀ ਹੁਨਰਮੰਦ ਕਾਰੀਗਰਾਂ ਅਤੇ ਮਜ਼ਦੂਰਾਂ ਨੇ ਪੰਜਾਬ ਵਾਸੀ ਕਾਰੀਗਰਾਂ ਅਤੇ ਮਜ਼ਦੂਰਾਂ ਦੇ ਮੁਕਾਬਲਤਨ ਘੱਟ ਰੇਟਾਂ 'ਤੇ ਕੰਮ ਕਰਕੇ ਜਿਥੇ ਆਪਣੇ ਪੈਰ ਪਸਾਰੇ ਹਨ, ਉਥੇ ਪੰਜਾਬ ਦੀ ਆਰਥਿਕਤਾ ਨੂੰ ਵੀ ਢਾਹ ਲਾਈ ਹੈ। ਪੰਜਾਬੀ ਘੱਟ ਰੇਟਾਂ 'ਤੇ ਕੰਮ ਕਰਨ ਲਈ ਤਿਆਰ ਨਹੀਂ ਹਨ। ਇਹ ਵੀ ਪੰਜਾਬੀਆਂ ਦੀ ਆਰਥਿਕ ਹਾਲਤ ਲਈ ਚਿੰਤਾ ਦਾ

ਵਿਸ਼ਾ ਹੈ। 'ਮਰਦਾ ਕਿਆ ਨਾ ਕਰਦਾ' ਵਾਲੀ ਅਖਾਉਤ ਅਨੁਸਾਰ ਬੇਸ਼ੱਕ ਕਈ ਲੋਕ ਸਥਾਨਕ ਤੰਗੀਆਂ ਤੁਰਸ਼ੀਆਂ ਦੇ ਡੰਗੇ ਹੋਏ ਦੇਸ਼ਾਂ ਵਿਦੇਸ਼ਾਂ ਵਿਚ ਮਜ਼ਬੂਰੀ ਕਾਰਨ ਅੱਕ ਚੱਬਦੇ ਹਨ। ਪਰ ਇਹਨਾਂ ਭਾਰਤੀਆਂ ਨੇ ਵਿਦੇਸ਼ਾਂ ਵਿਚ ਜਾ ਕੇ ਹੱਡ ਭੰਨਵੀਂ ਕਮਾਈ ਕਰਕੇ ਖੇਤੀਬਾੜੀ, ਵੱਡੇ-ਵੱਡੇ ਸਟੋਰ, ਕਾਰਖਾਨੇ, ਮਸ਼ੀਨਾਂ ਅਤੇ ਟਰਾਂਸਪੋਰਟ ਦਾ ਨਿਖਾਰ ਲਿਆ ਕੇ ਆਪਣਾ ਸਿੱਕਾ ਜਮਾਇਆ ਹੈ ਅਤੇ ਆਰਥਿਕ ਪੱਖੋਂ ਮਜ਼ਬੂਤ ਹੋਏ ਹਨ। ਸਿੱਟੇ ਵਜੋਂ ਇਹ ਲੋਕ ਧਨ ਕਮਾਉਣ ਦੇ ਲਾਲਚ ਵਸ ਆਪਣੀ ਮੋਹ ਭਿੱਜੀ ਭੂਮੀ ਨਾਲੋਂ ਟੁੱਟ ਰਹੇ ਹਨ।

ਆਰਥਿਕ ਖੇਤਰ ਵਿਚ ਅੱਜ ਮੰਦੀ ਦਾ ਦੌਰ ਚੱਲ ਰਿਹਾ ਹੈ ਤਾਂ ਸਾਰੇ ਸੰਸਾਰ ਨੂੰ ਪਤਾ ਹੈ ਕਿ ਭਾਰਤ ਉੱਤੇ ਇਸ ਦਾ ਅਸਰ ਬਹੁਤ ਘੱਟ ਵੇਖਣ ਨੂੰ ਮਿਲਦਾ ਹੈ, ਕਿਉਂਕਿ ਭਾਰਤ ਦੀ ਆਰਥਿਕਤਾ ਮਜ਼ਬੂਤ ਹੈ ਅਤੇ ਇਸ ਮਜ਼ਬੂਤੀ ਨੂੰ ਆਧਾਰ ਮੰਨ ਕੇ ਜੇ ਭਾਰਤ ਦਾ ਨੌਜਵਾਨ ਆਪਣੀ ਪਰਵਾਜ਼ ਨੂੰ ਰੋਕ ਕੇ ਆਪਣਾ ਧਿਆਨ ਇਥੇ ਹੀ ਕੇਂਦਰਿਤ ਕਰੇ ਤਾਂ ਭਾਰਤਵਰਸ਼ ਜਿਵੇਂ ਕਿ ਦੁਨੀਆ ਦੇ ਆਰਥਿਕ ਮਾਹਿਰ ਕਹਿ ਰਹੇ ਹਨ, 21ਵੀਂ ਸਦੀ ਦਾ ਸੰਸਾਰ ਵਿਚ ਨੰਬਰ ਇਕ ਦੇਸ਼ ਉੱਭਰ ਕੇ ਸਾਹਮਣੇ ਆ ਰਿਹਾ ਹੈ। ਆਰਥਿਕ ਨੋਬਲ ਪੁਰਸਕਾਰ ਵਿਜੇਤਾ ਕੈਨੇਡਾ ਦੇ ਵਿਦਵਾਨ ਨੇ ਕਿਹਾ ਹੈ ਕਿ ਭਾਰਤ ਵਿਸ਼ਵ ਦੀ ਸਭ ਤੋਂ ਵੱਡੀ ਮੰਡੀ ਹੈ, ਜਿਸ 'ਤੇ ਸਾਰੇ ਸੰਸਾਰ ਦਾ ਵਿਉਪਾਰ ਟਿਕਿਆ ਹੋਇਆ ਹੈ। ਇਸ ਲਈ ਭਾਰਤੀਆਂ ਨੂੰ ਪ੍ਰਵਾਸੀ ਬਣਨ ਦੀ ਲੋੜ ਨਹੀਂ। ਲੋੜ ਹੈ ਤਾਂ ਸਿਰਫ ਆਪਣੀ ਸੋਚ ਨੂੰ ਬਦਲ ਕੇ ਆਪਣਾ ਧਿਆਨ ਆਪਣੀ ਜਨਮ ਭੂਮੀ ਵਲ ਕੇਂਦਰਤ ਕਰਨ ਦੀ।

**—ਸਲਵਿੰਦਰ ਸਿੰਘ ਜੱਸੀ**
**ਸ਼ਹਦੀ ਭਗਤ ਸਿੰਘ ਨਗਰ, ਫਗਵਾੜਾ।**



# ਆ ਵੜਨਾ ਮੇਰਾ ਵੀ ਆਸਟ੍ਰੇਲੀਆ ਵਿਚ

ਅੱਜ ਪੰਜਾਬੀਆਂ ਵਾਸਤੇ ਆਸਟ੍ਰੇਲੀਆ ਕੋਈ ਓਪਰਾ ਨਾਂ ਨਹੀ ਹੈ। ਬੇਅੰਤ ਨੌਜਵਾਨ ਵਿਦਿਆਰਥੀ ਬਣ ਕੇ ਏਥੇ ਪੱਕੇ ਹੋਣ ਆਏ ਹਨ ਤੇ ਨਿਤ ਦਿਨ ਹੋਰ ਆ ਰਹੇ ਹਨ। ਇਸ ਤੇ ਕਿਸੇ ਨੂੰ ਵੀ ਕੋਈ ਇਤਰਾਜ ਕਰਨ ਦਾ ਹੱਕ ਨਹੀ ਹੈ। ਇਸਦੇ ਉਲ਼ਟ ਸਗੋਂ ਸਾਨੂੰ ਖ਼ੁਸ਼ੀ ਹੋਣੀ ਚਾਹੀਦੀ ਹੈ ਕਿ ਏਥੇ ਸਾਡੇ ਭਾਈਚਾਰੇ ਵਿਚ ਵਾਧਾ ਹੋ ਰਿਹਾ ਹੈ। ਇਸ ਸੰਸਾਰ ਦੇ ਮਹਾਨ ਵਾਲੀ ਵਾਹਿਗੁਰੂ ਜੀ ਦੇ ਸਾਜੇ ਵਿਸ਼ਾਲ ਸੰਸਾਰ ਅੰਦਰ ਹਰ ਕੋਈ ਹੀ ਆਪਣੇ ਚੰਗੇਰੇ ਭਵਿਖ ਦੀ ਆਸ ਤੇ ਕਿਤੇ ਵੀ ਆ/ਜਾ ਤੇ ਵੱਸ ਸਕਦਾ ਹੈ। ਜਦੋਂ ੧੯੭੯ ਦੇ ਅਕਤੂਬਰ ਮਹੀਨੇ ਦੀ ੨੫ ਤਰੀਕ ਨੂੰ ਮੈਂ ਆਪਣੇ ਨਿੱਕੇ ਭਰਾ, ਸ. ਸੇਵਾ ਸਿੰਘ ਸਮੇਤ, ਪਹਿਲੀ ਵਾਰ ਏਥੇ ਆਇਆ ਸਾਂ ਤਾਂ ਏਥੇ ਕਿਸੇ ਵਿਰਲੇ ਹੀ ਸਿੱਖ ਦੇ ਦਰਸ਼ਨ ਹੁੰਦੇ ਸਨ। ਸਿਡਨੀ ਦੇ ਇਕ ਸਬਅਰਬ ਰੀਵਜ਼ਬੀ ਵਿਚ ਇਕ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਹੁੰਦਾ ਸੀ। ਓਥੇ ਦੀਵਾਨ ਵੀ ਮਹੀਨੇ ਵਿਚ ਦੋ ਵਾਰ ਹੀ ਲੱਗਦਾ ਸੀ ਤੇ ਲੰਗਰ ਵੀ ਤਾਂ ਹੀ ਪੱਕਦਾ ਸੀ ਜੇਕਰ ਕੋਈ ਪਰਵਾਰ ਰਾਸ਼ਨ ਲਿਆਉਣ, ਪਕਾਉਣ, ਵਰਤਾਉਣ, ਛਕਾਉਣ ਆਦਿ ਦੀ ਖ਼ੁਦ ਜ਼ਿਮੇਵਾਰੀ ਲਵੇ ਤਾਂ। ਅੱਜ ਗੁਰੂ ਜੀ ਦੀ ਕਿਰਪਾ ਸਦਕਾ ਸਿਡਨੀ ਵਿਚ ਹੀ ਅੱਠ ਗੁਰਦੁਆਰੇ ਹਨ ਜਿਥੇ ਰੌਣਕਾਂ ਹੀ ਰੌਣਕਾਂ ਹੁੰਦੀਆਂ ਹਨ। ਇਹ ਕੁਝ ਏਥੇ ਵੱਡੀ ਗਿਣਤੀ ਵਿਚ ਸਿੱਖ ਸੰਗਤਾਂ ਦੇ ਆਉਣ ਸਦਕਾ ਹੀ ਸੰਭਵ ਹੋਇਆ ਹੈ। ਮੁਲਕ ਆਸਟ੍ਰੇਲੀਆ ਧਰਤੀ ਦੇ ਦੱਖਣ ਵਾਲ਼ੇ ਪਾਸੇ, ਇੰਡੋਨੇਸ਼ੀਆ ਤੋਂ ਥੱਲੇ ਅਤੇ ਨਿਊ ਜ਼ੀਲੈਂਡ ਦੇ ਤਕਰੀਬਨ ਬਰਾਬਰ ਵਾਕਿਆ ਹੈ। ਇਸਦੀ ਧਰਤੀ ਭਾਰਤ ਨਾਲੋਂ ਤਕਰੀਬਨ ਢਾਈ ਗੁਣਾਂ ਵੱਡੀ ਹੈ ਤੇ ਆਬਾਦੀ ਸਿਰਫ਼ ਬਾਈ ਮਿਲੀਅਨ; ਅਥਵਾ ਸਵਾ ਦੋ ਕਰੋੜ ਨਾਲੋਂ ਵੀ ਘੱਟ। ਸਮੁੰਦਰ ਦੇ ਕਿਨਾਰੇ ਕਿਨਾਰੇ ਪੰਜ ਸੱਤ ਸ਼ਹਿਰਾਂ ਵਿਚ ਹੀ ਲੋਕ ਵੱਸਦੇ ਹਨ, ਅੰਦਰ ਸਾਰਾ ਮੁਲਕ ਖਾਲੀ ਪਿਆ ਹੈ ਜਿਥੇ ਰੇਤ ਦੇ ਟਿੱਬੇ, ਝਾੜੀਆਂ, ਪੱਥਰ ਆਦਿ ਸੋਭਾ ਪਾ ਰਹੇ ਹਨ। ਖੇਤੀ ਪ੍ਰਧਾਨ ਦੇਸ਼ ਹੋਣ ਕਰਕੇ ਤਕਰੀਬਨ ਹਰੇਕ ਫਸਲ ਦੇ ਵੱਡੇ ਵੱਡੇ ਫਾਰਮ ਹਨ। ਕਈ ਫਾਰਮ ਤਾਂ ਹਜ਼ਾਰਾਂ ਏਕੜਾਂ ਵਿਚ ਵੀ ਹਨ। ਏਥੋਂ ਦੇ ਅਸਲੀ ਵਸਨੀਕ, ਦੱਸਿਆ ਜਾਂਦਾ ਹੈ ਕਿ ਪੰਜਾਹ ਹਜਾਰ ਸਾਲਾਂ ਤੋਂ ਏਥੇ ਦੱਖਣੀ ਏਸ਼ੀਆ ਤੋਂ ਆ ਕੇ ਵੱਸ ਰਹੇ ਹਨ। ਇਹਨਾਂ ਨੂੰ ਐਬੋਰੀਜੀਨਜ਼ (Aboriginal) ਆਖਦੇ ਹਨ। ਇਹ ੩੦੦ ਗਰੁਪਾਂ ਵਿਚ ਵੰਡੇ ਹੋਏ ਸਨ ਤੇ ੨੫੦ ਜ਼ਬਾਨਾਂ ਤੇ ੭੦੦ ਡਾਇਲੈਕਟਾਂ ਵਿਚ ਬੋਲਦੇ ਸਨ। ਅੱਜ ਕਲ੍ਹ ਇਹਨਾਂ ਦੀ ਆਬਾਦੀ, ਆਸਟ੍ਰੇਲੀਆ ਦੀ ਸਮੁਚੀ ਆਬਾਦੀ ਵਿਚ ਦੋ ਕੁ ਫੀ ਸਦੀ ਸਮਝੀ ਜਾਂਦੀ ਹੈ। ਕਈ ਗੱਲਾਂ ਵਿਚ ਬਾਕੀ ਦੇ ਵਸਿੰਦਿਆਂ ਨਾਲੋਂ ਇਹਨਾਂ ਦੇ ਕੁਝ ਵਿਸ਼ੇਸ਼ ਅਧਿਕਾਰ ਹਨ।

ਭਾਵੇਂ ਕਿ ਇਸ ਦੀ ਖੋਜ ਪਹਿਲਾਂ ਵੀ ਹੋ ਚੁੱਕੀ ਹੋਈ ਸੀ ਪਰ ਜਦੋਂ ਜਾਰਜ ਵਾਸ਼ਿੰਗਟਨ ਦੀ ਅਗਵਾਈ ਹੇਠ ਅਮ੍ਰੀਕਾ ਨੇ ਲੰਮੀ ਲੜਾਈ ਲੜਕੇ ਵਲੈਤੀ ਅੰਗ੍ਰੇਜ਼ਾਂ ਤੋਂ ਆਜ਼ਾਦੀ ਪ੍ਰਾਪਤ ਕਰ ਲਈ ਤਾਂ ਉਹਨਾਂ ਨੂੰ ਫਿਰ ਆਪਣੇ ਅਣਚਾਹੇ ਬੰਦੇ ਸੁੱਟਣ ਲਈ ਹੋਰ ਥਾਂ ਦੀ ਭਾਲ਼ ਕਰਨੀ ਪਈ

ਤੇ ਇਸ ਕਾਰਜ ਲਈ ਉਹਨਾਂ ਨੇ ਆਸਟ੍ਰੇਲੀਆ ਨੂੰ ਵਰਤਣਾ ਆਰੰਭ ਦਿਤਾ। ਸਤਾਰਵੀਂ ਸਦੀ ਤੋਂ ਹੀ ਉਹ ਆਸਟ੍ਰੇਲੀਆ ਨੂੰ ਨਿਊ ਹਾਲੈਂਡ ਕਰਕੇ ਜਾਣਦੇ ਤਾਂ ਸਨ ਪਰ ਵਲੈਤੋਂ ਤੁਰ ਕੇ ਪਹਿਲਾ ਜਹਾਜ ਕੈਪਟਨ ਜੇਮਜ਼ ਕੁਕ ਦੀ ਅਗਵਾਈ ਹੇਠ ੧੭੭੦ ਵਿਚ ਹੀ ਆਇਆ ਸੀ। ਫਿਰ ੨੬ ਜਨਵਰੀ ੧੭੮੮ ਨੂੰ, ੧੧ ਜਹਾਜਾਂ ਵਿਚ, ੧੫੦੦ ਅਣਚਾਹੇ ਬੰਦੇ ਏਥੇ ਲਿਆਂਦੇ ਗਏ। ਇਹ ਜਹਾਜ ਸਿਡਨੀ ਹਾਰਬਰ ਆ ਕੇ ਲੱਗੇ ਸਨ। ੧੮੬੮ ਤੱਕ ੧੬੦.੦੦੦ ਦੋਸ਼ੀ ਬੰਦੇ ਬੰਦੀਆਂ ਏਥੇ ਪਹੁੰਚ ਚੁਕੇ ਸਨ। ਨਵੇਂ ਆਇਆਂ ਨੇ ਏਥੇ ਦੇ ਵਸਨੀਕ ਐਬੋਰੀਜੀਨਲ ਲੋਕਾਂ ਦਾ ਸ਼ਿਕਾਰ ਖੇਡ ਖੇਡ ਕੇ ਕੁਝ ਭਜਾ ਦਿਤੇ, ਕੁਝ ਮਾਰ ਦਿਤੇ ਤੇ ਕੁਝ ਪਹਿਲਾਂ ਅਣਜਾਣੀਆਂ ਬੀਮਾਰੀਆਂ ਦੇ, ਨਵੇਂ ਆਇਆਂ ਨੇ, ਸ਼ਿਕਾਰ ਬਣਾ ਦਿਤੇ। ਅੱਜ ਆਸਟ੍ਰੇਲੀਆ ਵਿਚ ਸ਼ਾਇਦ ਹੀ ਕੋਈ ਸੌ ਫ਼ੀ ਸਦੀ ਸ਼ੁਧ ਐਬੋਰੀਜਨਲ ਬੰਦਾ ਜਾਂ ਬੰਦੀ ਮਿਲ਼ ਸਕੇ।

੧੯ਵੀਂ ਸਦੀ ਦੇ ਸ਼ੁਰੂ ਦੇ ਸਾਲਾਂ ਵਿਚ ਬਹੁਤ ਸਾਰੇ ਫੌਜੀ, ਅਫ਼ਸਰ, ਦੋਸ਼ੀ ਆਦਿ ਨੇ ਸਰਕਾਰੋਂ ਜ਼ਮੀਨ ਪ੍ਰਾਪਤ ਹੋਈ ਨੂੰ ਆਬਾਦ ਕਰਕੇ ਫਾਰਮ ਬਣਾ ਲਏ। ਇਹ ਵੇਖ ਕੇ ਬਹੁਤ ਸਾਰੇ ਵਲੈਤੋਂ ਹੋਰ ਉਦਮੀ ਵਿਅਕਤੀ ਜਹਾਜ ਭਰ ਭਰ ਕੇ ਆ ਗਏ। ਇਹ ਲੋਕ ਮਾਰੂ ਹਥਿਆਰਾਂ ਸਹਿਤ ਹੋਰ ਅੰਦਰ ਐਬੋਰੀਜੀਨਲ ਲੋਕਾਂ ਦੇ ਵਸੇਬੇ ਵਾਲ਼ੀ ਧਰਤੀ ਵੱਲ ਵਧਣੇ ਸ਼ੁਰੂ ਹੋ ਗਏ ਤੇ ਇਸ ਤਰ੍ਹਾਂ ਇਹਨਾਂ ਨਵੇ ਆਇਆਂ ਨੇ, ਹੋਰ ਕਈ ਸ਼ਹਿਰ ਵਸਾ ਲਏ। ਫਿਰ ਸੋਨਾ ਲਭਣ ਕਰਕੇ ਵੀ ਬਹੁਤ ਸਾਰੇ ਜਵਾਨ ਲੋਕੀਂ ਵਲੈਤੋਂ ਏਧਰ ਨੂੰ ਭੱਜ ਆਏ। ਬੇੜੀਆਂ ਭਰ ਭਰ ਕੇ ਚੀਨੇ ਵੀ ਏਥੇ ਆ ਵਸੇ। ਕਈ ਮਾੜੇ ਸਮਝੇ ਜਾਣ ਵਾਲ਼ੇ ਧੰਦੇ ਕਰਨ ਵਾਲ਼ੇ ਹੋਰ ਲੋਕ ਵੀ ਏਥੇ ਆ ਗਏ। ਦੋਹਾਂ ਸੰਸਾਰ ਜੰਗਾਂ ਤੋਂ ਉਪ੍ਰੰਤ ਲੋੜਵੰਦ, ਰਿਫ਼ੂਜੀ ਆਦਿ ਵੀ ਏਥੇ ਆ ਟਿਕੇ।

ਪਹਿਲਾਂ ਆਸਟ੍ਰੇਲੀਆ ਦੀਆਂ ਛੇ ਸਟੇਟਾਂ ਵੱਖ ਵੱਖ ਸਨ। ਫਿਰ ਇਹਨਾਂ ਨੇ ੧ ਜਨਵਰੀ ੧੯੦੧ ਵਾਲ਼ੇ ਦਿਨ, ਇਕ ਸੰਵਿਧਾਨ ਅਧੀਨ 'ਕਾਮਲਵੈਲਥ ਆਫ਼ ਆਸਟ੍ਰੇਲੀਆ' ਦੇ ਨਾਂ ਥੱਲੇ ਇਕ ਮੁਲਕ ਵਜੂਦ ਵਿਚ ਲੈ ਆਂਦਾ। ਹੁਣ ਸਟੇਟਾਂ ਦੀਆਂ ਸਰਕਾਰਾਂ ਤੋਂ ਉਪਰ ਸਾਰੇ ਮੁਲਕ ਦੀ ਆਪਣੀ ਇਕ ਸੰਘੀ ਸਰਕਾਰ ਹੈ ਜਿਸਦਾ ਹੈਡ ਕੁਆਰਟਰ, ਨਵੇ ਵਸਾਏ ਸ਼ਹਿਰ ਕੈਨਬਰਾ ਵਿਚ ਹੈ। ਇਸ ਦੀ ਪਾਰਲੀਮੈਂਟ ਦੇ ਦੋ ਸਦਨ ਹਨ। ਹੇਠਲੇ ਸਦਨ ਵਿਚ ਬਹੁ ਸੰਮਤੀ ਪ੍ਰਾਪਤ ਆਗੂ, ਸਾਡੀ ਲੋਕ ਸਭਾ ਵਾਗ ਹੀ, ਪ੍ਰਧਾਨ ਮੰਤਰੀ ਬਣਦਾ ਹੈ। ਨਾਮ ਮਾਤਰ ਰਾਜ ਦੀ ਮੁਖੀ ਵਲੈਤੀ ਰਾਣੀ ਹੈ ਅਤੇ ਨੋਟਾਂ ਤੇ ਸਿੱਕਿਆਂ ਉਪਰ ਉਸਦੀ ਫੋਟੋ ਛਪਦੀ ਹੈ ਪਰ ਸਿੱਧਾ ਦਖਲ ਉਸਦਾ ਪ੍ਰਬੰਧ ਵਿਚ ਕੋਈ ਨਹੀ। ਪ੍ਰਧਾਨ ਮੰਤਰੀ ਗਵਰਨਰ ਜਨਰਲ ਦਾ ਨਾਂ ਰਾਣੀ ਨੂੰ ਭੇਜਦਾ ਹੈ ਤੇ ਉਹ ਉਸ ਉਪਰ ਮੋਹਰ ਲਾ ਦਿੰਦੀ ਹੈ। ਫੌਜੀ ਤੌਰ ਤੇ ਆਸਟ੍ਰੇਲੀਆ ਦਾ ਅਮ੍ਰੀਕਾ ਨਾਲ ਗੱਠ ਜੋੜ ਹੈ। ਅਮ੍ਰੀਕਾ ਦੇ ਸਾਬਕ ਪ੍ਰਧਾਨ ਮਿਸਟਰ ਨਿਕਸਨ ਨੇ ਇਸ ਨੂੰ ਆਪਣੀ ਕਿਤਾਬ ਵਿਚ ਭਵਿਖ ਦਾ ਦੇਸ਼ ਆਖਿਆ ਸੀ। ਕੁਝ ਲੋਕੀਂ ਇਸ ਦੇ ਵਸਨੀਕਾਂ ਦੀ ਮਾਨਸਕਤਾ ਨੂੰ ਵੇਖਦੇ ਹੋਏ 'ਨੇਸ਼ਨ ਆਫ਼ ਥਰੋ ਅਵੇਜ਼' ਅਤੇ 'ਕੰਟਰੀ ਆਫ਼ ਗੈਂਬਲਰਜ਼' ਵੀ ਆਖਦੇ ਹਨ। ਅਰਥਾਤ ਪੁਰਾਣੀਆਂ ਵਸਤਾਂ ਦੀ ਮੁਰੰਮਤ ਕਰਕੇ ਵਰਤਣ ਦੀ ਖੇਚਲ਼ ਕਰਨ ਦੀ ਬਜਾਇ ਉਹਨਾਂ ਨੂੰ ਬਾਹਰ ਸੁੱਟ ਕੇ ਨਵੀਆਂ ਖ਼ਰੀਦ ਲੈਂਦੇ ਹਨ ਅਤੇ ਹਰੇਕ ਸਾਲ ਨਵੰਬਰ ਦੇ ਪਹਿਲੇ ਮੰਗਲਵਾਰ ਨੂੰ ਏਥੇ ਘੋੜਿਆਂ ਦੀ ਦੌੜ ਦੇ ਜੂਏ ਵਿਚ ਪੈਸੇ ਲਾਉਣ ਤੋਂ ਸ਼ਾਇਦ ਹੀ ਕੋਈ ਮੇਰੇ ਵਰਗਾ ਵਾਂਝਾ ਰਹਿੰਦਾ ਹੋਵੇ। ਆਮ ਤੌਰ ਤੇ ਹਰੇਕ ਹੀ ਕੁਝ ਨਾ ਕੁਝ ਇਸ ਸਮੇ, ਦਾਅ ਉਪਰ ਲਾਉਂਦਾ ਹੈ।

੧੯੭੨ ਵਿਚ ਗਫ਼ ਵਿਟਲਮ ਦੀ ਅਗਵਾਈ ਹੇਠ ਲੇਬਰ ਪਾਰਟੀ ਦੀ ਸਰਕਾਰ ਨੇ ਕਈ



ਹੋਰ ਚੰਗੇ ਕੰਮ ਕਰਨ ਦੇ ਨਾਲ ਨਾਲ 'ਵਾਈਟ ਆਸਟ੍ਰੇਲੀਆ' ਦੀ ਨੀਤੀ ਨੂੰ ਤਿਲਾਂਜਲੀ ਦੇ ਕੇ ਬਹੁ ਸਭਿਆਚਾਰਕ ਆਸਟ੍ਰੇਲੀਆ ਲਈ ਰਾਹ ਖੋਹਲ ਦਿਤਾ। ਇਸ ਕਾਰਨ ਹੁਣ ਏਥੇ ੨੦੦ ਤੋਂ ਉਪਰ ਮੁਲਕਾਂ ਦੇ ਵਿਅਕਤੀ ਵੱਸਦੇ ਹਨ। ਬਹੁਤੇ ਦੇਸਾਂ ਦੇ ਵਿਅਕਤੀਆਂ ਦਾ ਏਥੇ ਵਸੇਬਾ ਹੋਣ ਕਰਕੇ ਇਸਨੂੰ 'ਕੰਟਰੀ ਆਫ਼ ਮਾਈਗਰੈਂਟਸ' ਵੀ ਆਖਿਆ ਜਾਣ ਲੱਗ ਪਿਆ ਹੈ।

ਜਦੋਂ ਦਾ ਮੈਂ ਏਥੇ ਆਇਆ ਹਾਂ ਓਦੋਂ ਦਾ ਹੀ ਆਸਟ੍ਰੇਲੀਆ ਵਿਚ ਸਿੱਖਾਂ ਤੇ ਪੰਜਾਬੀ ਬੋਲਣ ਵਾਲ਼ਿਆਂ ਦੀ ਵਸੋਂ ਦਾ ਪਤਾ ਲਾਉਣ ਦੇ ਯਤਨਾਂ ਵਿਚ ਹਾਂ ਪਰ ਇਸ ਦਾ ਸਹੀ ਪਤਾ ਮੇਰੇ ਕੋਲ਼ੋਂ ਨਹੀ ਲੱਗ ਸਕਿਆ। ਕਾਰਨ ਸ਼ਾਇਦ ਇਹ ਹੈ ਕਿ ਹਰੇਕ ਮਰਦਮਸ਼ੁਮਾਰੀ ਸਮੇ ਧਰਮ ਦੇ ਖਾਨੇ ਵਿਚ ਸਿੱਖਾਂ ਦੀ ਗਿਣਤੀ ਉਹਨਾਂ ਦੀ ਅਸਲ ਗਿਣਤੀ ਦੇ ਮੁਕਾਬਲੇ ਕਈ ਗੁਣਾਂ ਘੱਟ ਹੁੰਦੀ ਹੈ ਤੇ ਪੰਜਾਬੀ ਬੋਲਣ ਵਾਲ਼ਿਆਂ ਦੀ ਤੇ ਉਸ ਤੋਂ ਵੀ ਕਿਤੇ ਘਟ। ਮੇਰੇ ਅੰਦਾਜ਼ੇ ਅਨੁਸਾਰ ਸਿਖਾਂ ਦੀ ਗਿਣਤੀ ਏਥੇ ਲੱਖਾਂ ਵਿਚ ਹੈ ਜਦੋਂ ਕਿ ਮਰਦਮ ਸ਼ੁਮਾਰੀ ਵਿਚ ਕੁਝ ਹਜਾਰ ਹੀ ਦਿਖਾਈ ਦਿੰਦੇ ਹਨ। ਇਸ ਦੇ ਕਈ ਕਾਰਨ ਹੋ ਸਕਦੇ ਹਨ। ਸਭ ਤੋਂ ਵੱਡਾ ਤਾਂ ਸਾਇਦ ਇਹ ਕਾਰਨ ਹੀ ਹੋਵੇ ਕਿ ਅਸੀਂ ਮਰਦਮ ਸ਼ੁਮਾਰੀ ਸਮੇ ਆਪਣੇ ਧਰਮ ਤੇ ਬੋਲੀ ਦਾ ਪ੍ਰਗਟਾਵਾ ਕਰਨ ਦੀ ਕਿਸੇ ਕਾਰਨ ਕਰਕੇ ਲੋੜ ਹੀ ਨਹੀ ਸਮਝਦੇ।

੧੯੮੮ ਵਿਚ ਏਥੋਂ ਦੀ ਸਰਕਾਰ ਨੇ ਬਾਹਰੋਂ ਵਿਦਿਆਰਥੀ ਫੀਸਾਂ ਦੇ ਕੇ ਪੜ੍ਹਨ ਲਈ ਆਉਣ ਹਿਤ ਪ੍ਰਚਾਰ ਕੀਤਾ। ਇਸਦੇ ਕਈ ਕਾਰਨ ਸਨ। ਓਦੋਂ ਤੋਂ ਲੈ ਕੇ ਵਿਦਿਆਰਥੀਆਂ ਦਾ ਹੜ੍ਹ ਹੀ ਆ ਗਿਆ ਹੈ। ਚਾਰ ਚੌਫੇਰੇ ਵਿਦਿਆਰਥੀਆਂ ਦਾ ਬੋਲ ਬਾਲਾ ਹੈ। ਇਹਨਾਂ ਵਿਚ ਪੰਜਾਬੀ ਨੌਜਵਾਨਾਂ ਦੀ ਵੀ ਸੱਬਰਕੱਤੀ ਗਿਣਤੀ ਹੈ। ਇਹਨਾਂ ਵਿਚ ਬਹੁਤ ਸਾਰੇ ਸਾਬਤ ਸੂਰਤ ਵੀ ਹਨ। ਪੰਜਾਬੀ ਨੌਜਵਾਨ ਬੱਚੇ ਬੱਚੀਆਂ ਜੋ ਕਿ ਆਪਣਾ ਆਰਥਿਕ ਭਵਿਖ ਸੁਧਾਰਨ ਦੀ ਤਸਵੀਰ ਲੈ ਕੇ ਏਥੇ ਆਉਂਦੇ ਹਨ ਉਹਨਾਂ ਦੇ ਦਰਸ਼ਨ ਕਰਕੇ ਬੜਾ ਹੀ ਮਨ ਪ੍ਰਸੰਨ ਹੁੰਦਾ ਹੈ। ਸ਼ੁਰੂ ਵਿਚ ਉਹਨਾਂ ਵਿਚੋਂ ਬਹੁਤਿਆਂ ਨੂੰ ਬਹੁਤ ਸਾਰੀਆਂ ਮੁਸ਼ਕਲਾਂ ਦਾ ਵੀ ਸਾਹਮਣਾ ਕਰਨਾ ਪੈਂਦਾ ਹੈ ਪ੍ਰੰਤੂ ਅੰਤ ਵਿਚ 'ਸਭ ਭਲਾ' ਹੀ ਹੋ ਨਿੱਬੜਦਾ ਹੈ। ਕੋਈ ਵਿਰਲਾ ਹੀ ਮੁਸ਼ਕਲਾਂ ਦਾ ਸਾਹਮਣਾ ਨਾ ਕਰ ਸਕਣ ਕਰਕੇ ਵਾਪਸ ਮੁੜਦਾ ਹੈ। ਇਹਨਾਂ ਵਿਦਿਆਰਥੀਆਂ ਕਰਕੇ ਹੀ ਸਾਰੇ ਸ਼ਹਿਰਾਂ ਵਿਚਲੇ ਗੁਰਦੁਆਰਾ ਸਾਹਿਬਾਨ ਵਿਚ ਰੌਣਕਾਂ ਹੁੰਦੀਆਂ ਹਨ। ਕਿਸੇ ਵੀ ਗੁਰਦੁਆਰੇ ਵਿਚ ਦੀਵਾਨਾਂ ਤੇ ਲੰਗਰਾਂ ਦੀ ਕੋਈ ਤੋਟ ਨਹੀ। ਸੰਸਥਾਵਾਂ ਦੇ ਸੀਮਤ ਵਸੀਲਿਆਂ ਰਾਹੀਂ ਗੁਰਦੁਆਰਾ ਸਾਹਿਬਾਨ ਦੇ ਪ੍ਰਬੰਧਕ ਵੀ ਸਮੇ ਸਮੇ ਇਹਨਾਂ ਵਿਦਿਆਰਥੀਆਂ, ਹੋਰ ਯਾਤਰੂਆਂ ਅਤੇ ਲੋੜਵੰਦਾਂ ਦੀ ਸਹਾਇਤਾ ਕਰਨ ਦਾ ਯਤਨ ਕਰਦੇ ਹਨ। ਸੰਗਤਾਂ ਰਾਸ਼ਨ ਲਿਆਉਂਦੀਆਂ ਹਨ, ਪਕਾਉਂਦੀਆਂ ਹਨ, ਵਰਤਾਉਂਦੀਆਂ ਹਨ, ਖ਼ੁਦ ਛਕਦੀਆਂ ਤੇ ਹੋਰਨਾਂ ਨੂੰ ਛਕਾਉਂਦੀਆਂ ਹਨ। ਲੰਗਰ ਦੀ ਸੇਵਾ ਕਰਨ ਵਾਲ਼ਿਆਂ ਨੂੰ ਕਈ ਵਾਰ ਵਾਰੀ ਨਹੀ ਮਿਲਦੀ। ਲੰਗਰ ਦੀ ਸੇਵਾ ਲੈਣ ਵਾਸਤੇ ਕਈ ਕਈ ਮਹੀਨੇ ਵਾਰੀ ਲੈਣ ਲਈ ਵੀ ਉਡੀਕਣਾ ਪੈਂਦਾ ਹੈ। ਸਾਰੇ ਆਸਟ੍ਰੇਲੀਆ ਵਿਚ ਪੰਜੀ ਕੁ ਦੇ ਕਰੀਬ ਗੁਰਦੁਆਰੇ ਬਣ ਚੁਕੇ ਹਨ ਜਿਥੇ ਹਰ ਵੀਕ ਐਂਡ ਤੇ ਸੰਗਤਾਂ ਦੀ ਗਹਿਮਾ ਗਹਿਮ ਹੁੰਦੀ ਹੈ।

ਹੁਣ ਮੈਂ ਆਪਣੇ ਆਸਟ੍ਰੇਲੀਆ ਆਉਣ ਦੀ ਗਾਥਾ ਵੀ ਸੁਣਾ ਹੀ ਲਵਾਂ : ਗੱਲ ਇਹ ੧੯੬੪ ਦੀਆਂ ਗਰਮੀਆਂ ਦੀ ਹੈ। ਮੈਂ ਗੁਰਦੁਆਰਾ ਸ੍ਰੀ ਦੂਖ ਨਿਵਾਰਨ ਸਾਹਿਬ ਪਟਿਆਲਾ ਵਿਖੇ ਕੀਰਤਨ ਦੀ ਸੇਵਾ ਕਰਨ ਦੇ ਨਾਲ ਨਾਲ ਪੜ੍ਹਾਈ ਕਰਨ ਦੇ ਯਤਨਾਂ ਵਿਚ ਵੀ ਸਾਂ। ਮੇਰੇ

ਮਿੱਤਰ ਰਾਗੀ ਸਿੰਘ ਭਾਈ ਕਰਮ ਸਿੰਘ ਦੇ ਕਮਰੇ ਦੀ ਕੰਧ ਉਪਰ ਦੁਨੀਆ ਦਾ ਨਕਸ਼ਾ ਲੱਗਾ ਹੋਇਆ ਮੈਨੂੰ ਦਿਸਿਆ। ਐਵੇਂ ਆਪਣੀ ਅੱਖਰਾਂ ਨਾਲ ਮੱਥਾ ਮਾਰੀ ਜਾਣ ਦੀ ਆਦਤ ਵੱਸ ਮੈਂ ਉਹ ਵੇਖਣ ਲਗ ਪਿਆ। ਹੋਰ ਤਾਂ ਸਭ ਆਮ ਵਾਂਗ ਹੀ ਸੀ ਪਰ ਜਦੋਂ ਦੁਨੀਆ ਤੋਂ ਬਿਲਕੁਲ ਨਿਵੇਕਲੇ ਜਿਹੇ ਇਕ ਹਰੇ ਹਰੇ ਹਿੱਸੇ ਉਪਰ ਨਿਗਾਹ ਗਈ ਤਾਂ ਲਿਖਿਆ ਪੜ੍ਹਿਆ: ਆਸਟ੍ਰੇਲੀਆ। ਇਸ ਨਕਸ਼ੇ ਦੀ ਲਿਖਤ ਹਿੰਦੀ ਵਿਚ ਸੀ ਨਹੀ ਤਾਂ ਅੰਗ੍ਰੇਜ਼ੀ ਵਿਚ ਹੋਣ ਕਰਕੇ ਸ਼ਾਇਦ ਮੈਂ ਪੜ੍ਹ ਹੀ ਨਾ ਸਕਦਾ ਕਿਉਂਕਿ ਓਦੋਂ ਅਜੇ ਅੰਗ੍ਰੇਜ਼ੀ ਦੇ ਅੱਖਰ ਉਠਾਲ਼ ਸਕਣ ਦੇ ਮੈਂ ਕਾਬਲ ਨਹੀ ਸਾਂ ਹੋਇਆ। ਇਕ ਤਾਂ ਹਰੇ ਰੰਗ ਨੇ ਮੇਰਾ ਧਿਆਨ ਖਿੱਚਿਆ। ਪਤਾ ਨਹੀ ਕਿਉਂ ਚਿੱਟਾ, ਗੂੜ੍ਹਾ ਨੀਲਾ ਤੇ ਗੂਹੜਾ ਹੀ ਹਰਾ ਰੰਗ ਮੈਨੂੰ ਬਚਪਨ ਤੋਂ ਹੀ ਪ੍ਰਭਾਵਤ ਕਰਦੇ ਆ ਰਹੇ ਹਨ। ਇਹ ਮੇਰੀ 'ਕਮਜ਼ੋਰੀ' ਹੁਣ ਵੀ ਮੇਰਾ ਪੂਰਾ ਸਾਥ ਦੇ ਰਹੀ ਹੈ; ਕਾਰਨ ਦਾ ਪਤਾ ਨਹੀ। ਇਸ ਤੋਂ ਵੀ ਵਧ ਮੈਨੂੰ ਧਰਤੀ ਦੇ ਇਸ ਭੂ ਭਾਗ ਨੇ ਜਿਸ ਗੱਲ ਦੀ ਖਿੱਚ ਪਾਈ ਉਹ ਇਹ ਸੀ ਕਿ ਇਸਦੀਆਂ ਵੱਖ ਵੱਖ ਸਟੇਟਾਂ ਦਰਮਿਆਨ ਇਹਨਾਂ ਨੂੰ ਵਖਰਿਆਉਣ ਵਾਲ਼ੀਆਂ ਲੀਕਾਂ ਬਿਲਕੁਲ ਸਿਧੀਆਂ ਵਾਹੀਆਂ ਹੋਈਆਂ ਸਨ। ਆਮ ਦੇਸ਼ਾਂ ਦੀ ਤੇ ਉਹਨਾਂ ਦੇ ਸੂਬਿਆਂ ਦੀ ਵੰਡ ਕਰਦੀਆਂ ਲਕੀਰਾਂ ਬੜੀਆਂ ਉਧੜ ਗੁਧੜ ਜਿਹੀਆਂ ਨਕਸ਼ਿਆਂ ਉਪਰ ਦਿਸਦੀਆਂ ਹਨ ਪਰ ਆਸਟ੍ਰੇਲੀਆ ਦੀਆਂ ਸਟੇਟਾਂ ਦੀ ਇਸ ਵੰਡ ਨੇ ਮੈਨੂੰ ਬੜਾ ਪ੍ਰਭਾਵਤ ਕੀਤਾ। ਜਦੋਂ ਵੀ ਭਾਈ ਕਰਮ ਸਿੰਘ ਦੇ ਕਮਰੇ ਵਿਚ ਜਾਣਾ ਜ਼ਿਆਦਾ ਸਮਾ ਮੇਰਾ ਉਸ ਨਕਸ਼ੇ ਨੂੰ ਵੇਖਣ ਉਤੇ ਅਤੇ ਸਭ ਤੋਂ ਵਧ ਆਸਟ੍ਰੇਲੀਆ ਵਾਲ਼ੇ ਹਿੱਸੇ ਉਪਰ ਹੀ ਧਿਆਨ ਕੇਂਦ੍ਰਿਤ ਰਹਿਣਾ। ਇਹ ਵੀ ਮੈਨੂੰ ਯਾਦ ਹੈ ਕਿ ਉਸ ਨਕਸ਼ੇ ਉਪਰ ਸਮੁੰਦਰੀ ਜਹਾਜ ਦੀ ਫੋਟੋ ਬਣਾ ਕੇ ਇਕ ਰੂਟ ਇਹ ਵੀ ਦਰਸਾਇਆ ਹੁੰਦਾ ਸੀ ਜਿਸ ਉਪਰ, ਹਿੰਦੀ ਵਿਚ ਬੰਬੇ ਸੇ ਸਿਡਨੀ ਤੇ ਸਿਡਨੀ ਸੇ ਬੰਬੇ ਲਿਖਿਆ ਹੋਇਆ ਹੁੰਦਾ ਸੀ। ਗੱਲ ਆਈ ਗਈ ਹੋ ਗਈ। ਜਦੋਂ ਮੈਂ ਮੁਲਕ ਮਲਾਵੀ ਤੋਂ ੧੯੭੭ ਦੇ ਮਾਰਚ ਮਹੀਨੇ ਵਿਚ ਰੁਖ਼ਸਤ ਲਈ ਤਾਂ ਦੁਨੀਆ ਦੇ ਦੁਆਲ਼ੇ ਦੀ ਟਿਕਟ ਇਸ ਤਰ੍ਹਾਂ ਬਣਵਾਈ: ਮਲਾਵੀ ਤੋਂ ਨੈਰੋਬੀ, ਕੰਪਾਲਾ, ਕੈਰੋ, ਏਥਨਜ਼, ਰੋਮ, ਫ਼ਰੈਂਕਫ਼ਟ, ਲਕਸਮਬਰਗ, ਪੈਰਿਸ, ਐਮਸਟਰਡੈਮ, ਲੰਡਨ, ਨਿਊ ਯਾਰਕ, ਵੈਨਕੂਵਰ, ਹੋਨੋਲੋਲੋ, ਔਕਲੈਂਡ, ਸਿਡਨੀ, ਸਿੰਘਾਪੁਰ, ਬੰਬਈ, ਦਿਲੀ, ਅੰਮ੍ਰਿਤਸਰ। ਪਰ ਲੰਡਨ ਪਹੁੰਚ ਕੇ ਸੱਤ ਕੁ ਮਹੀਨੇ ਓਥੇ ਹੀ ਕਿਸੇ ਖਾਸ ਕਾਰਨ ਰੁਕਿਆ ਰਿਹਾ। ਇਸ ਦੌਰਾਨ ਮੇਰਾ ਕੀਤਾ ਖ਼ਰਚ ਪੱਠਾ ਵੀ ਲੰਡਨੋ ਪੂਰਾ ਹੋ ਗਿਆ। ਇਕ ਦਿਨ ਏਥੇ ਲੰਡਨ ਸਥਿਤ ਆਸਟ੍ਰੇਲੀਅਨ ਹਾਈ ਕਮਿਸ਼ਨ ਦੇ ਜਾ ਕੇ ਵੀਜ਼ੇ ਆਦਿ ਬਾਰੇ ਜਾਣਕਾਰੀ ਵੀ ਪ੍ਰਾਪਤ ਕੀਤੀ। ਜਾਣ ਦਾ ਪ੍ਰਯੋਜਨ ਕਵੀਨਜ਼ਲੈਂਡ ਵਿਚ ਪੁਰਾਣੇ ਫਾਰਮਰ ਸਿੱਖਾਂ ਨਾਲ ਮੇਲ਼ ਮਿਲ਼ਾਪ ਕਰਨਾ ਦੱਸਿਆ। ਉਹਨਾਂ ਆਖਿਆ ਕਿ ਮੈਂ ਵੀਜ਼ੇ ਲਈ ਅਪਲਾਈ ਕਰਾਂ ਪਰ ਮੈਂ ਫਿਰ ਅੰਮ੍ਰਿਤਸਰ ਜਾ ਵੜਿਆ। ਓਥੋਂ ਫਿਰ ਲੰਡਨ ਆ ਕੇ ਵੰਨ ਵੇ ਸਟੈਂਡ ਬਾਈ ਸਸਤੀ ੬੪ ਪੌਂਡ ਦੀ ਟਿਕਟ ਲੈ ਕੇ, ੧੩ ਅਪ੍ਰੈਲ ੧੯੭੮ ਵਾਲ਼ੇ ਦਿਨ, ਨਿਊਯਾਰਕ ਜਾ ਉਤਰਿਆ। ਇਮੀਗ੍ਰੇਸ਼ਨ ਅਫ਼ਸਰ ਵੱਲੋਂ ਅੱਗੇ ਦੀ ਟਿਕਟ ਪੁੱਛਣ ਤੇ ਆਖ ਦਿਤਾ ਕਿ ਮੇਰੇ ਪਾਸ ਪੈਸੇ ਹੈਗੇ ਨੇ; ਮੈਂ ਜਦੋਂ ਮੁੜਨਾ ਜਾਂ ਅੱਗੇ ਜਾਣਾ ਹੋਊ ਤਾਂ ਏਥੋਂ ਖ਼ਰੀਦ ਲਊਂਗਾ। ਪੌਣਾ ਕੁ ਸਾਲ ਅਮ੍ਰੀਕਾ ਤੇ ਕੈਨੇਡਾ ਦੇ ਦੋਹਾਂ ਮੁਲਕਾਂ ਦੇ ਪੂਰਬੀ ਸਿਰੇ ਤੋਂ ਲੈਕੇ ਪੱਛਮੀ ਸਿਰੇ ਤੱਕ ਬੱਸਾਂ ਤੇ ਕਾਰਾਂ ਰਾਹੀਂ ਯਾਤਰਾ ਕੀਤੀ। ਇਸ ਯਾਤਰਾ ਦੌਰਾਨ ਕੈਲੇਫ਼ੋਰਨੀਆ ਦੇ ਸ਼ਹਿਰ, ਸਨ ਫ਼੍ਰਾਂਸਿਸਕੋ ਸਥਿਤ, ਆਸਟ੍ਰੇਲੀਅਨ ਕੌਂਸੂਲੇਟ ਵਿਚ ਜਾ ਕੇ, ਵੀਜ਼ੇ ਬਾਰੇ ਫਿਰ ਗੱਲ ਕੀਤੀ ਤਾਂ ਰੀਸੈਪਸ਼ਨਿਸਟ ਲੜਕੀ ਮੇਰਾ ਪਾਸਪੋਰਟ ਲੈ ਕੇ ਅੰਦਰ ਗਈ ਤੇ ਕੁਝ ਮਿੰਟਾਂ



ਪਿਛੋਂ ਮੈਨੂੰ ਪਾਸਪੋਰਟ ਮੋੜਦਿਆਂ ਆਖਿਆ ਕਿ ਮੈਂ ਟਿਕਟ ਤੇ ਪੈਸੇ ਲੈ ਕੇ ਆ ਜਾਵਾਂ ਤੇ ਵੀਜ਼ਾ ਲੈ ਜਾਵਾਂ। ਲਾਸ ਏਂਜਲਸ ਵਿਖੇ ਸ੍ਰੀ ਸਿੰਘ ਸਾਹਿਬ ਭਾਈ ਸਾਹਿਬ ਯੋਗੀ ਹਰਿਭਜਨ ਸਿੰਘ ਖ਼ਾਲਸਾ ਜੀ ਨੇ ਮੇਰਾ ਵਿਚਾਰ ਬਦਲ ਦਿਤਾ। ਉਹਨਾਂ ਨੇ ਮੈਨੂੰ ਪ੍ਰੇਰ ਕੇ ਅੱਗੇ ਜਾਣ ਦੀ ਬਜਾਇ 'ਯੂ ਟਰਨ' ਕਰਵਾ ਕੇ ਮੇਰਾ ਮੂੰਹ ਅੰਮ੍ਰਿਤਸਰ ਵੱਲ ਮੋੜ ਦਿਤਾ। ਇਸਦਾ ਵੀ ਖਾਸ ਕਾਰਨ ਸੀ। ੨੫ ਜੁਲਈ ੧੯੭੯ ਨੂੰ ਮੈਂ ਲਾਸ ਏਂਜਲਸ ਤੋਂ ੧੨੫ ਡਾਲਰ ਦੀ ਵਨ ਵੇ ਟਿਕਟ ਲੈ ਕੇ ਲੰਡਨ ਜਾ ਉਤਰਿਆ ਤੇ ਓਥੋਂ ੮੦ ਪੌਂਡ ਦੀ ਆਰੀਆਨਾ ਏਅਰਵੇਜ਼ ਦੀ ਵਨ ਵੇ ਟਿਕਟ ਲੈ ਕੇ ਫਰਵਰੀ ਵਿਚ ਅੰਮ੍ਰਿਤਸਰ ਜਾ ਉਤਰਿਆ।

ਚੌਥੀ ਵਾਰ ਦੇਸੋਂ ਬਾਹਰ ਨਿਕਲ਼ਨ ਵਾਸਤੇ ਫਿਰ ਤਿਆਰੀਆਂ ਆਰੰਭੀਆਂ। ਆਪਣੇ ਨਿੱਕੇ ਭਰਾ ਸ. ਸੇਵਾ ਸਿੰਘ ਨੂੰ ਨਾਲ ਲੈ ਕੇ, ੨੯ ਅਪ੍ਰੈਲ ੧੯੭੯ ਨੂੰ ਦਿੱਲੀ ਤੋਂ ਜਹਾਜ ਰਾਹੀਂ ਅਸੀਂ ਦੋਵੇਂ ਬੈਂਕਾਕ ਆ ਉਤਰੇ। ਦੋ ਹਫ਼ਤੇ ਥਾਈਲੈਂਡ ਵਿਚ ਵਿਚਰਨ ਉਪ੍ਰੰਤ ਸੜਕ ਰਸਤੇ ਹੀ ਥਾਈਲੈਂਡ ਤੇ ਮਲੇਸ਼ੀਆ ਦੇ ਸ਼ਹਿਰਾਂ ਵਿਚ ਦੀ ਹੁੰਦੇ ਹੋਏ ਸਿੰਘਾਪੁਰ ਆ ਰੁਕੇ। ਇਹ ਗੱਲ ਸ਼ਾਇਦ ਪਾਠਕਾਂ ਨੂੰ ਅਜੀਬ ਲੱਗੇ ਪਰ ਮੇਰੇ ਨਾਲ ਤਾਂ ਵਾਪਰੀ ਹੋਣ ਕਰਕੇ ਅਜੀਬ ਨਹੀ ਲੱਗਦੀ। ਜਦੋਂ ਮੈਂ ਏਧਰ ਦਾ ਚੱਕਰ ਲਾਉਣ ਦੀ ਉਧੇੜ ਬੁਣ ਜਿਹੀ ਵਿਚ ਸਾਂ ਤਾਂ ਇਕ ਰਾਤ ਸੁਪਨਾ ਆਇਆ ਕਿ ਇਸ ਆਪਣੀ ਚੌਥੀ ਸੰਸਾਰ ਯਾਤਰਾ ਸਮੇ ਮੈਂ ਦੱਖਣ ਦੇ ਦੇਸਾਂ ਵੱਲ ਗਿਆ ਹਾਂ ਤੇ ਓਥੇ ਹੀ ਰਹਿ ਗਿਆ ਹਾਂ। ਜਦੋਂ ਮਾਰਚ ੧੯੭੭ ਵਿਚ ਮਲਾਵੀ ਤੋਂ ਤੁਰਨ ਦਾ ਪ੍ਰੋਗਰਾਮ ਬਣਾ ਰਿਹਾ ਸਾਂ ਤਾਂ ਇਕ ਨੌਜਵਾਨ ਇੰਜੀਨੀਅਰ ਨੇ ਐਵੇਂ ਹੀ ਮੇਰਾ ਹੱਥ ਫੜ ਕੇ ਗਹੁ ਨਾਲ ਵੇਖਦਿਆਂ ਹੋਇਆਂ ਆਖਿਆ ਕਿ ਮੈਂ ਦੁਨੀਆ ਦੇ ਉਤਰੀ ਖਿੱਤੇ ਦੇ ਕਿਸੇ ਮੁਲਕ ਵਿਚ ਨਹੀ ਟਿਕਾਂਗਾ; ਦੱਖਣੀ ਹਿੱਸੇ ਵਿਚ ਹੀ ਟਿਕ ਸਕਦਾ ਹਾਂ। ਗੱਲ ਮੈਂ ਉਸਦੀ ਕੋਈ ਗੌਲ਼ੀ ਨਾ।

ਅੰਮ੍ਰਿਤਸਰੋਂ ਤੁਰਨ ਸਮੇ ਸੋਚ ਵਿਚ ਨਿਸ਼ਾਨਾ ਸੀ ਕਿ ਵਧ ਤੋਂ ਵਧ ਦੇਸ਼ਾਂ ਤੇ ਸਥਾਨਾਂ ਥਾਣੀ ਹੁੰਦੇ ਹੋਏ ਧਰਤੀ ਦੇ ਨਾਲ ਨਾਲ ਹੀ ਈਸਟ ਤੀਮੋਰ ਦੀ ਰਾਜਧਾਨੀ ਦਿੱਲੀ ਤੋਂ ਕੋਈ ਬੋਟ ਜਾਂ ਸਮੁੰਦਰੀ ਜਹਾਜ ਫੜ ਕੇ ਆਸਟ੍ਰੇਲੀਆ ਦੇ ਉਤਰੀ ਸ਼ਹਿਰ ਡਾਰਵਿਨ ਜਾ ਕੇ, ਫਿਰ ਅੱਗੋਂ ਸੜਕਾਂ ਰਾਹੀਂ ਹੀ ਆਸਟ੍ਰੇਲੀਆ ਘੁੰਮਿਆ ਜਾਵੇ ਪਰ ਜਦੋਂ ਇਸ ਕਾਰਜ ਲਈ ਇੰਡੋਨੇਸ਼ੀਆ ਦੇ ਵੀਜ਼ੇ ਲਈ ਅਪਲਾਈ ਕੀਤਾ ਤਾਂ ਅਗਲੇ ਦਿਨ ਮੇਰਾ ਵੀਜ਼ਾ ਲੱਗਿਆ ਹੋਇਆ ਤੇ ਭਰਾ ਦਾ ਖਾਲੀ ਪਾਸਪੋਰਟ ਤੇ ਨਾਲ ਹੀ ਉਸਦੇ ਵੀਜ਼ੇ ਵਾਲੀ ਫੀਸ ਦੇ ਪੈਸੇ ਮੈਨੂੰ ਫੜਾ ਦਿਤੇ ਗਏ। ਵੀਜ਼ਾ ਨਾ ਮਿਲ਼ਣ ਦਾ ਕਾਰਨ ਪੁਛਣ ਤੇ ਐਂਬੈਸੀ ਦੇ ਨੌਜਵਾਨ ਕਰਮਚਾਰੀ ਵਾਹਦ ਨੇ, "ਸੇਵਾ ਸਿੰਘ ਇਜ਼ ਗੱਬਰ ਸਿੰਘ ਟੂ ਇੰਡੋਨੇਸ਼ੀਆ।" (ਸੇਵਾ ਸਿੰਘ ਇੰਡੋਨੇਸ਼ੀਆ ਵਾਸਤੇ ਗੱਬਰ ਸਿੰਘ ਹੈ।) ਆਖ ਕੇ ਗੱਲ ਮੁਕਾ ਦਿਤੀ। ਓਹਨੀਂ ਦਿਨੀਂ ਸ਼ੋਅਲੇ ਫਿਲਮ ਦੇ ਖਲਨਾਇਕ ਗੱਬਰ ਸਿੰਘ ਦੇ ਡਾਇਲਾਗ ਬੜੇ ਪ੍ਰਸਿਧ ਸਨ। ਗੱਲ ਇਹ ਸੀ ਕਿ ਸੇਵਾ ਸਿੰਘ ਨਾਂ ਦਾ ਕੋਈ ਬਹੁਰੂਪੀਆ ਓਥੇ ਸ਼ਾਇਦ ਕੋਈ ਠੱਗੀ ਠੁੱਗੀ ਮਾਰ ਆਇਆ ਹੋਣ ਕਰਕੇ, ਇਸ ਨਾਂ ਦੇ ਬੰਦਿਆਂ ਲਈ ਇੰਡੋਨੇਸ਼ੀਆ ਦਾ ਵੀਜ਼ਾ ਬੰਦ ਸੀ। ਉਸਦੀ ਰਾਜਧਾਨੀ ਜਕਾਰਤਾ ਤੋਂ ਮਿਲ਼ ਮਿਲ਼ਾ ਕੇ ਭਰਾ ਦੇ ਵੀਜ਼ੇ ਦੀ ਪ੍ਰਾਪਤੀ ਦੀ ਆਸ ਤੇ ਮੈਂ ਰੂਸੀ ਸਮੁੰਦਰੀ ਜਹਾਜ ਰਾਹੀਂ ਜਕਾਰਤਾ ਜਾ ਅੱਪੜਿਆ। ਕੁਝ ਸੱਜਣਾਂ ਨਾਲ ਗੱਲ ਬਾਤ ਕੀਤੀ ਪਰ ਸਭ ਨੇ ਨਾਕਾਰਤਮਿਕ ਹੁੰਗਾਰਾ ਹੀ ਭਰਿਆ। ਮੈਂ ਇਹ ਸਲਾਹ ਛੱਡ ਕੇ ਓਥੋਂ ਸ਼ਿਪ ਰਾਹੀਂ ਇੰਡੋਨੇਸ਼ੀਆ ਦੇ ਵੱਡੇ ਟਾਪੂ ਸੁਮਾਤਰਾ ਦੀ ਰਾਜਧਾਨੀ ਮੈਂਦਾਨ ਜਾਣ ਦਾ ਵਿਚਾਰ ਬਣਾ ਲਿਆ ਪਰ ਕਿਸੇ ਕਾਰਨ ਕਰਕੇ ਜਾਣਾ ਹਵਾਈ ਜਹਾਜ ਰਾਹੀਂ ਹੀ ਪਿਆ। ਓਥੇ ਇਕ

ਸਿੰਧੀ ਪ੍ਰੇਮੀ ਦੇ ਘਰ ਟਿਕਾਣਾ ਕਰਨ ਉਪ੍ਰੰਤ ਸ. ਮਹਿੰਦਰ ਸਿੰਘ ਜੀ ਨੇ ਆਪਣੀ ਵੈਨ ਵਿਚ ਕਈ ਸ਼ਹਿਰਾਂ ਦੀ ਯਾਤਰਾ ਕਰਵਾ ਦਿਤੀ। ਮੈਂਦਾਨੋ ਜਹਾਜ, ਬੱਸਾਂ ਆਦਿ ਰਾਹੀਂ ਫਿਰ ਸਿੰਘਾਪੁਰ ਪਹੁੰਚ ਗਿਆ। ਸਾਨ ਫ਼੍ਰਾਸਿਸਕੋ ਦੇ ਕੌਂਸੂਲੇਟ ਵਾਲ਼ੀ ਲੜਕੀ ਨੇ ਮੇਰੇ ਪਾਸਪੋਰਟ ਨਾਲ ਅੰਦਰ ਜਾ ਕੇ ਕੀ ਕੀਤਾ, ਇਸ ਗੱਲ ਦਾ ਪਤਾ ਸਿੰਘਾਪੁਰ ਵਿਚਲੇ ਆਸਟ੍ਰੇਲੀਅਨ ਹਾਈ ਕਮਿਸ਼ਨ ਵਿਚੋਂ ਵੀਜ਼ਾ ਮੰਗਣ ਸਮੇ ਲੱਗਾ। ਉਸ ਬੀਬੀ ਨੇ ਮੇਰੇ ਪਾਸਪੋਰਟ ਉਪਰ ਇਕ ਨਿਸ਼ਾਨੀ ਲਾ ਦਿਤੀ ਸੀ ਜਿਸ ਕਰਕੇ ਸਿੰਘਾਪੁਰ ਵਾਲ਼ੇ ਹਾਈ ਕਮਿਸ਼ਨ ਵਾਲ਼ਿਆਂ ਨੇ ਮੈਨੂੰ ਵੀਜ਼ਾ ਦੇਣ ਤੋਂ ਪਹਿਲਾਂ ਦਿੱਲੀ ਦੇ ਨਾਲ ਨਾਲ ਸਾਨ ਫ਼ਰਾਂਸਿਕੋ ਤੋਂ ਵੀ ਮੇਰੇ ਬਾਰੇ ਪਤਾ ਮੰਗਾਇਆ। ਨਿਸ਼ਾਨੀ ਸੀ SFO 79। ਇਸ ਤਰ੍ਹਾਂ ਵੀਜ਼ਾ ਦੇਣ ਲਈ ਦੋ ਦਿਨ ਲੱਗਣ ਦੀ ਬਜਾਇ ਸਾਨੂੰ ਤੇਰਵੇਂ ਦਿਨ ਫ਼ਸਟ ਸੈਕਟਰੀ ਨੇ ਸੱਦ ਕੇ, ਦੋਹਾਂ ਭਰਾਵਾਂ ਨੂੰ ਆਪਣੇ ਦਫ਼ਤਰ ਅੰਦਰ ਕੁਰਸੀਆਂ ਤੇ ਬਹਾ ਕੇ, ਵੀਜ਼ੇ ਤੋਂ ਕੁਝ ਕਾਰਨ ਦੱਸ ਕੇ ਨਾਂਹ ਕਰ ਦਿਤੀ। ਮੇਰੇ ਵਿਆਖਿਆ ਕਰਨ ਤੇ ਉਸਨੇ ਫਿਰ ਸਾਨੂੰ ਦੋ ਮਹੀਨੇ ਦਾ ਵੀਜ਼ਾ ਦੋਹਾਂ ਭਰਾਵਾਂ ਨੂੰ ਲਾ ਦਿਤਾ। ਇਹ ਕਰਾਮਾਤ ਹੀ ਵਾਪਰੀ ਕਿ ਮੇਰੇ ਭਰਾ ਸ. ਸੇਵਾ ਸਿੰਘ ਨੂੰ ਇਡੋਨੇਸ਼ੀਆ ਨੇ ਤਾਂ ਵੀਜ਼ਾ ਦੇਣ ਤੋਂ ਨਾਂਹ ਕਰ ਦਿਤੀ ਪਰ ਆਸਟ੍ਰੇਲੀਆ ਤੇ ਨਿਊ ਜ਼ੀਲੈਂਡ ਵਾਲ਼ਿਆਂ ਨੇ ਵੀਜ਼ੇ ਦੇ ਦਿਤੇ।

ਅਖੀਰ ਸਿੰਘਾਪੁਰੋਂ ਫ਼ਰਾਂਸ ਦੀ ਯੂਨਾਈਟਡ ਏਅਰ ਲਾਈਨ ਰਾਹੀਂ, ਫ਼੍ਰਾਸੀਸੀ ਇਲਾਕਾ ਨੌਮੀਆਂ ਤੋਂ ਹੁੰਦੇ ਹੋਏ ਅਸੀਂ ਦੋਵੇਂ ਭਰਾ, ੨੫ ਅਕਤੂਬਰ ੧੯੭੯ ਦੀ ਸ਼ਾਮ ਨੂੰ ਸਿਡਨੀ ਆ ਉਤਰੇ। ਹਵਾਈ ਅੱਡੇ ਦੇ ਇਨਫ਼ਰਮੇਸ਼ਨ ਡੈਸਕ ਤੋਂ ਯੂਥ ਸੈਂਟਰ ਦਾ ਪਤਾ ਪੁੱਛ ਕੇ ਬੱਸ ਫੜ ਕੇ ਓਥੇ ਜਾ ਡੇਰਾ ਲਾਇਆ। ਉਹ ਅਲੈਜ਼ਬੈਥ ਬੇ, ਕਿੰਗ ਕਰਾਸ ਦੇ ਨੇੜੇ ਸਥਾਨ ਸੀ। ਦੋ ਕੁ ਰਾਤਾਂ ਏਥੇ ਰਹਿਣਾ ਪਿਆ। ਫੇਰ ਓਥੋਂ ਸਿੰਘ ਸਭਾ ਦੇ ਸਕੱਤਰ ਸ. ਚਰਨ ਸਿੰਘ ਕੂੰਨਰ ਹੋਰਾਂ ਦੇ ਭੇਜੇ ਹੋਏ, ਸਿੰਘ ਸਭਾ ਦੇ ਖ਼ਜ਼ਾਨਚੀ ਸ. ਬਾਵਾ ਸਿੰਘ ਜਗਦੇਵ ਜੀ, ਸਾਨੂੰ ਚੁੱਕ ਕੇ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਰੀਵਜ਼ਬੀ ਲੈ ਗਏ। ਏਥੇ ਨਿਰੰਕਾਰੀ ਗੁਰਪੁਰਬ ਸਮੇ ਅਖੰਡ ਪਾਠ ਤੇ ਦੀਵਾਨ ਵਿਚ ਹਾਜਰੀ ਭਰੀ। ਦੋ ਮਹੀਨੇ ਦਾ ਸਾਡੇ ਪਾਸ ਵਿਜ਼ਟਰ ਵੀਜ਼ਾ ਸੀ। ਦੋ ਮਹੀਨੇ ਪਿਛੋਂ ਮੇਰਾ ਭਰਾ ਤੇ ਅੱਗੇ ਨਿਊ ਜ਼ੀਲੈਂਡ ਨੂੰ ਤੁਰ ਗਿਆ ਤੇ ਮੇਰੇ ਲਈ ਗੁਰੂ ਨਾਨਕ ਫ਼ਾਊਂਡੇਸ਼ਨ ਵਾਲ਼ਿਆਂ ਨੇ ਪੱਕੇ ਵੀਜ਼ੇ ਲਈ ਅਪਲਾਈ ਕਰ ਦਿਤਾ।

ਇਸ ਤਰ੍ਹਾਂ ਪੰਜ ਮਹੀਨੇ ਹੋਰ ਕੁੱਲ ਸੱਤ ਮਹੀਨੇ ਮੈਨੂੰ ਬਿਨਾ ਕਿਸੇ ਕੰਮ ਦੇ ਏਥੇ ਵੇਹਲੇ ਹੀ ਰਹਿਣਾ ਪਿਆ ਜਿਸ ਕਰਕੇ ਮੇਰਾ ਮਨ ਏਥੋਂ ਉਪ੍ਰਾਮ ਹੋ ਗਿਆ। ਫਿਰ ਇਸ ਸਮੇ ਦੌਰਾਨ ਦੋ ਅੰਗ੍ਰੇਜ਼ੀ ਦੀਆਂ ਕਿਤਾਬਾਂ ਨੇ ਮੇਰੀ ਇਸ ਉਪਰਾਮਤਾ ਵਿਚ ਹੋਰ ਵੀ ਵਾਧਾ ਕਰ ਦਿਤਾ। ਉਹ ਦੋ ਕਿਤਾਬਾਂ ਸਨ ਇਕ 'ਦ ਰੂਟਸ' ਅਤੇ ਦੂਜੀ 'ਦ ਆਸਟ੍ਰੇਲੀਅਨ ਐਟ ਰਿਸਕ।' 'ਦ ਰੂਟਸ' ਇਕ ਅਫ਼੍ਰੀਕਨ ਮੂਲ ਦੇ ਅਮ੍ਰੀਕਨ ਦਾ ਲਿਖਿਆ ਹੋਇਆ ਜਗਤ ਪ੍ਰਸਿਧ ਨਾਵਲ ਹੈ ਜਿਸ ਵਿਚ ਅਮ੍ਰੀਕਾ ਵਿਚ ਰਹਿਣ ਵਾਲ਼ੇ ਕਾਲ਼ੇ ਗ਼ੁਲਾਮਾਂ ਦੀ ਹਾਲਤ ਦਾ ਵਰਨਣ ਹੈ। ਦੂਜੀ ਕਿਤਾਬ 'ਦਾ ਆਸਟ੍ਰੇਲੀਅਨ ਐਟ ਰਿਸਕ' ਆਸਟ੍ਰੇਲੀਆ ਦੀ ਇਕ ਸਟੇਟ ਕਵੀਨਜ਼ਲੈਂਡ ਦੀ ਸਰਕਾਰ ਵੱਲੋਂ ਸਥਾਪਤ ਕਮਿਸ਼ਨ ਦੀ ਰੀਪੋਰਟ ਹੈ। ਇਸ ਵਿਚ ਆਸਟ੍ਰੇਲੀਅਨ ਲੋਕਾਂ ਦੇ ਵੱਖ ਵੱਖ ਸਮੂਹਾਂ ਦਾ ਹਨੇਰਾ ਪੱਖ ਦੱਸਿਆ ਹੋਇਆ ਹੈ। ਇਸ ਲਈ ਮੈਂ ੩੦ ਮਈ ੧੯੮੦ ਨੂੰ ਬਿਨਾ ਵੀਜ਼ੇ ਤੇ ਬਿਨਾ ਅੱਗੇ ਕਿਸੇ ਮੁਲ਼ਕ ਦੀ ਟਿਕਟ ਦੇ ਸਿਡਨੀ ਤੋਂ ਨਿਊ ਜ਼ੀਲੈਂਡ ਨੂੰ ਉਡਾਰੀ ਮਾਰ ਗਿਆ। ਇਹ ਯਾਤਰਾ ਨਿਊ ਜ਼ੀਲੈਂਡ ਦੇ ਵੀਜ਼ੇ ਤੋਂ ਬਿਨਾ ਹੀ ਕਰਨੀ ਪਈ। ਦੋ ਵਾਰ ਪਹਿਲਾਂ ਵੀਜ਼ਾ ਨਿਊ



ਜ਼ੀਲੈਂਡ ਦਾ ਪ੍ਰਾਪਤ ਕੀਤਾ ਸੀ ਪਰ ਉਹ ਦੋਵੇਂ ਵਾਰ ਆਪਣੀ ਮਿਆਦ ਪੁਗਾ ਚੁੱਕਾ ਸੀ। ਤੀਜੀ ਵਾਰ ਸਿਡਨੀ ਵਿਖੇ ਉਹਨਾਂ ਦੇ ਕੌਂਸੂਲੇਟ ਵਿਚਲੀ ਵੀਜ਼ੇ ਦੀ ਇਨਚਾਰਜ ਬੀਬੀ ਨੇ ਵੀਜ਼ਾ ਦੇਣ ਤੋਂ ਨਾਂਹ ਕਰ ਦਿਤੀ। ਓਦੋਂ ਮੈਂ ਹੁਣ ਨਾਲੋਂ ਦਲੇਰ ਹੁੰਦਾ ਸਾਂ। ਉਸਦੇ ਦਫ਼ਤਰ ਵਿਚ ਹੀ ਉਸ ਵੱਲ ਉਂਗਲ਼ ਕਰਕੇ, ਉਹਨੂੰ ਕੁਝ ਇਸ ਤਰ੍ਹਾਂ, "ਭਲਕੇ ਮੈਂ ਨਿਊ ਜ਼ੀਲੈਂਡ ਜਾ ਰਿਹਾ ਹਾਂ ਅਤੇ ਇਕ ਹਫ਼ਤਾ ਓਥੇ ਰੁਕਾਂਗਾ। ਵੇਖਦਾ ਹਾਂ ਮੈਨੂੰ ਕੌਣ ਰੋਕਦਾ ਹੈ!" ਆਖਦਾ ਹੋਇਆ, ਉਸਦੇ ਦਫ਼ਤਰੋਂ ਬਾਹਰ ਆ ਗਿਆ। ਉਹ ਵਿਚਾਰੀ ਹੈਰਾਨੀ ਨਾਲ ਮੇਰੇ ਵੱਲ ਵੇਖਦੀ ਹੀ ਰਹਿ ਗਈ। ਨੇੜੇ ਹੀ ਕਾਂਟਾਜ਼ ਏਅਰ ਲਾਈਨ ਦਾ ਦਫ਼ਤਰ ਸੀ। ਓਥੇ ਜਾ ਕੇ ਕਾਊਂਟਰ ਵਾਲੀ ਬੀਬੀ ਨੂੰ 'ਟਿਮ' ਨਾਮੀ ਕਿਤਾਬ ਖੋਹਲ ਕੇ, ਇੰਡੀਅਨ ਸਿਟੀਜ਼ਨ ਲਈ ਨਿਊ ਜ਼ੀਲੈਂਡ ਦਾ ਇਮੀਗ੍ਰੇਸ਼ਨ ਕਾਨੂੰਨ ਵੇਖਣ ਲਈ ਆਖਿਆ। ਮੇਰੇ ਇਸ ਸਵਾਲ ਕਿ ਮੈਂ ਓਥੇ ਵੀਜ਼ੇ ਬਿਨਾ ਕਿੰਨੇ ਘੰਟੇ ਰੁਕ ਸਕਦਾ ਹਾਂ ਦੇ ਜਵਾਬ ਵਿਚ ਕਿਤਾਬ ਵੇਖ ਕੇ ਉਸਨੇ ਜਦੋਂ ੪੮ ਘੰਟੇ ਆਖਿਆ ਤਾਂ ਮੈਂ ਇਕ ਰਾਤ ਦੀ ਰੁਕਾਵਟ ਪਾ ਕੇ ਅੱਗੇ ਦੀ ਫਿਜੀ ਵਾਸਤੇ ਸੀਟ ਬੁੱਕ ਕਰਵਾ ਕੇ ਔਕਲੈਂਡ ਜਾ ਉਤਰਿਆ। ਸਿਡਨੀ ਹਵਾਈ ਅੱਡੇ ਤੇ ਇਕ ਦਿਲਚਸਪ ਘਟਨਾ ਘਟੀ। ਮੈਂ ਆਪਣੇ ਪਾਸਪੋਰਟ ਤੇ ਏਥੋਂ ਨਿਕਲਣ ਵਾਲ਼ੀ ਇਮੀਗ੍ਰੇਸ਼ਨ ਵੱਲੋਂ ਲੱਗੀ ਮੋਹਰ ਵੇਖੀ ਤਾਂ ਉਸ ਦੇ ਸ਼ਬਦ Departed ਵਿਚਲਾ a ਚੰਗੀ ਤਰ੍ਹਾਂ ਨਾ ਪੜ੍ਹਿਆ ਜਾਣ ਕਰਕੇ ਮੈਨੂੰ ਭੁਲੇਖਾ ਲੱਗ ਗਿਆ ਕਿ ਇਹ ਕਿਤੇ Departed ਨਾ ਹੋ ਕੇ Deported ਨਾ ਲੱਗਾ ਹੋਵੇ! ਮੈਂ ਤਸੱਲੀ ਲਈ ਵਾਪਸ ਜਾ ਕੇ ਸਬੰਧਤ ਅਫ਼ਸਰ ਪਾਸੋਂ ਜਦੋਂ ਪੁਛਿਆ ਤਾਂ ਉਸਨੇ ਹੱਸ ਕੇ ਆਖਿਆ ਕਿ ਨਹੀ ਇਹ Departed ਹੀ ਹੈ Deported ਨਹੀ। ਜਦੋਂ ਉਸਦੇ ਦੂਜੇ ਸਾਥੀਆਂ ਨੂੰ ਪਤਾ ਲੱਗਾ ਤਾਂ ਉਹ ਵੀ ਹੱਸ ਪਏ। ਮੈਨੂੰ ਸ਼ੱਕ ਦੋ ਗੱਲਾਂ ਕਰਕੇ ਪਿਆ। ਇਕ ਤਾਂ ਮੈਂ ਦੋ ਮਹੀਨੇ ਦੇ ਵੀਜ਼ੇ ਦੀ ਬਜਾਇ ਸੱਤ ਮਹੀਨੇ ਰਹਿ ਲਿਆ ਸੀ ਤੇ ਇਸਦਾ ਜ਼ਿਕਰ ਮੇਰੇ ਪਾਸਪੋਰਟ ਉਪਰ ਨਹੀ ਸੀ ਕਿ ਮੈਂ ਏਥੇ ਗ਼ੈਰ ਕਾਨੂੰਨੀ ਨਹੀ ਹਾਂ ਤੇ ਦੂਜਾ ੳ ਅੱਖਰ ਕੁਝ ਘਸਿਆ ਜਿਹਾ ਹੋਣ ਕਰਕੇ ਭੁਲੇਖਾ ਪੈਂਦਾ ਸੀ।

ਖ਼ੈਰ, ਸਿਡਨੀ ਤੋਂ ਔਕਲੈਂਡ ਲਈ ੩੦ ਮਈ ਨੂੰ ਜਹਾਜੇ ਚੜ੍ਹ ਗਿਆ। ਓਥੇ ਦੇ ਇਮੀਗ੍ਰੇਸ਼ਨ ਵਾਲ਼ਿਆਂ ਜਦੋਂ ਮੈਨੂੰ ਵੀਜ਼ਾ ਨਾ ਹੋਣ ਬਾਰੇ ਸਵਾਲ ਕੀਤਾ ਤਾਂ ਮੈਂ ਆਖਿਆ ਕਿ ਭਲਕੇ ਮੈਂ ਅੱਗੇ ਤੁਰ ਜਾਣਾ ਹੈ। ਇਸ ਲਈ ਵੀਜ਼ੇ ਦੀ ਕੋਈ ਲੋੜ ਨਹੀ। ਦੋ ਚਾਰ ਦਿਨ ਪਿਛੋਂ ਜਦੋਂ ਮੈਂ ਹਵਾਈ ਅੱਡੇ ਉਪਰ ਅੱਗੇ ਫਿਜੀ ਜਾਣ ਲਈ ਗਿਆ ਤਾਂ ਮੈਨੂੰ ਕੋਈ ਜਹਾਜ ਨਾ ਚੁੱਕੇ। ਭੁਲੇਖੇ ਵਿਚ ਇਕ ਜਹਾਜ ਵਾਲ਼ਿਆਂ ਨੇ ਮੇਰਾ ਸਾਮਾਨ ਅੰਦਰ ਭੇਜ ਦਿਤਾ ਪਰ ਜਦੋਂ ਉਹਨਾਂ ਨੇ ਵੇਖਿਆ ਕਿ ਮੇਰੇ ਪਾਸ ਅੱਗੇ ਦੀ ਕੋਈ ਟਿਕਟ ਨਹੀ ਤੇ ਨਾ ਹੀ ਕਿਸੇ ਮੁਲਕ ਦਾ ਵੀਜ਼ਾ, ਤਾਂ ਉਹਨਾਂ ਫੌਰਨ ਸਾਮਾਨ ਵਾਪਸ ਮੰਗਵਾ ਕੇ ਮੈਨੂੰ ਠੁੱਠ ਵਿਖਾ ਦਿਤਾ। ਇਸ ਲਈ ਮੈਨੂੰ ਓਥੇ ਦਸ ਦਿਨ ਤੱਕ ਰੁਕਣਾ ਪੈ ਗਿਆ। ਪਹਿਲਾਂ ਮੇਰਾ ਵਿਚਾਰ ਦੋ ਚਾਰ ਦਿਨ ਰੁਕਣ ਦਾ ਹੀ ਸੀ।

ਕਾਰਨ ਇਹ ਸੀ ਕਿ ਜਦੋਂ ਤੱਕ ਓਥੋਂ ਦੀ ਸਵਾਰੀ ਕੋਲ਼ ਟਿਕਟ ਨਾ ਹੋਵੇ ਜਿਸ ਮੁਲ਼ਕ ਦਾ ਉਹ ਵਸਨੀਕ ਹੈ, ਜਹਾਜ ਵਾਲ਼ੇ ਨਹੀ ਚੁੱਕਦੇ। ਜੇਕਰ ਉਹ ਅਜਿਹੀ ਗ਼ਲਤੀ ਕਰ ਲੈਣ ਤਾਂ ਜੇਕਰ ਅਗਲਾ ਮੁਲਕ ਉਸਨੂੰ ਆਪਣੇ ਦੇਸ਼ ਵਿਚ ਨਾ ਵੜਨ ਦੇਵੇ ਤਾਂ ਹਵਾਈ ਜਹਾਜ ਵਾਲ਼ਿਆਂ ਨੂੰ, ਉਸ ਸਵਾਰੀ ਨੂੰ ਆਪਣੇ ਖ਼ਰਚ ਤੇ, ਜਿਥੋਂ ਲਿਆਂਦੀ ਹੈ ਓਥੇ ਵਾਪਸ ਲਿਜਾਣਾ ਪੈਂਦਾ ਹੈ। ਇਹ ਜਾਣਕਾਰੀ ਭਾਵੇਂ ਮੇਰੇ ਮਿੱਤਰ, ਲੰਡਨ ਵਾਸੀ ਪ੍ਰਸਿਧ ਰਾਗੀ ਭਾਈ ਭਗਵੰਤ ਸਿੰਘ ਜੀ ਨੇ ੧੯੭੭ ਵਿਚ, ਲੰਡਨ ਵਿਖੇ ਮੈਨੂੰ ਦਿਤੀ ਸੀ ਪਰ ਮੈਂ ਇਸ ਤੇ ਯਕੀਨ ਨਹੀ ਸੀ ਕੀਤਾ ਕਿਉਂਕਿ

ਮੈਂ ਤਾਂ ਸਦਾ ਹੀ ਅਜਿਹੀ ਲਾਪਰਵਾਹੀ ਨਾਲ ਸਾਰੀ ਦੁਨੀਆ ਤੇ ਤੁਰਿਆ ਫਿਰਦਾ ਸਾਂ ਤੇ ਕਦੀ ਕਿਤੇ ਇਸ ਕਾਰਨ ਰੁਕਾਵਟ ਨਹੀ ਸੀ ਪਈ। ਇਸ ਲਈ ਮੈਂ ਉਹਨਾਂ ਦੀ ਗੱਲ ਕਿਵੇਂ ਮੰਨ ਲੈਂਦਾ! ਹੁਣ ਵੀ ਮੇਰਾ ਏਹੋ ਹਾਲ ਹੈ। ਫਿਰ ੧੯੮੦ ਦੇ ਜੂਨ ਮਹੀਨੇ ਸਮੇ ਨਿਊ ਜ਼ੀਲੈਂਡ ਵਿਚ ਆ ਕੇ ਉਹਨਾਂ ਦੀ ਗੱਲ ਦੀ ਅਸਲੀਅਤ ਦਾ ਪਤਾ ਲੱਗਾ। ਠੀਕ ਹੀ ਸਿਆਣੇ ਆਖਦੇ ਨੇ, "ਔਲ਼ੇ ਦਾ ਖਾਧਾ ਤੇ ਸਿਆਣੇ ਦਾ ਆਖਿਆ" ਬਾਅਦ ਵਿਚ ਸਵਾਦ ਦਿੰਦਾ ਹੈ।"

ਅਖੀਰ ਇਕ ਪੰਜਾਬੀ ਟ੍ਰੈਵਲ ਏਜੰਟ ਮਿਸਟਰ ਬਜਾਜ ਦੀ ਪ੍ਰੋਫ਼ੈਸ਼ਨਲ ਯੋਗਤਾ ਦਾ ਸਦਕਾ ਮੈਨੂੰ ਜਹਾਜ ਨੇ ਫਿਜੀ ਲਈ ਚੁੱਕ ਹੀ ਲਿਆ। ਉਸਨੇ ਮੇਰੇ ਲਈ ਨਵੀ ਟਿਕਟ, ਮੇਰੀ ਪਹਿਲੀ ਟਿਕਟ ਨੂੰ ਵਿਚ ਲੈ ਕੇ ਇਸ ਤਰ੍ਹਾਂ ਬਣਾ ਦਿਤੀ : ਔਕਲੈਂਡ ਤੋਂ ਨੰਦੀ, ਨੰਦੀ ਤੋਂ ਸਿਆਟਲ ਤੇ ਸਿਆਟਲ ਤੋਂ ਵੈਨਕੂਵਰ। ਨਾਲ ਆਖਿਆ ਕਿ ਮੈਂ ਸਿਆਟਲ ਤੋਂ ਜਹਾਜ ਦੀ ਬਜਾਇ ਬੱਸ ਰਾਹੀਂ ਵੈਨਕੂਵਰ ਚਲਿਆ ਜਾਵਾਂ। ਇਸ ਬਾਰੇ ਮੈਂ ਉਸਨੂੰ ਆਖਿਆ ਕਿ ਉਹ ਕੋਈ ਫਿਕਰ ਨਾ ਕਰੇ। ਮੈਂ ਉਸ ਪਾਸੇ ਪਹਿਲਾਂ ਹੀ ਬੱਸਾਂ ਰਾਹੀਂ ਵਿਚਰਦਾ ਰਿਹਾ ਹਾਂ। ਇਸ ਸਾਰੇ ਕੁਝ ਦੇ ਉਸਨੇ ੫੨੫ ਡਾਲਰ ਲਏ। ਖ਼ੈਰ, ਰੱਬ ਰੱਬ ਕਰਕੇ ਮੈਂ ਔਕਲੈਂਡ ਤੋਂ, ਦਸ ਦਿਨ ਪਿਛੋਂ, ੮ ਜੂਨ ਨੂੰ, ਫਿਜੀ ਲਈ ਜਹਾਜ਼ 'ਤੇ ਬੈਠ ਗਿਆ। ਜਦੋਂ ਜਹਾਜ਼ ਨੇ ਔਕਲੈਂਡ ਅੱਡੇ ਤੋਂ ਉਡ ਕੇ, ਆਸਮਾਨ ਵਿਚ ਮਛਲੀ ਤਾਰੀ ਲਾਉਣੀ ਸ਼ੁਰੂ ਕਰ ਦਿਤੀ ਤਾਂ ਮੈਨੂੰ ਖ਼ਿਆਲ ਆਇਆ ਕਿ ਮੇਰਾ ਉਹ ਸੁਪਨਾ, ਜੋ ਮੈਨੂੰ ਅਪ੍ਰੈਲ ੧੯੭੯ ਵਿਚ ਅੰਮ੍ਰਿਤਸਰ ਵਿਚ ਆਇਆ ਸੀ, ਉਹ ਝੂਠਾ ਹੋ ਗਿਆ; ਅਰਥਾਤ ਮੈਂ ਇਹਨਾਂ ਦੋਹਾਂ ਦੱਖਣੀ ਮੁਲਕਾਂ ਵਿਚ ਨਹੀ ਰਿਹਾ ਤੇ ਹੁਣ ਅੱਗੇ ਤੋਂ ਮੈਨੂੰ ਕਦੀ ਵੀ ਆਸਟ੍ਰੇਲੀਆ ਤੇ ਨਿਊ ਜ਼ੀਲੈਂਡ ਦੇ ਵਿਜ਼ਟਰ ਵੀਜ਼ੇ ਵੀ ਨਹੀ ਮਿਲ਼ਨਗੇ ਕਿਉਂਕਿ ਮੈਂ ਦੋਹਾਂ ਮੁਲਕਾਂ ਦੇ ਇਮੀਗ੍ਰੇਸ਼ਨ ਕਰਮਚਾਰੀਆਂ ਨਾਲ ਕੀਤੇ ਇਕਰਾਰ ਨਿਭਾਏ ਨਹੀ ਅਤੇ ਦਿੱਤੇ ਗਏ ਸਮੇ ਤੋਂ ਵੱਧ ਸਮਾਂ ਇਹਨਾਂ ਮੁਲਕਾਂ ਵਿਚ ਠਹਿਰ ਗਿਆ ਸਾਂ। ਆਸਟ੍ਰੇਲੀਆ ਵਿਚ ਦੋ ਮਹੀਨੇ ਦੀ ਬਜਾਇ ਸੱਤ ਮਹੀਨੇ ਤੇ ਨਿਊ ਜ਼ੀਲੈਂਡ ਵਿਚ ਇਕ ਰਾਤ ਦੀ ਬਜਾਇ ਦਸ ਦਿਨ ਰਿਹਾ।

ਫ਼ਿਜੀ ਦੀ ਰਾਜਧਾਨੀ ਸੁਵਾ ਵਿਚ ਅਮ੍ਰੀਕੀ ਦੂਤਾਵਾਸ ਤੋਂ ਛੇ ਮਹੀਨੇ ਦਾ ਅਮ੍ਰੀਕੀ ਮਲਟੀਪਲ ਵੀਜ਼ਾ ਪ੍ਰਾਪਤ ਕਰਨ ਪਿਛੋਂ, ਫ਼ਿਜੀ ਪਾਰਲੀਮੈਂਟ ਦੇ ਮੈਂਬਰ, ਸ. ਹਰਨਾਮ ਸਿੰਘ ਨੂੰ ਉਡੀਕ ਰਿਹਾ ਸਾਂ ਤਾਂ ਕਿ ਉਹ ਮੈਨੂੰ ਆ ਕੇ ਓਥੋਂ ਲੈ ਜਾਣ। ਉਹਨਾਂ ਨੇ ਆਉਂਦਿਆਂ ਹੀ ਅੰਗ੍ਰੇਜ਼ੀ ਵਿਚ ਆਖਣਾ ਸ਼ੁਰੂ ਕਰ ਦਿਤਾ, "ਗਿਆਨੀ ਜੀ ਤੁਹਾਡੇ ਵਾਸਤੇ ਖ਼ੁਸ਼ਖ਼ਬਰੀ ਹੈ ਕਿ ਤੁਹਾਨੂੰ ਆਸਟ੍ਰੇਲੀਆ ਸਰਕਾਰ ਨੇ ਪੱਕਾ ਵੀਜ਼ਾ ਦੇਣ ਦਾ ਫ਼ੈਸਲਾ ਕਰ ਲਿਆ ਹੈ। ਮੇਰੀ ਰਾਇ ਹੈ ਕਿ ਤੁਸੀਂ ਪਹਿਲਾਂ ਵਾਪਸ ਆਸਟ੍ਰੇਲੀਆ ਜਾ ਕੇ ਕਾਗਜ਼ੀ ਕਾਰਵਾਈ ਪੂਰੀ ਕਰਕੇ ਮੋਹਰ ਲਵਾਓ ਤੇ ਅਮ੍ਰੀਕਾ ਫਿਰ ਚਲੇ ਜਾਇਓ।" ਇਹ ਸੁਣ ਕੇ ਮੈਂ ਸ਼ਸੋਪੰਜ ਜਿਹੇ ਵਿਚ ਪੈ ਗਿਆ। ਅਸਲ ਵਿਚ ਗੱਲ ਇਹ ਹੋਈ ਸੀ ਕਿ ਗੁਰੂ ਨਾਨਕ ਫ਼ਾਊਂਡੇਸ਼ਨ ਵੱਲੋਂ ਮੈਨੂੰ ਪੱਕੀ ਇਮੀਗ੍ਰੇਸ਼ਨ ਦਿਵਾਉਣ ਲਈ ਅਪਲਾਈ ਕੀਤਾ ਹੋਇਆ ਸੀ ਤੇ ਮੈਂ ਉਡੀਕ ਕਰਨ ਪਿਛੋਂ ਉਕਤਾ ਕੇ, ਏਥੋਂ ਨਿਕਲ਼ ਗਿਆ ਸਾਂ। ਮੇਰੇ ਆਸਟ੍ਰੇਲੀਆ ਛੱਡਣ ਪਿਛੋਂ ਹੀ ਆਸਟ੍ਰੇਲੀਆ ਸਰਕਾਰ ਨੇ ਏਥੇ ਕੱਚੇ ਰਹਿਣ ਵਾਲ਼ਿਆਂ ਲਈ, ਆਮ ਮੁਆਫ਼ੀ ਦੇ ਕੇ, ਪੱਕੇ ਕਰਨ ਦਾ ਫੈਸਲਾ ਕਰ ਲਿਆ ਸੀ। ਮੈਨੂੰ ੧ ਜੂਨ ਨੂੰ ਤਾਰ ਦੇ ਕੇ ਇਸ ਫੈਸਲੇ ਦੀ ਇਮੀਗ੍ਰੇਸ਼ਨ ਮਿਨਿਸਟਰ ਵੱਲੋਂ ਸੂਚਨਾ ਦਿੱਤੀ ਗਈ, ਪਰ ਮੈਂ ਤਾਂ ਦੋ ਦਿਨ ਪਹਿਲਾਂ ਆਸਟ੍ਰੇਲੀਆ ਛੱਡ ਚੁਕਾ ਸਾਂ। ਉਹ ਤਾਰ ਵਾਪਸ ਚਲੀ ਗਈ; ਇਸ ਟਿਪਣੀ ਨਾਲ ਕਿ ਇਹ ਵਿਅਕਤੀ ਏਥੋਂ ਜਾ ਚੁੱਕਾ ਹੈ ਤੇ ਕਿਸੇ ਨੂੰ ਕੋਈ ਪਤਾ ਨਹੀ ਕਿਧਰ ਗਿਆ ਹੈ।



ਹੋ ਸਕਦਾ ਹੈ ਕਿ ਵਾਪਸ ਇੰਡੀਆ ਚਲਿਆ ਗਿਆ ਹੋਵੇ! ਫਿਰ ੭ ਜੂਨ ਨੂੰ ਮਿਨਿਸਟਰ ਦੀ ਤਾਰ ਫ਼ਾਊਂਡੇਸ਼ਨ ਦੇ ਪ੍ਰਧਾਨ ਸ. ਇੰਦਰਜੀਤ ਸਿੰਘ ਖੁੰਮਨ ਜੀ ਨੂੰ ਆਈ। ਉਹਨਾਂ ਨੇ ਫ਼ੋਨ ਰਾਹੀਂ ਮੇਰੀ ਭਾਲ਼ ਨਿਊ ਜ਼ੀਲੈਂਡ ਕੀਤੀ। ਓਥੋਂ ਪਤਾ ਲੱਗਾ ਕਿ ਮੈਂ ਫ਼ਿਜੀ ਚਲਿਆ ਗਿਆ ਹਾਂ। ਫਿਰ ਸਰਦਾਰ ਖੁੰਮਨ ਜੀ ਨੇ ਸ. ਹਰਨਾਮ ਸਿੰਘ ਹੋਰਾਂ ਨਾਲ ਸੁਵਾ ਵਿਚ ਸੰਪਰਕ ਕੀਤਾ ਤੇ ਉਹਨਾਂ ਨੇ ਮੈਨੂੰ ਦੱਸਿਆ। ਸਰਦਾਰ ਖੁੰਮਨ ਜੀ ਦੇ ਨਿੱਜੀ ਰਸੂਖ਼ ਨਾਲ ਹੀ ਮੈਨੂੰ ਫ਼ਿਜੀ ਸਥਿਤ ਆਸਟ੍ਰੇਲੀਆ ਦੇ ਹਾਈ ਕਮਿਸ਼ਨ ਦੇ ਫ਼ਸਟ ਸੈਕਟਰੀ ਨੇ ਦੋ ਵੀਕ ਦਾ ਵੀਜ਼ਾ ਲਾ ਦਿਤਾ ਤੇ ਇਕ ਜੁਲਾਈ ਨੂੰ, ਖੋਟੇ ਪੈਸੇ ਵਾਂਗ ਮੈਂ ਵਾਪਸ ਮੁੜ ਆਇਆ। ਠੀਕ ਹੈ; ਮੇਰੇ ਨਾਲ, "ਹੱਥ ਪੁਰਾਣੇ ਖੌਂਸੜੇ ਬਸੰਤੇ ਹੋਰੀਂ ਆਏ।" ਵਾਲ਼ੀ ਹੀ ਹੋਈ। ਆਸ ਮੈਨੂੰ ਇਹ ਸੀ ਕਿ ਸਿਡਨੀ ਜਾਂਦਿਆਂ ਹੀ ਮੈਨੂੰ ਪੱਕੀ ਮੋਹਰ ਲੱਗ ਜਾਵੇਗੀ ਤੇ ਫਿਰ ਮੈਂ ਏਥੇ ਰਹਿਣ ਜਾਂ ਨਾ ਰਹਿਣ ਬਾਰੇ ਆਜ਼ਾਦਾਨਾ ਵਿਚਾਰ ਕਰ ਸਕਾਂਗਾ ਪਰ ਏਥੇ ਤਾਂ ਹਜਾਰਾਂ ਵਿਚ ਮੇਰਾ ਵੀ ਨਾਂ ਸ਼ਾਮਲ ਹੋ ਗਿਆ ਤੇ ਸੱਤ ਮਹੀਨੇ ਤੱਕ, ਜਿਸ ਖੱਜਲ ਖੁਆਰੀ ਵਿਚੋਂ ਨਿਕਲ਼ ਕੇ ਗਿਆ ਸਾਂ ਮੁੜ ਓਸੇ ਵਿਚ ਸ਼ਾਮਲ ਹੋ ਗਿਆ।

ਫਾਰਮ ਆਦਿ ਭਰਦਿਆਂ, ਏਧਰੋਂ ਓਧਰੋਂ ਕਾਗਜ਼ ਪੂਰੇ ਕਰਦਿਆਂ ਸੱਤ ਕੁ ਮਹੀਨੇ ਦਾ ਸਮਾ ਹੋਰ ਵੇਹਲੇ ਰਹਿਣਾ ਪਿਆ; ਜਿਸ ਵੇਹਲ ਤੋਂ ਉਕਤਾ ਕੇ ਮੈਂ ਆਸਟ੍ਰੇਲੀਆ ਤਿਆਗਿਆ ਸੀ। ਅਖੀਰ, "ਕੁਫ਼ਰ ਟੂਟਾ ਖ਼ੁਦਾ ਖ਼ੁਦਾ ਕਰਕੇ।" ਅਨੁਸਾਰ ੧੯ ਦਸੰਬਰ ੧੯੮੦ ਨੂੰ ਮੇਰੇ ਅੱਠ ਖੂੰਜੀ ਪੱਕੀ ਮੋਹਰ ਲੱਗ ਗਈ ਪਰ ਕੁਝ ਸ਼ਰਤਾਂ ਸਮੇਤ। ਇਹ ਵੀ ਤਾਂ ਲੱਗੀ ਜਦੋਂ ਮੈਂ ਉਹਨਾਂ ਦੇ ਦਫ਼ਤਰ ਜਾ ਕੇ ਗੁੱਸੇ ਨਾਲ ਆਖਿਆ ਕਿ ਮੈਨੂੰ ਨਹੀ ਤੁਹਾਡੀ ਇਮੀਗ੍ਰੇਸ਼ਨ ਚਾਹੀਦੀ। ਮੇਰਾ ਪਾਸਪੋਰਟ ਦੇ ਦਿਓ; ਮੈਂ ਵਾਪਸ ਚਲੇ ਜਾਣਾ ਹੈ। ਮੇਰੀ ਦਾਦੀ ਮਾਂ ਬੀਮਾਰ ਹੈ। ਅਫ਼ਸਰ ਵਿਚਾਰਾ ਭਲਾ ਲੋਕ ਸੀ। ਉਹ ਅੰਦਰ ਗਿਆ ਤੇ ਕੁਝ ਮਿੰਟਾਂ ਬਾਅਦ ਮੋਹਰ ਲੱਗਾ ਪਾਸਪੋਰਟ ਮੇਰੇ ਹੱਥ ਫੜਾਉਂਦਾ ਹੋਇਆ ਵਧਾਈ ਦੇ ਕੇ ਆਖਣ ਲੱਗਾ, "ਪਰ ਇਹ ਮੋਹਰ ਲਾਗੂ ੩੦ ਜਨਵਰੀ ੧੯੮੧ ਤੋਂ ਹੀ ਸਮਝੀ ਜਾਵੇਗੀ; ਲਾ ਭਾਵੇਂ ਮੈਂ ਹੁਣ ਦਿਤੀ ਹੈ।"

ਫਿਰ ਗੁਜ਼ਾਰੇ ਲਈ ਨੌਕਰੀ ਲਭਣ ਤੁਰਿਆ। "ਵੇਲ਼ੇ ਦਾ ਰਾਗ ਤੇ ਕੁਵੇਲ਼ੇ ਦੀਆਂ ਟੱਕਰਾਂ।" ਅਨੁਸਾਰ ਆਪਣੇ ਦਾਇਰੇ ਤੋਂ ਬਾਹਰ ਕੰਮ ਲਭਣਾ ਬੜਾ ਮੁਸ਼ਕਲ ਹੋਇਆ। ਠੀਕ ਹੈ, "ਤਾਲੋਂ ਘੁੱਥੀ ਡੂਮਣੀ ਗਾਵੇ ਆਲ ਬੇਤਾਲ।" ਵਾਲ਼ੀ ਹੀ ਮੇਰੇ ਨਾਲ ਹੋਈ। ਚਾਰੇ ਪਾਸੇ ਉਡੀਕ ਕੇ ਮਜ਼ਦੂਰੀ ਲਭਣ ਤੁਰਿਆ ਤਾਂ ਕਿਤੇ ਹੱਥ ਨਾ ਪਏ। ਅਖ਼ਬਾਰ ਵਿਚੋਂ ਪੜ੍ਹ ਕੇ ਇਕ ਥਾਂ ਕਿਤੇ ਘਾਹ ਕੱਟਣ ਦੀ, ਦੋ ਚਾਰ ਦਿਨ ਦੀ ਮਜ਼ਦੂਰੀ ਦੀ ਦੱਸ ਪਈ। ਬੜੇ ਯਤਨਾਂ ਨਾਲ ਜ਼ਿੰਮੇਵਾਰ ਗੋਰੇ ਸੱਜਣ ਨੂੰ ਮਨਾ ਕੇ ਹਾਂ ਕਰਵਾਈ। ਅਗਲੇ ਦਿਨ ਹਨੇਰੇ ਪਏ ਹੀ ਇਕ ਕਪ ਬਦੋ ਬਦੀ ਚਾਹ ਦਾ ਅੰਦਰ ਸੁੱਟ ਕੇ ਰੇਲਵੇ ਸਟੇਸ਼ਨ ਨੂੰ ਤੁਰ ਪਿਆ। ਅੱਗੇ ਰੇਲ ਗੱਡੀ ਤੇ ਬਹਿ ਕੇ ਅਤੇ ਬੱਸਾਂ ਰਾਹੀਂ ਹੁੰਦਾ ਹੋਇਆ ਵਾਹਵਾ ਦਿਨ ਚੜ੍ਹੇ, ਨਿਸਚਿਤ ਸਥਾਨ ਤੇ ਪਹੁੰਚਿਆ। ਅੱਗੋਂ ਬਾਕੀ ਸਾਰੇ ਕੰਮਾਂ ਤੇ ਲੱਗੇ ਹੋਏ ਸਨ। ਮਾਲਕ ਮੇਰੀ ਉਡੀਕ ਵਿਚ ਸੜਕ ਤੇ ਖਲੋਤਾ ਹੋਇਆ ਸੀ। ਉਸਨੇ ਘਾਹ ਕੱਟਣ ਵਾਲ਼ੀ ਲੰਮੀ ਸਾਰੀ ਕ੍ਰਿਪਾਨ ਜਿਹੀ ਮੇਰੇ ਹੱਥ ਦੇ ਕੇ ਤੋਰ ਦਿਤਾ। ਘਾਹ ਇੱਟਾਂ, ਰੋੜਿਆਂ, ਪੱਥਰਾਂ ਵਿਚ ਉਗਿਆ ਹੋਇਆ ਸੀ। ਬਾਕੀ ਤਾਂ ਹੱਟੇ ਕੱਟੇ ਤਜਰਬਾਕਾਰ ਸਾਰੇ ਘਾਹ ਕੱਟੀ ਜਾਣ ਪਰ ਮੇਰੀ ਤਲਵਾਰ ਜਿਹੀ ਕਦੀ ਕਿਸੇ ਪੱਥਰ ਤੇ ਵੱਜੇ ਤੇ ਕਈ ਕਿਸੇ ਰੋੜੇ ਤੇ। ਕਰਦਿਆਂ ਕਰਾਉਂਦਿਆਂ ਦਸ ਕੁ ਵੱਜ ਗਏ ਤੇ 'ਸਮੋਕੋ' ਦਾ ਸਮਾ ਹੋ ਗਿਆ। ਆਸਟ੍ਰੇਲੀਅਨ ਮਜ਼ਦੂਰਾਂ ਦੀ ਸਲੈਂਗ ਵਿਚ, ਕੰਮ ਸਮੇ ਬਰੇਕਫ਼ਾਸਟ ਦੀ ਬਰੇਕ ਨੂੰ 'ਸਮੋਕੋ' ਆਖਦੇ ਹਨ। ਬਾਕੀ ਤਾਂ ਸਾਰੇ

ਆਪਣੀਆਆਂ ਆਪਣੀਆਂ ਗੱਡੀਆਂ ਵਿਚ ਛਾਹ ਵੇਲ਼ੇ ਦਾ ਪੂਰਾ ਸਾਮਾਨ ਲੈ ਕੇ ਆਏ ਹੋਏ ਸਨ। ਸਾਰੇ ਖੋਹਲ ਕੇ ਛਕਣ ਬਹਿ ਗਏ ਪਰ ਮੈਂ ਵੇਖਾਂ ਆਲ਼ਾ ਦੁਆਲ਼ਾ। ਭੁੱਖ ਤੇ ਤੇਹ ਮੈਨੂੰ ਵੀ ਲੱਗੀ ਹੋਈ ਸੀ। ਚਾਹ ਦਾ ਕੱਪ ਤਾਂ ਸਵੇਰੇ ਚਾਰ ਕੁ ਵਜੇ ਅੰਦਰ ਸੁੱਟਿਆ ਸੀ ਤੇ ਹੁਣ ਤਕਰੀਬਨ ਦਸ ਵੱਜ ਚੁੱਕੇ ਸਨ। ਮਾਲਕ ਤੋਂ ਕਿਸੇ ਦੁਕਾਨ ਦਾ ਪਤਾ ਪੁੱਛ ਕੇ ਤੁਰ ਪਿਆ ਤਾਂ ਕਿ ਕੁਝ ਲੈਕੇ ਖਾਧਾ ਜਾਵੇ। ਜਿਉਂ ਤੁਰਿਆ ਵਾਹਵਾ ਹੀ ਦੂਰ ਜਾ ਕੇ ਇਕ ਦੁਕਾਨ ਦਿਸੀ। ਕੁਝ ਲੂਹਾ ਬਾਲਾ ਜਿਹਾ ਕੀਤਾ। ਹੁਣ ਵਾਪਸ ਜਾਣ ਦੀ ਹਿੰਮਤ ਨਾ ਪਵੇ। ਆਪਣੀ ਠੰਡ ਤੋਂ ਬਚਣ ਵਾਲੀ ਜਰਸੀ ਵੀ ਓਥੇ ਹੀ ਛੱਡ ਆਇਆ ਸਾਂ। ਉਸਦੀ ਖਿੱਚ ਤਾਂ ਪਈ ਪਰ ਵਾਪਸ ਜਾਣ ਦਾ ਹੌਸਲਾ ਨਾ ਪਿਆ ਤੇ ਮੈਂ ਓਥੋਂ ਹੀ ਉਸ ਪਿਆਰੀ ਜਰਸੀ ਨੂੰ 'ਸਲਾਮ' ਬੁਲਾ ਕੇ, ਬੱਸ ਫੜ ਕੇ ਵਾਪਸ ਚਾਲੇ ਪਾ ਦਿੱਤੇ। ਘਰੋਂ ਘਰ ਤਾਂ ਮੈਂ ਗੁਆਇਆ ਹੀ ਸੀ ਪਰ ਬਾਹਰੋਂ ਭੜੂਆ ਆਖਣ ਵਾਲ਼ਾ ਨਾ ਕੋਈ ਟੱਕਰ ਪਏ। ਇਸ ਲਈ ਜਰਸੀ ਲੈਣ ਵਾਸਤੇ ਵਾਪਸ ਨਾ ਗਿਆ। ਹਾਂ, ਮੇਰੀ ਗੈਰ ਹਾਜਰੀ ਵਿਚ ਜਰੂਰ ਕਿਸੇ ਨੇ ਕੁਝ ਆਖਿਆ ਹੋਵੇਗਾ! ਪਹਿਲੀ ਪੂਰੀ ਮੈਂ ਏਦਾਂ ਏਥੇ ਕੰਮ ਦੀ ਪਾਈ। ਗਿਆ ਸਾਂ ਕੁਝ ਕਮਾਉਣ ਪਰ ਕਿਰਾਇਆ ਖ਼ਰਚ ਕੇ ਤੇ ਜਰਸੀ ਗਵਾ ਕੇ ਵਾਪਸ ਆ ਗਿਆ। ਇਸ ਪ੍ਰਥਾਇ ਇਕ ਲੋਕ ਗੀਤ ਵੀ ਹੈ:

ਖੱਟਣ ਗਏ ਕਮਾਉਣ ਗਏ, ਕੀ ਖੱਟ ਲਿਆਏ ?
ਸ਼ੁਕਰ ਕਰੋ ਸਿਰ ਮੁੰਨੀਓ ਅਸੀਂ ਜਿਉਂਦੇ ਆਏ।

ਤਮਾਸ਼ੇ ਤਾਂ ਮੈਂ ਕੰਮ ਬਾਰੇ ਭਾਵੇਂ ਬੜੀ ਥਾਈਂ ਰੰਗ ਬਰੰਗੇ ਕੀਤੇ ਪਰ ਸਾਰਿਆਂ ਨੂੰ ਏਥੇ ਦੱਸਿਆ ਨਹੀ ਜਾ ਸਕਦਾ; ਇਸ ਲਈ ਬਹੁਤ ਸਾਰੇ ਸਮੇ ਤੇ ਸਥਾਨ ਦੀ ਲੋੜ ਹੈ।

ਏਧਰ ਓਧਰ ਕਈ ਥਾਵਾਂ ਤੇ ਝਖਾਂ ਮਾਰੀਆਂ। ਕਦੀ ਕਿਸੇ ਫ਼ੈਕਟਰੀ ਵਿਚ ਤੇ ਕਦੀ ਕਿਸੇ ਹੋਰ ਫ਼ੈਕਟਰੀ ਵਿਚ। ਦੋ ਵਾਰੀਂ ਡਾਕਖਾਨੇ ਵਿਚ, ਬੱਸ ਕੰਡਕਟਰੀ, ਰੇਲਵੇ ਵਿਚ। ੨੮ ਮਾਰਚ ੧੯੮੧ ਨੂੰ ਤਿੰਨ ਮੈਂਬਰੀ ਪਰਵਾਰ ਵੀ ਏਥੇ ਆ ਗਿਆ। ਛੇ ਕੁ ਸਾਲ ਦਾ ਪੁੱਤਰ ਸੰਦੀਪ ਤੇ ਪੰਜ ਕੁ ਸਾਲ ਦੀ ਬੱਚੀ ਰਵੀਨ ਤੇ ਦਸ ਕੁ ਮਹੀਨਿਆਂ ਦੀ ਦੂਜੀ ਬੱਚੀ ਕੁਲਬੀਰ ਏਥੇ ਆ ਪਹੁੰਚੇ। ਫਿਰ ਇਹਨਾਂ ਵਾਸਤੇ ਰੈਣ ਬਸੇਰੇ ਹਿਤ ਸਿਰ ਦੀ ਛੱਤ ਦਾ ਪ੍ਰਬੰਧ ਕਰਨ ਦਾ ਫਿਕਰ ਲੱਗਾ। ਚੌਥਾ ਬੱਚਾ ਗੁਰਬਾਲ, ਜੂਨ ੧੯੮੩ ਵਿਚ ਏਥੇ ਪੈਦਾ ਹੋਇਆ ਸੀ। ਕੁਝ ਪੈਸੇ ਮੈਂ ੧੯੭੭ ਤੋਂ ਟਰੈਵਲ ਚੈਕਾਂ ਦੇ ਰੂਪ ਵਿਚ ਪੱਲੇ ਬੰਨ੍ਹੀ ਫਿਰਦਾ ਸਾਂ, ਜਿਨ੍ਹਾਂ ਦੇ ਹਾਥੀ ਦੇ ਬਾਹਰਲੇ ਸੋਹਣੇ ਦੰਦਾਂ ਵਾਂਗ ਵਿਖਾਵੇ ਨਾਲ, ਮੈਨੂੰ ਹਰੇਕ ਮੁਲਕ ਦਾ ਵੀਜ਼ਾ ਮਿਲ਼ ਜਾਂਦਾ ਸੀ। ਕੁਝ ਹੋਰ ਏਥੇ ਮਜ਼ਦੂਰੀ ਵਿਚੋਂ ਬਚਾਏ ਸਨ। ਕੁਝ ਭਰਾ ਕੋਲ਼ੋਂ ਹੱਥ ਹੁਦਾਰ ਫੜ ਲਏ। ੩੦੦੦੦ ਡਾਲਰ ਸਰਕਾਰੋਂ ਕਰਜ਼ਾ ਮਿਲ਼ ਗਿਆ। ਇਸ ਤਰ੍ਹਾਂ ਉਸ ਸਮੇ ਪੰਜਾਹ ਕੁ ਹਜ਼ਾਰ ਦਾ ਘਰ ਖ਼ਰੀਦ ਕੇ ਇਸ ਵਿਚ ਝੰਡੇ ਬੁੰਗੇ ਗੱਡ ਲਏ। ਟੱਬਰੀ ਦੇ ਸਿਰ ਤੇ ਛੱਤ ਦਾ ਸਾਇਆ ਮਿਲ਼ ਜਾਣ ਕਰਕੇ ਏਧਰੋਂ ਬੇਫਿਕਰ ਹੋ ਗਿਆ। ਭਾਵੇਂ ਕਿ ਪਹਿਲੀ ਵਾਰ ਬਿਆਜ਼ੀ ਕਰਜ਼ਾ ਬੈਂਕ ਤੋਂ ਲੈਣ ਕਰਕੇ ਤੇ ਉਸਨੂੰ ਭਾਰਤੀ ਕਰੰਸੀ ਵਿਚ ਦਸ ਗੁਣਾਂ ਕਰਕੇ ਵੇਖਣ ਵਾਲੀ ਸੋਚ ਹੋਣ ਕਰਕੇ, ਇਸਦਾ ਫਿਕਰ ਤਾਂ ਸੀ ਪਰ ਇਸ ਤੋਂ ਬਿਨਾ ਹੋਰ ਚਾਰਾ ਕੋਈ ਨਹੀ ਸੀ।

ਕਰਜ਼ਾ ਆਪੇ ਕਿਸ਼ਤਾਂ ਵਿਚ ਲਹਿੰਦਾ ਰਹੇਗਾ ਸੋਚ ਲਿਆ। ਕੁਝ ਮਾਇਆ ਦੇਸ ਵਿਚ ਐਕਸਟਰਨਲ ਅਕਾਊਂਟ ਵਿਚ ਸੀ, ਉਹ ਮੰਗਵਾ ਲਈ। ਇਕ ਅੰਮ੍ਰਿਤਸਰ ਵਿਚ ਪਲਾਟ ਸੀ, ਉਹ ਵੀ ਵੇਚ ਕੇ ਤੇ ਹੋਰ ਕੁਝ ਘਰ ਦਾ ਨਿਕ ਸੁਕ ਵੀ ਵੇਚ ਕੇ, ਏਥੇ ਪੈਸੇ ਲਿਆ ਕੇ, ੩੧ ਸਾਲ



ਦਾ ਕਰਜਾ ਸੱਤ ਕੁ ਸਾਲ ਦੇ ਵਿਚ ਹੀ ਮੁਕਾ ਕੇ, ਇਸ ਪਾਸੇ ਦਾ ਫਿਕਰ ਮੁਕਾ ਲਿਆ।

੯ ਨਵੰਬਰ ੧੯੮੧ ਦਾ ਦਿਨ ਮੇਰੇ ਸੰਸਾਰਕ ਤੇ ਪਰਵਾਰਕ ਜੀਵਨ ਲਈ ਖਾਸ ਹੋ ਨਿੱਬੜਿਆ। ਇਕ ਤਾਂ ਇਸ ਦਿਨ ਮੈਨੂੰ ਸਿੱਖ ਸੰਸਾਰ ਤੋਂ ਬਾਹਰ ਜਾ ਕੇ ਬਿਲਕੁਲ ਆਪਣੇ ਪਿਛੋਕੜ, ਵਿਦਿਆ, ਤਜਰੱਬਾ ਆਦਿ ਤੋਂ ਵੱਖਰੀ ਨੌਕਰੀ 'ਵੈਸਟਪੈਕ' ਬੈਂਕ ਵਿਚ ਮਿਲ਼ ਗਈ। ਓਦੋਂ ਇਸ ਦਾ ਨਾਂ 'ਬੈਂਕ ਆਫ਼ ਵੇਲਜ਼' ਹੁੰਦਾ ਸੀ। ਇਹ ਮੇਰੇ ਪੈਰ ਹੇਠ ਬਟੇਰਾ ਆਉਣ ਵਾਂਗ ਹੀ ਸੀ। ਏਸੇ ਦਿਨ ਹੀ ਜੀਵਨ ਵਿਚ ਮੈਂ ਸਭ ਤੋਂ ਪਹਿਲਾਂ ਤੇ ਹੁਣ ਤੱਕ ਆਖਰੀ ਘਰ ਖ਼ਰੀਦਿਆ। ਉਹ ਵੀ ਆਸਟ੍ਰੇਲੀਆ ਦੇ ਸਭ ਤੋਂ ਮਹਿੰਗੇ ਸ਼ਹਿਰ ਸਿਡਨੀ ਵਿਚ। ਅਜਿਹਾ ਕੁਝ ਹੋ ਜਾਣ ਦੀ ਮੇਰੇ ਵਾਸਤੇ ਕੋਈ ਸੋਚ ਅੰਦਰ ਆ ਸਕਣ ਵਾਲ਼ੀ ਗੱਲ ਵੀ ਨਹੀ ਸੀ। ਭਾਵੇਂ ਕਿ ਬੈਂਕ ਦੀ ਚੰਗੀ ਨੌਕਰੀ ਮਿਲ਼ ਗਈ ਪਰ ਮਨ ਕਿਤੇ ਵੀ ਨਾ ਟਿਕਿਆ। ਦੋ ਢਾਈ ਸਾਲ ਏਥੇ ਕੰਮ ਕੀਤਾ। ਇਸ ਨਾਲ ਆਸਟ੍ਰੇਲੀਆ ਵਿਚ ਮੇਰੇ ਪਰਵਾਰਕ ਤੌਰ ਤੇ ਤਾਂ ਪੈਰ ਬਝ ਗਏ ਪਰ ਮਾਨਸਿਕ ਪੱਖੋਂ ਮੈਂ ਚਾਵਾਂ ਚੁਲ੍ਹਾ ਹੀ ਰਿਹਾ।

ਇਸ ਬੈਂਕ ਵਿਚ ਨੌਕਰੀ ਦੌਰਾਨ ਕਈ ਦਿਲਚਸਪ ਘਟਨਾਵਾਂ ਵਾਪਰੀਆਂ। ਇਕ ਨਿੱਕੀ ਜਿਹੀ ਗੱਲ ਮੈਂ ਏਥੇ ਪਾਠਕਾਂ ਨਾਲ ਸਾਂਝੀ ਕਰਦਾ ਜਾਵਾਂ। ਜਾਰਜ ਸਟ੍ਰੀਟ ਉਪਰ ਵਾਕਿਆ, ਬੈਂਕ ਦੇ ਹੈਡ ਕੁਅਰਾਟਰ ਵਿਚ ਮੈਂ ਨੌਕਰੀ ਤੇ ਸਾਂ। ਇਕ ਦਿਨ ਦੁਪਹਿਰੇ ਜਿਹੇ ਮੈਂ ਟੌਇਲੈਟ ਵਿਚ ਗਿਆ। ਅੱਗੇ ਇਕ ਉਮਰ ਤੇ ਪਹਿਰਾਵੇ ਤੋਂ ਵਾਹਵਾ ਉਚੇ ਅਹੁਦੇ ਉਤੇ ਕੰਮ ਕਰਨ ਵਾਲੀ, ਪ੍ਰਭਾਵਸ਼ਾਲੀ ਬੈਂਕ ਦੀ ਬੀਬੀ ਵੀ ਅੰਦਰ ਸਿੰਕ ਤੇ ਹੱਥ ਧੋ ਰਹੀ ਸੀ। ਮੈਨੂੰ ਸੋਚ ਆਈ ਕਿ ਇਹ ਬੀਬੀ ਬੰਦਿਆਂ ਵਾਲ਼ੀ ਟੌਇਲੈਟ ਵਿਚ ਕਿਉਂ ਹੈ। ਫਿਰ ਆਪੇ ਹੀ ਖ਼ੁਦ ਨੂੰ ਦੱਸਣ ਦਾ ਅਸਫਲ ਜਿਹਾ ਯਤਨ ਕਰਦਿਆਂ ਸੋਚਿਆ ਕਿ ਸ਼ਾਇਦ ਬੰਦਿਆਂ ਨੂੰ ਬੰਦੀਆਂ ਵਾਲ਼ੇ ਥਾਂ ਜਾਣ ਦੀ ਰੋਕ ਹੋਵੇ ਪਰ ਇਸਦੇ ਉਲਟ ਬੰਦੀਆਂ ਨੂੰ ਬੰਦਿਆਂ ਵਾਲੇ ਪਾਸੇ ਜਾਣ ਦੀ ਮਨਾਹੀ ਨਾ ਹੋਵੇ! ਉਸਨੇ ਮੇਰੇ ਵੱਲ ਮੁਸਕਰਾ ਕੇ ਵੇਖਿਆ। ਇਹ ਤਾਂ ਗੋਰੀਆਂ ਬੀਬੀਆਂ ਦਾ ਸਹਿਜ ਵਤੀਰਾ ਹੀ ਹੈ; ਇਸਦਾ ਕੋਈ ਵੀ ਪੰਜਾਬੀ ਗ਼ਲਤ ਅਰਥ ਕਢਣ ਵਾਲ਼ਾ ਭੁਲੇਖਾ ਖਾ ਸਕਦਾ ਹੈ। ਉਸਨੇ ਮੈਨੂੰ ਆਖਿਆ ਕੁਝ ਨਾ। ਮੈਂ ਆਰਾਮ ਨਾਲ ਆਪਣਾ ਕੰਮ ਕੀਤਾ ਪਰ ਸ਼ੰਕਾ ਮੇਰੇ ਮਨ ਵਿਚ ਰਹੀ। ਬਾਹਰ ਆਉਣ ਸਮੇ ਮੈਂ ਦਰਵਾਜੇ ਉਪਰ ਦਾ ਬੋਰਡ ਪੜ੍ਹਿਆ ਤਾਂ ਓਥੇ 'ਬੀਬੀਆਂ ਲਈ' ਲਿਖਿਆ ਹੋਇਆ ਪੜ੍ਹ ਕੇ ਅੰਦਰੇ ਅੰਦਰ ਸ਼ਰਮਿੰਦਾ ਜਿਹਾ ਹੋ ਗਿਆ ਆਪਣੀ ਗ਼ਲਤੀ ਤੇ; ਅਤੇ ਨਾਲ ਹੀ ਉਸ ਬੀਬੀ ਦੇ ਹਿਰਦੇ ਦੀ ਉਦਾਰਤਾ ਵਾਸਤੇ ਪ੍ਰਸੰਸਾ ਵੀ ਪੈਦਾ ਹੋਈ ਜਿਸਨੇ ਰੌਲ਼ਾ ਪਾਉਣ ਦੀ ਬਜਾਇ ਕੇਵਲ ਮੁਸਕਰਾ ਕੇ ਹੀ ਟਾਲ਼ ਦਿਤਾ। ਦੋ ਕੁ ਦਿਨ ਬਾਅਦ ਸਾਡੇ ਸੁਪਰਵਾਈਜ਼ਰ ਮਿ. ਕਿਮ ਬੀਨੀ ਨੇ ਮਖੌਲਆਤਮਿਕ ਜਿਹੇ ਲਹਿਜੇ ਵਿਚ ਮੈਨੂੰ ਦੂਰੋਂ ਸੁਣਾ ਕੇ ਅੰਗ੍ਰੇਜ਼ੀ ਵਿਚ ਕੁਝ ਇਉਂ ਆਖਿਆ ਜਿਸਦਾ ਪੰਜਾਬੀ ਵਿਚ ਇਉਂ ਬਣਦਾ: ਲੇਡੀਜ਼ ਟੋਇਲੈਟ ਵਿਚ ਇਕ ਨੀਲੀ ਪੱਗ ਤੇ ਖੁਲ੍ਹੀ ਦਾਹੜੀ ਵਾਲਾ ਬੰਦਾ ਪਾਇਆ ਗਿਆ ਹੈ। There was a gentleman with blue turban and flowing beard found in ladies toilet! ਮੈਂ ਵੀ ਥੋਹੜੀ ਸ਼ਰਮਿੰਦਗੀ ਜਿਹੀ ਵਾਲ਼ੀ ਮੁਸਕਰਾਹਟ ਨਾਲ ਇਉਂ ਆਖਿਆ : That gentleman was me and this wont happen in future. That's all right; No worry. ਉਸਨੇ ਜਵਾਬ ਦਿਤਾ।

ਜਿਵੇਂ ਕਿ ਪਿਛੇ ਦੱਸਿਆ ਗਿਆ ਹੈ ਕਿ ਸਿਡਨੀ ਵਿਚ ਮੈਨੂੰ ਕਈ ਬੜੀਆਂ ਚੰਗੀਆਂ ਨੌਕਰੀਆਂ ਵੀ ਮਿਲ਼ੀਆਂ ਪਰ ਮਨ ਕਿਤੇ ਵੀ ਨਾ ਜੰਮਿਆ। ਹਰ ਸਮੇ ਸੋਚ ਅੰਮ੍ਰਿਤਸਰ ਤੇ ਪੰਜਾਬ

ਵਿਚ ਹੀ ਰਹਿਣੀ। ਭਰਵੇਂ ਧਾਰਮਿਕ, ਸਾਹਿਤਕ ਤੇ ਰਾਜਸੀ ਜਲਸਿਆਂ ਵਿਚ ਮੈਂ ਤਕਰੀਰ ਕਰ ਰਿਹਾ ਹਾਂ। ਤਕਰੀਰ ਪਿਛੋਂ ਮੇਰੀ ਪ੍ਰਸੰਸਾ ਹੋ ਰਹੀ ਹੈ। ਸੋ ਨੌਕਰੀਆਂ ਦੇ ਚੱਕਰਾਂ ਨੂੰ ਛੱਡ ਕੇ ਕਦੀ ਅੰਗ੍ਰੇਜ਼ੀ ਪੜ੍ਹਨ ਤੇ ਕੰਪਿਊਟਰ ਸਿੱਖਣ ਲਈ ਕਦੀ ਕਿਸੇ ਯੂਨੀਵਰਸਿਟੀ ਤੇ ਕਦੀ ਕਿਸੇ ਕਾਲਜ ਵਿਚ 'ਪੜ੍ਹਨ' ਲਈ ਜਾ ਬੈਠਦਾ। ਘਰ ਵਾਲ਼ੀ ਨੇ ਵਾਹਵਾ ਚਿਰ ਚੰਗੀ ਨੌਕਰੀ ਕਰ ਲਈ। ਹੌਲ਼ੀ ਹੌਲ਼ੀ ਮਕਾਨ ਦੀਆਂ ਕਿਸ਼ਤਾਂ ਵੀ ਉਤਰ ਗਈਆਂ ਅਤੇ ਬੱਚੇ ਵੀ ਹੁਸ਼ਿਆਰ ਹੋ ਕੇ ਨੌਕਰੀਆਂ ਤੇ ਲੱਗ ਗਏ। ਇਸ ਤਰ੍ਹਾਂ ਸਭ ਪਾਸੇ ਤੋਂ ਵੇਹਲੇ ਹੋ ਕੇ ਹੁਣ ਫਿਰ ਘੁਮੱਕੜਪੁਣਾ ਕਰਨਾ ਅਤੇ ਇਹ ਝਰੀਟਾਂ ਵਾਹੁਣੀਆਂ ਹੀ ਸ਼ੁਰੂ ਕੀਤੀਆਂ ਹੋਈਆਂ ਹਨ।

ਆਸਟ੍ਰੇਲੀਆ ਵਿਚ ਰਿਹਾਇਸ਼ ਦੇ ਸਮੇ ਦੌਰਾਨ ਹੀ ਸਵਾ ਕੁ ਛੇ ਸਾਲ ਘਰੋਂ ਘਰ ਗਵਾ ਕੇ ਬਾਹਰੋਂ ਭੜੂਆ ਅਖਵਾਉਣ ਵਾਂਗ, ਪੰਜਾਬੀ ਤੇ ਅੰਗ੍ਰੇਜ਼ੀ ਦਾ ਪਰਚਾ ਵੀ ਚਲਾਇਆ। ਡੇਢ ਕੁ ਸਾਲ ਵੀਕਲੀ ਤੇ ਫਿਰ ਮੰਥਲੀ ਪਰ ਇਹ ਪੰਗਾ ਸਮੇ ਤੋਂ ਬਹੁਤ ਪਹਿਲਾਂ ਲੈ ਲੈਣ, ਵਸੀਲਿਆਂ ਦੀ ਪੂਰੀ ਦੀ ਪੂਰੀ ਥੁੜ ਅਤੇ ਇਸ ਪਾਸੇ ਦਾ ਕੋਈ ਗਿਆਨ ਨਾ ਹੋਣ ਕਰਕੇ, ਅੰਨ੍ਹੇ ਦੇ ਸੌਣ ਵਾਂਗ, ਇਹ ਵੀ ਚੁੱਪ ਹੀ ਹੋ ਗਿਆ।

ਚਾਰਾਂ ਵਿਚੋਂ ਤਿੰਨ ਬੱਚੇ ਵਿਆਹੇ ਹੋਏ, ਨੌਕਰੀਆਂ ਕਰਦੇ, ਆਪੋ ਆਪਣੇ ਘਰਾਂ ਤੇ ਪਰਵਾਰਾਂ ਵਿਚ, ਸਤਿਗੁਰਾਂ ਦੀ ਅਪਾਰ ਕਿਰਪਾ ਸਦਕਾ ਰਹਿ ਰਹੇ ਹਨ। ਚੌਥਾ ਬੱਚਾ ਗੁਰਬਾਲ ਸਿੰਘ ਯੂਨੀ ਤੋਂ ਡਿਗਰੀ ਕਰਕੇ, ਆਪਣੀ ਵਿੱਦਿਆ ਵਾਲੀ ਹੀ ਨੌਕਰੀ ਉਪਰ ਲੱਗਾ ਹੋਇਆ ਸੀ, ਸਭ ਕੁਝ ਛੱਡ ਕੇ ਲੰਡਨ ਜਾ ਬੈਠਾ ਹੈ। ਮੇਰੇ ਵਾਂਗ ਹੀ ਘੁਮੱਕੜ ਜਿਹੀ ਸੋਚ ਵਾਲਾ ਹੈ। ਜਿਵੇਂ ਰੱਬ ਨੂੰ ਮਨਜ਼ੂਰ! "ਜਿਉ ਜਿਉ ਤੇਰਾ ਹੁਕਮ ਤਿਵੈ ਤਿਵ ਹੋਵਣਾ॥" ਦੇ ਮਹਾਂਵਾਕ ਅਨੁਸਾਰ, ਉਸ ਦੇ ਹੁਕਮ ਦੇ ਅੰਦਰ ਰਹਿਣ ਦੇ ਯਤਨਾਂ ਵਿਚ ਹਾਂ।

ਉਪ੍ਰੋਕਤ ਤੋਂ ਇਲਾਵਾ ਦੋ ਛੋਟੇ ਭਰਾ ਵੀ ਆਪੋ ਆਪਣੇ ਪਰਵਾਰਾਂ ਸਮੇਤ ਏਥੇ ਵੱਸ ਰਹੇ ਹਨ। ਮੈਥੋਂ ਛੋਟੇ ਭਰਾ ਜੀ ਦਾ ਨਾਂ ਸੂਬੇਦਾਰ ਦਲਬੀਰ ਸਿੰਘ ਅਤੇ ਸਾਡੇ ਸਾਰੇ ਭਰਾਵਾਂ ਤੋਂ ਛੋਟੇ ਦਾ ਨਾਂ ਸ. ਹਰਜੀਤ ਸਿੰਘ ਹੈ। ਸਭਨਾਂ ਉਪਰ ਰੱਬ ਦੀ ਰਹਿਮਤ ਦਾ ਸਾਇਆ ਹੈ। ਉਸ ਦਾਤਾਰ ਦੇ ਚਰਨਾਂ ਵਿਚ ਬੇਨਤੀ ਹੈ ਕਿ ਉਹ ਬਾਕੀ ਸੰਸਾਰ ਦੇ ਜੀਆਂ ਵਾਂਗ ਇਹਨਾਂ ਸਾਰਿਆਂ ਦੇ ਸਿਰਾਂ ਉਪਰ ਵੀ ਆਪਣੀ ਮੇਹਰ ਦਾ ਹੱਥ ਰੱਖੇ! (ਫਰਵਰੀ, ੨੦੦੯)

**— ਸੰਤੋਖ ਸਿੰਘ (ਗਿਆਨੀ)**
**ਆਸਟ੍ਰੇਲੀਆ**



# ਮਿੱਟੀ ਦਾ ਮੋਹ

ਰੋਜ਼ਾਨਾ ਕਿੰਨੇ ਹੀ ਪੰਜਾਬੀ ਵਿਦੇਸ਼ਾਂ ਨੂੰ ਪ੍ਰਵਾਸ ਕਰਦੇ ਹਨ। ਕੋਈ, ਪਹਿਲਾਂ ਹੀ ਬਾਹਰ ਸੈਟਲ ਹੋ ਚੁੱਕੇ ਭੈਣ, ਭਰਾ ਜਾਂ ਬੱਚਿਆਂ ਕਲ ਜਾ ਰਿਹਾ ਹੈ, ਕੋਈ ਸਟੱਡੀ ਵੀਜ਼ਾ 'ਤੇ ਅਤੇ ਕੋਈ ਏਜੰਟਾਂ ਰਾਹੀਂ ਨੌਕਰੀਆਂ ਦੀ ਭਾਲ ਵਿਚ। ਇਨ੍ਹਾਂ ਵਿਚੋਂ ਕਿੰਨੇ ਕੁ ਅਜਿਹੇ ਹੋਣਗੇ, ਜੋ ਇਹ ਸੋਚ ਕੇ ਜਾਂਦੇ ਹਨ ਕਿ ਉਹ ਹਮੇਸ਼ਾ ਲਈ ਆਪਣੇ ਵਤਨ ਨੂੰ ਛੱਡ ਕੇ ਜਾ ਰਹੇ ਹਨ। ਸ਼ਾਇਦ ਕੋਈ ਨਹੀਂ। ਚਾਹੇ ਕੋਈ ਕਿਸੇ ਢੰਗ ਨਾਲ ਗਿਆ ਹੋਵੇ ਜਾਂ ਕਿਸੇ ਮਕਸਦ ਲਈ, ਵਤਨ ਵਾਪਸੀ ਦਾ ਖਿਆਲ ਹਮੇਸ਼ਾ ਉਸਦੇ ਦਿਮਾਗ 'ਚ ਰਹਿੰਦਾ ਹੈ। ਪ੍ਰਵਾਸੀ ਪੰਜਾਬੀਆਂ ਦੀ ਇਸ 'ਅੱਜ ਜਾਵਾਂਗੇ, ਕੱਲੇ ਜਾਵਾਂਗੇ' ਦੀ ਉਧੇੜਬੁਣ ਨੂੰ 'ਐਕਸ ਪਲੱਸ ਵਨ ਸਿੰਡਰੋਮ' ਕਿਹਾ ਜਾਂਦਾ ਹੈ। ਬੰਦਾ ਇਹੀ ਸੋਚਦਾ ਰਹਿੰਦਾ ਹੈ ਕਿ ਇਹ ਕੰਮ ਹੋ ਗਏ, ਤਾਂ ਜਾਵਾਂਗਾ, ਉਹ ਹੋ ਜਾਵੇ ਤਾਂ ਜਾਵਾਂਗਾ। ਇਸ ਚੱਕਰ ਵਿਚ ਕਈ ਵਾਰ ਕਈ ਕਈ ਸਾਲ ਲੰਘ ਜਾਂਦੇ ਹਨ। ਪਰਾਈ ਧਰਤੀ ਨੂੰ ਜਿੰਨਾ ਮਰਜ਼ੀ ਆਪਣਾ ਸਮਝ ਲੈਣ, ਆਪਣੇ ਵਤਨ ਦੀ ਮਿੱਟੀ ਦਾ ਮੋਹ ਨਹੀਂ ਛੁੱਟਦਾ। ਆਰਥਿਕ ਤੌਰ 'ਤੇ ਸੁਰੱਖਿਅਤ ਹੋ ਵੀ ਹੋ ਜਾਣ, ਜਜ਼ਬਾਤੀ ਸੁਰੱਖਿਆ ਨਹੀਂ ਮਿਲਦੀ। ਸਾਰੀ ਉਮਰ ਚਾਹੇ ਵਿਦੇਸ਼ਾਂ ਦੀ ਖਾਕ ਛੱਡਦੇ ਰਹਿਣ, ਆਪਣੀ ਸਰ ਜ਼ਮੀਨ ਦਾ ਖਿਆਲ ਆਉਂਦਿਆਂ ਹੀ, ਇਕ ਖਾਸ ਕਿਸਮ ਦੀ ਭਾਵਨਾ ਜਾਗ ਉੱਠਦੀ ਹੈ। ਮਿੱਟੀ ਦਾ ਮੋਹ ਹੀ ਹੈ ਜੋ ਇਨ੍ਹਾਂ ਨੂੰ ਆਪਣੀ ਜੱਦੀ ਮਕਾਨਾਂ ਅਤੇ ਪਿਤਾ ਪੁਰਖਿਆਂ ਦੀਆਂ ਜ਼ਮੀਨਾਂ ਬਣਾਈ ਰੱਖਣ ਲਈ ਉਕਸਾਉਂਦਾ ਹੈ। ਜੋ ਪਰਿਵਾਰ ਪੂਰੇ ਦੇ ਪੂਰੇ ਵਿਦੇਸ਼ ਚਲੇ ਗਏ ਹਨ, ਉਨ੍ਹਾਂ ਦੀਆਂ ਜਾਇਦਾਦਾਂ ਸਾਲਾਂ ਬੱਧੀ ਜਿਵੇਂ ਦੀਆਂ ਤਿਵੇਂ ਪਈਆਂ ਰਹਿੰਦੀਆਂ ਹਨ।

ਪੰਜਾਬ ਦਾ ਦੋਆਬਾ ਖੇਤਰ ਐਨ.ਆਰ.ਆਈਜ਼ ਦਾ ਗੜ੍ਹ ਹੈ। ਇਥੇ ਕਈ ਪਿੰਡ ਅਜਿਹੇ ਹਨ, ਜਿਨ੍ਹਾਂ ਦਾ ਸ਼ਾਇਦ ਹੀ ਕੋਈ ਘਰ ਅਜਿਹਾ ਹੋਵੇ। ਜਿਸ ਦਾ ਕੋਈ ਮੈਂਬਰ ਵਿਦੇਸ਼ ਨਾ ਗਿਆ ਹੋਵੇ। ਕਈ ਥਾਈਂ ਪੂਰੇ ਪਰਿਵਾਰ ਹੀ ਬਾਹਰਲੇ ਮੁਲਕਾਂ ਨੂੰ ਜਾ ਚੁੱਕੇ ਹਨ, ਪਰ ਇਨ੍ਹਾਂ ਦੇ ਘਰ ਅੱਜ ਵੀ ਉਥੇ ਹੀ ਕਾਇਮ ਹਨ, ਬਲਕਿ ਕਈਆਂ ਦੀ ਨੁਹਾਰ ਬਦਲ ਚੁੱਕੀ ਹੈ। ਮਕਾਨਾਂ ਦੀ ਥਾਂ ਆਲੀਸ਼ਾਨ ਕੋਠੀਆਂ ਬਣ ਗਈਆਂ ਹਨ। ਚੁਬਾਰਿਆਂ 'ਤੇ ਲੱਗੇ ਹਵਾਈ ਜਹਾਜ਼, ਫੁਟਬਾਲ, ਕੁੱਕੜ ਜਾਂ ਹੋਰ ਵੱਡੇ ਵੱਡੇ ਚਿੰਨ੍ਹ ਵੇਖ ਕੇ ਦੂਰੋਂ ਹੀ ਪਤਾ ਲੱਗਦਾ ਹੈ ਕਿ ਇਹ ਘਰ ਕਿਸੇ ਪ੍ਰਵਾਸੀ ਭਾਰਤੀ ਦਾ ਹੈ। ਕਈ ਘਰਾਂ ਵਿਚ ਤਾਂ ਬਜ਼ੁਰਗ ਜਾਂ ਕੋਈ ਸੱਜਣ ਰਿਸ਼ਤੇਦਾਰ ਬੈਠਾ ਹੈ, ਪਰ ਕਈਆਂ ਨੂੰ ਸਾਲਾਂ ਬੱਧੀ ਤਾਲੇ ਲੱਗੇ ਰਹਿੰਦੇ ਹਨ। ਜਦੋਂ ਕਦੀ ਮਾਲਕਾਂ ਦਾ ਗੇੜਾ ਲੱਗਦਾ ਹੈ, ਤਾਂ ਹੀ ਇ੍ਹਾਂ ਦੇ ਬੂਹੇ ਖੁੱਲ੍ਹਦੇ ਹਨ। ਜਿਹੜੇ ਐਨ.ਆਰ.ਆਈ. ਜ਼ਿਆਦਾ ਪੈਸਾ ਕਮਾ ਚੁੱਕੇ ਹਨ, ਉਨ੍ਹਾਂ ਆਪਣੇ ਜੱਦੀ ਘਰਾਂ ਨੂੰ ਵਿਦੇਸ਼ਾਂ ਦੀ ਤਰਜ਼ 'ਤੇ ਸਾਰੀਆਂ ਆਧੁਨਿਕ ਸੁੱਖ ਸੁਵਿਧਾਵਾਂ ਨਾਲ ਲੈਸ ਕਰ ਲਿਆ ਹੈ। ਇਨ੍ਹਾਂ ਦੀ ਤੀਜੀ ਪੀੜ੍ਹੀ,

ਜੋ ਵਿਦੇਸ਼ਾਂ ਦੀ ਜੰਮਪਲ ਹੈ ਅਤੇ ਜਿਸਨੂੰ ਆਪਣੇ ਪੁਰਖਿਆਂ ਦੇ ਵਿਰਸੇ ਨਾਲ ਕੋਈ ਮੋਹ ਨਹੀਂ, ਕਦੀ ਕਦਾਈਂ ਹੀ ਆਪਣੇ ਮਾਪਿਆਂ ਦੀ ਖੁਸ਼ੀ ਲਈ ਇਥੇ ਆਉਣ ਦੀ ਜ਼ਹਿਮਤ ਉਠਾਉਂਦੀ ਹੈ, ਉਹ ਵੀ ਤਾਂ ਜੇਕਰ ਉਸਨੂੰ ਵਿਦੇਸ਼ੀ ਮਾਹੌਲ ਮਿਲੇ।

ਹੁਸ਼ਿਆਰਪੁਰ ਦੇ ਗੜ੍ਹਦੀਵਾਲਾ ਕਸਬੇ ਵਿਚ ਕੈਨੇਡਾ ਵਸਦੇ ਮੱਲੀ ਪਰਿਵਾਰ ਦੀ ਕਈ ਏਕੜ ਜ਼ਮੀਨ ਅਤੇ ਉਸ ਵਿਚ ਬਣਿਆ ਇਕ ਪੁਰਾਣਾ ਮਕਾਨ ਖੜ੍ਹਾ ਹੈ। ਪਰਿਵਾਰ ਨੂੰ ਵੈਨਕੂਵਰ ਵੱਸਿਆ ਲਗਭਗ ਦੋ ਦਹਾਕੇ ਹੋ ਗਏ ਹਨ। ਪਹਿਲਾਂ ਬਜ਼ੁਰਗ ਇਥੇ ਰਹਿੰਦੇ ਸਨ, ਪਰ ਉਹ ਵੀ ਕਈ ਸਾਲਾਂ ਤੋਂ ਬੱਚਿਆਂ ਕੋਲ ਜਾ ਵਸੇ ਹਨ ਅਤੇ ਉਨ੍ਹਾਂ ਦੀ ਵਾਪਸ ਆ ਕੇ ਇਥੇ ਰਹਿਣ ਦੀ ਕੋਈ ਸੰਭਾਵਨਾ ਨਹੀਂ, ਪਰ ਪਰਿਵਾਰ ਨੇ ਫਿਰ ਵੀ ਆਪਣੀ ਜ਼ਮੀਨ 'ਤੇ ਨਵੀਂ ਕੋਠੀ ਬਣਾਉਣ ਦਾ ਕੰਮ ਸ਼ੁਰੂ ਕੀਤਾ ਹੋਇਆ ਹੈ। ਕਾਰਨ ਉਹੀ ਕਿ ਕਦੇ ਕਦਾਈਂ ਜਦੋਂ ਦੂਜੀ ਅਤੇ ਤੀਜੀ ਪੀੜ੍ਹੀ ਇਥੇ ਚੱਕਰ ਮਾਰੇਗੀ ਤਾਂ ਰਹਿਣ ਲਈ ਇਕ ਡਿਜ਼ਾਈਨ ਤਿਆਰ ਕਰਵਾਉਣ ਆਇਆ ਹੋਇਆ ਸੀ, ਨੇ ਦੱਸਿਆ ਕਿ ਉਨ੍ਹਾਂ ਦੇ ਬੱਚੇ ਨਾ ਤਾਂ ਕਿਸੇ ਦੇ ਘਰ ਰਹਿਣਾ ਚਾਹੁੰਦੇ ਅਤੇ ਨਾ ਹੋਟਲਾਂ ਵਿਚ, ਜਿਸ ਕਰਕੇ ਉਹ ਕਈ ਸਾਲਾਂ ਤੋਂ ਇੰਡੀਆ ਹੀ ਨਹੀਂ ਆਏ। ਉਸ ਦਾ ਕਹਿਣਾ ਸੀ ਕਿ ਜੇਕਰ ਘਰ ਬਣ ਜਾਏਗਾ ਤਾਂ ਬੱਚੇ ਵੇਲੇ-ਕੁਵੇਲੇ ਚੱਕਰ ਮਾਰਦੇ ਰਹਿਣਗੇ। ਇਸੇ ਤਰ੍ਹਾਂ ਨਵਾਂਸ਼ਹਿਰ ਦੇ ਪਿੰਡ ਬਘੌਰਾ ਵਿਖੇ ਹੁਣੇ ਜਿਹੇ ਹਾਲੈਂਡ ਵਾਸੀ ਸਰਬਜੀਤ ਸਿੰਘ ਨੇ ਆਲੀਸ਼ਾਨ ਕੋਠੀ ਉਸਾਰੀ ਹੈ, ਜਿਸ 'ਤੇ ਲਗਭਗ 70-80 ਲੱਖ ਰੁਪਏ ਦਾ ਖਰਚਾ ਪਾਇਆ ਹੈ। ਸਰਬਜੀਤ ਦੇ ਬਜ਼ੁਰਗ ਪਿਤਾ ਇਕੱਲੇ ਹੀ ਇਥੇ ਰਹਿ ਰਹੇ ਹਨ। ਉਨ੍ਹਾਂ ਦੀ ਦੇਖਭਾਲ ਲਈ ਨੌਕਰ-ਚਾਕਰ ਰੱਖੇ ਹੋਏ ਹਨ।

ਨਵਾਂਸ਼ਹਿਰ ਬਰਨਾਲਾ ਰੋਡ 'ਤੇ ਨਵੀਂ ਬਣੀ ਇਕ ਐਨ.ਆਰ.ਆਈ. ਦੀ ਕੋਠੀ ਵਿਚ ਇਸ ਵੇਲੇ ਗੋਰਖੇ ਹੀ ਰਹਿ ਰਹੇ ਹਨ। ਪਿੰਡ ਕਰੀਹਾ ਵਿਖੇ ਵਿਦੇਸ਼ ਵਸੇ ਮਾਸਟਰ ਕੁਲਬੀਰ ਸਿੰਘ ਦੀ ਕਰੋੜਾਂ ਰੁਪਏ ਦੀ ਲਾਗਤ ਨਾਲ ਬਣੀ ਕੋਠੀ ਵੀ ਖਾਲੀ ਪਈ ਹੈ। ਨੌਕਰ ਅਤੇ ਚੌਕੀਦਾਰ ਹੀ ਇਸ ਦੀ ਹਿਫਾਜ਼ਤ ਕਰਦੇ ਹਨ। ਬੰਗਾਂ ਦੀ ਐਨ.ਆਰ.ਆਈਜ਼ ਦੀ ਕਾਲੋਨੀ ਵਿਚ ਅਨੇਕਾਂ ਅਜਿਹੇ ਘਰ ਹਨ, ਜਿਨ੍ਹਾਂ ਨੂੰ ਤਾਲੇ ਲੱਗੇ ਹੋਏ ਹਨ। ਮਾਲਕ ਵਿਦੇਸ਼ ਬੈਠੇ ਹਨ। ਘਰਾਂ ਦੀ ਦੇਖ-ਰੇਖ ਜਾਂ ਉਨ੍ਹਾਂ ਦੇ ਰਿਸ਼ਤੇਦਾਰ ਕਰ ਰਹੇ ਹਨ ਅਤੇ ਜਾਂ ਚੌਕੀਦਾਰ। ਇਨ੍ਹਾਂ ਵਿਚੋਂ ਕਈਆਂ ਨੇ ਇਸ ਸੋਚ ਨਾਲ ਵੀ ਆਪਣੀ ਪ੍ਰਾਪਰਟੀ ਬਣਾ ਕੇ ਰੱਖੀ ਹੈ ਕਿ ਕੱਲ੍ਹ ਨੂੰ ਧੀਆਂ-ਪੁੱਤਾਂ ਦੇ ਸਾਕ ਕਰਨ ਵੇਲੇ ਇਹ ਕੰਮ ਆਉਣਗੀਆਂ।

ਐਨ.ਆਰ.ਆਈਜ਼ ਦੀ ਆਪਣੀ ਮਾਤ ਭੂਮੀ ਨਾਲ ਜੁੜੇ ਰਹਿਣ ਦੀ ਸਦੀਵੀ ਖਾਹਿਸ਼ ਦਾ ਫਾਇਦਾ ਉਠਾਉਂਦਿਆਂ ਹੁਣ ਵੱਡੇ ਸ਼ਹਿਰਾਂ ਵਿਚ ਉਨ੍ਹਾਂ ਲਈ ਵਿਸ਼ੇਸ਼ ਕਾਲੋਨੀਆਂ ਬਣ ਰਹੀਆਂ ਹਨ। ਕਦੇ ਕਦਾਈਂ ਬੱਚਿਆਂ ਨਾਲ ਛੁੱਟੀਆਂ ਮਨਾਉਣ ਆਉਣ ਵਾਲੇ ਪਰਿਵਾਰਾਂ ਅਤੇ ਜ਼ਿੰਦਗੀ ਦੇ ਅਖੀਰਲੇ ਸਾਲ ਆਪਣੇ ਵਤਨ ਵਿਚ ਹੀ ਬਿਤਾਉਣ ਦੇ ਚਾਹਵਾਨ ਬਜ਼ੁਰਗਾਂ ਨੂੰ ਧਿਆਨ ਵਿਚ ਰੱਖਦਿਆਂ ਹਾਊਸਿੰਗ ਪ੍ਰਾਜੈਕਟ ਤਿਆਰ ਹੋ ਰਹੇ ਹਨ। ਅੰਮ੍ਰਿਤਸਰ ਵਿਚ ਇਕ ਅਜਿਹੀ ਸੀਨੀਅਰ ਲਿਵਿੰਗ ਐਸਟੇਟ ਬਣ ਰਹੀ ਹੈ, ਜਿਥੇ ਨਾਂ ਕੇਵਲ ਐਨ.ਆਰ.ਆਈਜ਼ ਨੂੰ ਆਲੀਸ਼ਾਨ ਸਜੇ ਸਜਾਏ ਘਰ ਮਿਲਣਗੇ, ਬਲਕਿ ਦੋ ਕਦਮਾਂ 'ਤੇ ਮੈਡੀਕਲ ਸੇਵਾਵਾਂ, ਜਿਮ, ਗੋਲਫ਼ ਕੋਰਸ, ਸਵੀਮਿੰਗ ਪੂਲ, ਅਧਿਆਤਮਕ ਕੇਂਦਰ ਅਤੇ ਹੋਰ



ਅਣਗਿਣਤ ਸਹੂਲਤਾਂ ਮਿਲਣਗੀਆਂ। ਆਪਣੇ ਰਿਸ਼ਤੇਦਾਰਾਂ ਅਤੇ ਮੁਖਤਿਆਰਾਂ ਦੀ ਧੋਖਾਧੜੀ ਅਤੇ ਧੱਕੇਸ਼ਾਹੀ ਤੋਂ ਦੁੱਖੀ ਹੁਣ ਕਈ ਐਨ.ਆਰ.ਆਈਜ਼. ਕਿਸੇ ਹੋਰ ਨੂੰ ਆਪਣੀ ਜਾਇਦਾਦ ਸੰਭਾਲਣ ਨਾਲੋਂ ਇਨ੍ਹਾਂ ਨੂੰ ਤਾਲੇ ਲਾ ਕੇ ਰੱਖਣਾ ਹੀ ਬਿਹਤਰ ਸਮਝਦੇ ਹਨ। ਜਿਹੜੇ ਲੋਕ ਕਈ ਸਾਲਾਂ ਤੋਂ ਵਾਪਸ ਨਹੀਂ ਆਏ ਅਤੇ ਜਿਨ੍ਹਾਂ ਨੂੰ ਨੇੜ ਭਵਿੱਖ ਵਿਚ ਆਉਣ ਦੀ ਕੋਈ ਉਮੀਦ ਵੀ ਨਜ਼ਰ ਨਹੀਂ ਆਉਂਦੀ, ਉਹ ਜ਼ਮੀਨਾਂ, ਜਾਇਦਾਦਾਂ ਵੇਚੀ ਵੀ ਜਾ ਰਹੇ ਹਨ। ਪਿਛਲੇ ਸਮੇਂ ਦੌਰਾਨ ਅਜਿਹੇ ਪ੍ਰਾਪਰਟੀ ਡੀਲਰਾਂ ਦੀ ਜਮਾਤ ਪੈਦਾ ਹੋ ਗਈ ਹੈ, ਜੋ ਵਿਦੇਸ਼ਾਂ ਵਿਚ ਜਾ ਕੇ ਉਥੇ ਬੈਠੇ ਭਾਰਤੀਆਂ ਦੀਆਂ ਇਥੇ ਪਈਆਂ ਜਾਇਦਾਦਾਂ ਦੇ ਸੌਦੇ ਕਰ ਆਉਂਦੇ ਹਨ। ਐਨ.ਆਰ.ਆਈਜ਼ ਦੀਆਂ ਕੀਮਤੀ ਜਾਇਦਾਦਾਂ ਘੱਟ ਮੁੱਲ 'ਤੇ ਉਨ੍ਹਾਂ ਕੋਲੋਂ ਖ਼ਰੀਦ ਕੇ ਇਹ ਲੋਕ ਮਹਿੰਗੇ ਭਾਅ ਵੇਚ ਕੇ ਭਾਰੀ ਮੁਨਾਫੇ ਕਮਾ ਲੈਂਦੇ ਹਨ। ਨਾਜਾਇਜ਼ ਕਬਜ਼ਿਆਂ ਦੇ ਝੰਜਟ ਤੋਂ ਬੱਚਣ ਲਈ ਐਨ.ਆਰ.ਆਈਜ਼ ਇਨ੍ਹਾਂ ਪ੍ਰਾਪਰਟੀ ਡੀਲਰਾਂ ਦੇ ਝਾਂਸੇ ਵਿਚ ਆਉਣਾ ਹੀ ਬਿਹਤਰ ਸਮਝਦੇ ਹਨ। ਪਰ ਅਜਿਹੇ ਪ੍ਰਵਾਸੀਆਂ ਦੀ ਗਿਣਤੀ ਹੈ ਬਹੁਤ ਘੱਟ। ਬਹੁਗਿਣਤੀ ਉਨ੍ਹਾਂ ਪ੍ਰਵਾਸੀਆਂ ਦੀ ਹੀ ਹੈ ਜੋ ਹਾਲੇ ਵੀ ਨਵੀਆਂ ਜਾਇਦਾਦਾਂ ਖਰੀਦੀ ਜਾਂਦੇ ਹਨ। ਇਹ ਵਿਡੰਬਨਾ ਹੀ ਹੈ ਕਿ ਉਮਰ ਭਰ ਚਾਹੇ ਵਿਦੇਸ਼ੀ ਧਰਤੀ ਨੂੰ ਆਪਣਾ ਘਰ ਬਣਾਈ ਰੱਖਦੇ ਹਨ, ਆਖ਼ਰੀ ਸਾਹ ਆਪਣੇ ਜੱਦੀ ਪੁਸ਼ਤੀ ਮਕਾਨ ਵਿਚ ਹੀ ਲੈਣਾ ਲੋਚਦੇ ਹਨ।

**—ਹਰਪ੍ਰੀਤ ਕੌਰ**

**ਧੰਨਵਾਦ ਪੰਜਾਬੀ ਟ੍ਰਿਬਿਊਨ**
**ਚੰਡੀਗੜ੍ਹ।**

# ਮਹਿਕ ਫੁੱਲਾਂ ਦੀ

ਕਹਾਣੀ 'ਰਾਮ ਗਊ' ਲਿਖਣ ਵੇਲੇ ਮੇਰੇ ਤੋਂ ਅਚੇਤ ਹੀ ਮੁਖ-ਪਾਤਰ ਦੇ ਸਾਹਮਣੇ ਇਕ ਆਦਰਸ਼ ਪਾਤਰ ਪੇਸ਼ ਹੋ ਗਿਆ। ਇਸ ਆਦਰਸ਼ ਪਾਤਰ ਦੀ ਭੂਮਿਕਾ ਬਹੁਤ ਸੰਖੇਪ ਜਿਹੀ ਹੈ। ਬਸ ਇੱਕ ਝਲਕ ਮਾਤਰ ਹੀ। ਉਹ ਫੁੱਲ-ਬੂਟਿਆਂ ਦੇ ਦੇਖ-ਭਾਲ ਕਰਕੇ ਆਪਣਾ ਸਮਾਂ ਬਤੀਤ ਕਰਦਾ ਹੈ। ਮੁਖ-ਪਾਤਰ ਕੈਨੇਡਾ ਵਿੱਚ ਨਵਾਂ ਆਇਆ ਹੈ। ਉਸ ਨੂੰ ਇਸ ਨਵੇਂ ਮਾਹੌਲ ਵਿਚ ਢਲਨ ਲਈ ਦਿੱਕਤ ਪੇਸ਼ ਆਉਂਦੀ ਹੈ। ਦੋਹਾਂ ਪਾਤਰਾਂ ਦੀ ਹੋਣੀ ਦਾ ਉਦੋਂ ਮੈਨੂੰ ਕੋਈ ਅਭਾਸ ਨਹੀਂ ਸੀ। ਕੀ ਪਤਾ ਸੀ ਕਿ ਇੱਕ ਦਿਨ ਦੋਨੇ ਪਾਤਰ ਇੱਕ-ਦੂਜੇ ਦੇ ਸਨਮੁਖ ਹੋਣਗੇ। ਇਕ ਪਾਤਰ ਕੈਲਗਿਰੀ ਬੈਠਾ ਸੀ ਤੇ ਦੂਜਾ ਮੇਰੇ ਗੁਆਂਢ ਸਰੀ ਵਿੱਚ।

ਗੁਆਂਢ ਵਾਲੇ ਅੰਕਲ ਤੇ ਆਂਟੀ ਨੂੰ ਵੇਖ ਕੇ ਮੈਨੂੰ ਕੈਲਗਿਰੀ ਵਾਲੇ ਮਾਸੀ ਜੀ ਤੇ ਮਾਸੜ ਜੀ ਦੀ ਯਾਦ ਆ ਜਾਂਦੀ। ਦੋਹੇਂ ਹੀ ਜੋੜੀਆਂ 'ਏਕ ਰੂਪ ਦੋਏ ਮੂਰਤੀ'। ਮਾਸੀ-ਮਾਸੜ ਜੀ ਨੂੰ ਮੈਂ ਕਦੇ ਅਲੱਗ-ਅਲੱਗ ਨਹੀਂ ਸੀ ਦੇਖਿਆ। ਵਿਆਹਾਂ, ਜਾਂ ਕਿਸੇ ਰਿਸ਼ਤੇਦਾਰੀ ਵਿੱਚ ਹਮੇਸ਼ਾ ਨਾਲ-ਨਾਲ। ਘਰ ਵੀ ਜੇ ਮਾਸੀ ਜੀ ਕੱਪੜੇ ਧੋ ਰਹੇ ਹੁੰਦੇ ਤਾਂ ਮਾਸੜ ਹੀ ਸੁੱਕਣੇ ਪਾ ਰਹੇ ਹੁੰਦੇ। ਮਾਸੀ ਜੀ ਜਦ ਭਾਂਡੇ ਸਾਫ ਕਰ ਰਹੇ ਹੁੰਦੇ ਤਾਂ ਮਾਸੜ ਜੀ ਅੰਗੀਠੀ ਉੱਤੇ ਚਿਣ ਰਹੇ ਹੁੰਦੇ। ਇਕੱਠੇ ਸਕੂਲ ਪੜ੍ਹਾਉਣ ਜਾਂਦੇ ; ਭਾਵੇਂ ਹਾਈ ਤੇ ਪ੍ਰਾਇਮਰੀ ਸਕੂਲ ਦੇ ਸਮੇਂ ਦਾ ਫ਼ਰਕ ਸੀ। ਮਾਸੜ ਜੀ ਦੱਸਦੇ ਕਿ ਉਨ੍ਹਾਂ ਦੇ ਸਾਥੀ ਅਧਿਆਪਕ ਉਨ੍ਹਾਂ ਦੇ ਆਪਸੀ ਪਿਆਰ 'ਤੇ ਰਸ਼ਕ ਕਰਦੇ।

ਤੇ ਇਵੇਂ ਹੀ ਗੁਆਂਢ ਵਾਲੇ ਅੰਕਲ-ਆਂਟੀ। ਘਰ ਦੇ ਅਗਲੇ ਹਿੱਸੇ ਵਿੱਚ ਫੁੱਲਾਂ ਦੇ ਬੂਟਿਆਂ ਦੀ ਦੇਖ-ਭਾਲ ਕਰਦੇ ਜਾਂ ਪਿਛਲੇ ਹਿੱਸੇ ਵਿੱਚ ਸਬਜ਼ੀਆਂ ਦੀਆਂ ਕਿਆਰੀਆਂ ਵਿੱਚ ਨਾਲ-ਨਾਲ ਫਿਰਦੇ। ਇਕੱਠੇ ਹੀ ਕਿਤੇ ਕੰਮ ਕਰਨ ਜਾਂਦੇ। ਕਿਸੇ ਸਟੋਰ ਵਿੱਚ ਵੀ ਬਰਾਬਰ ਤੁਰਦੇ ਦਿਖਾਈ ਦਿੰਦੇ। ਆਂਟੀ ਦੇ ਚਿਹਰੇ 'ਤੇ ਮਾਸੀ ਜੀ ਵਰਗੀ ਸਦਾ-ਬਹਾਰ ਮੁਸਕਾਨ ਹੁੰਦੀ। ਅਸੀਂ ਏਸ ਗੁਆਂਢ ਵਿੱਚ ਉਦੋਂ ਨਵੇਂ ਹੀ ਆਏ ਸੀ। ਮੈਂ ਗਰੋਸਰੀ ਸਟੋਰ 'ਤੇ ਟਮਾਟਰ ਖਰੀਦਣ ਲਈ ਚੁਣ ਰਿਹਾ ਸੀ। ਮੈਨੂੰ ਇੱਕ ਆਵਾਜ਼ ਸੁਣੀ, "ਚੰਦ, ਟਮਾਟਰ ਨਾ ਲਈਂ। ਆਪਣੇ ਬਥੇਰੇ ਲੱਗੇ ਓ ਆ।" ਮੈਂ ਨਿਗ੍ਹਾ ਚੁੱਕ ਕੇ ਦੇਖਿਆ। ਆਂਟੀ ਦਾ ਮੁਸਕਰਾਉਂਦਾ ਚੇਹਰਾ ਸਾਹਮਣੇ ਸੀ। ਜਿਸ ਪਿਆਰ ਨਾਲ ਉਨ੍ਹਾਂ ਨੇ ਕਿਹਾ ਸੀ, ਨਾਂਹ-ਨੁੱਕਰ ਦੀ ਕੋਈ ਗੁੰਜਾਇਸ਼ ਹੀ ਨਹੀਂ ਸੀ। ਲੱਗਾ ਜਿਵੇਂ, ਮਾਸੀ ਜੀ ਨੇ ਕਿਹਾ ਹੋਵੇ। ਮਾਸੀ ਜੀ ਪਿਆਰ ਨਾਲ 'ਰਾਣੇ' ਆਖ ਕੇ ਸੰਬੋਧਨ ਕਰਦੇ। ਆਂਟੀ ਨੇ 'ਚੰਦ' ਕਿਹਾ ਸੀ। ਸ਼ਾਮ ਨੂੰ ਗੁਆਂਢ ਵਿਚ ਲੱਗੇ ਟਮਾਟਰਾਂ ਦੇ ਬੂਟਿਆਂ ਨਾਲੋਂ ਲੱਥੇ ਲਾਲ ਸੂਹੇ ਟਮਾਟਰ ਸਾਡੀ ਸਨਡੈੱਕ 'ਤੇ ਪਏ ਸਨ। ਫੇਰ ਪਤਾ ਨਹੀਂ ਕਿੰਨੇ ਕੁ ਵਾਰ ਤਾਜ਼ੀਆਂ ਸਬਜ਼ੀਆਂ, ਛੱਲੀਆਂ ਤੇ ਖ਼ੀਰੇ ਸਾਡੀ ਸਨਡੈੱਕ 'ਤੇ ਪਏ



ਹੁੰਦੇ। ਆਂਟੀ ਚੁੱਪ-ਚਾਪ ਉੱਥੇ ਰੱਖ ਕੇ ਮੁੜ ਜਾਂਦੇ। ਮੈਂ ਘਰਦਿਆਂ ਨੂੰ ਮਖੌਲ ਨਾਲ ਆਖਦਾ ਕਿ ਜੇ ਆਂਟੀ ਬੂਹਾ ਖੜਕਾ ਕੇ ਸਬਜ਼ੀਆਂ ਫੜਾਉਣਗੇ ਤਾਂ ਉਨ੍ਹਾਂ ਨੂੰ ਚਾਰ ਮਿੰਟ ਖੜ੍ਹਨਾ ਪਊ ਤੇ ਅੰਕਲ ਹੋਰੀਂ ਓਦਰ ਜਾਣਗੇ।

ਇਹ ਮਖੌਲ ਮੈਂ ਮਾਸੜ ਜੀ ਨੂੰ ਵੀ ਕੀਤਾ ਸੀ। ਉਦੋਂ ਉਨ੍ਹਾਂ ਨੂੰ ਕੈਲਗਿਰੀ ਆਇਆ ਸੱਤ ਸਾਲ ਹੋ ਗਏ ਸਨ। ਉਨ੍ਹਾਂ ਦਾ ਥੋੜ੍ਹਾ-ਬਹੁਤਾ ਦਿਲ ਲੱਗ ਗਿਆ ਸੀ। ਅਸੀਂ ਸਾਰਾ ਪਰਿਵਾਰ ਉਨ੍ਹਾਂ ਨੂੰ ਮਿਲਣ ਗਏ ਹੋਏ ਸੀ। ਮਾਸੀ ਜੀ ਖਾਣ-ਪੀਣ ਦਾ ਆਹਰ ਕਰਦੇ ਕਿਤੇ ਇੱਧਰ-ਉੱਧਰ ਹੋ ਗਏ ਸਨ। ਮਾਸੜ ਜੀ ਬੋਲੇ, "ਬੱਲਿਆ, ਤੇਰੀ ਮਾਸੀ ਨੀਂ ਦੀਂਹਦੀ ਕਿਤੇ ?"

"ਕੀ ਗੱਲ, ਓਦਰ ਗਏ ?" ਮੈਂ ਕਿਹਾ।

"ਜਦੋਂ ਦੋ ਕੁ ਮਿੰਟ ਅੱਖਾਂ ਤੋਂ ਓਹਲੇ ਹੋ ਜਾਂਦੀ ਐ ਤਾਂ ਚਿੱਤ ਹੋਰੂੰ ਹੋਰੂੰ ਹੋਣ ਲੱਗ ਜਾਂਦੈ। ਥੋਡੀ ਮਾਸੀ ਏਕਾ ਐ ਤੇ ਮੈਂ ਜ਼ੀਰੋ। ਜਦੋਂ ਜ਼ੀਰੋ ਦੇ ਮੂਹਰੋਂ ਏਕਾ ਪਾਸੇ ਹੋ ਜਾਂਦੈ ਤਾਂ ਲੱਖਾਂ-ਕਰੋੜਾਂ ਵੀ ਜ਼ੀਰੋ ਬਣ ਜਾਂਦੇ ਆ।" ਮਾਸੜ ਜੀ ਨੇ ਆਪਣੇ ਮਜ਼ਾਕੀਆ ਲਹਿਜ਼ੇ ਵਿਚ ਕਿਹਾ।

ਮੈਨੂੰ ਯਾਦ ਆਇਆ ਕਿ ਮੇਰੀ ਇੱਕ ਹੋਰ ਮਾਸੀ ਦੇ ਪੁੱਤ ਭਰਾ ਨੇ ਇਸ ਮਾਸੀ ਜੀ ਦਾ ਨਾਂ 'ਏਕਾ ਮਾਸੀ' ਰੱਖਿਆ ਹੋਇਆ ਸੀ।

"ਮਾਸੜ ਜੀ, ਤੁਸੀਂ ਮਾਸੀ ਜੀ ਨੂੰ 'ਏਕਾ' ਕਿਉਂ ਕਹਿਨੇ ਆਂ ?" ਮੈਂ ਪੁੱਛਿਆ।

"ਏਹ ਹੈ ਹੀ ਏਕਾ, ਜੀਹਦੇ ਕਰ ਕੇ ਮੇਰੀ ਕੀਮਤ ਵੀ ਬਣ ਗਈ। ਜੇ ਏਹਦੀ ਥਾਂ ਕੋਈ ਹੋਰ ਹੁੰਦੀ, ਮੈਂ ਜ਼ੀਰੋ ਦਾ ਜ਼ੀਰੋ ਹੀ ਰਹਿਣਾ ਸੀ।" ਮਿੰਟ ਕੁ ਚੁੱਪ ਰਹਿ ਕੇ ਫਿਰ ਬੋਲੇ, "ਬੱਲਿਆ, ਤੇਰੀ ਮੰਮੀ ਤੇ ਤੇਰੀਆਂ ਦੂਜੀਆਂ ਮਾਸੀਆਂ ਵੀ ਵਿਚਾਰੀਆਂ ਬਹੁਤ ਚੰਗੀਆਂ। ਪਰ ਤੇਰੀ ਏਸ ਮਾਸੀ ਨੇ ਘਰ ਦੇ ਨਾਲ ਨਾਲ ਲੋਕਾਂ ਦੇ ਵੀ ਬਹੁਤ ਕੰਮ ਕੀਤੇ ਆ। ਸਕੂਲ 'ਚ ਤੇ ਪਿੰਡ ਵਿੱਚ ਵੀ ਮੂਹਰੇ ਹੋ ਕੇ ਕੰਮ ਕਰਵਾਉਂਦੀ ਸੀ ਲੋਕਾਂ ਦੇ। ਘਰੇ ਵੀ ਮੇਰੇ ਛੋਟੇ ਭੈਣ-ਭਰਾਵਾਂ ਨੂੰ ਮਾਂ ਬਣ ਕੇ ਪਾਲਿਆ। ਤੇਰੇ ਨਾਨੇ ਨਾਨੀ ਦੀ ਵੀ ਏਹਨੇ ਸੇਵਾ-ਸੰਭਾਲ ਬਹੁਤ ਕੀਤੀ। ਚਾਰੇ ਪਾਸੇ ਏਹਦੇ ਕਰ ਕੇ ਮੇਰੀ ਵੀ ਇੱਜ਼ਤ ਹੋ ਜਾਂਦੀ ਐ।"

"ਲੈ ਐਵੇਂ ਕਰਨ ਲੱਗ ਜਾਂਦੇ ਆ। ਮੇਰੇ ਕਰਮਾ 'ਚ ਸੀ ਮੈਂ ਕਰਦੀ ਰਹੀ," ਮਾਸੀ ਜੀ ਕੋਲ ਆਉਂਦੇ ਬੋਲੇ।

"ਦੂਜਿਆਂ ਦੀ ਸੇਵਾ ਕਰਨ ਲੱਗੀ ਨੂੰ ਤਾਂ ਚਾਅ ਚੜ੍ਹ ਜਾਂਦੈ। ਕਈ ਵਾਰੀ ਮੈਂ ਐਵੇਂ ਹੀ ਕਿਸੇ ਬਾਹਰ ਤੁਰੇ ਜਾਂਦੇ ਬੁੜ੍ਹੇ ਨੂੰ ਓਹਦਾ ਹਾਲ-ਚਾਲ ਪੁੱਛਣ ਲੱਗ ਪਵਾਂ ਤਾਂ ਇਹ ਪਹਿਲਾਂ ਚਾਹ ਬਣਾਉਣ ਭੱਜੂ। ਮੈਂ ਕਹਿਨਾਂ ਹੁੰਨੈ ਬਈ ਨਾ ਐਨੀ ਆਓ-ਭਗਤ ਕਰਿਆ ਕਰ। ਏਹ ਸੜਕਾਂ 'ਤੇ ਜਿਹੜੇ ਤੁਰੇ ਫਿਰਦੇ ਆ, ਘਰੇ ਏਹਨਾਂ ਦੀ ਕੋਈ ਪੁੱਛ ਪ੍ਰਤੀਤ ਨੀ ਹੁੰਦੀ। ਐਵੇਂ ਕੋਈ ਕੰਜਰ ਦਾ ਨਜ਼ਰ ਲਾਊ," ਮਾਸੜ ਜੀ ਬੋਲੇ।

"ਲੈ, ਸੁਣੀ ਚੱਲਿਓ ਏਹਨਾਂ ਦੀਆਂ," ਆਖ ਕੇ ਮਾਸੀ ਜੀ ਹੱਸ ਪਏ।

ਤੇ ਨਜ਼ਰ ਵਾਲੀ ਗੱਲ ਮਾਸੜ ਜੀ ਨੇ ਦੋ ਕੁ ਮਹੀਨਿਆਂ ਬਾਅਦ ਫਿਰ ਕਹੀ। ਮੇਰਾ ਮਸੇਰ ਅਤੇ ਮਾਸੜ ਜੀ ਮਾਸੀ ਜੀ ਦੀ ਮੈਡੀਕਲ ਰੀਪੋਰਟ ਲੈਣ ਗਏ ਹੋਏ ਸਨ। ਮੈਂ ਆਪਣੇ ਮਸੇਰ ਦੇ ਸੈੱਲ ਫੋਨ 'ਤੇ ਕਾਲ ਕਰ ਕੇ ਜਦ ਰੀਪੋਰਟ ਬਾਰੇ ਪੁੱਛਿਆ ਤਾਂ ਮਾਸੜ ਜੀ ਬੋਲੇ, "ਓਹੀ ਗੱਲ

ਹੋਈ ਜੀਹਦਾ ਡਰ ਸੀ। ਕਿਸੇ ਕੰਜਰ ਦੇ ਦੀ ਨਜ਼ਰ ਲੱਗ ਗੀ। ਤੇਰੀ ਮਾਸੀ ਨੂੰ...ਅਤੇ ਉਨ੍ਹਾਂ ਤੋਂ ਗੱਲ ਪੂਰੀ ਨਾ ਹੋਈ। ਉਨ੍ਹਾਂ ਦਾ ਗਚ ਭਰ ਆਇਆ। ਉਨ੍ਹਾਂ ਨੇ ਫੋਨੇ ਮੇਰੇ ਮਸੇਰ ਨੂੰ ਫੜਾ ਦਿੱਤਾ। ਉਸ ਨੇ ਦੱਸਿਆ ਕਿ ਮਾਸੀ ਜੀ ਦੀ ਜੀਭ 'ਤੇ ਕੈਂਸਰ ਸੀ। ਫਿਰ ਮਾਸੜ ਜੀ ਉਸ ਤੋਂ ਫੋਨ ਲੈ ਕੇ ਕਹਿੰਦੇ, "ਬੱਲਿਆ, ਤੇਰੀ ਮਾਸੀ ਨੂੰ ਨੀਂ ਓਹਦੀ ਬਿਮਾਰੀ ਬਾਰੇ ਦੱਸਣਾ। ਨਹੀਂ ਤਾਂ ਉਹ ਦਿਲ ਛੱਡ ਜੂਗੀ।"

ਜਦੋਂ ਵੀ ਉਹ ਕਿਸੇ ਚੈੱਕ ਅਪ ਲਈ ਕੈਂਸਰ ਹਸਪਤਾਲ ਜਾਂਦੇ ਤਾਂ ਹਸਪਤਾਲ ਦੇ ਪਿਛਲੇ ਪਾਸੇ ਵੱਲੋਂ ਦਾਖਲ ਹੁੰਦੇ ਤਾਂ ਕਿ ਹਸਪਤਾਲ ਦੇ ਮੂਹਰੇ ਲੱਗੇ 'ਕੈਂਸਰ ਹੌਸਪੀਟਲ' ਦੇ ਬੋਰਡ 'ਤੇ ਮਾਸੀ ਜੀ ਦੀ ਨਿਗ੍ਹਾ ਨਾ ਪਵੇ।

ਦੋ ਮਹੀਨੇ ਪਹਿਲਾਂ ਜਦੋਂ ਅਸੀਂ ਉੱਥੇ ਮਿਲਣ ਗਏ ਸੀ, ਉਦੋਂ ਮਾਸੀ ਜੀ ਨੇ ਮੇਰੀ ਮਾਂ ਨੂੰ ਕਿਹਾ ਸੀ, "ਭੈਣ, ਆਹ ਮੇਰੀ ਜੀਭ 'ਤੇ ਇੱਕ ਚਿੱਟਾ ਜਿਹਾ ਛਾਲਾ ਹੈ।"

"ਚੈੱਕ ਕਰਵਾਇਐ ?" ਮੇਰੀ ਮਾਂ ਨੇ ਪੁੱਛਿਆ।

"ਨਹੀਂ ?"

"ਕਿਉਂ ?"

"ਥੋੜ੍ਹਾ ਚਿਰ ਪਹਿਲਾਂ ਹਾਲੇ ਮੈਂ ਹੱਥ ਦਾ ਓਪ੍ਰੇਸ਼ਨ ਕਰਾ ਕੇ ਹਟੀ ਆਂ। ਸੋਚ ਦੀਆਂ ਕਿਉਂ ਬੱਚਿਆਂ ਨੂੰ ਤੰਗ ਕਰਨੈ। ਆਪੇ ਠੀਕ ਹੋਜੂ।"

"ਜੇ ਵਧ ਗਿਆ ਫੇਰ ? ਬੱਚੇ ਹੋਰ ਦੁੱਖ ਭੋਗਣਗੇ। ਤੂੰ ਛੇਤੀ ਚੈੱਕ ਕਰਵਾ।"

ਤੇ ਜਦ ਮਾਸੀ ਜੀ ਨੇ ਮੇਰੇ ਮਸੇਰ ਨੂੰ ਦੱਸਿਆ ਤਾਂ ਉਹ ਉਦੋਂ ਹੀ ਡਾਕਟਰ ਦੇ ਲੈ ਗਿਆ। ਫਿਰ ਬਹੁਤ ਸਾਰੇ ਟੈਸਟਾਂ ਤੋਂ ਬਾਅਦ ਡਾਕਟਰਾਂ ਨੇ ਦੱਸਿਆ ਕਿ ਕੈਂਸਰ ਹੈ। ਜੀਭ ਦਾ ਓਪ੍ਰੇਸ਼ਨ ਕਰਨਾ ਪਵੇਗਾ।

ਮਾਸੀ ਜੀ ਤੋਂ ਛੁਪਾ ਕੇ ਰੱਖੀ ਉਨ੍ਹਾਂ ਦੀ ਬੀਮਾਰੀ ਬਾਰੇ ਉਨ੍ਹਾਂ ਨੂੰ ਓਪਰੇਸ਼ਨ ਤੋਂ ਕੁਝ ਕੁ ਦਿਨ ਪਹਿਲਾਂ ਦੱਸ ਦਿੱਤਾ। ਸੁਣ ਕੇ ਉਹ ਬੋਲੇ, "ਥੋਨੂੰ ਹੋਰ ਦੁੱਖ ਦੇਉਂ।.... ਕੀ ਕਹਿੰਦੇ ਆ ਡਾਕਟਰ ਬਈ ਕਿੰਨੇ ਕੁ ਚਿਰ ਬਾਅਦ ਕੰਮ-ਧੰਦਾ ਕਰਨ ਜੋਗੀ ਹੋਜੂ ?"

ਚੌਦਾਂ ਘੰਟੇ ਦਾ ਓਪ੍ਰੇਸ਼ਨ ਸੀ। ਗਲ 'ਤੇ ਚੀਰਾ ਦੇ ਕੇ ਡਾਕਟਰਾਂ ਨੇ ਜੀਭ ਕੱਟ ਦਿੱਤੀ। ਬਾਂਹ ਵਿੱਚੋਂ ਮਾਸ ਕੱਢ ਕੇ ਨਵੀਂ ਜੀਭ ਬਣਾ ਦਿੱਤੀ। ਇਹੀ ਸਮਾਂ ਮਾਸੜ ਜੀ ਨੇ ਓਪ੍ਰੇਸ਼ਨ ਵਾਲੇ ਕਮਰੇ ਦੇ ਬਾਹਰ ਤੁਰੇ-ਫਿਰਦਿਆਂ ਕੱਢਿਆ। ਪੰਦਰਾਂ ਦਿਨਾਂ ਬਾਅਦ ਮਾਸੀ ਜੀ ਹਸਪਤਾਲ ਤੋਂ ਵਾਪਸ ਮੁੜੇ। ਕੁਝ ਬੋਲ ਨਹੀਂ ਸੀ ਸਕਦੇ। ਨਾ ਕੁਝ ਖਾ-ਪੀ ਸਕਦੇ ਸਨ। ਖਾਣਾ ਨਾਲੀ ਰਾਹੀਂ ਅੰਦਰ ਜਾਂਦਾ। ਬੋਤਲ ਗਲ ਨਾਲ ਲਟਕਦੀ ਰਹਿੰਦੀ। ਮਾਸੜ ਜੀ ਕਾਗ਼ਜ਼ ਪਿੰਨ ਲੈ ਕੇ ਉਨ੍ਹਾਂ ਦੇ ਕੋਲ ਬੈਠੇ ਰਹਿੰਦੇ। ਉਨ੍ਹਾਂ ਦਿਨਾਂ ਦੀਆਂ ਮਾਸੀ ਜੀ ਵੱਲੋਂ ਲਿਖੀਆਂ ਕਈ ਪਰਚੀਆਂ ਮੈਂ ਦੇਖੀਆਂ, ਜਿਨ੍ਹਾਂ ਉੱਪਰ ਲਿਖਿਆ ਹੋਇਆ ਸੀ, 'ਐਨਾਂ ਕਿਉਂ ਐਵੇਂ ਫਿਕਰ ਕਰਦੇ ਆਂ। ਮੈਨੂੰ ਕੁਝ ਨਹੀਂ ਹੁੰਦਾ।" ਜਾਂ 'ਬਾਹਰ ਤੁਰ ਫਿਰ ਆਓ।' ਮੇਰਾ ਮਸੇਰ ਦੱਸਦਾ ਕਿ ਪਰਚੀ ਪੜ੍ਹ ਕੇ ਮਾਸੜ ਜੀ ਆਖਦੇ, "ਬਾਹਰ ਕੀ ਐ ? ਤੂੰ ਤਾਂ ਐਥੇ ਆਂ।" ਜਦ ਮਾਸੀ ਜੀ ਥੋੜ੍ਹਾ ਚੱਲਣ ਜੋਗੇ ਹੋਏ ਤਾਂ ਮਾਸੜ ਜੀ ਉਨ੍ਹਾਂ ਨੂੰ ਨਾਲ ਲੈ ਕੇ ਬਾਹਰ ਸੜਕ ਉੱਪਰ ਗੇੜਾ ਕੱਢਣ ਚਲੇ ਜਾਂਦੇ। ਪਰ ਮਾਸੀ ਜੀ ਦੇ ਨਾ ਬੋਲਣ ਦੀ ਚਿੰਤਾ ਉਨ੍ਹਾਂ ਨੂੰ ਹਮੇਸ਼ਾ ਲੱਗੀ



ਰਹਿੰਦੀ।

ਮਾਸੀ ਜੀ ਹੌਲੀ-ਹੌਲੀ ਬੋਲਣ ਵੀ ਲੱਗ ਪਏ। ਪਹਿਲਾਂ-ਪਹਿਲਾਂ ਉਨ੍ਹਾਂ ਦੀ ਗੱਲ ਦੀ ਸਮਝ ਨਾ ਪੈਂਦੀ ਪਰ ਦਿਨਾਂ ਵਿੱਚ ਹੀ ਸਮਝ ਆਉਣ ਲੱਗ ਪਈ। ਜਦ ਵੀ ਫ਼ੋਨ ਰਾਹੀਂ ਗੱਲ ਹੁੰਦੀ, ਉਹ ਆਖਦੇ, "ਐਤਕੀਂ ਸਿਆਲਾਂ 'ਚ ਤਿਆਰ ਰਿਹੋ। ਆਪਾਂ ਇੰਡੀਆ ਜਾ ਕੇ ਹੈਰੀ (ਮਾਸੀ ਜੀ ਦਾ ਛੋਟਾ ਪੋਤਾ) ਦਾ ਬਰਥਡੇਅ ਮਨਾਉਣੈ।"

"ਤੁਸੀਂ ਬਸ ਠੀਕ ਹੋ ਜਾਓ, ਆਪਾਂ ਸਾਰੇ ਚੱਲਾਂਗੇ," ਮੈਂ ਆਖਦਾ।

ਮਾਸੀ ਜੀ ਦੀ ਸੁਧਰਦੀ ਹਾਲਤ ਵੇਖ ਕੇ ਅਸੀਂ ਇੰਡੀਆ ਜਾਣ ਦੀਆਂ ਸਲਾਹਾਂ ਕਰਨ ਲੱਗਦੇ। ਕੁਝ ਦਿਨਾਂ ਬਾਅਦ ਮਾਸੀ ਜੀ ਦੇ ਕੰਨ ਪਿੱਛੇ ਇੱਕ ਗੁੰਮਾ ਜਿਹਾ ਨਿਕਲ ਆਇਆ। ਡਾਕਟਰਾਂ ਨੇ ਦੱਸਿਆ ਕਿ ਕੈਂਸਰ ਹਾਲੇ ਅੰਦਰ ਰਹਿ ਗਿਆ ਹੈ। ਪਰ ਉਨ੍ਹਾਂ ਦਿਲ ਧਰਵਾਇਆ ਕਿ ਰੇਡੀਏਸ਼ਨ ਸ਼ੁਰੂ ਕਰਨਗੇ ਜਿਸ ਨਾਲ ਕੈਂਸਰ ਖ਼ਤਮ ਹੋ ਜਾਵੇਗਾ। ਜੇ ਉਸ ਨਾਲ ਵੀ ਠੀਕ ਨਾ ਹੋਇਆ ਤਾਂ ਕੈਮੋਥਰਪੀ ਕਰਨਗੇ। ਰੇਡੀਏਸ਼ਨ ਥੇਰਪੀ ਸ਼ੁਰੂ ਹੋ ਗਈ। ਮੈਂ ਉਨ੍ਹਾਂ ਦਾ ਪਤਾ ਲੈਣ ਗਿਆ ਤਾਂ ਉਹ ਘਰ, ਜਿੱਥੇ ਮਾਸੀ ਜੀ ਦਾ ਹੱਸੂੰ ਹੱਸੂੰ ਕਰਦਾ ਚੇਹਰਾ ਖੁਸ਼ੀਆਂ ਬਖੇਰਦਾ ਹੁੰਦਾ ਤੇ ਮਾਸੜ ਜੀ ਦੇ ਮਜ਼ਾਕ ਨਾਲ ਹਾਸੇ ਦੇ ਫ਼ੁਹਾਰੇ ਫੁੱਟਦੇ ਹੁੰਦੇ ਉੱਥੇ ਮਾਸੀ ਜੀ ਦਾ ਬੀਮਾਰੀ ਨਾਲ ਭੰਨਿਆ ਸਰੀਰ, ਉਨ੍ਹਾਂ ਦੇ ਸਿਰਾਹਣੇ ਦਵਾਈਆਂ ਨਾਲ ਭਰੀ ਪਈ ਅਲਮਾਰੀ ਤੇ ਮਾਸੜ ਜੀ ਦੀ ਅੱਧੀ ਰਹਿ ਗਈ ਦੇਹ। ਘਰ ਦਾ ਮਾਤਮੀ ਮਾਹੌਲ ਦੇਖ ਕੇ ਮੇਰਾ ਮਨ ਕੁਰਲਾ ਉੱਠਿਆ। ਮਾਸੜ ਜੀ ਨੇ ਅਖਬਾਰਾਂ ਦੀਆਂ ਕਈ ਕਾਤਰਾਂ ਮੇਰੇ ਮੂਹਰੇ ਲਿਆ ਧਰੀਆਂ, ਜਿਨ੍ਹਾਂ ਉੱਪਰ ਕੈਂਸਰ ਦੇ ਮਰੀਜ਼ਾਂ ਦੇ ਠੀਕ ਹੋਣ ਦੀਆਂ ਖਬਰਾਂ ਸਨ। ਮੈਂ ਖਬਰਾਂ ਉੱਪਰ ਸਰਸਰੀ ਜਿਹੀ ਨਜ਼ਰ ਮਾਰ ਕੇ ਕਿਹਾ, "ਮਾਸੀ ਜੀ ਨੇ ਵੀ ਹੋਰ ਦਸ-ਪੰਦਰਾਂ ਦਿੰਨਾਂ 'ਚ ਠੀਕ ਹੋ ਜਾਣੈ।"

"ਤੇਰੇ ਮਾਸੜ ਜੀ ਐਵੇਂ ਫਿਕਰ ਕਰਨ ਲੱਗ ਜਾਂਦੇ ਆ। ਤੂੰ ਤਿਆਰ ਰਹੀਂ ਆਪਾਂ ਹੈਰੀ ਦਾ ਬਰਥਡੇਅ ਮਨਾਉਣ ਚੱਲਣੈ", ਮਾਸੀ ਜੀ ਨੇ ਮਾਸੜ ਜੀ ਵੱਲ ਵੇਖਦਿਆਂ ਮੈਨੂੰ ਕਿਹਾ।

ਪਰ ਮਾਸੜ ਜੀ ਫਿਕਰ ਕਰਨੋ ਨਹੀਂ ਸੀ ਹਟਦੇ। ਰਾਤ ਨੂੰ ਜਦ ਮੈਂ ਉਨ੍ਹਾਂ ਨੂੰ ਮਾਸੀ ਜੀ ਦੇ ਮੰਜੇ ਦੇ ਨਾਲ ਥੱਲੇ ਹੀ ਗਲੀਚੇ 'ਤੇ ਲਿਟੇ ਦੇਖਿਆ ਤਾਂ ਮੈਂ ਆਖਣੋਂ ਰੁੱਕ ਨਾ ਸਕਿਆ। ਮੈਂ ਕਿਹਾ, "ਐਂ ਤਾਂ ਤੁਸੀਂ ਵੀ ਬੀਮਾਰ ਪੈ ਜਾਉਂਗੇ ?"

ਮੇਰਾ ਮਸੇਰ ਬੋਲਿਆ, "ਬਾਈ ਯਾਰ, ਤੂੰ ਹੀ ਪਾ ਜ਼ੋਰ ਸਾਡੇ ਆਖੇ ਤਾਂ ਲੱਗਦੇ ਨਹੀਂ। ਅਸੀਂ ਆਹਨੇ ਆਂ ਬਈ ਵਾਰੀ-ਵਾਰੀ ਸਾਰੇ ਜਣੇ ਪੈ ਜਿਆ ਕਰੀਏ ਮੰਮੀ ਕੋਲ। ਜੇ ਐਂ ਨੀਂ ਮੰਨਦੇ ਤਾਂ ਘੱਟੋ-ਘੱਟ ਮੈਟਰੈਸ ਹੀ ਵਿਛਾ ਲਿਆ ਕਰਨ। ਉਹ ਵੀ ਨੀ ਮੰਨਦੇ। ਅਖੇ ਮੈਟਰੈੱਸ 'ਤੇ ਪਿਆਂ ਦੀ ਅੱਖ ਲੱਗ ਸਕਦੀ ਆ।" ਮੇਰੇ ਆਖਿਆਂ ਵੀ ਮਾਸੜ ਜੀ ਨਾ ਮੰਨੇ। ਬੋਲੇ, "ਮੇਰਾ ਫ਼ਿਕਰ ਨਾ ਕਰੋ। ਮੈਨੂੰ ਕਰਨ ਦਿਓ ਸੇਵਾ।" ਦਿਨੇ ਵੀ ਉਹ ਥੋੜ੍ਹੇ ਚਿਰ ਬਾਅਦ ਮਾਸੀ ਜੀ ਦੇ ਚੇਹਰੇ 'ਤੇ ਹੱਥ ਫੇਰ ਕੇ ਪੁੱਛਦੇ, "ਕਿਵੇਂ ਐਂ ਹੁਣ ?" ਇਸ ਤਰ੍ਹਾਂ ਕਰਦਿਆਂ ਉਨ੍ਹਾਂ ਦੀਆਂ ਅੱਖਾਂ ਵਿਚ ਨਮੀ ਹੁੰਦੀ।

'ਤਾਂ ਏਹਦਾ ਮਤਲਬ ਮਾਸੜ ਜੀ ਨੂੰ ਮਸੀ ਜੀ ਦੇ ਬਚਣ ਦੀ ਉਮੀਦ ਨਹੀਂ ?' ਮੈਂ ਸੋਚਿਆ। ਪਰ ਇਹ ਗੱਲ ਨਹੀਂ ਸੀ। ਆਸ ਤਾਂ ਮਾਸੜ ਜੀ ਨੂੰ ਮਾਸੀ ਜੀ ਦੇ ਆਖਰੀ ਸਵਾਸ

ਤੱਕ ਰਹੀ ਸੀ। ਰੇਡੀਏਸ਼ਨ ਤੋਂ ਬਾਅਦ ਕੈਮੋਥਰੇਪੀ ਵੀ ਹੋ ਗਈ ਸੀ। ਇਕ ਰਿਸ਼ਤੇਦਾਰ ਨੇ ਆਖ ਦਿੱਤਾ ਕਿ ਇੰਡੀਆ ਵਾਲੇ ਬੈਂਕ ਖਾਤਿਆਂ ਲਈ ਜਿਉਂਦੇ-ਜੀਅ ਮਾਸੀ ਜੀ ਦੇ ਦਸਤਖ਼ਤ ਕਰਵਾ ਲੈਣ ਨਹੀਂ ਤਾਂ ਉੱਥੇ ਖੱਜਲ-ਖੁਆਰੀ ਹੁੰਦੀ ਹੈ।

"ਤੁਸੀਂ ਉਹਨੂੰ ਜਿਉਂਦੀ ਨੂੰ ਮਾਰੀ ਜਾਨੇ ਆਂ। ਕੀ ਚਿੱਤ 'ਚ ਜਾਊ ਉਹਦੇ," ਆਖ ਕੇ ਮਾਸੜ ਜੀ ਫੁੱਟ-ਫੁੱਟ ਕੇ ਰੋ ਪਏ ਸਨ। ਜਦ ਡਾਕਟਰਾਂ ਨੇ ਆਖ ਦਿੱਤਾ ਕਿ ਹੁਣ ਕਿਸੇ ਵੇਲੇ ਵੀ ਉਹ ਪ੍ਰਾਣ ਤਿਆਗ ਸਕਦੇ ਹਨ। ਮਾਸੜ ਜੀ ਉਦੋਂ ਆਖ ਰਹੇ ਸਨ, "ਨਹੀਂ ਨਹੀਂ ਐਂ ਕਿਵੇਂ ਚਲੀ ਜਾਊ ਉਹ, ਹਾਲੇ ਤਾਂ ਅਸੀਂ ਰੱਜ ਕੇ ਗੱਲਾਂ ਵੀ ਨਹੀਂ ਕੀਤੀਆਂ।" ਪਹਿਲਾਂ ਜਦੋਂ ਮਾਸੀ ਜੀ ਆਖਦੇ ਕਿ ਪਿੱਛੋਂ ਘਬਰਾਇਓ ਨਾ। ਉਦੋਂ ਮਾਸੜ ਜੀ ਆਖਦੇ, "ਇਸ ਤਰ੍ਹਾਂ ਕਿਉਂ ਕਹਿੰਨੀ ਐ, ਐਂ ਤੂੰ ਕਿਵੇਂ ਚੱਲੀ ਜਾਵੇਂਗੀ। ਇਉਂ ਨਾ ਆਖ।" ਪਰ ਹੋਣੀ ਅੱਗੇ ਕਿਸ ਦਾ ਜ਼ੋਰ ਚੱਲਦਾ ਹੈ ? ਮਾਸੀ ਜੀ ਚਲੇ ਗਏ। ਸਾਰੀਆਂ ਅੰਤਿਮ ਕਿਰਿਆਵਾਂ ਵੀ ਹੋ ਗਈਆਂ। ਰਿਸ਼ਤੇਦਾਰ ਆਪੋ-ਆਪਣੇ ਟਿਕਾਣਿਆਂ 'ਤੇ ਮੁੜ ਗਏ। ਮਾਸੜ ਜੀ ਰਾਤ ਨੂੰ ਤੁਰੇ ਫਿਰਦੇ। ਉੱਚੀ-ਉੱਚੀ ਰੋ ਕੇ ਆਖਦੇ, "ਹਰਜੀਤ, ਮੇਰੇ ਨਾਲ ਇਉਂ ਕਿਉਂ ਕੀਤਾ ਤੂੰ ? ਮੈਨੂੰ ਜ਼ੀਰੋ ਬਣਾ ਕੇ ਧਰਗੀ ਤੂੰ।" ਕਦੇ ਉਹ ਰੱਬ ਦੀ ਧੀ-ਭੈਣ ਇੱਕ ਕਰਨ ਲੱਗ ਜਾਂਦੇ। "...ਮੈਨੂੰ ਤਾਂ ਹੀ ਆ ਦਿਨ ਦਿਖਾਇਆ ਨਾ ਬਈ ਮੈਂ ਤੈਨੂੰ ਟਿੱਚ ਕਰ ਕੇ ਨੀ ਸੀ ਜਾਣਦਾ। ਪਰ ਓਹਦੀ ਜ਼ਿੰਦਗੀ ਖਾਤਿਰ ਤਾਂ ਮੈਂ ਇੱਕ ਲੱਤ 'ਤੇ ਖੜ੍ਹ ਕੇ ਪਾਠ ਵੀ ਕੀਤੇ ਸੀ। ਫੇਰ ਵੀ ਤਰਸ ਨੀ ਆਇਆ ਤੈਨੂੰ।" ਉਨ੍ਹਾਂ ਨੂੰ ਡਿਪਰੈਸ਼ਨ ਦੀ ਦਵਾਈ ਵੀ ਡਾਕਟਰ ਨੇ ਦਿੱਤੀ। ਪਰ ਉਹ ਲੈਂਦੇ ਹੀ ਨਾ।

ਸਿਆਲਾਂ ਦੀ ਰੁੱਤ ਆ ਗਈ ਸੀ। ਉਹ ਰੁੱਤ ਜਦੋਂ ਮਾਸੀ ਜੀ ਨੇ ਹੈਰੀ ਦਾ ਜਨਮ ਦਿਨ ਮਨਾਉਣਾ ਸੀ। ਪਰ ਮਾਸੀ ਜੀ ਤਾਂ ਰਹੇ ਨਹੀਂ ਸੀ। ਹਾਂ ਉਨ੍ਹਾਂ ਦੇ ਫੁੱਲ ਸਨ। ਉਨ੍ਹਾਂ ਦੀ ਮਿੱਟੀ ਸੀ। ਸਲਾਹ ਬਣੀ ਕਿ ਨਾਲੇ ਫੁੱਲ ਪਾਏ ਜਾਣਗੇ ਨਾਲੇ ਹੋ ਸਕਦਾ ਹੈ ਕਿ ਮਾਸੜ ਜੀ ਦੀ ਹਾਲਤ ਠੀਕ ਹੋ ਜਾਵੇ। ਅਸੀਂ ਵੀ ਸਾਰਾ ਪਰਿਵਾਰ ਇੰਡੀਆ ਚਲੇ ਗਏ। ਉੱਥੇ ਮਾਸੜ ਜੀ ਵਾਰ-ਵਾਰ ਆਖਦੇ ਕਿ ਜੇ ਅੱਜ ਹਰਜੀਤ ਹੁੰਦੀ ਤਾਂ ਕਿੰਨੇ ਚਾਵਾਂ ਨਾਲ ਉਸ ਨੇ ਆਪਣੇ ਪੋਤਰੇ ਦਾ ਜਨਮ ਦਿਨ ਮਨਾਉਣਾ ਸੀ।

ਤੇ ਆਪਣੇ ਪੋਤਰੇ ਦੇ ਜਨਮ ਦੀ ਖੁਸ਼ੀ ਗੁਆਂਢ ਵਾਲੇ ਆਂਟੀ ਨੂੰ ਵੀ ਸੀ। ਉਨ੍ਹਾਂ ਦੇ ਇਕਲੌਤੇ ਪੁੱਤਰ ਦੇ ਘਰ ਦੋ ਧੀਆਂ ਬਾਅਦ ਪੁੱਤਰ ਜਨਮਿਆਂ ਸੀ। ਉਹ ਮਠਿਆਈ ਦੇ ਨਾਲ ਸਾਨੂੰ ਕੱਪੜੇ ਵੀ ਦੇ ਕੇ ਗਏ। ਮੇਰੇ ਲਈ ਕਮੀਜ਼ ਅਤੇ ਮੇਰੇ ਘਰਵਾਲੀ ਲਈ ਸੂਟ। ਆਪਣੇ ਪੋਤਰੇ ਦੀ ਲੋਹੜੀ ਉਨ੍ਹਾਂ ਨੇ ਬੈਂਕੁਇਟ ਹਾਲ ਵਿੱਚ ਮਨਾਈ। ਮੈਂ ਪਾਰਟੀਆਂ 'ਤੇ ਨਾ ਜਾਣ ਦਾ, ਖਾਸਕਰ ਜਿੱਥੇ ਪਤਾ ਹੋਵੇ ਕਿ ਬਹੁਤੇ ਜਾਣ-ਪਹਿਚਾਣ ਵਾਲੇ ਨਹੀਂ ਹੋਣੇ ਬਹਾਨਾ ਹੀ ਲੱਭਦਾ ਹੁੰਨੈ। ਉਸ ਦਿਨ ਬਹਾਨਾ ਵੀ ਵਧੀਆ ਸੀ। ਜੋਰ-ਸ਼ੋਰ ਨਾਲ ਬਰਫ਼ ਪੈ ਰਹੀ ਸੀ ਪਰ ਮੈਂ ਉਸ ਦਿਨ ਨਾ ਜਾਣ ਦਾ ਬਹਾਨਾ ਨਾ ਬਣਾਇਆ। ਆਂਟੀ ਵਿੱਚੋਂ ਮਾਸੀ ਜੀ ਦਾ ਝਾਉਲਾ ਪੈਣ ਕਰਕੇ ਜਾਂ ਸ਼ਾਇਦ ਹੁਣ ਆਂਟੀ ਵੀ ਮਾਸੀ ਜੀ ਜਿੰਨੇ ਪਿਆਰੇ ਲੱਗਣ ਲੱਗ ਪਏ ਹੋਣ ਕਰਕੇ। ਆਂਟੀ ਹੋਰੀਂ ਉੱਡੇ ਫਿਰ ਰਹੇ ਸੀ। ਫੇਰ ਅੰਕਲ ਅਤੇ ਆਂਟੀ ਆਪਣੀ ਇਹ ਖੁਸ਼ੀ ਇੰਡੀਆ ਰਹਿੰਦੇ ਆਪਣੇ ਰਿਸ਼ਤੇਦਾਰਾਂ ਨਾਲ ਸਾਂਝੀ ਕਰਨ ਉੱਥੇ ਚਲੇ ਗਏ। ਕੀ ਪਤਾ



ਸੀ ਕਿ ਇੱਕ ਬੱਸ ਕਾਲ ਬਣ ਕੇ ਆਂਟੀ ਨੂੰ ਆਪਣੇ ਹੇਠ ਦਰੜ ਦੇਵੇਗੀ ਅਤੇ ਅੰਕਲ ਦੀ ਭਰੀ-ਪੂਰੀ ਬਗੀਚੀ ਉਜਾੜ ਕੇ ਰੱਖ ਜਾਵੇਗੀ।

ਉਸ ਸਾਲ ਗੁਆਂਢ ਦੇ ਬਗੀਚੇ ਵਿੱਚ ਨਵੇਂ ਫੁੱਲ ਨਾ ਖਿੜ੍ਹੇ। ਮੈਂ ਸੋਚਦਾ ਕਿ ਗੁਆਂਢ ਵਿੱਚ ਫੁੱਲਾਂ ਦੀ ਇਹ ਸੋਹਣੀ ਕਿਆਰੀ ਕਦੇ ਵੀ ਨਹੀਂ ਮਹਿਕੇਗੀ। ਆਂਟੀ ਤੋਂ ਬਿਨ੍ਹਾਂ ਅੰਕਲ ਨੂੰ ਬਾਹਰ ਇਕੱਲੇ ਕੰਮ ਕਰਦਿਆਂ ਮੈਂ ਚਿਤਵ ਹੀ ਨਹੀਂ ਸੀ ਸਕਿਆ। ਪਰ ਅਗਲੇ ਸਾਲ ਫੁੱਲਾਂ ਦੀ ਕਿਆਰੀ ਪਹਿਲਾਂ ਤੋਂ ਵੀ ਵੱਡੀ ਹੋ ਗਈ ਸੀ। ਤਿੰਨ ਸਾਲ ਹੋ ਗਏ ਸਨ ਆਂਟੀ ਨੂੰ ਪੂਰੀ ਹੋਇਆਂ ਜਦ ਮਾਸੀ ਜੀ ਚਲੇ ਗਏ।

ਮਾਸੜ ਜੀ ਦੀ ਇੰਡੀਆ ਤੋਂ ਮੁੜਣ ਬਾਅਦ ਵੀ ਹਾਲਤ ਬਹੁਤੀ ਠੀਕ ਨਹੀਂ ਸੀ ਹੋਈ। ਆਪਣੇ-ਆਪ ਵਿਚ ਰਹਿੰਦੇ। ਕਿਸੇ ਨਾਲ ਬਹੁਤੀ ਗੱਲ-ਬਾਤ ਨਾ ਕਰਦੇ। ਆਪਣੇ ਪੋਤਰਿਆਂ ਨਾਲ ਵੀ ਨਾ ਪਰਚਦੇ। ਬਾਹਰ ਬਿਲਕੁਲ ਹੀ ਨਾ ਨਿਕਲਦੇ। ਰਾਤ ਨੂੰ ਤੁਰੇ ਫਿਰਦੇ। ਹਾਂ ਉੱਚੀ-ਉੱਚੀ ਰੋਣੋਂ ਅਤੇ ਰੱਬ ਨੂੰ ਮੇਹਣੇ ਮਾਰਨੋ ਹੱਟ ਗਏ ਸਨ।

ਅੰਕਲ ਨੂੰ ਫੁੱਲ-ਬੂਟਿਆਂ ਦੀ ਦੇਖ-ਭਾਲ ਕਰਦਿਆਂ ਦੇਖ ਇੱਕ ਦਿਨ ਮੈਨੂੰ ਖਿਆਲ ਆਇਆ ਕਿ ਮਾਸੜ ਜੀ ਨੂੰ ਸਰੀ ਬੁਲਾ ਕੇ ਅੰਕਲ ਨੂੰ ਮਿਲਾਵਾਂ। ਮੈਂ ਆਪਣੇ ਮਸੇਰ ਨਾਲ ਸਲਾਹ ਕੀਤੀ ਤਾਂ ਉਸ ਨੇ ਅਗਲੇ ਹਫ਼ਤੇ ਹੀ ਮਾਸੜ ਜੀ ਨੂੰ ਮੇਰੇ ਕੋਲ ਭੇਜ ਦਿੱਤਾ।

ਅਸੀਂ ਸਾਰਾ ਪਰਿਵਾਰ ਬੈਠੇ ਗੱਲਾਂ ਕਰ ਰਹੇ ਸੀ। ਅੰਕਲ ਹੋਰੀਂ ਵੀ ਆ ਗਏ। ਅਸੀਂ ਕਦੇ ਮਾਸੀ ਜੀ ਦੀਆਂ ਅਤੇ ਕਦੇ ਆਂਟੀ ਦੀਆਂ ਗੱਲਾਂ ਛੇੜ ਲੈਂਦੇ। ਫਿਰ ਅੰਕਲ ਅਤੇ ਮਾਸੜ ਜੀ ਵੀ ਉਨ੍ਹਾਂ ਦੀਆਂ ਗੱਲਾਂ ਕਰਨ ਲੱਗੇ। ਉਨ੍ਹਾਂ ਦੋਹਾਂ ਦੀਆਂ ਹੀ ਅੱਖਾਂ ਵਿੱਚ ਨਮੀ ਸੀ। ਵੱਤਰ ਵੇਖ ਮੈਂ ਅੰਕਲ ਨੂੰ ਕਿਹਾ, "ਅੰਕਲ, ਮੈਨੂੰ ਲੱਗਦਾ ਹੁੰਦਾ ਸੀ ਬਈ ਹੁਣ ਨੀ ਤੁਸੀਂ ਫੁੱਲ-ਬੂਟੇ ਲਾਇਆ ਕਰਨੇ।" ਮੈਂ ਆਪਣੀ ਨਿਗ੍ਹਾ ਉਨ੍ਹਾਂ ਦੇ ਚੇਹਰੇ 'ਤੇ ਟਿਕਾ ਲਈ। ਫਿਰ ਮੈਂ ਮਾਸੜ ਜੀ ਵੱਲ ਵੇਖਿਆ। ਉਹ ਵੀ ਅੰਕਲ ਵੱਲ ਹੀ ਵੇਖ ਰਹੇ ਸਨ। ਅੰਕਲ ਬੋਲੇ, "ਚਲੇ ਗਿਆ ਨਾਲ ਕਿੱਥੇ ਜਾਇਆ ਜਾਂਦੈ।" ਉਹ ਮਿੰਟ ਕੁ ਬਾਅਦ ਗਲ ਸਾਫ਼ ਕਰਕੇ ਬੋਲੇ, "ਜੀਅ ਤਾਂ ਨੀ ਸੀ ਕਰਦਾ ਹੁੰਦਾ। ਆਂਟੀ ਤੁਆਡੀ ਨੂੰ ਬਹੁਤ ਸ਼ੌਕ ਸੀ ਫੁੱਲ-ਬੂਟਿਆਂ ਦਾ। ਇੱਕ ਦਿਨ ਮੈਨੂੰ ਲੱਗਾ ਜਿਵੇਂ ਉਹ ਆਂਹਦੀ ਹੋਵੇ ਬੱਸ ਐਨਾ ਈ ਮੋਹ ਸੀ। ਮੇਰੇ ਗਈ ਤੋਂ ਬਾਅਦ ਖ਼ਤਮ ਸਭ, "ਆਖ ਕੇ ਅੰਕਲ ਚੁੱਪ ਕਰ ਗਏ।"

ਅੰਕਲ ਦੇ ਜਾਣ ਤੋਂ ਬਾਅਦ ਮਾਸੜ ਜੀ ਬੋਲੇ, "ਬੱਲਿਆ, ਥੋਡਾ ਗੁਆਂਢੀ ਬੰਦਾ ਤਾਂ ਸਿਆਣਾ ਲੱਗਦੈ। ਵੇਖ ਕਿਵੇਂ ਜਿਉਣ ਦਾ ਢੰਗ ਲੱਭ ਲਿਆ....ਪਰ ਔਖਾ ਐ।"

ਅਗਲੇ ਦਿਨ ਸਵੇਰੇ ਉੱਠ ਕੇ ਉਹ ਬਾਲਕੋਨੀ ਵਿੱਚ ਜਾ ਖੜ੍ਹੇ। ਜਦ ਮੈਂ ਉਨ੍ਹਾਂ ਦੇ ਕੋਲ ਗਿਆ ਤਾਂ ਉਹ ਬੂਟਿਆਂ ਨੂੰ ਪਾਣੀ ਦੇ ਰਹੇ ਅੰਕਲ ਵੱਲ ਵੇਖ ਰਹੇ ਸਨ। "ਹਰਜੀਤ ਨੂੰ ਲੋਕਾਂ ਦੇ ਕੰਮ ਆ ਕੇ ਬਹੁਤ ਖੁਸ਼ੀ ਹੁੰਦੀ ਸੀ," ਉਨ੍ਹਾਂ ਨੇ ਧੀਮੀ ਆਵਾਜ਼ ਵਿੱਚ ਕਿਹਾ। ਜਿਵੇਂ ਉਨ੍ਹਾਂ ਨੇ ਆਪਣੇ-ਆਪ ਨੂੰ ਹੀ ਕਿਹਾ ਹੋਵੇ।

**— ਹਰਪ੍ਰੀਤ ਸੇਖਾ**
**ਕੈਨੇਡਾ।**

# ਸਮਾਜਿਕ ਜੀਵਨ 'ਤੇ ਮਾਰੂ ਅਸਰ ਪਾਉਂਦਾ ਪ੍ਰਵਾਸ

ਆਪਣੇ ਨਿੱਜੀ ਰਿਹਾਇਸ਼ੀ ਸਥਾਨ ਤੋਂ ਹੋਰ ਥਾਂ 'ਤੇ ਆਪਣਾ ਵਾਸ ਕਰਨ ਨੂੰ ਪਰਵਾਸ ਕਹਿ ਸਕਦੇ ਹਾਂ। ਇਹ ਇਕ ਸਟੇਟ ਤੋਂ ਦੂਜੀ ਸਟੇਟ ਜਾਂ ਇਕ ਦੇਸ਼ ਤੋਂ ਦੂਜੇ ਦੇਸ਼ ਨਾਲ ਸਬੰਧਤ ਹੋ ਸਕਦਾ ਹੈ। ਪਰਵਾਸ ਦਾ ਪ੍ਰਚਲਨ ਜ਼ਿਆਦਾਤਰ ਦੇਖਾ ਦੇਖੀ ਦੇ ਪ੍ਰਭਾਵ ਅਧੀਨ ਹੁੰਦਾ ਹੈ। ਕਿਸੇ ਵੇਲੇ ਪਰਵਾਸ ਕਿਸੇ ਦੀ ਮਜ਼ਬੂਰੀ ਹੋ ਸਕਦਾ ਹੈ, ਪਰ ਅਜਿਹਾ ਬਹੁਤ ਘੱਟ ਹੁੰਦਾ ਹੈ। ਕਿਸੇ ਨੂੰ ਆਪਣੇ ਦੇਸ਼ ਵਿਚੋਂ ਦੇਸ਼ ਨਿਕਾਲਾ ਹੋ ਜਾਵੇ, ਆਪਣੇ ਰਿਹਾਇਸ਼ੀ ਸਥਾਨ 'ਤੇ ਰਹਿੰਦਿਆਂ ਕਿਸੇ ਨੂੰ ਜਾਨੀ, ਮਾਲੀ ਨੁਕਸਾਨ ਦਾ ਖਤਰਾ ਹੋਣਾ ਜਾਂ ਘਰੇਲੂ ਮੈਂਬਰ ਦਾ ਘਰ ਤੋਂ ਬਾਹਰ ਸੈਟਲ ਹੋ ਜਾਣਾ ਮਸਲਨ ਘਰ ਦਾ ਮੈਂਬਰ ਵਿਦੇਸ਼ ਵਿਚ ਜਾਂ ਦੂਜੀ ਸਟੇਟ ਵਿਚ ਸੈਟਲ ਹੋ ਕੇ ਆਪਣੇ ਪਰਿਵਾਰ ਨੂੰ ਆਪਣੇ ਕੋਲ ਸੱਦ ਲਵੇ, ਇਹੋ ਜਿਹੇ ਪਰਵਾਸ ਨੂੰ ਮਜ਼ਬੂਰੀ ਵੱਸ ਪਰਵਾਸ ਕਿਹਾ ਜਾਂਦਾ ਹੈ। ਪਰਵਾਸ ਭਾਵੇਂ ਖੁਸ਼ੀ ਨਾਲ ਸਹਿਮਤੀ ਜਾਂ ਮਜ਼ਬੂਰੀ ਵੱਸ ਹੋਵੇ, ਇਹ ਸਮਾਜਿਕ ਜੀਵਨ ਤੇ ਬਹੁਤ ਅਸਰ ਅੰਦਾਜ਼ ਹੁੰਦਾ ਹੈ। ਸਮਾਜ ਵਿਚ ਰਹਿੰਦੇ ਇਸਨੂੰ ਮਿਸਾਲ ਵਜੋਂ ਸ਼ਰ੍ਹੇਆਮ ਵੇਖਿਆ ਜਾ ਸਕਦਾ ਹੈ।

ਕਈ ਵਾਰ ਅਜਿਹਾ ਹੁੰਦਾ ਹੈ ਕਿ ਘਰ ਦਾ ਮੁਖੀ ਵਿਦੇਸ਼ ਚਲਾ ਜਾਂਦਾ ਹੈ, ਘਰ ਵਿਚ ਮਾਂ ਬਾਪ ਬਜ਼ੁਰਗ ਹੁੰਦੇ ਹਨ, ਘਰ ਵਾਲੀ ਤੇ ਛੋਟੇ ਬੱਚੇ ਰਹਿ ਜਾਂਦੇ ਹਨ। ਘਰ ਵਿਚ ਅਨੇਕਾਂ ਕੰਮ ਉਸ ਮੁਖੀ ਦੇ ਆਪਣੇ ਪੱਧਰ ਦੇ ਕਰਨ ਵਾਲੇ ਹੁੰਦੇ ਹਨ, ਇਸ ਤਰ੍ਹਾਂ ਉਹ ਪਰਿਵਾਰ ਦੂਜਿਆਂ ਤੇ ਨਿਰਭਰ ਵੀ ਹੋ ਜਾਂਦਾ ਹੈ ਅਤੇ ਕਈ ਤਰ੍ਹਾਂ ਦੇ ਜ਼ੋਖਮ ਵੀ ਝੱਲਣੇ ਪੈ ਜਾਂਦੇ ਹਨ। ਕਦੇ-ਕਦੇ ਤਾਂ ਘਰਾਂ ਵਿਚ ਰੱਖੇ ਹੋਏ ਪ੍ਰਵਾਸੀ ਮਜ਼ਦੂਰਾਂ ਦੇ ਘਰ ਵਿਚ ਰਹਿੰਦੀ ਔਰਤ ਜਾਂ ਜਵਾਨ ਹੋ ਰਹੀਆਂ ਲੜਕੀਆਂ ਨਾਲ ਨਾਜਾਇਜ਼ ਸਬੰਧ ਬਣ ਜਾਂਦੇ ਹਨ। ਬਹੁਤ ਵਾਰੀ ਖਬਰਾਂ ਵਿਚ ਦੇਖਿਆ ਗਿਆ ਹੈ ਕਿ ਫਲਾਂ ਪਿੰਡ ਵਿਚ ਭਈਆ ਨੌਕਰ, ਪਲੱਸ ਟੂ ਕਰਕੇ ਹਟੀ ਘਰ ਦੀ ਲੜਕੀ ਨੂੰ ਕੱਢ ਕੇ ਲੈ ਜਾਂਦਾ ਹੈ ਤਾਂ ਸ਼ਰਮ ਵਿਚ ਲੜਕੀ ਦਾ ਛੋਟਾ ਭਰਾ ਕੀਟ ਨਾਸ਼ਕ ਦਵਾਈ ਪੀ ਲੈਂਦਾ ਹੈ। ਸਮੇਂ ਸਿਰ ਇਲਾਜ ਹੋ ਜਾਵੇ ਤਾਂ ਬਚ ਗਿਆ ਨਹੀਂ ਤਾਂ ਬਹੁਤੀ ਵਾਰ ਮੌਤ ਵੀ ਹੋ ਜਾਂਦੀ ਹੈ। ਜੇ ਬਚ ਵੀ ਜਾਵੇ ਤਾਂ ਉਹ ਸ਼ਰਮ ਦਾ ਮਾਰਿਆ ਪਿੰਡ ਵਿਚ ਅੱਖਾਂ ਚੁੱਕਣ ਜੋਗਾ ਨਹੀਂ ਰਹਿੰਦਾ। ਪ੍ਰੇਸ਼ਾਨੀਆਂ 'ਚ ਮਾਨਸਿਕ ਬਿਮਾਰੀਆਂ ਦਾ ਸ਼ਿਕਾਰ ਵੀ ਹੋ ਸਕਦਾ ਹੈ। ਕਈ ਵਾਰ ਤਾਂ ਇਹੋ ਜਿਹੀ ਨਮੋਸ਼ੀ ਕਰਕੇ ਘਰ ਦਾ ਕੋਈ ਨਾ ਕੋਈ ਜੀਅ ਆਤਮ ਹੱਤਿਆ ਵਰਗਾ ਕਦਮ ਚੁੱਕ ਲੈਂਦਾ ਹੈ।

ਕੁਝ ਹੀ ਸਮਾਂ ਪਹਿਲਾਂ ਹੀ ਇਕ ਤਾਜ਼ੀ ਖਬਰ ਸੀ ਕਿ ਕਪੂਰਥਲਾ ਵਿਖੇ ਵੱਡੀ ਕੋਠੀ ਵਿਚ ਰਹਿ ਰਹੀ ਔਰਤ ਜਿਸ ਦੇ ਦੋ ਬੱਚੇ ਸਨ, ਨੇ ਆਪਣੇ ਪਤੀ ਜੋ ਕਿ ਵਿਦੇਸ਼ ਵਿਚ ਹੋਰ ਕਮਾਈ ਕਰਨ ਚਲਾ ਗਿਆ ਸੀ, ਉਸਦੇ ਦੋਸਤ ਨਾਲ ਸਬੰਧ ਬਣਾ ਲਏ ਸਨ। ਉਨ੍ਹਾਂ ਨੂੰ



ਨਾਜਾਇਜ਼ ਹਾਲਤ ਵਿਚ ਕਿਸੇ ਵੇਲੇ ਬੱਚਿਆਂ ਨੇ ਵੇਖ ਲਿਆ। ਅਗਲੇ ਦਿਨ ਉਸ ਵਿਅਕਤੀ ਨੇ ਉਸ ਘਰ ਆ ਕੇ ਲੜਕੀ ਨੂੰ ਗਲਾ ਘੁਟ ਕੇ ਸੁੱਟ ਦਿੱਤਾ, ਮਰੀ ਸਮਝਕੇ ਪਰ ਉਹ ਜਿਉਂਦੀ ਸੀ ਤੇ ਉਸ ਤੋਂ ਛੋਟੇ ਬੱਚੇ ਨੂੰ ਉਹ ਚੌਕਲੇਟ ਲੈ ਕੇ ਦੇਣ ਦੇ ਬਹਾਨੇ ਸਕੂਟਰ ਤੇ ਬਿਠਾ ਕੇ ਲੈ ਗਿਆ ਤਾਂ ਚਾਰ ਪੰਜ ਕਿਲੋਮੀਟਰ ਦੂਰੀ ਤੇ ਵੇਈਂ ਵਿਚ ਮਾਰ ਕੇ ਸੁੱਟ ਆਇਆ। ਇਸ ਦਾ ਖੁਲਾਸਾ ਬਚ ਗਈ ਉਸ ਬੱਚੀ ਨੇ ਕੀਤਾ ਕਿ ਕਾਕੇ ਨੂੰ ਤਾਉ ਲੈ ਕੇ ਗਿਆ ਸੀ। ਛੋਟੀ ਮੋਟੀ ਨੌਕਰੀ ਕਰਦਾ ਉਹ ਆਦਮੀ ਜੋ ਬੱਚਿਆਂ ਦਾ ਤਾਉ ਬਣ ਕੇ ਅਕਸਰ ਘਰ ਆਇਆ ਕਰਦਾ ਸੀ, ਪੁਲੀਸ ਦੀ ਪੁੱਛਤਾਸ਼ ਪਿੱਛੋਂ ਦੋਸ਼ ਕਬੂਲ ਕਰ ਗਿਆ। ਉਹਦੇ ਦੱਸਣ ਤੇ ਵੇਈਂ ਕੰਢਿਓਂ ਬੱਚੇ ਦੀ ਲਾਸ਼ ਲਿਆਂਦੀ ਗਈ। ਕਈ ਵਾਰ ਵਿਦੇਸ਼ ਗਏ ਵਿਅਕਤੀ ਦੀ ਔਰਤ ਮਰਦੀ ਹੋਈ ਅੱਕ ਚੱਬਦੀ ਹੈ ਤਾਂ ਨਾਜਾਇਜ਼ ਸਬੰਧਾਂ ਵਾਲਿਆਂ ਨਾਲ ਮਿਲ ਕੇ ਆਪਣੇ ਸੱਸ ਸਹੁਰਿਆਂ ਦੀ ਮੌਤ ਦਾ ਕਾਰਨ ਵੀ ਬਣ ਜਾਂਦੀ ਹੈ। ਕਿਸੇ ਕਿਸੇ ਘਰ ਵਿਚ ਰਹਿਣ ਵਾਲੇ ਨੌਕਰ ਜੋ ਅਕਸਰ ਪ੍ਰਵਾਸੀ ਮਜ਼ਦੂਰ ਹੁੰਦੇ ਹਨ ਲੁੱਟ ਪੁੱਟ ਕੇ ਲੈ ਜਾਣ ਲਈ ਘਰ ਦੇ ਮੈਂਬਰਾਂ ਦੇ ਖੂਨ ਵੀ ਕਰ ਦਿਆ ਕਰਦੇ ਹਨ। ਇਸ ਤਰ੍ਹਾਂ ਨਿੱਤ ਹੀ ਨਵੀਂ ਤੋਂ ਨਵੀਂ ਖਬਰ ਸਮਾਜਿਕ ਜੀਵਨ ਤੇ ਅਸਰ ਪਾਉਂਦੀ ਅਕਸਰ ਪਰਵਾਸ ਨਾਲ ਜੁੜੀ ਹੁੰਦੀ ਹੈ। ਪਰਵਾਸ ਭੋਗਦੇ ਵਿਅਕਤੀਆਂ ਦੇ ਘਰਾਂ ਵਿਚ ਚੋਰੀ ਚਕਾਰੀ ਦੀਆਂ ਵਾਰਦਾਤਾਂ ਅਕਸਰ ਵਾਪਰਦੀਆਂ ਰਹਿੰਦੀਆਂ ਹਨ।

ਬਹੁਤੀ ਵਾਰ ਲੋਕ ਦੇਖੋ ਦੇਖੀ ਵਿਦੇਸ਼ ਜਾਣ ਨੂੰ ਤਰਜੀਹ ਦਿੰਦੇ ਹਨ। ਉਹ ਦੇਖਦੇ ਹਨ ਕਿ ਵਿਦੇਸ਼ ਰਹਿਣ ਵਾਲੇ ਵਿਅਕਤੀਆਂ ਦੀਆਂ ਏਧਰ ਏਨੀਆਂ ਕੋਠੀਆਂ ਹਨ, ਸਾਰਾ ਪਰਿਵਾਰ ਵੀ ਸੱਦ ਲਿਆ ਹੈ। ਭਾਵੇਂ ਉਹ ਖਾਲੀ ਪਈਆਂ ਕੋਠੀਆਂ ਦੇਸ਼ ਦੀ ਪੂੰਜੀ ਦਾ ਹੀ ਖੌਅ ਬਣ ਕੇ ਰਹਿ ਜਾਂਦੀਆਂ ਹਨ ਜਾਂ ਕਈ ਵਾਰ ਉਨ੍ਹਾਂ ਨੂੰ ਹੋਰ ਲੋਕ ਹਥਿਆ ਵੀ ਲੈਂਦੇ ਹਨ, ਪਰ ਵੇਖਣ ਵਾਲੇ ਲੋਕ ਉਨ੍ਹਾਂ ਨੂੰ ਵੇਖ ਕੇ ਹੀ ਵਿਦੇਸ਼ ਜਾਣ ਲਈ ਕਾਹਲੇ ਪੈਂਦੇ ਰਹਿੰਦੇ ਹਨ। ਪਿੰਡਾਂ 'ਚ ਰਹਿਣ ਵਾਲੇ ਜ਼ਮੀਨ ਜਾਇਦਾਦ ਦੇ ਮਾਲਕ ਆਪਣੀ ਜ਼ਮੀਨ ਦਾ ਕੁੱਝ ਹਿੱਸਾ ਵੇਚ ਕੇ ਜਾਂ ਗਹਿਣੇ ਪਾ ਕੇ ਦੇਖੋ ਦੇਖੀ ਵਿਦੇਸ਼ ਚਲੇ ਜਾਂਦੇ ਹਨ, ਉਥੇ ਪੈਸੇ ਕਮਾ ਕੇ ਫੇਰ ਬਣਾ ਲੈਂਦੇ ਹਨ। ਜ਼ਮੀਨ ਜਾਇਦਾਦ, ਪਰ ਕਈ ਵਾਰ ਕਈ ਸਾਧਾਰਨ ਲੋਕ ਕਰਜ਼ਾ ਚੁੱਕ ਕੇ ਵਿਦੇਸ਼ ਜਾਣ ਦੀ ਤਾਕ ਵਿਚ ਆਪਣਾ ਸਭ ਕੁਝ ਗੰਵਾ ਬੈਠਦੇ ਹਨ। ਫਿਰ ਸਾਰੀ ਉਮਰ ਖਾਕ ਛਾਨਣ ਜੋਗੇ ਰਹਿ ਜਾਂਦੇ ਹਨ। ਇਨ੍ਹਾਂ ਪ੍ਰੇਸ਼ਾਨੀਆਂ ਵਿਚ ਆਤਮ ਹੱਤਿਆ ਜਾਂ ਹੋਰ ਗਲਤ ਰਸਤੇ ਅਪਨਾ ਲੈਂਦੇ ਹਨ। ਕਈ ਵਾਰ ਸਵਾਲ ਉੱਠਦਾ ਹੈ ਕਿ ਬਾਹਰ ਜਾਣ ਦਾ ਲੋਕਾਂ ਵਿਚ ਏਨਾ ਝੱਲ ਕਿਉਂ ਹੈ। ਇਸ ਦਾ ਅਸਲ ਕਾਰਨ ਇਹ ਹੈ ਕਿ ਆਪਣੇ ਦੇਸ਼ ਵਿਚ ਕਿਸੇ ਨੂੰ ਰੁਜ਼ਗਾਰ ਨਹੀਂ ਮਿਲਦਾ। ਜੇ ਰੁਜ਼ਗਾਰ ਹੈ ਤਾਂ ਉਸਦੀ ਉਜ਼ਰਤ ਏਨੀ ਕੁ ਹੁੰਦੀ ਹੈ ਕਿ ਉਹ ਮਸਾਂ ਖਾਣ ਪਹਿਨਣ ਹੀ ਕਰ ਸਕਦਾ ਹੈ, ਜਦ ਕਿ ਲੋੜਾਂ ਹੋਰ ਵੀ ਕਈ ਹੁੰਦੀਆਂ ਹਨ। ਵੱਖਰੀ ਗੱਲ ਹੈ ਕਿ ਰਿਸ਼ਵਤ ਖੋਰੀ ਕਰਕੇ ਕਈ ਲੋਕ ਏਥੇ ਵੀ ਕਾਰਾਂ ਕੋਠੀਆਂ ਬਣਾਈ ਫਿਰਦੇ ਹਨ। ਇਸ ਦੇਸ਼ ਦੀ ਬਦਕਿਸਮਤੀ ਇਹ ਹੈ ਕਿ ਏਥੇ ਜਿੰਨੇ ਵਿਹਲੜ ਲੋਕ ਹਨ, ਉਨ੍ਹਾਂ ਦੇ ਗੁਜ਼ਾਰੇ ਚੰਗੇ ਹਨ, ਜਿਹੜੇ ਲੋਕ ਮਿਹਨਤ ਮੁਸ਼ੱਕਤ ਕਰਦੇ ਹਨ ਉਨ੍ਹਾਂ ਦੇ ਗੁਜ਼ਾਰੇ ਮਾੜੇ ਹਨ। ਇਥੇ ਕੰਮ ਵਾਲਿਆਂ ਦੀ ਕੋਈ ਕਦਰ ਨਹੀਂ ਹੈ ਤੇ ਠੱਗੀਆਂ ਮਾਰ ਕੇ ਅਮੀਰ ਬਣੇ ਲੋਕਾਂ ਨੂੰ ਸਲਾਮਾਂ ਹੁੰਦੀਆਂ ਹਨ। ਸ਼ਰ੍ਹੇਆਮ ਲੋਕ ਖੂਨ ਕਰਕੇ ਤੁਰੇ ਫਿਰਦੇ ਹਨ, ਮੌਕੇ ਦਾ ਗਵਾਹ ਨਾ

ਹੋਣ ਕਰਕੇ ਬਰੀ ਹੋ ਜਾਂਦੇ ਹਨ। ਮੁਕਦਮਾ ਕੋਈ ਵੀ ਹੋਵੇ ਸਾਲਾਂ ਬੱਧੀ ਲਟਕਦਾ ਰਹਿੰਦਾ ਹੈ। ਕਿਸੇ ਵੀ ਦਫ਼ਤਰ ਦਾ ਕੰਮ ਹੋਵੇ ਪਤਾ ਨਹੀਂ ਕਦੋਂ ਹੋਣਾ ਜਾਂ ਨਹੀਂ। ਇਕ ਦੂਜੇ ਦੀਆਂ ਜੇਬਾਂ ਕੱਟਣ ਦੀ ਟੇਕ ਵਿਚ ਬੈਠੇ ਹਨ ਸਾਰੇ। ਮਹਿੰਗਾਈ ਕਹਿਰ ਢਾਹੀ ਜਾਂਦੀ ਹੈ। ਲੀਡਰ ਲੋਕ ਆਉਂਦੀਆਂ ਪੀੜ੍ਹੀਆਂ ਤੱਕ ਲਈ ਮਾਇਆ ਇਕੱਠੀ ਕਰਨ ਤੇ ਲੱਗੇ ਹੋਏ ਹਨ। ਗੁਰੂਆਂ ਪੀਰਾਂ ਪੈਗੰਬਰਾਂ ਦੀ ਧਰਤੀ ਸਰਾਪੀ ਹੋਈ ਜਾਪਦੀ ਹੈ। ਅਜਿਹੀਆਂ ਗੱਲਾਂ ਕਰਕੇ ਹੀ ਲੋਕ ਵਿਦੇਸ਼ਾਂ ਲਈ ਉਤਸੁਕ ਰਹਿੰਦੇ ਹਨ। ਮੇਰਾ ਖਿਆਲ ਹੈ ਕਿ ਜੇ ਇਹ ਐਲਾਨ ਹੋ ਜਾਵੇ ਕਿ ਕੋਈ ਵੀ ਚਾਹਵੇ ਤਾਂ ਇਕ ਹਫ਼ਤੇ ਦੇ ਅੰਦਰ-ਅੰਦਰ ਕਿਸੇ ਦੂਜੇ ਮੁਲਕ ਵਿਚ ਜਾ ਸਕਦਾ ਹੈ ਤਾਂ ਇਕ ਹਫ਼ਤੇ ਦੇ ਵਿਚ-ਵਿਚ ਸ਼ਾਇਦ ਇਸ ਮੁਲਕ ਵਿਚ ਕੋਈ ਵੀ ਜੀਅ ਨਾ ਰਹੇ।

ਵਿਦੇਸ਼ਾਂ ਵਿਚ ਗਏ ਹੋਏ ਲੋਕ ਜਦੋਂ ਆਪਣੇ ਮੁਲਕ ਵਿਚ ਵਾਪਸ ਆਉਂਦੇ ਹਨ ਤਾਂ ਉਨ੍ਹਾਂ ਵਲ ਵੇਖ ਕੇ ਦੇਸੀ ਲੋਕ ਵੀ ਉਹੋ ਜਿਹੇ ਬਣਨ ਦੀ ਕੋਸ਼ਿਸ ਕਰਦੇ ਨੇ। ਜੇ ਉਹ ਪ੍ਰਵਾਸੀ ਵਿਆਹ ਸ਼ਾਦੀ ਜਾਂ ਹੋਰ ਸਮਾਗਮਾਂ 'ਤੇ ਬੇ-ਥਵ੍ਹਾ ਖਰਚਾ ਕਰਦੇ ਹਨ ਤਾਂ ਆਪਣੇ ਲੋਕ ਵੀ ਉਵੇਂ ਦੇ ਬਣਨ ਲੱਗਦੇ ਹਨ। ਉਨ੍ਹਾਂ ਦੀ ਤਰਜ਼ 'ਤੇ ਕੋਠੀਆਂ, ਮੋਬਾਈਲ, ਕਾਰਾਂ ਤੇ ਇਥੋਂ ਤੱਕ ਕਿ ਪਹਿਰਾਵਾ ਵੀ ਉਨ੍ਹਾਂ ਵਰਗਾ ਹੀ ਬਣਾਉਣ ਦੀ ਕੋਸ਼ਿਸ਼ ਵਿਚ ਹਨ। ਮੈਨੂੰ ਯਾਦ ਹੈ ਬਹੁਤ ਪੁਰਾਣੀ ਗੱਲ, ਜਦੋਂ ਇਕ ਵਾਰ ਕਿਸੇ ਮੁਕਾਣੇ ਗਏ ਸੀ ਬਹੁਤ ਸਾਰੇ ਔਰਤਾਂ ਮਰਦਾਂ ਨੇ ਉਸ ਪਿੰਡ ਦੇ ਨਜ਼ਦੀਕ ਥੋੜੇ-ਥੋੜੇ ਪਾਣੀ ਵਾਲਾ ਖਾਲ ਲੰਘ ਕੇ ਜਾਣਾ ਸੀ। ਜਨਾਨੀਆਂ ਨੇ ਆਪਣੀਆਂ ਸਲਵਾਰਾਂ ਗੋਡਿਆਂ ਤੱਕ ਭਿਉਂ ਲਈਆਂ ਸਨ ਪਰ ਬੰਦਿਆਂ ਕਰਕੇ ਗਿੱਟਿਆਂ ਤੋਂ ਉਤਾਹ ਨਹੀਂ ਸਨ ਕੀਤੀਆਂ। ਹੁਣ ਟੀ. ਵੀ. ਸਕਰੀਨਾਂ ਤੇ ਦੇਖਿਆ ਹੈ ਕਿ ਬਰਾ ਤੇ ਨਿੱਕਰ ਤੋਂ ਇਲਾਵਾ ਬੀਬੀਆਂ ਰਾਣੀਆਂ ਦਾ ਸਾਰਾ ਬਦਨ ਹੀ ਨੰਗਾ ਹੁੰਦਾ ਹੈ। ਜਾਂ ਲਿਬਾਸ ਏਨਾ ਪਤਲਾ ਕਿ ਉਸ ਵਿਚੋਂ ਸਾਰੇ ਸਰੀਰ ਦੇ ਅਸਾਨੀ ਨਾਲ ਦਰਸ਼ਨ ਹੋ ਜਾਂਦੇ ਹਨ। ਇਹ ਸਾਰਾ ਕੁਝ ਪਰਵਾਸ ਦੀ ਨਕਲ ਕਰਕੇ ਹੋਇਆ ਹੈ। ਪੱਛਮੀ ਦੇਸ਼ਾਂ ਵਿਚ ਆਜ਼ਾਦ ਲੋਕਾਂ ਨੂੰ ਕੋਈ ਭੇਦ ਭਾਵ ਨਹੀਂ। ਨੂੰਹ ਸਹੁਰਾ, ਦਿਓਰ ਜੇਠ ਇਕੋ ਟੇਬਲ 'ਤੇ ਖਾਣਾ ਖਾ ਸਕਦੇ ਅਤੇ ਸਮਾਗਮਾਂ ਵਿਚ ਅੱਧ ਨੰਗੇ ਨੱਚ ਸਕਦੇ ਹਨ, ਜਿਹਦੇ ਨਾਲ ਜਿੱਥੇ ਚਾਹੁਣ ਜਾ ਆ ਸਕਦੇ ਹਨ। ਇਹੋ ਸਾਰਾ ਕੁਝ ਪਰਵਾਸੀਆਂ ਰਾਹੀਂ ਆਪਣੇ ਦੇਸ਼ ਵਿਚ ਵੀ ਹੋਣਾ ਸ਼ੁਰੂ ਹੋ ਚੁੱਕਾ ਹੈ। ਸ਼ਰਮ ਹਯਾ ਜੋ ਇਸ ਸਭਿਅਤਾ ਦਾ ਮਾਣ ਸੀ ਪਰਵਾਸ ਦੇ ਪੂਰੇ ਅਸਰ ਹੇਠ ਆ ਚੁੱਕਾ ਹੈ। ਸਾਡੇ ਦੇਸ਼ ਦੀ ਇਹ ਮਾੜੀ ਕਿਸਮਤ ਹੈ ਕਿ ਇਥੋਂ ਦੇ ਲੋਕ ਬਾਕੀ ਸਾਰਾ ਕੁਝ ਦੂਜੇ ਮੁਲਕਾਂ ਵਾਂਗ ਨਕਲ ਕਰ ਰਹੇ ਹਨ ਪਰ ਕੰਮ ਪੱਖੋਂ ਏਥੇ ਕੋਈ ਦੂਜੇ ਮੁਲਕਾਂ ਦੀ ਨਕਲ ਨਹੀਂ ਕਰਦਾ, ਸਿਵਾਏ ਉਨ੍ਹਾਂ ਦੇ ਜੋ ਪਰਵਾਸ ਭੋਗਦੇ ਹਨ। ਅੰਤ ਵਿਚ ਇਹੀ ਕਿਹਾ ਜਾ ਸਕਦਾ ਹੈ ਕਿ ਪਰਵਾਸ ਸਮਾਜਿਕ ਜੀਵਨ ਨੂੰ ਪੂਰੀ ਤਰ੍ਹਾਂ ਪ੍ਰਭਾਵਿਤ ਕਰ ਰਿਹਾ ਹੈ।

ਪਰਵਾਸ ਦੇ ਪ੍ਰਭਾਵ ਕਾਰਨ ਸਾਡੀ ਆਪਣੀ ਸਮਾਜਿਕ ਹੋਂਦ ਦਿਨੋ ਦਿਨ ਗੁਆਚਦੀ ਜਾ ਰਹੀ ਹੈ।

**— ਹਰਭਜਨ ਕੌਰ ਮਲਿਕਾ**
**ਪੱਤੜ ਕਲਾਂ**
**ਜਲੰਧਰ- 144806**



# ਸ਼ਿਕਾਰੀ ਕੀ ਸ਼ਿਕਾਰ ?

ਸ਼ੁੱਕਰਵਾਰ ਦੀ ਰਾਤ ਹੋਵੇ ਅਤੇ ਟੈਕਸੀ ਵਾਲੇ ਖੁਸ਼ ਨਾ ਹੋਣ, ਕਦੇ ਹੋ ਹੀ ਨਹੀਂ ਸਕਦਾ। ਪਰ ਓਸ ਦਿਨ ਏਸ ਦੇ ਉਲਟ ਹੋ ਗਿਆ ਜਾਪਦਾ ਸੀ। ਓਦਣ ਵੀ ਅੱਗੇ ਵਾਂਗ ਮੇਰਾ ਦਿਲ 'ਡਾਲਰਾਂ' ਨਾਲ ਹੱਥੋ ਪਾਈ ਹੋਣ ਲਈ ਕਾਹਲਾ ਹੋ ਰਿਹਾ ਸੀ ਪਰ ਡਾਲਰ ਮੇਰੇ ਕੋਲੋਂ ਏਦਾਂ ਦੂਰ ਨੱਸਦੇ ਸਨ ਜਿੱਦਾਂ ਅਮਲੀ ਬੰਦਾ ਪਾਣੀ ਦੇ ਕੋਲੋਂ। ਕੰਮ ਨੂੰ ਪਤਾ ਨਹੀਂ ਕੀ ਗੋਲੀ ਵੱਜੀ ਸੀ ਕਿ ਸ਼ੁੱਕਰਵਾਰ ਦੀ ਰਾਤ ਗੋਰਿਆਂ ਦੀ 'ਫਰਾਈਡੇ ਨਾਈਟ' ਨਹੀਂ ਸੀ ਲੱਗ ਰਹੀ। ਬੈਠ ਬੈਠ ਕੇ, ਉਡੀਕ ਕਰ ਕਰ ਕੇ 'ਟਰਿਪ'/ਗੇੜਾ ਲੱਗ ਰਿਹਾ ਸੀ। ਹੌਲੀ ਹੌਲੀ ਕਰ ਕੇ ਅੱਧੀ ਰਾਤ ਵੀ ਲੰਘ ਚੁੱਕੀ ਸੀ, ਯਾਰ ਦੋਸਤ ਸੈਲ ਫੋਨ 'ਤੇ ਗੱਲਾਂ ਕਰ ਕੇ ਹੌਂਸਲਾ ਬਨ੍ਹਾਈ ਜਾਂਦੇ ਸੀ ਕਿ "ਕੰਮ ਬੱਸ ਚੱਲ ਪੈਣਾ ਹੈ ਵੇਖੀ ਚੱਲੀਂ, ਕੁੱਝ ਨਾ ਕੁੱਝ ਤਾਂ ਅੱਗੇ ਵਾਂਗ ਘਰ ਨੂੰ ਲੈ ਕੇ ਹੀ ਜਾਵਾਂਗੇ। ਬੱਸ ਲੱਗਾ ਰਹਿ ਮਨ ਤਕੜਾ ਕਰ ਕੇ, ਕੁੰਡੀ ਸੁੱਟੀ ਰੱਖ, ਕੋਈ ਨਾ ਕੋਈ 'ਮੱਛੀ' ਫਸੀ ਲੈ! ਜੇ ਵੱਡੀ 'ਮੱਛੀ' ਫਸ ਗਈ ਤਾਂ ਸਮਝੋ ਹੋ ਗਏ ਵਾਰੇ -ਨਿਆਰੇ.... ਨਹੀਂ ਤਾਂ ਛੋਟੀਆਂ ਤਾਂ ਕਿਤੇ ਗਈਆਂ ਹੀ ਨਹੀਂ!" ਪੱਕਾ ਤਾਂ ਪਤਾ ਨਹੀਂ ਕਿ ਉਹ ਆਪਣੇ ਆਪ ਨੂੰ ਤਸੱਲੀਆਂ ਦੇ ਰਹੇ ਸਨ ਜਾਂ ਵਾਕਿਆ ਹੀ ਮੈਨੂੰ? ਟੈਕਸੀ ਦਾ ਕੰਮ ਜਦੋਂ ਘੱਟ ਹੋਵੇ ਤਾਂ ਸਾਰਿਆਂ ਦਾ ਹੀ ਘੱਟ ਹੁੰਦਾ ਹੈ ਬੇਸ਼ਰਤੇ ਇੱਕਾ ਦੁੱਕਾ ਬੰਦੇ ਦਾ ਕਿਤੇ 'ਸੂਤ' ਆ ਜਾਵੇ!

ਹੋਰ ਰਾਤਾਂ ਵਿਚ ਤਾਂ ਇਕ 'ਪੱਤਾ' ਹੀ ਬਣ ਜਾਵੇ ਤਾਂ ਮਨ ਨੂੰ ਤਸੱਲੀ ਹੋ ਜਾਂਦੀ ਹੈ। ਪਰ ਓਦਾਂ ਤਾਂ ਇਹ ਹਰ ਮਨ ਦੀ ਆਪਣੀ ਆਪਣੀ ਪਹੁੰਚ ਹੈ ਕਿ ਕਿੱਥੇ ਕੁ ਜਾ ਕੇ 'ਡੱਕਾ' ਲੱਗਦਾ ਹੈ। ਕਈ ਤਾਂ ਰੁਕਦੇ ਹੀ ਨਹੀਂ, ਹੱਦ ਹੀ ਕੋਈ ਨਹੀਂ। ਖੈਰ ਮੇਰਾ ਮਨ ਆਪਣੀ ਹੱਦ ਪਹਿਚਾਨਣ ਵਿਚ ਕਈ ਵਾਰ ਮੇਰਾ ਸਾਥ ਦੇ ਹੀ ਜਾਂਦਾ ਹੈ। ਪਰ ਸ਼ੁੱਕਰਵਾਰ ਦੀ ਰਾਤ ਮੈਂ ਸੋਚਦਾ ਸੀ ਕਿ ਜੇ ਅੱਜ ਹੀ ਕੰਮ ਏਦਾਂ ਮੰਦਾ ਚੱਲ ਰਿਹਾ ਹੈ ਤਾਂ ਅਗਲਾ ਸਾਰਾ ਹਫਤਾ ਲੱਗਦਾ ਏਵੇਂ ਹੀ 'ਰੋਣਾ-ਧੋਣਾ' ਪਵੇਗਾ। ਇਸ ਲਈ ਮਨ ਹੀ ਮਨ ਸਰੀਰ ਨਾਲ ਸੁਲਾਹ ਕੀਤੀ ਕਿ 'ਕੌਫੀ' ਵਗੈਰਾ ਪੀ ਕੇ ਅੱਜ ਦੀ ਰਾਤ ਚੰਗੀ ਤਰ੍ਹਾਂ 'ਗੱਡ' ਕੇ ਲਾਈ ਜਾਵੇ। ਨਾਲੇ 'ਵੀਕਇੰਡ' ਤੇ ਹੀ ਕਾਫੀ ਆਸਾਂ ਹੁੰਦੀਆਂ ਹਨ ਕਿ ਸੋਹਣੇ ਪੈਸੇ ਬਣ ਜਾਣਗੇ। 'ਬਿਲ' ਵਗੈਰਾ ਤਾਂ ਆਏ ਹੀ ਰਹਿੰਦੇ ਆ, ਆਈ ਚਲਾਈ ਨਾਲ ਦੀ ਨਾਲ ਹੀ ਹੁੰਦੀ ਹੈ। ਘਰ ਦੀ ਕਿਸ਼ਤ, ਬਿਜਲੀ ਦਾ ਬਿਲ, ਗੈਸ ਦਾ ਬਿਲ, ਫੋਨਾਂ ਦੇ ਬਿਲ, ਗਰੌਸਰੀ ਦਾ ਖਰਚ, ਆਹ ਖਰਚ, ਓਹ ਖਰਚ....ਸੁਫਨਿਆਂ 'ਚ ਵੀ ਇਹ ਜੀਂਦੀ ਜਾਨ ਦੇ ਟੋਟੇ ਨਾਲੋ ਨਾਲ ਬੰਦ ਅੱਖਾਂ ਅੱਗੇ ਰੀਲ ਵਾਂਗ ਚਰਖੜੀ ਚੜ੍ਹੇ ਹੀ ਰਹਿੰਦੇ ਆ। ਇਹ ਬਿਲਾਂ ਦਾ ਅਜਿਹਾ ਅਜੀਬ ਜਿਹਾ ਸਿਲਸਿਲਾ ਹੈ ਜੋ ਕਿ ਬਾਹਰਲੇ ਮੁਲਕਾਂ 'ਚ ਜੀਂਦੇ ਜੀਅ ਕਦੇ ਨਹੀਂ ਮੁੱਕਦਾ। ਕਈ ਤਾਂ ਜ਼ਰੂਰੀ ਖਰਚੇ ਹਨ ਹੀ ਪਰ ਕਈ ਅਸੀਂ ਵੇਖੋ ਅਸੀਂ ਵੀ ਜ਼ਿੰਦਗੀ ਨਾਲ ਨੂੜੇ ਹੋਏ ਨੇ।

ਮੌਸਮ ਸੁਹਾਵਣਾ ਸੀ, ਬਹਾਰ ਦੇ ਦਿਨ ਸਨ, ਫੁੱਲਾਂ 'ਤੇ ਜੋਬਨ ਸੀ। ਦਿਨੇ ਕੋਸੀ ਕੋਸੀ ਧੁੱਪ ਅਤੇ ਰਾਤ ਨੂੰ ਸੀਤ ਠੰਡੀ ਹਵਾ। ਕੈਨੇਡਾ ਦੀ ਧਰਤੀ ਉੱਪਰ ਪੱਛਮ ਵਿਚ ਵਸਦੇ ਬੇਹੱਦ ਸੋਹਣੇ ਸ਼ਹਿਰ ਵੈਨਕੂਵਰ ਦੇ ਉੱਤਰ ਵਿਚ ਉੱਚੇ ਪਹਾੜਾਂ ਤੇ ਤਕਰੀਬਨ ਸਾਰਾ ਸਾਲ ਪੈਂਦੀ ਬਰਫ਼ ਨਾਲ ਜਦੋਂ ਪੈਸੀਫਿਕ ਸਮੁੰਦਰ ਵੱਲੋਂ ਆਉਂਦੀ ਹਵਾ ਖਹਿ ਕੇ ਆਉਂਦੀ ਹੈ ਤਾਂ ਨਾੜ ਨਾੜ ਵਿੱਚ ਧਸਦੀ ਜਾਂਦੀ ਹੈ। ਜਿਸ ਦਿਨ ਧੁੱਪ ਨਿਕਲੀ ਹੋਵੇ, ਲੱਗ ਰਿਹਾ ਹੋਵੇ ਕਿ ਦਿਨ ਸੱਚੀਂ ਹੀਂ ਚੜ੍ਹਿਆ ਹੈ ਤਾਂ ਸਾਡੇ ਕੰਮ ਨੂੰ ਵੀ ਫਰਕ ਪੈ ਜਾਂਦਾ ਹੈ, ਮੀਂਹ ਕਣੀ ਵਾਲਾ, ਸਿੱਲ੍ਹਾ ਜਿਹਾ ਦਿਨ ਹੋਵੇ ਤਾਂ ਟੈਕਸੀਆਂ ਖੜ੍ਹਦੀਆਂ ਨਹੀਂ। ਟੈਕਸੀ ਦਾ ਕੰਮ ਕਈ ਤਰ੍ਹਾਂ ਦੇ ਹਾਲਾਤ ਤੇ ਨਿਰਭਰ ਕਰਦਾ ਹੈ। ਕਈ ਵਾਰ ਗੋਰਿਆਂ ਦੇ ਕਈ ਤਿਓਹਾਰਾਂ ਤੋਂ ਬਾਅਦ, ਟੈਕਸ ਅਦਾਇਗੀ, 'ਲੌਂਗ ਵੀਕਇੰਡ' ਆਦਿ ਦੇ ਦਿਨਾਂ ਬਾਅਦ ਕੰਮ ਚੋਖਾ ਘੱਟ ਜਾਂਦਾ ਹੈ। ਬੱਸ ਇਹਨਾਂ ਹਫਤਿਆਂ ਵਿਚ ਕਈ ਵਾਰ ਟੈਕਸੀ ਦੇ ਖਰਚੇ ਹੀ ਮਸਾਂ ਪੂਰੇ ਹੁੰਦੇ ਹਨ, ਘਰ ਨੂੰ ਖਾਲੀ ਜੇਬ ਕੱਛਾਂ ਵਜਾਉਂਦੇ ਹੀ ਜਾਣਾ ਪੈਂਦਾ। ਕਈ ਵਾਰ ਮਨ ਨੂੰ ਤਸੱਲੀ ਦੇਣ ਲਈ 'ਪਕੌੜਾ-ਡੇਅ' ਵੀ ਮਨਾਉਣਾ ਪੈ ਜਾਂਦਾ। ਓਹ ਏਸ ਤਰ੍ਹਾਂ ਕਿ ਫੇਰ ਸੋਚੀਦਾ ਕਿ ਚਲੋ ਕੰਮ ਤਾਂ ਹੈ ਨਹੀਂ, ਘਰ ਦਿਆਂ ਨੂੰ ਫੋਨ ਕਰਕੇ ਪਕੌੜੇ ਬਣਾਉਣ ਦਾ 'ਆਰਡਰ' ਕਰੋ ਅਤੇ ਘਰ ਨੂੰ ਚਾਲੇ ਪਾਓ। ਪਰ ਬਿਜ਼ੀ ਦਿਨਾਂ ਵਿਚ ਕਈ ਵਾਰ ਕੰਮ ਬਿਜ਼ੀ ਵੀ ਏਨਾ ਹੋ ਜਾਂਦਾ ਹੈ ਕਿ ਪੰਜ ਮਿੰਟ ਲਈ 'ਟਾਇਰ ਠੰਡੇ' ਕਰਨ ਦਾ ਸਮਾਂ ਵੀ ਨਹੀਂ ਮਿਲਦਾ। ਹਰ ਮਹੀਨੇ ਦੇ ਆਖਰੀ ਹਫਤੇ ਵਿਚ ਵੈਲਫੇਅਰ ਲੈਣ ਵਾਲੇ ਲੋਕਾਂ ਨੂੰ ਸਰਕਾਰ ਵੱਲੋਂ 'ਚਿੱਕ' ਮਿਲਦੀ ਹੈ, ਜਿਸ ਕਰਕੇ ਓਹ ਹਫਤਾ ਬਹੁਤੀ ਵਾਰ ਕਾਫੀ ਕੰਮ ਕੱਢ ਜਾਂਦਾ ਹੈ। ਕਿਉਂਕਿ ਵੈਲਫੇਅਰ ਲੈਣ ਵਾਲਿਆਂ ਦੇ ਜਦ ਤੱਕ ਓਹ ਸਰਕਾਰ ਦੇ ਦਿੱਤੇ ਹੋਏ ਪੈਸੇ ਨਹੀਂ ਮੁੱਕਦੇ ਉਹਨਾਂ ਦੇ ਮਨ/ਸਰੀਰ ਨੂੰ ਰਾਹਤ ਨਹੀਂ ਮਿਲਦੀ। ਏਸ ਵਾਰ ਐਸਾ ਮੁਨਾਫੇ ਵਾਲਾ ਕੋਈ ਵੀ ਕਾਰਨ ਨਹੀਂ ਸੀ ਜਾਪਦਾ, ਸ਼ਾਇਦ ਤਾਂ ਹੀ ਕੰਮ ਕਾਫੀ 'ਸਲੋਅ' ਸੀ। ਜਦੋਂ ਕੰਮ ਘੱਟ ਹੋਵੇ ਤਾਂ ਮੇਰਾ ਕਈ ਵਾਰ ਦਿਲ ਹੀ ਨਹੀਂ ਕਰਦਾ ਕੰਮ ਕਰਨ ਲਈ, ਪਰ ਫੇਰ ਸੋਚੀਦਾ ਕਿ ਬੂੰਦ ਬੂੰਦ ਕਰ ਕੇ ਸਮੁੰਦਰ ਭਰਦਾ, ਹੁਣ ਘਰੋਂ ਵੀ ਆਏ ਹਾਂ, ਘੱਟੋ ਘੱਟ ਟੈਕਸੀ ਦੇ ਖਰਚੇ ਬਣਾਉਣ ਤੋਂ ਬਾਅਦ ਆਪਣੇ ਲਈ ਪੰਜਾਹ ਸੱਠ ਤਾਂ ਬਣਨਗੇ ਹੀ! ਇਸ ਸ਼ੁੱਕਰਵਾਰ ਦੀ ਰਾਤ ਤਾਂ ਫੇਰ ਵੀ ਖਰਚੇ ਵਗੈਰਾ ਤਾਂ ਬਣ ਹੀ ਚੁੱਕੇ ਸਨ ਬੱਸ ਉਸ ਤੋਂ ਬਾਅਦ ਤਾਂ ਜਿਹੜੇ ਡਾਲਰ ਬਣਨੇ ਸੀ ਆਪਣੀ ਜੇਬ੍ਹ 'ਚ ਹੀ ਆਉਣੇ ਸੀ।

ਅਜਿਹੀਆਂ ਸੋਚਾਂ 'ਚ ਹੀ ਸਮਾਂ ਲੰਘ ਰਿਹਾ ਸੀ ਕਿ ਕੰਪਿਊਟਰ ਤੇ 'ਟਰੂੰ ਟਰੂੰ' ਹੋਈ, 'ਕਾਲ', 'ਅਸਿੱਪਟ' ਕਰ ਕੇ ਮੈਂ ਗਾਹਕ ਦੇ ਟਿਕਾਣੇ ਵੱਲ ਨੂੰ ਆਪਣੀ 'ਹਾਈਬਰੈਡ' * ਟੈਕਸੀ ਦਾ ਮੂੰਹ ਸਿੱਧਾ ਕਰ ਦਿੱਤਾ। ਅਧਖੜ ਅਤੇ ਸਿਆਣੀ ਉਮਰ ਦੇ ਲੋਕਾਂ ਲਈ ਬਣੇ ਹੋਏ 'ਬਰਨਬੀ' ਸ਼ਹਿਰ ਦੇ 'ਬਾਰ'/ਸ਼ਰਾਬਖਾਨੇ 'ਚੋਂ 'ਕਾਲ' ਆਈ ਸੀ। ਮੇਰੀ ਟੈਕਸੀ ਦਾ ਇਲਾਕਾ 'ਬਰਨਬੀ' ਸ਼ਹਿਰ ਹੈ। ਉਥੇ ਪਹੁੰਚ ਕੇ ਮੈਂ ਸਵਾਰੀ ਦਾ ਇੰਤਜ਼ਾਰ ਕਰਨ ਲੱਗਾ ਤਾਂ ਬਾਰ ਦੇ ਦਰਵਾਜ਼ੇ ਵੱਲੋਂ ਇਕ ਸੱਠ ਪੈਂਹਠ ਸਾਲ ਦਾ ਬਜ਼ੁਰਗ ਟੈਕਸੀ ਵੱਲ ਨੂੰ ਥੋੜ੍ਹਾ ਜਿਹਾ ਲੁਟਕਦਾ ਜਿਹਾ, ਡੁਲਕਦਾ ਜਿਹਾ ਆਉਂਦਾ ਦਿੱਸਿਆ। ਸੋਹਣੇ ਨੈਣ ਨਕਸ਼, ਗੋਰਾ ਰੰਗ, ਕਲੀਨ ਸ਼ੇਵਨ, ਦਰਮਿਆਨਾ ਜਿਹਾ ਕੱਦ, ਇਕਹਿਰਾ ਸਰੀਰ, ਚੰਗੇ ਕੱਪੜਿਆਂ 'ਚ ਸਜਿਆ ਹੋਇਆ ਅਤੇ ਵੇਖਣ ਨੂੰ ਸ਼ਰੀਫ ਚਿਹਰਾ। ਉਸ ਨੂੰ ਝੂਲਦਾ ਜਿਹਾ ਆਉਂਦਾ ਵੇਖ ਮੈਂ ਸੋਚਿਆ "ਬਾਰ 'ਚੋਂ ਕੋਈ ਸੋਫੀ ਤਾਂ ਕਦੇ ਸ਼ਾਇਦ ਹੀ ਆਉਂਦਾ ਹੋਊ!"



ਗੱਡੀ 'ਚ ਬੈਠਣ ਲੱਗੇ ਨੂੰ ਮੈਂ 'ਹੈਲੋ' ਬੁਲਾਈ। ਪਰ ਉਹ ਮੇਰੀ ਅੰਗ੍ਰੇਜ਼ੀ 'ਚ ਬੁਲਾਈ ਸਾਸਰੀਕਾਲ ਦਾ ਜਵਾਬ ਦਿੱਤੇ ਬਗੈਰ ਹੀ ਬੈਠਦਾ ਹੋਇਆ ਕਹਿਣ ਲੱਗਾ, "ਡਰਾਈਵਰ ਕੀ ਤੈਨੂੰ ਪਤਾ ਕਿ ਮੈਨੂੰ ਕੋਈ ਜੁਆਨ ਕੁੜੀ ਕਿੱਥੋਂ ਲੱਭ ਸਕਦੀ ਹੈ?" ਉਸ ਦੇ ਇੰਨਾ ਕਹਿੰਦੇ ਸਾਰ ਹੀ ਉਸ ਦੇ ਮੂੰਹ 'ਚੋਂ ਸ਼ਰਾਬ ਦੀ ਬੋ ਵੀ ਉਸ ਦੇ ਬੋਲਾਂ ਵਾਂਗ ਮੇਰੇ ਦਿਮਾਗ ਨੂੰ ਚੜ੍ਹਨ ਲਈ ਭੱਜੀ ਆਈ।

ਮੈਂ ਗੋਰੇ ਬਾਬੇ ਦੇ ਪਾਸੇ ਵੱਲ ਦੀ ਬਾਰੀ ਦਾ ਸ਼ੀਸ਼ਾ ਥੱਲੇ ਨੂੰ ਕਰਦਿਆਂ ਜ਼ਰਾ ਕੁ ਸੋਚ ਕਿ ਕਿਹਾ, "ਸੌਰੀ ਸਰ, ਮੈਨੂੰ ਨਹੀਂ ਪਤਾ।"

ਉਹ ਪਿਛਲੀ ਸੀਟ ਤੇ ਬੈਠਾ ਨੋਟਾਂ ਦਾ ਖੜਕਾ ਕਰਨ ਲੱਗਾ ਅਤੇ ਫਿਰ ਮੈਨੂੰ ਸੌ ਦਾ 'ਪੱਤਾ' ਫੜਾਉਂਦਾ ਹੋਇਆ ਕਹਿਣ ਲੱਗਾ ਕਿ "ਸਾਰੇ ਹੀ ਟੈਕਸੀਆਂ ਵਾਲੇ ਜਾਣਦੇ ਨੇ, ਤੈਨੂੰ ਕਿਉਂ ਨਹੀਂ ਪਤਾ?.... .... ...ਠੀਕ ਹੈ ਏਦਾਂ ਕਰ ਗੱਡੀ ਨੂੰ 'ਕਿੰਗਸ-ਵੇਅ' ਤੇ ਪਾ ਅਤੇ ਵੈਨਕੂਵਰ ਵਾਲੇ ਪਾਸੇ ਨੂੰ ਹੌਲੀ ਹੌਲੀ ਚੱਲ" ਇੰਨਾ ਕਹਿ ਕੇ ਓਹ ਬਾਰੀ ਥਾਣੀਂ ਬਾਹਰ ਵੱਲ ਵੇਖਣ ਲੱਗਾ। ਮੈਂ ਉਸ ਦੇ ਕਹਿਣ ਮੁਤਾਬਕ ਟੈਕਸੀ 'ਕਿੰਗਸ-ਵੇਅ' ਵੱਲ ਨੂੰ ਪਾ ਲਈ ਅਤੇ ਗੋਰੇ ਬਾਬੇ ਨੂੰ ਲੈ ਕੇ ਉੱਥੋਂ ਤੁਰ ਪਿਆ। 'ਜੋਇਸ' ਸਟ੍ਰੀਟ ਦੇ ਕੋਲ਼ ਕਈ ਵਾਰ ਮੈਂ ਉਨ੍ਹਾਂ ਕੁੜੀਆਂ ਨੂੰ 'ਕੰਮ' ਕਰਦੇ ਵੇਖਿਆ ਸੀ। ਇੱਥੇ ਵੇਨਕੂਵਰ ਇਲਾਕੇ ਵਿਚ 'ਲਾਲ ਬੱਤੀ' ਵਾਲਾ ਏਰੀਆ ਵੀ ਹੈ। ਪਰ ਕਾਨੂੰਨੀ ਹਿਸਾਬ ਕਿਤਾਬ ਨਾਲ ਅਸੀਂ ਕਿਸੇ ਨੂੰ ਸਾਫ ਸਪੱਸ਼ਟ ਸ਼ਬਦਾਂ ਵਿਚ ਇਹ ਨਹੀਂ ਦੱਸ ਸਕਦੇ ਕਿ ਇਦਾਂ ਦੇ ਗੈਰ-ਕਾਨੂੰਨੀ ਕੰਮ ਕਿੱਥੇ ਹੁੰਦੇ ਹਨ, ਕਿੱਥੇ ਨਸ਼ੇ ਮਿਲਦੇ ਹਨ ਆਦਿ। ਨਹੀਂ ਤਾਂ ਟੈਕਸੀ ਵਾਲਿਆਂ ਤੋਂ ਕਿਹੜੀ ਗੱਲ ਲੁੱਕੀ ਹੋਈ ਹੈ? ਹੋਰ ਹਰ ਤਰ੍ਹਾਂ ਦੇ ਕੰਮ ਦੀ ਤਰ੍ਹਾਂ ਇਸ ਅਸੱਭਿਅਕ ਕੰਮ ਨੂੰ ਇਹ ਕੁੜੀਆਂ ਰੋਜ਼ੀ ਰੋਟੀ ਦੀ ਖਾਤਰ 'ਕੰਮ' ਹੀ ਦੱਸਦੀਆਂ ਹਨ। ਕਈ ਵਾਰ ਇਹਨਾਂ ਨਾਲ ਵਾਹ-ਵਾਸਤਾ ਪੈਣ ਕਰ ਕੇ ਗੱਲਬਾਤ ਵੀ ਹੋ ਜਾਂਦੀ ਹੈ। ਇਹ ਜਿਸਮ ਵੇਚਣ ਦਾ ਕੰਮ ਕਿਉਂ ਕਰਦੀਆਂ ਹਨ? ਇਸ ਬਾਰੇ ਇਹਨਾਂ ਦੀ ਆਪਣੀ ਆਪਣੀ ਵੱਖੋ-ਵੱਖ ਰਾਏ ਹੈ।

ਕਈ ਤਾਂ ਸਿਰਫ ਸੌਖਾ ਪੈਸਾ ਬਣਾਉਣ ਲਈ, ਕਈ ਨਸ਼ੇ ਵਿੱਚ ਪੈਣ ਕਾਰਨ, ਕਈ ਜਬਰੀ ਇਸ ਪਾਸੇ ਵੱਲ ਧੱਕ ਦਿੱਤੀਆਂ ਗਈਆਂ ਆਦਿ ਦੇ ਕਾਰਨ ਦੱਸਦੀਆਂ ਹਨ। ਪਰ ਜ਼ਮੀਰ ਨੂੰ ਮਾਰ ਕੇ ਇਹ ਕੰਮ ਕਰਨ ਵਾਲੀਆਂ ਕਈ ਵਾਰ ਭਾਵੁਕ ਹੋ ਕੇ ਸਭ ਕੁੱਝ ਆਪਣੇ ਆਪ ਹੀ ਦੱਸਣ ਲੱਗਦੀਆਂ ਹਨ। ਅੰਦਰੋਂ ਟੁੱਟ ਚੁੱਕੀਆਂ ਇਹ ਕੁੜੀਆਂ ਹਲਕੀ ਉਮਰ ਤੋਂ ਲੈ ਕੇ ਕਾਫੀ ਵੱਡੀ ਉਮਰ ਤੱਕ ਦੀਆਂ ਹਨ। ਸਰੀਰਕ ਪੱਖੋਂ ਕਈ ਤਕੜੀਆਂ, ਕਈ ਬਹੁਤ ਹੀ ਕਮਜ਼ੋਰ। ਕਈ ਕਾਕੇਸ਼ੀਅਨ, ਕਈ ਏਸ਼ੀਅਨ, ਕਈ ਅਫਰੀਕਣ, ਕਦੇ ਕਦੇ ਕਈ 'ਇੰਡੀਅਨ' ਮੂਲ ਦੀਆਂ ਵੀ। ਗੱਲ ਕੀ ਹਰ ਨਸਲ, ਹਰ ਰੰਗ, ਇਸ ਦਲਦਲ ਵਿਚ ਧਸਿਆ ਹੋਇਆ ਹੈ।

'ਬਾਊਂਡਰੀ ਰੋਡ' ਲੰਘ ਕੇ ਅਲੀ ਸਟ੍ਰੀਟ ਆਉਣ ਤੋਂ ਪਹਿਲਾਂ ਹੀ 'ਸਾਈਡ ਵਾਕ' ਤੇ ਪਰ੍ਹਾਂ ਲਿਸ਼ਕਦੀ ਹੋਈ ਸੱਜ ਸੰਵਰ ਕੇ ਖੜ੍ਹੀ ਕੁੜੀ ਕੋਲ ਜਾ ਕੇ ਟੈਕਸੀ ਰੋਕਣ ਨੂੰ ਬਜ਼ੁਰਗ ਨੇ ਦੂਰੋਂ ਹੀ ਉਸ ਨੂੰ ਵੇਖਦਿਆਂ ਹੁਕਮ ਦੇ ਦਿੱਤਾ ਸੀ। ਜਦੋਂ ਮੈਂ ਉਸ ਦੇ ਕੋਲ ਜਾ ਕੇ ਟੈਕਸੀ ਰੋਕੀ ਤਾਂ ਗੋਰੇ ਬਾਬੇ ਨੇ ਸ਼ੀਸ਼ਾ ਹੇਠਾਂ ਕਰਦਿਆਂ ਕਾਰ 'ਚ ਬੈਠਿਆਂ ਹੀ ਉਸ ਨਾਲ ਗੱਲ ਤੋਰੀ।

"ਕੀ ਤੂੰ ਇਕ ਰਾਤ ਲਈ ਮੇਰੇ ਨਾਲ ਜਾਣਾ ਚਾਹੁੰਦੀ ਏਂ ?"

"ਤੂੰ ਕੀ ਕਰਨਾ ਚਾਹੁੰਦਾ ਹੈ ?" ਉਸ ਨੇ ਮੁਸਕਰਾ ਕੇ ਆਪਣੀ ਸੇਵਾ ਦੀ ਜਾਣਕਾਰੀ ਦਿੱਤੀ।

"ਸਾਰਾ ਕੁੱਝ ਹੀ" ਬਾਬੇ ਨੇ ਵਰਾਛਾਂ 'ਚੋਂ ਉਸ ਦੇ ਸਾਹਮਣੇ ਅਣਦਿੱਸਦੀਆਂ ਲਾਲਾਂ ਸੁੱਟੀਆਂ।

"ਤਿੰਨ ਸੌ ਡਾਲਰ" ਉਹ ਚੰਚਲ ਜਿਹੀ ਅਦਾ ਨਾਲ ਨਖ਼ਰਾ ਕਰਦੀ ਹੋਈ ਬੋਲੀ।

ਵੇਖਣ ਨੂੰ ਗੋਰੀ ਨਿਛੋਹ, 'ਸਨੋਅ' ਵਰਗੀ ਚਿੱਟੀ, ਉਮਰ ਸ਼ਾਇਦ ਤੀਹ ਬੱਤੀ ਦੇ ਕਰੀਬ, ਪਰ ਮੁੱਖ ਤੋਂ ਚਮਕ ਗਾਇਬ। ਸ਼ਾਇਦ ਬਾਬੇ ਨੂੰ ਵੀ ਏਸ ਕਰ ਕੇ ਹੀ ਚੰਗੀ ਨਹੀਂ ਸੀ ਲੱਗੀ ਜਾਂ ਫੇਰ ਮੱਚ ਮਰੇ ਦਾਣਿਆਂ ਦਾ ਭਾਅ ਹੀ ਕੁਝ ਜ਼ਿਆਦਾ ਸੀ।

"ਡਰਾਈਵਰ, ਟੈਕਸੀ ਨੂੰ ਅੱਗੇ ਲੈ ਚੱਲ, ਹੋਰ ਕੁੜੀ ਵੇਖਦੇ ਆਂ!" ਕਹਿ ਕੇ ਬਾਬਾ ਬਾਹਰ ਝਾਕਣ ਲੱਗ ਪਿਆ।

ਮੈਂ ਦਿਲ ਵਿਚ ਕਿਹਾ ਕਿ 'ਵੇਖਣੀ ਤਾਂ ਤੂੰ ਆਂ, ਮੈਂ ਕਾਹਨੂੰ ਵੇਖਣੀ ਆਂ ?

ਗੋਰੇ ਬਾਬੇ ਦਾ ਤਿਊੜੀਆਂ ਭਰਿਆ ਮੱਥਾ ਵੇਖ ਕੇ ਏਸ ਤਰ੍ਹਾਂ ਲੱਗਾ ਜਿਵੇਂ ਰੋਟੀ ਖਾਂਦਿਆਂ ਦਾਲ਼ 'ਚ ਕੋਕੜੂ ਆ ਗਿਆ ਹੋਵੇ।

ਸ਼ੁੱਕਰਵਾਰ ਦੀ ਰਾਤ ਆਪਣੀ ਜਵਾਨੀ ਤੇ ਸੀ। ਚਾਰੇ ਪਾਸੇ ਚਾਨਣ ਹੀ ਚਾਨਣ ਸੀ। ਪਰ ਜਾਪਦਾ ਸੀ ਕਿ ਇਸ ਰੌਸ਼ਨੀ ਦੀ ਹੱਦ ਸਿਰਫ ਬਾਹਰ ਤੱਕ ਹੀ ਮਹਿਦੂਦ ਸੀ। ਕਈ ਵਾਰ ਰਾਤਾਂ ਨੂੰ ਕਈ ਤੇਜ਼ ਗੱਡੀਆਂ ਚਲਾਉਣ ਵਾਲੇ ਵੀ ਪੁਲਿਸ ਦੀ ਨਜ਼ਰ ਤੋਂ ਅੱਖ ਬਚਾ ਕੇ ਆਪਣਾ ਸ਼ੌਕ ਪੂਰਾ ਕਰਨੋਂ ਨਹੀਂ ਟਲਦੇ। ਕੋਲੋਂ ਦੀ ਪੰਜਾਹ ਕਿੱਲੋਮੀਟਰ ਵਾਲੇ ਜ਼ੋਨ ਵਿਚ ਅੱਸੀ ਨੱਬੇ ਤੇ ਕਾਰਾਂ ਲੰਘ ਰਹੀਆਂ ਸਨ। ਮੈਨੂੰ ਟੈਕਸੀ ਹੌਲੀ ਹੌਲੀ ਚਲਾਉਣੀ ਪੈ ਰਹੀ ਸੀ ਕਿਉਂਕਿ ਸੜਕ ਦੇ ਦੋਵੇਂ ਪਾਸੇ ਹੀ ਨਿਗਾਹ ਲਗਾਉਣੀ ਪੈ ਰਹੀ ਸੀ, ਬਾਬੇ ਦਾ ਹੁਕਮ ਸੀ ਕਿ ਜਦੋਂ ਹੀ ਕੋਈ ਕੁੜੀ ਆਲੇ ਦੁਆਲੇ ਦਿੱਸੀ, ਬੱਸ ਫਟਾਫਟ 'ਐਮਰਜੈਂਸੀ' ਬਰੇਕਾਂ ਲਾ ਦੇਈਂ। ਸੋ ਬਾਬੇ ਲਈ 'ਯੰਗ ਗਰਲ' ਲੱਭਣ ਵਾਸਤੇ ਹੌਲੀ ਹੌਲੀ ਗੱਡੀ ਚਲਾਉਣੀ ਪੈ ਰਹੀ ਸੀ ਨਾ ਕਿ ਗੱਡੀ ਧਿਆਨ ਨਾਲ ਚਲਾਉਣੇ ਵਾਸਤੇ। ਗੱਡੀ ਤਾਂ ਵੈਸੇ ਵੀ ਸ਼ੁਰੂ ਤੋਂ ਮੈਂ ਸਦਾ ਧਿਆਨ ਨਾਲ ਹੀ ਚੱਲਾਈ ਹੈ। ਕੁਤਾਹੀ ਕਰਨ ਤੋਂ ਸਦਾ ਆਪਣੇ ਆਪ ਨੂੰ ਬਚਾਉਂਦਾ ਹੀ ਰਿਹਾ ਹਾਂ। ਏਧਰ ਬਾਬੇ ਦੀ ਗੱਲ ਬਣਦੀ ਹੋਈ ਅਜੇ ਨਜ਼ਰ ਨਹੀਂ ਸੀ ਆ ਰਹੀ ਤੇ ਓਧਰ ਟੈਕਸੀ ਦਾ 'ਮੀਟਰ' ਵੀ ਬਾਬੇ ਦੀਆਂ ਵਾਸ਼ਨਾਵਾਂ ਵਾਂਗ ਮੈਨੂੰ ਆਪੇ ਤੋਂ ਬਾਹਰ ਹੋਇਆ ਜਾਪ ਰਿਹਾ ਸੀ।

ਥੋੜ੍ਹੀ ਜਿਹੀ ਹੋਰ ਦੂਰ ਜਾ ਕੇ 'ਨੰਗੀਆਂ ਲੱਤਾਂ' ਕੋਲ ਬਾਬੇ ਨੇ ਟੈਕਸੀ ਖੜ੍ਹਾਉਣ ਨੂੰ ਕਿਹਾ। ਮੈਂ ਟੈਕਸੀ ਰੋਕੀ, ਬਾਬੇ ਨੇ ਆਪਣੀ 'ਮੰਗ' ਰੱਖੀ। 'ਭਾਅ' ਏਸ ਵਾਰ ਵੀ ਨਹੀਂ ਬਣਿਆ। ਗੱਡੀ ਫੇਰ ਹੌਲੀ ਹੌਲੀ ਦੌੜਨ ਲੱਗੀ। ਮੇਰੀ ਨੇਕ ਕਮਾਈ ਕਰਨਾ ਵਾਲਾ 'ਮੀਟਰ' ਮੂੰਹ ਅੱਡੀ ਵਾਹੋ ਦਾਹੀ ਚੱਲੀ ਜਾ ਰਿਹਾ ਸੀ। ਮੈਂ ਸੋਚ ਰਿਹਾ ਸੀ ਕਿ ਕਿਸ ਤਰ੍ਹਾਂ ਦੇ ਕੰਮ ਕਰਨੇ ਪੈਂਦੇ ਹਨ ਬੰਦੇ ਨੂੰ ਆਪਣੀ ਰੋਜ਼ੀ ਰੋਟੀ ਲਈ ? ਕਿਸ ਤਰ੍ਹਾਂ ਮੈਂ ਇਸ ਮਾਸ ਦੇ ਭੁੱਖੇ ਭੇੜੀਏ ਦਾ ਸਾਥ ਦੇ ਰਿਹਾ ਹਾਂ ਪੈਸੇ ਕਮਾਉਣ ਦੀ ਖਾਤਰ ? ਕੀ ਮੈਂ ਏਸ ਨੂੰ ਆਪਣੀ ਟੈਕਸੀ 'ਚੋਂ ਲਾਹ ਕੇ ਭੱਜ ਨਹੀਂ ਸਕਦਾ ? ਕੀ ਮੈਨੂੰ ਇਸ ਦਾ ਸਾਥ ਦੇਣਾ, ਇਹ ਸਭ ਕੁੱਝ ਸੁਣਨਾ, ਇਹ ਸਭ



ਕਰਨਾ ਮੇਰੀ ਮਜ਼ਬੂਰੀ ਬਣ ਚੁੱਕਾ ਹੈ ? ਮੈਂ ਆਪਣੇ ਮਨ ਨੂੰ ਕਿਹਾ ਕਿ 'ਚੁੱਪ ਕਰ ਜਾ, ਨਹੀਂ ਤਾਂ ਭੁੱਖਾ ਮਰਨਾ ਪਊਗਾ।' ਪਰ ਮੇਰਾ ਅੰਦਰਲਾ ਅਜੇ ਵੀ ਆਪਣੇ ਆਪ ਨਾਲ ਲੜ ਰਿਹਾ ਸੀ। ਕਦੀ ਮੈਂ ਉਹਨਾਂ ਕੁੜੀਆਂ ਬਾਰੇ ਸੋਚਣ ਲੱਗਦਾ ਜਿਨ੍ਹਾਂ ਨੂੰ ਬਾਬੇ ਨੇ ਨਕਾਰ ਦਿੱਤਾ ਸੀ। ਉਹਨਾਂ ਦਾ ਮੀਟਰ ਤਾਂ ਅਜੇ ਚੱਲਿਆ ਹੀ ਨਹੀਂ ਸੀ। ਉਹ ਵੀ ਤਾਂ ਦੋ ਬੁਰਕੀਆਂ ਦੀ ਲੋੜ ਲਾਈ ਹੀ ਆਪਣਾ ਜਿਸਮ ਵੇਚਦੀਆਂ ਹਨ। ਜੇ ਅੱਜ ਦੀ ਰਾਤ ਉਹਨਾਂ ਨੂੰ ਕੋਈ ਆਪਣੀ ਹਵਸ ਮਿਟਾਉਣ ਲਈ ਨਾ ਲੈ ਕੇ ਗਿਆ ਤਾਂ ਕੀ ਕੱਲ੍ਹ ਨੂੰ ਉਨ੍ਹਾਂ ਕੋਲ ਖਾਣ ਲਈ ਕੁੱਝ ਵੀ ਨਹੀਂ ਹੋਵੇਗਾ ? ਜਾਂ ਉਹਨਾਂ ਦੇ 'ਦੱਲੇ' ਜੋ ਉਹਨਾਂ ਨੂੰ ਇਸ ਕੰਮ ਲਈ ਵਰਤਦੇ ਹਨ, ਕਿਸ ਤਰ੍ਹਾਂ ਦਾ ਵਰਤਾਓ ਉਹਨਾਂ ਨਾਲ ਕਰਨਗੇ ?

"ਟੈਕਸੀ ਵਾਲਿਆ ? ਕੀ ਸੋਚ ਰਿਹਾ ਏਂ ਤੂੰ ? ਤੂੰ ? ਉੱਥੇ ਪਿਛਾਂਹ ਰੁਕਿਆ ਕਿਉਂ ਨਹੀਂ ? ਗੱਡੀ ਘੁਮਾ ਅਤੇ ਉੱਥੇ ਵਾਪਸ ਚੱਲ।" ਬਾਬਾ ਸੀਟ ਤੇ ਬੈਠਾ ਬੈਠਾ ਭੱਠੀ 'ਚ ਭੁੱਜਦੇ ਹੋਏ ਦਾਣੇ ਵਾਂਗ ਭੁੜਕਿਆ।

"ਓਕੇ ਸਰ, ਗਲਤੀ ਹੋ ਗਈ" ਮੈਂ ਹੌਲੀ ਦੇਣੀ ਕਹਿ ਕੇ ਗੱਡੀ ਦੇ ਪਿੱਛੇ ਵੇਖਣ ਵਾਲੇ ਸ਼ੀਸ਼ੇ ਵਿਚੀਂ ਵੇਖਿਆ ਤਾਂ ਬੱਤੀਆਂ ਦੇ ਦੂਜੇ ਪਾਰ ਇੱਕ ਅੱਧ ਨੰਗੇ ਸਰੀਰ ਦੀ ਝਲਕ ਜਿਹੀ ਪੈਂਦੀ ਦਿੱਸੀ ਅਤੇ ਨਾਲ ਹੀ ਨਾਲ ਦਿਲ ਹੀ ਦਿਲ ਵਿੱਚ ਬਾਬੇ ਤੇ ਗਾਲ਼ਾਂ ਦੀ ਝੜੀ ਲਾ ਦਿੱਤੀ ਕਿ 'ਸਾਲਾ ਬੁੱਢਾ ਆਸ਼ਕ ਪਹਿਲਾਂ ਨਹੀਂ ਸੀ ਬੋਲ ਸਕਦਾ ਹੁਣ ਚੁਰਸਤੇ ਦੀਆਂ ਬੱਤੀਆਂ ਲੰਘ ਕੇ ਸੰਘ ਪਾੜਨ ਲੱਗ ਪਿਆ ਏ। ਪਹਿਲਾਂ ਤਾਂ ਬੜਾ ਚੰਗਾ ਲੱਗਦਾ ਸੀ ਸੁਭਾਅ ਤੋਂ ਹੁਣ ਤਾਂ ਇਉਂ ਬੋਲਿਆ ਜਿਵੇਂ ਖਾ ਲੈਣਾ ਹੋਵੇ!" ਦਿਲ ਤਾਂ ਕੀਤਾ ਕਿ ਬਾਬੇ ਨੂੰ ਇੱਥੇ ਹੀ ਕਣਕ ਦੇ ਵੱਢ ਵਰਗੀ ਰੜੀ ਸੜਕ 'ਤੇ ਲਾਹ ਕੇ ਇਹਦੀ ਰਾਤ ਰੰਗੀਲੀ ਕਰ ਦਿਆਂ। ਪਰ ਫੇਰ ਸੋਚਿਆ ਕਿ ਸ਼ਾਇਦ ਦਾਰੂ ਦਾ ਅਸਰ ਕੁੱਝ ਘੱਟ ਹੋਣ ਕਰ ਕੇ ਹੀ ਬਾਬਾ ਅਸਲੀ ਰੰਗ ਵਿਚ ਆ ਰਿਹਾ ਸੀ। ਜਾਂ ਹੋ ਸਕਦਾ ਬਾਬਾ ਅਸਲੀ ਰੰਗ ਵਿਚ ਆ ਰਿਹਾ ਸੀ। ਜਾਂ ਹੋ ਸਕਦਾ ਬਾਬਾ ਮੀਟਰ ਵੇਖ ਕੇ ਸ਼ਾਇਦ ਘਬਰਾ ਗਿਆ ਹੋਵੇ ਕਿਉਂਕਿ ਕਈ ਗਾਹਕਾਂ ਨਾਲ ਇੰਝ ਵੀ ਤਾਂ ਹੋ ਹੀ ਜਾਂਦੈ। ਟੈਕਸੀ ਭਾੜੇ ਤੇ ਕਰਨੀ ਕਿਹੜਾ ਹਰ ਕਿਸੇ ਦੇ ਵਿੱਤ ਅਨੁਸਾਰ ਆ ? ਪਰ ਇਹ ਵੀ ਹੋ ਸਕਦਾ ਕਿ ਵਾਸ਼ਨਾਵਾਂ ਦਾ ਪਾਰਾ ਬਾਬੇ ਦੀਆਂ ਨਾੜਾਂ 'ਚ ਗੁੱਸਾ ਬਣ ਕੇ ਉਬਾਲਾ ਮਾਰਨ ਲੱਗ ਪਿਆ ਹੋਵੇ। ਦਿਲ ਨੂੰ ਦਿਲਾਸਾ ਦਿੱਤਾ ਕਿ ਚਲੋ ਕੋਈ ਨਹੀਂ 'ਗਾਹਕ' ਤਾਂ 'ਰੱਬ' ਦਾ ਰੂਪ ਹੁੰਦਾ, ਵੈਸੇ ਵੀ ਮੇਰੀ ਟੈਕਸੀ 'ਚ ਅੱਜ ਰੱਬ ਆਪ ਹੀ ਬਹੁੜਿਆ ਲੱਗਦਾ ਸੀ ਜਦੋਂ ਮੈਂ ਮੀਟਰ ਨੂੰ ਸ਼ੁਗਾਟੇ ਮਾਰਦਾ ਵੇਖਦਾ ਹਾਂ।

ਮੈਂ ਛੇਤੀ ਛੇਤੀ ਖੱਬੇ ਪਾਸੇ ਵੱਲ ਮੁੜਦੀ ਗਲੀ ਵੱਲ ਕਾਰ ਮੋੜੀ ਅਤੇ ਵਾਪਸ 'ਕਿੰਗਸ-ਵੇਅ' ਤੇ ਗੱਡੀ ਚਾੜ੍ਹ ਕੇ ਸੋਚਣ ਲੱਗਾ ਕਿ ਪਤਾ ਨਹੀਂ ਉਹ ਉੱਥੇ ਦੂਜੇ ਪਾਸੇ ਹੁਣ ਖੜ੍ਹੀ ਵੀ ਹੋਵੇਗੀ ਕਿ ਨਹੀਂ। ਟੈਕਸੀ ਦੇ ਮੋਹਰੇ ਇੱਕ ਛੋਟਾ ਜਿਹਾ ਡਲਿਵਰੀ ਟਰੱਕ ਆਉਣ ਕਾਰਨ ਅੱਗੇ ਸੜਕ ਤੇ ਕੁੱਝ ਦਿੱਸ ਵੀ ਨਹੀਂ ਰਿਹਾ ਸੀ। ਨਾਲੇ ਪੈਰ ਪੈਰ ਤੇ ਤਾਂ ਏਸ ਸਮੇਂ ਸ਼ਿਕਾਰੀ ਫਿਰਦੇ ਨੇ। ਕੀ ਪਤਾ ਕਦੋਂ ਕਿਹੜਾ ਹੂੰਝਾ ਫੇਰ ਜਾਵੇ ? 'ਫਰਾਈਡੇ' ਹੋਣ ਕਾਰਨ ਕਈ ਵਾਰ ਤਾਂ ਇਹ ਕੁੜੀਆਂ ਬਹੁਤ ਹੀ 'ਬਿਜ਼ੀ' ਹੋ ਜਾਂਦੀਆਂ ਹਨ, ਬਾਰਾਂ ਕੁ ਵਜੇ ਤੋਂ ਬਾਅਦ ਮੈਂ ਸੜਕ ਤੇ ਖੜ੍ਹੀਆਂ ਘੱਟ ਹੀ ਵੇਖੀਆਂ ਸਨ।

ਪਰ ਨਹੀਂ, ਮੈਂ ਚੁਰਸਤੇ ਦੀਆਂ ਬੱਤੀਆਂ ਲੰਘ ਕੇ ਖੱਬੇ ਪਾਸੇ ਵੱਲ ਵੇਖਿਆ ਤਾਂ ਉਹ ਅਜੇ ਉੱਥੇ ਹੀ ਖੜ੍ਹੀ ਸੀ। ਟੈਕਸੀ ਫੇਰ ਵਾਪਸ ਓਸ ਹੀ ਟਰੈਕ ਤੇ ਲਿਆ ਕੇ 'ਪਰੀਆਂ' ਵਰਗੀ ਜਾਪਦੀ ਕੁੜੀ ਕੋਲ਼ ਖੜ੍ਹਾਈ ਤਾਂ ਬਾਬਾ ਸ਼ੀਸ਼ਾ ਨੀਵਾਂ ਕਰ ਕੇ ਆਪਣਾ ਰੰਗ ਫੇਰ ਵਿਖਾਉਣ ਲੱਗਾ।

"ਕਿੰਨੇ ਪੈਸੇ ਲਏਂਗੀ" ਬਾਬਾ ਦਗਦਾ ਹੋਇਆ ਜਿਸਮ ਵੇਖ ਕੇ ਮੱਚਿਆ।

"ਕਰਨਾ ਕੀ ਹੈ" ਦੁੱਧ ਵਰਗੀ ਕੁੜੀ ਨੇ ਹੱਸਦੀ ਹੋਈ ਨੇ ਪੁੱਛਿਆ।

"ਸਾਰਾ ਕੁਝ, ਹੋ ਸਕਦਾ ਹੈ ਸਾਰੀ ਰਾਤ ਲਈ" ਬਾਬੇ ਨੇ ਆਪਣਾ 'ਮੈਨੀਫੈਸਟੋ' ਦੱਸਿਆ।

"ਚਾਰ ਸੌ ਡਾਲਰ" ਕਹਿ ਕੇ ਗੋਰਾ ਜਿਸਮ ਗੋਰੇ ਬਾਬੇ ਦੇ ਕੋਲ਼ ਨੂੰ ਹੋਇਆ।

"ਇਹ ਤਾਂ ਬਹੁਤ ਜ਼ਿਆਦਾ ਹਨ, ਮੇਰੇ ਕੋਲ ਤਾਂ ਸਿਰਫ਼ ਦੋ ਸੌ ਹੀ ਹਨ, ਹੋਰ ਹੈ ਨੀਂ। ਤੂੰ ਕੁੱਝ ਘੱਟ ਨਹੀਂ ਕਰ ਸਕਦੀ ?" ਗੋਰਾ ਬਾਬਾ 'ਚਾਂਦੀ' ਦੇ ਭਾਅ 'ਸੋਨੇ' ਦਾ ਮੁੱਲ ਕਰਦਾ ਲੱਗਦਾ ਸੀ।

ਏਨਾ ਸੁਣ ਕੇ ਬਾਬੇ ਦੇ ਸਵਾਲ ਦਾ ਜਵਾਬ ਦਿੱਤਿਆਂ ਬਗੈਰ ਉਹ 'ਪਰੀ' ਲੱਕ ਲਚਕਾਉਂਦੀ ਹੋਈ ਹੋਰ ਗਾਹਕ ਦੀ ਉਡੀਕ ਕਰਨ ਲਈ ਕਾਰ ਤੋਂ ਪਰ੍ਹਾਂ ਜਿਹੇ ਹੋ ਕੇ ਆਲਾ ਦੁਆਲਾ ਵੇਖਣ ਲੱਗ ਪਈ।

"ਡਰਾਈਵਰ, ਇੱਥੋਂ ਚਲੋ, ਹੁਣ 'ਮੇਨ ਸਟ੍ਰੀਟ' ਤੇ ਚੱਲਦੇ ਹਾਂ।" ਬਾਬੇ ਦਾ 'ਮੂਡ' ਖਰਾਬ ਹੋ ਗਿਆ ਲੱਗਦਾ ਸੀ।

"ਠੀਕ ਹੈ" ਆਖ ਕੇ ਮੈਂ 'ਨਾਈਟ ਸਟ੍ਰੀਟ' ਤੇ ਸੱਜਾ ਮੋੜ ਮੁੜ ਕੇ ਹਾਈਬਰੈਡ ਟੈਕਸੀ ਦੀ ਕਿੱਲੀ ਉੱਤਰ ਵਾਲੇ ਪਾਸੇ ਨੂੰ ਦੱਬ ਦਿੱਤੀ।

ਰਾਤ ਦੇ ਇਕ ਵਜੇ ਦੇ ਕਰੀਬ ਇਹ ਟਰਿੱਪ ਮੈਨੂੰ ਮਿਲਿਆ ਸੀ ਅਤੇ ਹੁਣ ਢਾਈ ਕੁ ਵਜੇ ਦੇ ਕਰੀਬ ਸਮਾਂ ਹੋ ਗਿਆ ਸੀ। ਮੀਟਰ ਨੂੰ ਤਾਂ ਕੋਈ ਪਰਵਾਹ ਹੀ ਨਹੀਂ ਸੀ ਭਾਵੇਂ ਸਾਰੀ ਉਮਰ ਏਦਾਂ ਹੀ ਚੱਲਦਾ ਰਹਿੰਦਾ ਪਰ ਬੰਦਾ ਸਾਰੀ ਉਮਰ ਮਸ਼ੀਨਾਂ ਵਾਂਗ ਕਿਵੇਂ ਕੰਮ ਕਰ ਸਕਦਾ ਹੈ ? ਅਰਾਮ ਦੀ ਵੀ ਲੋੜ ਹੁੰਦੀ ਹੀ ਹੈ। ਸਾਢੇ ਕੁ ਤਿੰਨ ਵਜੇ ਤੱਕ ਮੈਂ ਸ਼ੁੱਕਰਵਾਰ ਦੀ ਰਾਤ ਨੂੰ ਕੰਮ ਕਰਦਾ ਹੁੰਦਾ ਹਾਂ। ਅਜੇ ਘੰਟਾ ਹੋਰ ਬਾਕੀ ਸੀ। ਬਾਬਾ ਵੀ ਅਜੇ ਗੱਡੀ ਵਿਚ ਹੀ ਸੀ। ਹੁਣ ਤੱਕ ਪੈਂਹਠ ਕੁ ਡਾਲਰ ਮੀਟਰ ਹੂੰਝ ਚੁੱਕਾ ਸੀ ਤੇ ਹੋਰ ਪਤਾ ਨਹੀਂ ਕਿੰਨੇ ਕੁ ਹੂੰਝਣੇ ਬਾਕੀ ਸਨ।

"ਸ਼੍ਰੀ ਮਾਨ ਜੀ ਤੁਹਾਡੀ ਪਾਰਟੀ ਕਿਹੋ ਜਿਹੀ ਸੀ ?" ਬਾਬੇ ਨੂੰ ਇਹ ਮੇਰਾ ਸਿੱਧਾ ਜਿਹਾ ਸਵਾਲ ਸੀ।

"ਬਹੁਤ ਵਧੀਆ ਸੀ, ਬਹੁਤ ਵਧੀਆ ਸੀ" ਬਾਬਾ ਗੱਲ ਕਰਨ ਦੇ ਮੂਡ 'ਚ ਹੁੰਦਾ ਹੋਇਆ ਬੋਲਿਆ।

"ਕਾਹਦੀ ਪਾਰਟੀ ਸੀ" ਮੈਂ ਗੱਲ 'ਚੋਂ ਕੁੱਝ ਕੱਢਣਾ ਚਾਹੁੰਦਾ ਸਾਂ।

"ਮੇਰੇ ਸਕੂਲੀ ਸਮੇਂ ਦੇ ਪਾੜ੍ਹਿਆਂ ਦੀ ਮਿਲਣੀ ਸੀ" ਗੋਰਾ ਬਾਬਾ ਚਿਹਰੇ ਤੇ ਮੁਸਕਾਨ ਲਿਆਉਂਦਾ ਹੋਇਆ ਬੋਲਿਆ।

"ਬਹੁਤ ਵਧੀਆ, ਪੁਰਾਣੇ ਸਕੂਲੀ ਸਮੇਂ ਦੇ ਮਿੱਤਰ, ਕੀ ਉੱਥੇ ਉਨ੍ਹਾਂ 'ਚ ਤੁਹਾਡੀ ਕੋਈ ਕੁੜੀ ਮਿੱਤਰ ਵੀ ਆਈ ਸੀ ?" ਮੈਂ ਹੱਸਦੇ ਹੋਏ ਨੇ ਬਾਬੇ ਨੂੰ ਛੇੜਿਆ।



"ਓਹ ਹਾਂ, ਜ਼ਰੂਰ, ਕਈ ਆਈਆਂ ਸਨ" ਆਖ ਕੇ ਬਾਬਾ 'ਮੈਗਨੌਲੀਏ' * ਦੇ ਫੁੱਲ ਵਾਂਗ ਖਿੜਿਆ।

"ਫੇਰ ਤਾਂ ਸ਼ਾਇਦ ਤੁਹਾਨੂੰ ਉਹਨਾਂ ਨਾਲ ਪੁਰਾਣੀਆਂ ਯਾਦਾਂ ਤਾਜ਼ਾ ਕਰਨ ਲਈ ਚਲੇ ਜਾਣਾ ਚਾਹੀਦਾ ਸੀ" ਮੈਂ ਸਵਾਲ ਕਰ ਕੇ ਸੋਚਿਆ ਕਿ ਇਹ ਸਵਾਲ ਨਹੀਂ ਸੀ ਕਰਨਾ ਚਾਹੀਦਾ। ਪਰ ਹੁਣ ਤਾਂ ਤੀਰ ਕਮਾਨੋਂ ਨਿਕਲ ਚੁੱਕਾ ਸੀ।

"ਓਹ ਜੁਆਨਾ, ਅਸੀਂ ਬਥੇਰਾ ਚੰਗਾ ਸਮਾਂ ਵੇਖਿਆ ਸਕੂਲੀ ਸਮੇਂ 'ਚ, ਹੁਣ ਉਹ ਮੇਰੇ ਲਈ ਬੁੱਢੀਆਂ ਹੋ ਚੁੱਕੀਆਂ ਹਨ" ਖੈਰ, ਬਾਬੇ ਨੇ ਬੁਰਾ ਨਹੀਂ ਸੀ ਮਨਾਇਆ ਮੇਰੇ ਸਵਾਲ ਦਾ।

"ਚੱਲੋ ਫੇਰ ਤਾਂ ਠੀਕ ਹੈ" ਮੈਂ ਗੱਲ ਮੁਕਾਈ।

'ਮੇਨ ਸਟ੍ਰੀਟ' ਅਤੇ 'ਹੇਸਟਿੰਗਜ਼ ਸਟ੍ਰੀਟ' ਤੇ ਅਸੀਂ ਪਹੁੰਚ ਗਏ ਸੀ। ਲਾਲ ਬੱਤੀ ਵਾਲੇ ਇਲਾਕੇ 'ਚ ਬਾਬਾ ਮੈਨੂੰ ਲੈ ਆਇਆ ਸੀ। ਇੱਕ ਸਟ੍ਰੀਟ ਤੇ ਸੱਜੇ ਪਾਸੇ ਮੁੜ ਕੇ ਖਾਲੀ ਥਾਂ ਤੇ ਬਾਬੇ ਨੇ ਇਸ਼ਾਰਾ ਕਰ ਕੇ ਮੈਨੂੰ ਗੱਡੀ ਰੋਕਣ ਲਈ ਕਿਹਾ।

ਇਸ ਰਸਤੇ ਤੇ ਕੁੱਝ ਲੋਕ ਆ ਜਾ ਰਹੇ ਸਨ। ਕਈ ਨਸ਼ੇ 'ਚ ਲੱਗਦੇ ਸਨ, ਕਈਆਂ ਦੇ ਗੰਦੇ ਮੰਦੇ ਕੱਪੜੇ, ਕਈ ਡੁਲਕਦੇ ਜਿਹੇ ਅੱਧ ਢਕੇ ਜਿਸਮ, ਕਈ ਉੱਚੀ ਉੱਚੀ ਆਪੇ ਤੋਂ ਬਾਹਰ ਹੋਏ ਹੋਏ ਰੌਲੀ ਪਾਉਂਦੇ ਹੋਏ ਤੁਰ ਫਿਰ ਰਹੇ ਸਨ। ਮੱਧਮ ਜਿਹੀ ਰੌਸ਼ਨੀ ਵਾਲੇ ਲਾਈਟਾਂ ਦੇ ਖੰਭਿਆਂ ਕੋਲ, ਕੂੜੇਦਾਨਾਂ ਦੇ ਕੋਲ, ਗਰੌਸਰੀ * ਲਿਆਉਣ ਵਾਲੀਆਂ ਬੱਗੀਆਂ ਦੇ ਵਿਚ ਅੱਧ ਪਾਗਲ ਜਿਹੇ ਹੋਏ ਇਹ ਲੋਕ ਸਾਰੀ ਸਾਰੀ ਰਾਤ ਇਸੇ ਤਰ੍ਹਾਂ ਹੀ ਇੱਥੇ ਬਿਤਾਉਣ ਦੇ ਆਦੀ ਹੋ ਚੁੱਕੇ ਹਨ। ਗੌਰਮਿੰਟਾਂ ਇਨ੍ਹਾਂ ਨੂੰ ਇੱਥੋਂ ਲਿਜਾ ਕੇ ਕਿਤੇ ਹੋਰ ਵਸਾਉਣਾ ਚਾਹੁੰਦੀਆਂ ਹਨ ਪਰ ਪਤਾ ਨਹੀਂ ਇਹ ਗੌਰਮਿੰਟੀ 'ਮਿਸ਼ਨ' ਸਿਰੇ ਕਿਉਂ ਨਹੀਂ ਚੜ੍ਹਦੇ ? ਵੈਨਕੂਵਰ ਪੁਲੀਸ ਦਾ ਇਸ 'ਈਸਟ ਸਾਈਡ' ਇਲਾਕੇ ਵਿਚ ਬਹੁਤ ਵੱਡਾ ਪੁਲਸ ਥਾਣਾ ਵੀ ਹੈ ਪਰ ਇਸ ਦੁਆਲੇ ਦੁਆਲੇ ਹੀ ਉਹ ਧੰਦੇ ਹੋ ਰਹੇ ਹਨ ਜੋ ਸੱਭਿਅਕ ਸਮਾਜ ਦੇ ਮੂੰਹ ਤੇ ਅਸੱਭਿਅਕ ਅਣਮਨੁੱਖੀ ਕਾਲੇ ਦਾਗ ਕਹੇ ਜਾ ਸਕਦੇ ਹਨ। ਜੋ ਸ਼ਾਇਦ ਹੁਣ ਚੇਚਕ ਦੇ ਦਾਗਾਂ ਵਾਂਗ ਹਟਾਉਣੇ ਬਹੁਤ ਹੀ ਮੁਸ਼ਕਿਲ ਹਨ !

ਟੈਕਸੀ ਦੇ ਕੋਲ ਇੱਕ ਬੁਝੇ ਹੋਏ ਦੀਵੇ ਵਰਗੀ ਜ਼ਨਾਨੀ ਆਈ, ਜਿਸ ਨਾਲ ਬਾਬੇ ਨੇ ਆਪਣੀ ਗਿਟ-ਮਿਟ ਫੇਰ ਸ਼ੁਰੂ ਕਰ ਦਿੱਤੀ ਪਰ ਏਸ ਵਾਰ ਬਾਬੇ ਦਾ ਵਿਸ਼ਾ ਹੋਰ ਸੀ।

"ਕੀ ਤੇਰੇ ਕੋਲ 'ਰੌਕ' * ਹੈ ?" ਬਾਬਾ ਨੋਟ ਗਿਣਦਾ ਹੋਇਆ ਬੋਲਿਆ।

"ਕੀ ਤੂੰ ਪੁਲਿਸ ਵਾਲਾ ਹੈ ?" ਜ਼ਨਾਨੀ ਡਰਦੀ ਹੋਈ ਬੋਲੀ।

"ਠੀਕ ਨਹੀਂ, ਮੈਨੂੰ ਸੱਠ ਡਾਲਰ ਦਾ ਨਸ਼ਾ ਦਿਓ" ਬਾਬੇ ਨੇ ਪੈਸੇ ਉਸ ਨੂੰ ਫੜਾਉਂਦੇ ਹੋਏ ਨੇ ਕਿਹਾ।

"ਠੀਕ ਹੈ, ਮੇਰਾ ਇੰਤਜ਼ਾਰ ਕਰੀਂ, ਮੈਂ ਹੁਣੇ ਵਾਪਸ ਆਈ" ਏਨਾ ਆਖ ਉਹ ਪਿਛਾਂਹ ਛੋਟੀ ਗਲੀ ਜਿਸ ਨੂੰ ਇੱਥੇ 'ਐਲੀ' ਕਹਿੰਦੇ ਹਨ, ਵਿੱਚ ਗਾਇਬ ਹੋ ਗਈ।

ਪੰਜ ਮਿੰਟ, ਦਸ ਮਿੰਟ, ਪੰਦਰਾਂ ਮਿੰਟ....

ਗੋਰਾ ਬਾਬਾ ਆਸਾਂ ਦੀ ਸੁਆਹ ਫੋਲਦਾ ਹੋਇਆ ਬੋਲਿਆ, "ਮੈਂ ਸੋਚਦਾ ਹਾਂ ਕਿ ਉਸ ਨੇ

ਵਾਪਸ ਨਹੀਂ ਆਉਣਾ!"

"ਤੂੰ ਉਸ ਨੂੰ ਪੈਸੇ ਕਿਉਂ ਦਿੱਤੇ? ਕੀ ਤੂੰ ਉਹਨੂੰ ਜਾਣਦਾ ਸੀ?" ਬਾਬੇ ਦੀ ਮੂਰਖਤਾ ਤੇ ਮੈਂ ਸਵਾਲ ਕੀਤਾ।

"ਨਹੀਂ, ਮੈਂ ਨਹੀਂ ਉਸ ਨੂੰ ਜਾਣਦਾ" ਬਾਬਾ ਮੈਨੂੰ ਬਗੈਰ ਸਿੰਗਾਂ ਤੋਂ ਸਾਨ੍ਹ ਵਰਗਾ ਲੱਗਿਆ, ਜਿਹੜਾ ਕਿਸੇ ਦਾ ਕੁੱਝ ਨਹੀਂ ਸੀ ਵਿਗਾੜ ਸਕਦਾ। ਅੱਜ ਕੱਲ੍ਹ ਤਾਂ ਚੰਗੇ ਭਾਲੇ ਜਾਣ ਪਛਾਣ ਵਾਲੇ ਬੰਦੇ ਤੇ ਯਕੀਨ ਕਰਨਾ ਔਖਾ ਹੈ, ਇਹਨੇ ਤਾਂ ਮੂਲੋਂ ਹੀ ਬੇਪਛਾਣ ਜ਼ਨਾਨੀ ਤੇ ਯਕੀਨ ਕਰ ਲਿਆ ਸੀ, ਉਹ ਵੀ ਕਿਹੋ ਜਿਹੇ ਇਲਾਕੇ ਵਿੱਚ ਜਾ ਕੇ!

"ਹੁਣ ਤੁਸੀਂ ਕੀ ਕਰਨਾ ਹੈ? ਤੁਸੀਂ ਉਸ ਦੀ ਹੋਰ ਇੰਤਜ਼ਾਰ ਕਰਨਾ ਚਾਹੁੰਦੇ ਹੋ ਜਾਂ ਇੱਥੋਂ ਜਾਣਾ ਚਾਹੋਗੇ? ਮੇਰਾ ਖਿਆਲ ਹੈ ਕਿ ਉਹ ਤੁਹਾਨੂੰ ਚੂਨਾ ਲਾ ਗਈ ਹੈ।" ਮੈਂ ਉਸ ਨੂੰ ਸੁਝਾ ਦਿੱਤਾ।

ਏਧਰ ਵਰਤਮਾਨ ਦਾ ਸਮਾਂ ਵਾਹੋ-ਦਾਹੀ ਭੱਜਾ ਜਾ ਰਿਹਾ ਸੀ ਤੇ ਮੇਰੀ ਸ਼ਿਫਟ ਖ਼ਤਮ ਹੋਣ ਦਾ ਸਮਾਂ ਨਜ਼ਦੀਕ ਆ ਰਿਹਾ ਸੀ। ਤਿੰਨ ਵੱਜ ਚੁੱਕੇ ਸਨ। ਮੈਂ ਮਨ ਹੀ ਮਨ ਸੋਚ ਰਿਹਾ ਸਾਂ ਕਿ 'ਬੁੱਢੇ ਬਾਬੇ' ਨੂੰ ਹੁਣ ਕੋਈ 'ਜੁਆਨ ਬੀਬੀ' ਮਿਲ ਹੀ ਜਾਵੇ!

"ਠੀਕ ਹੈ, ਚੱਲ ਹੁਣ ਮੈਨੂੰ 'ਕਿੰਗਸ-ਵੇਅ' ਤੇ 'ਬਰਨਬੀ' ਵੱਲ ਨੂੰ ਵਾਪਸ ਲੈ ਚੱਲ। ਜੇ ਤੂੰ ਕੋਈ ਕੁੜੀ ਖੜ੍ਹੀ ਵੇਖੀ, ਆਪਣੀ ਟੈਕਸੀ ਉਦੋਂ ਹੀ ਰੋਕ ਦੇਈਂ" ਬਾਬਾ ਬਿਨਾਂ ਮਤਲਬ ਤੋਂ ਜੇਬ ਹਲਕੀ ਕਰਾ ਕੇ ਹੁਣ ਥੋੜ੍ਹਾ ਹਲਕਾ ਹੋ ਗਿਆ ਲੱਗਦਾ ਸੀ।

"ਠੀਕ ਹੈ ਜਨਾਬ!" ਮੈਂ ਹੱਸ ਕੇ ਕਿਹਾ ਤੇ ਗੱਡੀ ਦਾ 'ਡਿਜ਼ਟਲ ਸਪੀਡੋਮੀਟਰ' ਸੱਠ ਤੇ ਲੈ ਆਂਦਾ।

ਇਸ ਸਮੇਂ ਡਾਊਨ-ਟਾਊਨ ਵਾਲੇ ਪਾਸੇ ਤੋਂ ਕਾਫ਼ੀ ਕਾਰਾਂ ਹੋਰ ਸ਼ਹਿਰਾਂ ਵੱਲ ਨੂੰ ਨਿਕਲ ਰਹੀਆਂ ਸਨ। ਜਵਾਨੀਆਂ ਕਲੱਬਾਂ ਵਿਚ 'ਗਿੱਧੇ ਭੰਗੜੇ' ਪਾ ਕੇ ਆਪਣੇ ਆਪਣੇ ਟਿਕਾਣਿਆਂ ਵੱਲ ਵਾਪਸ ਪਰਤ ਰਹੀਆਂ ਸਨ। ਰਸਤੇ ਵਿੱਚ ਕਈ ਲੋਕਾਂ ਨੇ ਟੈਕਸੀ ਨੂੰ ਹੱਥ ਮਾਰਿਆ। ਭਾਵੇਂ ਕਿ 'ਟੌਪ ਲਾਈਟ' ਵੀ ਬੰਦ ਸੀ। ਪਰ ਬਾਬਾ ਤਾਂ ਅਜੇ ਮੇਰੀ ਟੈਕਸੀ ਵਿੱਚ ਹੀ ਸੀ। ਇਸ ਲਈ ਮੈਂ ਉਹਨਾਂ ਨੂੰ ਅਣਡਿੱਠ ਕਰਦਾ ਹੋਇਆ 'ਮੇਨ ਸਟ੍ਰੀਟ' ਤੋਂ ਹੁੰਦੇ ਹੋਏ ਨੇ 'ਕਿੰਗਸ-ਵੇਅ' ਤੇ ਗੱਡੀ ਲਿਆ ਚਾੜ੍ਹੀ। ਰਸਤੇ ਵਿਚ 'ਕੁੜੀ ਚਿੜੀ' ਦਾ ਨਾਮੋ ਨਿਸ਼ਾਨ ਵੀ ਨਹੀਂ ਸੀ। ਲੱਗਦਾ ਸੀ 'ਪਟਾਕੇ' ਮੁੱਕ ਚੁੱਕੇ ਸਨ, 'ਦੀਵਾਲੀ' ਹਨੇਰੀ ਹੋ ਚੁੱਕੀ ਸੀ।

'ਵੈਕਟੋਰੀਆ ਸਟ੍ਰੀਟ' ਲੰਘ ਕੇ ਨਾਨੈਮੋ ਸਟ੍ਰੀਟ ਤੋਂ ਇਕ ਬਲਾਕ ਪਹਿਲਾਂ ਹੀ ਸੱਜੇ ਪਾਸੇ 'ਬੈਟਰੀ' ਵਾਂਗ ਜਗਦੀ ਜੁਆਨ ਕੁੜੀ ਖੜ੍ਹੀ ਸੀ। ਮੈਂ ਸੱਜਾ ਇਸ਼ਾਰਾ ਜਗਾ ਕੇ ਗੱਡੀ ਲਿਜਾ ਕੇ ਪਾਸੇ ਤੇ ਲਗਾਈ। ਉਹ ਕਾਰ ਦੇ ਨੇੜੇ ਆਈ। ਅਜੇ ਬਾਬੇ ਨੂੰ ਆਪਣਾ 'ਮੈਨੀਫੈਸਟੋ' ਉਸ ਨੂੰ ਬਿਆਨ ਕਰਦੇ ਨੂੰ ਇੱਕ ਅੱਧਾ ਮਿੰਟ ਹੀ ਹੋਇਆ ਸੀ ਕਿ ਦੋ 'ਅਨ-ਮਾਰਕਡ' ਪੁਲਸ ਦੀਆਂ ਕਾਰਾਂ ਟੈਕਸੀ ਦੇ ਦੁਆਲੇ ਆ ਕੇ ਲਾਈਟਾਂ ਜਗਾ ਕੇ ਘੇਰ ਕੇ ਖੜ੍ਹ ਗਈਆਂ। ਦੋਵਾਂ ਕਾਰਾਂ ਵਿਚ ਦੋ ਦੋ ਪੁਲਸ ਵਾਲੇ ਸਨ। ਮੈਨੂੰ ਜਾਪਿਆ ਕਿ ਮੈਂ ਕਾਰ ਖੜ੍ਹਾਉਣ ਲੱਗੇ ਨੇ ਜਾਂ ਪਿੱਛੇ ਆਉਂਦਿਆਂ ਹੋਇਆਂ ਕੋਈ ਗ਼ਲਤੀ ਕਰ ਦਿੱਤੀ ਹੈ। ਪਰ ਕੁੱਝ ਹੀ ਮਿੰਟਾਂ ਵਿਚ ਕੁਝ ਹੋਰ ਹੀ ਨਿਕਲਿਆ।



ਇਕ ਪੁਲਸ ਵਾਲਾ ਥੋੜ੍ਹੇ ਮਿੰਟਾਂ ਬਾਅਦ ਬਾਬੇ ਵਾਲੇ ਪਾਸੇ ਆ ਕੇ ਬਾਬੇ ਨੂੰ ਸਵਾਲ ਕਰਨ ਲੱਗਾ।

"ਮਿਹਰਬਾਨੀ ਕਰਕੇ ਟੈਕਸੀ 'ਚੋਂ ਬਾਹਰ ਆ ਜਾਓ, ਸ਼੍ਰੀ ਮਾਨ ਜੀ।"

"ਮੈਂ ਕ.. ਕ... ਕੀ ਕੀਤਾ ਹੈ?" ਬਾਬਾ ਬੋਲਦਾ ਬੋਲਦਾ ਜ਼ਬਾਨੋਂ ਉਖੜਿਆ।

"ਤੁਸੀਂ ਬਹੁਤ ਸੰਗੀਨ ਜੁਰਮ ਕੀਤਾ ਹੈ, ਮਿਹਰਬਾਨੀ ਕਰਕੇ ਕਾਰ ਤੋਂ ਬਾਹਰ ਆ ਜਾਓ" ਪੁਲੀਸ ਵਾਲਾ ਹੁਣ ਪਿਛਲੇ ਵਾਕ ਤੇ ਅੱਗੇ ਨਾਲੋਂ ਥੋੜ੍ਹਾ ਜਿਹਾ ਜ਼ਿਆਦਾ ਜੋਰ ਪਾਉਂਦਾ ਹੋਇਆ ਬੋਲਿਆ।

ਬਾਬਾ ਜੀ ਕਾਰ 'ਚੋਂ ਬਾਹਰ ਨਿਕਲੇ ਤਾਂ ਪੁਲਸ ਵਾਲੇ ਨੇ ਉਸ ਨੂੰ ਕਿਹਾ ਕਿ ਇਹ 'ਕੁੜੀ' ਜਿਸ ਨੂੰ ਤੂੰ 'ਵਰਕਿੰਗ ਗਰਲ' ਸਮਝਦਾ ਹੈ ਪੁਲੀਸ ਵਾਲੀ ਹੈ ਅਤੇ ਜੋ ਗੱਲਾਂ ਤੂੰ ਇਸ ਨਾਲ਼ ਕੀਤੀਆਂ ਸਨ ਸਭ ਗੈਰ ਕਾਨੂੰਨੀ ਹਨ। ਇਸ ਦੇ ਨਾਲ ਹੀ ਪੁਲਸ ਵਾਲੇ ਨੇ ਗੋਰੇ ਬਜ਼ੁਰਗ ਨੂੰ ਉਸ ਦੇ ਅਧਿਕਾਰ ਦੱਸਦੇ ਹੋਏ ਨੇ ਪਿੱਠ ਪਿੱਛੇ ਦੋਵੇਂ ਹੱਥ ਕਰਾ ਕੇ ਹੱਥ ਕੜੀਆਂ ਲਾ ਲਈਆਂ।

ਦੂਜਾ ਪੁਲਸ ਵਾਲਾ ਹੁਣ ਮੇਰੇ ਕੋਲ ਆ ਕੇ ਮੈਨੂੰ ਕਹਿਣ ਲੱਗਾ, "ਕੀ ਇਸ ਨੇ ਤੈਨੂੰ ਟੈਕਸੀ ਦਾ ਕਿਰਾਇਆ ਦੇ ਦਿੱਤਾ ਹੈ?"

"ਹਾਂ ਇਸ ਨੇ ਸ਼ੁਰੂ ਵਿਚ ਹੀ ਮੈਨੂੰ ਸੌ ਡਾਲਰ ਦੇ ਦਿੱਤਾ ਸੀ" ਮੈਂ ਮੀਟਰ ਵੱਲ ਵੇਖਦੇ ਹੋਏ ਨੇ ਕਿਹਾ।

"ਮੀਟਰ ਤੇ ਹੁਣ 'ਫੇਅਰ' ਕਿੰਨਾ ਹੈ?" ਪੁਲੀਸ ਵਾਲਾ ਥੋੜਾ ਜਿਹਾ ਝੁਕ ਕੇ ਮੀਟਰ ਵੱਲ ਵੇਖਦਾ ਹੋਇਆ ਕਹਿਣ ਲੱਗਾ।

"ਨਾਈਨਟੀ ਫਾਈਵ" ਮੈਂ ਜਵਾਬ ਦਿੱਤਾ।

ਪੁਲੀਸ ਵਾਲੇ ਨੇ ਗੋਰੇ ਬਜ਼ੁਰਗ ਨੂੰ ਸਵਾਲ ਕਰਦੇ ਹੋਏ ਨੇ ਪੁੱਛਿਆ ਕਿ "ਮੀਟਰ ਤੇ ਪਚਾਨਵੇਂ ਡਾਲਰ ਹਨ, ਕੀ ਤੂੰ ਪੰਜ ਡਾਲਰ ਵਾਪਸ ਲੈਣੇ ਚਾਹੁੰਦਾ ਏਂ?"

ਗੋਰਾ ਬਾਬਾ ਨੀਵੀਂ ਪਾਈ ਖੜ੍ਹਾ ਰਿਹਾ ਅਤੇ ਕੁੱਝ ਵੀ ਨਾ ਬੋਲਿਆ। ਬਾਬੇ ਦੇ ਛੈਣੇ ਵੱਜ ਚੁੱਕੇ ਸਨ, ਢੋਲਕੀ ਪਾਟ ਗਈ ਸੀ, ਵਾਜਾ ਅੜਾਟ ਪਾ ਰਿਹਾ ਸੀ। ਮੈਨੂੰ ਬਾਬੇ ਦਾ ਮੁੱਖ ਵੇਖ ਕੇ ਐਦਾਂ ਲੱਗਿਆ ਜਿਵੇਂ ਸ਼ਰਾਬ ਅਤੇ ਸ਼ਬਾਬ ਦੋਨਾਂ ਤੋਂ ਹੀ ਮੁਕਤ ਹੋ ਗਿਆ ਹੋਵੇ।

ਮੈਂ ਉਸ ਦਾ ਜਵਾਬ ਹੋਰ ਉਡੀਕਣ ਤੋਂ ਪਹਿਲਾਂ ਹੀ ਪੰਜ ਡਾਲਰ ਜੇਬ 'ਚੋਂ ਕੱਢ ਕੇ ਪੁਲਸ ਵਾਲੇ ਨੂੰ ਫੜਾ ਦਿੱਤੇ। ਪੁਲਸ ਵਾਲੇ ਨੇ ਅਗਾਂਹ ਬਾਬੇ ਦੀ ਜੇਬ ਵਿਚ ਪਾ ਦਿੱਤੇ ਅਤੇ ਇਸ ਤੋਂ ਬਾਅਦ ਉਸ ਨੂੰ ਪੁਲਸ ਕਾਰ ਵਿੱਚ ਮਗਰਲੀ ਸੀਟ 'ਤੇ ਆਦਰ ਸਹਿਤ ਬਿਠਾ ਦਿੱਤਾ।

"ਡਰਾਈਵਰ ਤੂੰ ਹੁਣ ਜਾ ਸਕਦਾ ਹੈਂ" ਪੁਲਸ ਵਾਲੇ ਨੇ ਮੈਨੂੰ ਕਿਹਾ।

ਮੈਂ ਬਾਬੇ ਵਾਲੀ ਪੁਲਸ ਕਾਰ ਵੱਲ ਵੇਖਦਾ ਹੋਇਆ ਮੀਟਰ ਬੰਦ ਕਰ ਕੇ ਉੱਥੋਂ 'ਬਰਨਬੀ' ਸ਼ਹਿਰ ਵੱਲ ਨੂੰ ਗੱਡੀ ਤੋਰ ਲਈ। ਉੱਥੋਂ ਤੁਰਦੇ ਸਾਰ ਹੀ ਮੈਂ ਕੰਪਿਊਟਰ, ਡਿਸਪੈਚ ਰੇਡੀਓ ਆਦਿ ਬੰਦ ਕਰ ਦਿੱਤਾ ਕਿਉਂਕਿ ਸ਼ਿਫਟ ਖ਼ਤਮ ਹੋ ਰਹੀ ਸੀ। ਮੇਰੀ ਸ਼ੁੱਕਰਵਾਰ ਦੀ ਦਿਹਾੜੀ ਤਾਂ ਅੱਧ-ਪਚੱਧੀ ਬਣ ਗਈ ਸੀ ਪਰ ਬਾਬੇ ਦੇ ਪੁਲਿਸ ਦੇ ਅੜਿੱਕੇ ਆ ਜਾਣ ਨਾਲ ਮੇਰਾ

'ਮੂਡ' ਥੋੜਾ ਜਿਹਾ 'ਔਫ' ਹੋ ਗਿਆ ਸੀ। ਓਹਦੇ ਨਾਲ ਜੋ ਹੋਇਆ ਚੰਗਾ ਸੀ ਜਾਂ ਮੰਦਾ ? ਕਿਸੇ ਦਾ ਦੁੱਖ ਦੇਖਿਆ ਮੈਨੂੰ ਜ਼ਰੂਰ ਦੁੱਖ ਹੁੰਦਾ ਹੈ ਪਰ "ਜੈਸੀ ਕਰਨੀ ਵੈਸੀ ਭਰਨੀ" ਕਹਾਵਤ ਦੇ ਚੇਤੇ ਆਉਣ ਨਾਲ ਹੀ 'ਬਾਬੇ' ਬਾਰੇ ਮੇਰੇ ਸ਼ੰਕੇ ਨਵਿਰਤ ਹੋ ਗਏ। ਬਾਬੇ ਤੇ ਪੁਲੀਸ ਨੇ ਚਾਰਜ ਤਾਂ ਸ਼ਾਇਦ ਲਾਇਆ ਹੀ ਹੋਵੇਗਾ ? ਪਤਾ ਨਹੀਂ ਰੱਬ ਜਾਣੇ ਕਿ ਕੀ ਹੋਇਆ ਹੋਏਗਾ ਉਸ ਨਾਲ ਉਸ ਤੋਂ ਬਾਅਦ।

ਸ਼ੁੱਕਰਵਾਰ ਦੀ ਇਹ ਅਜੀਬ ਰਾਤ ਹੁਣ ਸੂਰਜ ਦੇ ਮਹਿਲਾਂ ਦੀ ਦਹਿਲੀਜ਼ ਤੋਂ ਥੋੜ੍ਹੀ ਹੀ ਦੂਰ ਸੀ। ਗਰਮੀਆਂ ਦੀਆਂ ਰਾਤਾਂ ਇਥੇ 'ਕਹਿ ਆਈਆਂ ਤੇ ਕਹਿ ਗਈਆਂ' ਆਲੀ ਗੱਲ ਕਰਦੀਆਂ ਹਨ। ਮੈਂ 'ਕਰ ਸਟ੍ਰੀਟ ਅਤੇ ਕਿੰਗਸ-ਵੇਅ' ਦੇ ਚੁਰਸਤੇ ਦੀਆਂ ਲਾਈਟਾਂ 'ਤੇ ਖੜ੍ਹੇ ਨੇ ਬਾਰੀ 'ਚੋਂ ਸਿਰ ਬਾਹਰ ਕੱਢ ਕੇ ਅਕਾਸ਼ ਵੱਲ ਵੇਖਿਆ ਤਾਂ ਕੋਈ ਕੋਈ ਤਾਰਾਂ, ਟਾਵੀਂ ਟਾਂਵੀਂ ਬੱਦਲੀ ਦੇ ਹੇਠੋਂ ਤਰਲੇ ਜਿਹੇ ਨਾਲ ਝਾਤੀਆਂ ਮਾਰਦਾ ਦਿੱਸਿਆ। ਮੇਰਾ ਦਿਲ ਕੀਤਾ ਕਿ ਇਹਨਾਂ ਤਾਰਿਆਂ ਤੋਂ ਪੁੱਛਾਂ ਕਿ ਮੈਂ 'ਗੋਰੇ ਬਾਬੇ' ਨੂੰ 'ਸ਼ਿਕਾਰੀ' ਕਹਾਂ..... ਕਿ 'ਸ਼ਿਕਾਰ' ?

**— ਕਮਲ ਕੰਗ**

11948
Chalmers Pl., delta
Website : kujhsochan.blogspot.com



# ਨਾਯਾਬ ਚੀਜ਼

'ਨਿਰੰਜਨ ਸਿੰਆਂ, ਤੂੰ ਕੀ ਖੱਟਿਆ! ਐਵੇਂ ਜਾਨ ਖਪਾਈ। ਲੋਕਾਂ ਨੇ ਮਕਸੀਕਣਾਂ ਵਿਆਹੀਆਂ, ਗੋਰੀਆਂ ਵਸਾਈਆਂ, ਪੁੱਤਰ ਧੀਆਂ ਪਾਲੇ, ਵਿਆਹੇ। ਤੂੰ 'ਕੱਲ-ਮੁਕੱਲਾ ਖਾਲੀ ਦਾ ਖਾਲੀ, ਭਾਈ-ਭਤੀਜੇ ਹੀ ਆਹਰੇ ਲਾਉਂਦਾ ਰਿਹਾ।'

ਫਿਰ ਇੱਕ ਲੰਮਾ ਸਾਹ ਭਰ ਕੇ ਉਹ ਕੁਰਸੀ ਤੋਂ ਉੱਠ ਖਿੜਕੀ ਕੋਲ ਖੜਾ ਹੋ ਗਿਆ। ਉਹ ਪਰਦਾ ਹਟਾ ਕੇ ਬਾਹਰ ਵੇਖਣ ਲੱਗ ਪੈਂਦਾ ਹੈ, ਬਾਹਰ ਲਾਅਨ 'ਚ ਕੋਈ ਪਾਣੀ ਦੀ ਨਲ ਖੁਲ੍ਹੀ ਛੱਡ ਗਿਆ ਹੈ ਅਤੇ ਸਾਰੀ ਸੜਕ 'ਤੇ ਪਾਣੀ ਇਕੱਠਾ ਹੁੰਦਾ ਜਾ ਰਿਹਾ ਹੈ। ਕੋਈ ਹੋਰ ਵੇਲਾ ਹੁੰਦਾ, ਤਾਂ ਉਹ ਆਵਾਜ਼ ਦੇ ਦਿੰਦਾ। ਬੱਸ, ਅੱਜ ਤਾਂ ਉਹ ਇਕ ਟਕ ਅਸਮਾਨ ਵੱਲ ਹੀ ਵੇਖਦਾ ਰਹਿ ਗਿਆ। ਚਿੜੀਆਂ ਦਾ ਇਕ ਝੁੰਡ ਚੀਂ-ਚੀਂ ਕਰਦਾ ਅਸਮਾਨ 'ਚੋਂ ਲੰਘ ਜਾਂਦਾ ਹੈ। ਉਹ ਮਨ ਹੀ ਮਨ ਗੁਣਗੁਣਾਉਂਦਾ ਹੈ, 'ਪੰਛੀ ਚਲੇ ਰੈਣ-ਬਸੇਰੇ।' ਫਿਰ ਜ਼ੋਰ ਨਾਲ ਗੁਣਗੁਣਾ ਉੱਠਦਾ ਹੈ- 'ਪੰਛੀ ਚਲੇ ਰੈਣ-ਬਸੇਰੇ ?' ਫਿਰ ਯਕਦਮ ਚੁੱਪ ਹੋ ਜਾਂਦਾ ਹੈ। ਇੱਕ ਹੌਕਾ ਜਿਹਾ ਭਰਦਾ ਹੈ- 'ਨਿਰੰਜਨਾ, ਤੇਰਾ ਰੈਣ-ਬਸੇਰਾ ਵੀ ਹੁਣ ਛੇਤੀ ਆ ਜਾਵੇਗਾ।'

ਫਰਿੱਜ ਤੱਕ ਜਾਂਦੇ ਹੋਏ ਗੋਡੇ ਦੀ ਪੀੜ ਹੋਰ ਤੇਜ਼ ਹੋ ਜਾਂਦੀ ਹੈ। ਉਹ ਬੀਅਰ ਪੀਂਦੇ ਹੋਏ ਅਖਬਾਰ ਦੀਆਂ ਸੁਰਖੀਆਂ ਪੜ੍ਹਨੀਆਂ ਸ਼ੁਰੂ ਕਰ ਦਿੰਦਾ ਹੈ। ਉਧਰੋਂ ਨਜ਼ਰ ਵੀ ਇੰਨੀ ਜਾਂਦੀ ਰਹੀ ਹੈ ਕਿ ਮੋਟੀ ਛਪਾਈ ਦੇ ਇਲਾਵਾ ਕੁਝ ਪੜ੍ਹ ਹੀ ਨਹੀਂ ਹੁੰਦਾ। ਮਾਸਟਰ ਵੀ ਤਾਂ ਕਈ ਦਿਨਾਂ ਤੋਂ ਨਹੀਂ ਆਇਆ। ਉਹ ਉਸ ਦੇ ਸ਼ਹਿਰ ਦੇ ਕਿਸੇ ਜਾਣ-ਪਛਾਣ ਵਾਲੇ ਦਾ ਦੋਹਤ੍ਰਾ ਹੈ। ਉਹ ਜਦੋਂ ਤੋਂ ਆਇਆ ਹੈ, ਉਸ ਨੇ ਸਾਰੀ ਜ਼ਿੰਮੇਵਾਰੀ ਆਪਣੇ ਸਿਰ ਲੈ ਲਈ ਹੈ।

'ਲੋਕੀਂ ਕਿਉਂ ਕਲਪਦੇ ਨੇ-ਮਾਸਟਰ ਦੂਜੀ ਵਿਆਹ ਲਿਆਇਆ।' ਜੱਟਾਂ ਦੇ ਪੁੱਤਰ ਦੂਜੀ-ਤੀਜੀ ਨਹੀਂ ਵਿਆਹੁਣਗੇ ਤਾਂ ਹੋਰ ਕੀ ਕਰਨਗੇ ? ਅਮਰੀਕਾ ਹੋਵੇ ਜਾਂ ਕੈਨੇਡਾ ਜੱਟ ਦਾ ਪੁੱਤਰ ਜੱਟ ਹੀ ਰਹੇਗਾ। ਖਾਏਗਾ, ਪੀਏਗਾ, ਮੌਜ ਕਰੇਗਾ। ਔਰਤ ਜ਼ਾਤ ਦਾ ਕੀ ਹੈ ? ਇੱਕ ਨਹੀਂ, ਦੋ ਕਰੋ। ਜਿੰਨਾ ਚਿਰ ਖੁਆ-ਪਿਆ ਸਕੇ, ਖੁਆਉ ਪਿਆਉ, ਪਹਿਲੀ ਨੂੰ ਵੀ ਥੋੜ ਤਾਂ ਨਹੀਂ ਆਉਣ ਦੇਵੇਗਾ।'

***

'ਉਹ ਕੀ ਖੁਆ-ਪਿਆ ਨਹੀਂ ਸਕਦਾ ਸੀ ? ਕਿਉਂ ਨਹੀਂ ਪਿੰਡੋਂ ਕੋਈ ਸੁਹਣੀ ਜਿਹੀ ਜੱਟੀ ਲੈ ਆਇਆ ?' 'ਨਿਰੰਜਨ, ਇਧਰ ਤੂੰ ਕੁਝ ਜ਼ਿਆਦਾ ਹੀ ਸੋਚਣ ਲੱਗ ਪਿਆ ਹੈਂ। ਅਜੇਹੀਆਂ ਗੱਲਾਂ ਤਾਂ ਕਦੇ ਤੇਰੇ ਮਨ 'ਚ ਆਉਂਦੀਆਂ ਨਹੀਂ ਸਨ।' ਪਹਿਲਾਂ ਤਾਂ ਰਿਸ਼ਤੇਦਾਰ ਕਹਿੰਦੇ ਵੀ ਰਹੇ, ਉਹ ਟਾਲਦਾ ਰਿਹਾ। ਫਿਰ ਲੋਕਾਂ ਦੇ ਆਪਣੇ ਹੀ ਟੱਬਰ ਹੋ ਗਏ, ਜਿੰਨੇ ਵੱਡੇ ਟੱਬਰ, ਓਨੇ ਵੱਡੇ ਮੂੰਹ, ਅਤੇ....ਅਤੇ ਉਹ ਕਦੇ ਵੀ ਭਰ ਹੀ ਨਹੀਂ ਸਕੇ!

ਕਿਸੇ ਵੀ ਨਾਲ-ਵਾਲੇ ਨੂੰ ਪਿੰਡੋਂ ਸੁਹਣੀ ਵਹੁਟੀ ਨਾਲ ਪਰਤਦਿਆਂ ਵੇਖ ਉਹਦੇ ਮਨ 'ਚ ਕੁਝ ਉਮੜ ਕੇ ਰਹਿ ਜਾਂਦਾ। ਹੌਂਸਲਾ ਕੁਝ ਕਰਨ ਦਾ ਹੁੰਦਾ ਤਾਂ ਸਾਹਮਣੇ ਦਿਸ ਜਾਂਦੀ ਰੋਂਦੀ, ਵਿਲਕਦੀ ਭਾਬੀ, ਪੰਜ ਨਿੱਕੇ ਬੱਚੇ ਅਤੇ ਭਰਾ ਦੀ ਬਿਨਾਂ ਸਿਰ ਦੀ ਲਾਸ਼! ਜੋ ਗੱਲਾਂ ਨਿਰੰਜਨ ਸਦਾ ਭੁਲਾਈ ਰੱਖਣਾ ਚਾਹੁੰਦਾ ਹੈ, ਅੱਜ ਉਹੀ ਬਾਰ ਬਾਰ ਯਾਦ ਆ ਰਹੀਆਂ ਹਨ- 'ਨਿਰੰਜਨਾ, ਤੇਰਾ ਵੇਲਾ ਨੇੜੇ ਆ ਗਿਆ ਹੈ, ਤਾਹੀਓਂ ਤਾਂ ਬਚਪਨ, ਜਵਾਨੀ, ਅਧੇੜ ਉਮਰ ਸਾਰਾ ਕੁਝ ਬਾਰ ਬਾਰ ਸਾਹਮਣੇ ਆ ਰਿਹਾ ਹੈ। ਜਿਵੇਂ ਕੁਦਰਤ ਦਾ ਇਸ਼ਾਰਾ ਹੋਵੇ ਕਿ ਤੇਰਾ ਵੇਲਾ ਨੇੜੇ ਹੈ। ਅੰਨ-ਜਲ ਮੁੱਕਣ ਵਾਲਾ ਹੈ। ਹੁਣ ਵੀ ਦੇਸ਼ ਪਰਤ ਚੱਲ, ਹੁਣ ਵੀ ਦੇਸ਼ ਪਰਤ ਚੱਲ।'

***

ਥੋੜੀ ਜਹੀ ਤਾਂ ਜ਼ਮੀਨ ਸੀ ਦੋਵਾਂ ਭਰਾਵਾਂ ਦੀ। ਦੂਰ ਦੇ ਕਿਸੇ ਰਿਸ਼ਤੇਦਾਰ ਨਾਲ ਝਗੜਾ ਹੋ ਗਿਆ ਸੀ। ਭਰਾ ਹੀ ਤਾਂ ਡਾਂਗ ਚਲਾ ਬੈਠਾ ਸੀ ਅਤੇ ਦੂਜੇ ਦਿਨ ਜਦ ਖੇਤਾਂ ਨੂੰ ਪਾਣੀ ਲਾਉਣ ਗਿਆ ਤਾਂ ਪਰਤਿਆ ਹੀ ਨਾ-ਅਤੇ ਫਿਰ ਮਿਲੀ ਸੀ, ਭਰਾ ਦੀ ਬਿਨਾਂ ਸਿਰ ਦੇ ਲਾਸ਼! ਉਸ ਨੂੰ ਯਾਦ ਕਰ ਕੇ ਤਾਂ ਅੱਜ ਵੀ ਰੌਂਗਟੇ ਖੜੇ ਹੋ ਜਾਂਦੇ ਹਨ। ਹੋਸ਼ ਆਉਣ 'ਤੇ ਉਹ ਇੱਕ ਹੀ ਗੱਲ ਦੁਹਰਾਉਂਦਾ ਰਿਹਾ ਸੀ - 'ਭਾਬੀ! ਤੂੰ ਮਨ ਛੋਟਾ ਨਾ ਕਰ। ਤੇਰੇ ਬੱਚੇ ਮੇਰੇ ਬੱਚੇ, ਮੈਂ ਸਾਰਿਆਂ ਨੂੰ ਪਾਲਾਂਗਾ, ਆਪਣਿਆਂ ਤੋਂ ਵੀ ਬਿਹਤਰ।' ਆਪਣੇ ਤਾਂ ਫਿਰ ਹੋਏ ਹੀ ਨਾ। ਰਿਸ਼ਤੇਦਾਰਾਂ ਨੇ ਕਿਹਾ ਸੀ - 'ਚਾਦਰ ਪਾ ਲੈ।' ਉਹੀ ਟਾਲ ਗਿਆ। ਨਹੀਂ, ਅਜੇਹਾ ਉਹ ਨਹੀਂ ਸੀ ਕਰ ਸਕਦਾ। ਪਰ, ਵਰ੍ਹਿਆਂ ਬਾਅਦ ਤੱਕ ਵੀ ਜਦ ਵੀ ਕੋਈ ਸ਼ਾਦੀ ਦਾ ਜ਼ਿਕਰ ਕਰਦਾ ਤਾਂ ਭਾਬੀ ਦਾ ਚਿਹਰਾ ਸਾਹਮਣੇ ਆ ਜਾਂਦਾ-ਲਾਲ ਘੱਗਰੇ, ਨੱਥ ਅਤੇ ਚੂੜੇ ਵਾਲਾ ਚਿਹਰਾ, ਘੁੰਡ ਵਾਲਾ ਚਿਹਰਾ! ਘੁੰਡ-ਜੋ ਬੱਚਿਆਂ ਦੇ ਉਕਸਾਉਣ 'ਤੇ ਪੰਦਰਾਂ ਸਾਲ ਦੇ ਦਿਉਰ ਨੇ ਉਲਟ ਦਿੱਤਾ ਸੀ। ਲੋਕੀਂ ਹੱਸ ਹੱਸ ਲੋਟਪੋਟ ਹੋ ਗਏ ਸਨ ਅਤੇ ਸ਼ਰਮ ਨਾਲ ਦੂਹਰੀ ਹੁੰਦੀ ਜਾਂਦੀ ਭਾਬੀ ਬੱਸ ਇੰਨਾ ਹੀ ਕਹਿ ਸਕੀ ਸੀ - 'ਨਾ ਕਰ ਵੇ!' ਬੀਅਰ ਦੀ ਬੋਤਲ ਜ਼ੋਰ ਨਾਲ ਜ਼ਮੀਨ 'ਤੇ ਰੱਖਦੇ ਹੋਏ ਆਪਣੇ - ਆਪ ਨੂੰ ਦ੍ਰਿੜ ਕਰਨ ਲਈ ਉਹ ਕਹਿੰਦਾ ਹੈ - 'ਨਿਰੰਜਨਾ, ਤੂੰ ਆਦਮੀ ਹੌਸਲੇ ਵਾਲਾ ਹੈ।' ਉਹ ਅੱਖਾਂ ਬੰਦ ਕਰ ਕੇ ਬੱਸ ਕੁਝ ਚਿਰ ਤਕ ਚੁੱਪਚਾਪ ਪਿਆ ਰਹਿਣਾ ਚਾਹੁੰਦਾ ਹੈ। ਪਰ ਇਹ ਦਿਮਾਗ ਹੈ ਕਿ ਟਿਕਦਾ ਹੀ ਨਹੀਂ।

***

ਨਿਰੰਜਨ ਸਿੰਘ ਵਲਦ ਅਤਰ ਸਿੰਘ ਦੀ ਜ਼ਮੀਨ ਦੀ ਅੱਜ ਕੁਰਕੀ ਹੈ, ਕਲਯੁਗ....ਕਲਯੁਗ! ਜੱਟਾਂ ਦੇ ਪੁੱਤਰ ਮਜ਼ਦੂਰੀ ਕਰ ਰਹੇ ਹਨ। ਚਾਦਰ ਨਹੀਂ ਪਾਏਗਾ। ਮੌਜਾਂ ਮਨਾਵੇਗਾ। ਰੇਲ ਦੇ ਲੰਮੇ ਸਫ਼ਰ ਦੇ ਬਾਅਦ ਦਿਮਾਗ 'ਚ ਹੁੰਦੀ ਛੁੱਕ-ਛੁੱਕ ਵਾਂਗ ਸਾਰੀਆਂ ਗੱਲਾਂ ਵੱਸ ਗਈਆਂ ਹਨ। ਛੁੱਕ-ਛੁੱਕ, ਛੁੱਕ-ਛੁੱਕ, ਕੁਰਕੀ - ਕੁਰਕੀ - ਕੁਰਕੀ! ਰੇਲ 'ਚ ਲੁਕਦਾ-ਛਿਪਦਾ ਮਦਰਾਸ, ਸਿੰਘਾਪੁਰ, ਮੈਕਸੀਕੋ ਅਤੇ ਉੱਥੋਂ ਡਿੱਕੀ 'ਚ ਲੁਕਾ ਕੇ ਕੈਲੇਫੋਰਨੀਆ ਲਿਆਂਦਾ ਗਿਆ ਸੀ, ਹਜ਼ਾਰ ਡਾਲਰ ਦਿੱਤੇ ਸਨ, ਉਸ ਜ਼ਮਾਨੇ 'ਚ ਵੀ ਇਸ ਕੰਮ ਦੇ। ...ਸਾਲ ਭਰ ਪੈਸੇ ਭੇਜਣ ਬਾਅਦ ਭਾਬੀ ਦਾ ਖ਼ਤ ਆਇਆ ਸੀ। ਕਿਵੇਂ ਬੌਰਾ ਹੋ ਗਿਆ ਸੀ ਉਸ ਦਿਨ। ਵਾਰੀ ਵਾਰੀ ਸਾਰਿਆਂ ਨੂੰ ਖ਼ਤ ਵਿਖਾਉਂਦਾ ਰਿਹਾ ਸੀ।

'ਨਿਰੰਜਨ ਸਿੰਘ, ਉਹ ਤਾਂ ਮੈਂ ਪਤਾ ਹੀ ਗ਼ਲਤ ਲਿਖਵਾਉਂਦੀ ਰਹੀ, ਮੈਂ ਅਕਿਰਤਘਣ



ਨਹੀਂ। ਕੀ ਮੈਂ ਨਹੀਂ ਜਾਣਦੀ ਕਿ ਤੂੰ ਪਰਦੇਸਾਂ 'ਚ ਕਿੰਨੀ ਮੁਸ਼ਕਿਲ ਨਾਲ ਰੋਟੀ ਰੋਜ਼ੀ ਕਮਾ ਕੇ ਪੈਸੇ ਘਰ ਭੇਜ ਰਿਹਾ ਹੈਂ? ਹੁਣ ਤਾਂ ਬੱਚੇ ਵੀ ਠੀਕ ਵੱਲ ਹਨ। ਵੱਡੇ ਦੋਵੇਂ ਸਕੂਲ ਜਾਣ ਲੱਗ ਪਏ ਹਨ। ਛੋਟੇ ਵੀ ਹਰ ਵੇਲੇ 'ਚਾਚਾ-ਚਾਚਾ' ਕਰਦੇ ਰਹਿੰਦੇ ਹਨ।'-ਉਸ ਨੇ ਚਿੱਠੀ ਦਸ ਕੁ ਵਾਰ ਪੜ੍ਹੀ ਸੀ ਅਤੇ ਬਾਅਦ 'ਚ ਸਿਰ੍ਹਾਣੇ ਹੇਠਾਂ ਰੱਖ ਦਿੱਤਾ ਸੀ। ਅਤੇ ਹਰ ਰੋਜ਼ ਸੌਣ ਤੋਂ ਪਹਿਲਾਂ ਉਹੀ ਪੜ੍ਹਦਾ ਰਿਹਾ ਸੀ, ਜਦ ਤੱਕ ਦੂਜੀ ਨਹੀਂ ਸੀ ਆ ਗਈ।

***

ਮਾਸਟਰ ਨਹੀਂ ਆਇਆ ਅੱਜ ਵੀ। ਘਰ ਸਾਰੇ ਠੀਕ ਹੋਣ ਸਹੀ। ਮਾਸਟਰ ਹੀ ਤਾਂ ਉਸ ਦਿਨ ਕਹਿ ਰਿਹਾ ਸੀ ਕਿ ਲੱਕੜ ਦੇ ਫਰਸ਼ 'ਤੇ ਕਿੰਨਾ ਘੱਟ ਇਕੱਠਾ ਹੋ ਗਿਆ ਹੈ। ਇਹ ਸਾਫ਼ ਹੀ ਤਾਂ ਦਿਖਾਈ ਦਿੰਦਾ ਹੈ। ਸੋਸ਼ਲ ਵਰਕਰ ਨੇ ਕਿਹਾ ਸੀ - ਹਫ਼ਤੇ 'ਚ ਇੱਕ ਦਿਨ ਲੜਕੀ ਆ ਜਾਇਆ ਕਰੇਗੀ, ਸਾਰੀ ਸਫ਼ਾਈ ਕਰ ਜਾਇਆ ਕਰੇਗੀ। ਪਹਿਲਾਂ ਤਾਂ ਉਹ ਮੰਨਿਆ ਹੀ ਨਹੀਂ ਸੀ ; ਬਾਅਦ 'ਚ ਮੰਨ ਵੀ ਗਿਆ। ਪਰ, ਲੜਕੀ ਦਾ ਹਰ ਚੀਜ਼ ਚੁੱਕ ਕੇ ਝਾੜ-ਪੂੰਝ ਕਰਨਾ ਉਸ ਨੂੰ ਚੰਗਾ ਨਾ ਲੱਗਦਾ। ਉਹ ਖਿੱਝ ਖਿੱਝ ਕੇ ਲੜਾਈ ਮੁੱਲ ਲੈਂਦਾ ਰਹਿੰਦਾ। ਬੱਸ, ਉਹ ਆਪਣੇ ਆਪ 'ਚ ਇਕੱਲਿਆਂ ਰਹਿਣ ਦਾ ਆਦੀ ਹੋ ਗਿਆ ਹੈ। ਜਦ ਕੋਈ ਆਉਂਦਾ ਹੈ ਤਾਂ ਉਸ ਨੂੰ ਲੱਗਦਾ ਹੈ - ਜਿਵੇਂ ਉਹ ਉਹਦੀ ਹੱਦ ਟੱਪ ਰਿਹਾ ਹੈ। ਕਦੇ ਕਦੇ ਤਾਂ ਉਸ ਨੂੰ ਮਾਸਟਰ ਦਾ ਆਉਣਾ ਵੀ ਚੰਗਾ ਨਹੀਂ ਲੱਗਦਾ। ਇਹ ਤਾਂ ਉਹ ਚਿੱਠੀਆਂ ਲਿਆ ਦਿੰਦਾ ਹੈ। ਏਸ ਲਈ....। ਜਦੋਂ ਲੋਕ ਆਉਂਦੇ ਹਨ ਤਾਂ ਉਸ ਨੂੰ ਲੱਗਦਾ ਹੈ ਉਸ 'ਤੇ ਤਰਸ ਖਾ ਰਹੇ ਹਨ। ਜਿਵੇਂ ਕਹਿ ਰਹੇ ਹੋਣ - 'ਇਹੀ ਹੈ ਉਹ ਬੁੱਧੂ, ਜਿਹੜਾ ਆਪਣੇ ਲਈ ਕੁਝ ਵੀ ਨਹੀਂ ਕਰ ਸਕਿਆ।' ਜਦ ਕਿਸੇ ਦੇ ਇੱਥੇ ਬੱਚਾ ਹੁੰਦਾ ਹੈ ਤਾਂ ਉਹਨੂੰ ਬਜ਼ੁਰਗ ਸਮਝ ਕੇ ਅਸ਼ੀਰਵਾਦ ਦੁਆਉਣ ਲਈ ਲੈ ਆਉਂਦੇ ਹਨ। ਉਹਨੂੰ ਜ਼ਰਾ ਵੀ ਚੰਗਾ ਨਹੀਂ ਲੱਗਦਾ। ਜਿਵੇਂ ਉਹਦਾ ਮਜ਼ਾਕ ਉਡਾ ਰਹੇ ਹੋਣ : ਕਹਿ ਰਹੇ ਹੋਣ - 'ਨਿਰੰਜਨ ਸਿੰਘ ਔਂਤਰਾ ਹੈ, ਔਂਤਰਾਂ ਹੈ. ਔਂਤਰਾਂ ਹੀ ਮਰੇਗ।'

***

ਸਾਲ ਬਾਅਦ ਵਾਲੇ ਖ਼ਤ 'ਚ ਲਿਖਿਆ ਸੀ - 'ਜੀਤਾਂ ਤੇ ਸੁਰਿੰਦਰ ਹੁਣ ਕਾਫ਼ੀ ਵੱਡੀਆਂ ਹੋ ਗਈਆਂ ਹਨ। ਇੰਡੀਆਂ ਵੱਡੀਆਂ ਵੱਡੀਆਂ ਕੁੜੀਆਂ ਕੀ ਘਰ ਬਿਠਾਈਆਂ ਜਾਂਦੀਆਂ ਹਨ। ਬੱਸ ਤੂੰ ਹੀ ਕੁਝ ਕਰ। ਜਗਜੀਤ ਤਾਂ ਕੁਝ ਕਰਨ ਤੋਂ ਰਿਹਾ। ਕਹਿੰਦਾ ਹੈ, 'ਮੇਰਾ ਭਰਾ ਜਿਉਂ ਪੈਸੇ ਕਮਾ ਕਮਾ ਕੇ ਭੇਜ ਰਿਹਾ ਹੈ, ਭਰਜਾਈ ਤੂੰ ਜਾਦੂ ਕਰ ਦਿੱਤਾ ਹੈ। ਮੈਨੂੰ ਵੀ ਨਹੀਂ ਪੁੱਛਦਾ।' ਉਦੋਂ ਉਹਨੇ ਸੋਚਿਆ ਸੀ 'ਬਾਰਨ'[1] ਛੱਡ ਦਏਗਾ। ਕਿਰਾਏ ਦਾ ਮਕਾਨ ਲੈ ਕੇ ਰਹੇਗਾ, ਪਰ ਫਿਰ ਮਨ ਮਾਰ ਕੇ ਬਾਰਨ 'ਚ ਹੀ ਟਿਕਿਆ ਰਿਹਾ ਸੀ। ਭੈਣਾਂ ਦੀ ਸ਼ਾਦੀ ਲਈ ਪੈਸੇ ਭੇਜਣ ਬਾਅਦ ਖ਼ਤ ਆਇਆ ਸੀ - 'ਇੰਨਿਆਂ ਪੈਸਿਆਂ ਨਾਲ ਕਿਧਰੇ ਦੋ ਦੋ ਵਿਆਹ ਹੁੰਦੇ ਨੇ? ਜੱਟਾਂ ਦੀ ਸ਼ਾਦੀ 'ਚ ਤਾਂ ਰੋਟੀ, ਸ਼ਰਾਬ ਅਤੇ ਬਿਸਤਰਿਆਂ ਦਾ ਖਰਚਾ ਹੀ ਮਾਨ ਨਹੀਂ। ਜੇ ਕੁਝ ਵਧੇਰੇ ਪੈਸੇ ਭੇਜ ਸਕੇਂ ਤਾਂ ਜ਼ਰੂਰ ਭੇਜ। ਬੜੀ ਸਸਤੀ ਜ਼ਮੀਨ ਮਿਲ ਰਹੀ ਹੈ। ਜਗਜੀਤ ਵੀ ਇੱਕ ਪਾਸੇ ਲੱਗਿਆ ਰਹੇਗਾ। ਨਹੀਂ ਤਾਂ ਹਰ ਵੇਲੇ ਮੇਰੀ ਛਾਤੀ 'ਤੇ ਮੂੰਗ ਦਲਦਾ ਰਹੇਗਾ। ਬੜਾ ਗੁੱਸਾ ਆਇਆ ਸੀ ਉਦੋਂ, 'ਬੱਸ ਸਾਰਿਆਂ ਨੂੰ ਪੈਸਾ ਚਾਹੀਦੈ- ਪੈਸਾ! ਪੈਸਾ!' ਤਦ ਸੋਚਿਆ ਸੀ, 'ਉਹ ਕਿਸੇ ਲਈ ਕੁਝ ਨਹੀਂ ਕਰੇਗਾ।'

ਇਹ ਸਾਰਾ ਕੁਝ ਸੋਚ ਸੋਚ ਕੇ ਬੜੀ ਕੁੜੱਤਣ ਜਾਗੀ ਸੀ। ਪਰ ਉਹ ਤਾਂ ਵੱਡੇ ਦਿਲ ਵਾਲਾ ਸੀ...ਇਹ ਕੀ ਹੋ ਗਿਆ ਉਹਨੂੰ। ਛੋਟੀਆਂ ਛੋਟੀਆਂ ਗੱਲਾਂ ਤਾਂ ਪਹਿਲਾਂ ਕਦੇ ਉਹਨੂੰ ਪਰੇਸ਼ਾਨ ਨਹੀਂ ਸਨ ਕਰਦੀਆਂ। 'ਅਤੇ ਹੁਣ ਵਰ੍ਹਿਆਂ ਪੁਰਾਣੀਆਂ ਗੱਲਾਂ ਸੋਚਣ ਦਾ ਫ਼ਾਇਦਾ ਹੀ ਕੀ ਹੈ! ਕੁਝ ਕਰਨਾ ਸੀ ਤਾਂ ਹੌਂਸਲਾ ਕਰ ਕੇ ਪਹਿਲਾਂ ਹੀ ਕਰ ਲੈਂਦਾ', ਉਹ ਸੋਚਦਾ ਹੈ। ਉਸੇ ਦੇ ਮਨ 'ਚ ਕੋਈ ਗੰਢ ਸੀ, ਜੋ ਦੂਜਿਆਂ ਲਈ ਇੰਨਾ ਕੁਝ ਕਰਨ ਲਈ ਮਜ਼ਬੂਰ ਕਰਦੀ ਰਹੀ। ਬੱਸ ਉਹ ਥੋੜੀ ਵਾਹ ਵਾਹ ਹੀ ਚਾਹੁੰਦਾ ਸੀ ਅਤੇ ਬਾਅਦ 'ਚ ਇਸਦੀ ਪੱਕੜ 'ਚ ਅਜੇਹਾ ਆ ਗਿਆ ਕਿ ਨਿਕਲ ਹੀ ਨਾ ਸਕਿਆ। ਕਿਵੇਂ ਬਚਪਨ 'ਚ ਭਰਾ ਨਾਲ ਬਾਂਟੇ ਖੇਡਦਿਆਂ ਉਹਦੀ ਲੜਾਈ ਹੋ ਗਈ ਸੀ। ਭਰਾ ਨੇ ਉਹਦਾ ਸਭ ਤੋਂ ਸੁਹਣਾ ਕਾਲਾ ਬਾਂਟਾ ਚੁੱਕ ਲਿਆ ਸੀ। ਗੁੱਸੇ 'ਚ ਆ ਕੇ ਉਹਨੇ ਸਾਰੇ ਬਾਂਟੇ ਭਰਾ ਨੂੰ ਦੇ ਦਿੱਤੇ ਅਤੇ ਫਿਰ ਕਦੇ ਬਾਂਟੇ ਖੇਡੇ ਹੀ ਨਾ। 'ਓਏ ਤੇਰੀ ਪੁਰਾਣੀ ਆਦਤ ਹੈ, ਬਲੀ ਦਾ ਬਕਰਾ ਬਣਨ ਦੀ, ਕੋਈ ਕੀ ਕਰੇਗਾ।' ਕਈ ਵਾਰ ਸੋਚਿਆ ਸੀ ਕਿ ਕਿਸੇ ਨੂੰ ਕੁਝ ਨਹੀਂ ਭੇਜੇਗਾ। ਬੱਸ ਇਥੇ ਕੁਝ ਜ਼ਮੀਨ-ਜਾਇਦਾਦ ਖਰੀਦ ਕੇ ਟਿਕਿਆ ਰਹੇਗਾ। ਪਰ ਜਦ ਕਦੇ ਵੀ ਪੱਕਾ ਇਰਾਦਾ ਕਰਦਾ, ਬਸ ਭਾਬੀ ਦਾ ਰੋਂਦਾ-ਵਿਲਕਦਾ ਚਿਹਰਾ ਸਾਹਮਣੇ ਆ ਜਾਂਦਾ ਅਤੇ ਕਦੇ ਉਸ ਦਰਦਨਾਕ ਚਿਹਰੇ 'ਤੇ ਨੱਥ-ਟਿੱਕੇ ਵਾਲਾ ਚਿਹਰਾ ਆ ਟਿਕਦਾ ਅਤੇ ਉਹ ਇਕਦਮ ਬੇਬਸ ਜਿਹਾ ਹੋ ਜਾਂਦਾ। ਗੋਰੇ ਕਿਹੋ ਕਿਹੋ ਜਿਹੀਆਂ ਗਾਲ੍ਹਾਂ ਵੀ ਕੱਢ ਛੱਡਦੇ ਸਨ। ਉਹ ਚੁੱਪਚਾਪ ਸਭ ਕੁਝ ਸਹਿ ਲੈਂਦਾ। ਸੋਚਦਾ ਸੀ – 'ਨਿਰੰਜਨਾ, ਜਦ ਚਾਕਰੀ ਕਰਨੀ ਹੀ ਹੈ ਤਾਂ ਇੱਜ਼ਤ-ਮਾਨ ਕੇਹਾ!' ਉਸ ਦਾ ਹੱਥ ਆਪਣੇ ਆਪ ਖੁਰਦਰੀਆਂ ਬਾਹਾਂ 'ਤੇ ਚੱਲਿਆ ਜਾਂਦਾ, ਜਿਹੜੀਆਂ ਚਾਲੀ ਸਾਲਾਂ ਦੀ ਮਜ਼ਦੂਰੀ ਬਾਅਦ ਪੱਥਰ ਵਰਗੀਆਂ ਹੋ ਗਈਆਂ ਹਨ। ਪਹਿਲੀ ਵਾਰ ਪੀਚਾਂ (ਖੁਰਮਾਨੀ ਦੀ ਇਕ ਕਿਸਮ) ਤੋੜਦਿਆਂ ਬਾਹਾਂ ਥਾਂ ਥਾਂ ਤੋਂ ਛਿੱਲੀਆਂ ਗਈਆਂ ਸਨ। ਥਾਂ ਥਾਂ ਤੋਂ ਖ਼ੂਨ ਨਿਕਲ ਆਇਆ ਸੀ। ਗੋਰਾ ਤਦ ਪੈਸੇ ਵੀ ਕਿੰਨੇ ਘੱਟ ਦਿੰਦਾ ਸੀ ਅਤੇ ਗੱਲ ਗੱਲ 'ਚ ਗਾਲ੍ਹਾਂ ਅਤੇ ਕੱਢ ਦੇਣ ਦੀ ਧਮਕੀ – 'ਤੇਰੇ ਕੋਲ ਕਾਗਜ਼ ਨਹੀਂ, 'ਇਮੀਗ੍ਰੇਸ਼ਨ ਆਫ਼ਿਸ 'ਚ ਰਿਪੋਰਟ ਕਰਾਂਗਾ।' ਪਹਿਲੀ ਵਾਰ ਪੀਚਾਂ ਲੱਦੇ ਦਰਖ਼ਤ ਦੇਖ ਕੇ ਉਹ ਇੰਨੀਆਂ ਪੀਚਾਂ ਖਾ ਗਿਆ ਸੀ ਕਿ ਹਫ਼ਤਿਆਂ ਤਕ ਮਰੋੜਾਂ ਨਾਲ ਪਿਆ ਰਿਹਾ ਸੀ। ਫਿਰ ਤਾਂ ਪੀਚਾਂ ਅਤੇ ਖੁਰਮਾਨੀਆਂ ਦੀ ਖੁਸ਼ਬੂ ਉਸਦੀ ਨੱਕ 'ਚ ਹੀ ਵੱਸ ਗਈ ਸੀ। ਦੇਖਣਾ ਤੱਕ ਨਹੀਂ ਸੀ ਚਾਹੁੰਦਾ, ਖਾਣ ਦੀ ਸੋਚਦਿਆਂ ਹੀ ਬੱਸ ਉਲਟੀ ਹੋਣ ਲੱਗਦੀ।

ਓਹਨੀਂ ਦਿਨੀਂ ਕਈ ਤਰ੍ਹਾਂ ਦੇ ਦੋਸਤ ਮਿਲ ਗਏ ਸਨ। ਕਮਾ ਕਮਾ ਕੇ ਪੈਸਾ ਭੇਜਣ ਵਾਲੇ। ਸ਼ਾਮ ਨੂੰ ਬਾਰਨ 'ਚ ਬੈਠ ਸੁੱਕੀ ਡਬਲਰੋਟੀ ਅਤੇ ਮੀਟ ਚਬਾਉਂਦਿਆਂ ਫੇਰ ਸਾਰੇ ਮਨਸੂਬੇ ਬੰਨ੍ਹਿਆ ਕਰਦੇ ਸਨ- ਘਰ ਪਰਤਣ ਦੇ, ਹਵੇਲੀਆਂ ਬਣਾਉਣ ਦੇ ਅਤੇ ਸੁਹਣੀਆਂ ਸੁਹਣੀਆਂ ਜੱਟੀਆਂ ਦੇ। ਅਜੇਹੇ 'ਚ ਕਦੇ ਕੋਈ ਤਾਨ ਛੇੜ ਦਿੰਦਾ – 'ਡੋਲੀ ਚੜ੍ਹਦਿਆਂ ਮਾਰੀਆਂ ਹੀਰ ਚੀਕਾਂ।'- ਵਿਹੰਦਿਆਂ ਵਿਹੰਦਿਆਂ ਬਾਕੀ ਲੋਕ ਕਿਤੋਂ ਦੇ ਕਿਤੇ ਪਹੁੰਚ ਗਏ। ਕਿੰਨਿਆ ਨੇ ਵੱਡੇ ਵੱਡੇ ਬਾਗ਼ ਲਗਾ ਲਏ, ਕੋਠੀਆਂ ਪਾ ਲਈਆਂ। ਇਕ ਉਹ ਸੀ, ਜੋ ਕੁਝ ਵੀ ਨਹੀਂ ਕਰ ਸਕਿਆ ਆਪਣੇ ਲਈ। ਚੰਗੀ ਥਾਂ ਰਿਹਾ ਨਹੀਂ, ਚੰਗਾ ਖਾਣਾ ਖਾਧਾ ਨਹੀਂ, ਚੰਗੀ ਸ਼ਰਾਬ ਵੀ ਪੀਤੀ ਤਾਂ ਗਿਣਤੀ-ਮਿਣਤੀ ਦੀ। ਇਕ ਸਾਥੀ ਘਰ ਪਰਤਣ ਦੀ ਖਾਹਿਸ਼ ਲੈ ਕੇ ਹੀ ਮਰ ਗਿਆ। ਦੂਜੇ ਦੇ ਘਰਵਾਲੇ ਆ ਕੇ ਜ਼ਬਰਦਸਤੀ ਲੈ ਗਏ। ਬਸ ਨਿਰੰਜਨ ਰਹਿ ਗਿਆ 'ਕੱਲ-ਮੁਕੱਲਾ।



ਉਸ ਬਾਰਨ ਦੇ ਟੁੱਟੇ-ਫੁੱਟੇ ਬੈੱਡ 'ਤੇ ਕੰਬਲ 'ਚ ਸੌਂਦਿਆਂ ਕਿੰਨੀ ਹੀ ਵਾਰ ਮੰਜੀ 'ਤੇ ਰਜਾਈ ਦੀ ਯਾਦ ਆਈ ਸੀ। ਇੰਨੇ ਕਾਕਰੋਚ ਤਾਂ ਉਹਨੇ ਪਿੰਡ 'ਚ ਵੀ ਕਦੇ ਨਹੀਂ ਵੇਖੇ ਸਨ। ਪਿੰਡ ਵਾਲਾ ਘਰ ਵੀ ਬਾਰਨ ਤੋਂ ਕਿਤੇ ਸਾਫ਼ ਸੀ। ਉਸ ਦਿਨ ਇੱਕ ਕਾਕਰੋਚ ਵੇਖ ਕੇ ਸੋਸ਼ਲ ਵਰਕਰ ਕਹਿ ਰਹੀ ਸੀ – 'ਇਨ੍ਹਾਂ ਨੂੰ ਮਾਰਨ ਵਾਲੇ ਆ ਜਾਣਗੇ।' ਕੋਈ ਕਹਿ ਰਿਹਾ ਸੀ – 'ਜਦ ਸਾਰਾ ਕੁਝ ਨਸ਼ਟ ਹੋ ਜਾਵੇਗਾ ਤਾਂ ਵੀ ਕਾਕਰੋਚਾਂ ਦਾ ਰਾਜ ਰਹੇਗਾ।' ਕਾਕਰੋਚ ਨਿਰੰਜਨ ਸਿੰਘ ਤੋਂ ਪਹਿਲਾਂ ਵੀ ਹੈ ਸਨ ਅਤੇ ਬਾਅਦ 'ਚ ਵੀ ਰਹਿਣਗੇ। ਉਹ ਪਾਗਲ ਜਿਹਾ ਹੋ ਗਿਆ ਹੈ। ਉਹਦ ਮਨ ਪਿੰਡ 'ਚ ਗਰਮੀਆਂ 'ਚ ਛਿੜਕਾਅ ਬਾਅਦ ਉੱਠਦੀ ਮਿੱਟੀ ਦੀ ਸੋਂਧੀ ਖੁਸ਼ਬੂ ਲਈ ਮਚਲ ਉੱਠਦਾ ਹੈ। 'ਇਥੋਂ ਦੀ ਸਾਲੀ ਮਿੱਟੀ ਵੀ ਕਿਹੋ ਜਿਹੀ ਹੈ – ਪਾਣੀ ਪਾਓ ਤਾਂ ਚਿਪਚਿਪ ਕਰੇਗੀ, ਖੁਸ਼ਬੂ ਨਹੀਂ ਦੇਵੇਗੀ।'

ਤਦ ਸੋਚਿਆ ਸੀ – 'ਰਹਿਣਾ ਬਾਰਨ 'ਚ ਹੈ। ਦੂਸਰਿਆਂ ਨੂੰ ਪੈਸੇ ਭੇਜਣੇ ਹਨ ਘਰ, ਤਾਂ ਮਨ 'ਚ ਕਿਸੇ ਗੱਲ ਦੀ ਖਾਹਿਸ਼ ਹੀ ਕਿਉਂ। ਛੱਡ ਮਨਾ, ਮਾਇਆ, ਮੋਹ ; ਨਿਰਲੇਪ ਹੋ ਜਾ।'

ਸਾਲਾਂ ਬਾਅਦ ਆਇਆ ਭਾਬੀ ਦਾ ਖ਼ਤ ਉਹਨੂੰ ਯਾਦ ਹੈ – 'ਨਿਰੰਜਨ, ਤੈਨੂੰ ਵੇਖਣ ਨੂੰ ਬੜਾ ਮਨ ਕਰਦਾ ਹੈ। ਹੁਣ ਦੀ ਵੈਸਾਖੀ ਨੂੰ ਕਾਕੇ ਦੀ ਸ਼ਾਦੀ ਹੈ, ਜ਼ਰੂਰ ਆਵੀਂ, ਕਾਕਾ ਵੀ ਕੀ ਸੋਚੇਗਾ, ਕਿਹੋ ਜਿਹਾ ਚਾਚਾ ਹੈ ਆਇਆ ਹੀ ਨਹੀਂ। ਭਾਬੀ ਨੂੰ ਜਾਂ ਬਾਕੀ ਸਾਰਿਆਂ ਨੂੰ ਵੇਖਣ ਦੀ ਇੱਛਾ ਜਾਗ ਪਈ ਸੀ, ਤਾਂ ਉਹ ਟਿਕਟ ਕਟਾ ਕੇ ਘਰ ਪਹੁੰਚ ਗਿਆ ਸੀ। ਪਿੰਡ ਤਾਂ ਕਿੰਨਾ ਹੀ ਬਦਲ ਗਿਆ ਸੀ। ਕਿੰਨੀਆਂ ਹਵੇਲੀਆਂ ਬਣ ਗਈਆਂ ਸਨ, ਉਸ ਦੇ ਆਪਣੇ ਘਰ ਦੀ ਹਾਲਤ ਕਿੰਨੀ ਸੁਧਰ ਗਈ ਸੀ। ਭਾਬੀ ਅਲਬੱਤਾ ਕਾਫ਼ੀ ਰੁਤਬੇ ਵਾਲੀ ਹੋ ਗਈ ਸੀ ਅਤੇ ਉਹ ਕਦੀ ਚੂੜੇ, ਨੱਥ ਵਾਲੀ ਅਤੇ ਕਦੀ ਰੋਂਦੀ ਵਿਲਕਦੀ ਭਾਬੀ ਨੂੰ ਲੱਭਣ ਦੀ ਕੋਸ਼ਿਸ਼ ਕਰਦਾ ਰਿਹਾ ਸੀ ਅਤੇ ਭਾਬੀ ਇਨ੍ਹਾਂ ਦੋਹਾਂ 'ਚੋਂ ਕੁਝ ਵੀ ਨਾ ਹੁੰਦਿਆਂ ਹੋਇਆਂ ਬੇਹੱਦ ਸਮਝਦਾਰ, ਰੁਤਬੇ ਵਾਲੀ ਅਤੇ ਹਰ ਚੀਜ਼ ਦੀ ਕਰਤਾ-ਧਰਤਾ ਬਣ ਚੁੱਕੀ ਸੀ। ਭਾਬੀ ਉਸ ਦੇ ਵਾਪਸ ਆਉਣ 'ਤੇ ਕਾਫੀ ਖੁਸ਼ ਸੀ, ਪਰ ਕਿਸੇ ਵੀ ਗੱਲ 'ਤੇ ਨੋਕ-ਝੋਕ ਸਮੇਂ ਉਸ ਨੂੰ ਤਿੱਖੀਆਂ ਨਜ਼ਰਾਂ ਨਾਲ ਵੀ ਵੇਖ ਲੈਂਦੀ ਸੀ। ਭਾਬੀ ਦੁੱਧ-ਮਲਾਈ, ਮੱਕੀ ਦੀ ਰੋਟੀ ਅਤੇ ਸਾਗ ਖੁਆਉਣ ਦੀ ਜ਼ਿਦ ਕਰਦੀ ਰਹੀ ਸੀ ਅਤੇ ਸੁੱਕੀ ਡਬਲਰੋਟੀ ਖਾਣ ਵਾਲਾ ਉਹ ਕੁਝ ਵੀ ਨਹੀਂ ਪਚਾ ਸਕਿਆ ਸੀ। ਗੁਰੂ ਗ੍ਰੰਥ ਸਾਹਿਬ ਦੇ ਪਾਠ ਵੇਲੇ ਉਹ ਘੰਟਿਆ ਬੱਧੀ ਜ਼ਮੀਨ 'ਤੇ ਨਹੀਂ ਬੈਠ ਸਕਿਆ ਸੀ। ਭਾਵੇਂ ਉਹ ਮਜ਼ਦੂਰੀ ਕਰ ਕੇ ਹੀ ਪੈਸੇ ਕਮਾਉਂਦਾ ਰਿਹਾ ਸੀ, ਪਰ ਕੁਰਸੀ 'ਤੇ ਬੈਠਣ ਦੀ ਆਦਤ ਪਾ ਚੁੱਕਾ ਸੀ। ਇਹ ਗੱਲ ਸੋਚ ਕੇ ਉਹਦੇ ਹੱਥ ਆਪਣੇ ਆਪ ਜੁੜ ਜਾਂਦੇ। ਉਹ ਕਹਿ ਉੱਠਦਾ ਹੈ – 'ਹੇ ਸਤਿਗੁਰੂ! ਹੇ ਬਾਬਾ ਜੀ! ਬੇਅਦਬੀ ਮੁਆਫ਼ ; ਤੇਰਾ ਨਾਂ ਜ਼ਮੀਂ 'ਤੇ ਲਿਆ ਜਾਂ ਕੁਰਸੀ 'ਤੇ ਲਿਆ, ਗੱਲ ਤਾਂ ਇੱਕੋ ਈ ਹੈ।'

ਭਤੀਜੇ ਉਸ ਨੂੰ ਵੇਖ ਕੇ ਕੁਝ ਹੱਦ ਤੱਕ ਸ਼ਰਮਸਾਰ ਹੋਏ ਸਨ। ਸੋਚਿਆ ਹੋਵੇਗਾ, ਅਮਰੀਕਾ 'ਚ ਰਹਿਣ ਵਾਲਾ ਚਾਚਾ ਪੂਰਾ ਅੰਗਰੇਜ਼ ਬਣ ਗਿਆ ਹੋਵੇਗਾ, ਫਟਾਫਟ ਅੰਗਰੇਜ਼ੀ ਬੋਲੇਗਾ, ਹਾਸਾ-ਮਜ਼ਾਕ ਕਰੇਗਾ। ਉਸਦੀ ਥਾਂ ਪਹੁੰਚਿਆ ਸੀ ਪੰਜਤਾਲੀ ਸਾਲਾਂ ਦਾ ਚਿੱਟੇ ਵਾਲਾਂ ਵਾਲਾ ਸਿੱਧਾ-ਸਾਦਾ ਆਦਮੀ, ਜਿਹੜਾ ਪੈਂਟ-ਕਮੀਜ਼ ਪਾਈ ਅਤੇ ਥੋੜੀ ਬਹੁਤ ਅੰਗਰੇਜ਼ੀ ਬੋਲਣ ਦੇ ਬਾਵਜੂਦ ਉਨ੍ਹਾਂ ਨੂੰ ਜ਼ਿਆਦਾ ਪ੍ਰਭਾਵਤ ਨਹੀਂ ਸੀ ਕਰ ਸਕਿਆ। ਭਾਬੀ ਨੂੰ ਬਾਰ ਬਾਰ ਚੇਤੇ

ਕਰਾਉਣਾ ਪੈ ਰਿਹਾ ਸੀ ਕਿ ਉਹ ਜੋ ਕੁਝ ਵੀ ਹੈ, ਉਸੇ ਦੀ ਵਜ੍ਹਾ ਨਾਲ ਹੈ। ਭਤੀਜੇ ਨਾਰਾਜ਼ ਹੋਏ ਸਨ, ਜਦ ਉਸ ਨੇ ਕਿਹਾ ਕਿ ਸਫੈਦ ਪੈਂਟ-ਕਮੀਜ਼ ਪਾ ਕੇ ਬਾਬੂਗਿਰੀ ਹੁੰਦੀ ਹੈ, ਅਫਸਰੀ ਹੁੰਦੀ ਹੈ, ਖੇਤੀਬਾੜੀ ਨਹੀਂ।

ਉਸਦੇ ਹਮ-ਉਮਰ ਜ਼ਰੂਰ ਉਸਦੀਆਂ ਕਹਾਣੀਆਂ ਸੁਣ ਕੇ ਪ੍ਰਭਾਵਤ ਹੋਏ ਸਨ, ਕਿਵੇਂ ਪੁੱਛਦੇ ਰਹੇ ਸਨ- 'ਨਿਰੰਜਨ ਸਿੰਘਾ, ਤੇਰੀ ਓਥੇ ਹਜ਼ਾਰਾਂ ਏਕੜ ਜ਼ਮੀਨ ਹੋਵੇਗੀ ? ਕਿੰਨੀਆਂ ਕੋਠੀਆਂ ਨੇ ? ਗੋਰੀਆਂ ਕਿਹੋ-ਜਿਹੀਆਂ ਹੁੰਦੀਆਂ ਨੇ ? ਤੇਰੇ ਅੱਗੇ ਪਿੱਛੇ ਫਿਰਦੀਆਂ ਹੋਣਗੀਆਂ ? ਸੁਣਿਆ ਹੈ, ਕਾਲੇ ਉਨ੍ਹਾਂ ਨੂੰ ਬੜੇ ਪਸੰਦ ਆਉਂਦੇ ਨੇ, ਜੱਟ ਖ਼ਾਸ ਕਰ ਕੇ।' ਅਤੇ ਉਹ ਚਾਹੁੰਦਾ ਹੋਇਆ ਵੀ ਇਹ ਨਹੀਂ ਸੀ ਕਹਿ ਸਕਿਆ ਕਿ ਉਹ ਲੋਕਾਂ ਦਿਆਂ ਬਾਗਾਂ 'ਚ ਕੰਮ ਕਰਦਾ ਹੈ ਅਤੇ ਉਸ ਕੋਲ ਕਹਿਣ ਨੂੰ ਵੀ ਇੱਕ ਵਿਘਾ ਜ਼ਮੀਨ ਨਹੀਂ ਅਤੇ ਇਹ ਵੀ ਕਿ ਉਹ ਬਾਰਨ 'ਚ ਹੀ ਰਹਿੰਦਾ ਹੈ। ਇਹ ਤਾਂ ਗਨੀਮਤ ਸੀ ਕਿ ਉਸ ਦੇ ਪਿੰਡ ਦਾ ਕੋਈ ਜਵਾਨ 'ਸਿਟੀ' 'ਚ ਨਹੀਂ ਸੀ ਰਹਿੰਦਾ। ਬਾਅਦ 'ਚ ਤਾਂ ਕੁਝ ਲੋਕ ਚਲੇ ਵੀ ਗਏ ਸਨ। ਫਿਰ ਤਾਂ ਉਹ ਪਿੰਡ ਗਿਆ ਹੀ ਨਹੀਂ ਸੀ। ਭੈਣਾਂ ਤਾਹਨੇ ਦਿੰਦੀਆਂ ਰਹੀਆਂ ਸਨ - 'ਸਾਡੇ ਬੱਚੇ ਤੇਰੇ ਕੁਝ ਨਹੀਂ ਲੱਗਦੇ ? ਉਨ੍ਹਾਂ ਲਈ ਵੀ ਕੁਝ ਕਰ।' ਪਰ ਵਾਪਸ ਪਰਤਦਿਆਂ ਉਹ ਸਾਰੇ ਪੈਸੇ ਭਾਬੀ ਨੂੰ ਹੀ ਦੇ ਆਇਆ ਸੀ ਕਿ ਸਾਰਿਆਂ ਦੀ ਜ਼ਰੂਰਤ ਵੇਖ ਕੇ ਵੰਡ ਦਈਂ। ਉਹਨੂੰ ਸੀ ਇੱਕ ਓਹੀ ਹੈ, ਜਿਹੜੀ ਉਹਦਾ ਦੁਖ-ਦਰਦ ਜਾਣਦੀ ਹੈ। ਆਉਣ ਵੇਲੇ ਰੋਈ ਵੀ ਤਾਂ ਕਿੰਨਾ ਹੀ ਸੀ। ਕਿੰਨਾ ਨਾਰਾਜ਼ ਹੋਈ ਸੀ ਆਪਣੇ ਬੱਚਿਆਂ ਨਾਲ। ਇਕ ਵਾਰ ਦੱਬੀ ਜ਼ੁਬਾਨੇ ਇਹ ਵੀ ਕਹਿ ਗਈ ਸੀ - 'ਨਿਰੰਜਨਾ, ਤੂੰ ਹੁਣ ਸ਼ਾਦੀ ਕਰਵਾ ਲੈ, ਸਾਰੇ ਕਹਿੰਦੇ ਨੇ ਕਿ ਮੈਂ ਆਪਣੇ ਲਾਲਚ ਦੀ ਖਾਤਰ ਤੇਰੀ ਸ਼ਾਦੀ ਨਹੀਂ ਹੋਣ ਦਿੰਦੀ।' ਉਹ ਕਹਿ ਗਿਆ ਸੀ - 'ਹੁਣ ਇਸ ਬੁੱਢੀ ਉਮਰੇ ਕੀ ਘੋੜੀ ਚੜ੍ਹਾਂਗਾ ? ਹੁਣ ਤਾਂ ਬੱਚਿਆਂ ਦੀਆਂ ਸ਼ਾਦੀਆਂ ਹੋਣਗੀਆਂ।'

ਪੈਸਿਆਂ ਦੀ ਮੰਗ 'ਚ ਕਦੇ ਕਮੀ ਨਾ ਆਈ। ਕਦੇ ਕਿਸੇ ਦੀ ਸ਼ਾਦੀ ਲਈ, ਕਦੀ ਟ੍ਰੈਕਟਰ ਲਈ ਅਤੇ ਕਦੇ ਮੁਕੱਦਮੇ ਜ਼ਮਾਨਤ ਲਈ। ਉਹ ਕੀ ਨਹੀਂ ਸਮਝਦਾ ! ਭਾਬੀ ਆਪਣੀਆਂ ਅੱਖਾਂ ਦੇ ਇਲਾਜ ਲਈ ਵੱਖਰੇ ਪੈਸੇ ਮੰਗਵਾਉਂਦੀ ਹੈ ਅਤੇ ਉਸੇ ਭਾਬੀ ਦੇ ਇਲਾਜ ਲਈ ਭਤੀਜੇ ਵੱਖ ਪੈਸੇ ਮੰਗਵਾਉਂਦੇ ਹਨ। ਉਹ ਸਭ ਸਮਝਦਾ ਹੈ ਅਤੇ ਚੁੱਪਚਾਪ ਸਾਰਿਆਂ ਨੂੰ ਪੈਸੇ ਭੇਜ ਦਿੰਦਾ ਹੈ। ਉਸਦਾ ਤਾਂ ਮਨ ਹੀ ਮਰ ਗਿਆ ਹੈ। 'ਵਾਹਿਗੁਰੂ, ਵਾਹਿਗੁਰੂ' ਕਹਿੰਦੇ ਉਹ ਗੁਟਕਾ ਚੁੱਕ ਪਾਠ ਕਰਨ ਦੀ ਕੋਸ਼ਿਸ਼ ਕਰਦਾ ਹੈ। ਜਦੋਂ ਬੰਤਾ ਅਤੇ ਮਲੂਕਾ ਸਨ ਤਾਂ ਤਿੰਨੇ ਮਿਲ ਕੇ ਪਾਠ ਕਰਿਆ ਕਰਦੇ ਸਨ। ਬੰਤਾ ਵਿਚਾਰਾ ਤਾਂ ਆਪਣੇ ਬਾਗ਼-ਖੇਤ ਅਤੇ ਮੁਲਕ ਦੀ ਖਾਹਿਸ਼ ਹੀ ਮਨ 'ਚ ਲਈ ਮਰ ਗਿਆ। ਮਲੂਕੇ ਨੂੰ ਰਿਸ਼ਤੇਦਾਰ ਲੈ ਗਏ। ਬੜਾ ਮੌਜੀ ਆਦਮੀ ਸੀ। ਕਹਿੰਦਾ ਸੀ - 'ਨਿਰੰਜਨ ਨੂੰ ਇਕ ਬੀਅਰ ਪਿਆ ਦਿਓ ਤਾਂ ਮੌਜ 'ਚ ਆ ਜਾਵੇਗਾ, ਦੋ ਪੀ ਕੇ ਹੋ-ਹੱਲਾ ਕਰੇਗਾ, ਤਿੰਨ ਪੀ ਕੇ ਤਾਂ ਉਸਨੂੰ ਤੀਵੀਂ ਚਾਹੀਦੀ ਹੈ।'

ਹਾਂ, ਪਹਿਲਾਂ ਤਾਂ ਕਦੇ-ਕਦਾਈਂ ਉਹ ਐਸੀ-ਵੈਸੀ ਥਾਂ ਚਲਿਆ ਵੀ ਜਾਂਦਾ ਸੀ। ਝੱਖ ਮਾਰ ਲੈਂਦਾ ਸੀ। ਕਈ ਮਕਸੀਕੀਨਾਂ ਤਾਂ ਉਸ 'ਤੇ ਜਾਨ ਦਿੰਦੀਆਂ ਸਨ। ਮਰੀਆ ਕਿੰਨੀ ਸੁਹਣੀ ਸੀ। ਸੁਹਣੀ ਸੁਡੌਲ, ਸੁਹਣੀਆਂ ਕਾਲੀਆਂ ਅੱਖਾਂ, ਕਾਲੇ ਵਾਲ ! ਪਹਿਲੀ ਵਾਰ ਜਦ ਬਾਰਨ ਆਈ, ਇਕਦਮ ਘੁਲਮਿਲ ਗਈ ਸੀ। ਉਸ ਦੇ ਨਾਲ, ਸਾਰੇ ਕੁਝ ਦੇ ਨਾਲ ਨਾਲ, ਕਦੇ ਕਦੇ ਭਾਬੀ ਯਾਦ



ਆ ਜਾਂਦੀ। ਕਿਹੋ ਜਿਹੀ ਅਜੀਬ ਗੱਲ ਹੈ ! ਐਸੀਆਂ ਵੈਸੀਆਂ ਔਰਤਾਂ ਕੋਲ ਹੁੰਦਿਆਂ ਕਦੇ ਭਾਬੀ ਦੀ ਯਾਦ ਨਹੀਂ ਸੀ ਆਉਂਦੀ। ਉਹ ਉਹਦੇ ਬਾਰੇ ਪਤਾ ਨਹੀਂ ਕੀ ਕੀ ਸੋਚਣ ਲੱਗ ਪੈਂਦਾ ਸੀ। ਪਰ ਬਾਅਦ 'ਚ ਇਕ ਦਿਨ ਮਰੀਆ ਬੋਲੀ- 'ਮੈਂ ਬਾਰਨ 'ਚ ਨਹੀਂ ਰਹਿ ਸਕਦੀ। ਕਿੰਨੇ ਕਾਕਰੋਚ ਨੇ ਇੱਥੇ।' ਉਸ ਨੇ ਸੋਚਿਆ ਸੀ ਮਰੀਆ ਨਾਲ ਸ਼ਾਦੀ ਦਾ ਮਤਲਬ ਹੈ, ਬੱਸ ਇੱਥੋਂ ਦਾ ਹੀ ਹੋ ਜਾਣਾ। ਫਿਰ ਕਦੇ ਦੇਸ਼ ਨਾ ਪਰਤ ਸਕਣਾ ਅਤੇ ਬਾਅਦ 'ਚ ਤਾਂ ਉਸਦੀ ਸ਼ਾਦੀ ਐਨਟੋਨੀਓ ਨਾਲ ਹੋ ਗਈ ਸੀ।

ਨਿਰੰਜਨ ਦਾ ਮਨ ਅੱਜ ਬੱਸ ਭਟਕ ਹੀ ਰਿਹਾ ਹੈ। ਕਿਤੋਂ ਦਾ ਕਿਤੇ ਪਹੁੰਚ ਰਿਹਾ ਹੈ। ਕਦੇ ਬਚਪਨ ਦੀ ਕੋਈ ਗੱਲ ਯਾਦ ਆਉਂਦੀ ਹੈ ਤੇ ਕਦੀ ਕੋਈ ਜਵਾਨੀ ਦੀ। ਪਿਛਲੀ ਵਾਰ ਕੋਈ ਕਹਿ ਰਿਹਾ ਸੀ - 'ਕਿਉਂ ਆਪਣੀ ਜਾਤ ਖਰਾਬ ਕਰ ਰਿਹਾ ਹੈਂ ਇੱਥੇ ? ਤੇਰੇ ਭਤੀਜੇ ਓਥੇ ਅਫ਼ੀਮ, ਗਾਂਜਾ ਸਭ ਕੁਝ ਛਕੀ ਜਾਂਦੇ ਨੇ ; ਤੇਰਿਆਂ ਪੈਸਿਆਂ 'ਤੇ ਐਸ਼ ਪਏ ਕਰਦੇ ਨੇ, ਐਸ਼ !' ਪਰ ਉਸ ਨੇ ਕਿਹਾ ਸੀ - 'ਬੱਚੇ ਮੇਰੇ ਹੁੰਦਿਆਂ ਐਸ਼ ਨਹੀਂ ਕਰਨਗੇ, ਤਾਂ ਹੋਰ ਕਦੋਂ ਕਰਨਗੇ ?' ਪਤਾ ਨਹੀਂ ਕੀ ਗੱਲ ਹੈ, ਆਪਣੇ 'ਤੇ ਉਹ ਕਦੇ ਕੁਝ ਖਰਚ ਹੀ ਨਹੀਂ ਕਰ ਸਕਿਆ ! ਭੈਣਾਂ ਨੂੰ ਵੀ ਕੁਝ ਨਹੀਂ ਭੇਜਦਾ, ਜਿਵੇਂ ਵਾਹਿਗੁਰੂ ਦਾ ਸਰਾਪ ਲੱਗਾ ਹੈ ਕਿ ਉਸ ਦੀ ਇਸ ਉਮਰ ਦੀ ਸਾਰੀ ਕਮਾਈ ਭਤੀਜਿਆਂ ਜੋਗੀ ਹੀ ਹੈ। ਕਦੇ ਕੋਈ ਫਜ਼ੂਲ ਖਰਚੀ ਨਹੀਂ ਕੀਤੀ। ਇਸ ਉਮਰ 'ਚ ਵੀ ਟੈਕਸੀ ਨਹੀਂ ਲੈਂਦਾ। ਬੱਸ 'ਚ ਹੀ ਸਫ਼ਰ ਕਰਦਾ ਹੈ। ਇਹ ਤਾਂ ਮਾਸਟਰ ਹੀ ਹੈ, ਜੋ ਜ਼ਬਰਦਸਤੀ ਉਹਨੂੰ ਇੱਥੇ ਚੁੱਕ ਲਿਆਇਆ। ਕਹਿੰਦਾ ਸੀ - 'ਚਾਚਾ, ਸਾਰੀ ਉਮਰ ਤਾਂ ਗਲੀ-ਸੜੀ ਥਾਂ ਬਿਤਾ ਦਿੱਤੀ। ਘੱਟੋ-ਘੱਟ ਮਰ ਤਾਂ ਸਾਫ਼ ਸੁਥਰੀ ਥਾਂ 'ਤੇ। 'ਮਰਨ ਦਾ ਕੀ ਹੈ ! ਮਿੱਟੀ 'ਚ ਮਿੱਟੀ ਮਿਲ ਗਈ, ਮਿੱਟੀ ਦਾ ਕੀ ਮਾਣ !' ਉਹਨੇ ਸੋਚ ਛੱਡਿਆ ਸੀ। ਸ਼ਾਇਦ ਮਾਸਟਰ ਨਾਰਾਜ਼ ਹੋ ਗਿਆ ਹੈ। ਉਸ ਦਿਨ ਕਹਿਣ ਲੱਗਾ - 'ਚਾਚਾ, ਵਸੀਅਤ ਲਿਖਵਾ ਦੇ ਦਿੱਤੇ ਅਤੇ ਪੰਜ-ਛੇ ਸੌ ਡਾਲਰ ਜਮ੍ਹਾਂ ਕਰਵਾ ਦੇ। ਤੇਰੇ ਨਜ਼ਦੀਕੀ ਮੈਂ ਹੀ ਤਾਂ ਹਾਂ। ਨਹੀਂ ਤਾਂ ਸਾਰਾ ਕੁਝ ਮੈਨੂੰ ਕਰਨਾ ਪਵੇਗਾ।' ਨਿਰੰਜਨ ਸਿੰਘ ਨੇ ਜੀਂਦੇ-ਜੀਅ ਆਪਣੇ 'ਤੇ ਕੁਝ ਨਹੀਂ ਖ਼ਰਚ ਕੀਤਾ ਅਤੇ ਉਹਦੇ ਮਰਨ ਬਾਅਦ ਉਹਦੀ ਲਾਸ਼ 'ਤੇ ਛੇ ਸੌ ਡਾਲਰ ! ਇਹ ਗੱਲ ਉਹਦੇ ਦਿਮਾਗ 'ਚ ਨਹੀਂ ਬੈਠ ਰਹੀ ਸੀ। ਉਹਨੇ ਸੋਚਿਆ ਸੀ, 'ਪਾਰਸੀ ਲੋਕ ਚੰਗੇ ਨੇ, ਜਿਹੜੇ ਲਾਸ਼ ਨੂੰ ਇੱਲਾਂ-ਗਿਰਝਾਂ ਨੂੰ ਪਾ ਦਿੰਦੇ ਨੇ। ਕੁਝ ਤਾਂ ਫਾਇਦਾ ਹੋਇਆ। ਕੌਣ ਮਰੀ ਜਾਨ ਪਿੱਛੇ ਛੇ ਸੌ ਡਾਲਰ ਪੁੱਟੇ।' ਤਦ ਉਹਨੇ ਸੋਚਿਆ ਸੀ, 'ਮਰਨ ਲਈ ਪਿੰਡ ਹੀ ਕਿਉਂ ਨਾ ਚੱਲਿਆ ਜਾਵੇ !' ਫਿਰ ਸੋਚਿਆ, 'ਨਹੀਂ, ਉਹ ਕਿਸੇ ਦਾ ਮੁਥਾਜ ਨਹੀਂ ਹੋਵੇਗਾ, ਆਪਣੇ ਵਤਨ ਤੋਂ ਤਾਂ ਉਹਦਾ ਅੰਨ-ਪਾਣੀ ਬਹੁਤ ਪਹਿਲਾਂ ਦਾ ਮੁੱਕ ਚੁੱਕਾ ਹੈ।'

ਫਿਰ ਉਹਨੇ ਇਹ ਵੀ ਪਤਾ ਕਰ ਲਿਆ ਕਿ ਜਿਨ੍ਹਾਂ ਦਾ ਕੋਈ ਵਾਲੀ ਵਾਰਿਸ ਨਹੀਂ ਹੁੰਦਾ, ਉਨ੍ਹਾਂ ਨੂੰ ਜਲਾਉਣ ਦਾ ਕੰਮ ਸਰਕਾਰ ਕਰ ਦਿੰਦੀ ਹੈ। ਇਕ ਦਰਦ ਜਿਹਾ ਉਠਿਆ-'ਉਹਦਾ ਕੋਈ ਵਾਲੀ-ਵਾਰਿਸ ਹੀ ਨਹੀਂ।' ਫੇਰ ਨਿਰਲੇਪ ਭਾਵ ਨਾਲ ਉਹਨੇ ਆਪਣੇ ਆਪ ਨੂੰ ਸਮਝਾਇਆ ਸੀ - 'ਦੇਹ ਦਾ ਕੀ ਹੈ ! ਦੋਸਤ ਰਿਸ਼ਤੇਦਾਰ ਨਾ ਜਲਾਉਣ, ਸਰਕਾਰ ਜਲਾ ਦੇਵੇ।' ਮਾਸਟਰ ਦੁਖੀ ਹੋਇਆ ਸੀ। ਕਹਿਣ ਲੱਗਾ ਸੀ- 'ਚਾਚਾ, ਮੈਂ ਇੰਞ ਨਹੀਂ ਹੋਣ ਦਿਆਂਗਾ। ਤੂੰ ਆਪਣੇ ਲਈ ਕੁਝ ਨਹੀਂ ਕਰਦਾ, ਤਾਂ ਨਾ ਕਰ। ਮੈਂ ਖ਼ਰਚਾ ਕਰਾਂਗਾ।' ਇਹ ਸੁਣਦਿਆਂ ਹੀ ਉਹ ਅੱਗ ਭਬੂਕਾ ਹੋ

ਉੱਠਿਆ ਸੀ। ਕਹਿਣ ਲੱਗਾ – 'ਮੈਂ ਜੀਂਦੇ ਜੀ ਕਿਸੇ ਦਾ ਅਹਿਸਾਨ ਨਹੀਂ ਲਿਆ, ਮੇਰੇ ਮਰਨ 'ਤੇ ਕੋਈ ਮੇਰੇ ਲਈ ਕੁਝ ਨਹੀਂ ਕਰੇਗਾ। ਮੇਰਾ ਕੋਈ ਰਿਸ਼ਤੇਦਾਰ ਦੋਸਤ ਨਹੀਂ, ਸਰਕਾਰ ਮੇਰੀ ਲਾਸ਼ ਜਲਾਏ, ਦਫ਼ਨਾਏ ਜਾਂ ਇੱਲਾਂ ਕਾਵਾਂ ਨੂੰ ਪਾਏ।' ਮਾਸਟਰ ਦੁਖੀ ਸੀ। ਕਹਿ ਰਿਹਾ ਸੀ – 'ਚਾਚਾ ਤੇਰੇ ਦਿਲ ਦਾ ਵੀ ਕੁਝ ਪਤਾ ਨਹੀਂ ਲੱਗਦਾ, ਕੁਝ ਲੋਕਾਂ ਲਈ ਤੂੰ ਬਾਦਸ਼ਾਹ ਅਤੇ ਕੁਝ ਲੋਕਾਂ ਲਈ ਤੂੰ ਫ਼ਕੀਰ ਹੈਂ। ਭੈਣਾਂ ਨੂੰ ਤੂੰ ਫੁੱਟੀ ਕੌਡੀ ਵੀ ਨਹੀਂ ਭੇਜਦਾ, ਆਪਣੇ 'ਤੇ ਤੂੰ ਦਸ ਡਾਲਰ ਨਹੀਂ ਖ਼ਰਚ ਕਰ ਸਕਦਾ। ਇਥੇ ਕਿਸੇ ਨੂੰ ਤੂੰ ਘੁੱਟ ਬੀਅਰ ਪਿਆ ਕੇ ਰਾਜ਼ੀ ਨਹੀਂ। ਉਸ ਦਿਨ ਮੈਂ ਕਹਿ ਦਿੱਤਾ, ਤੇਰੇ ਕੋਲ ਕਾਫੀ ਥਾਂ ਹੈ। ਮੇਰਾ ਇਕ ਦੋਸਤ ਕੈਨੇਡਾ ਤੋਂ ਆ ਰਿਹਾ ਹੈ, ਕੀ ਤੇਰੇ ਕੋਲ ਠਹਿਰ ਜਾਏ! ਤੂੰ ਇਕਦਮ ਮੁੱਕਰ ਗਿਆ। ਕਹਿਣ ਲੱਗਾ, 'ਇਹ ਅਮਰੀਕਾ ਹੈ, ਇੱਥੇ ਕੋਈ ਕਿਉਂ ਕਿਸੇ ਕੋਲ ਠਹਿਰੇ। ਹੋਟਲ-ਮੋਟੇਲ ਕਿਸ ਲਈ ਹਨ।' ਉਹਦੇ ਵਿਹੰਦਿਆਂ ਵਿਹੰਦਿਆਂ ਸਾਰਾ ਸ਼ਹਿਰ ਬਦਲ ਗਿਆ ਹੈ। ਹੁਣ ਤਾਂ ਪੰਜਾਬੀਆਂ ਦਾ ਹੀ ਰਾਜ ਹੈ। ਕਿੰਨੇ ਬਾਗ਼-ਕੋਠੀਆਂ ਵਾਲੇ ਹੋ ਗਏ ਹਨ। ਗੁਰਦੁਆਰਾ ਕਿੰਨਾ ਚੰਗਾ ਹੋ ਗਿਆ ਹੈ। ਕਿੰਨੇ ਅਮਰੀਕੀ ਲੋਕ ਸਿੱਖ-ਪੰਥੀ ਹੋ ਗਏ ਹਨ। ਕਿੰਨਿਆਂ ਪੰਜਾਬੀਆਂ ਦੀਆਂ ਗੋਰੀਆਂ ਅਤੇ ਮੈਕਸੀਕਣਾਂ ਬੀਵੀਆਂ ਹਨ। ਬੱਚੇ ਕਿਵੇਂ ਅੰਗਰੇਜ਼ ਹੋ ਗਏ ਹਨ। ਕਿਹੋ ਜਿਹੀ ਸਾਫ਼ ਅੰਗਰੇਜ਼ੀ ਬੋਲਦੇ ਹਨ। ਕਿੰਨਿਆਂ ਦੇ ਤਲਾਕ ਹੋਣ ਲੱਗੇ ਹਨ! ਹੇ ਵਾਹਿਗੁਰੂ! ਕਲਜੁਗ ਹੈ, ਕਲਜੁਗ ; ਜੱਟਾਂ ਦੀਆਂ ਕੁੜੀਆਂ ਅਮਰੀਕੀਆਂ ਨਾਲ ਰਹਿ ਰਹੀਆਂ ਹਨ – ਇਸ ਖ਼ਿਆਲ 'ਤੇ ਉਹ ਕਚਿਆਣ ਜਿਹੀ ਮਹਿਸੂਸ ਕਰਦਾ ਹੈ। ਤਦੋਂ ਹੀ ਮਾਸਟਰ ਆ ਜਾਂਦਾ ਹੈ – 'ਚਾਚਾ, ਤੇਰੀ ਚਿੱਠੀ ਆਈ ਹੈ....ਅਤੇ ਚਾਚਾ, ਇਹ ਮੇਰੇ ਚੰਗੇ ਦੋਸਤ ਹਨ। ਬੋਸਟਨ ਤੋਂ ਆਏ ਹਨ।' ਚਾਚਾ ਬੜਾ ਖ਼ੁਸ਼ ਹੋ ਜਾਂਦਾ ਹੈ ਅਤੇ ਹਰ ਰੋਜ਼ ਨਾਲੋਂ ਜ਼ਿਆਦਾ ਦਰਿਆ-ਦਿਲ ਹੁੰਦੇ ਹੋਏ ਕਹਿੰਦਾ ਹੈ– 'ਇਹਨਾਂ ਨੂੰ ਬੀਅਰ ਪਿਆਓ, ਨਸ਼ਾ-ਨੁਸ਼ਾ ਕਰਾਓ। ਫਿਰ ਭਾਈ ਕਾਕਾ, ਚਿੱਠੀ ਤਾਂ ਸੁਣਾ।'

ਮਾਸਟਰ ਕਹਿੰਦਾ ਹੈ – 'ਚਾਚਾ, ਤੇਰੀ ਨੂੰਹ ਸੁਣਾਏਗੀ।'

ਚਾਚਾ ਦੇਖਦਾ ਹੈ ਕਿ ਪਹਿਲਾਂ ਵਾਲੀ ਸਿੱਧੀ-ਸਾਦੀ ਨੂੰਹ ਦੀ ਥਾਂ ਫੈਸ਼ਨੇਬਲ ਕੱਟੇ ਵਾਲਾਂ ਵਾਲੀ ਚੁਸਤ ਨੂੰਹ ਬੈਠੀ ਹੈ, ਜਿਹੜੀ ਰੁਕ ਰੁਕ ਕੇ ਬੜੇ ਸਲੀਕੇ ਵਾਲੀ ਪੰਜਾਬੀ 'ਚ ਖ਼ਤ ਪੜ੍ਹ ਰਹੀ ਹੈ – 'ਤੁਹਾਡਾ ਖ਼ਤ ਮਿਲ ਗਿਆ ਸੀ, ਪੈਸੇ ਵੀ। ਚੰਨੋ ਦਾ ਵਿਆਹ ਤੀਹ ਤਾਰੀਖ ਦਾ ਸੀ, ਪਰ ਉਹਦੇ ਸਹੁਰੇ ਦਾ ਭਰਾ ਗੁਜ਼ਰ ਗਿਆ ਹੈ। ਹੁਣ ਸ਼ਾਦੀ ਅਗਲੇ ਸਾਲ 'ਤੇ ਪੈ ਗਈ ਹੈ। ਸਭ ਕੁਝ ਤੁਹਾਡੀ ਮਰਜ਼ੀ ਮੁਤਾਬਕ ਕੀਤਾ ਜਾਏਗਾ। ਆਪਣੀ ਸਿਹਤ ਦਾ ਖ਼ਿਆਲ ਰੱਖਣਾ। ਫਸਲਾਂ ਠੀਕ ਨੇ, ਟ੍ਰੈਕਟਰ ਖਰਾਬ ਸੀ, ਹੁਣ ਠੀਕ ਹੈ।'

ਮਾਸਟਰ ਖਿੱਝਦਾ ਹੈ। ਇਸੇ ਸ਼ਾਦੀ ਲਈ ਤਿੰਨ ਵਾਰ ਪੈਸੇ ਮੰਗਵਾਏ ਜਾ ਚੁੱਕੇ ਹਨ ਅਤੇ ਹਰ ਵਾਰ ਸ਼ਾਦੀ ਟਲ ਗਈ ਹੈ। ਨਿਰੰਜਨ ਸਿੰਘ ਬਸ ਇੰਨਾ ਹੀ ਕਹਿੰਦਾ ਹੈ – 'ਸਭ ਰੱਬ ਦੀ ਮਾਇਆ ਹੈ। ਉਸਦੀ ਲਿਖੀ ਕਿਸ ਨੇ ਟਾਲੀ! ਬੱਸ ਜੀ, ਤੁਸੀਂ ਆਪਣੇ ਦੋਸਤਾਂ ਦੀ ਖ਼ਾਤਰ ਕਰੋ। ਇਨ੍ਹਾਂ ਨੂੰ ਸੈਕਰੋਮੈਂਟੋ ਵਿਖਾਓ, ਗੋਲਡਨ ਗੇਟ ਵਿਖਾਓ, ਮੈਰਿਸਵਿਲ ਵਿਖਾਓ।'

ਮਾਸਟਰ ਹੱਸਦਿਆਂ ਹੱਸਦਿਆਂ ਕਹਿ ਉਠਿਆ–'ਚਾਚਾ, ਇਥੋਂ ਦੀ ਸਭ ਤੋਂ ਨਾਯਾਬ ਚੀਜ਼ ਤੂੰ ਹੈਂ। ਤੈਨੂੰ ਵੇਖ ਲਿਆ ਤਾਂ ਸਮਝੋ ਸਾਰਾ ਕੁਝ ਵੇਖ ਲਿਆ।'

**— ਕਮਲਾ ਦੱਤ**
**(ਅਮਰੀਕਾ)**



# ਪ੍ਰਵਾਸ ਕਿਉਂ, ਇਸਦੇ ਪ੍ਰਭਾਵ ਅਤੇ ਹੱਲ

ਜਦੋਂ ਤੋਂ ਧਰਤੀ 'ਤੇ ਮਨੁੱਖੀ ਜੀਵਨ ਹੋਂਦ ਵਿਚ ਆਇਆ ਹੈ, ਪ੍ਰਵਾਸ ਜਾਰੀ ਹੈ। ਮਨੁੱਖ ਕਦੇ ਬਿਹਤਰ ਸਹੂਲਤਾਂ ਲਈ ਤੇ ਕਦੇ ਆਪਣੇ ਬਚਾਅ ਲਈ ਪ੍ਰਵਾਸ ਕਰਦਾ ਆਇਆ ਹੈ। ਮਨੁੱਖ ਜਿੱਥੇ ਵੀ ਜਾਂਦਾ ਹੈ, ਆਪਣਾ ਸੱਭਿਆਚਾਰ, ਕਦਰਾਂ ਕੀਮਤਾਂ, ਚੰਗੀਆਂ-ਭੈੜੀਆਂ ਆਦਤਾਂ ਨਾਲ ਲੈ ਕੇ ਜਾਂਦਾ ਹੈ, ਉਥੋਂ ਦੇ ਸੱਭਿਆਚਾਰ ਨੂੰ ਪ੍ਰਭਾਵਿਤ ਕਰਦਾ ਹੈ ਅਤੇ ਉਥੋਂ ਦੇ ਸੱਭਿਆਚਾਰ ਤੋਂ ਖ਼ੁਦ ਵੀ ਪ੍ਰਭਾਵਿਤ ਹੁੰਦਾ ਹੈ। ਪੂਰਬੀ ਪੰਜਾਬ ਅੱਜ ਇਸੇ ਹੀ ਤ੍ਰਾਸਦੀ ਦਾ ਸ਼ਿਕਾਰ ਹੋ ਰਿਹਾ ਹੈ। ਸਾਡੇ ਨੌਜਵਾਨ ਵਿਦੇਸ਼ਾਂ ਵੱਲ ਭੱਜ ਰਹੇ ਹਨ ਅਤੇ ਖਾਲੀ ਥਾਂ ਨੂੰ ਪੂਰਾ ਕਰਨ ਲਈ ਭਈਏ ਪੰਜਾਬ ਵਿਚ ਆ ਰਹੇ ਹਨ। ਇਸ ਨਾਲ ਸਮੁੱਚਾ ਭਾਈਚਾਰਾ, ਸੱਭਿਆਚਾਰ ਪ੍ਰਭਾਵਿਤ ਹੋ ਰਿਹਾ ਹੈ ਅਤੇ ਭਵਿੱਖ ਵਿਚ ਗੰਭੀਰ ਕਿਸਮ ਦੀਆਂ ਸਮੱਸਿਆਵਾਂ ਪੈਦਾ ਹੋਣ ਦੀਆਂ ਕਿਆਸਅਰਾਈਆਂ ਲਾਈਆਂ ਜਾ ਰਹੀਆਂ ਹਨ। ਆਓ ਸਭ ਤੋਂ ਪਹਿਲਾਂ ਆਪਾਂ ਵਿਚਾਰ ਕਰੀਏ ਕਿ ਨੌਜਵਾਨ ਵਿਦੇਸ਼ਾਂ ਵੱਲ ਕਿਉਂ ਭੱਜ ਰਹੇ ਹਨ?

1. ਬਿਹਤਰ ਭਵਿੱਖ ਲਈ : ਜਦੋਂ ਨੌਜਵਾਨ ਪੜ੍ਹਾਈ ਕਰ ਲੈਂਦੇ ਹਨ, ਉਨ੍ਹਾਂ ਦੀ ਯੋਗਾ ਮੁਤਾਬਕ ਰੁਜ਼ਗਾਰ ਨਹੀਂ ਮਿਲਦਾ ਤਾਂ ਉਹ ਵਿਦੇਸ਼ ਜਾਣ ਦਾ ਸੋਚਦੇ ਹਨ। ਇਥੇ ਵੱਸਦੇ ਪੜ੍ਹੇ ਲਿਖੇ ਵਿਅਕਤੀ ਆਪਣੇ ਬੱਚਿਆਂ ਦਾ ਭਵਿੱਖ ਇਥੇ ਸੁਰੱਖਿਅਤ ਨਹੀਂ ਸਮਝਦੇ। ਉਹ ਚਿੰਤਾ ਵਸ ਆਪਣੇ ਬੱਚਿਆਂ ਨੂੰ ਵਿਦੇਸ਼ ਵਿਚ ਵਸਾਉਣ ਲੱਗਦੇ ਹਨ।

2. ਭ੍ਰਿਸ਼ਟਾਚਾਰ : ਇਥੇ ਦਫਤਰਾਂ ਵਿਚ ਭ੍ਰਿਸ਼ਟਾਚਾਰ ਦਾ ਬੋਲਬਾਲਾ ਹੈ। ਇਮਾਨਦਾਰ ਵਿਅਕਤੀ ਦੀ ਸਰਕਾਰੇ ਦਰਬਾਰੇ ਪੁੱਛ ਪ੍ਰਤੀਤ ਨਹੀਂ। ਭ੍ਰਿਸ਼ਟਾਚਾਰ ਇਥੋਂ ਦੇ ਸਿਸਟਮ ਪ੍ਰਤੀ ਲੋਕਾਂ ਦੇ ਮਨ ਵਿਚ ਨਫ਼ਰਤ ਪੈਦਾ ਕਰਦਾ ਹੈ।

3. ਅਨੁਸ਼ਾਸਨਹੀਣਤਾ ਅਤੇ ਗੰਦਗੀ : ਰੋਜ਼ਾਨਾ ਦੇ ਕਾਰ ਵਿਹਾਰ ਵਿਚ, ਸੜਕਾਂ ਤੇ ਚੱਲਣ ਸਮੇਂ ਅਨੁਸ਼ਾਸਨਹੀਣਤਾ ਦਿਖਾਈ ਜਾਂਦੀ ਹੈ। ਲੋਕ ਅਨੁਸ਼ਾਸਨ ਵਾਲੇ ਮੁਲਕਾਂ ਦੀ ਸਿਫਤ ਕਰਦੇ ਹਨ ਅਤੇ ਉਨ੍ਹਾਂ ਵਲ ਖਿੱਚੇ ਜਾਂਦੇ ਹਨ। ਆਲੇ ਦੁਆਲੇ ਦਾ ਖਰਾਬ ਵਾਤਾਵਰਣ, ਗੰਦਗੀ ਅਤੇ ਸਹੂਲਤਾਂ ਦੀ ਕਮੀ ਵੀ ਲੋਕਾਂ ਦਾ ਮਨ ਦੇਸ਼ ਤੋਂ ਉਚਾਨ ਕਰਦੀ ਹੈ।

4. ਕਿਰਤ ਨਾਲੋਂ ਟੁੱਟਣਾ : ਸਾਡੇ ਨੌਜਵਾਨਾਂ ਦਾ ਕਿਰਤ ਨਾਲੋਂ ਟੁੱਟਣਾ ਵੀ ਵਿਦੇਸ਼ਾਂ ਵਲ ਜਾਣ ਦਾ ਰੁਝਾਨ ਬਣਦਾ ਹੈ। ਨੌਜਵਾਨ ਇਥੇ ਹੱਥੀਂ ਕੰਮ ਨਹੀਂ ਕਰਨਾ ਚਾਹੁੰਦੇ, ਜਿਸ ਕਾਰਨ ਕੰਮ ਬਿਨਾਂ ਤਰੱਕੀ ਅਸੰਭਵ ਹੈ ਤੇ ਉਹ ਬੇਕਾਰ ਹੋ ਕੇ ਵਿਦੇਸ਼ ਵਲ ਭੱਜਦੇ ਹਨ।

5. ਸਰਕਾਰ ਦੀ ਬੇਧਿਆਨੀ : ਦਿਨੋਂ ਦਿਨ ਸਰਕਾਰੀ ਨੌਕਰੀਆਂ ਦੀ ਗਿਣਤੀ ਵੀ ਘੱਟ ਰਹੀ ਹੈ। ਪ੍ਰਾਈਵੇਟ ਅਦਾਰੇ ਯੋਗਤਾ ਮੁਤਾਬਕ ਤਨਖਾਹ ਨਹੀਂ ਦਿੰਦੇ। ਸਰਕਾਰ ਅਜਿਹੀਆਂ ਸਹੂਲਤਾਂ ਨਹੀਂ ਦੇ ਰਹੀ, ਜਿਸ ਤੋਂ ਪ੍ਰਭਾਵਿਤ ਹੋ ਕੇ ਇਥੋਂ ਦੇ ਨਾਗਰਿਕ ਵਿਦੇਸ਼ ਵਲ ਜਾਣ

ਦਾ ਨਾ ਸੋਚਣ।

6. ਪੱਛਮ ਦੀ ਚਕਾ ਚੌਂਧ : ਵਿਦੇਸ਼ ਵਿਚੋਂ ਆਏ ਕਈ ਵਿਅਕਤੀ ਅੰਨ੍ਹੇਵਾਹ ਪੈਸੇ ਦੀ ਵਰਤੋਂ ਕਰਦੇ ਹਨ, ਉਨ੍ਹਾਂ ਵਲ ਦੇਖਦੇ ਨੌਜਵਾਨ ਵੀ ਵਿਦੇਸ਼ ਜਾਣ ਲੋਚਦੇ ਹਨ।

7. ਦੇਸ਼ ਪ੍ਰੇਮ ਦੀ ਘਾਟ : ਲੋਕਾਂ ਵਿਚ ਦੇਸ਼ ਪ੍ਰੇਮ ਦੀ ਭਾਵਨਾ ਦਾ ਘਟ ਜਾਣਾ ਵੀ ਵਿਦੇਸ਼ ਜਾਣ ਦਾ ਕਾਰਨ ਬਣਦਾ ਹੈ। ਮਨੁੱਖ ਜਦੋਂ ਸਿਰਫ ਨਿੱਜ ਦਾ ਹੀ ਸੋਚਦਾ ਹੈ। ਪਦਾਰਥਵਾਦ ਭਾਰੂ ਹੋ ਜਾਂਦਾ ਹੈ, ਉਹ ਫਿਰ ਸਿਰਫ ਦੇਸ਼ ਦੀ ਖਾਤਰ ਹੀ ਦੇਸ਼ ਵਿਚ ਨਹੀਂ ਰਹਿਣਾ ਚਾਹੁੰਦਾ। ਉਹ ਇਹ ਨਹੀਂ ਸੋਚਦਾ ਕਿ ਜਿਸ ਦੇਸ਼ ਦੀ ਹਵਾ ਵਿਚ ਸਾਹ ਲੈ ਕੇ ਉਹ ਜਵਾਨ ਹੋਇਆ ਹੈ, ਜਿਸ ਦੇਸ਼ ਦੇ ਅੰਨ ਪਾਣੀ ਨੇ ਉਸਦੀ ਸ਼ਖ਼ਸੀਅਤ ਨਿਖਾਰੀ ਹੈ, ਜਿਸ ਦੇਸ਼ ਵਿਚੋਂ ਉਸਨੇ ਵਿਦਿਆ ਪ੍ਰਾਪਤ ਕੀਤੀ ਹੈ, ਉਸ ਦੇਸ਼ ਦਾ ਵੀ ਉਸਤੇ ਕੋਈ ਹੱਕ ਬਣਦਾ ਹੈ।

ਪੰਜਾਬੀਆਂ ਦੇ ਵਿਦੇਸ਼ ਜਾਣ ਨਾਲ ਕਿਸ ਤਰ੍ਹਾਂ ਦੇ ਪ੍ਰਭਾਵ ਪੈ ਰਹੇ ਹਨ, ਆਓ ਉਨ੍ਹਾਂ ਬਾਰੇ ਚਰਚਾ ਕਰੀਏ।

1. ਨੈਤਿਕਤਾ ਵਿਚ ਗਿਰਾਵਟ : ਸਿਹਤਮੰਦ ਸਮਾਜਿਕ ਕਦਰਾਂ-ਕੀਮਤਾਂ ਵਿਚ ਗਿਰਾਵਟ ਆ ਰਹੀ ਹੈ। ਪਦਾਰਥਵਾਦ ਦਾ ਬੋਲ-ਬਾਲਾ ਹੋ ਰਿਹਾ ਹੈ। 'ਜਿਹਦੀ ਕੋਠੀ ਦਾਣੇ, ਉਹਦੇ ਕਮਲੇ ਵੀ ਸਿਆਣੇ' ਅਖਾਉਤ ਆਪਣਾ ਰੰਗ ਦਿਖਾ ਰਹੀ ਹੈ। ਨੌਜਵਾਨ ਪਤਿਤ ਹੋ ਰਹੇ ਹਨ ਅਤੇ ਨਸ਼ਿਆਂ ਵਲ ਲੱਗ ਰਹੇ ਹਨ। ਬਜ਼ੁਰਗਾਂ ਅਤੇ ਵੱਡੇ ਵਡੇਰਿਆਂ ਦੇ ਸਤਿਕਾਰ ਵਿਚ ਕਮੀ ਆ ਰਹੀ ਹੈ। ਪਹਿਰਾਵੇ ਦਾ ਵੀ ਪੱਛਮੀਕਰਣ ਹੋ ਗਿਆ ਹੈ।

2. ਕੰਮ ਚੋਰ ਬਣਨਾ : ਵਿਦੇਸ਼ਾਂ ਵਿਚੋਂ ਆਇਆ ਪੈਸਾ ਸਾਡੇ ਨੌਜਵਾਨਾਂ ਨੂੰ ਕੰਮ ਚੋਰ ਬਣਾ ਰਿਹਾ ਹੈ। ਉਹ ਸ਼ੋਸ਼ੇਬਾਜ਼ੀ, ਦਿਖਾਵੇਬਾਜ਼ੀ ਵਿਚ ਪੈ ਕੇ ਹੱਥੀਂ ਕੰਮ ਕਰਨ ਤੋਂ ਸੰਕੋਚ ਕਰਦੇ ਹਨ। ਭਈਆਂ ਤੋਂ ਹੀ ਕੰਮ ਕਰਵਾਏ ਜਾਂਦੇ ਹਨ। ਭਈਆਂ ਤੇ ਨਿਰਭਰਤਾ ਨੇ ਕਈ ਤਰ੍ਹਾਂ ਦੇ ਸਮਾਜਿਕ ਵਿਗਾੜ ਪੈਦਾ ਕੀਤੇ ਹਨ।

3. ਗਲਤ ਆਦਤਾਂ : ਭਈਆਂ ਦੇ ਆਉਣ ਨਾਲ ਅਗਵਾ ਅਤੇ ਲੁੱਟ-ਖੋਹ ਦੀਆਂ ਵਾਰਦਾਤਾਂ ਵਿਚ ਵਾਧਾ ਹੋਇਆ ਹੈ। ਪਹਿਲਾਂ ਪੰਜਾਬ ਵਿਚ ਇਸ ਤਰ੍ਹਾਂ ਦੀਆਂ ਘਟਨਾਵਾਂ ਨਹੀਂ ਵਾਪਰਦੀਆਂ ਸਨ। ਹੁਣ ਪੰਜਾਬੀ ਮੁੰਡੇ ਵੀ ਨਸ਼ਿਆਂ ਦੀ ਭੈੜੀ ਵਾਦੀ ਨੂੰ ਪੂਰਾ ਕਰਨ ਲਈ ਲੁੱਟ-ਖੋਹ ਕਰਦੇ ਹਨ। ਪਤੀ ਦੇ ਵਿਦੇਸ਼ ਜਾ ਕੇ ਕਈ ਸਾਲ ਨਾ ਮੁੜਨ ਕਾਰਨ ਕਈ ਤਰ੍ਹਾਂ ਦੀਆਂ ਸਮਾਜਿਕ ਉਲਝਣਾਂ ਪੈਦਾ ਹੋ ਰਹੀਆਂ ਹਨ। ਬਾਪ ਤੋਂ ਬਿਨਾਂ ਬੱਚਿਆਂ ਦੀ ਠੀਕ ਤਰ੍ਹਾਂ ਨਾਲ ਪਾਲਣਾ ਪੋਸ਼ਣਾ ਨਹੀਂ ਹੁੰਦੀ। ਬੱਚੇ ਭਾਵਨਾਤਮਕ ਤੌਰ 'ਤੇ ਕਮਜ਼ੋਰ ਰਹਿ ਜਾਂਦੇ ਹਨ। ਛੋਟੀ ਉਮਰ ਦੀ ਘਾਟ ਵਧੇਰੀ ਉਮਰ ਵਿਚ ਪੂਰੀ ਨਹੀਂ ਹੋ ਸਕਦੀ।

4. ਵਿਦਵਤਾ ਵਿਚ ਕਮੀ : ਜੇਕਰ ਪੜ੍ਹੇ ਲਿਖੇ, ਸੁਲਝੇ ਹੋਏ, ਵਿਗਿਆਨੀ, ਡਾਕਟਰ, ਖਿਡਾਰੀ, ਅਧਿਆਪਕ, ਲਿਖਾਰੀ, ਸਾਹਿਤਕਾਰ ਆਦਿ ਸਭ ਇਥੋਂ ਚਲੇ ਗਏ ਤਾਂ ਫਿਰ ਦੇਸ਼ ਦਾ ਕੀ ਬਣੇਗਾ ? ਕਿਸੇ ਸੂਬੇ ਦੀ ਤਰੱਕੀ ਇਸ ਗੱਲ ਤੇ ਨਿਰਭਰ ਕਰਦੀ ਹੈ ਕਿ ਉਸਨੇ ਕਿੰਨੇ ਅਧਿਆਪਕ, ਕਿੰਨੇ ਸਾਹਿਤਕਾਰ, ਕਿੰਨੇ ਵਿਗਿਆਨੀ, ਕਿੰਨੇ ਸਮਾਜ ਸੇਵਕ, ਕਿੰਨੇ ਖਿਡਾਰੀ, ਕਿੰਨੇ ਆਈ.ਏ.ਐਸ., ਆਈ.ਪੀ.ਐਸ., ਜਰਨੈਲ, ਨੇਤਾ ਪੈਦਾ ਕੀਤੇ ਹਨ, ਇਸ ਗੱਲ ਤੇ



ਨਹੀਂ ਕਿ ਉਸਨੇ ਕਿੰਨੇ ਚੋਰ, ਠੱਗ ਅਤੇ ਬਲੈਕੀਏ ਪੈਦਾ ਕੀਤੇ ਹਨ ? ਵਿਦਵਾਨਾਂ ਦੇ ਬਾਹਰ ਜਾਣ ਨਾਲ ਸੂਬਾ ਪੱਛੜ ਜਾਵੇਗਾ। ਆਪਣੇ ਹੀ ਸੂਬੇ ਵਿਚ ਪੰਜਾਬੀ ਘੱਟ ਗਿਣਤੀ ਵਿਚ ਵੀ ਹੋ ਸਕਦੇ ਹਨ। ਵਿਦਵਤਾ ਤੋਂ ਬਿਨਾਂ ਸੂਬੇ ਦਾ ਵਿਕਾਸ ਕਿਵੇਂ ਹੋਵੇਗਾ ?

ਪਰਵਾਸ ਦੇ ਪੰਜਾਬੀਆਂ ਤੇ ਘੱਟ ਤੋਂ ਘੱਟ ਪ੍ਰਭਾਵ ਪੈਣ, ਇਸ ਲਈ ਸਾਨੂੰ ਰਲਕੇ ਹੰਭਲਾ ਮਾਰਨ ਦੀ ਜ਼ਰੂਰਤ ਹੈ। ਆਓ ਕੁਝ ਸੁਝਾਵਾਂ ਤੇ ਵਿਚਾਰੇ ਕਰੀਏ।

1. ਦੇਸ਼ ਪ੍ਰੇਮ ਦੀ ਭਾਵਨਾ ਪੈਦਾ ਕਰਨਾ : ਸਾਨੂੰ ਬੱਚਿਆਂ ਵਿਚ ਛੋਟੀ ਉਮਰ ਤੋਂ ਹੀ ਕੌਮੀ ਚਰਿੱਤਰ ਵਿਕਸਤ ਕਰਨ ਲਈ ਉਪਰਾਲੇ ਕਰਨੇ ਚਾਹੀਦੇ ਹਨ। ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ ਵਿਚ ਇਸ ਪਾਸੇ ਵਲ ਵਿਸ਼ੇਸ਼ ਧਿਆਨ ਦਿੱਤਾ ਜਾਣਾ ਚਾਹੀਦਾ ਹੈ। ਦੇਸ਼ ਵਿਚ ਵਾਪਰ ਰਹੇ ਸਿਹਤਮੰਦ ਵਰਤਾਰਿਆਂ ਵਲ ਧਿਆਨ ਦਿੱਤਾ ਜਾਣਾ ਚਾਹੀਦਾ ਹੈ। ਜਿਹੜੇ ਲੋਕ ਸਿਰਫ ਦੇਸ਼ ਦੀ ਆਲੋਚਨਾ ਹੀ ਕਰਦੇ ਹਨ, ਹਰ ਵੇਲੇ ਨਿੰਦਿਆਂ ਹੀ ਕਰਦੇ ਰਹਿੰਦੇ ਹਨ, ਉਨ੍ਹਾਂ ਨੂੰ ਨੱਥ ਪਾਉਣ ਦੀ ਜ਼ਰੂਰਤ ਹੈ। ਸਾਨੂੰ ਹਰ ਵੇਲੇ ਇਸ ਪਾਸੇ ਵਲ ਹੀ ਧਿਆਨ ਨਹੀਂ ਰੱਖਣਾ ਚਾਹੀਦਾ ਕਿ ਦੇਸ਼ ਨੇ ਸਾਨੂੰ ਕੀ ਦਿੱਤਾ ਹੈ, ਇਸ ਪਾਸੇ ਵੀ ਧਿਆਨ ਦੇਣਾ ਚਾਹੀਦਾ ਹੈ ਕਿ ਅਸੀਂ ਦੇਸ਼ ਨੂੰ ਕੀ ਦੇ ਰਹੇ ਹਾਂ ? ਜਿਹੜੇ ਅਧਿਆਪਕ ਵਿਦਿਆਰਥੀਆਂ ਵਿਚ ਦੇਸ਼ ਪ੍ਰੇਮ ਦੀਆਂ ਭਾਵਨਾਵਾਂ ਵਿਕਸਤ ਕਰ ਰਹੇ ਹਨ, ਉਨ੍ਹਾਂ ਨੂੰ ਉਤਸ਼ਾਹਿਤ ਕੀਤਾ ਜਾਣਾ ਚਾਹੀਦਾ ਹੈ ਅਤੇ ਜਿਹੜੇ ਅਧਿਆਪਕ ਬੱਚਿਆਂ ਵਿਚ ਨਾਂਹ-ਪੱਖੀ ਬਿਰਤੀਆਂ ਪੈਦਾ ਕਰ ਰਹੇ ਹਨ, ਉਨ੍ਹਾਂ ਖਿਲਾਫ ਸਖ਼ਤ ਕਾਰਵਾਈ ਕਰਨੀ ਚਾਹੀਦੀ ਹੈ।

2. ਸਰਕਾਰ ਦਾ ਯੋਗਦਾਨ : ਸਰਕਾਰ ਨੂੰ ਵਧੇਰੇ ਰੁਜ਼ਗਾਰ ਦੇ ਮੌਕੇ ਉਪਲਬਧ ਕਰਾਉਣੇ ਚਾਹੀਦੇ ਹਨ ਅਤੇ ਦੇਸ਼ ਵਿਚ ਅਨੁਸ਼ਾਸਨ ਨੂੰ ਯਕੀਨੀ ਬਣਾਉਣਾ ਚਾਹੀਦਾ ਹੈ।

3. ਕਿਰਤ ਕਰਨਾ : ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਬਖਸ਼ੇ ਹੋਏ ਸਿਧਾਂਤ 'ਕਿਰਤ ਕਰੋ, ਨਾਮ ਜਪੋ ਤੇ ਵੰਡ ਕੇ ਛਕੋ' ਤੇ ਪਹਿਰਾ ਦੇਣ ਦੀ ਜ਼ਰੂਰਤ ਹੈ। ਜੇਕਰ ਅਸੀਂ ਆਪਣੇ ਪ੍ਰਾਂਤ, ਦੇਸ਼ ਵਿਚ ਹੀ ਡਟ ਕੇ ਮਿਹਨਤ ਕਰਾਂਗੇ ਤਾਂ ਸਫਲਤਾ ਜ਼ਰੂਰ ਮਿਲੇਗੀ।

4. ਕਾਨੂੰਨ ਦਾ ਰਾਜ : ਭ੍ਰਿਸ਼ਟਾਚਾਰ, ਦਾਜ-ਦਹੇਜ, ਭਰੂਣ-ਹੱਤਿਆ, ਅਨੁਸ਼ਾਸਨਹੀਣਤਾ ਆਦਿ ਕੁਰੀਤੀਆਂ ਨੂੰ ਰੋਕ ਕੇ ਕਾਨੂੰਨ ਦਾ ਰਾਜ ਸਥਾਪਿਤ ਕਰਨ ਲਈ ਉਪਰਾਲੇ ਕਰਨ ਦੀ ਜ਼ਰੂਰਤ ਹੈ। ਹਰ ਵਿਅਕਤੀ ਦੇ ਮਨ ਵਿਚ ਇਹ ਪ੍ਰਭਾਵ ਹੋਣਾ ਚਾਹੀਦਾ ਹੈ ਕਿ ਕਾਨੂੰਨ ਸਭ ਤੋਂ ਉੱਪਰ ਹੈ। ਕਾਨੂੰਨ ਤੋਂ ਉਪਰ ਕੋਈ ਨਹੀਂ। ਚੋਰਾਂ, ਲੁਟੇਰਿਆਂ, ਬਦਮਾਸ਼ਾਂ, ਬਲੈਕੀਆਂ ਨਾਲ ਸਖ਼ਤੀ ਨਾਲ ਨਿਪਟਣਾ ਚਾਹੀਦਾ ਹੈ। ਹਰ ਸ਼ਹਿਰੀ ਦਾ ਫਰਜ਼ ਬਣਦਾ ਹੈ ਕਿ ਉਹ ਕਾਨੂੰਨ ਦਾ ਸਤਿਕਾਰ ਕਰੇ ਅਤੇ ਕਾਨੂੰਨ ਲਾਗੂ ਕਰਨ ਵਿਚ ਅਤੇ ਕਰਾਉਣ ਵਿਚ ਆਪਣਾ ਬਣਦਾ ਯੋਗਦਾਨ ਪਾਵੇ। ਜਦੋਂ ਲੋਕ ਹਰ ਪਾਸੇ ਅਨੁਸ਼ਾਸਨ ਦੇਖਣਗੇ ਉਨ੍ਹਾਂ ਦਾ ਦਫਤਰਾਂ ਵਿਚ ਸਤਿਕਾਰ ਹੋਣਗੇ, ਸੜਕਾਂ ਤੇ ਆਰਾਮ ਨਾਲ ਚੱਲ ਸਕਣਗੇ ਤਾਂ ਉਹ ਮੱਲੋ ਮੱਲੀ ਆਪਣੇ ਦੇਸ਼ ਵਲ ਖਿੱਚੇ ਆਉਣਗੇ।

5. ਵਾਤਾਵਰਣ ਪ੍ਰਤੀ ਜਾਗਰੂਕਤਾ : ਨਾਗਰਿਕਾਂ ਵਿਚ ਵਾਤਾਵਰਣ ਪ੍ਰਤੀ ਜਾਗਰੂਕਤਾ ਪੈਦਾ ਕਰਨੀ ਵੀ ਸਮੇਂ ਦੀ ਮੰਗ ਹੈ। ਵਧੀਆ ਵਾਤਾਵਰਣ ਵਲ ਸਾਰੇ ਹੀ ਖਿੱਚੇ ਜਾਂਦੇ ਹਨ।

6. ਐਨ.ਆਰ.ਆਈਜ਼ ਦਾ ਯੋਗਦਾਨ : ਵਿਦੇਸ਼ ਵਿਚੋਂ ਜਦੋਂ ਵੀ ਸਾਡੇ ਪੰਜਾਬੀ ਭਰਾ

ਭੈਣਾਂ ਵਤਨ ਪਰਤਦੇ ਹਨ ਤਾਂ ਉਨ੍ਹਾਂ ਨੂੰ ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀਆਂ ਵਿਚ ਜਾ ਕੇ ਵਿਦਿਆਰਥੀਆਂ ਨੂੰ ਸੰਬੋਧਨ ਕਰਨਾ ਚਾਹੀਦਾ ਹੈ ਅਤੇ ਉਥੋਂ ਦੇ ਕੰਮ-ਕਾਜ ਵਾਲੇ ਸੱਭਿਆਚਾਰ ਤੋਂ ਵਿਦਿਆਰਥੀਆਂ ਨੂੰ ਜਾਣੂੰ ਕਰਵਾਉਣਾ ਚਾਹੀਦਾ ਹੈ। ਹਰ ਇਕ ਐਨ.ਆਰ.ਆਈ. ਨੂੰ ਆਪਣੇ ਪਿੰਡ, ਸ਼ਹਿਰ, ਘਰ, ਆਂਢ-ਗੁਆਂਢ, ਰਿਸ਼ਤੇਦਾਰਾਂ ਵਿਚ ਉਥੋਂ ਦੀ ਸਹੀ ਤਸਵੀਰ ਪੇਸ਼ ਕਰਨੀ ਚਾਹੀਦੀ ਹੈ।

ਪ੍ਰਵਾਸ ਨੂੰ ਬਿਲਕੁਲ ਰੋਕਣ ਦੀ ਜ਼ਰੂਰਤ ਨਹੀਂ ਹੈ, ਇਸਨੂੰ ਨਿਯਮ-ਬੱਧ ਕਰਨ ਦੀ ਜ਼ਰੂਰਤ ਹੈ। ਨੌਜਵਾਨ ਸਹੀ ਜਾਣਕਾਰੀ ਪ੍ਰਾਪਤ ਕਰਕੇ, ਸਹੀ ਤਰੀਕੇ ਨਾਲ ਹੀ ਵਿਦੇਸ਼ ਜਾਣ, ਏਜੰਟਾਂ ਤੋਂ ਸਾਵਧਾਨ ਰਹਿਣ ਤਾਂ ਜੋ ਵਿਦੇਸ਼ ਵਿਚ ਜਾ ਕੇ ਰੁਲਣ ਤੋਂ ਬਚ ਸਕਣ। ਜਿਹੜੇ ਅਪਰਾਧੀ ਕਿਸਮ ਦੇ ਵਿਅਕਤੀ ਦੂਜੇ ਸੂਬਿਆਂ ਤੋਂ ਪੰਜਾਬ ਵਿਚ ਆ ਰਹੇ ਹਨ, ਪੰਜਾਬੀਆਂ ਨੂੰ ਉਹਨਾਂ ਤੋਂ ਸੁਚੇਤ ਰਹਿਣ ਦੀ ਜ਼ਰੂਰਤ ਹੈ। ਪੁਲਿਸ ਨੂੰ ਬਣਦਾ ਰੋਲ ਨਿਭਾਉਣਾ ਚਾਹੀਦਾ ਹੈ। ਸਾਰਿਆਂ ਨੂੰ ਸੂਬੇ ਦੇ ਵਿਕਾਸ ਲਈ ਸਿਰਤੋੜ ਯਤਨ ਕਰਨੇ ਚਾਹੀਦੇ ਹਨ ਤਾਂ ਜੋ ਨੌਜਵਾਨਾਂ ਨੂੰ ਇਥੇ ਹੀ ਉਨ੍ਹਾਂ ਦੀ ਯੋਗਤਾ ਮੁਤਾਬਕ ਰੁਜ਼ਗਾਰ ਮਿਲ ਸਕੇ ਅਤੇ ਉਹ ਵਿਦੇਸ਼ ਜਾਣ ਬਾਰੇ ਨਾ ਸੋਚਣ। ਜਿਹੜੇ ਵਿਅਕਤੀ ਵਿਦੇਸ਼ ਜਾਂਦੇ ਵੀ ਹਨ, ਜੇਕਰ ਉਨ੍ਹਾਂ ਦੇ ਮਨ ਵਿਚ ਦੇਸ਼ ਪ੍ਰਤੀ ਪ੍ਰੇਮ ਦੀ ਭਾਵਨਾ ਹੋਵੇਗੀ ਤਾਂ ਉਹ ਕਦੇ ਵੀ ਆਪਣੀ ਮਾਂ-ਬੋਲੀ ਅਤੇ ਸੱਭਿਆਚਾਰ ਨੂੰ ਨਹੀਂ ਭੁੱਲਣਗੇ ਅਤੇ ਆਪਣੀ ਵਿਰਾਸਤ ਦੀ ਸੰਭਾਲ ਲਈ ਹਰ ਸੰਭਵ ਯਤਨ ਕਰਨਗੇ। ਆਓ ਸਾਰੇ ਰਲ ਕੇ ਆਪਣੀ ਮਾਂ-ਬੋਲੀ ਦੀ ਉੱਨਤੀ ਲਈ ਯਤਨ ਕਰੀਏ, ਆਪਣੇ ਸੱਭਿਆਚਾਰ ਅਤੇ ਵਿਰਾਸਤ ਦੀ ਸਾਂਭ-ਸੰਭਾਲ ਵਿਚ ਆਪਣਾ ਯੋਗਦਾਨ ਪਾਈਏ, ਵਿਦਿਆ ਅਤੇ ਸਿਹਤ ਵਲ ਖਾਸ ਧਿਆਨ ਦਿੰਦੇ ਹੋਏ, ਨੌਜਵਾਨਾਂ ਨੂੰ ਬਚਾਅ ਕੇ, ਕਿਰਤ ਨਾਲ ਜੋੜਕੇ, ਅਨੁਸ਼ਾਸਨਬੱਧ ਕਰਕੇ ਦੇਸ਼ ਪ੍ਰੇਮ ਦੀ ਭਾਵਨਾ ਵਿਕਸਤ ਕਰੀਏ। ਤਦ ਹੀ ਅਸੀਂ ਪ੍ਰਵਾਸ ਦੇ ਬੁਰੇ ਪ੍ਰਭਾਵਾਂ ਤੋਂ ਬਚ ਸਕਾਂਗੇ।

**— ਪ੍ਰਿੰ. ਕੁਲਵਿੰਦਰ ਸਿੰਘ ਸਰਾਏ**
**ਮੰਜਕੀ ਪੰਜਾਬੀ ਸੱਥ ਭੰਗਾਲਾ**
**ਤਹਿ. ਫਿਲੌਰ, ਜ਼ਿਲ੍ਹਾ ਜਲੰਧਰ।**
**ਚੜ੍ਹਦਾ ਪੰਜਾਬ (ਭਾਰਤ)**



# ਕਰਜ਼

ਇਕ ਲੰਬੇ ਚੌੜੇ ਘਰ ਦਾ ਲੰਬਾ ਚੌੜਾ ਵਿਹੜਾ ਤੇ ਵਿਹੜੇ 'ਚ ਖੇਡਦੀਆਂ ਦੋ ਬਹੁਤ ਪਿਆਰੀਆਂ ਕੁੜੀਆਂ।ਕਦੀ ਵਿਹੜੇ ਦੇ ਇਕ ਪਾਸੇ ਦੇ ਥੰਮ੍ਹੀਆਂ ਗੱਡ ਕੇ ਬਣਾਈ ਪੀਂਘ ਝੂਟਣ ਲੱਗਦੀਆਂ, ਕਦੀ ਵਿਹੜੇ ਦੀ ਉੱਚੀ ਕੰਧ ਕੋਲ ਪਏ ਪੱਥਰ ਤੇ ਪੈਰ ਰੱਖ ਕੇ ਕੰਧ ਤੇ ਜਾ ਚੜ੍ਹ ਬਹਿ ਜਾਂਦੀਆਂ ਤੇ ਕੰਧ ਦੇ ਨਾਲ ਲੱਗਦੀ ਨਿਆਈਂ ਵਲ ਲੱਤਾਂ ਲਮਕਾ ਕੇ ਮੱਟ-ਮੱਟ ਗੱਲਾਂ ਮਾਰਦੀਆਂ, ਦੂਰ ਨਜ਼ਰ ਆਉਂਦੀ ਸੜਕ ਵੱਲ ਤੱਕਦੀਆਂ ਜਾਂ ਉਪਰ ਖੁੱਲ੍ਹੇ ਆਸਮਾਨ ਵੱਲ, ਜਾ ਨਿਆਈਂ 'ਚ ਲੱਗੀਆਂ ਸਬਜ਼ੀਆਂ ਦੀਆਂ ਕਿਆਰੀਆਂ ਵੱਲ ਜਿੱਥੇ ਉਨ੍ਹਾਂ ਦੇ ਬੀਜੀ ਤਰ੍ਹਾਂ ਤਰ੍ਹਾਂ ਦੀਆਂ ਸਬਜ਼ੀਆਂ ਉਗਾਉਂਦੇ ਸਨ ਜਿਵੇਂ ਮੇਥੀ, ਸਾਗ, ਬੈਂਗਣ, ਭਿੰਡੀਆਂ, ਮੂਲੀਆਂ, ਗਾਜਰਾਂ, ਪਿਆਜ, ਲੱਸਣ, ਟਮਾਟਰ ਤੇ ਹੋਰ ਵੀ ਕਈ ਕੁਝ। ਤੇ ਨਿਆਈਂ ਤੇ ਤਿੰਨ ਪਾਸੇ ਲੱਗੇ ਸਫੈਦਿਆਂ ਦੇ ਰੁੱਖ ਮੁਲਾਇਮ ਜੱਤ ਵਾਲੇ ਚਿੱਟੇ, ਤੇ ਹਰੇ ਕਚੂਰ ਪੱਤੇ ਲਈ ਅਹਿਲ ਖੜ੍ਹੇ ਹੁੰਦੇ। ਇਨ੍ਹਾਂ ਦੋਵਾਂ ਕੁੜੀਆਂ ਨੇ ਪਤਾ ਨਹੀਂ ਕਿੰਨੀ ਵਾਰ ਇਹ ਰੁੱਖ, ਇਹ ਬੂਟੇ, ਨਿਹਾਰੇ ਹੋਣਗੇ ਨੀਝ ਲਾ ਲਾ, ਇਨ੍ਹਾਂ ਕੁੜੀਆਂ 'ਚੋਂ ਵੱਡੀ ਦਾ ਨਾਂ ਸਿਮਰਨ ਸੀ ਤੇ ਛੋਟੀ ਦਾ ਸਾਵੀ, ਦੋਵੇਂ ਭੈਣਾਂ ਸਨ, ਬਹੁਤ ਅਨੋਖੀਆਂ ਭੈਣਾਂ। ਅਨੋਖੀਆਂ ਇਸ ਲਈ ਕਿ ਦੋਵਾਂ 'ਚ ਉਮਰਾਂ ਦਾ ਭਾਵੇਂ ਸੱਤ ਅੱਠ ਸਾਲ ਦਾ ਫਰਕ ਸੀ ਪਰ ਦੋਵਾਂ ਦਾ ਪਿਆਰ ਤੇ ਆਪਸੀ ਲਗਾਅ ਤੇ ਸੂਝ ਸਮਝ ਵੇਖ ਕੇ ਲੱਗਦਾ ਸੀ ਜਿਵੇਂ ਦੋ ਸਹੇਲੀਆਂ ਹੋਣ। ਬਿਲਕੁਲ ਹਮਉਮਰ ਵਾਲੀਆਂ ਸਹੇਲੀਆਂ। ਹਮ ਉਮਰ ਇਸ ਲਈ ਕਿ ਛੋਟੀ ਭੈਣ ਸਾਵੀ ਆਪਣੀ ਉਮਰ ਤੋਂ ਵੱਧ ਸਮਝਦਾਰ ਤੇ ਮੈਚੁਅਰ ਸੀ ਬਿਲਕੁਲ ਦਾਨਿਆਂ ਦਾਨਿਆਂ ਵਾਂਗ ਗੱਲਾਂ ਕਰਨ ਵਾਲੀ ਤੇ ਵੱਡੀ ਭੈਣ ਸਿਮਰਨ ਆਪਣੀ ਉਮਰ ਤੋਂ ਘੱਟ ਵਾਲੀ ਮਾਸੂਮੀਅਤ ਰੱਖਦੀ ਸੀ, ਦੋਵੇਂ ਮਾਂ ਬਾਪ ਦੀਆਂ ਲਾਡਲੀਆਂ ਤੇ ਵੱਡੇ ਘਰ ਦੀ ਐਸ਼ੋ-ਆਰਾਮ 'ਚ ਪਲ ਕੇ ਜੁਆਨ ਹੋ ਰਹੀਆਂ ਸਨ।

ਸਿਮਰਨ ਜੋ ਕਿ ਮੈਂ ਸਾਂ, ਅਜ ਯਾਦ ਕਰਦੀ ਹਾਂ ਤਾਂ ਹੈਰਾਨੀ ਹੁੰਦੀ ਹੈ ਕਿ ਬਚਪਨ ਏਨਾ ਭੋਲਾ ਵੀ ਹੋ ਸਕਦਾ ਹੈ, ਏਨਾ ਅਨਜਾਣ ਦੁਨੀਆਂ ਤੋਂ, ਦੁੱਖਾਂ ਤੋਂ, ਫਰੇਬਾਂ ਤੋਂ, ਉਦਾਸੀਆਂ ਤੋਂ ਏਨਾ ਸੁਖ ਭਰਪੂਰ, ਏਨਾ ਮਜ਼ੇਦਾਰ ਜਿਵੇਂ ਕੋਈ ਪਰੀਆਂ ਦੇ ਦੇਸ਼ 'ਚ ਵਿਚਰ ਰਿਹਾ ਹੋਵੇ, ਨਵੇਂ-ਨਵੇਂ ਕਪੜੇ ਪਾ ਕੇ, ਮਨਪਸੰਦ ਖਾ ਕੇ ਸਿਰਫ ਬਾਤਾਂ ਪਾਉਂਦਾ ਰਵ੍ਹੇ। ਬਸ ਕੋਈ ਬਹੁਤੀ ਹੀ ਭੈੜੀ ਗੱਲ ਲੱਗਦੀ ਸੀ, ਤਾਂ ਸਿਰਫ ਇਹੀ ਕਿ ਸਕੂਲ ਜਾਣਾ ਪੈਂਦਾ ਸੀ, ਰੋਜ਼ ਸਵੇਰ ਨੂੰ ਉੱਠੋ, ਤਿਆਰ ਹੋਵੋ, ਸਕੂਲ ਜਾਵੋ ਤੇ ਸਬਕ ਯਾਦ ਕਰੋ, ਸੁਆਲ ਕੱਢੋ, ਬਸ ਉਦੋਂ ਤਾਂ ਜੋ ਕੋਈ ਦੁਸ਼ਮਣ ਲੱਗਦਾ ਸੀ ਤਾਂ ਸਿਰਫ 'ਮੈਥੇਮੇਟਿਕਸ' ਜਿਸ ਨਾਲ ਬਹੁਤ ਸਿਰ-ਖਪਾਈ ਕਰਨੀ ਪੈਂਦੀ ਸੀ, ਪਰ ਉਸ ਲਈ ਵੀ ਜਿਸ ਦੀ ਸ਼ਹਿਰ 'ਚ ਪਾਪਾ ਜੀ ਦੀ ਬਦਲੀ ਹੁੰਦੀ ਤੇ ਅਸੀਂ ਨਾਲ ਜਾਂਦੇ, ਸਾਨੂੰ ਬੱਚਿਆਂ ਨੂੰ ਮੈਥਸ ਪੜ੍ਹਾਉਣ ਟੀਚਰ ਹਰ ਸ਼ਾਮ ਨੂੰ ਹਾਜ਼ਿਰ ਹੁੰਦਾ ਤੇ

ਉਸ ਵਿਚਾਰੇ ਨੂੰ ਵੀ ਪਾਪਾ ਦੀ ਖਾਸ ਹਿਦਾਇਤ ਸੀ ਕਿ ਨਿਆਣਿਆਂ ਨੂੰ ਮਾਰਨਾ ਨਹੀਂ ਪਿਆਰ ਨਾਲ ਪੜ੍ਹਾਉਣਾ ਹੈ। ਮੈਨੂੰ ਅੱਜ ਤਕ ਯਾਦ ਹੈ ਕਿ ਕਦੀ ਕਿਸੀ ਵੀ ਟੀਚਰ ਨੇ ਕਦੀ ਮੇਰਾ ਜਾਂ ਸਾਵੀ ਦਾ ਜਾਂ ਮੇਰੇ ਛੋਟੇ ਸ਼ਰਾਰਤੀ ਵੀਰ ਦਾ ਕੰਨ ਵੀ ਖਿੱਚਿਆ ਹੋਵੇ ਤਾਂ! ਮੇਰਾ ਬਚਪਨ ਜਿਸ 'ਚ ਪੈਸਾ ਸੀ, ਅੜੀਆਂ ਸਨ, ਸੈਰਾਂ ਸਨ, ਅਫ਼ਸਰ ਬਾਪ ਦੀ ਸ਼ਾਨੋ-ਸ਼ੌਕਤ ਸੀ, ਮਾਂ ਦਾ ਦਿੱਤਾ ਲਾਡ ਸੀ ਤੇ ਪਿਆਰੀ ਸਾਵੀ ਦੀ ਦੋਸਤੀ ਸੀ। ਦੋਸਤੀ ਵੀ ਅਜਿਹੀ ਕਿ ਕਦੀ ਕਿਸੇ ਹੋਰ ਕੁੜੀ ਨੂੰ ਸਹੇਲੀ ਬਣਾਉਣ ਦੀ ਲੋੜ ਹੀ ਨਾ ਪਈ। ਦੋਵੇਂ ਅਸੀਂ ਇਕੋ ਸਕੂਲ ਜਾਣਾ, ਅੱਧੀ ਛੁੱਟੀ ਨੂੰ ਵੀ ਇਕੱਠੀਆਂ ਨੇ ਰੋਟੀ ਖਾਣੀ, ਖੇਡਣਾ ਤੇ ਛੁੱਟੀ ਹੋਣ ਤੇ ਇਕੱਠੀਆਂ ਨੇ ਮੁੜ ਉਸੇ ਰਿਕਸ਼ਾ 'ਚ ਬੈਠ ਘਰ ਪਰਤਣਾ, ਨਿੱਕੀਆਂ-ਨਿੱਕੀਆਂ ਗੱਲਾਂ ਕਰਨੀਆਂ, ਇਕ ਦੂਜੇ ਦਾ ਖਿਆਲ ਰੱਖਣਾ, ਤੇ ਜਿਉਂ ਜਿਉਂ ਅਸੀਂ ਵੱਡੀਆਂ ਹੁੰਦੀਆਂ ਗਈਆਂ ਸਾਡੀਆਂ ਗੱਲਾਂ ਹੋਰ ਵੀ ਰੁਚੀਕਰ ਹੁੰਦੀਆਂ ਗਈਆਂ ਤੇ ਹੋਰ ਵੀ ਗੂੜ੍ਹੀਆਂ। ਸਾਵੀ ਆਪਨੀ ਉਮਰ ਤੋਂ ਵੱਧ ਜੁਆਨ ਹੋ ਰਹੀ ਸੀ। ਸਾਡੇ ਦੋਹਾਂ ਦੇ ਕਪੜੇ ਇਕ ਦੂਜੀ ਦੇ ਆਉਣ ਲੱਗ ਪਏ ਸਨ। ਸਾਵੀ ਏਨੀ ਚੰਗੀ ਤੇ ਵਿਸ਼ਾਲ ਹਿਰਦੇ ਦੀ ਮਾਲਿਕ ਸੀ ਕਿ ਉਸਦੇ ਨਵੇਂ ਪਰੈਸ ਕੀਤੇ ਕੱਪੜੇ ਮੈਂ ਬਿਨਾਂ ਉਸ ਨੂੰ ਦੱਸਿਆ ਪੁੱਛਿਆਂ ਪਾ ਲੈਂਦੀ ਸਾਂ ਪਰ ਉਹ ਬੁਰਾ ਨਹੀਂ ਮਨਾਉਂਦੀ ਸੀ। ਉਹ ਮੇਰੀ ਬਹੁਤ ਹੀ ਇੱਜ਼ਤ ਜਿਹੀ ਸ਼ਾਇਦ ਕਰਦੀ ਸੀ, ਜੋ ਮੈਂ ਆਖਣਾ ਉਸ ਉਹੀ ਕਰਨਾ, ਬਸ ਏਦਾਂ ਕਹਿ ਸਕਦੇ ਹਾਂ ਕਿ ਸਾਹ ਵੀ ਮੇਰੇ ਸਾਹ ਨਾਲ ਲੈਂਦੀ ਸੀ। ਕਈ ਕਈ ਘੰਟੇ ਅਸੀਂ ਘਰ ਦੀ ਛੱਤ ਤੇ ਖੁੱਲ੍ਹੇ ਆਸਮਾਨ ਹੇਠਾਂ ਮੰਜੀ ਤੇ ਲੰਮੀਆਂ ਪੈ ਕੇ ਗੱਲਾਂ ਕਰਦੀਆਂ ਰਹਿੰਦੀਆਂ ਸਾਂ। ਅੱਜ ਸੋਚਦੀ ਹਾਂ ਉਹ ਗੱਲਾਂ ਕੀ ਸਨ ? ਕਿਉਂ ਨਹੀਂ ਸਨ ਮੁੱਕਦੀਆਂ ਸਾਡੀਆਂ ਗੱਲਾਂ ? ਅੱਵਲ ਤਾਂ ਅਸੀਂ ਜਿਥੇ ਵੀ ਜਾਂਦੀਆਂ ਸਾਂ ਇਕੱਠੀਆਂ ਹੀ ਜਾਂਦੀਆਂ ਸਾਂ, ਪਰ ਫਿਰ ਵੀ ਕਦੇ ਸਾਲ 'ਚ ਇਕ ਅੱਧ-ਵਾਰ ਜੇ ਕਿਸੇ ਰਿਸ਼ਤੇਦਾਰ ਵਲ ਮੈਂ ਇਕੱਲੀ ਚਲੀ ਜਾਂਦੀ ਜਾਂ ਉਹ ਇਕੱਲੀ ਚਲੀ ਜਾਂਦੀ ਤਾਂ ਅਸੀਂ ਇਕ ਦੂਜੇ ਲਈ ਚਿੱਠੀਆਂ ਲਿਖ ਲੈਂਦੀਆਂ ਤੇ ਅਗਲੇ ਦਿਨ ਜਾਂ ਦੋ ਤਿੰਨ ਦਿਨਾਂ ਮਗਰੋਂ ਜਦ ਮਿਲਦੀਆਂ ਤਾਂ ਉਹ ਲੰਬੀਆਂ ਲੰਬੀਆਂ ਚਿੱਠੀਆਂ ਅਸੀਂ ਇਕ ਦੂਜੇ ਨੂੰ ਦੇ ਦਿੰਦੀਆਂ ਤੇ ਕਈ ਵੇਰ ਤਾਂ ਅਸੀਂ ਸਾਰੀ ਸਾਰੀ ਰਾਤ ਗੱਲਾਂ ਕਰਦੀਆਂ ਰਹਿੰਦੀਆਂ। ਸਦਾ ਹੀ ਇੰਜ ਹੁੰਦਾ ਕਿ ਉਸਦਾ ਤੇ ਮੇਰਾ ਕਮਰਾ ਇਕ ਹੀ ਹੁੰਦਾ। ਬੈੱਡ ਦੋ ਹੁੰਦੇ ਪਰ ਅਸੀਂ ਇਕ ਹੀ ਬੈੱਡ ਤੇ ਸੌਂਦੀਆਂ ਸਾਂ। ਬਹੁਤ ਮੋਹ ਨਾਲ। ਇੰਜ ਅਸੀਂ ਬਚਪਨ ਤੇ ਫੇਰ ਜੁਆਨੀ ਦੇ ਕਿੰਨੇ ਹੀ ਵਰ੍ਹੇ ਇਕੱਠੇ ਬਿਤਾਏ ਪਹਿਲਾਂ ਸਕੂਲ ਤੇ ਫਿਰ ਕਾਲਿਜ 'ਚ।

ਤੇ ਫਿਰ ਅਚਾਨਕ ਜ਼ਿੰਦਗੀ ਨੇ ਕਰਵਟ ਬਦਲੀ, ਮੇਰੇ ਸਾਰੇ ਘਰ ਦੇ ਸਾਵੀ ਸਮੇਤ ਕੈਨੇਡਾ ਚਲੇ ਗਏ ਮੇਰਾ ਵਿਆਹ ਕਰਕੇ ਮੇਰੀ ਜ਼ਿੰਮੇਵਾਰੀ ਤੋਂ ਮੁਕਤ ਹੋ ਕੇ। ਲਾਅ ਹੀ ਅਜਿਹਾ ਸੀ ਅੰਬੈਸੀ ਦਾ ਕਿ ਮੈਂ ਜੋ ਕਿ ਉਮਰ ਦੇ ਹਿਸਾਬ ਨਾਲ ਘਰਦਿਆਂ ਦੇ ਨਾਲ ਕੈਨੇਡਾ ਨਹੀਂ ਸਾਂ ਜਾ ਸਕਦੀ ਉਸ ਲਈ ਇਹੀ ਰਾਹ ਸੀ ਕਿ ਉਸਦਾ ਵਿਆਹ ਕਰ ਕੇ ਗੱਲ ਮੁਕਾਈ ਜਾਵੇ ਤੇ ਇੰਜ ਹੋ ਗਿਆ। ਪਰ ਕੋਈ ਗੱਲ ਹੁੰਦੀ ਹੈ ਨਾ ਕਿ ਤੁਹਾਡੇ ਧੁਰ ਅੰਦਰ ਪਤਾ ਨਹੀਂ ਕਿਹੜੀ ਨਸ ਤੇ ਕਿਹੜੀ ਨਾੜ ਤੇ ਖੁਣੀ ਜਾਂਦੀ ਹੈ ਕਿ ਟੀਸ ਬਣ ਕੇ ਲਹੂ 'ਚ ਘੁਲ ਜਾਂਦੀ ਹੈ ਤੇ ਉਹ ਟੀਸ ਸਦਾ ਜਗਦੀ ਬੁੱਝਦੀ ਰਹਿੰਦੀ ਹੈ ਜਿਉਂ ਜਿਉਂ ਅਸੀਂ ਤੁਸੀਂ ਸਾਹ ਲੈਂਦੇ ਹੋ ਖਾਸ ਕਰਕੇ ਉਦੋਂ ਜਦੋਂ ਤੁਸੀਂ ਵਕਤ ਦੇ ਹਿਲੋਰਿਆਂ ਨਾਲ ਡਿੱਗਦੇ ਢਹਿੰਦੇ ਹੋ, ਡਾਂਵਾਡੋਲ



ਹੁੰਦੇ ਹੋ, ਦੁੱਖਾਂ ਦੇ, ਉਦਾਸੀਆਂ ਦੇ, ਹਾਰਾਂ ਦੇ, ਨਮੋਸ਼ੀਆਂ ਦੇ ਨਾਲ ਦੋ ਚਾਰ ਹੁੰਦੇ ਹੋ, ਬਦਹਵਾਸ ਹੁੰਦੇ ਹੋ, ਸਾਹੋ-ਸਾਹ ਹੁੰਦੇ ਹੋ ਤੇ ਕਮਜ਼ੋਰ ਪੈਂਦੇ ਹੋ ਉਦੋਂ ਉਹ ਟੀਸ ਹੋਰ ਵੀ ਪੀੜ ਨਾਲ ਉੱਠਦੀ ਹੈ। ਉਹ ਟੀਸ ਜੋ ਮੇਰੇ ਧੁਰ ਅੰਦਰ ਕਿਤੇ ਖੁਣੀ ਗਈ ਸੀ, ਲੋਹੇ ਦੀ ਤੱਤੀ ਜਲਦੀ ਹੋਈ ਵਕਤ ਦੀ ਸੀਖ਼ ਨਾਲ ਕਿ ਮੈਂ ਵਿਦੇਸ਼ ਨਹੀਂ ਸਾਂ ਜਾ ਸਕਦੀ। ਲਾਅ ਮੇਰੇ ਤੇ ਲਾਗੂ ਹੁੰਦਾ ਸੀ ਤੇ ਮੈਨੂੰ ਉਸ ਲੰਬੇ ਚੌੜੇ ਘਰ ਦੇ ਖ਼ਾਨਦਾਨ 'ਚੋਂ ਇਕੱਲੀ ਨੂੰ ਦੇਸ਼-ਨਿਕਾਲਾ ਦੇ ਦਿੱਤਾ ਗਿਆ ਸੀ ਜਿਵੇਂ ਬਨਵਾਸ ਦਾ ਸਰਾਪ ਮਿਲਿਆ ਹੋਵੇ, ਆਪਣੇ ਹੀ ਦੇਸ਼ 'ਚ ਪਰਦੇਸੀ ਹੋ ਗਈ ਸਾਂ ਮੈਂ! ਉਸ ਦਿਨ ਉਸ ਘੜੀ ਜਦ ਮੇਰੇ ਸਾਰੇ ਘਰ ਦੇ ਮੈਨੂੰ ਇਕੱਲੀ ਨੂੰ ਇਕ ਦੇਸ਼ 'ਚ ਛੱਡ ਕੇ ਸੱਤ ਸਮੁੰਦਰ ਪਾਰ ਦੂਜੇ ਦੇਸ਼ 'ਚ ਜਾ ਵੱਸੇ ਸਨ ਤੇ ਮੈਂ ਇਉਂ ਸਾਂ ਜਿਵੇਂ ਉਸ ਘਰ ਤੋਂ ਉਸ ਪਰਿਵਾਰ ਤੋਂ, ਬੇਦਖਲ ਕਰ ਦਿੱਤੀ ਗਈ ਹੋਵਾਂ। ਹਾਸਿਆਂ ਤੋਂ, ਖੁਸ਼ੀਆਂ ਤੋਂ, ਐਸ਼ੋ-ਆਰਾਮ ਤੋਂ ਤੇ ਭੈਣ-ਭਰਾਵਾਂ ਦੀ ਲਿਸਟ ਤੋਂ ਵੀ।

ਉਹ ਲਿਸਟ ਜੋ ਭਰੀ ਪੂਰੀ ਸੀ, ਖੁਸ਼ਹਾਲ ਸੀ, ਅੱਠ ਭੈਣ-ਭਰਾਵਾਂ ਤਾਂ ਪਹਿਲਾਂ ਹੀ ਦੋ ਅਲੱਗ ਅਲੱਗ ਵਿਦੇਸ਼ਾਂ 'ਚ ਜਾ ਵੱਸੇ ਸਨ ਤੇ ਸਾਵੀ ਤੇ ਛੋਟਾ ਵੀਰ ਬਾਅਦ 'ਚ ਵਿਦਾ ਕਰਕੇ ਗਏ ਉਹ ਕਦੀ ਮੈਨੂੰ ਘਰ ਲੱਗਾ ਹੀ ਨਹੀਂ। ਜੇਲ੍ਹ ਤਾਂ ਅਜੇ ਚੰਗੀ ਹੁੰਦੀ ਹੋਵੇਗੀ, ਜ਼ਰੂਰ ਉਥੇ ਕੈਦੀ ਆਪਸ 'ਚ ਗੱਲਾਂ-ਬਾਤਾਂ ਕਰ ਲੈਂਦੇ ਹੋਣਗੇ, ਦੁੱਖ-ਸੁੱਖ ਵੀ ਹਾਸਾ ਮਖੌਲ ਵੀ ਤੇ ਉਸ ਘਰ 'ਚ, ਤਸੀਹੇ ਸਹਿੰਦਿਆਂ, ਰੋਂਦਿਆਂ, ਕਲਪਦਿਆਂ ਮੈਂ ਸੋਚਦੀ ਸਾਂ ਕਾਸ਼ ਮੈਂ ਜੇਲ 'ਚ ਹੀ ਹੁੰਦੀ ਉਥੇ ਕੁਝ ਲੋਕ ਤਾਂ ਹੁੰਦੇ ਜੋ ਮੇਰੇ ਨਾਲ ਦੋ ਬੋਲ ਸਾਂਝੇ ਕਰਦੇ, ਸ਼ਾਇਦ ਮੈਂ ਉੱਥੇ ਕਦੇ ਹੱਸ ਵੀ ਸਕਦੀ ਪਰ ਉਸ ਅਜੀਬੋ-ਗਰੀਬ ਘਰ 'ਚ ਨਾ ਰਹਿੰਦੀ ਤਾਂ ਕਿਵੇਂ ਪਤਾ ਲੱਗਦਾ ਭਲਾ ਕਿ ਜ਼ਿੰਦਗੀ ਏਨੀ ਜ਼ਾਲਿਮ ਵੀ ਹੁੰਦੀ ਹੈ।

ਤੇ ਜ਼ਿੰਦਗੀ 'ਚ ਸਿਰਫ ਲਾਡ, ਦੁਲਾਰ ਤੇ ਸਾਵੀ ਵਰਗੀ ਕੁੜੀ ਦੀਆਂ ਗੁਦਗੁਦੀ ਭਰੀਆ ਨਿੱਘੀਆਂ ਗੱਲਾਂ ਹੀ ਨਹੀਂ ਹੁੰਦੀਆਂ ਹੋਰ ਵੀ ਕੁਝ ਹੁੰਦਾ ਹੈ, ਜਿਸ ਨੂੰ ਸ਼ਾਇਦ ਦੁਰਕਾਰ ਆਖਦੇ ਨੇ, ਅਪਮਾਨ ਆਖਦੇ ਨੇ ਤੇ ਜ਼ੁਲਮ ਆਖਦੇ ਨੇ। ਤੇ ਜਿੱਥੇ ਲਾਡ ਵਰਗਾ, ਪਿਆਰ ਵਰਗਾ, ਮਿਠਾਸ ਵਰਗਾ ਕੂਲ-ਕੂਲਾ ਕੁਛ ਨਹੀਂ ਹੁੰਦਾ, ਹੁੰਦਾ ਹੈ ਸਿਰਫ ਹਿਸਾਬ-ਕਿਤਾਬ, ਸਖ਼ਤੀ ਵਰਗਾ ਹਿਸਾਬ ਕਿਤਾਬ ਪੈਸਿਆਂ ਦਾ, ਦਿਨਾਂ ਦਾ, ਰਾਤਾਂ ਦਾ, ਸਾਹਾਂ ਦਾ, ਰੋਣਿਆਂ ਦਾ ਤੇ ਹੌਕਿਆਂ ਦਾ ਵੀ! ਤੇ ਜਦ ਡੇਢ ਕੁ ਸਾਲ ਮਗਰੋਂ ਮੈਨੂੰ ਉਸ ਹਿਸਾਬੀ ਕਿਤਾਬੀ ਘਰ ਤੋਂ ਵੀ ਬੇਦਖ਼ਲ ਕਰ ਦਿੱਤਾ ਗਿਆ, ਜਦ ਕਿ ਵਾਰ ਫੇਰ ਮੈਂ ਆਪਣੇ ਹੀ ਦੇਸ 'ਚ ਪਰਦੇਸੀ ਹੋਈ, ਆਪਣੇ ਹੀ ਦੇਸ 'ਚ ਜਦ ਇਕ ਵਾਰ ਮੈਨੂੰ ਦੇਸ-ਨਿਕਾਲਾ ਦੇ ਦਿੱਤਾ ਗਿਆ ਤਾਂ ਧੁਰ ਅੰਦਰ ਖੁਣੀ ਉਹ ਟੀਸ ਹੋਰ ਵੀ ਦਰਦ ਨਾਲ ਤੇਜ਼ੀ ਨਾਲ ਮੇਰੇ ਜਿਸਮ ਦੇ ਲਹੂ ਦੀ ਰਫ਼ਤਾਰ 'ਚ ਫੈਲੀ ਜਦ ਮੈਂ ਯਤੀਮਾਂ ਵਾਂਗ ਕਿਸੇ ਅਜ਼ਨਬੀ ਸ਼ਹਿਰ ਦੀਆਂ ਸੜਕਾਂ 'ਤੇ ਰੁਲ ਰਹੀ ਸਾਂ, ਕੋਈ ਕਿਰਾਏ ਦੀ ਛੱਤ ਲੱਭ ਰਹੀ ਸਾਂ ਇਕੱਲੀ, ਬਦਹਵਾਸ, ਸਾਹੋ-ਸਾਹ, ਰੋਣਹਾਕੀ.....।

ਤੇ ਮੁੜ ਇਕ ਕਿਰਾਏ ਦੀ ਛੱਤ ਹੇਠਾਂ ਅੱਠ ਵਰ੍ਹੇ ਮੈਂ ਆਪਣੀ ਰੋਜ਼ੀ ਰੋਟੀ ਕਮਾਉਂਦੀ ਹੋਈ ਉਸੀ ਲਾਅ ਹੇਠਾਂ ਜੀਉਂਦੀ ਰਹੀ, ਉਸ ਸਖ਼ਤ ਲਾਅ ਹੇਠਾਂ ਜੋ ਸਿਰਫ ਮੇਰੇ 'ਤੇ ਲਾਗੂ ਹੁੰਦਾ ਸੀ ਸਿਰਫ ਮੇਰੇ ਤੇ ਘੱਟੋ-ਘੱਟ ਮੈਨੂੰ ਤਾਂ ਇਹੀ ਲੱਗਦਾ ਸੀ, ਭਲਾ ਹੁੰਦਾ ਹੈ ਇੰਜ ਕਦੀ

ਫਿਲਮਾਂ ਤੋਂ ਬਿਨਾਂ ਵੀ ਕੋਈ ਇਉਂ ਜੀਵਿਆ ਹੋਵੇ ਇਕੱਲਾ, ਪੂਰੇ ਮੁਲਕ 'ਚ ਇਕੱਲਾ, ਕੀਤੀਆਂ ਹੋਣਗੀਆਂ ਕਿਸੇ ਨੇ ਇਉਂ ਸਿਰਫ ਕੰਧਾਂ ਨਾਲ ਹੀ ਗੱਲਾਂ ? ਦਿੱਤੀਆਂ ਹੋਣਗੀਆਂ ਕਦੇ ਇਉਂ ਕਿਸੇ ਨੇ ਆਪਣੇ ਆਪ ਨੂੰ ਹੀ ਤਸੱਲੀਆਂ ? ਘਿਰਦੀਆਂ ਘਿਨਾਉਣੀਆਂ, ਇਕੱਲੀਆਂ, ਲੰਬੀਆਂ, ਚੌੜੀਆਂ, ਵੱਡੀਆਂ ਸ਼ਾਮਾਂ ਗੁਜ਼ਾਰੀਆਂ ਹੋਣਗੀਆਂ ਕਿਸੇ ਨੇ ਇਕੱਲਿਆਂ ਇਕ ਇਕ ਪਲ ਧੱਕ-ਧੱਕ ਕੇ ਅਗਾਂਹ ਨੂੰ ਤੋਰਦਿਆਂ ਤੇ ਬਿਜਲੀ ਦੀ ਕੜਕ ਤੇ ਤੂਫਾਨੀ ਰਾਤਾਂ 'ਚ ਆਪਣੀਆਂ ਹੀ ਬਾਹਾਂ 'ਚ ਸੁੰਗੜ ਕੇ ਬਿਤਾਈਆਂ ਹੋਣਗੀਆਂ ਕਦੇ ਕਿਸੇ ਨੇ ਡਰਾਉਣੀਆਂ ਨਾ ਮੁੱਕਣ ਵਾਲੀਆਂ ਰਾਤਾਂ ਤੇ ਨੀਰਸ ਸਵੇਰਾਂ ਜਦ ਅੱਖ ਖੁੱਲ੍ਹਦਿਆਂ ਹੀ ਮਨ 'ਚ ਕੋਈ ਉਮੰਗ ਨਾ ਹੋਵੇ, ਜੀਣ ਦੀ ਕੋਈ ਲਾਲਸਾ ਨਾ ਹੋਵੇ ਜਦ ਸੂਰਜ ਦੀ ਪਹਿਲੀ ਕਿਰਨ ਨਾਲ ਹੀ ਯਾਦ ਆਉਣ ਲੱਗ ਪੈਣ ਤੁਹਾਨੂੰ ਲੋਕਾਂ ਦੀਆਂ ਤਿੱਖੀਆਂ, ਕਟਾਕਸ਼ ਕਰਦੀਆਂ ਨਜ਼ਰਾਂ ਤੇ ਦਿਲ ਦੁਖਾਉਣ ਵਾਲੀਆਂ ਗੱਲਾਂ। ਉਹ ਗੱਲਾਂ ਜੋ ਅਕਸਰ ਤੁਹਾਨੂੰ ਤੰਗ ਕਰਦੀਆਂ ਨੇ ਤੇ ਭੰਗ ਕਰ ਜਾਂਦੀਆਂ ਨੇ ਤੁਹਾਡਾ ਸਕੂਨ ਤੁਹਾਡਾ ਚੈਨ ਤੇ ਤੁਹਾਡੇ ਜੀਣ ਦਾ ਨਿਯਮ ਧਰਮ ਵੀ!

ਇਨ੍ਹਾਂ ਸਾਲਾਂ 'ਚ ਬਾਰ-ਬਾਰ ਧੁਰ ਅੰਦਰ ਖੁਣੀ ਟੀਸ ਜਾਗੀ ਜਦ ਵੀ ਉਹ ਲਾਅ ਮੇਰੇ ਤੇ ਭਾਰੂ ਹੋਇਆ ਕਿ ਮੈਂ ਵਿਦੇਸ਼ ਨਹੀਂ ਜਾ ਸਕਦੀ। ਵਿਦੇਸ਼ ਜਿਸ ਦਾ ਨਾਂ ਸੀ ਕੈਨੇਡਾ ਤੇ ਜਿਥੇ ਜਾ ਵੱਸੇ ਸਨ ਮੈਨੂੰ ਆਪਣੀਆਂ ਆਂਦਰਾਂ ਤੋਂ ਤੋੜ ਕੇ ਵਗਾਹ ਕੇ ਸੁੱਟ ਕੇ ਜਾਣ ਵਾਲੇ ਮੇਰੇ ਮਾਪੇ, ਮੇਰੀ ਸਾਵੀ। ਜੋ ਅਕਸਰ ਲਿਖਦੇ ਸਨ ਕਿ ਉਹ ਤੜਫਦੇ ਨੇ ਮੇਰੇ 'ਚ ਤੇ ਜੋ ਪੜ੍ਹ ਕੇ ਮੈਂ ਉਨ੍ਹਾਂ ਤੋਂ ਵੀ ਵੱਧ ਤੜਫਦੀ ਸਾਂ, ਬਾਰ ਬਾਰ ਉਨ੍ਹਾਂ ਨੇ ਕੋਸ਼ਿਸ਼ ਕੀਤੀ ਮੈਂ ਉਸ ਲਾਅ ਦੇ ਭਾਰੂ ਹੋ ਜਾਵਾਂ ਤੇ ਵੀਜ਼ਾ ਪ੍ਰਾਪਤ ਕਰ ਲਵਾਂ ਉਨ੍ਹਾਂ ਕੋਲ ਜਾਣ ਦਾ ਪਰ ਹਰ ਵਾਰ ਮੈਂ ਲਾਅ ਤੇ ਨਹੀਂ, ਲਾਅ ਮੇਰੇ ਤੇ ਭਾਰੂ ਹੁੰਦਾ ਗਿਆ ਤੇ ਇਕ ਵਾਰ ਤਾਂ ਮੈਨੂੰ ਯਾਦ ਹੈ ਜਦੋਂ ਮੈਨੂੰ ਸਾਵੀ ਦੇ ਵਿਆਹ ਤੇ ਜਾਣ ਦਾ ਵੀਜ਼ਾ ਨਹੀਂ ਮਿਲਿਆ ਸੀ ਤਾਂ ਮੈਂ ਉਸ ਜੂਨ ਦੇ ਸਖ਼ਤ ਗਰਮ ਮਹੀਨੇ 'ਚ ਕਿਵੇਂ ਕੈਨੇਡਾ ਦੀ ਅੰਬੈਸੀ ਤੋਂ ਬਾਹਰ ਆ ਕੇ ਰੋਈ ਸਾਂ, ਬਾਹਰ ਸੜਕ ਤਪ ਰਹੀ ਸੀ। ਉਸ ਸਾਵੀ ਦੇ ਵਿਆਹ ਤੇ ਮੈਂ ਨਹੀਂ ਸੀ ਜਾ ਸਕਦੀ ਜੋ ਆਖਦੀ ਹੁੰਦੀ ਸੀ ਕਿ ਆਪਾਂ ਦੋਵੇਂ ਸਦਾ ਇਕੱਠਿਆਂ ਰਹਿਣਾ ਹੈ ਵਿਆਹ ਕਰਾਉਣੇ ਹੀ ਨਹੀਂ, ਵਿਆਹ ਕਰਾਵਾਂਗੀਆਂ ਫਿਰ ਤਾਂ ਆਪਾਂ ਵਿਛੜ ਜਾਵਾਂਗੀਆਂ, ਪਰ ਇਹ ਨਹੀਂ ਪਤਾ ਕਿ ਉਸਨੇ ਪਤਾ ਵਿਆਹ ਤੋਂ ਛੇ ਵਰ੍ਹੇ ਪਹਿਲਾਂ ਹੀ ਮੈਥੋਂ ਵਿਛੜ ਜਾਣਾ ਹੈ।

ਬਾਰ ਬਾਰ ਲਾਅ ਨਾਲ ਜੂਝਦਿਆਂ ਮੈਂ ਹਾਰ ਮੰਨ ਲੈਂਦੀ ਸਾਂ ਪਰ ਘਰ ਦੇ ਫਿਰ ਕੋਈ ਤਰੀਕਾ ਲੱਭਦੇ ਫਿਰ ਮੈਨੂੰ ਮਜ਼ਬੂਰ ਕਰਦੇ ਸਨ ਕਿ ਮੈਂ ਜੂਝਾਂ ਤੇ ਮੈਨੂੰ ਲੱਗਦਾ ਸੀ ਇਉਂ ਕਰ ਕੇ ਉਹ ਇਸ ਉਲਾਂਭੇ ਤੋਂ ਸੁਰਖ਼ਰੂ ਹੋਣਾ ਚਾਹੁੰਦੇ ਸਨ ਜੋ ਸ਼ਾਇਦ ਉਨ੍ਹਾਂ ਨੂੰ ਲੋਕ ਮਿਹਣੇ ਦਿੰਦੇ ਹੋਣਗੇ ਕਿ "ਵਿਚਾਰੀ ਤੁਹਾਡੀ ਇਕੋ ਤਾਂ ਕੁੜੀ ਰਹਿ ਗਈ ਹੈ ਇੰਡੀਆ 'ਚ, ਮੰਗਾਉਂਦੇ ਕਿਉਂ ਨਹੀਂ ਉਸ ਨੂੰ ? ਕਰਦੇ ਕਿਉਂ ਨਹੀਂ ਕੋਸ਼ਿਸ਼ ? ਤੁਸੀਂ ਸਾਡੇ ਇਸ ਇਕ ਜੀਅ ਨੂੰ ਮੰਗਾ ਦਿਉ, ਅਸੀਂ ਤੁਹਾਡੀ ਕੁੜੀ ਨੂੰ ਮੰਗਾ ਦਿੰਦੇ ਹਾਂ, ਬਸ ਕਾਗਜ਼ਾਂ 'ਚ ਹੀ ਹੋਏਗੀ ਵਾਰੀ ਦਾ ਵੱਟਾ, ਉਂਜ ਤਾਂ ਆਪਣਾ ਆਪਣਾ ਹੀ ਜੀਅ ਆਉਣਾ ਹੋਇਆ ਨਾ ਆਪਣੇ ਆਪਣੇ ਘਰਦਿਆਂ ਕੋਲ, ਲਉ ਜੀ ਸਾਰਾ ਤਾਂ ਦੁਆਬਾ ਆ ਗਿਆ ਕੈਨੇਡਾ 'ਚ ਫੇਰ ਤੁਹਾਡੀ ਕੁੜੀ



ਕਿਉਂ ਨਹੀਂ ਆਉਂਦੀ ? ਬੜੇ ਆਸਚਰਜ ਵਾਲੀ ਗੱਲ ਹੈ।"

ਹਾਂ ਵਾਕਈ ਹੈਰਾਨੀ ਵਾਲੀ ਗੱਲ ਸੀ ਕਿ ਇਕ ਮੈਂ ਹੀ ਸਾਂ ਜਿਸ ਦਾ ਸਬੱਬ ਨਹੀਂ ਸੀ ਬਣ ਰਿਹਾ, ਨਹੀਂ ਤਾਂ ਰੋਜ਼ ਤਾਂ ਭਲਾ ਜਾਂਦੇ ਨੇ ਜਹਾਜ਼ ਭਰ-ਭਰ ਏਅਰ ਇੰਡੀਆ ਦੇ ਕੈਨੇਡਾ ਲਈ, ਮੈਂ ਵੀ ਇਉਂ ਸੋਚਣ ਲੱਗਦੀ ਸੀ, ਮੇਰੀ ਤਾਂ ਗੱਲ ਹੀ ਛੱਡੋ ਕਿ ਮੈਂ ਕੀ ਕੀ ਸੋਚਦੀ ਸਾਂ, ਬਸ ਉਹ ਵੀ ਸੋਚਦੀ ਸਾਂ ਜੋ ਨਹੀਂ ਸੀ ਸੋਚਣਾ ਚਾਹੀਦਾ ਤੇ ਉਹ ਵੀ ਕਰ ਗੁਜ਼ਰਦੀ ਸਾਂ ਜੋ ਨਹੀਂ ਸੀ ਕਰਨਾ ਚਾਹੀਦਾ। ਇਹੀ ਮਰ ਮੁੱਕ ਜਾਣ ਵਾਲੀਆਂ ਗੱਲਾਂ। ਪਰ ਇਸ ਸਭ ਦੇ ਬਾਵਜੂਦ ਜਿਵੇਂ ਇਕ ਟੀਸ ਸੀ ਮਨ 'ਚ ਤਾਂ ਇਕ ਆਸ ਵੀ ਜੀਉਂਦੀ ਸੀ। ਹਾਰ ਮੰਨ ਕੇ ਬੈਠ ਜਾਣ ਤੋਂ ਬਾਅਦ ਵੀ ਕਿ ਸ਼ਾਇਦ, ਸ਼ਾਇਦ ਕਦੀ ਤਾਂ, ਕਦੀ ਤਾਂ ਕੁਦਰਤ ਮਿਹਰਬਾਨ ਹੋਵੇਗੀ ਹੀ, ਕਦੀ ਤਾਂ!

ਤੇ ਸਚਮੁੱਚ ਜਦ ਇਕ ਵਾਰ ਫਿਰ ਮੈਂ ਕਮਰ ਕੱਸ ਕੇ, ਹਿੰਮਤ ਬੰਨ੍ਹ ਕੇ ਅੰਬੈਸੀ ਦੇ ਹਾਲ 'ਚ ਇਕ ਕੁਰਸੀ ਤੇ ਬੈਠੀ ਸਾਂ ਵੀਜ਼ਾ ਲੈਣ ਲਈ ਤੇ ਇੰਟਰਵਿਊ ਦੇਣ ਲਈ ਸਪੋਨਸਰਸ਼ਿਪ ਸੰਬੰਧੀ ਕਾਗਜ਼ਾਂ ਦੇ ਥੱਬੇ ਸਾਂਭੀ ਤਾਂ ਲੱਗਦਾ ਸੀ ਇਸ ਇਮਤਿਹਾਨ 'ਚ ਮੈਂ ਇਕੱਲੀ ਨਹੀਂ ਹੋਰ ਵੀ ਲੋਕ ਹਨ ਕਿਉਂਕਿ ਅੰਬੈਸੀ ਦੇ ਉਸ ਹਾਲ 'ਚ ਕਤਾਰਾ ਬੰਨ੍ਹੀ ਕੁਰਸੀਆਂ ਤੇ ਹੋਰ ਵੀ ਬਹੁਤ ਸਾਰੇ ਲੋਕ ਬੈਠੇ ਸਨ ਖਾਮੋਸ਼, ਅਹਿਲ ਬੁੱਤਾਂ ਵਾਂਗ ਜੋ ਤੜਕੇ ਪੰਜ ਵਜੇ ਤੋਂ ਪਹਿਲਾਂ ਅੰਬੈਸੀ ਦੇ ਕਾਊਂਟਰ ਮੂਹਰੇ ਸੜਕ ਤੋਂ ਵੀ ਪਰ੍ਹੇ ਤਕ ਫੈਲੀ ਲੰਬੀ ਕਤਾਰ 'ਚ ਲੱਗੇ ਹੋਏ ਸਨ ਤੇ ਹੁਣ ਅੰਦਰ ਪਹੁੰਚ ਕੇ ਹਾਲ 'ਚ ਬੈਠੇ ਸਨ ਆਪਣੀ ਆਪਣੀ ਵਾਰੀ ਦੀ ਉਡੀਕ 'ਚ। ਜਿਵੇਂ ਕਬਰਾਂ 'ਚੋਂ ਨਿਕਲ ਕੇ ਮੁਰਦੇ ਬੈਠੇ ਹੋਣ ਚੁੱਪ-ਚਾਪ, ਫਿਕਰਾਂ 'ਚ ਘਿਰੇ, ਪਿਲੱਤਣਾਂ ਦੇ ਮਾਰੇ, ਜਿਸ ਦਾ ਨਾਂ ਮਾਈਕ 'ਚ ਗੂੰਜਦਾ ਉਹ ਉੱਠਦਾ, ਹਥਲੇ ਕਾਗਜ਼ ਪੱਤਰ ਸਾਂਭਦਾ, ਬੋਚ ਬੋਚ ਪੈਰ ਧਰਦਾ, ਬੜੀ ਸ਼ਾਇਸਤਗੀ ਨਾਲ ਕੱਚ ਦਾ ਦਰਵਾਜ਼ਾ ਖੋਲ੍ਹਦਾ ਤੇ ਅੰਦਰ ਦਾਖਿਲ ਹੋ ਜਾਂਦਾ, ਇੰਟਰਵਿਊ ਦੇਣ ਵਾਲੇ ਕਮਰੇ 'ਚ ਕੱਚ ਦੇ ਦਰਵਾਜ਼ੇ ਤੋਂ ਉਹ ਇਕ ਪਾਸੇ ਮੁੜਦਾ ਨਜ਼ਰ ਆਉਂਦਾ।

ਇਕ ਇਕ ਪਲ ਕੱਟਣਾ ਔਖਾ ਪ੍ਰਤੀਤ ਹੁੰਦਾ ਜਦ ਕਈ ਚਿਰ ਮਗਰੋਂ ਉਹ ਬਾਹਰ ਨਿਕਲਦਾ, ਸਾਰੇ ਹਾਲ ਦੀਆਂ ਨਜ਼ਰਾਂ ਸੁਆਲੀਆ ਨਿਸ਼ਾਨ ਬਣ ਕੇ ਉਸ ਦੇ ਚਿਹਰੇ ਤੇ ਖੜੋ ਜਾਂਦੀਆਂ ਤੇ ਅਕਸਰ ਅੰਦਰੋਂ ਆਉਣ ਵਾਲਾ ਸ਼ਰਮਿੰਦਾ ਜਿਹਾ ਹੋ ਕੇ ਮੁਸਕਰਾ ਕੇ ਹੌਲੇ ਜਿਹੇ 'ਨਾਂਹ' 'ਚ ਸਿਰ ਹਿਲਾਉਂਦਾ, ਸਾਰਿਆਂ ਦੇ ਦਿਲ ਡਰ ਜਾਂਦੇ, ਕਦੀ ਕਦੀ ਕੋਈ ਜਿਸ ਨੂੰ ਵੀਜ਼ਾ ਮਿਲ ਜਾਂਦਾ ਉਹ ਵੀ ਅੰਦਰੋਂ ਆਪਣੀ ਖ਼ੁਸ਼ੀ ਨੂੰ ਪਤਾ ਨਹੀਂ ਕਿਉਂ ਬੁਰੀ ਤਰ੍ਹਾਂ ਸਾਂਭਦਿਆਂ ਹੀ ਬਾਹਰ ਨਿਕਲਦਾ ਤੇ ਹੌਲੀ ਜਿਹੀ 'ਹਾਂ' 'ਚ ਸਿਰ ਹਿਲਾਉਂਦਾ ਥੋੜ੍ਹੇ ਜਿਹੇ ਗਰੂਰ ਨਾਲ ਵੀ। ਤੇ ਕੋਈ ਬਜ਼ੁਰਗ ਔਰਤ ਹੌਲੀ ਜਿਹੀ ਆਖਦੀ 'ਵਾਹਿਗੁਰੂ' ਜਿਵੇਂ ਕਹਿ ਰਹੀ ਹੋਵੇ 'ਵਾਹਿਗੁਰੂ ਸਾਨੂੰ ਵੀ ਸਹਾਈਂ ਹੋਵੀਂ' ਮਾਇਕ ਤੇ ਫਿਰ ਹੋਰ ਨਾ ਗੂੰਜਦਾ, ਸ਼ੀਸ਼ੇ 'ਚੋਂ ਉਹ ਕੁੜੀ ਨਜ਼ਰ ਆ ਰਹੀ ਸੀ ਜੋ ਨਾਂ ਬੋਲਦੀ ਸੀ ਜਿਸ ਨੇ ਉੱਚੇ ਦੰਦਾਂ ਨੂੰ ਨੀਵੇਂ ਕਰਾਉਣ ਲਈ ਤਾਰ ਲਗਵਾਈ ਹੋਈ ਸੀ, ਇਹ ਉਹੀ ਕੁੜੀ ਸੀ ਜਿਸਨੇ ਜਦ ਮੈਂ ਕੁਝ ਵਰ੍ਹੇ ਪਹਿਲਾਂ ਵੀਜ਼ਾ ਲੈਣ ਆਈ ਸਾਂ ਤੇ ਨਾਂਹ ਹੋਣ ਤੇ ਬਹੁਤ ਉਦਾਸ ਬਾਹਰ ਨਿਕਲੀ ਸਾਂ ਤੇ ਮੇਰੇ ਵਲ ਬੜੀ ਰੁਖਾਈ ਨਾਲ ਤੱਕਿਆ ਸੀ ਤੇ ਇਸ ਦੀ ਸ਼ਕਲ ਮੇਰੇ ਮਨ ਤੇ ਉਸ ਇੰਟਰਵਿਊ ਲੈਣ

ਵਾਲੇ ਗੋਰੇ ਨਾਲ ਹੀ ਉਕਰੀ ਗਈ ਸੀ, ਪਰ ਐਤਕੀਂ ਜਦ ਮੇਰੀ ਵਾਰੀ ਆਈ, ਇੰਟਰਵਿਊ ਹੋਈ ਤਾਂ ਕੋਈ ਗੋਰੀ ਸੀ ਉਸ ਆਖਿਆ ਠੀਕ ਹੈ ਅਸੀਂ ਤੈਨੂੰ ਵੀਜ਼ਾ ਦਿੰਦੇ ਹਾਂ, ਲੱਗਿਆ ਮੈਂ ਠੀਕ ਤਰ੍ਹਾਂ ਨਹੀਂ ਸੁਣਿਆ, ਉਸ ਨੇ ਤਾਂ ਕੁਝ ਹੋਰ ਕਿਹਾ ਹੋਣੈਂ ਮੈਂ ਹੀ ਇਉਂ ਸੁਣ ਲਿਆ ਹੈ ਕਿ ਮੈਨੂੰ ਵੀਜ਼ਾ ਮਿਲ ਗਿਆ ਹੈ, ਭਲਾ ਇੰਜ ਕਿੱਦਾਂ ਹੋ ਸਕਦਾ ਹੈ? ਏਨੇ ਵਰ੍ਹੇ ਨਹੀਂ ਇਉਂ ਹੋਇਆ ਫੇਰ ਅੱਜ ਕਿੱਦਾਂ ਹੋ ਸਕਦਾ ਹੈ? ਅੱਜ ਕਿਵੇਂ ਲਾਅ ਨਰਮ ਪੈ ਸਕਦਾ ਹੈ, ਮੇਰੇ ਲਈ? ਮੇਰੇ ਲਈ ਜਿਸ ਲਈ ਤਾਂ ਬਨਵਾਸ ਹੀ ਲਾਜ਼ਮੀ ਹੈ ਤੇ ਖੁਸ਼ੀਆਂ ਵਰਜਿਤ! ਕਿਵੇਂ ਟੁੱਟ ਸਕਦਾ ਹੈ ਮੇਰਾ ਸਰਾਪ? ਕੀ ਵਾਕਈ? ਬਾਹਰੋਂ ਕਾਊਂਟਰ ਤੋਂ ਮੈਂ ਆਪਣਾ ਪਾਸਪੋਰਟ ਲਿਆ ਉਸ ਉਤੇ ਬਾਰ-ਬਾਰ ਵੀਜ਼ੇ ਦੀ ਹਾਂ ਵਾਚਕ ਮੁਹਰ ਵੇਖ-ਵੇਖ ਕੇ ਸੋਚਿਆ, ਕੀ ਵਾਕਈ? ਬਾਹਰ ਸੜਕ ਤੇ ਸੰਯੋਗ ਹੀ ਸੀ ਕਿ ਫੇਰ ਗਰਮੀ ਦਾ ਹੀ ਮਹੀਨਾ ਸੀ, ਤਪਸ਼ ਸੀ ਪਰ ਮੇਰੇ ਲਈ ਨਹੀਂ। ਮੈਂ ਉੱਚੀ ਸਾਰੀ ਹੱਸੀ ਸ਼ਾਇਦ ਉਸ ਪਹਿਲੇ ਵਾਲੇ ਰੋਣ ਦਾ ਕਰਜ਼ ਉਤਾਰਨ ਲਈ।

**— ਕੁਲਬੀਰ ਬਡੇਸਰੋਂ**
**2/402 ਮਹਾਡਾ, ਉਸ਼ੀਵਾੜਾ**
**(ਉਸ਼ੀਵਾੜਾ ਪੁਲਸ ਸਟੇਸ਼ਨ ਦੇ ਸਾਹਮਣੇ)**
**ਅੰਧੇਰੀ (ਈਸਟ), ਮੁੰਬਈ – 53**



# ਵਸਦੇ ਰਹੋ

ਵਿਸ਼ਵ ਦੇ ਪ੍ਰਮੁੱਖ ਅਮੀਰ ਮਹਾਂਨਗਰ ਵਿਚ ਸਿੱਖ ਭਾਈਚਾਰਾ ਵੀ ਬਹੁਤ ਸੀ ਤੇ ਕਈ ਭਾਂਤਕ ਗੁਰਦਵਾਰੇ ਵੀ ਸਨ। ਗੁਰਦਵਾਰਿਆਂ ਵਿਚ ਜਾਤ-ਬਰਾਦਰੀ ਦੀ ਗੁੱਟਬੰਦੀ ਵੀ ਸਿਖਰਾਂ ’ਤੇ ਸੀ। ਏਥੋਂ ਤੱਕ ਕਿ ਕਈ ਵਾਰੀ ਸੁਲਝੇ ਹੋਏ ਮਹਾਂਨਗਰ ਵਿਚ ਗੁਰਦਵਾਰਿਆਂ ਅੰਦਰ ਹੂਰਾ-ਮੁੱਕੀ, ਪੱਗੋ-ਲੱਥੀ, ਦਾਹੜੀ-ਪੱਟੋ ਤੇ ਕਤਲ ਤੱਕ ਵੀ ਹੋਏ ਸਨ। ਸਿੱਟੇ ਵਜੋਂ ਕਈ ਵਾਰੀ ਪੁਲਸ ਜੋੜਿਆਂ ਸਮੇਤ ਗੁਰੂ ਘਰਾਂ ਦੇ ਦਰਸ਼ਨਾਂ ਨੂੰ ਆਈ ਸੀ।

ਲੜਾਈ ਝਗੜੇ ਦਾ ਅਸਲ ਕਾਰਨ ਤਾਂ ਕੁਰਸੀ ਦਾ ਰੁਤਬਾ ਹੀ ਸੀ। ਪੈਸੇ ਦੀ ਬਹੁਤਾਤ ਵੀ ਸੀ, ਜਾਤੀਵਾਦ ਵੀ ਸੀ। ਜਿਵੇਂ ਇਕ ਗੁਰਦਵਾਰੇ ਦਾ ਸਕੱਤਰ ਸਟੇਜ ਤੋਂ ਕੁਝ ਬੋਲ ਰਿਹਾ ਸੀ ਤੇ ਸੰਗਤ ਵਿਚ ਬੈਠੇ ਇਕ ਵਿਅਕਤੀ ਨੇ ਆਵਾਜ਼ ਕੱਸੀ, “ਇਸ ਘੁਮਾਰ ਨੂੰ ਕੀ ਪਤਾ ਸੈਕਟਰੀਪੁਣੇ ਦਾ।” ਤੇ ਸਟੇਜ ਤੋਂ ਹੀ ਸਕੱਤਰ ਸਾਹਿਬ ਨੇ ਉੱਤਰ ਦਿੱਤਾ, “ਓ ਅਸੀਂ ਤਾਂ ਮਾਰ ਮਾਰ ਕੇ ਖੋਤੇ ਸਿੱਧੇ ਕਰ ਦਿੱਤੇ, ਤੁਸੀਂ ਤਾਂ ਫਿਰ ਵੀ ਕਿਸੇ ਦੇ ਤੁਖਮ ਹੀ ਹੋਵੋਗੇ।” ਸਾਰੀ ਸੰਗਤ ਵਿਚ ਉੱਥਲ-ਪੁੱਥਲ ਮਚ ਗਈ। ਪ੍ਰਧਾਨ ਸਾਹਿਬ ਨੇ ਮਾਈਕ ਫੜਿਆ ਤੇ ਲਗਾ ਸਾਰਿਆਂ ਨੂੰ ਸਮਝਾਉਣ। ਪ੍ਰਧਾਨ ਸਾਹਿਬ ਦਾ ਸੰਬੰਧ ਰਾਮਗੜ੍ਹੀਆ ਬਰਾਦਰੀ ਨਾਲ ਸੀ। ਕਈਆਂ ਨੇ ਫਿਰ ਆਵਾਜ਼ਾਂ ਕੱਸੀਆਂ, “ਜਾਹ ਜਾ ਕੇ ਗੁੱਲੀ ਡੰਡੇ ਘੜਾ ਤੂੰ ਸਾਨੂੰ ਅਕਲ ਨਾ ਦੇਹ।” ਪ੍ਰਧਾਨ ਸਾਹਿਬ ਹਾਲਾਂ ਸੋਚ ਹੀ ਰਹੇ ਸਨ ਕਿ ਇਸ ਦਾ ਗੁਰੂ ਘਰ ਵਿਚ ਕੀ ਉੱਤਰ ਦੇਣ ਉਨ੍ਹਾਂ ਹੱਥੋਂ ਖਜ਼ਾਨਚੀ ਨੇ ਮਾਈਕ ਖੋਹ ਲਿਆ ਤੇ ਬੋਲਣ ਵਾਸਤੇ ਫਤਹਿ ਹੀ ਬੁਲਾਈ ਸੀ, ਸੰਗਤ ਵਿਚੋਂ ਕਈ ਆਵਾਜ਼ਾਂ ਆਈਆਂ, ਢੋਰ ਢੋਣੀਂ ਜ਼ਾਤ, ਚੰਮ ਦੀਆਂ ਨਹੀਂ ਚੱਲਣ ਦਿਆਂਗੇ ਇਥੇ, ਕੱਢੋ ਇਸ ਨੂੰ ਬਾਹਰ ਜੁੱਤੀਆਂ ਸੀਣ ਵਾਲੇ ਨੂੰ....।

ਖਜ਼ਾਨਚੀ ਸਾਹਿਬ ਉੱਚਾ-ਉੱਚਾ ਬੋਲ ਰਹੇ ਸਨ, “ਚੰਮ ਲਾਹੁਣ ਦੀ ਜਾਚ ਮੈਂ ਵਿਰਸੇ ’ਚ ਸਿੱਖੀ ਆ, ’ਕੱਲੇ ’ਕੱਲੇ ਦਾ ਚੰਮ ਲਾਹ ਦਿਆਂਗਾ।”

ਅਜਿਹੇ ਮਾਹੌਲ ਵਿਚ ਸਾਰਿਆਂ ਦਾ ਦਮ ਘੁੱਟਦਾ। ਅਖੀਰ ਰਵੀਦਾਸੀਆਂ ਨੇ ਰਵੀਦਾਸ ਗੁਰਦਵਾਰਾ, ਰਾਮਗੜ੍ਹੀਆਂ ਨੇ ਰਾਮਗੜ੍ਹੀਆ ਗੁਰਦਵਾਰਾ, ਨਾਮਧਾਰੀਆਂ ਨੇ ਆਪਣਾ, ਯਾਨੀ ਹਰ ਵਰਗ ਨੇ ਆਪਣਾ-ਆਪਣਾ ਰੱਬ ਵੰਡ ਲਿਆ, ਗੁਰਦਵਾਰੇ ਕਈ ਬਣ ਗਏ।

ਅਮੀਰ ਮੁਲਕ ਦੇ ਅਮੀਰ ਮਹਾਂਨਗਰ ਵਿਚ ਸਿੱਖ ਭਾਈਚਾਰਾ ਵੀ ਬੜਾ ਅਮੀਰ ਸੀ। ਇਹ ਭਾਈਚਾਰਾ ਛੋਟੇ-ਛੋਟੇ ਗੁਰਦਵਾਰਿਆਂ ਦੇ ਝਗੜਿਆਂ ਵਿਚ ਦਿਲਚਸਪੀ ਬਿਲਕੁਲ ਨਹੀਂ ਸੀ ਰੱਖਦਾ। ਉਨ੍ਹਾਂ ਕੋਲ ਫੁਰਸਤ ਹੀ ਨਹੀਂ ਸੀ। ਇਨ੍ਹਾਂ ਨਿੱਕੇ-ਮੋਟੇ ਕੰਮਾਂ ਵਿਚ ਪੈਣ ਦੀ। ਉਨ੍ਹਾਂ ਸਾਰਿਆਂ ਦੇ ਆਪਣੇ-ਆਪਣੇ ਤਕੜੇ ਕਾਰੋਬਾਰ ਸਨ। ਪੈਸਾ ਵਧਣ ਦੇ ਨਾਲ-ਨਾਲ ਰੁਤਬਾ ਵੀ ਉੱਚਾ ਹੋ ਜਾਂਦਾ ਹੈ ਤੇ ਜਮਾਤ ਵੀ ਉੱਚੀ ਹੋ ਜਾਂਦੀ ਹੈ, ਏਸ ਉੱਚੀ ਜਮਾਤ ਵਿਚ

ਜਾਤ-ਪਾਤ ਦਾ ਰੌਲਾ ਤਾਂ ਬਹੁਤ ਘੱਟ ਸੀ, ਪਰ ਇਕ ਦੂਸਰੇ ਨੂੰ ਪੈਸੇ ਦੇ ਮੀਟਰ ਨਾਲ ਮਾਪਣ ਦੀ ਆਦਤ ਜ਼ਰੂਰ ਸੀ। ਜੇ ਕੋਈ ਨੀਚੀ ਜਾਤ ਵਾਲਾ ਵੀ ਏਸ ਜਮਾਤ ਵਿਚ ਬੈਠਦਾ ਤਾਂ ਉਸਦੇ ਪੈਸੇ ਦੀ ਤਾਕਤ ਉਸ ਨੂੰ ਉੱਚੀ ਕੁਰਸੀ 'ਤੇ ਬਿਠਾ ਦਿੰਦੀ।

ਏਸ ਅਮੀਰ ਜਮਾਤ ਦੀ ਇਕ ਬਹੁਤ ਚੰਗੀ ਖ਼ੂਬੀ ਸੀ ਕਿ ਇਹ ਪਰਾਏ ਮੁਲਕ ਵਿਚ ਰਹਿ ਕੇ ਵੀ ਨਾ ਤਾਂ ਆਪਣੀ ਤਹਿਜ਼ੀਬ ਨਾਲੋਂ ਹੀ ਟੁੱਟੇ ਸਨ ਤੇ ਨਾ ਹੀ ਧਰਮ ਨਾਲੋਂ। ਆਮ ਗੁਰਦਵਾਰਿਆਂ ਦੇ ਝਗੜਿਆਂ ਤੋਂ ਤੰਗ ਆ ਕੇ ਇਨ੍ਹਾਂ ਸਾਰਿਆਂ ਨੇ ਮਿਲ ਕੇ ਪੈਸਾ ਪਾ ਕੇ ਇਕ ਅਮੀਰ ਇਲਾਕੇ ਵਿਚ ਗੁਰਦਵਾਰਾ ਬਣਾ ਲਿਆ। ਇਕ ਕਮੇਟੀ ਚੁਣ ਲਈ ਬਗੈਰ ਇਲੈਕਸ਼ਨ ਤੋਂ ਹੀ ਜੋ ਇਸ ਗੁਰਦਵਾਰੇ ਦਾ ਸਾਰਾ ਪ੍ਰਬੰਧ ਸੰਭਾਲਦੀ। ਗੁਰਦਵਾਰੇ ਦੇ ਭਾਈ ਦੀ ਸੇਵਾ ਨਿਭਾਉਣ ਲਈ ਇਕ ਭਾਈ ਇੰਡੀਆ ਤੋਂ ਮੰਗਵਾ ਲਿਆ ਜਿਸ ਉਤੇ ਇਹ ਕੰਡੀਸ਼ਨ ਲਗਾ ਦਿੱਤੀ ਕਿ ਉਹ ਸਿਰਫ ਇਸੇ ਗੁਰਦਵਾਰੇ ਅੰਦਰ ਰਹੇਗਾ ਤੇ ਏਸ ਬਰਾਦਰੀ ਦੀ ਹੀ ਸੇਵਾ ਕਰੇਗਾ। ਭਾਈ ਜੀ ਦੀ ਤਨਖਾਹ ਬੰਨ੍ਹੀ ਗਈ। ਤਨਖਾਹ ਤੋਂ ਇਲਾਵਾ ਹੋਰ ਵੀ ਪੈਸੇ ਬਣ ਜਾਂਦੇ। ਬਰਾਦਰੀ ਦਾ ਰੁਟੀਨ ਸੀ ਕਿ ਹਫਤੇ ਵਿਚ ਘੱਟੋ-ਘੱਟ ਇਕ ਦਿਨ ਵਾਰੀ-ਵਾਰੀ ਕਿਸੇ ਨਾ ਕਿਸੇ ਦੇ ਘਰ ਕੀਰਤਨ ਹੋਵੇ, ਸੁਖਮਨੀ ਸਾਹਿਬ ਦਾ ਪਾਠ ਹੋਵੇ ਜਾਂ ਆਸਾ ਦੀ ਵਾਰ ਲੱਗੇ। ਇਸ ਤਰ੍ਹਾਂ ਕਰਨ ਨਾਲ ਬਰਾਦਰੀ ਦੇ ਕਈ ਕੰਮ ਇਕੋ ਵੇਲੇ ਰਾਸ ਆ ਜਾਂਦੇ। ਇਕ ਤਾਂ ਰੱਬ ਦਾ ਨਾਮ ਜਪ ਹੁੰਦਾ, ਦੂਜੇ ਸਭ ਨੂੰ ਮਿਲ ਕੇ ਇਕ ਦੂਜੇ ਦੀਆਂ ਚੁਗਲੀਆਂ ਕਰਨ ਦਾ ਮੌਕਾ ਮਿਲਦਾ ਤੇ ਨਾਲੇ ਲੰਗਰ ਛੱਕਦੇ ਛਕਾਂਦੇ ਇਕ ਦੂਜੇ ਨਾਲ ਬਿਜ਼ਨਸ ਦੀਆਂ ਕਈ ਡੀਲਾਂ ਹੋ ਜਾਂਦੀਆਂ। ਨਾਲ-ਨਾਲ ਬੱਚਿਆਂ ਨੂੰ ਪੰਜਾਬੀ ਜ਼ਬਾਨ ਦਾ ਪਤਾ ਲੱਗਦਾ, ਕੀਰਤਨ ਸਿੱਖਣ ਦਾ ਮੌਕਾ ਮਿਲਦਾ ਤੇ ਧਰਮ ਨਾਲ ਸਾਂਝ ਪਾਉਣ ਦਾ ਵੱਲ ਵੀ ਆਉਂਦਾ।

ਇੰਡੀਆ ਤੋਂ ਆਏ ਭਾਈ ਸਾਹਿਬ ਸ਼ਬਦ ਕੀਰਤਨ ਤੇ ਪਾਠ ਦੇ ਤਾਂ ਬੜੇ ਧਨੀ ਸਨ। ਪਰ ਪਰਾਏ ਮੁਲਕ ਦੇ ਰੀਤੀ ਰਿਵਾਜ਼ ਸਮਝਣਾ ਜ਼ਰਾ ਕਠਿਨ ਮਹਿਸੂਸ ਕਰਦੇ ਸਨ। ਹਰ ਧਨੀ ਨੂੰ ਖੁਸ਼ ਰਖ ਕੇ ਹੀ ਉਨ੍ਹਾਂ ਦਾ ਗੁਜ਼ਾਰਾ ਹੋ ਸਕਦਾ ਸੀ। ਹੋਮ ਆਫਿਸ ਨੇ ਵੀ ਤਾਂ ਉਨ੍ਹਾਂ ਉਤੇ ਸ਼ਰਤ ਰੱਖੀ ਹੋਈ ਸੀ ਕਿ ਹਰ ਸਾਲ ਵੀਜ਼ਾ ਲਗਵਾਉਣਾ ਪਏਗਾ ਤੇ ਨੌਕਰੀ ਵੀ ਬਦਲ ਨਹੀਂ ਸਕਦੇ। ਨਾਲੇ ਜਦੋਂ ਏਸ ਗੁਰਦਵਾਰੇ ਨੂੰ ਜ਼ਰੂਰਤ ਨਾ ਹੋਵੇ ਤਾਂ ਵਾਪਿਸ ਇੰਡੀਆ ਹੀ ਜਾਣਾ ਪਏਗਾ। ਭਾਈ ਜੀ ਬਾਲ ਬੱਚੇਦਾਰ ਸਨ। ਉਨ੍ਹਾਂ ਨੂੰ ਇੰਡੀਆ ਵਿਚ ਪਰਿਵਾਰ ਪਾਲਣ ਲਈ ਪੈਸੇ ਦੀ ਵੀ ਲੋੜ ਸੀ। ਪੈਸੇ ਨੂੰ ਮੁੱਖ ਰੱਖਦਿਆਂ ਭਾਈ ਜੀ ਨੇ ਹਰ ਇਕ ਦੀ ਜੀ ਹਜ਼ੂਰੀ ਕਰਨੀ ਸਿੱਖ ਲਈ ਸੀ। ਯਾਨੀ ਕਿਸੇ ਦੇ ਘਰ ਆਖੰਡ ਪਾਠ ਹੋਵੇ ਤਾਂ ਭੋਗ ਤੋਂ ਬਾਅਦ ਸ਼ਬਦ ਪੜ੍ਹਦੇ, "ਸਤਿਗੁਰ ਤੁਮਰੇ ਕਾਜ ਸਵਾਰੇ", ਨਾਲੇ ਘਰ ਵਾਲਿਆਂ ਨੂੰ ਖੁਸ਼ ਕਰਨ ਹਿਤ ਪ੍ਰਚਾਰ ਕਰਨਾ ਸ਼ੁਰੂ ਕਰਦੇ, "ਸਾਧ ਸੰਗਤ ਜੀ ਪੈਸਾ ਹੁੰਦਿਆਂ ਹੋਇਆਂ ਵੀ ਹਰ ਸੱਜਣ ਦਾਨ ਨਹੀਂ ਕਰ ਸਕਦਾ, ਦਾਨ ਉਹੀ ਕਰਦਾ ਜੀਹਦੇ ਸਿਰ 'ਤੇ ਮਾਲਕ ਦਾ ਮਿਹਰ ਭਰਿਆ ਹੱਥ ਹੋਵੇ। ਦਾਨ ਉਹ ਵੀ ਨਹੀਂ ਕਰ ਸਕਦਾ ਜਿਸਦੇ ਪੱਲੇ ਕੁਝ ਹੋਵੇ ਹੀ ਨਾ, ਜਿਸ ਨੂੰ ਸਤਿਗੁਰਾਂ ਨੇ ਧਨ ਦੌਲਤ ਦੀ ਬਖਸ਼ਿਸ਼ ਕੀਤੀ ਹੋਵੇ ਉਹੀ ਦਾਨ ਵੀ ਕਰ ਸਕਦਾ ਤੇ ਧਨ ਦੌਲਤ ਹਰ ਇਕ ਕੋਲ ਹੋ ਹੀ ਨਹੀਂ ਸਕਦੀ। ਇਹ ਸਿਰਫ ਉਸ ਕੋਲ ਹੁੰਦੀ ਹੈ ਜਿਸ ਤੇ ਗੁਰੂ ਸਾਹਿਬ ਮਿਹਰਬਾਨ, ਦਇਆਵਾਨ ਹੋਣ। ਗੁਰੂ ਮਿਹਰਬਾਨ ਉਸ 'ਤੇ ਹੁੰਦਾ ਹੈ ਜਿਸਦੇ ਹਿਰਦੇ 'ਚ ਪਿਆਰ ਭਾਵਨਾ,



ਸੇਵਾ ਭਾਵਨਾ ਹੋਵੇ ਤੇ ਗੁਰਬਾਣੀ ਦਾ ਜੱਸ ਕਰਾਉਣ ਦੀ ਸ਼ਰਧਾ ਹੋਵੇ। ਸਤਿਗੁਰੂ ਬੜਾ ਮਿਹਰਬਾਨ, ਦਿਆਲ ਹੈ, ਸਤਿਗੁਰ ਦੀ ਸੇਵਾ ਸਫਲ ਹੈ ਜੋ ਕੋ ਕਰੇ ਚਿਤ ਲਾਇ।"

ਗੁਰਬਾਣੀ ਦੇ ਢੁੱਕਵੇਂ ਸ਼ਬਦ ਪੜ੍ਹ ਕੇ ਭਾਈ ਜੀ ਨੂੰ ਖੁਸ਼ ਕਰਨਾ ਆਉਂਦਾ ਸੀ। ਜੇ ਕੋਈ ਆਪਣੇ ਨਵੇਂ ਕਾਰੋਬਾਰ ਦਾ ਆਗਾਜ਼ ਕਰਨ ਲਈ ਆਖੰਡਪਾਠ ਜਾਂ ਸ਼ਬਦ ਕੀਰਤਨ ਕਰਵਾਉਂਦਾ ਤਾਂ ਭਾਈ ਜੀ ਸ਼ਬਦ ਪੜ੍ਹਦੇ, "ਭਏ ਕ੍ਰਿਪਾਲ ਗੋਵਿੰਦ ਗੁਸਾਈ। ਮੇਘ ਵਰਸੈ ਸਭਨੀ ਥਾਈਂ।" ਜੇ ਕਿਸੇ ਦੇ ਘਰ ਪੁੱਤਰ ਜਨਮਿਆ ਜਾਂ ਪੁੱਤਰ ਦਾ ਜਨਮ ਦਿਨ ਹੋਵੇ ਤਾਂ ਭਾਈ ਜੀ ਸ਼ਬਦ ਉਚਰਣ ਕਰਦੇ, "ਪੂਤਾ ਮਾਤਾ ਕੀ ਆਸੀਸ।" ਕਿਸੇ ਦੇ ਨਵਾਂ ਗ੍ਰਹਿ ਪ੍ਰਵੇਸ਼ ਦੀ ਰਸਮ ਹੋਵੇ ਤਾਂ ਕੀਰਤਨ ਕਰਦੇ, "ਜਿਥੈ ਨਾਮ ਜਪੀਐ ਪ੍ਰਭ ਪਿਆਰੇ। ਸੇ ਅਸਥਲ ਸੋਇਨ ਚਉਬਾਰੇ।" ਸਾਰੀ ਬਰਾਦਰੀ ਭਾਈ ਜੀ ਦੀ ਸੇਵਾ ਤੋਂ ਖੁਸ਼ ਸੀ। ਭਾਈ ਜੀ ਨੇ ਵੀ ਸਾਰਿਆਂ ਨੂੰ ਖੁਸ਼ ਕਰਨ ਦੇ ਦਾਓ ਪੇਚ ਸਮਝ ਲਏ ਸਨ। ਇਥੋਂ ਤੱਕ ਕਿ ਵਾਕ ਲੈਣ ਲੱਗਿਆਂ ਵੀ ਭਾਈ ਜੀ ਨੇ ਮੌਕੇ ਅਨੁਸਾਰ ਢੁੱਕਵਾਂ ਵਾਕ ਕੱਢਣ ਲਈ ਨਿਸ਼ਾਨੀ ਰੱਖੀ ਹੁੰਦੀ। ਇਸ ਕਲਾ ਬਾਰੇ ਕਈਆਂ ਨੂੰ ਪਤਾ ਵੀ ਲਗ ਗਿਆ ਸੀ ਪਰ ਮਾੜਾ ਮੋਟਾ ਬੋਲ ਕੇ ਸਾਰੇ ਚੁੱਪ ਹੀ ਵੱਟ ਗਏ।

ਹੁਣ ਭਾਈ ਜੀ ਨੂੰ ਇਕ ਸਾਲ ਹੋ ਚੁੱਕਾ ਸੀ। ਹੋਮ ਆਫਿਸ ਦੀ ਸ਼ਰਤ ਅਨੁਸਾਰ ਭਾਈ ਜੀ ਨੂੰ ਹਰ ਸਾਲ ਵੀਜ਼ਾ ਲੈਣਾ ਪੈਣਾ ਸੀ। ਇਕ ਸਾਲ ਪਹਿਲਾਂ ਭਾਈ ਜੀ ਨੂੰ ਕਮੇਟੀ ਨੇ ਜੋ ਤਨਖਾਹ ਦੇਣੀ ਕੀਤੀ ਸੀ, ਭਾਈ ਜੀ ਉਸ ਵੇਲੇ ਤਾਂ ਬੜੇ ਖੁਸ਼ ਸਨ ਕਿਉਂਕਿ ਉਨ੍ਹਾਂ ਫਟਾਫਟ ਰੁਪਿਆਂ ਵਿਚ ਤਬਦੀਲ ਕਰਕੇ ਜੋੜ ਕੀਤਾ ਸੀ ਤੇ ਸੋਚਿਆ ਸੀ ਕਿ ਏਨੇ ਰੁਪਏ ਤਾਂ ਉਥੇ ਡੀ. ਸੀ. ਵੀ ਨਹੀਂ ਲੈਂਦਾ। ਪਰ ਹੁਣ ਇਕ ਸਾਲ ਵਿਚ ਭਾਈ ਜੀ ਜਾਣ ਗਏ ਸਨ ਕਿ ਇਸ ਮੁਲਕ ਵਿਚ ਪ੍ਰਤੀ ਘੰਟਾ ਦੇ ਹਿਸਾਬ ਨਾਲ ਕੰਮ ਚੱਲਦਾ ਹੈ ਤੇ ਸਰਕਾਰੀ ਰੇਟ ਅਨੁਸਾਰ ਉਸਦੀ ਤਨਖਾਹ ਦਸ ਗੁਣਾ ਬਣਦੀ ਹੈ। ਉਨ੍ਹਾਂ ਨੇ ਕਮੇਟੀ ਅੱਗੇ ਬੇਨਤੀ ਕੀਤੀ ਕਿ ਮੇਰੀ ਤਨਖਾਹ ਬਹੁਤ ਘੱਟ ਹੈ, ਮੇਰਾ ਸਾਰਾ ਪਰਿਵਾਰ ਮੇਰੇ 'ਤੇ ਨਿਰਭਰ ਹੈ ਤੇ ਮੈਨੂੰ ਤਨਖਾਹ ਏਥੇ ਦੇ ਰੇਟ ਅਨੁਸਾਰ ਨਾ ਹੀ ਸਹੀ ਪਰ ਉਸਦੇ ਨੇੜੇ-ਤੇੜੇ ਤਾਂ ਹੋਣੀ ਹੀ ਚਾਹੀਦੀ ਹੈ।

ਕਮੇਟੀ ਦੀ ਮੀਟਿੰਗ ਹੋਈ। ਕਮੇਟੀ ਦੇ ਥੋੜ੍ਹੇ ਜਿਹੇ ਮੈਂਬਰ ਤਾਂ ਭਾਈ ਜੀ ਦੀ ਤਨਖਾਹ ਵਧਾਉਣ ਦੇ ਹੱਕ ਵਿਚ ਬੋਲੇ ਪਰ ਬਹੁਤੇ ਇਹ ਆਖ ਰਹੇ ਸਨ ਕਿ ਇਸਦਾ ਖਰਚਾ ਹੀ ਕੀ ਏ, ਰਹਿਣ ਲਈ ਅਸੀਂ ਕਮਰਾ ਦਿੱਤਾ ਹੋਇਆ। ਲੰਗਰ ਗੁਰਦਵਾਰੇ 'ਚੋਂ ਛੱਕਦਾ, ਇਸ ਨੂੰ ਤਾਂ ਜੋ ਮਿਲਦਾ ਬੱਚਤ ਹੀ ਬੱਚਤ ਹੈ। ਹਾਲੇ ਤਾਂ ਸਾਲ ਵੀ ਨਹੀਂ ਹੋਇਆ ਤੇ ਇਸਦਾ ਮੂੰਹ ਖੁੱਲ੍ਹਣਾ ਸ਼ੁਰੂ ਹੋ ਗਿਆ। ਅੱਜ ਤਨਖਾਹ ਵਧਾਈ ਤੇ ਕਲ੍ਹ ਨੂੰ ਹੋਰ ਮੰਗਾਂ ਸਾਡੇ ਅੱਗੇ ਲਿਆ ਧਰੇਗਾ। ਬਿਹਤਰ ਇਹੀ ਹੈ ਕਿ ਇਸਦਾ ਵੀਜ਼ਾ ਨਾ ਵਧਾਇਆ ਜਾਵੇ ਤੇ ਇੰਡੀਆ ਤੋਰ ਦਿੱਤਾ ਜਾਵੇ। ਇਹੋ ਜਿਹੇ ਇੰਡੀਆ 'ਚੋਂ ਹੋਰ ਬਥੇਰੇ ਆਉਣ ਨੂੰ ਤਿਆਰ ਬੈਠੇ ਨੇ।

ਕਮੇਟੀ ਦਾ ਫੈਸਲਾ ਆਖਰੀ ਫੈਸਲਾ ਸੀ। ਭਾਈ ਜੀ ਦੀ ਸਿੰਗਲ ਟਿਕਟ ਲਈ ਗਈ ਤੇ ਉਨ੍ਹਾਂ ਨੂੰ ਆਪਣਾ ਸਾਮਾਨ ਤਿਆਰ ਕਰਨ ਲਈ ਆਖ ਦਿੱਤਾ ਗਿਆ। ਭਾਈ ਜੀ ਵਿਰਲਾਪ ਕਰਨ ਕਿ ਉਹ ਪਹਿਲੀ ਤਨਖਾਹ ਤੇ ਕੰਮ ਕਰਨ ਨੂੰ ਤਿਆਰ ਹੈ। ਬਾਲ ਬੱਚੇ ਦਾ ਵਾਸਤਾ ਪਾਇਆ ਪਰ ਉਸਦੀ ਇਕ ਨਾ ਮੰਨੀ ਗਈ। ਫੈਸਲੇ ਅਨੁਸਾਰ ਉਸਨੂੰ ਇੰਡੀਆ ਤੋਰ ਦਿੱਤਾ ਗਿਆ। ਕਮੇਟੀ ਦੇ ਇਕ ਮੈਂਬਰ ਦਾ ਵਾਕਿਫ ਭਾਈ ਇੰਡੀਆ ਵਿਚ ਸੀ ਜਿਸ ਨੂੰ ਕਮੇਟੀ

ਮੈਂਬਰ ਦੇ ਆਖਣ ਤੇ ਪਰਮਿਟ ਭਿਜਵਾ ਦਿੱਤਾ ਗਿਆ। ਕਮੇਟੀ ਮੈਂਬਰ ਜਿਸ ਨੇ ਨਵੇਂ ਭਾਈ ਦੀ ਸਿਫਾਰਸ਼ ਕੀਤੀ ਸੀ, ਨੇ ਕਮੇਟੀ ਨੂੰ ਪੂਰਾ ਯਕੀਨ ਦਿਵਾਇਆ ਕਿ ਨਵਾਂ ਆਉਣ ਵਾਲਾ ਭਾਈ ਪੈਸੇ ਦਾ ਬਿਲਕੁਲ ਲਾਲਚੀ ਨਹੀਂ ਤੇ ਪਾਠ ਕੀਰਤਨ ਵਿਚ ਪੂਰੀ ਮੁਹਾਰਤ ਰੱਖਦਾ ਸੀ। ਅੰਮ੍ਰਿਤਧਾਰੀ ਗੁਰ ਸਿੱਖ ਸੀ। ਉਸਦਾ ਕੋਈ ਪਿੱਛੇ ਪਰਿਵਾਰ ਵੀ ਨਹੀਂ ਜਿਸ ਖਾਤਿਰ ਉਸ ਨੇ ਧਨ ਇਕੱਠਾ ਕਰਨਾ ਸੀ। ਉਹ ਕਮੇਟੀ ਮੈਂਬਰ ਦਾ ਦਰਅਸਲ ਦੂਰੋਂ ਪਾਰੋਂ ਰਿਸ਼ਤੇਦਾਰ ਹੀ ਸੀ ਤਾਂਹੀਓਂ ਉਸਦੀ ਦੱਸ ਪਾਈ ਗਈ ਕਿ ਇਕ ਭਾਈ ਚੰਗਾ ਆ ਜਾਏਗਾ, ਦੂਜਾ ਰਿਸ਼ਤੇਦਾਰੀ ਪਾਲ ਕੇ ਜੱਸ ਖੱਟਿਆ ਜਾਏਗਾ।

ਕੁਝ ਹੀ ਹਫਤਿਆਂ ਬਾਅਦ ਨਵੇਂ ਭਾਈ ਜੀ ਆ ਗਏ। ਉਨ੍ਹਾਂ ਨੂੰ ਸਾਰੀ ਬਰਾਦਰੀ ਦਾ ਤੁਆਰਫ ਕਰਾਇਆ ਗਿਆ। ਸਾਰੇ ਪਰਿਵਾਰਾਂ ਨੇ ਵਾਰੀ-ਵਾਰੀ ਭਾਈ ਜੀ ਨੂੰ ਨਿਉਤੇ ਦਿੱਤੇ। ਵੀਜ਼ੇ ਦੀ ਤੇ ਨੌਕਰੀ ਦੀਆਂ ਸ਼ਰਤਾਂ ਇਨ੍ਹਾਂ ਨੂੰ ਵੀ ਪਹਿਲੇ ਵਰਗੀਆਂ ਹੀ ਸਨ। ਪਰ ਭਾਈ ਜੀ ਦੀ ਇਨ੍ਹਾਂ ਚੀਜ਼ਾਂ ਦੀ ਪ੍ਰਵਾਹ ਨਾ ਕਰਦੇ ਹੋਏ ਆਪਣੀ ਡਿਊਟੀ ਪੂਰੀ ਨਿਭਾਉਂਦੇ ਤੇ ਬਿਨਾਂ ਕਿਸੇ ਦੀ ਪ੍ਰਵਾਹ ਕੀਤਿਆਂ ਸ਼ਬਦ ਕੀਰਤਨ ਕਰਦੇ, ਪਾਠ ਕਰਦੇ ਤੇ ਵਾਕ ਲੈਂਦੇ। ਵਾਕ ਲੈਣ ਉਪਰੰਤ ਉਹ ਵਾਕ ਦਾ ਵਿਖਿਆਨ ਕਰਕੇ ਸਾਰ-ਅੰਸ਼ ਕਰਦੇ, ਪਾਠ ਕਰਦੇ ਤੇ ਵਾਕ ਲੈਂਦੇ। ਵਾਕ ਲੈਣ ਉਪਰੰਤ ਉਹ ਵਾਕ ਦਾ ਵਿਖਿਆਨ ਕਰਕੇ ਸਾਰ-ਅੰਸ਼ ਸੰਗਤ ਨੂੰ ਸਮਝਾਉਂਦੇ।

ਕਮੇਟੀ ਦੇ ਮੰਨੇ-ਪ੍ਰਮੰਨੇ ਇਕ ਸੱਜਣ ਨੇ ਬੜਾ ਵੱਡਾ ਘਰ ਲਿਆ। ਰਿਵਾਜ਼ ਅਨੁਸਾਰ ਨਵੇਂ ਗ੍ਰਹਿ ਪ੍ਰਵੇਸ਼ ਦੀ ਰਸਮ ਅਖੰਡਪਾਠ ਕਰਵਾ ਕੇ ਕੀਤੀ ਗਈ। ਭਾਈ ਜੀ ਨੇ ਭੋਗ ਉਪਰੰਤ ਮਹਾਰਾਜ ਦਾ ਹੁਕਮਨਾਮਾ ਲਿਆ ਜੋ ਕਿ ਬਾਬੇ ਨਾਨਕ ਦੀ ਬਾਣੀ ਸੀ।

"ਮੋਤੀ ਤ ਮੰਦਰ ਊਸਰਹਿ ਰਤਨੀ ਤ ਹੋਇ ਜੜਾਉ ॥
ਕਸਤੂਰਿ ਕੁੰਗੂ ਅਗਰਿ ਚੰਦਨਿ ਲੀਪਿ ਆਵੈ ਚਾਉ ॥
ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥"

ਪੂਰਾ ਸ਼ਬਦ ਪੜ੍ਹ ਕੇ ਭਾਈ ਜੀ ਵਿਸਥਾਰ ਕਰਦੇ ਗਏ, "ਮੋਤੀਆਂ ਦੇ ਮਹੱਲ ਚੁਬਾਰੇ ਉਸਾਰੇ ਜਾਣ ਤੇ ਰਤਨਾਂ ਨਾਲ ਜੜਾਉ ਯਾਨੀ ਡੈਕੋਰੇਸ਼ਨ ਕੀਤੀ ਜਾਵੇ ਤੇ ਕਸਤੂਰੀ, ਕੇਸਰ, ਚੰਦਨ ਆਦਿ ਨਾਲ ਪਲਸਤਰ ਕੀਤੇ ਜਾਣ ਤੇ ਇਹੋ ਮਹਿਕਦੇ ਟਹਿਕਦੇ ਮਹੱਲ ਦੇਖ ਕੇ ਬੰਦਾ ਫੁਲਿਆ ਨਹੀਂ ਸਮਾਉਂਦਾ ਤੇ ਆਪਣੇ ਮਾਲਕ ਨੂੰ ਭੁਲਾ ਬੈਠਦਾ ਹੈ। ਹਰੀ ਦਾ ਨਾਮ ਚਿੱਤ ਵਿਚ ਟਿਕਦਾ ਹੀ ਨਹੀਂ। ਸੌਣ ਵਾਲੇ ਪਲੰਘ ਉਤੇ ਸਾਲਾਂ ਦੀ ਜੜਤ ਹੋਵੇ, ਸਾਹਮਣੇ ਸੁੰਦਰ ਇਸਤਰੀ ਹੋਵੇ ਜਿਸਦੇ ਮੱਥੇ ਉੱਤੇ ਮਣੀ ਸੋਭ ਰਹੀ ਹੋਵੇ ਤਾਂ ਵੀ ਖਤਰਾ ਹੈ ਕਿ ਸੁੰਦਰ ਇਸਤਰੀ ਨੂੰ ਤੇ ਲਾਲਾਂ ਜੜੇ ਸੇਜ ਪਲੰਘ ਨੂੰ ਦੇਖ ਕੇ ਕਿਤੇ ਮਾਲਕ ਨਾ ਵਿਸਰ ਜਾਏ। ਜੇ ਬੰਦਾ ਜੋਗ-ਸਮਾਧੀ ਦੀਆਂ ਕਾਮਯਾਬੀਆਂ ਪ੍ਰਾਪਤ ਕਰ ਲਵੇ ਤੇ ਸ਼ਕਤੀ ਨਾਲ ਬਰਕਤਾਂ ਨੂੰ 'ਵਾਜ਼ਾਂ ਮਾਰੇ, ਕਦੇ ਪ੍ਰਤੱਖ ਹੋਵੇ ਕਦੇ ਲੁਕ ਸਕੇ ਤਾਂ ਵੀ ਗੋਬਿੰਦ ਹਾਸਲ ਨਹੀਂ ਹੋ ਸਕਦਾ। ਜੇ ਬਾਦਸ਼ਾਹ ਵੀ ਬਣ ਬੈਠੇ, ਫੌਜਾਂ ਦੇ ਲਸ਼ਕਰ ਹੋਣ, ਤਖ਼ਤ ਹੋਵੇ, ਹੁਕਮ ਚੱਲਦਾ ਹੋਵੇ ਤਾਂ ਵੀ ਇਹ ਸਭ ਬੇਕਾਰ ਹੈ। ਇਨ੍ਹਾਂ ਚੀਜ਼ਾਂ ਦੀ ਪ੍ਰਾਪਤੀ ਕਰਦਿਆਂ ਨਾਮ ਵਿਸਰ ਜਾਂਦਾ ਹੈ। ਇਹ ਦੁਨਿਆਵੀ ਆਰਾਮ ਸੁੱਖ ਸਾਨੂੰ ਸਾਰਿਆਂ ਨੂੰ ਸਤਿਗੁਰੂ ਤੋਂ ਦੂਰ ਕਰਦੇ ਹਨ।"



ਭਾਈ ਜੀ ਦਾ ਵਿਖਿਆਨ ਤਾਂ ਗਿਆਨ ਭਰਪੂਰ ਸੀ ਪਰ ਸ਼ਬਦ ਮੌਕੇ 'ਤੇ ਨਹੀਂ ਸੀ ਢੁਕਦਾ। ਸਾਰਿਆਂ ਨੇ ਅੰਦਰੋਂ-ਅੰਦਰੀ ਬੜਾ ਬੁਰਾ ਮਨਾਇਆ ਪਰ ਕਿਹਾ ਕਿਸੇ ਨੇ ਕੁਝ ਵੀ ਨਹੀਂ। ਸਾਰੇ ਇਹੀ ਸੋਚ ਕੇ ਚੁੱਪ ਕਰ ਗਏ ਕਿ ਭਾਈ ਜੀ ਸਿਆਣੇ ਤਾਂ ਜ਼ਰੂਰ ਹਨ ਪਰ ਨਵੇਂ ਘਰ ਆਏ ਨੇ, ਹੌਲੀ ਹੌਲੀ ਸਮਝ ਜਾਣਗੇ। ਕੁਝ ਦਿਨ ਬਾਅਦ ਇਕ ਬਿਜ਼ਨਸਮੈਨ ਸੱਜਣ ਨੇ ਆਪਣੇ ਨਵੇਂ ਖਰੀਦੇ ਸ਼ਰਾਬ ਦੇ ਵੇਅਰ ਹਾਊਸ ਦੀ ਖੁਸ਼ੀ ਵਿਚ ਸ਼ਬਦ ਕੀਰਤਨ ਕਰਵਾਇਆ। ਉਥੇ ਭਾਈ ਜੀ ਨੇ ਸ਼ਬਦ ਆਰੰਭ ਕੀਤਾ :

"ਮਾਣਸ ਭਰਿਆ ਆਣਿਆ ਮਾਣਸ ਭਰਿਆ ਜਾਇ
ਜਿਤ ਪੀਤੈ ਮਤਿ ਦੂਰਿ ਹੋਇ ਬਰਲੁ ਪਵੈ ਵਿਚਿ ਆਇ ॥
ਆਪਣਾ ਪਰਾਇਆ ਨ ਪਛਾਣਈ ਖਸਮਹੁ ਧਕੇ ਖਾਇ
ਜਿਤੁ ਪੀਤੈ ਖਸਮੁ ਵਿਸਰੈ ਦਰਗਹਿ ਮਿਲੈ ਸਜਾਇ।... ॥

ਇਸ ਸ਼ਬਦ ਨੂੰ ਵਿਆਖਦਿਆਂ ਭਾਈ ਜੀ ਨੇ ਸ਼ਰਾਬ 'ਤੇ ਨੁਕਤਾਚੀਨੀ ਕੀਤੀ ਕਿ ਜਿਸ ਨੂੰ ਪੀਣ ਨਾਲ ਮੱਤ ਹੀ ਮਾਰੀ ਜਾਂਦੀ ਹੈ ਆਪਣੇ ਪਰਾਏ ਦੀ ਪਛਾਣ ਹੀ ਨਹੀਂ ਰਹਿੰਦੀ, ਮਾਲਕ ਦੇ ਧੱਕੇ ਵੀ ਖਾਣੇ ਪੈਂਦੇ ਨੇ ਤੇ ਕਿਉਂ ਐਸਾ ਕੰਮ ਕਰੀਏ ਜਿਸ ਲਈ ਦਰਗਾਹ ਵਿਚ ਵੀ ਸਜ਼ਾ ਭੁਗਤਣੀ ਪਏ। ਵੇਅਰਹਾਊਸ ਖਰੀਦਣ ਦੀ ਖੁਸ਼ੀ ਵੀ ਭਾਈ ਜੀ ਨੇ ਕਿਰਕਰੀ ਕਰ ਦਿੱਤੀ ਅਜਿਹਾ ਪ੍ਰਚਾਰ ਕਰ ਕੇ। ਇਸ ਵਾਰ ਸੰਗਤ ਵੰਡੀ ਗਈ। ਕੁਝ ਕੁ ਸੱਜਣ ਆਖਣ ਭਾਈ ਜੀ ਦਾ ਇਸ਼ਾਰਾ ਤਾਂ ਸ਼ਰਾਬ ਪੀਣ ਵੱਲ ਸੀ, ਅਸਾਂ ਤਾ ਪੀਂਦੇ ਪਿਲਾਂਦੇ ਨਹੀਂ, ਸਿਰਫ ਵੇਚਦੇ ਹਾਂ। ਵੇਚਦੇ ਇਸ ਕਰਕੇ ਹਾਂ ਕਿ ਲੋਕਾਂ ਦੀ ਮੰਗ ਹੈ, ਬਿਜ਼ਨੈਸ ਹੈ ਤੇ ਬਿਜ਼ਨੈਸ ਕਰਨਾ ਕੋਈ ਗੁਨਾਹ ਨਹੀਂ। ਸੁ ਭਾਈ ਜੀ ਦਾ ਪ੍ਰਚਾਰ ਸ਼ਰਾਬ ਪੀਣ ਵਾਲਿਆਂ 'ਤੇ ਬਿਲਕੁਲ ਸਹੀ ਢੁੱਕਦਾ ਹੈ। ਬਾਕੀ ਜਿਹੜੇ ਭਾਈ ਜੀ ਤੋਂ ਖਫਾ ਸਨ ਉਹ ਵੀ ਇਹ ਵਿਚਾਰ ਸੁਣ ਕੇ ਚੁੱਪ ਹੀ ਕਰ ਰਹੇ। ਕਮੇਟੀ ਦੇ ਇਕ ਪਤਵੰਤੇ ਧਨਵੰਤੇ ਸੱਜਣ ਦਾ ਕੱਪੜੇ ਦਾ ਕਾਰੋਬਾਰ ਸੀ। ਕਾਰੋਬਾਰ ਏਨਾ ਵਧ ਗਿਆ ਕਿ ਉਨ੍ਹਾਂ ਨੂੰ ਜਗ੍ਹਾ ਛੋਟੀ ਪੈਣ ਲੱਗ ਪਈ। ਕੰਮ ਦੀ ਮੰਗ ਪੂਰਤੀ ਲਈ ਉਨ੍ਹਾਂ ਬੜਾ ਵੱਡਾ ਸਟੋਰ ਲਿਆ ਜਿਥੇ ਰੈਡੀਮੇਡ ਕਪੜੇ ਦੇ ਨਾਲ-ਨਾਲ ਖੁੱਲ੍ਹਾ ਕੱਪੜਾ ਵੀ ਰੱਖਿਆ। ਬੜੀ ਰੀਝ ਨਾਲ ਅਖਬਾਰ ਵਿਚ ਤੇ ਰੇਡੀਓ ਟੀ. ਵੀ. ਤੇ ਮਸ਼ਹੂਰੀ ਕੀਤੀ। ਸਟੋਰ ਦੀ ਸ਼ੁਰੂਆਤ ਤਾਂ ਕੀਰਤਨ ਪ੍ਰਕਾਸ਼ ਨਾਲ ਹੀ ਹੋਈ। ਉਥੇ ਭਾਈ ਜੀ ਨੇ ਸ਼ਬਦ ਸ਼ੁਰੂ ਕੀਤਾ :

"ਚੋਆ ਚੰਦਨ ਅੰਕ ਚੜਾਵਉ। ਪਾਟ ਪਟੰਬਰ ਪਹਿਰ ਹਢਾਵਉ ॥
ਬਿਨ ਹਰਿ ਨਾਮ ਕਹਾ ਸੁਖ ਪਵਉ। ਕਿਆ ਪਹਿਰਉ ਕਿਆ ਓਢਿ ਦਿਖਾਵਉ।
ਬਿਨ ਜਗਦੀਸ ਕਹਾ ਸੁਖ ਪਾਵਉ।"

ਤੇ ਵਿਖਿਆਨ ਕੀਤਾ, "ਜਿਹੋ ਜਿਹੇ ਮਰਜ਼ੀ ਵਸਤਰ ਪਹਿਨ ਲਵੋ। ਜਿਹੋ ਜਿਹੇ ਮਰਜ਼ੀ ਦਸਤਾਰੇ ਸਜਾ ਲਵੋ। ਇਹ ਸਭ ਦਿਖਾਵੇ ਦੀਆਂ ਗੱਲਾਂ ਹੀ ਹਨ, ਦਿਖਾਵਾ ਕਰਨ ਨਾਲ ਨਾ ਤਾਂ ਮਾਨਸਿਕ ਸਕੂਨ ਹੀ ਮਿਲਦਾ ਹੈ ਤੇ ਨਾ ਹੀ ਦੁਨਿਆਵੀ ਸਕੂਨ। ਪਹਿਰਾਵਾ ਝੂਠ ਹੈ, ਕੁਫਰ ਹੈ ਦਿਖਾਵਾ ਹੈ, ਜਿਸ ਨਾਲ ਰੂਹ ਨੂੰ ਸੁਖ ਨਹੀਂ ਮਿਲਦਾ। ਹਰੀ ਦੇ ਨਾਮ ਨਾਲ ਹੀ ਸੁੱਖ ਪ੍ਰਾਪਤ ਕੀਤਾ ਜਾ ਸਕਦਾ ਹੈ। ਕੋਈ ਫਰਕ ਨਹੀਂ ਪੈਂਦਾ ਕਿ ਤੁਸੀਂ ਕੀ ਪਹਿਨਦੇ ਹੋ ਤੇ ਕੀ ਹੰਢਾਉਂਦੇ ਹੋ।" ਸਟੋਰ ਦੇ ਮਾਲਕ ਸੱਜਣ ਨੂੰ ਲੱਗਾ ਕਿ ਭਾਈ ਜੀ ਦਾ ਇਸ਼ਾਰਾ ਸਿੱਧਾ ਉਨ੍ਹਾਂ

ਉੱਪਰ ਹੈ ਪਰ ਉਹ ਗੁੱਸਾ ਵਿਚੋਂ ਵਿਚ ਪੀ ਗਏ। ਹੋਰ ਸੱਜਣ ਜਿਨ੍ਹਾਂ ਦਾ ਕਾਰੋਬਾਰ ਕੁਝ ਇਹੋ ਜਿਹਾ ਸੀ ਕਿ ਉਨ੍ਹਾਂ ਦਾ ਮੁਕਾਬਲਾ ਇਸ ਸਟੋਰ ਦੇ ਮਾਲਕ ਨਾਲ ਸੀ, ਉਹ ਅੰਦਰੋਂ-ਅੰਦਰ ਖੁਸ਼ ਹੋਏ ਕਿ ਭਾਈ ਜੀ ਨੇ ਸਹੀ ਟਿਕਾਣੇ ਤੇ ਚੋਟ ਮਾਰੀ ਹੈ। ਨਵੇਂ ਸਟੋਰ ਦੇ ਮਾਲਕ ਸਾਰਿਆਂ ਦੇ ਚਿਹਰੇ ਖਿਲੇ-ਖਿਲੇ ਤੱਕ ਚੁੱਪ ਹੀ ਵੱਟ-ਗਏ ਪਰ ਉਨ੍ਹਾਂ ਨੂੰ ਭਾਈ ਜੀ ਉੱਪਰ ਗੁੱਸਾ ਗਿਲਾ ਕਾਫੀ ਸੀ। ਪ੍ਰੋਗਰਾਮ ਖ਼ਤਮ ਹੋਣ ਤੋਂ ਬਾਅਦ ਸਟੋਰ ਦੇ ਮਾਲਕੇ ਭਾਈ ਜੀ ਨਾਲ ਤਲਖੀ ਨਾਲ ਬੋਲੇ, "ਭਾਈ ਜੀ ਇਹ ਕੀ ਤੁਸਾਂ ਸਾਡਾ ਮਜ਼ਾਕ ਉਡਾ ਰਹੇ ਹੋ। ਅਸੀਂ ਤੁਹਾਨੂੰ ਸ਼ੁਰੂ ਤੋਂ ਹੀ ਦੇਖ ਰਹੇ ਹਾਂ ਕਿ ਤੁਹਾਡਾ ਵਤੀਰਾ ਕੁਝ ਨਿਰਾਲਾ ਹੀ ਹੈ। ਸਾਡੀ ਤਰੱਕੀ ਤੁਹਾਨੂੰ ਅਖਰਦੀ ਹੈ ਜਾਂ ਸਾਡੀ ਸ਼ੁਹਰਤ, ਧਨ ਦੌਲਤ ਤੋਂ ਤੁਸੀਂ ਸੜਦੇ ਹੋ ?"

"ਗੁਰੂ ਕੇ ਪਿਆਰਿਓ ਨਾ ਤਾਂ ਤੁਹਾਡੀ ਸ਼ੁਹਰਤ, ਤਰੱਕੀ ਮੈਨੂੰ ਅਖਰਦੀ ਹੈ ਤੇ ਨਾ ਹੀ ਤੁਹਾਡੀ ਇਸ ਦੌਲਤ ਨਾਲ ਮੇਰਾ ਕੋਈ ਲੈਣ ਦੇਣ ਹੈ। ਮੈਂ ਤਾਂ ਜਿਸ ਮਕਸਦ ਲਈ ਏਥੇ ਬੁਲਾਇਆ ਗਿਆ ਸਾਂ ਉਹ ਪੂਰਾ ਕਰਨ ਦੀ ਕੋਸ਼ਿਸ਼ ਤਨ ਮਨ ਨਾਲ ਕਰ ਰਿਹਾ ਹਾਂ। ਮਾਇਆ ਇਕੱਠੀ ਕਰਨਾ ਮੇਰਾ ਮਕਸਦ ਨਹੀਂ। ਮੈਂ ਤਾਂ ਗੁਰੂ ਸਾਹਿਬ ਦੀ ਬਾਣੀ ਦਾ ਹੀ ਪ੍ਰਚਾਰਕ ਹਾਂ ਤੇ ਬਾਣੀ ਦਾ ਹੀ ਪ੍ਰਚਾਰ ਕਰਦਾ ਹਾਂ ਨਾ ਕਿ ਮਾਇਆ ਦਾ। ਮਾਇਆ ਬਾਰੇ ਤਾਂ ਗੁਰੂ ਸਾਹਿਬ ਨੇ ਲਿਖਿਆ ਹੈ – ਥਾਕੇ ਬਹੁ ਬਿਧਿ ਘਾਲ ਤੇ ਤ੍ਰਿਪਤਿ ਨ ਤ੍ਰਿਮਨਾ ਲਾਥ॥ ਸੋਚਿ ਸੋਚਿ ਸਾਕਤ ਮੂਏ ਨਾਨਕ ਮਾਇਆ ਨ ਸਾਥ॥.... ਫਿਰ ਮਹਾਰਾਜ ਨੇ ਫਰਮਾਇਆ ਹੈ – ਮਾਤ ਪਿਤਾ ਭਾਈ ਸੁੱਤ ਬੰਧਪ ਤਿਨ ਕਾ ਬਲ ਹੈ ਥੋਰ॥ ਅਨਿਕ ਰੰਗ ਮਾਇਆ ਕੇ ਪੇਖੇ ਕਿਛੁ ਸਾਥ ਨ ਚਾਲੈ ਭੋਰ॥ ਸੋ ਗੁਰਮੁਖ ਪਿਆਰਿਓ ਮੈਂ ਤਾਂ ਕੱਚੀ ਬਾਣੀ ਦਾ ਵੀ ਪ੍ਰਚਾਰ ਨਹੀਂ ਕਰਦਾ ਜੋ ਵੀ ਪ੍ਰਚਾਰਦਾ ਹਾਂ ਪੱਕੀ ਬਾਣੀ, ਧੁਰ ਕੀ ਬਾਣੀ ਹੈ। ਪ੍ਰਚਾਰ ਕਰਦਿਆਂ ਕੋਈ ਕੁਤਾਹੀ ਹੋ ਗਈ ਹੋਵੇ ਤਾਂ ਖਿਮਾਂ ਦਾ ਜਾਚਕ ਹਾਂ।" ਭਾਈ ਜੀ ਨੇ ਸਫਾਈ ਪੇਸ਼ ਕੀਤੀ।

"ਭਾਈ ਜੀ ਬਾਣੀ ਵੀ ਤਾਂ ਮੌਕੇ-ਮੌਕੇ ਦੀ ਹੁੰਦੀ ਹੈ। ਸਮਝਦਾਰ ਭਾਈ ਤਾਂ ਪਹਿਲਾਂ ਹੀ ਵਾਕ 'ਤੇ ਨਿਸ਼ਾਨੀ ਰੱਖ ਕੇ ਮੌਕੇ ਅਨੁਸਾਰ ਢੁੱਕਵਾਂ ਵਾਕ ਕੱਢ ਕੇ ਨਿਹਾਲ ਕਰ ਦਿੰਦੇ ਨੇ। ਤੁਸੀਂ ਹੀ ਹੋ ਜੋ ਹਰ ਮੌਕੇ ਤੇ ਸਦਾ ਉਲਟ-ਪੁਲਟ ਸ਼ਬਦ ਪੜ੍ਹ ਕੇ ਸਾਰੇ ਕੀਤੇ ਕਰਾਏ ਦਾ ਸਤਿਆਨਾਸ਼ ਕਰ ਦਿੰਦੇ ਹੋ। ਕਿੰਨਾ ਚੰਗਾ ਹੁੰਦਾ ਜੇ ਤੁਸੀਂ ਅਜਿਹੇ ਮੌਕੇ ਤੇ ਸ਼ਬਦ ਪੜ੍ਹਦੇ, 'ਸਤਿਗੁਰ ਤੁਮਰੇ ਕਾਜ ਸਵਾਰੇ।" ਜਿਸ ਨਾਲ ਅਸੀਂ ਵੀ ਖੁਸ਼ ਹੁੰਦੇ। ਸਾਰੀ ਸੰਗਤ ਵੀ ਖੁਸ਼ ਹੁੰਦੀ ਤੇ ਅਸੀਂ ਤੁਹਾਨੂੰ ਵੀ ਖੁਸ਼ ਕਰਦੇ।"

ਭਾਈ ਜੀ ਫਿਰ ਬੋਲੇ, "ਵਾਹਿਗੁਰੂ! ਵਾਹਿਗੁਰੂ! ਗੁਰੂ ਕੇ ਪਿਆਰਿਓ, ਮਹਾਰਾਜ ਤਾਂ ਆਖਦੇ ਨੇ ਕਰ ਕਿਰਪਾ ਸਤਿਸੰਗ ਮਿਲਾਏ ਨਾਨਕ ਤਾ ਕੈ ਨਿਕਟਿ ਨ ਮਾਏ। ਬਾਣੀ ਦੇ ਪ੍ਰਚਾਰਕ ਨੂੰ ਤੁਸੀਂ ਮਾਇਆ ਰੂਪੀ ਨਾਗਣੀ ਨਾਲ ਨਹੀਂ ਤੋਲ ਸਕਦੇ। ਮਾਇਆ ਮੇਰਾ ਮਕਸਦ ਨਹੀਂ। ਬਾਕੀ ਰਹੀ ਗੱਲ ਖੁਸ਼ ਕਰਨ ਦੀ। ਖੁਸ਼ੀ ਗਮੀ ਕਿਸੇ ਦੇ ਹੱਥ ਵੱਸ ਨਹੀਂ ਹੁੰਦੀ, ਇਹ ਪਰਵਰਦਗਾਰ ਦੀ ਦੇਣ ਹੈ-ਲਖ ਖੁਸ਼ੀਆਂ ਪਾਤਸ਼ਾਹੀਆਂ ਜੇ ਸਤਿਗੁਰ ਨਦਰਿ ਕਰੇ। ਜਿਸ ਉਪਰ ਮੇਰੇ ਆਕਾ ਦਾ ਮਿਹਰੇਕਰਮ ਹੋਵੇ ਖੁਸ਼ੀ ਉਸਨੂੰ ਹੀ ਪ੍ਰਾਪਤ ਹੁੰਦੀ ਹੈ। ਮਾਇਆ ਮੋਹ ਤਾਂ ਨਿਰਾ ਵਿਕਾਰ ਹੈ, ਮਹਾਰਾਜ ਤਾਂ ਫਰਮਾਉਂਦੇ ਨੇ, ਭੇਖਾਰੀ ਤੋਂ ਰਾਜ ਕਰਦੈ ਰਾਜਾ ਤੋਂ ਭੇਖਾਰੀ। ਨੀਚਹੁ ਊਚ ਕਰੇ ਮੇਰਾ ਗੋਬਿੰਦ ਕਾਹੂ ਤੇ ਨਾ ਡਰੈ....। ਉਹ ਤਾਂ ਡਰਦਾ ਵੀ ਕਿਸੇ ਤੋਂ ਨਹੀਂ



ਤੇ ਉਸ ਉੱਪਰ ਭਰੋਸਾ ਕਰਨ ਵਾਲਾ ਵੀ ਕਿਸੇ ਤੋਂ ਨਹੀਂ ਡਰਦਾ।

ਸਟੋਰ ਦਾ ਮਾਲਕ ਅੱਗੋਂ ਬੋਲਿਆ ਤੇ ਕੁਝ ਨਾ ਪਰ ਮੱਥੇ ਤਿਉੜੀਆਂ ਤੋਂ ਜਾਪਦਾ ਸੀ ਕਿ ਉਹ ਭਾਈ ਜੀ ਨੂੰ ਆਖ ਰਿਹਾ ਹੋਵੇ, "ਕੋਈ ਨਹੀਂ ਭਾਈ ਜੇ ਅਸੀਂ ਮੰਗਾ ਸਕਦੇ ਹਾਂ ਤੇ ਵਾਪਿਸ ਵੀ ਭਿਜਵਾ ਸਕਦਾ ਹਾਂ। ਫਿਰ ਦੱਸੀਂ ਮਾਇਆ ਦੀ ਕੀ ਕੀਮਤ ਹੈ।"

ਤੇ ਉਸਨੇ ਕਮੇਟੀ ਦੇ ਕੁਝ ਮੈਂਬਰਾਂ ਨੂੰ ਭਾਈ ਜੀ ਦੇ ਖਿਲਾਫ ਭੜਕਾਉਣਾ ਸ਼ੁਰੂ ਕਰ ਦਿੱਤਾ। ਕੁਝ ਦਿਨ ਬਾਅਦ ਇਕ ਬਜ਼ੁਰਗ ਜੋੜੇ ਦੀ ਗੋਲਡਨ ਜੁਬਲੀ ਸੀ। ਉਨ੍ਹਾਂ ਦੇ ਪਰਿਵਾਰ ਨੇ ਖੁਸ਼ੀ ਵਿਚ ਕੀਰਤਨ ਕਰਵਾਇਆ। ਸਾਰੇ ਰਿਸ਼ਤੇਦਾਰ ਤੇ ਸੱਜਣ ਮਿੱਤਰ ਬੁਲਾਏ। ਸੁਖਮਨੀ ਸਾਹਿਬ ਦੇ ਪਾਠ ਕਰਵਾਏ। ਸੁਖਮਨੀ ਸਾਹਿਬ ਦੇ ਪਾਠ ਤੋਂ ਬਾਅਦ ਭਾਈ ਜੀ ਨੇ ਸ਼ਬਦ ਛੇੜਿਆ,

"ਪੇਕਵੜੈ ਦਿਨ ਚਾਰਿ ਹੈ ਸਾਹੁਰੜੈ ਜਾਣਾ।
ਅੰਧਾ ਲੋਕ ਨ ਜਾਣਈ ਮੂਰਖ ਏਆਣਾ॥
ਕਰੁ ਵਡੀਆ ਬਾਧੈ ਧਨ ਖੜੀ॥
ਪਾਹੂ ਘਰਿ ਆਏ ਮੁਕਲਾਊ ਆਏ।
ਸਾਹਿਬ ਹੋਇ ਦਇਆਲੁ ਕ੍ਰਿਪਾ ਕਰੈ ਅਪਨਾ ਕਾਰਜੁ ਸਵਾਰੇ।
ਤਾ ਸੋਹਾਗਣ ਜਾਣੀਐ ਗੁਰ ਸ਼ਬਦ ਬੀਚਾਰੇ।..."

ਇਹ ਦੁਨੀਆਂ ਤਾਂ ਪੇਕੇ ਹੈ ਤੇ ਪੇਕੇ ਛੱਡ ਕੇ ਅਸਾਂ ਸਾਰਿਆਂ ਨੇ ਸਹੁਰੇ ਘਰ ਜਾਣਾ ਹੀ ਜਾਣਾ ਹੈ। ਬਰਾਤੀ ਲੈਣ ਆਏ ਕਿ ਆਏ। ਅਸੀਂ ਸਾਰੇ ਭੁੱਲ ਜਾਂਦੇ ਹਾਂ ਕਿ ਪਤੀਵਰਤਾ ਤਾਂ ਉਹੀ ਹੈ ਜੋ ਸਾਹਿਬ ਦਾ ਪੱਲਾ ਪਕੜ ਲਵੇ। ਭਾਵੇਂ ਕੋਈ ਇਸਤਰੀ ਹੈ ਭਾਵੇਂ ਮਰਦ-ਖਸਮ ਸਾਰਿਆਂ ਦਾ ਪਰਮਾਨੰਦ ਹੀ ਹੈ। ਦੁਨੀਆਵੀ ਰਿਸ਼ਤੇ ਨਾਤੇ ਸਭੋ ਕੂੜ ਨੇ। ਇਕ ਭੁਲੇਖਾ ਜਿਹਾ ਹੀ ਰਹਿੰਦਾ ਹੈ ਕਿ ਔਹ ਮੇਰਾ ਪਤੀ ਹੈ, ਐਹ ਮੇਰੀ ਪਤਨੀ ਹੈ, ਇਹ ਮੇਰਾ ਪੁੱਤਰ ਹੈ ਔਹ ਧੀ ਹੈ, ਮਾਂ ਹੈ, ਪਿਓ ਹੈ... ਅੰਤ ਵੇਲੇ ਕੋਈ ਵੀ ਇਕ ਸਾਹ ਵੀ ਨਹੀਂ ਦਿਵਾ ਸਕਦਾ, ਪ੍ਰਾਣ ਨਿਕਲਣ ਤੋਂ ਬਾਅਦ ਤੁਹਾਡੀ ਦੇਹ ਤੋਂ ਇਹੀ ਸਾਰੇ ਰਿਸ਼ਤੇਦਾਰ ਭੈ ਖਾਣਗੇ। ਨਿਰਭਓ ਨਿਰਵੈਰ ਤਾਂ ਸਿਰਫ ਅਕਾਲਪੁਰਖ ਹੀ ਹੈ ਜਿਸ ਨੂੰ ਕੋਈ ਹਰਖ ਸੋਗ ਵੀ ਨਹੀਂ ਹੁੰਦਾ। ਅਸੀਂ ਲੋਕ ਜੀਵਨ ਦੀ ਇਕਸਾਰਤਾ ਨਹੀਂ ਰੱਖ ਸਕਦੇ, ਜਦੋਂ ਕੋਈ ਪੈਦਾ ਹੁੰਦਾ ਹੈ ਜਾਂ ਕੋਈ ਜਸ਼ਨ ਹੁੰਦਾ ਹੈ ਤਾਂ ਅਸੀਂ ਨੱਚਦੇ ਟੱਪਦੇ ਹਾਂ, ਭੰਗੜੇ ਪਾਉਂਦੇ ਹਾਂ ਤੇ ਜਦੋਂ ਕੋਈ ਪ੍ਰਾਨੀ ਸਰੀਰ ਤਿਆਗਦਾ ਹੈ ਤਾਂ ਅਸੀਂ ਰੋਣ ਧੋਣ ਪਾ ਬੈਠਦੇ ਹਾਂ ਯਾਨੀ ਭਾਣਾ ਮੰਨਣ ਦੀ ਸ਼ਕਤੀ ਸਾਡੇ ਕੋਲ ਉੱਕੀ ਹੀ ਨਹੀਂ ਭਾਵੇਂ ਅਸੀਂ ਹਰ ਰੋਜ਼ ਅਰਦਾਸ ਕਰਦੇ ਹਾਂ, 'ਨਾਨਕ ਨਾਮ ਚੜਦੀ ਕਲਾ, ਤੇਰੇ ਭਾਣੇ ਸਰਬੱਤ ਦਾ ਭਲਾ।' ਨਾ ਤਾਂ ਅਸੀਂ ਕਿਸੇ ਦਾ ਭਲਾ ਹੀ ਲੋਚਦੇ ਹਾਂ ਤੇ ਨਾ ਹੀ, ਤੇਰਾ ਭਾਣਾ ਮੀਠਾ ਲਾਗੇ ਅਨੁਸਾਰ ਉਸਦੀ ਰਜ਼ਾ ਵਿਚ ਰਹਿ ਪਾਉਂਦੇ ਹਾਂ....।"

ਹੁਣ ਤਾਂ ਕਈਆਂ ਦਾ ਸਬਰ ਹੀ ਟੁੱਟ ਗਿਆ ਸੀ। ਕਮੇਟੀ ਨੇ ਭਾਈ ਜੀ ਨੂੰ ਭਾਰਤ ਵਾਪਸੀ ਦੀ ਟਿਕਟ ਲੈ ਦਿੱਤੀ। ਭਾਈ ਜੀ ਆਪਣਾ ਬੋਰੀਆ ਬਿਸਤਰਾ ਬੰਨ੍ਹਦੇ-ਬੰਨ੍ਹਦੇ ਗੁਣਗੁਣਾ ਰਹੇ ਸਨ, "ਵਸਦੇ ਰਹੋ, ਵਸਦੇ ਰਹੋ।"

**— ਗੁਰਪਾਲ ਸਿੰਘ (ਲੰਡਨ)**
**ਧੰਨਵਾਦ – ਸ਼ਬਦ–1999**

# ਖਾਲੀ ਆਲ੍ਹਣਿਆਂ ਦਾ ਸੰਤਾਪ

ਭਵਿੱਖ ਪ੍ਰਤੀ ਬੇਭਰੋਸਗੀ, ਪੇਟ ਦੀ ਭੁੱਖ ਅਤੇ ਬਿਹਤਰ ਜ਼ਿੰਦਗੀ ਜਿਉਣ ਦਾ ਸੁਪਨਾ ਸੱਚ ਕਰਨ ਲਈ ਪੰਜਾਬੀ ਵਿਦੇਸ਼ਾਂ ਵਲ ਭੱਜ ਰਹੇ ਹਨ। ਕਈ ਦਹਾਕੇ ਪਹਿਲਾਂ ਸ਼ੁਰੂ ਹੋਇਆ ਪਰਵਾਸ ਦਾ ਰੁਝਾਨ ਅੱਜ ਵੀ ਨਿਰੰਤਰ ਜਾਰੀ ਹੈ। ਜੋ ਵਿਦੇਸ਼ਾਂ 'ਚ ਪਹੁੰਚ ਜਾਂਦੇ ਹਨ, ਉਨ੍ਹਾਂ ਨੂੰ ਉਥੋਂ ਦੀਆਂ ਮੁਸ਼ਕਲਾਂ ਘੇਰ ਲੈਂਦੀਆਂ ਹਨ ਅਤੇ ਜੋ ਮਗਰ ਰਹਿ ਜਾਂਦੇ ਹਨ, ਖਾਸ ਤੌਰ 'ਤੇ ਬੁੱਢੇ ਮਾਪੇ, ਉਹ ਹੋਰ ਤਰ੍ਹਾਂ ਦੀਆਂ ਮੁਸ਼ਕਲਾਂ 'ਚ ਘਿਰ ਜਾਂਦੇ ਹਨ। ਇਕੱਲਾਪਣ ਅਤੇ ਮਾਨਸਿਕ ਬੇਚੈਨੀ ਇਨ੍ਹਾਂ 'ਤੇ ਭਾਰੂ ਹੋ ਜਾਂਦੀ ਹੈ, ਜਿਸ 'ਤੇ ਕਾਬੂ ਪਾਉਣ ਲਈ ਇਨ੍ਹਾਂ ਨੂੰ ਜਦੋ-ਜਹਿਦ ਕਰਨੀ ਪੈਂਦੀ ਹੈ। ਇਹ ਜਦੋ-ਜਹਿਦ ਕਈ ਵਾਰ ਮਹਿੰਗੀ ਸਾਬਤ ਹੁੰਦੀ ਹੈ ਅਤੇ ਇਕਲਾਪੇ ਅੱਗੇ ਹਾਰ ਮੰਨ ਕੇ ਬਜ਼ੁਰਗ ਹਥਿਆਰ ਸੁੱਟ ਦਿੰਦੇ ਹਨ। ਇਹੋ ਪਰਵਾਸ ਦਾ ਸੰਤਾਪ ਹੈ, ਜਿਸ ਨੂੰ ਅੱਜ ਹਜ਼ਾਰਾਂ ਬਿਰਧ ਜੋੜੇ ਭੋਗ ਰਹੇ ਹਨ।

ਪੰਜਾਬ 'ਚ ਅਜਿਹਾ ਕੋਈ ਪਿੰਡ ਨਹੀਂ ਬਚਿਆ ਜਿਥੋਂ ਦਾ ਕੋਈ ਵਿਅਕਤੀ ਵਿਦੇਸ਼ ਨਾ ਗਿਆ ਹੋਵੇ। ਵਿਦੇਸ਼ਾਂ 'ਚ ਪੈਰਾਂ ਸਿਰ ਹੋ ਗਏ ਪੰਜਾਬੀਆਂ ਨੇ ਬਾਅਦ 'ਚ ਪਿੰਡਾਂ 'ਚ ਮਹਿਲਨੁਮਾ ਕੋਠੀਆਂ ਦੀ ਉਸਾਰੀ ਸ਼ੁਰੂ ਕੀਤੀ। ਅੱਜ ਪੂਰੇ ਪੰਜਾਬ 'ਚ ਸੈਂਕੜੇ ਅਜਿਹੀਆਂ ਕੋਠੀਆਂ ਹਨ, ਜਿਨ੍ਹਾਂ ਨੂੰ ਪ੍ਰਵਾਸੀ ਪੰਜਾਬੀਆਂ ਨੇ ਬੜੇ ਚਾਵਾਂ ਨਾਲ ਉਸਾਰਿਆ, ਪਰ ਇਨ੍ਹਾਂ 'ਚ ਰਹਿਣਾ ਉਨ੍ਹਾਂ ਦੇ ਨਸੀਬਾਂ 'ਚ ਹੀ ਨਹੀਂ ਲਿਖਿਆ। ਇਹ ਕੋਠੀਆਂ ਜਾਂ ਤਾਂ ਉਨ੍ਹਾਂ ਦੇ ਇਧਰਲੇ ਰਿਸ਼ਤੇਦਾਰ ਸਾਂਭਦੇ ਹਨ ਅਤੇ ਜਾਂ ਫਿਰ ਇਨ੍ਹਾਂ 'ਚ ਪ੍ਰਵਾਸੀ ਮਜ਼ਦੂਰਾਂ ਦਾ ਵਾਸਾ ਹੈ। ਕਈ ਪ੍ਰਵਾਸੀ ਪੰਜਾਬੀਆਂ ਦੇ ਘਰ ਹੌਲੀ ਹੌਲੀ ਇੱਟਾਂ ਦੇ ਮਕਾਨਾਂ 'ਚ ਬਦਲ ਕੇ ਰਹਿ ਗਏ ਹਨ। ਇਨ੍ਹਾਂ 'ਚੋਂ ਹਾਸਾ-ਠੱਠਾ ਗਾਇਬ ਹੋ ਗਿਆ ਅਤੇ ਪਿੱਛੇ ਬਚੀ ਹੈ ਤਾਂ ਬੁੱਢੇ ਮਾਪਿਆਂ ਦੀ ਨਾ ਖ਼ਤਮ ਹੋਣ ਵਾਲੀ ਉਡੀਕ। ਵਿਦੇਸ਼ ਗਏ ਨੌਜਵਾਨ ਪਹਿਲਾਂ ਪੱਕੇ ਹੋਣ ਲਈ, ਫਿਰ ਸਥਾਪਤ ਹੋਣ ਲਈ ਦਿਨ-ਰਾਤ ਇਕ ਕਰਕੇ ਮਸ਼ੀਨਾਂ ਨਾਲ ਮਸ਼ੀਨ ਬਣ ਕੇ ਕੰਮ ਕਰਦੇ ਹਨ ਤਾਂ ਇਧਰ ਰਹਿੰਦੇ ਉਨ੍ਹਾਂ ਦੇ ਮਾਪੇ ਪੁੱਤਾਂ ਦੇ ਮੂੰਹ ਦੇਖਣ ਨੂੰ ਤਰਸ ਜਾਂਦੇ ਹਨ।

ਇਕਲਾਪੇ ਦੀ ਅੱਗ 'ਚ ਸੜਦੇ ਅਜਿਹੇ ਬਿਰਧ ਜੋੜੇ ਪੰਜਾਬ ਦੇ ਸਾਰੇ ਪਿੰਡਾਂ 'ਚ ਮੌਜੂਦ ਹਨ। ਪਹਿਲਾਂ ਪਹਿਲ ਇਹ ਗਿਣਤੀ ਜ਼ਿਆਦਾ ਦੁਆਬੇ 'ਚ ਸੀ ਪਰ ਹੁਣ ਮਾਲਵੇ ਸਮੇਤ ਸਮੁੱਚੇ ਪੰਜਾਬ 'ਚ ਅਜਿਹੇ ਪਰਿਵਾਰ ਮੌਜੂਦ ਹਨ। ਜੇਕਰ ਔਸਤ ਕੱਢਣੀ ਹੋਵੇ ਤਾਂ ਹਰ ਪਿੰਡ 'ਚ 5-6 ਘਰ ਅਜਿਹੇ ਮਿਲ ਜਾਣਗੇ, ਜਿਨ੍ਹਾਂ 'ਚ ਰਹਿੰਦੇ ਬਜ਼ੁਰਗ ਆਪਣੇ ਵਿਦੇਸ਼ਾਂ 'ਚ ਵੱਸੇ ਬੱਚਿਆਂ ਦੀ ਉਡੀਕ 'ਚ ਜ਼ਿੰਦਗੀ ਦੇ ਆਖਰੀ ਦਿਨ ਗੁਜ਼ਾਰ ਰਹੇ ਹਨ। ਇਕੱਲੇਪਣ ਦਾ ਸ਼ਿਕਾਰ ਹੋ ਰਹੇ ਬਜ਼ੁਰਗਾਂ ਦੀ ਗਿਣਤੀ ਆਏ ਦਿਨ ਵੱਧਦੀ ਜਾ ਰਹੀ ਹੈ। ਇਹ ਗੱਲ ਵੱਖਰੀ ਹੈ ਕਿ ਕਈ ਬਿਰਧ ਜੋੜੇ ਦੋ-ਚਹੁੰ ਸਾਲਾਂ ਬਾਅਦ ਇਕ-ਅੱਧ ਵਾਰ ਆਪਣੇ ਬੱਚਿਆਂ ਕੋਲ



ਵਿਦੇਸ਼ ਜਾ ਆਉਂਦੇ ਹਨ ਅਤੇ ਜਾਂ ਬੱਚੇ ਆ ਕੇ ਮਿਲਰ ਜਾਂਦੇ ਹਨ। ਪਰ ਇਹ ਖੁਸ਼ੀ ਦਾ ਸਮਾਂ ਮਹੀਨਾ ਦੋ ਮਹੀਨੇ ਹੀ ਹੁੰਦਾ ਹੈ, ਮੁੜ ਉਹੀ ਇਕੱਲੇਪਣ ਦਾ ਅਹਿਸਾਸ ਉਨ੍ਹਾਂ ਨੂੰ ਅੰਦਰੋਂ ਅੰਦਰ ਖਾਣ ਲੱਗਦਾ ਹੈ।

ਲੁਧਿਆਣੇ ਜ਼ਿਲ੍ਹੇ ਦੇ ਪਿੰਡ ਹਾਂਸ ਦੇ 80 ਸਾਲਾ ਅਮਰ ਸਿੰਘ (ਨਾਂ ਬਦਲਿਆ ਹੋਇਆ) ਦੇ ਦੋ ਪੁੱਤ ਹਨ ਜਿਨ੍ਹਾਂ 'ਚੋਂ ਇਕ ਕੈਨੇਡਾ ਅਤੇ ਦੂਜਾ ਆਸਟ੍ਰੇਲੀਆ ਰਹਿੰਦਾ ਹੈ। ਪਿਛਲੇ ਮਹੀਨੇ ਅਮਰ ਸਿੰਘ ਦੀ ਮੌਤ ਹੋ ਗਈ। ਜਦੋਂ ਉਹ ਜ਼ਿੰਦਗੀ ਦੀਆਂ ਆਖਰੀ ਘੜੀਆਂ ਗਿਣ ਰਿਹਾ ਸੀ ਤਾਂ ਦੋਹਾਂ 'ਚੋਂ ਇਕ ਵੀ ਪੁੱਤ ਉਸ ਕੋਲ ਮੌਜੂਦ ਨਹੀਂ ਸੀ। ਇਥੋਂ ਤੱਕ ਕਿ ਉਸ ਦੀ ਚਿੱਖਾ ਨੂੰ ਅੱਗ ਦਿਖਾਉਣ ਲਈ ਵੀ ਇਨ੍ਹਾਂ ਦੋਹਾਂ ਪੁੱਤਾਂ 'ਚੋਂ ਕੋਈ ਨਹੀਂ ਪਹੁੰਚ ਸਕਿਆ। ਗੱਲ ਇਥੋਂ ਹੀ ਸ਼ੁਰੂ ਹੋ ਕੇ ਮੁੱਕ ਨਹੀਂ ਜਾਂਦੀ। ਸਗੋਂ ਮੌਤ ਤੋਂ ਪਹਿਲਾਂ ਅਮਰ ਸਿੰਘ ਨੇ ਜੋ ਪਿੰਡੇ 'ਤੇ ਹੰਢਾਇਆ, ਅਸਲ ਦਰਦ ਉਸ 'ਚ ਲੁਕਿਆ ਹੋਇਆ ਹੈ। ਅਮਰ ਸਿੰਘ ਦੀ ਪਤਨੀ ਦੀ ਮੌਤ ਕਰੀਬ ਅੱਠ ਸਾਲ ਪਹਿਲਾਂ ਹੋ ਗਈ ਸੀ। ਉਸ ਦਾ ਵੱਡਾ ਮੁੰਡਾ ਕਈ ਸਾਲ ਪਹਿਲਾਂ ਕੈਨੇਡਾ ਚਲਾ ਗਿਆ। ਪਿਛਲੇ ਸਾਲ ਦੂਜਾ ਮੁੰਡਾ ਵੀ ਆਸਟ੍ਰੇਲੀਆ ਚਲਾ ਗਿਆ। ਘਰ 'ਚ ਰਹਿ ਗਿਆ ਤਾਂ ਇਕੱਲਾ ਅਮਰ ਸਿੰਘ। ਨਾ ਘਰ 'ਚ ਕੋਈ ਬੱਚਾ, ਨਾ ਕੰਮਕਾਰ ਅਤੇ ਨਾ ਹੀ ਕੋਈ ਚਾਅ ਬੱਚਿਆ। ਪਹਿਲਾਂ ਉਹ ਉਦਰੇਵੇਂ 'ਚ ਹੀ ਮੰਜੇ ਨਾਲ ਲੱਗ ਗਿਆ ਅਤੇ ਰੋਜ਼ਾਨਾ ਥੋੜ੍ਹਾ-ਥੋੜ੍ਹਾ ਮਰਦੇ ਅਮਰ ਸਿੰਘ ਦੀ ਜਦੋਂ ਮੌਤ ਹੋਈ ਤਾਂ ਉਸ ਦਾ ਸਸਕਾਰ ਵੀ ਇੱਧਰ ਰਹਿੰਦੇ ਰਿਸ਼ਤੇਦਾਰਾਂ ਤੇ ਆਂਢੀਆਂ-ਗੁਆਂਢੀਆਂ ਨੇ ਕੀਤਾ।

ਜਗਰਾਉਂ ਨਜ਼ਦੀਕੀ ਪਿੰਡ ਰੂਮੀ ਦੇ ਸਵਰਗੀ ਸੁਤੰਤਰਤਾ ਸੰਗਰਾਮੀ ਸੰਤੋਖ ਸਿੰਘ ਦੇ ਦੋ ਪੁੱਤਰ ਸੋਹਣ ਸਿੰਘ ਅਤੇ ਮੋਹਨ ਸਿੰਘ ਅਮਰੀਕਾ 'ਚ ਰਹਿੰਦੇ ਹਨ। ਉਥੇ ਉਨ੍ਹਾਂ ਦਾ ਅੱਜ ਲੱਖਾਂ ਡਾਲਰਾਂ ਦਾ ਕਾਰੋਬਾਰ ਹੈ ਅਤੇ ਦੋ ਸੌ ਤੋਂ ਉੱਪਰ ਪੈਟਰੋਲ ਪੰਪਾਂ ਤੇ ਸਟੋਰਾਂ ਦੇ ਉਹ ਮਾਲਕ ਹਨ, ਪਰ ਉਨ੍ਹਾਂ ਦੀ ਬਿਰਧ ਮਾਤਾ ਹਰਬੰਸ ਕੌਰ ਅੱਜ ਵੀ ਪਿੰਡ ਰਹਿੰਦੀ ਹੈ। ਪੁੱਤਾਂ ਨੇ ਮਾਂ ਨੂੰ ਆਪਣੇ ਕੋਲ ਅਮਰੀਕਾ ਸੱਦ ਲਿਆ, ਪਰ ਉਥੇ ਦਿਲ ਨਾ ਲੱਗਣ ਕਰਕੇ ਉਹ ਪਿੰਡ ਪਰਤ ਆਈ। ਪੁੱਤ ਹੁਣ ਆਪਣਾ ਵੱਡਾ ਕਾਰੋਬਾਰ ਛੱਡ ਕੇ ਨਹੀਂ ਆ ਸਕਦੇ ਅਤੇ ਮਾਂ ਅਮਰੀਕਾ 'ਚ ਰਹਿ ਕੇ ਰਾਜੀ ਨਹੀਂ। ਇਸ ਲਈ ਸੋਹਣ ਸਿੰਘ ਹਰ ਸਾਲ ਦੋ ਵਾਰ ਜਾ ਮਾਤਾ ਨੂੰ ਮਿਲਣ ਆਉਂਦਾ ਹੈ ਅਤੇ ਉਸਨੇ ਪਿੰਡ 'ਚ ਵੱਡੀ ਕੋਠੀ ਪਾ ਕੇ ਆਪਣੀ ਭੈਣ ਤੇ ਉਸਦੇ ਬੱਚੇ ਮਾਂ ਕੋਲ ਛੱਡੇ ਹੋਏ ਹਨ। ਪਿੰਡ ਅਖਾੜਾ ਵਿਚਲੇ ਇਕੱਲੇਪਣ ਦੇ ਸ਼ਿਕਾਰ ਇਕ ਬਿਰਧ ਜੋੜੇ ਦੇ ਤਿੰਨ ਪੁੱਤ ਇਸ ਸਮੇਂ ਕੈਨੇਡਾ 'ਚ ਰਹਿੰਦੇ ਹਨ। ਇਸ 'ਚੋਂ ਬਜ਼ੁਰਗ ਉਦਰੇਵੇਂ 'ਚ ਹੀ ਅਧਰੰਗ ਦਾ ਸ਼ਿਕਾਰ ਹੋ ਗਿਆ, ਜਦਕਿ ਉਸਦੀ ਜੀਵਨ ਸਾਥਣ ਲੋੜ ਜਿੰਨਾ ਤੁਰ ਫਿਰ ਲੈਂਦੀ ਹੈ। ਪ੍ਰਵਾਸ ਦੇ ਸੰਤਾਪ ਹੰਢਾ ਰਹੇ ਬਜ਼ੁਰਗ ਜੋੜਿਆਂ 'ਚੋਂ ਇਕ ਇਥੋਂ ਦੇ ਬਲਬੀਰ ਸਿੰਘ ਅਤੇ ਸੁਰਜੀਤ ਕੌਰ ਵੀ ਹਨ। ਦੋਵੇਂ ਮੀਆਂ-ਬੀਵੀ ਅਧਿਆਪਕ ਦੀ ਨੌਕਰੀ ਤੋਂ ਸੇਵਾਮੁਕਤ ਹੋਏ ਹਨ। ਆਪਣੀ ਨੌਕਰੀ ਸਮੇਂ ਹੀ ਇਨ੍ਹਾਂ ਨੇ ਆਪਣੇ ਦੋ ਮੁੰਡਿਆਂ ਅਤੇ ਇਕ ਧੀ ਨੂੰ ਵਿਦੇਸ਼ 'ਚ ਸੈਟਲ ਕਰਨ ਦੇ ਸੁਪਨੇ ਦੇਖਣੇ ਸ਼ੁਰੂ ਕਰ ਦਿੱਤੇ। ਅਧਿਆਪਕ ਸਰਕਲ 'ਚ ਹੀ ਉਨ੍ਹਾਂ ਨੇ ਕੁੜੀ ਲਈ ਕੈਨੇਡਾ ਦਾ ਮੁੰਡਾ ਲੱਭ ਲਿਆ। ਕੁੜੀ ਕੈਨੇਡਾ ਦੀ ਧਰਤੀ 'ਤੇ ਜਾ ਉੱਤਰੀ ਅਤੇ ਮਗਰ ਹੀ ਸਾਰਾ ਪਰਿਵਾਰ। ਦੋਵੇਂ ਮੁੰਡਿਆਂ ਦੇ ਵਿਆਹ ਹੋ ਗਏ ਅਤੇ ਦੋਵੇਂ ਅੱਡ ਵੀ ਹੋ ਗੇ।

ਮੀਆਂ-ਬੀਵੀ ਨੂੰ ਕੈਨੇਡਾ ਰਾਸ ਨਹੀਂ ਆਈ ਅਤੇ ਪਰਤ ਆਏ। ਛੇ ਸਾਲ ਤੱਕ ਇਕਲਾਪੇ ਦੀ ਅੱਗ ਪਿੰਡੇ 'ਤੇ ਹੰਢਾਉਣ ਤੋਂ ਬਾਅਦ ਉਨ੍ਹਾਂ ਦੀ ਜ਼ਿੰਦਗੀ 'ਚ ਮੁੜ ਖੁਸ਼ੀਆਂ, ਉਸ ਸਮੇਂ ਆਈਆਂ, ਜਦੋਂ ਛੋਟਾ ਮੁੰਡਾ ਆਪਣਾ ਬੇਟਾ ਉਨ੍ਹਾਂ ਕੋਲ ਛੱਡ ਗਿਆ। ਉਨ੍ਹਾਂ ਦੀ ਬੇਟਾ ਛੱਡਣ ਦੀ ਆਪਣੀ ਮਜ਼ਬੂਰੀ ਹੋਵੇਗੀ, ਪਰ ਬੁੱਢੇ ਸਰੀਰਾਂ 'ਚ ਜਿਵੇਂ ਇਸ ਨਾਲ ਜਾਨ ਆ ਗਈ ਅਤੇ ਰੋਜ਼ ਚਾਅ ਚੜ੍ਹਿਆ ਰਹਿੰਦਾ। ਘਰ 'ਚ ਲੱਗੀਆਂ ਇਹ ਰੌਣਕਾਂ ਬਹੁਤਾ ਸਮਾਂ ਨਾ ਰਹੀਆਂ ਅਤੇ ਡੇਢ ਕੁ ਸਾਲ ਬਾਅਦ ਉਨ੍ਹਾਂ ਦਾ ਪੋਤਾ ਮੁੜ ਕੈਨੇਡਾ ਚਲਾ ਗਿਆ। ਇਸ ਵਾਰ ਜਿਹੜੀ ਘਰ ਦੇ ਨਾਲ-ਨਾਲ ਇਸ ਬਿਰਧ ਜੋੜੇ ਦੇ ਮਨ 'ਚ ਉਦਾਸੀ ਪੱਸਰੀ ਉਸਨੇ ਉਨ੍ਹਾਂ ਨੂੰ ਮੰਜੇ ਨਾਲ ਹੀ ਲਾ ਛੱਡਿਆ ਹੈ।

ਜਗਰਾਉਂ-ਰਾਏਕੋਟ ਰੋਡ 'ਤੇ ਪੈਂਦੇ ਪਿੰਡ ਕਮਾਲਪੁਰਾ 'ਚ ਵੀ ਅਜਿਹੀਆਂ ਕਈ ਕੋਠੀਆਂ ਹਨ, ਜਿਨ੍ਹਾਂ ਨੂੰ ਜਿੰਦਰੇ ਵੱਜੇ ਹੋਏ ਹਨ ਅਤੇ ਅਜਿਹੇ ਬਜ਼ੁਰਗ ਵੀ ਹਨ, ਜੋ ਪੋਤੇ-ਪੋਤੀਆਂ ਨੂੰ ਲੋਰੀਆਂ ਸੁਣਾਉਣ ਅਤੇ ਉਨ੍ਹਾਂ ਦੀਆਂ ਤੋਤਲੀਆਂ ਗੱਲਾਂ ਸੁਣਨ ਨੂੰ ਤਰਸੇ ਪਏ ਹਨ। ਇਥੇ ਹੀ ਸੜਕ ਤੋਂ ਥੋੜ੍ਹਾ ਜਿਹਾ ਹਟਵਾਂ ਪਿੰਡ ਚੀਮਾ ਹੈ। ਇਥੋਂ ਦੇ 65 ਸਾਲਾ ਦਰਸ਼ਨ ਸਿੰਘ ਅਤੇ ਉਨ੍ਹਾਂ ਦੀ ਪਤਨੀ ਪਰਮਜੀਤ ਕੌਰ ਸਰੀਰਕ ਪੱਖੋਂ ਪੂਰੀ ਤਰ੍ਹਾਂ ਤੰਦਰੁਸਤ ਹਨ ਅਤੇ ਆਪਣੀ ਸਿਹਤ ਦਾ ਖ਼ੁਦ ਹੀ ਪੂਰਾ ਧਿਆਨ ਰੱਖਦੇ ਹਨ। ਜਦੋਂ ਇਹ ਪੱਤਰਕਾਰ ਉਨ੍ਹਾਂ ਦੇ ਘਰ ਗਿਆ ਤਾਂ ਦੋਵੇਂ ਮੀਆਂ-ਬੀਵੀ ਗੁਆਂਢੀਆਂ ਦੀ ਕੁੜੀ ਦੇ ਵਿਆਹ 'ਚ ਸ਼ਾਮਲ ਹੋਣ ਲਈ ਜਗਰਾਉਂ ਦੇ ਮੈਰਿਜ ਪੈਲੇਸ ਗਏ ਹੋਏ ਸਨ। ਉਹ ਵੀ ਉਨ੍ਹਾਂ ਬਜ਼ੁਰਗਾਂ 'ਚੋਂ ਇਕ ਹਨ, ਜਿਹੜੇ ਪਿੰਡਾਂ 'ਚ ਅਤੇ ਰਿਸ਼ਤੇਦਾਰੀਆਂ 'ਚ ਹੋਣ ਵਾਲੇ ਇਸ ਤਰ੍ਹਾਂ ਦੇ ਸਮਾਗਮਾਂ 'ਚ ਸ਼ਿਰਕਤ ਕਰਕੇ ਖ਼ੁਦ ਨੂੰ ਮਸ਼ਰੂਫ ਵੀ ਰੱਖਦੇ ਹਨ ਅਤੇ ਇਨ੍ਹਾਂ 'ਚੋਂ ਖੁਸ਼ੀ ਵੀ ਭਾਲਦੇ ਹਨ। ਦਰਸ਼ਨ ਸਿੰਘ ਦੀ ਇਕ ਧੀ ਕੈਨੇਡਾ ਤੇ ਦੂਜੀ ਅਮਰੀਕਾ ਵਿਆਹੀ ਹੋਈ ਹੈ, ਜਦਕਿ ਮੁੰਡਾ ਇੰਗਲੈਂਡ 'ਚ। ਮੁੰਡੇ ਨੂੰ ਪੰਜ ਸਾਲ ਇੰਗਲੈਂਡ ਗਏ ਨੂੰ ਹੋ ਚੁੱਕੇ ਹਨ, ਪਰ ਪੱਕਾ ਨਾ ਹੋਣ ਕਰਕੇ ਉਹ ਆ ਨਹੀਂ ਸਕਦਾ। ਬੁੱਢੇ ਮਾਂ-ਪਿਓ ਪੁੱਤ ਦੀ ਉਡੀਕ 'ਚ ਹਨ।

ਇਥੋਂ ਦੇ ਸੁਰਜੀਤ ਸਿੰਘ ਬਰਾੜ ਤੇ ਉਨ੍ਹਾਂ ਦੀ ਪਤਨੀ ਨਸੀਬ ਕੌਰ ਵੀ ਅਜਿਹੇ ਜੋੜਿਆਂ 'ਚੋਂ ਇਕ ਹਨ ਜੋ ਆਪਣੇ ਵਿਦੇਸ਼ ਗਏ ਪੁੱਤ-ਧੀ ਦੀ ਉਡੀਕ 'ਚ ਜ਼ਿੰਦਗੀ ਦਾ ਰੋਜ਼ ਇਕ ਦਿਨ ਲੰਘਾ ਰਹੇ ਹਨ। ਫੋਨ ਦੀ ਘੰਟੀ ਵੱਜਣ 'ਤੇ ਉਨ੍ਹਾਂ ਨੂੰ ਇਹੋ ਲੱਗਦਾ ਹੈ ਕਿ ਉਨ੍ਹਾਂ ਦੇ ਪੁੱਤ ਜਾਂ ਧੀ ਦਾ ਫੋਨ ਆ ਗਿਆ। ਉਹ ਹਮੇਸ਼ਾਂ ਪੋਤਿਆਂ-ਦੋਹਤਿਆਂ ਨਾਲ ਗੱਲ ਕਰਨ ਲਈ ਤਰਸਦੇ ਰਹਿੰਦੇ ਹਨ ਜਦਕਿ ਕੈਨੇਡਾ 'ਚ ਜੰਮੇ ਪਲੇ ਉਨ੍ਹਾਂ ਦੇ ਪੋਤੇ-ਦੋਹਤੇ ਦਾਦਾ-ਦਾਦੀ ਤੇ ਨਾਨਾ-ਨਾਨੀ ਦੇ ਪਿਆਰ 'ਚੋਂ ਹੋਟਲਾਂ ਦਾ ਚੰਗਾ ਕਾਰੋਬਾਰ ਹੈ ਅਤੇ ਧੀ ਵੀ ਲੱਖਪਤੀ ਹੈ। ਪੈਸੇ ਪੱਖੋਂ ਔਲਾਦ ਸੌਖੀ ਹੈ ਪਰ ਔਲਾਦ ਦੇ ਸੁੱਖ ਤੋਂ ਇਹ ਜੋੜਾ ਵੀ ਵਾਂਝਾ ਹੈ। ਘਰ 'ਚ ਰੱਖਿਆ ਕੁੱਤਾ ਹੀ ਉਨ੍ਹਾਂ ਦਾ ਸਭ ਤੋਂ ਕਰੀਬੀ ਹੈ। ਉਂਝ ਆਂਢ-ਗੁਆਂਢ 'ਚ ਇਸ ਜੋੜੇ ਦਾ ਬਹੁਤ ਪਿਆਰ ਹੈ ਅਤੇ ਗੁਆਂਢੀ ਉਨ੍ਹਾਂ 'ਤੇ ਜਾਨ ਵਾਰਦੇ ਹਨ। ਮਾੜੀ-ਮੋਟੀ ਬਿਮਾਰੀ ਤੇ ਵੀ ਉਨ੍ਹਾਂ ਨੂੰ ਡਾਕਟਰ ਕੋਲ ਲਿਜਾਣ, ਹੋਰ ਜ਼ਰੂਰਤ ਦੀਆਂ ਚੀਜ਼ਾਂ ਲਿਆਉਣ 'ਚ ਕੋਈ ਮੱਥੇ ਤਿਉੜੀ ਨਹੀਂ ਪਾਉਂਦਾ। ਫਿਰ ਵੀ ਉਨ੍ਹਾਂ ਦੇ ਅੰਦਰੋਂ ਕੁਝ ਗੁਆਚਿਆ ਹੋਇਆ ਹੈ ਅਤੇ ਸਾਰੇ ਦੁਨਿਆਵੀ ਸੁੱਖ ਤੇ ਪੈਸਾ ਹੋਣ ਦੇ ਬਾਵਜੂਦ ਉਹ ਢਿੱਡੋਂ ਖੁਸ਼ ਨਹੀਂ।



ਤੀਹ ਸਾਲ ਤੋਂ ਕੈਨੇਡਾ ਰਹਿੰਦੇ ਨੇੜਲੇ ਕਸਬਾ ਸਿੱਧਵਾਂ ਬੇਟ ਦੇ ਬਲਵਿੰਦਰ ਸਿੰਘ ਦੀ ਵੱਡੀ ਕੋਠੀ ਪਿਛਲੇ ਪੰਜ ਸਾਲ ਤੋਂ ਬੰਦ ਪਈ ਹੈ। ਜਗਰਾਉਂ ਨੇੜਲੇ ਇਕ ਹੋਰ ਪਿੰਡ ਡੱਲਾ 'ਚ ਅੱਧੀ ਦਰਜਨ ਤੋਂ ਵਧੇਰੇ ਕੋਠੀਆਂ ਅਜਿਹੀਆਂ ਹਨ, ਜਿਨ੍ਹਾਂ ਨੂੰ ਬਣਾਉਣ ਵਾਲੇ ਖ਼ੁਦ ਵਿਦੇਸ਼ਾਂ 'ਚ ਵੱਸੇ ਹੋਏ ਹਨ। ਦੋ ਸਕੇ ਭਰਾਵਾਂ ਗੁਲਜ਼ਾਰ ਸਿੰਘ ਤੇ ਚਮਕੌਰ ਸਿੰਘ ਦੀ ਕੋਠੀ ਨੂੰ ਜਿੰਦਰੇ ਵੱਜੇ ਹੋਏ ਹਨ। ਟੋਰਾਂਟੋ ਰਹਿੰਦੇ ਮੇਜਰ ਸਿੰਘ ਤੇ ਸਰੀ ਰਹਿੰਦੇ ਸੁੱਚਾ ਸਿੰਘ ਦੀ ਕੋਠੀ ਵੀ ਖਾਲੀ ਪਈ ਹੈ। ਸੁੱਚਾ ਸਿੰਘ ਨੇ ਹੁਣ ਪਿੰਡ ਦੇ ਇਕ ਮਜ਼ਬੀ ਸਿੱਖ ਭਾਈਚਾਰੇ ਦੇ ਪਰਿਵਾਰ ਨੂੰ ਕੋਠੀ ਦੀਆਂ ਚਾਬੀਆਂ ਸਾਂਭ ਦਿੱਤੀਆਂ ਹਨ ਤਾਂ ਜੋ ਉਹ ਉਸ 'ਚ ਰਹਿ ਕੇ ਸਾਫ-ਸਫਾਈ ਰੱਖ ਸਕਣ। ਇਸ ਦੇ ਨਾਲ ਹੀ ਸਥਿਤ ਪਿੰਡ ਨਵਾਂ ਡੱਲਾ 'ਚ ਸਰੀ ਦੇ ਬਲਵਿੰਦਰ ਸਿੰਘ ਨੇ ਆਲੀਸ਼ਾਨ ਕੋਠੀ ਬਣਵਾਈ, ਪਰ ਇਸ 'ਚ ਰਹਿਣ ਵਾਲਾ ਕੋਈ ਨਹੀਂ। ਜਗਰਾਉਂ ਸ਼ਹਿਰ ਵਿਚ ਉਂਝ ਤਾਂ ਦਰਜਨਾਂ ਆਲੀਸ਼ਾਨ ਕੋਠੀਆਂ ਅਜਿਹੀਆਂ ਹਨ, ਜਿਨ੍ਹਾਂ ਨੂੰ ਪ੍ਰਵਾਸੀ ਪੰਜਾਬੀਆਂ ਨੇ ਬੜੇ ਚਾਵਾਂ ਨਾਲ ਬਣਾਇਆ, ਪਰ ਇਨ੍ਹਾਂ 'ਚ ਰਹਿਣ ਵਾਲਾ ਕੋਈ ਨਹੀਂ। ਇਕੱਲਾ ਗੁਰਦੀਪ ਨਗਰ ਮੁਹੱਲਾ ਹੀ, ਇਥੇ ਅਜਿਹਾ ਹੈ, ਜਿਥੇ ਪ੍ਰਵਾਸੀ ਪੰਜਾਬੀਆਂ ਦੀਆਂ ਕਰੀਬ ਦੋ ਦਰਜਨ ਕੋਠੀਆਂ ਨੂੰ ਜਿੰਦਰੇ ਵੱਜੇ ਹੋਏ ਹਨ।

**—ਜਸਬੀਰ ਸਿੰਘ ਸ਼ੇਤਰਾ**

**ਧੰਨਵਾਦ ਪੰਜਾਬੀ ਟ੍ਰਿਬਿਊਨ**
**ਚੰਡੀਗੜ੍ਹ।**

# ਡਾਲਰਾਂ ਦੀ ਚਕਾਚੌਂਧ

ਆਧੁਨਿਕ ਸਮੇਂ ਵਿਚ ਵਿਦੇਸ਼ ਜਾਣ ਦਾ ਰੁਝਾਨ ਰਫ਼ਤਾਰ ਫੜਦਾ ਜਾ ਰਿਹਾ ਹੈ। ਪਹਿਲਾ-2 ਮਾਝਾ ਤੇ ਦੁਆਬੇ ਦੇ ਲੋਕ ਇਸ ਪਾਸੇ ਵੱਲ ਪਏ ਹੋਏ ਸੀ ਪਰ ਹੁਣ ਮਾਲਵੇ ਦੇ ਪਿੰਡਾਂ, ਸ਼ਹਿਰਾਂ ਦੇ ਮੁੰਡਿਆਂ ਨੂੰ ਵੀ ਇਸ 'ਅਵੱਲੇ ਸ਼ੌਕ' ਦੀ ਲੱਤ ਲੱਗ ਚੁੱਕੀ ਹੈ।

ਇਹ ਅਲੱਗ ਗੱਲ ਹੈ ਕਿ ਮਨੁੱਖ ਸਮਾਜ ਵਿਚ ਰਹਿੰਦਾ ਹੈ ਅਤੇ ਇਸ ਨੂੰ ਆਪਣਾ ਪੇਟ ਭਰਨ ਲਈ ਅੰਨ ਦੀ ਜ਼ਰੂਰਤ ਹੁੰਦੀ ਹੈ। ਇਸ ਦੇ ਨਾਲ ਹੀ ਤਨ ਦੇ ਲਈ ਕੱਪੜਾ, ਰਹਿਣ ਲਈ ਮਕਾਨ ਆਦਿ ਮੁੱਢਲੀਆਂ ਜ਼ਰੂਰਤਾਂ ਹਨ, ਜਿਨ੍ਹਾਂ ਨੂੰ ਕੁੱਲੀ, ਗੁੱਲੀ ਤੇ ਜੁੱਲੀ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ - ਪਰ ਸੋਚਣ ਵਾਲੀ ਗੱਲ ਹੈ ਕਿ ਕੀ ਇਹ ਸਾਨੂੰ ਆਪਣੇ ਦੇਸ਼ ਵਿਚ ਰਹਿ ਕੇ ਪ੍ਰਾਪਤ ਨਹੀਂ ਹੋ ਸਕਦੀਆਂ ?

ਅਜੋਕੇ ਸਮੇਂ ਵਿਚ ਪੈਸੇ ਦੇ ਪ੍ਰਚਲਨ ਨੇ ਸਭ ਰਿਸ਼ਤੇ ਨਾਤੇ ਫਿੱਕੇ ਪਾ ਦਿੱਤੇ ਹਨ, ਜਿਸ ਕਾਰਨ ਹਰ ਇਕ ਜ਼ਿਆਦਾ ਤੋਂ ਜ਼ਿਆਦਾ ਪੈਸਾ ਇਕੱਠਾ ਕਰਨ ਵਿਚ ਲੱਗਿਆ ਹੋਇਆ ਹੈ। ਵਿਦੇਸ਼ੀ ਡਾਲਰਾਂ ਦੀ ਚਕਾਚੌਂਧ ਨੇ ਸਭ ਦੀਆਂ ਅੱਖਾਂ ਚੁੰਧਿਆ ਕੇ ਰੱਖ ਦਿੱਤੀਆਂ ਹਨ। ਇਸੇ ਕਾਰਨ ਵਧ ਤੋਂ ਵਧ ਲੋਕ ਵਿਦੇਸ਼ਾਂ ਵਲ ਮੂੰਹ ਕਰ ਰਹੇ ਹਨ।

ਵਿਦੇਸ਼ਾਂ ਵਿਚ ਜਾਣ ਦੀ ਹੋੜ ਨੇ ਕਈ ਠੱਗਾਂ ਦਾ ਕੰਮ ਵਧੀਆ ਤਰੀਕੇ ਨਾਲ ਚਲਾ ਦਿੱਤਾ ਹੈ ਕਿਉਂਕਿ ਛੇਤੀ ਜਾਣ ਦੀ ਰੀਝ ਕਾਰਨ ਕਈ ਵਿਅਕਤੀ ਠੱਗ/ਏਜੰਟਾਂ ਦੇ ਚੁੰਗਲ ਵਿਚ ਅਜਿਹਾ ਫਸਦੇ ਹਨ ਕਿ ਬਾਕੀ ਦੀ ਜ਼ਿੰਦਗੀ ਉਨ੍ਹਾਂ ਨੂੰ ਬਾਹਰਲੇ ਦੇਸ਼ਾਂ ਦੀਆਂ ਜੇਲ੍ਹਾਂ ਵਿਚ ਬਿਤਾਉਣੀ ਪੈਂਦੀ ਹੈ। ਹੈਰਾਨੀ ਦੀ ਗੱਲ ਤਾਂ ਇਹ ਹੈ ਕਿ ਇਹ ਲੋਕ ਵਿਦੇਸ਼ ਜਾਣ ਦੇ ਲਾਲਚ ਵਿਚ ਆਪਣੇ ਮਨੁੱਖੀ ਰਿਸ਼ਤਿਆਂ ਨਾਲ ਵੀ ਖਿਲਵਾੜ ਕਰਦੇ ਹਨ। ਜਦੋਂ ਕੋਈ ਭੈਣ ਭਾਈ ਆਪਸ ਵਿਚ ਪਤੀ-ਪਤਨੀ ਦੇ ਤੌਰ 'ਤੇ ਵਿਦੇਸ਼ ਜਾਂਦੇ ਅਣਅਧਿਕਾਰਤ ਤੌਰ 'ਤੇ ਫੜੇ ਜਾਂਦੇ ਹਨ ਤਾਂ ਜਦੋਂ ਇਹ ਮਾਮਲਾ ਅਖਬਾਰਾਂ ਦੀਆਂ ਸੁਰਖੀਆਂ ਬਣਦਾ ਹੈ ਤਾਂ ਸਮੁੱਚੀ ਮਾਨਵਤਾ ਸ਼ਰਮਸਾਰ ਹੁੰਦੀ ਹੈ। ਸਮਾਜਿਕ ਨਿਘਾਰ ਦੀ ਇਦੋਂ ਵੱਡੀ ਨਿਸ਼ਾਨੀ ਕੀ ਹੋ ਸਕਦੀ ਹੈ। ਆਪਣੀ ਜ਼ਮੀਨ ਜਾਇਦਾਦ ਵੇਚ ਕੇ ਜਾਂ ਗਹਿਣੇ ਕਰਕੇ ਵਿਦੇਸ਼ ਜਾਣ ਦੀ ਕੀ ਤੁੱਕ ਬਣਦੀ ਹੈ। ਨਾਲੇ ਸੋਚਣ ਵਾਲੀ ਗੱਲ ਤਾਂ ਇਹ ਹੈ ਕਿ ਉਥੇ ਜਾ ਕੇ ਕੰਮ ਕੀ ਕਰਨਾ ਹੈ ? ਜਾਣ ਵਾਲਿਆਂ ਵਿਚੋਂ ਜਦੋਂ ਬਹੁਤਿਆਂ ਨੇ ਉਥੇ ਜਾ ਕੇ ਲੇਬਰ ਦਾ ਹੀ ਕੰਮ ਕਰਨਾ ਹੈ ਤਾਂ ਇਸ ਨੂੰ ਆਪਣੇ ਦੇਸ਼ ਵਿਚ ਕਰਨ ਦੀ ਕੀ ਸ਼ਰਮ ਹੈ ?

ਪ੍ਰਵਾਸੀ ਲੋਕ ਜਦੋਂ ਇਥੇ ਆ ਕੇ ਵੱਡੀਆਂ-ਵੱਡੀਆਂ ਕੋਠੀਆਂ ਉਸਾਰਦੇ, ਕਾਰਾਂ ਤੇ ਘੁੰਮਦੇ ਹਨ ਤਾਂ ਇਨ੍ਹਾਂ ਦੀ ਇਹੋ ਐਸ਼ੋ ਇਸ਼ਰਤ ਸਾਡੇ ਮੁੰਡਿਆਂ ਦੇ ਮਨਾਂ ਤੇ ਮਾੜਾ ਅਸਰ ਪਾਉਂਦੀ ਹੈ, ਜਿਸਦਾ ਪ੍ਰਭਾਵ ਕਬੂਲ ਕੇ ਉਹ ਰਾਤੋ ਰਾਤ ਵਿਦੇਸ਼ ਜਾਣ ਦੀਆਂ ਸਕੀਮਾਂ



ਘੜਦੇ ਹਨ। ਪੰਜਾਬ ਦੇ ਕਈ-ਕਈ ਪਿੰਡਾਂ ਦੇ ਸਮੁੱਚੇ ਗੱਭਰੂ ਹੀ ਵਿਦੇਸ਼ੀ ਹੋ ਗਏ ਹਨ, ਜਿਨ੍ਹਾਂ ਦੇ ਵਿਚੋਂ ਕੋਈ ਨੌਜੁਆਨ ਨਹੀਂ ਲੱਭਦਾ। ਮਗਰੋਂ ਉਨ੍ਹਾਂ ਦੇ ਘਰਦਿਆਂ ਦੀ ਜੋ ਹਾਲਤ ਹੁੰਦੀ ਹੈ ਉਸਨੂੰ ਸ਼ਬਦਾਂ ਵਿਚ ਬਿਆਨਣਾ ਕੋਈ ਸੌਖੀ ਗੱਲ ਨਹੀਂ।

ਮੇਰੇ ਇਕ ਦੋਸਤ ਨੇ ਗੱਲ ਸੁਣਾਈ ਕਿ ਉਹ ਨਵਾਂਸ਼ਹਿਰ ਜ਼ਿਲ੍ਹੇ ਦੇ ਕਿਸੇ ਕਸਬੇ ਵਿਚ ਕੋਈ ਕੋਰਸ ਕਰਦਾ ਸੀ ਤਾਂ ਉਨ੍ਹਾਂ ਦੇ ਹੋਸਟਲ ਵਿਚ ਕੁਝ ਪ੍ਰਵਾਸੀ ਲੋਕ ਆਏ ਤੇ ਬੇਨਤੀ ਕਰਨ ਲੱਗੇ ਕਿ "ਕੱਲ੍ਹ ਨੂੰ ਅਸੀਂ ਆਪਣੇ ਮੁੰਡੇ ਦੀ ਬਾਰਾਤ ਲੈ ਕੇ ਜਾਣੀ ਹੈ, ਪਿੰਡ ਵਿਚ ਕੋਈ ਮੁੰਡਾ ਤਾਂ ਹੈ ਨਹੀਂ, ਕ੍ਰਿਪਾ ਕਰਕੇ ਤੁਸੀਂ ਸਾਰੇ ਬਰਾਤੀ ਬਣ ਕੇ ਸਾਡੇ ਨਾਲ ਚੱਲਣਾ।"

ਇਸ ਤਰ੍ਹਾਂ ਦੀ ਸਥਿਤੀ ਹੋਈ ਪਈ ਹੈ ਕਈ ਪਿੰਡਾਂ ਦੀ। ਵਿਦੇਸ਼ ਜਾਣ ਵਾਲਿਆਂ ਦੀ ਕਈ ਵਾਰ ਨਿੱਜੀ ਜ਼ਿੰਦਗੀ ਵੀ ਬਹੁਤ ਪ੍ਰਭਾਵਿਤ ਹੁੰਦੀ ਹੈ, ਮੀਆਂ ਬੀਵੀ ਵਿਚੋਂ ਜੇਕਰ ਇਕ ਚਲਾ ਜਾਵੇ ਤਾਂ ਦੋਨਾਂ ਦੀ ਹੀ ਜ਼ਿੰਦਗੀ ਨਰਕ ਬਣ ਜਾਂਦੀ ਹੈ। ਪੰਜਾਬ ਦੇ ਹਜ਼ਾਰਾਂ, ਲੱਖਾਂ ਨੌਜਵਾਨ ਵਿਦੇਸ਼ਾਂ ਦੀਆਂ ਜੇਲ੍ਹਾਂ ਵਿਚ ਆਪਣੇ ਇਸ ਸ਼ੌਕ ਕਾਰਨ ਸੜ ਰਹੇ ਹਨ। ਜੇਕਰ ਆਪਣੇ ਘਰ ਅੰਦਰ ਹੀ ਕਿਰਤ ਕਰਕੇ ਕਮਾਉਣ ਵਰਗੀਆਂ ਸੁੱਖ ਸਹੂਲਤਾਂ ਮਾਣ ਸਕਦੇ ਹਨ, ਫਿਰ ਕੋਈ ਮਾਲਟਾ ਕਾਂਡ ਵਰਗਾ ਦੁਖਾਂਤ ਨਹੀਂ ਵਾਪਰੇਗਾ.....ਕਿਸੇ ਨੇ ਠੀਕ ਹੀ ਕਿਹਾ ਹੈ :

ਨਾ ਜਾਇਓ ਪ੍ਰਦੇਸ, ਉਥੇ ਨਾ ਮਾਂ ਲੱਭਣੀ।

**— ਜਗਦੀਸ਼ ਰਾਏ ਕੁਲਰੀਆਂ**
**46, ਇੰਪਲਾਈਜ਼ ਕਾਲੋਨੀ**
**ਰੇਟਾ (ਮਾਨਸਾ) ਪੰਜਾਬ - 151501**
**ਫੋਨ : 94173-290330**

# ਮੈਂ, ਮੇਰੀ ਤਸਵੀਰ ਤੇ ਉਹ

ਉਸ ਮੈਨੂੰ ਪਸੰਦ ਕੀਤਾ, ਕੀਮਤ ਤਾਰੀ, ਆਪਣਾ ਮਤਲਬ ਕੱਢਿਆ ਤੇ ਚਲਾ ਗਿਆ। ਇਹ ਵੀ ਨਾ ਦੱਸਿਆ ਕਿ ਖਰੀਦੀ ਵਸਤੂ ਕਿਹੋ ਜਿਹੀ ਲੱਗੀ ਸੀ। ਵਿੱਕਣ ਵਿਚ ਉਹਦੀ ਕਿੰਨੀ ਕੁ ਮਰਜ਼ੀ ਸੀ। ਸੀ ਵੀ ਜਾਂ ਨਹੀਂ ?

ਉਹ ਚਲਾ ਗਿਆ ਤਾਂ ਮੈਂ ਸੋਚਣ ਲੱਗ ਪਈ। ਹੈਂ! ਉਹ ਤਾਂ ਏਦਾਂ ਕਪੜੇ ਝਾੜ ਕੇ ਚਲਾ ਗਿਆ, ਜਿੱਦਾਂ ਚੋਰੀ ਕਰਨ ਆਇਆ ਹੋਵੇ। ਜਾਣ ਲੱਗੇ ਨੇ ਰਸਮੀ ਧੰਨਵਾਦ ਵੀ ਨਾ ਕੀਤਾ। ਮੈਂ ਇਸ ਬਾਰੇ ਸੋਚ ਹੀ ਰਹੀ ਸੀ ਕਿ ਹਨੇਰੇ ਕੋਨੇ ਵਿੱਚੋਂ ਚਾਣਚਕ ਹੀ ਕੋਈ ਆਵਾਜ਼ ਆਈ–ਕਿਉਂ ਕਰਦਾ, ਉਹ ਧੰਨਵਾਦ ਤੇਰਾ ?

– ਕਾਹਤੋਂ ਨਹੀਂ ਸੀ ਕਰਨਾ ਚਾਹੀਦਾ ?

– ਤੈਨੂੰ ਨਹੀਂ ਪਤਾ ?

– ਨਹੀਂ।

– ਘਰ ਵਰਗੀਆਂ ਗੱਲਾਂ ਕਮਰਿਆਂ 'ਚ ਕਿੱਦਾਂ ਕੀਤੀਆਂ ਜਾ ਸਕਦੀਆਂ ਨੇ ? ਘਰ ਦਾ ਐਟੀਕੇਟ ਹੋਰ ਹੁੰਦਾ ਏ ਤੇ ਕਮਰਿਆਂ ਦਾ ਹੋਰ, ਨਹੀਂ ?

– ਤਾਂ ਉਹ ਕੋਈ ਘਰ ਵੀ ਹੋਵੇਗਾ ?

– ਜ਼ਰੂਰ ਹੋਵੇਗਾ ਜਿਹੜਾ ਏਦਾਂ ਤੁਰ ਗਿਆ ਏ, ਚੋਰਾਂ ਵਾਂਗ।

– ਫੇਰ ਐਥੇ ਕੀ ਕਰਨ ਆਇਆ ਸੀ ?

– ਤੈਨੂੰ ਨਹੀਂ ਪਤਾ ?

– ਹੂੰ....। ਉਹ ਤਾਂ ਆਪਣੇ ਵਰਗਿਆਂ ਵਿਚ ਰਲ ਕੇ ਸ਼ੈਦ ਫੇਰ ਸ਼ਰੀਫਜ਼ਾਦਾ ਬਣ ਗਿਆ ਹੋਵੇਗਾ, ਪਰ ਮੈਂ ਕੀ ਕਰਾਂ ?

– ਤੂੰ ਵੀ ਇੱਜ਼ਤਦਾਰ ਬਣਨਾ ਚਾਹੁੰਦੀ ਏ ?

– ਹਰ ਕੋਈ ਬਨਣਾ ਚਾਹੁੰਦਾ ਆ, ਨਹੀਂ ?

– ਬਣ ਜਾ ਫੇਰ। ਕੋਈ ਰੋਕਦੈ ?

– ਹੁਣ ਕਿੱਦਾਂ ਬਣ ਸਕਦੀ ਆਂ ?

– ਕੀ ਗੱਲ ?

– ਮੇਰਾ ਕੋਈ ਘਰ–ਬਾਰ ਹੋਵੇ ਤਾਂ ਬਣਾਂ ? ਮੇਰੀ ਕਿਸਮਤ 'ਚ ਤਾਂ ਕਮਰੇ ਨੇ ਜਾਂ ਫੇਰ...।

– ਜਾਂ ਫੇਰ ਕੀ ?

– ਵਸਤੂ ਬਣਨਾ।

– ਵਸਤੂ ਵੀ ਤਾਂ ਪਤਵੰਤੀ ਹੋ ਸਕਦੀ ਆ।



– ਉਹ ਕਿਸ ਤਰ੍ਹਾਂ ਹੋ ਸਕਦੀ ਏ ?

– ਕਿਉਂ ਨਹੀਂ ? ਹਰ ਕੋਈ ਸਾਊ ਹੁੰਦਾ ਏ। ਬੱਸ ਉਹਨੂੰ ਆਪਣੀ ਕਦਰ ਪੁਔਣ ਦੀ ਰਤਾ ਕੁ ਜਾਚ ਔਣੀ ਚਾਹੀਦੀ ਏ, ਨਹੀਂ ?

– ਹੂੰ...ਚਲ ਛੱਡ ਹੁਣ ਏਸ ਹਿਸਟਰੀ ਨੂੰ।

– ਫੇਰ ਗੱਲ ਕਾਹਤੋਂ ਛੇੜੀ ਸੀ ?

– ਐਵੀਂ !

– ਐਵੀਂ ! ਕਿਉਂ ...ਮਤਲਬ ਤਾਂ ਜ਼ਰੂਰ ਹੋਣੈ, ਕੋਈ ?

– ਕਾਂ–ਖਾਧੇ ਕੁੱਤੇ ਵਾਂਗ ਬੱਸ ਖੁਰਕ ਕਰਨੋਂ ਰਿਹਾ ਨਹੀਂ ਜਾਂਦਾ। ਹੋਰ ਗੱਲ ਕੀ ਹੋਣੀ ਆਂ ?

– ਉਹਦਾ ਵੀ ਕੋਈ ਮਤਲਬ ਹੁੰਦਾ ਏ ?

– ਦੱਬੀਆਂ ਕਬਰਾਂ ਪੁੱਟਣ ਦਾ ਕੀ ਫੈਦਾ ?

– ਕਈ ਵਾਰੀ ਹੋ ਵੀ ਜਾਂਦਾ ਏ, ਨਹੀਂ ?

– ਹੂੰ।

ਉਹ ਜਿੱਦਾਂ ਅਚਾਨਕ ਆਈ ਸੀ, ਓਦਾਂ ਹੀ ਅਲੋਪ ਹੋ ਗਈ। ਸ਼ਾਇਦ ਉਹ ਮੇਰੇ ਊਟ–ਪਟਾਂਗ ਜਿਹੇ ਜੁਆਬਾਂ 'ਤੋਂ ਬੋਰ ਹੋ ਗਈ ਹੋਵੇਗੀ। ਮੈਂ ਬਿੱਟ–ਬਿੱਟ ਝਾਕਦੀ ਰਹਿ ਗਈ। ਇਕ ਵਾਰੀ ਦਿਲ ਵਿਚ ਆਈ ਕਿ ਉੱਠ ਕੇ ਪਿੱਛਾ ਕਰਨਾ ਚਾਹੀਦਾ ਏ, ਪਰ ਮੈਂ ਉੱਠ ਨਾ ਸਕੀ। ਇਕ ਤਾਂ ਤਨ ਟੁੱਟਾ–ਭੱਜਾ ਪਿਆ ਸੀ ਤੇ ਦੂਜਾ ਡਰੱਗ ਦਾ ਨਸ਼ਾ ਵੀ ਸੀ।

ਮੈਂ ਅਰਧ–ਚੇਤੰਨ ਜਿਹੀ ਬਿਸਤਰੇ 'ਤੇ ਪਈ ਹੋਈ ਸੀ ਕਿ ਲੱਗਾ, ਜਿਵੇਂ ਮੇਰੇ ਹੇਠਾਂ ਕੁਝ ਰੀਂਗ ਰਿਹਾ ਹੋਵੇ। ਉਸ ਸਰਸਰਾਹਟ ਨੂੰ ਟੋਹਣ ਲਈ ਮੈਂ ਬਿਸਤਰੇ 'ਤੇ ਹੱਥ ਫੇਰਿਆ ਤਾਂ ਇਕਦਮ ਤ੍ਰਭੱਕ ਗਈ। ਜਾਪਿਆ, ਜਿਵੇਂ ਕੋਈ ਲਾਸ਼ ਹਿਲ ਰਹੀ ਹੋਵੇ। ਇਹ ਕਿਹਦੀ ਲੋਥ ਹੋਵੇਗੀ ? ਮੇਰੀ ਜਾਂ ਮੇਰੇ ਸੁਪਨਿਆਂ ਦੀ। ਮੈਂ ਝੁੰਜਲਾ ਕੇ ਚੇਤੰਨ ਹੋਣਾ ਚਾਹਿਆ, ਪਰ ਸਫਲ ਨਾ ਹੋ ਸਕੀ।

ਅਜੇ ਪੰਜ ਸੱਤ ਮਿੰਟ ਹੀ ਬੀਤੇ ਹੋਣਗੇ ਕਿ ਲੱਗਾ ਜਿਵੇਂ ਉਸ ਲਾਸ਼ ਵਿਚਲਾ ਗਿੱਚਗਿੱਚਾਪਣ ਸਹਿਜੇ ਸਹਿਜੇ ਮੇਰੇ ਤਨ ਮਨ ਵਿਚ ਰਚ ਰਿਹਾ ਹੋਵੇ। ਤਦ ਦਿਲ ਵਿਚ ਆਈ ਕਿ ਬਿਸਤਰੇ ਤੋਂ ਛਾਲ ਮਾਰ ਕੇ ਹੇਠਾਂ ਉੱਤਰੇ ਪਵਾਂ, ਪਰ ਹਿੰਮਤ ਨੇ ਸਾਥ ਨਾ ਦਿੱਤਾ। ਲਾਸ਼ ਦਾ ਰੀਂਗਣਾ ਤੁਹਾਨੂੰ ਜ਼ਰੂਰ ਅਨੋਖੀ ਗੱਲ ਲੱਗ ਸਕਦੀ ਏ, ਪਰ ਮੈਨੂੰ ਨਹੀਂ ਸੀ ਇੰਜ ਭਾਸਿਆ। ਸ਼ਾਇਦ ਗੇੜਾ ਪੈ ਗਿਆ ਸੀ ਜਾਂ ਮੇਰੀ ਮਾਨਸਿਕ ਅਵਸਥਾ ਹੀ ਏਦਾਂ ਦੀ ਬਣ ਗਈ ਸੀ। ਪੱਕਾ ਕੁਛ ਵੀ ਨਹੀਂ ਕਹਿ ਸਕਦੀ। ਵਿਸ਼ਵਾਸ ਨਾਲ ਕੋਈ ਗੱਲ ਕਹਿਣ ਵਾਲੀ ਮੇਰੀ ਅਵਸਥਾ ਹੀ ਨਹੀਂ ਸੀ ਰਹੀ।

ਮੈਂ ਇਸ ਅਹਿਸਾਸ ਵਿਚੋਂ ਲੰਘ ਹੀ ਰਹੀ ਸਾਂ ਕਿ ਲੱਗਾ, ਜਿਵੇਂ ਕਿਸੇ ਮੇਰਾ ਨਾਂ ਲੈ ਕੇ ਹਾਕ ਮਾਰੀ ਹੋਵੇ। ਮੈਂ ਤ੍ਰਭੱਕ ਕੇ ਇਧਰ ਉਧਰ ਵੇਖਿਆ। ਪਰ ਕੋਈ ਨਜ਼ਰ ਨਾ ਆਇਆ। ਮਨ ਦਾ ਭਰਮ ਜਾਣ ਕੇ ਦੁਬਾਰਾ ਅੱਖਾਂ ਮੀਟੀਆਂ ਹੀ ਸਨ ਕਿ ਫਿਰ ਉਹੀ ਆਵਾਜ਼ ਕੰਨੀਂ ਪਈ।

"ਹੈਂ ! ਇਹ ਆਵਾਜ਼ ਅੱਜ ਮੇਰਾ ਪਿੱਛਾ ਕਾਹਤੋਂ ਕਰ ਰਹੀ ਏ ?" ਮੈਂ ਆਪੇ ਤੋਂ ਪੁੱਛਿਆ।

ਅੱਗੋਂ ਕੋਈ ਜੁਆਬ ਨਾ ਮਿਲਿਆ ਤਾਂ ਮੈਂ ਘਸਮੈਲੇ ਜਿਹੇ ਹਨੇਰੇ ਭਰੇ ਕਮਰੇ ਨੂੰ ਘੂਰ ਕੇ ਵੇਖਿਆ। ਜਦ ਕੁਛ ਪੱਲੇ ਨਾ ਪਿਆ ਤਾਂ ਹੈਰਾਨ ਹੋਈ ਨੇ ਕਮਰੇ ਦੇ ਇਸ ਸਿਰੇ ਤੋਂ ਉਸ ਸਿਰੇ ਤਕ ਨਿਗਾਹ ਫੇਰੀ। ਘੁੰਮਦੀ ਘੁਮਾਉਂਦੀ ਨਜ਼ਰ ਜਦ ਕਮਰੇ ਦੀ ਸੱਜੀ ਕੰਧ ਨਾਲ ਟੰਗੀ ਤਸਵੀਰ 'ਤੇ ਪਈ ਤਾਂ ਜਾਪਿਆ, ਜਿਵੇਂ ਉਹਦੇ ਵਿਚਲੀ ਮੁਟਿਆਰ ਉਸਲਵੱਟੇ ਲੈ ਰਹੀ ਹੋਵੇ। ਮੈਂ ਅਚੰਭਿਤ ਹੋਈ ਉਹਦੇ ਵੱਲ ਵੇਖ ਰਹੀ ਸਾਂ ਕਿ ਲੱਗਾ, ਜਿਵੇਂ ਉਹ ਮੁਟਿਆਰ ਕਪੜੇ ਪਾ ਰਹੀ ਹੋਵੇ।

ਉਸ ਕਪੜੇ ਪਾਏ ਤੇ ਮਲਕ ਦੇਣੀ ਹੇਠਾਂ ਉੱਤਰ ਆਈ। ਪਲ ਕੁ ਚੁੱਪਚਾਪ ਥਾਂ ਦੀ ਥਾਂ ਖੜ੍ਹੀ ਰਹੀ ਫਿਰ ਸਹਿਜੇ ਸਹਿਜੇ ਪੈਰ ਪੁੱਟਦੀ ਮੇਰੇ ਵੱਲ ਤੁਰ ਪਈ। ਮੇਰੇ ਸਿਰਹਾਣੇ ਆ ਕੇ ਚੁੱਪਚਾਪ ਖੜ੍ਹ ਗਈ। ਫਿਰ ਮੈਨੂੰ ਵੰਗਾਰਨ ਵਾਂਗ ਘੂਰਨ ਲੱਗ ਪਈ। ਜਦ ਉਹਦੀ ਵੰਗਾਰ ਨੂੰ ਉੱਤਰ ਨਾ ਹੀ ਮਿਲਿਆ ਤਾਂ ਉਹ ਖਿੜ ਖਿੜਾ ਕੇ ਹੱਸ ਪਈ ਤੇ ਹੱਸੀ ਗਈ। ਮੈਂ ਉਸਨੂੰ ਪਛਾਣਨ ਦੀ ਬਥੇਰੀ ਕੋਸ਼ਿਸ਼ ਕੀਤੀ, ਪਰ ਉਹ ਮੇਰੀ ਯਾਦ ਦੇ ਹੱਥਾਂ ਵਿਚੋਂ ਮੱਛੀ ਵਾਂਗ ਤਿਲਕ ਕੇ ਅਹੁ ਜਾਂਦੀ। ਮੈਂ ਉਹਨੂੰ ਚੇਤੇ ਵਿਚ ਫੜਨ ਦਾ ਕਿੰਨਾ ਚਿਰ ਯਤਨ ਕਰਦੀ ਰਹੀ, ਪਰ ਸਫਲ ਨਾ ਹੋਈ। ਅੱਕ ਕੇ ਮੈਂ ਪੁੱਛਿਆ, "ਕੌਣ ਏ ਤੂੰ ?"

"ਪਛਾਣਿਆਂ ਨਹੀਂ ?"

"ਨਹੀਂ।"

"ਧਿਆਨ ਨਾਲ ਦੇਖੋ ?"

ਮੈਨੂੰ ਚੁੱਪ-ਗੜੁੱਪ ਜਿਹੀ ਵੇਖ ਕੇ ਉਹ ਕਹਿਣ ਲੱਗੀ, "ਅਜੇ ਵੀ ਨਹੀਂ ਪਛਾਣ ਸਕੀ ?"

"ਨਹੀਂ।"

"ਮੈਂ ਸਰਜੀਤ ਢਿਲੋਂ ਆਂ।"

"ਸਰਜੀਤ ਢਿਲਨ ਕੌਣ ?"

"ਤੂੰ ਨਹੀਂ ਜਾਣਦੀ, ਸਰਜੀਤ ਢਿਲੋਂ ਨੂੰ!"

"ਨਹੀਂ ?"

"ਬਾਹਲੀ ਮਚਲੀ ਨਾ ਬਣ।"

"ਏਹਦੇ 'ਚ ਮਚਲੇਪਣ ਦੀ ਕਿਹੜੀ ਗੱਲ ਆ ?"

"ਹੋਰ ਕੀ ਆ ਜਦ ਤੂੰ ਚੰਗੀ ਤਰ੍ਹਾਂ ਜਾਣਦੀ ਆਂ ਕਿ ਮੈਂ ਰਜਿੰਦਰ ਢਿਲੋਂ ਦੀ ਵੱਡੀ ਕੁੜੀ, ਸਰਜੀਤ ਆਂ।"

"ਫੇਰ ਮੈਂ ਕੌਣ ਆਂ ?"

"ਏਸ ਬਾਰੇ ਤਾਂ ਤੂੰ ਹੀ ਜਾਣਦੀ ਹੋਏਂਗੀ ਕਿ ਕੌਣ ਆਂ।"

"ਜਾਣਦੀ ਕਰ ਕੇ ਈ ਕਹਿ ਰਹੀ ਆਂ ਕਿ ਮੈਂ ਸਰਜੀਤ ਢਿਲਨ ਆਂ।"

"ਰਤਾ ਸ਼ੀਸ਼ੇ ਨੂੰ ਉਲਟਾ ਕੇ ਦੇਖ।"

ਮੈਂ ਉਸ ਸ਼ੀਸ਼ੇ ਨੂੰ ਘੁਮਾ ਕੇ ਵੇਖਿਆ ਤਾਂ ਮੇਰੇ ਮੂੰਹੋਂ ਆਪਣੇ ਆਪ ਨਿਕਲ ਗਿਆ, "ਹੈਂ! ਤੂੰ ਤਾਂ ਸੱਚੀ ਈ ਸਰਜੀਤ ਢਿਲੋਂ ਆਂ।"

"ਆਈ ਸਮਝ ?"



"ਆ ਤਾਂ ਗਈ ਆ, ਪਰ ਹੁਣ ਕਰਨ ਕੀ ਆਈ ਆਂ, ਤੂੰ ਐਥੇ ?"

"ਕਿਉਂ ?"

"ਜਦ ਚਿੜੀਆਂ ਖੇਤ ਈ ਚੁਗ ਗਈਆਂ ਤਾਂ ਤੇਰੇ ਔਣ ਦਾ ਕੀ ਮਤਲਬ ਰਹਿ ਗਿਆ ਸੀ ?"

"ਮੈਂ ਤਾਂ ਹਮੇਸ਼ਾ ਤੇਰੇ ਨਾਲ ਰਹੀ ਆਂ, ਪਰ ਤੂੰਈਓਂ ਮੈਨੂੰ ਪਰ੍ਹਾਂ ਪਰ੍ਹਾਂ ਧੱਕਦੀ ਰਹੀ ਆਂ। ਉਸ ਘਟਨਾ ਤੋਂ ਬਾਅਦ ਤਾਂ ਮੈਂ ਵਿਹੁ ਦਿਖਾਲੀ ਦੇਣ ਲੱਗ ਪਈ ਸੀ, ਨਹੀਂ ?"

"ਕਿਹੜੀ ਘਟਨਾ ਤੋਂ ?"

"ਭੁੱਲ ਗਈ ਆਂ ?"

"ਹਾਂ ?"

"ਇਕ ਸ਼ਾਮੀ ਜਦ ਵਿਲਸਨ ਗਰੀਨ ਸੜਕ ਦੇ ਕੋਨੇ 'ਤੇ ਖੜ੍ਹੀ ਗਾਹਕ ਲੱਭ ਰਹੀ ਸੀ ਤੇ ਮੇਰੇ ਕੋਲੋਂ ਦੀ ਜਦ ਕਾਰ ਵਿਚ ਮਾਸਟਰ ਮਦਨ ਮੋਹਨ ਲੰਘਿਆ ਸੀ। ਉਸ ਤੈਨੂੰ ਕੁਛ ਕੁਛ ਪਛਾਣ ਤਾਂ ਲਿਆ ਸੀ, ਪਰ ਪੱਕ ਕਰਨ ਲਈ ਕਾਰ ਪਿਛਲਖੁਰੀ ਤੇਰੇ ਵੱਲ ਮੋੜ ਲਈ ਸੀ, ਤੈਨੂੰ ਪਛਾਣ ਕੇ ਬੁੜਬੁੜ ਕਰਦੇ ਤੋਂ ਇੰਨਾ ਐਸਕਲੇਟਰ ਦੱਬਿਆ ਗਿਆ ਸੀ ਕਿ ਕਾਰ ਦੀਆਂ ਚੀਕਾਂ ਨਿਕਲ ਗਈਆਂ ਸਨ।"

"ਤੈਨੂੰ ਕਿੱਦਾਂ ਪਤਾ ਏ, ਏਸ ਗੱਲ ਦਾ ?"

"ਦੂਜੇ ਦਿਨ ਸਕੂਲ ਆਈ ਨੂੰ ਉਸ ਦਫਤਰ ਸੱਦ ਕੇ ਪੁੱਛਿਆ ਨਹੀਂ ਸੀ ਬਈ ਕੱਲ੍ਹ ਸ਼ਾਮੀਂ ਫਲਾਣੀ ਥਾਂ 'ਤੇ ਖੜ੍ਹੀ ਕੀ ਕਰਦੀ ਸੀ ? ਥਾਂ ਦਾ ਨਾਂ ਸੁਣਦੀ ਹੀ ਥਰ ਥਰ ਕੰਬਣ ਨਹੀਂ ਸੀ ਲੱਗ ਪਈ, ਤੂੰ। ਠੀਕ ਕਹਿ ਰਹੀ ਆਂ ਨਾ, ਮੈਂ ?"

"ਹਾਂ।"

"ਜਦ ਡਰ ਮਾਰੀ ਫੇਂਟ ਹੋ ਕੇ ਡਿੱਗਣ ਲੱਗੀ ਸੀ ਤਾਂ ਉਹ ਅੱਗੇ ਵਧਿਆ ਤੇ ਤੈਨੂੰ ਸੰਭਾਲ ਕੇ ਕੁਰਸੀ 'ਤੇ ਬਿਠਾ ਦਿੱਤਾ ਸੀ, ਨਹੀਂ ? ਫੇਰ ਤੇਰੇ ਮੂੰਹ 'ਤੇ ਠੰਢੇ ਪਾਣੀ ਦੇ ਛਿੱਟੇ ਮਾਰੇ ਸਨ ਤਾਂ ਕਿਤੇ ਤੈਨੂੰ ਸੁਰਤ ਆਈ ਸੀ। ਚੇਤਾ ਹੈ ਨਾ ?"

"..................।"

"ਹੁਣ ਦੰਦਲ ਪੈ ਗਈ ?"

"ਆਹੋ।"

"ਆਹੋ ਕਹਿਣ ਨਾਲ ਤਾਂ ਛੁਟਕਾਰਾ ਨਹੀਂ ਹੋਣ ਲੱਗਾ ਤੇਰਾ ?"

"ਹੋਰ ਕਿੱਦਾਂ ਹੋਊ ?"

"ਮੇਰੇ ਸੁਆਲ ਦਾ ਉੱਤਰ ਦੇ।"

"ਤੂਈਓਂ ਦੱਸ ਦੇ।"

"ਤੈਨੂੰ ਸ਼ਰਮ ਔਂਦੀ ਆ ?"

"ਹਾਂ।"

"ਓਦੋਂ ਤਾਂ ਟੀਚਰ ਮੂਹਰੇ ਤੋਬਾ ਪਰੋਸ ਕੇ ਰੱਖ ਦਿੱਤੀ ਸੀ। ਉਹਦੇ ਕੋਲੋਂ ਸ਼ਾਬਾਸ਼ ਦਾ ਤਗਮਾਂ ਵੀ ਗਲ ਪੁਆ ਲਿਆ ਸੀ। ਪਰ ਦੂਜੀ ਸ਼ਾਮ ਨੂੰ ਫੇਰ ਉਥੇ ਜਾ ਖਲੋਤੀ ਸੀ, ਨਹੀਂ ?"

"ਹੋਰ ਕੀ ਕਰਦੀ ?"
"ਕਿਉਂ, ਏਦਾਂ ਦੀ ਕਿਹੜੀ ਮਜ਼ਬੂਰੀ ਸੀ ?"
"ਮਜ਼ਬੂਰੀ ਦਾ ਤੈਨੂੰ ਨਹੀਂ ਪਤਾ ?"
"ਆਪਣਾ ਖਰਚ ਕਿਥੋਂ ਚਲੌਂਦੀ ?"
"ਹਾਂ।"
"ਘਰੋਂ ਨਹੀਂ ਸੀ ਮਿਲਦਾ ਜੇਬ ਖਰਚ ?"
"ਮਿਲਦਾ ਤਾਂ ਸੀ।"
"ਫੇਰ ?"
"ਫੇਰ ਬਾਰੇ ਤੂੰ ਅਣਜਾਣ ਏਂ ?"
"ਨਾ ਕਰਿਆ ਕਰਦੀ ਅਮੀਰਜ਼ਾਦੀਆਂ ਵਾਂਗ ਖਰਚ ?"
"ਕਰਦੀ ਕਿੱਦਾਂ ਨਾ ?"
"ਕਿਉਂ ? ਏਦਾਂ ਦੀ ਕੀ ਗੱਲ ਸੀ ?"
"ਓਸ ਕੁੱਤੇ ਨੇ ਆਦਤਾਂ ਨਹੀਂ ਸੀ ਪੁਆ ਦਿੱਤੀਆਂ ਅਮੀਰਜ਼ਾਦੀਆਂ ਆਲੀਆਂ ?"
"ਤੂੰ ਆਪ ਵੀ ਤਾਂ ਚਾਹੁੰਦੀ ਸੀ ?"
"ਹਵਾ ਦੇ ਪਰਾਂ 'ਤੇ ਜੁ ਚੜ੍ਹ ਗਈ ਸੀ।"
"ਓਹ ਕਿੱਦਾਂ ?"
"ਤੈਨੂੰ ਨਹੀਂ ਪਤਾ ?"
"ਨਹੀਂ।"
"ਐਵੀਂ ਨਾ ਚਾਰ ਮੈਨੂੰ।"
"ਏਹਦੇ 'ਚ ਚਾਰਨ ਆਲੀ ਕੇਹੜੀ ਗੱਲ ਆ ?"
"ਹੋਰ ਆਹ ਕੀ ਆ ਜਦ ਕਿ ਤੈਨੂੰ ਚੰਗਾ ਭਲਾ ਪਤਾ ਆ ਬਈ ਖੰਭ ਨਿਕਲਣੋਂ ਪਹਿਲਾਂ ਈ ਉਸ ਉਡਾਰੀ ਭਰਾ ਦਿੱਤੀ ਸੀ।"
"ਕਿਹਨੇ ? ਜੈਕਸਨ ਨੇ ?"
"ਜੈਕਸਨ ਨੇ ਵੀ ਤੇ ਉਹਦੇ ਪਿੱਛੇ ਖਲੋਤੇ ਨੇ ਵੀ।"
"ਉਨ੍ਹਾਂ ਨੂੰ ਕੀ ਲਾਲਚ ਸੀ ?"
"ਸਾਡੇ ਸਿਰ 'ਤੇ ਈ ਤਾਂ ਉਹ ਹਰਾਮੀ ਜੀਂਦੇ ਆ, ਨਹੀਂ ?"
"ਉਹ ਕਿੱਦਾਂ ?"
"ਤੈਨੂੰ ਕਿਹੜਾ ਪਤਾ ਨਈਂ ?"
"ਨਹੀਂ, ਮੈਨੂੰ ਨਹੀਂ ਪਤਾ, ਕਿਸੇ ਗੱਲ ਦਾ।"
"ਸਾਡੀ ਤਕਰੀਬਨ ਸਾਰੀ ਕਮਾਈ ਜੈਕਸਨ ਦੀ ਜੇਬ੍ਹ 'ਚ ਈ ਜਾਂਦੀ ਸੀ ? ਓਦਾਂ ਜੇ ਗਹੁ ਨਾਲ ਦੇਖਿਆ ਜਾਏ, ਜੈਕਸਨ ਤਾਂ ਉਹਦਾ ਮੋਹਰਾ ਈ ਆ।"
"ਉਹ ਕੌਣ ਆਂ ?"
"ਹੈਗਾ ਇਕ।"



"ਤਦ ਵੀ ?"
"ਫੇਰ ਦੱਸਾਂਗੀ ?"
"ਫੇਰ ਕਦ ?"
"ਮੌਕਾ ਔਣ 'ਤੇ।"
"ਫੇਰ ਡਰੱਗ ਕਾਹਦੇ ਨਾਲ ਔਣੀ ਸੀ, ਹੈਣਾ ?"
"ਏਸ ਰਾਹੇ ਵੀ ਤਾਂ ਉਸੇ ਪਾਇਆ ਸੀ।"
"ਹੂੰ.....। ਤੁਸੀਂ ਨਾ ਦਿੰਦੀਆਂ ਆਪਣੀ ਕਮਾਈ ?"
"ਦਿੰਦੀਆਂ ਕਿੱਦਾਂ ਨਾ ?"
"ਕਿਉਂ ?"
"ਅਗਲਾ ਲੈ ਲੈਂਦਾ ਸੀ।"
"ਮੱਲੋਮੱਲੀ ?"
"ਹਾਂ।"
"ਮੱਲੋਮੱਲੀ ਕਿੱਦਾਂ ?"
"ਕੁੱਟ ਮਾਰ ਕਰ ਕੇ।"
"ਬੜੀ ਅਜੀਬ ਗੱਲ ਆ ?"
"ਅਨੋਖੀ ਕਿੱਦਾਂ ?"
"ਤੁਸੀਂ ਐਨੀਆਂ ਤੇ ਉਹ ਕੱਲਾ। ਫੇਰ ਵੀ ਕੁੱਟ ਲੈਂਦਾ ਸੀ !"
"ਪੁਲਸ ਨੂੰ ਕਿੱਦਾਂ ਦੱਸ ਸਕਦੀਆਂ ਸੀ।"
"ਕੀ ਗੱਲ ਸੀ ?"
"ਉਹ ਵੀ ਉਹਦੇ ਹੀ ਰਖਵਾਲੇ ਆ ?"
"ਹੂੰ....।"
"ਨਾਲੇ ਮਜ਼ਬੂਰੀ ਵੀ ਤਾਂ ਸੀ ?"
"ਕਾਹਦੀ ਮਜ਼ਬੂਰੀ ?"
"ਉਹਦੇ ਬਾਰੇ ਤੂੰ ਚੰਗਾ ਭਲਾ ਜਾਣਦੀ ਆਂ ?"
"ਆਪਣੀਆਂ ਆਦਤਾਂ ਦੀ ਪੂਰਤੀ ਕਰਨ ਦੀ ?"
"ਹਾਂ। ਨਾਲੇ ਉਹਦੇ ਕੋਲ ਸਾਡੀਆਂ ਨੰਗੀਆਂ ਤਸਵੀਰਾਂ ਵੀ ਤਾਂ ਸਨ ?"
"ਤਸਵੀਰਾਂ ਸਨ ਤਾਂ ?"
"ਉਸ ਤਸਵੀਰਾਂ ਘਰਦਿਆਂ ਨੂੰ ਘੱਲ ਦੇਣੀਆਂ ਸਨ।"
"ਤਾਂ ਡਰਦੀਆਂ ਨੇ ਜ਼ਿੰਦਗੀ ਨਰਕ ਬਣਾ ਲਈ ?"
"ਪਹਿਲਾਂ ਪਹਿਲ ਤਾਂ ਏਹੀ ਗੱਲ ਸੀ। ਫੇਰ ਹੌਲੀ ਹੌਲੀ ਆਦਤ ਪੈ ਗਈ।"
"ਹੋਰ ਕੌਣ ਕੌਣ ਆ, ਤੇਰੇ ਨਾਲ ?"
"ਕਈ ਆ।"
"ਕੌਣ ਕੌਣ ?"

"ਬਾਹਲੀਆਂ ਤਾਂ ਅੱਖੋਂ ਪਰੋਖੇ ਰਹਿੰਦੀਆਂ ਨੇ, ਪਰ ਪੁਰਾਣੀਆਂ ਸਹੇਲੀਆਂ ਅਕਸਰ ਮਿਲਦੀਆਂ ਰਹਿੰਦੀਆਂ ਨੇ।"

"ਪੁਰਾਣੀਆਂ ਕੌਣ ਕੌਣ ਆ?"

"ਜਿਨ੍ਹਾਂ ਨੂੰ ਏਸ ਕੰਜਰ ਨੇ ਸਕੂਲੋਂ ਪੁੱਟਿਆ ਸੀ?"

"ਸਕੂਲੋਂ ਕਿੱਦਾਂ ਪੁੱਟਿਆ ਸੀ?"

"ਝਿਲਮਿਲੌਂਦੀਆਂ ਨੀਲੱਤਣਾਂ ਦਿਖਾ ਕੇ।"

"ਸਾਰੀਆਂ ਈ ਇੰਡੀਅਨ ਆਂ?"

"ਨਹੀਂ। ਤਿੰਨ ਗੋਰੀਆਂ ਦੇ ਜਮੀਕਣਾਂ 'ਤੇ ਛੇਵੀਂ ਮੈਂ ਆਂ।"

"ਤੁਸੀਂ ਇਹ ਨਾ ਸੋਚਿਆ ਕਿ ਇਹ ਉਹਦੀਆਂ ਗਿੱਦੜ-ਭੱਬਕੀਆਂ ਆਂ?"

"ਗਿੱਦੜ-ਭੱਬਕੀਆਂ ਕਿੱਦਾਂ?"

"ਉਹ ਏਦਾਂ ਕਿੱਦਾਂ ਕਰ ਸਦਾ ਸੀ?"

"ਕਿਉਂ ਨਹੀਂ ਸੀ ਕਰ ਸਕਦਾ?"

"ਉਹਨੇ ਜੇਲ੍ਹ ਜਾਣਾ ਸੀ?"

"ਜੇਲ੍ਹ ਕਿੱਦਾਂ?"

"ਉਹ ਨਬਾਲਗ ਕੁੜੀਆਂ ਤੋਂ ਏਹ ਧੰਦਾ ਕਿੱਦਾਂ ਕਰਾ ਸਕਦਾ ਸੀ?"

"ਕੀ ਗੱਲ?"

"ਇਹ ਧੰਦਾ ਗੈਰਕਾਨੂੰਨੀ ਆ, ਨਹੀਂ?"

"ਕਾਨੂੰਨ ਦੀ ਨਿਗਾਹ 'ਚ ਤਾਂ ਠੀਕ ਈਲੀਗਲ ਆ, ਪਰ ਕਾਨੂੰਨ ਤਕ ਜਾਣ ਕੌਣ ਦਿੰਦਾ ਆ।"

"ਕਿਉਂ ਜਾਣ ਨੂੰ ਕੀ ਗੱਲ ਆ?"

"ਰਾਹ 'ਚ ਮਗਰਮੱਛੇ ਥੋੜ੍ਹੇ ਆ? ਨਾਲੇ ਅਗਲਿਆਂ ਨੇ ਮਾਰ ਮਾਰ ਤੂੰਬੇ ਨਹੀਂ ਸੀ ਉਡਾ ਦੇਣੇ ਸਾਡੇ।"

"ਮਾਰ ਕੁਟਾਈ ਦੀ ਕੰਪਲੇਂਟ ਹੋ ਸਕਦੀ ਸੀ?"

"ਹੋ ਤਾਂ ਸਕਦੀ ਸੀ।"

"ਫੇਰ?"

"ਸ਼ਿਕਾਇਤ ਕਰ ਕੇ ਰਹਿਣਾ ਕਿੱਥੇ ਸੀ?"

"ਰਹਿਣ ਨੂੰ ਕੀ ਗੱਲ ਸੀ?"

"ਤੈਨੂੰ ਨਹੀਂ ਪਤਾ?"

"ਨਹੀਂ।"

"ਮਗਰਮੱਛ ਨਾਲ ਵੈਰ ਪਾ ਕੇ ਨਦੀ 'ਚ ਕਿੱਦਾਂ ਕਿਹਾ ਜਾ ਸਕਦੈ?"

"ਜੇ ਮਾਪਿਆਂ ਨਾਲ ਲੜ ਕੇ ਘਰ ਨਾ ਛੱਡਦੀ ਤਾਂ ਚੰਗੀ ਨਾ ਰਹਿੰਦੀ? ਕਿੰਨੇ ਤਰਲੇ ਕੀਤੇ ਸੀ, ਮਾਂ ਨੇ? ਆਪਣੀ ਚੁੰਨੀ ਦੇ ਈ ਨਹੀਂ, ਬਾਪ ਦੀ ਪੱਗ ਦੇ ਵਾਸਤੇ ਵੀ ਪਾਏ ਸੀ ਵਿਚਾਰੀ ਨੇ, ਨਹੀਂ?"



"ਪਾਏ ਤਾਂ ਜ਼ਰੂਰ ਸੀ।"

"ਫੇਰ?"

"ਇਕ ਜੁਆਨੀ ਦਾ ਨਸ਼ਾ ਸੀ ਤੇ ਦੂਜਾ ਓਸ ਕੰਜਰ ਨੇ ਅੱਖਾਂ ਅੱਗੇ ਝਿਲਮਿਲ-ਝਿਲਮਿਲ ਕਰਦੀ ਦੁਨੀਆਂ ਵਿਛਾਈ ਹੋਈ ਸੀ। ਛੱਡਦੀ ਕਿੱਦਾਂ ਨਾ?"

"ਅਜੇ ਵੀ ਸੰਭਲਣ ਦਾ ਵਕਤ ਆ। ਸੰਭਾਲ ਆਪਣੇ ਆਪ ਨੂੰ।"

"ਹੁਣ ਕਿੱਦਾਂ ਸੰਭਲ ਸਕਦੀ ਆਂ?"

"ਕਿਉਂ?"

"ਸੰਭਲਣ ਲਈ ਆਸਰਾ ਚਾਹੀਦਾ ਏ, ਨਹੀਂ?"

"ਲੈ ਫੜ ਬਾਂਹ, ਮੇਰੀ।"

"ਹੁਣ ਤੇਰੀ ਬਾਂਹ ਕਿੱਦਾਂ ਫੜ ਸਕਦੀ ਆਂ?"

"ਕਿਉਂ?"

"ਤੂੰ ਐਥੇ ਖੜੀ ਆਂ, ਮੈਂ ਇਥੇ ਆਂ ਵਿਚਕਾਰ ਉਹ ਖੜ੍ਹਾ ਏ?"

"ਉਹ ਕੌਣ?"

"ਜਿਹੜਾ ਤੈਨੂੰ, ਮੈਨੂੰ ਤੇ ਜੈਕਸਨ ਸਭ ਨੂੰ ਨਚੌਂਦਾ ਤੇ ਕੰਟਰੋਲ ਕਰਦਾ ਏ ਅਤੇ ਝਿਲਮਿਲਾਉਂਦੀਆਂ ਵੰਨ-ਸੁਵੰਨੀਆਂ ਨੀਲੱਤਣਾਂ ਵਿਖਾ ਕੇ ਏਸ ਰਾਹੇ ਪੌਂਦਾ ਏ।"

"ਐਵੀਂ ਨਾ ਢੇਰੀ ਢਾਹੀ ਜਾ। ਲੈ ਫੜ ਬਾਂਹ, ਮੇਰੀ?"

"ਲਿਆ, ਫੜਾ ਫੇਰ।" ਕਹਿ ਕੇ ਜਦ ਮੈਂ ਉਹਦੇ ਵੱਲ ਹੱਥ ਵਧਾਇਆ ਤਾਂ ਹੱਥ ਉਂਜ ਦਾ ਉਂਜ ਹਵਾ ਵਿਚ ਲਟਕਦਾ ਰਹਿ ਗਿਆ। ਝਟਕਾ ਲੱਗਣ 'ਤੇ ਮੈਂ ਅੱਖਾਂ ਖੋਲ੍ਹ ਕੇ ਸਾਹਮਣੇ ਵੇਖਿਆ। ਕਮਰੇ ਵਿਚ ਚਿੜੀ-ਪਰਿੰਦਾ ਵੀ ਨਹੀਂ ਸੀ।

ਮੈਂ ਉਸੇ ਤਰ੍ਹਾਂ ਮੰਜੇ 'ਤੇ ਗੁੱਛੂ-ਮੁੱਛੂ ਹੋਈ ਪਈ ਸਾਂ। ਹੈਰਾਨ ਪ੍ਰੇਸ਼ਾਨ ਹੋਈ ਦੀ ਨਜ਼ਰ ਜਦ ਕਮਰੇ ਦੀ ਸੱਜੀ ਕੰਧ ਨਾਲ ਫਰੇਮ-ਜੜੀ ਆਪਣੀ ਫੋਟੋ 'ਤੇ ਪਈ ਤਾਂ ਮੇਰੀਆਂ ਆਪਣੇ ਆਪ ਅੱਖਾਂ ਝੁੱਕ ਗਈਆਂ। ਕਈ ਸਾਲਾਂ ਦੀ ਪੁਰਾਣੀ ਤੇ ਰੰਗੋਂ ਬੇਰੰਗ ਹੋਈ ਆਪਣੀ ਫੋਟੋ ਦੀ ਵੀ ਮੈਂ ਤਾਬ ਨਾ ਝੱਲ ਸਕੀ।

**— ਦਰਸ਼ਨ ਸਿੰਘ ਧੀਰ**

# ਮਨੁੱਖੀ ਰਿਸ਼ਤਿਆਂ ਦਾ ਦੁਖਾਂਤ

ਵੀਹ ਕੁ ਵਰ੍ਹੇ ਪਹਿਲਾਂ ਦੀ ਗੱਲ ਏ, ਮੇਰੇ ਇਕ ਮਿੱਤਰ ਸਰਦਾਰ ਇੰਦਰ ਸਿੰਘ, ਮੈਨੇਜਿੰਗ ਡਾਇਰੈਕਟਰ, ਪ੍ਰੈਸਟੋ ਲਾਈਟ ਕੰਪਨੀ, ਲਿਮਟਿਡ, ਮੈਨੂੰ ਮਿਲਣ ਆਏ ਤਾਂ ਪੂੰਜੀਵਾਦੀ ਸੱਭਿਅਤਾ ਦੀ ਉੱਨਤੀ ਬਾਰੇ ਚਰਚਾ ਚੱਲਦੀ ਰਹੀ। ਉਹ ਸੱਭਿਅਤਾ ਬਾਰੇ ਮੇਰੇ ਕੋਲੋਂ ਕਿਤੇ ਵੱਧ ਨੁਕਤਾਚੀਨ ਸਨ। ਗੱਲਾਂ ਗੱਲਾਂ ਵਿਚ ਉਨ੍ਹਾਂ ਨੇ ਦੱਸਿਆ ਕਿ ਪਿਛੇ ਜਿਹੇ ਉਹ ਇਸ ਉੱਘੀ ਕੰਪਨੀ ਦੇ ਕਾਰਜ ਦੇ ਸਿਲਸਿਲੇ ਵਿਚ ਅਮਰੀਕਾ ਗਏ ਹੋਏ ਸਨ ਤਾਂ ਉਥੇ ਇਹ ਮਾਂ-ਕੰਪਨੀ ਦੇ ਮੈਨੇਜਿੰਗ ਡਾਇਰੈਕਟਰ ਨਾਲ ਇਕ ਸ਼ਹਿਰ ਤੋਂ ਦੂਜੇ ਸ਼ਹਿਰ ਜਾ ਰਹੇ ਸਨ ਤਾਂ ਰਸਤੇ ਵਿਚ ਇਕ ਥਾਂ ਉਸਨੇ ਵੱਡੀ ਸੜਕ ਛੱਡ ਕੇ ਇਕ ਟੋਟਾ ਫੜ ਲਿਆ ਜਿਹੜਾ ਉਹਦੇ ਫਾਰਮ ਨੂੰ ਜਾਂਦਾ ਸੀ। ਅੱਜ ਉਹ ਮੈਨੂੰ ਆਪਣਾ 'ਕੰਟਰੀ ਹਾਊਸ' ਵਿਖਾਉਣ ਲਈ ਏਧਰ ਮੁੜਿਆ ਸੀ। ਉਹਦਾ ਫਾਰਮ ਹਾਊਸ ਆਇਆ। ਅਸੀਂ ਉਹਦੇ 'ਕਾਟੇਜ' ਵਿਚ ਪ੍ਰਵੇਸ਼ ਕੀਤਾ। ਨੌਕਰ-ਚਾਕਰ ਸਨ। ਮਾਲੀ ਸੀ। ਇਕ ਬੁੱਢਾ ਆਦਮੀ ਸੋਟੀ ਦੇ ਆਸਰੇ, ਟੋਹ ਟੋਹ ਕੇ, ਤੁਰ ਰਿਹਾ ਸੀ ਤੇ ਸਿਗਰਟ ਪੀ ਰਿਹਾ ਸੀ। ਮੈਂ ਸਮਝ ਗਿਆ, ਉਹ ਅੰਨ੍ਹਾ ਸੀ। ਮੇਰੀ ਉਤਸੁਕਤਾ ਜਾਗੀ ਤੇ ਮੈਂ ਪੁੱਛੇ ਬਿਨਾਂ ਨਾ ਰਹਿ ਸਕਿਆ ਕਿ ਇਹ ਬਜ਼ੁਰਗ ਕੌਣ ਹਨ। ਉਨ੍ਹਾਂ ਦੱਸਿਆ, ਮੇਰੇ ਪਿਤਾ ਹਨ। ਮੈਂ ਹੋਰ ਹੈਰਾਨ ਹੁੰਦਿਆਂ ਕਹਿ ਬੈਠਾ, ਤੁਸੀਂ ਇਨ੍ਹਾਂ ਨੂੰ ਆਪਣੇ ਕੋਲ ਸ਼ਹਿਰ ਵਿਚ ਕਿਉਂ ਨਹੀਂ ਲੈ ਜਾਂਦੇ ? ਉਹਨੇ ਬਿਨਾਂ ਜਜ਼ਬਾਤੀ ਹੋਇਆਂ ਸਹਿਜ-ਭਾ ਕਿਹਾ, "ਮਿਸਟਰ ਸਿੰਘ, ਮੈਂ ਤਾਂ ਉਸ ਵਕਤ ਦੀ ਉਡੀਕ ਵਿਚ ਹਾਂ, ਇਹਨਾਂ ਹੱਥੋਂ ਸਿਗਰਟ ਡਿਗੇ ਤੇ ਅੱਗ ਲੱਗ ਕੇ ਸਭ ਕਾਸੇ ਨਾਲ ਇਹ ਵੀ ਚੱਲ ਵਸਣ।"

ਇਕ ਏਡਾ ਵੱਡਾ ਤੇ ਧਨਾਢ ਆਦਮੀ ਆਪਣੇ ਪਿਉ ਬਾਰੇ ਇਹ ਦੁਰਬਚਨ ਬੋਲ ਰਿਹਾ ਸੀ : ਵੱਡਾ ਤੇ ਧਨਾਢ ਹੀ ਨਹੀਂ, ਇਕ ਸਾਊ ਤੇ ਕਲਚਰਡ ਅਮਰੀਕਨ।

ਆਪਣੇ ਸਿਆਣੇ ਤੇ ਸੁਲਝੇ ਹੋਏ ਮਿੱਤਰ ਦੇ ਮੂੰਹੋਂ ਸੁਣੀ ਸੀ ਇਹ ਗੱਲ ! ਮੰਨਣੀ ਹੀ ਸੀ। ਮੇਰੀ ਹੈਰਾਨੀ ਨੂੰ ਭਾਂਪਦਿਆਂ ਉਹ ਇਹ ਕਹਿਣ ਲੱਗੇ, 'ਸਹਿਰਾਈ ਸੀ, ਅਮਰੀਕਾ ਦੀ ਗੱਲ ਛੱਡੋ, ਇਥੇ, ਖੁਦ ਸਾਡੇ ਆਪਣੇ ਦੇਸ਼ ਵਿਚ ਉਸੇ ਤਰ੍ਹਾਂ ਦੇ ਰਿਸ਼ਤੇ ਬਣਦੇ ਜਾ ਰਹੇ ਹਨ। ਉਨ੍ਹਾਂ ਦਾ ਮਤਲਬ ਸੀ, ਰਿਸ਼ਤਿਆਂ ਵਿਚ ਕੋਈ ਅਪਣੱਤ ਤੇ ਨਿੱਘ ਨਹੀਂ ਰਿਹਾ। ਪਿਆਰ ਨਾਂ ਦੀ ਚੀਜ਼ ਕੋਈ ਨਹੀਂ, ਬੱਸ 'ਅਰੇਂਜਮੈਂਟ' ਹੈ। ਇਹ ਸ਼ਬਦ 'ਅਰੇਂਜਮੈਂਟ' ਮੇਰੇ ਮਿੱਤਰ ਦਾ ਬੋਲਿਆ ਹੋਇਆ ਹੈ ਤੇ ਸਾਡੇ ਉਪਰਲੇ ਤਬਕੇ ਦੇ ਲੋਕਾਂ ਦੇ ਸੰਬੰਧਾਂ ਨੂੰ ਦਰਸਾਂਦਾ ਹੈ। ਇਸੇ ਸਿਲਸਿਲੇ ਵਿਚ ਉਨ੍ਹਾਂ ਨੇ ਇਕ ਦੋ ਉੱਚੇ ਧਨਾਢ ਖਾਨਦਾਨਾਂ ਦੇ ਨਾਂ ਵੀ ਲਏ।

ਹੁਣ ਜਦੋਂ ਮੈਂ ਇਹ ਲੇਖ ਲਿਖਣ ਬੈਠਾ ਤਾਂ ਖੁਦ ਮੇਰੇ ਹਲਕੇ ਵਿਚ ਵਾਪਰੀਆਂ ਅਨੇਕਾਂ ਘਟਨਾਵਾਂ ਯਾਦ ਆ ਰਹੀਆਂ ਹਨ, ਜਿਹੜੀਆਂ ਇਸ ਤਰ੍ਹਾਂ ਦੇ ਰਿਸ਼ਤਿਆਂ ਉੱਤੇ ਚਾਨਣਾ ਪਾਉਂਦੀਆਂ ਹਨ ਜਿਨ੍ਹਾਂ ਨੂੰ ਮੈਂ ਆਪਣੇ ਲੇਖਾਂ ਵਿਚ, ਵਸਤਾਂ ਵਿਚਲੇ, ਜਿਨਸਾਂ ਵਿਚਲੇ ਰਿਸ਼ਤੇ



ਆਖਦਾ ਰਿਹਾ ਹਾਂ।

ਮੇਰੇ ਇਕ ਮਿੱਤਰ ਦਾ ਲੜਕਾ ਮੇਰੇ ਇਕ ਦੂਜੇ ਮਿੱਤਰ ਨਾਲ ਬੈਠਾ 'ਪੀ' ਰਿਹਾ ਸੀ, ਤੇ ਆਪਣੇ ਪਿਉ ਦੀ ਕੰਜੂਸੀ ਦਾ ਰੋਣਾ ਵੀ ਰੋ ਰਿਹਾ ਸੀ। ਮੇਰੇ ਦੂਜੇ ਮਿੱਤਰ ਦੇ ਮੁੰਡੇ ਨੇ ਕਿਹਾ, 'ਕੀ ਹੋਇਆ, ਯਾਰ, ਇਕਲੌਤਾ ਪੁੱਤਰ ਏ, ਸਾਰਾ ਜੋੜਿਆ ਤੈਨੂੰ ਹੀ ਮਿਲਣਾ ਹੈ। ਉਹ ਅੱਗੋਂ ਬੋਲਿਆ, ਜਦੋਂ ਇਨ੍ਹਾਂ ਟੁਰਨਾ ਹੈ, ਉਦੋਂ ਮੈਂ ਕੀ ਕਰਨਾ ਏ ਇਹ ਪੈਸਾ, ਖਰਚਣ ਖਾਣ ਦੀ ਉਮਰ ਤਾਂ ਅੱਜ ਏ। ਤੇ ਭਾਣਾ ਕੀ ਵਰਤਿਆ ? ਤੀਜੇ ਦਿਨ ਉਹਦਾ ਪਿਉ ਇਕ ਛੋਟੇ ਜਿਹੇ ਹਾਦਸੇ ਵਿਚ ਮਰ ਗਿਆ, ਤੇ ਇਸ 'ਸਪੁੱਤਰ' ਨੂੰ ਪਿਉ ਦੇ ਪੈਸੇ ਲਈ ਬਹੁਤੇ ਸਾਲ ਉਡੀਕਣਾ ਨਾ ਪਿਆ। ਇਕ ਹੋਰ ਸੱਜਣ ਮੇਰੇ ਮਿੱਤਰ ਨੂੰ ਸੁਣਾ ਰਹੇ ਸਨ, 'ਅਸੀਂ ਛੇ ਭਰਾ ਹਾਂ, ਸਭ ਆਪੋ ਆਪਣੇ ਕੰਮਾਂ 'ਤੇ ਲੱਗੇ ਹੋਏ ਹਨ। ਮਾਂ ਸਾਡੀ ਗਾਂਧੀ ਨਗਰ ਇਕੱਲੀ ਰਹਿੰਦੀ ਹੈ। ਬਾਕੀ ਤਾਂ ਕੋਈ ਉਹਨੂੰ ਮਿਲਣ ਤੱਕ ਨਹੀਂ ਜਾਂਦਾ, ਬੱਸ ਮੈਂ ਤੇ ਮੇਰੀ ਘਰਵਾਲੀ ਕਦੇ-ਕਦੇ ਮਿਲ ਆਉਂਦੇ ਹਾਂ। ਉਹ ਇਕ ਤਰ੍ਹਾਂ ਨਾਲ ਬਾਕੀ ਭਰਾਵਾਂ ਦੇ ਟਾਕਰੇ ਉੱਤੇ ਆਪਣੀ ਪ੍ਰਸੰਸਾ ਕਰ ਰਿਹਾ ਸੀ ਕਿ ਜੇ ਮਾਂ ਦਾ ਕਿਸੇ ਨੂੰ ਖਿਆਲ ਹੈ ਤਾਂ ਉਹਨੂੰ ਹੀ ਹੈ। ਉਹਦੇ ਚਲੇ ਜਾਣ ਪਿੱਛੋਂ ਮੇਰੇ ਮਿੱਤਰ ਨੇ ਦੱਸਿਆ ਕਿ ਇਹਦੀ ਮਾਂ ਇਕ ਕੋਠੜੀ ਵਿਚ ਰਹਿੰਦੀ ਹੈ। ਅੰਨ੍ਹੀ ਹੈ, ਗਲੀ ਦੀ ਨੁੱਕੜ ਉਤੇ ਢਾਬੇ ਦਾ ਮਾਲਕ 'ਮੁੰਡੂ' ਹੱਥ ਚਾਹ ਤੇ ਰੋਟੀ ਉਹਨੂੰ ਭੇਜ ਛੱਡਦਾ ਹੈ।

ਇਸ ਤਰ੍ਹਾਂ ਦੇ ਅਣਮਨੁੱਖੀ ਵਰਤਾਉ ਦੀਆਂ ਅਨੇਕਾਂ ਉਦਾਹਰਣਾਂ ਹਨ, ਪਰ ਭੀਸ਼ਮ ਸਾਹਨੀ ਤੋਂ ਸੁਣੀ ਇਕ ਮਿਸਾਲ ਹੀ ਇਥੇ ਦੇਣਾ ਚਾਹਾਂਗਾ। ਭੀਸ਼ਮ ਸਾਹਨੀ ਦੱਸਦੇ ਹਨ ਕਿ ਉਨ੍ਹਾਂ ਦਾ ਇਕ ਰਿਸ਼ਤੇਦਾਰ ਆਪਣੀ ਬੁੱਢੀ ਮਾਂ ਨੂੰ ਕਹਿਣ ਲੱਗਿਆ ਕਿ 'ਚੱਲ ਮਾਂ ਤੈਨੂੰ ਡਾਕਟਰ ਨੂੰ ਵਿਖਾ ਲਿਆਵਾਂ। ਉਹਦੀ ਮਾਂ ਢਿੱਲੀ ਰਹਿੰਦੀ ਸੀ। ਮਾਂ ਤਿਆਰ ਹੋ ਕੇ ਕਾਰ ਵਿਚ ਬੈਠ ਗਈ, ਪਰ ਪੁੱਤਰ ਨੇ ਡਾਕਟਰ ਵੱਲ ਜਾਣ ਦੀ ਥਾਂ ਕਾਰ ਆਪਣੇ ਵੱਡੇ ਭਰਾ ਦੇ ਘਰ ਅੱਗੇ ਲਿਜਾ ਖੜ੍ਹੀ ਕੀਤੀ। ਸਵੇਰ ਦਾ ਵੇਲਾ ਸੀ। ਮਾਂ ਨੇ ਸੋਚਿਆ, ਵੱਡੇ ਭਰਾ ਨੂੰ ਮਿਲਕੇ ਡਾਕਟਰ ਵੱਲ ਜਾਣਾ ਹੋਵੇਗਾ। ਉਹਨੇ ਮਾਂ ਨੂੰ ਗੱਡੀ ਵਿਚੋਂ ਉਤਾਰਿਆ ਅਤੇ ਬਾਹਰਲੇ ਦਰਵਾਜ਼ੇ ਦੇ ਬਾਹਰ ਹੀ ਬਿਠਾ ਕੇ ਕਹਿਣ ਲੱਗਿਆ, "ਵੇਖ, ਮਾਂ, ਮੈਂ ਬੜੇ ਚਿਰ ਤੋਂ ਤੇਰੀ ਸੇਵਾ ਕਰ ਰਿਹਾ ਹਾਂ। ਹੁਣ ਤੂੰ ਵੱਡੇ ਪੁੱਤ ਕੋਲ ਰਹਿ।" ਦਿਲਚਸਪ ਗੱਲ ਤਾਂ ਇਹ ਕਿ ਉਹਨੇ ਘੰਟੀ ਦਾ ਬਟਣ ਵੀ ਨਹੀਂ ਦਬਾਇਆ। ਸਗੋਂ ਵਾਪਸ ਕਾਰ ਵਿਚ ਬੈਠ ਔਹ ਗਿਆ, ਔਹ ਗਿਆ। ਭੀਸ਼ਮ ਸਾਹਨੀ ਨੇ ਇਸ ਘਟਨਾ ਦਾ ਜ਼ਿਕਰ ਆਪਣੇ ਇਕ ਲੇਖ ਵਿਚ ਵੀ ਕੀਤਾ ਸੀ ਅਤੇ ਇਹ ਦੱਸਣਾ ਚਾਹਿਆ ਸੀ ਕਿ ਅੱਗੇ ਲੋਕ ਅਜਿਹੇ ਕਰਮ ਕਰਨੋਂ ਝਕਿਆ ਕਰਦੇ ਸਨ ਤੇ ਆਖਦੇ ਹੁੰਦੇ ਸਨ, 'ਲੋਕ ਕੀ ਕਹਿਣਗੇ ?' ਪਰ ਹੁਣ ਇਹ ਸ਼ਰਮ ਵੀ ਨਹੀਂ ਰਹੀ। ਮਾਨ-ਸਨਮਾਨ ਦੀ ਕਸੌਟੀ ਦਾ ਹੀ ਭੋਗ ਪੈ ਚੁੱਕਿਆ ਹੋਇਆ ਹੈ ! ਅਜਿਹਾ ਕਿਉਂ ? ਨਾਲੇ, ਇਹ ਸਭ ਲੋਕ ਆਪਣੇ ਥਾਂ ਬੜੇ 'ਸੰਤੁਸ਼ਟ' ਹਨ, ਬੜੇ 'ਖੁਸ਼' ਹਨ। ਉਨ੍ਹਾਂ ਨੂੰ ਆਪਣੇ ਕੀਤੇ ਦਾ ਪਛਾਤਾਵਾ ਵੀ ਨਹੀਂ ਹੈ। ਉਹ ਤਾਂ ਜਿਵੇਂ ਸਭ ਠੀਕ ਹੀ ਕਰ ਰਹੇ ਹਨ, ਕੁਝ ਵੀ ਤਾਂ ਮਾੜਾ ਨਹੀਂ ਕਰ ਰਹੇ ਅਤੇ ਹਰ ਇਕ ਕੋਲ ਆਪਣੇ ਕੀਤੇ ਦੇ ਹੱਕ ਵਿਚ 'ਦਲੀਲਾਂ' ਹਨ। ਅਜਿਹਾ ਕਿਉਂ ?

ਅਸਲ ਵਿਚ ਸਾਡੀਆਂ ਗ਼ਲਤ ਕਦਰਾਂ ਕੀਮਤਾਂ ਨੇ, ਸਾਡੀਆਂ ਅੰਤਰਮੁਖੀ ਲੋੜਾਂ ਨੇ, ਸਾਡੀ ਖੁਦਗਰਜ਼ੀ ਨੇ ਸਾਡੀ ਮੱਤ ਹੀ ਮਾਰ ਛੱਡੀ ਹੋਈ ਹੈ, ਪਰ ਅਸੀਂ ਸਮਝਦੇ ਹਾਂ ਕਿ ਅਸੀਂ ਪੂਰੀ ਤਰ੍ਹਾਂ ਤੰਦਰੁਸਤ ਹਾਂ। ਕਿਸੇ ਪਾਗਲ ਨੂੰ ਮਿਲੇ ਹੋ ਕਦੇ ? ਉਹਦੇ ਨਾਲ ਗੱਲਾਂ ਕੀਤੀਆਂ ਨੇ ?

ਉਹ ਆਪਣੇ ਆਪ ਨੂੰ ਪਾਗਲ ਬਿਲਕੁਲ ਨਹੀਂ ਸਮਝਧਾ, ਸਿਆਣਾ, ਬਹੁਤ ਸਿਆਣਾ ਸਮਝਦਾ ਹੈ। ਬਹੁਤੇ ਸਮਾਜ-ਵਿਗਿਆਨੀਆਂ ਅਨੁਸਾਰ ਹਰ ਸਮਾਜ ਉਥੋਂ ਤਕ ਨਾਰਮਲ ਹੀ ਹੁੰਦਾ ਹੈ ਜਿਥੋਂ ਤੱਕ ਉਹ ਕ੍ਰਿਆਸ਼ੀਲ ਹੁੰਦਾ ਹੈ। ਆਪਣਾ ਕਾਰੋਬਾਰ ਚਲਾਉਂਦਾ ਹੈ। ਸਵਾਲ ਤਾਂ ਕੇਵਲ ਵਿਅਕਤੀ ਦਾ ਹੈ ਕਿ ਉਹ ਆਪਣੇ ਆਪ ਨੂੰ ਇਸ ਸਮਾਜ ਵਿਚ ਇਕਸੁਰ ਕਰ ਸਕਦਾ ਹੈ ਜਾਂ ਨਹੀਂ। ਜੇ ਉਹ ਸਮਾਜ ਦੇ ਢੰਗ-ਤਰੀਕਿਆਂ ਨਾਲ ਇਕਸੁਰ ਨਹੀਂ ਤਾਂ ਇਸ ਵਿਚ ਉਹਦਾ ਕਸੂਰ ਹੈ। ਉਹ ਆਪਣੇ ਬਾਰੇ ਸੋਚੇ ਤੇ ਆਪਣੇ ਦਿਮਾਗ ਨੂੰ ਠੀਕ ਕਰੇ। ਕੋਈ ਆਰਥਕ-ਸਮਾਜਕ ਪ੍ਰਬੰਧ ਜਿਸ ਕਿਸਮ ਦੀ ਮਾਨਸਿਕਤਾ ਦੀ ਸਿਰਜਣਾ ਕਰ ਦਿੰਦਾ ਹੈ ਜਾਂ ਕਹਿ ਲਵੋ ਸਾਧਾਰਨ ਮਨੁੱਖ ਨੂੰ ਆਪਣੇ ਅਨੁਸਾਰ ਢਾਲ ਲੈਂਦਾ ਹੈ, ਤਾਂ ਉਸ ਸਮਾਜਿਕ ਢਾਂਚੇ ਦੇ ਤੌਰ ਤਰੀਕੇ ਨਾਰਮਲ ਲੱਗਣ ਲੱਗਦੇ ਹਨ। ਇਹੋ ਗੱਲ ਹੀ ਕਿ ਬਹੁਤੇ ਲੋਕ ਕਿਸੇ ਗੱਲ ਨੂੰ ਯੋਗ ਜਾਂ ਅਯੋਗ ਸਮਝਦੇ ਹਨ, ਸੰਬੰਧਿਤ ਗੱਲ ਨੂੰ ਠੀਕ ਜਾਂ ਗਲਤ, ਨਿਆਂਕਾਰੀ ਜਾਂ ਅਨਿਆਈਂ ਜਾਪਦੀ ਹੈ। ਪਰ ਇਹ ਕਸੌਟੀ ਠੀਕ ਨਹੀਂ। ਜੇ ਕਿਸੇ ਸਮਾਜਕ ਪਰਤ ਦੇ ਬਹੁਤੇ ਆਦਮੀ ਕਿਸੇ ਮਾਨਸਿਕ ਰੋਗ ਦਾ ਸ਼ਿਕਾਰ ਹੋ ਜਾਣ ਤਾਂ ਉਹ ਭਾਵੇਂ ਆਪਣੇ ਆਪ ਨੂੰ ਲੱਖ ਤੰਦਰੁਸਤ ਤੇ ਅਰੋਗ ਸਮਝਣ, ਮਨਾਂ ਦੇ ਡਾਕਟਰ ਉਨ੍ਹਾਂ ਨੂੰ ਰੋਗੀ ਹੀ ਆਖਣਗੇ।

ਇਸ ਸਿਲਸਿਲੇ ਵਿਚ ਪ੍ਰਸਿੱਧ ਦਾਰਸ਼ਨਿਕ ਸਪਿਨੋਜ਼ਾ ਦਾ ਕਥਨ ਪਾਠਕਾਂ ਸਾਹਮਣੇ ਰਖਦਾ ਹਾਂ : "ਬਹੁਤੇ ਲੋਕ ਇਕੋ ਤੇ ਓਸੇ ਪ੍ਰਭਾਵ ਦੀ ਗਰਿਫ਼ਤ ਵਿਚ ਵੱਡੀ ਇਕਸਾਰਤਾ ਨਾਲ ਆਉਂਦੇ ਹਨ। ਬੰਦੇ ਦੀਆਂ ਸਭਨਾਂ ਸ਼ਰਤੀਆਂ ਨੂੰ ਇਕੋ ਗੱਲ (ਵਸਤੂ) ਏਡੀ ਮਜ਼ਬੂਤ ਤਰ੍ਹਾਂ ਪ੍ਰਭਾਵਤ ਕਰਦੀ ਹੈ ਕਿ ਉਹ ਇਸ ਵਸਤੂ ਨੂੰ, ਜੇ ਨਾ ਵੀ ਮੌਜੂਦ ਹੋਵੇ, ਮੌਜੂਦ ਸਮਝਣ ਲੱਗ ਪੈਂਦਾ ਹੈ, ਜੇ ਬੰਦੇ ਦੇ ਜਾਗਦਿਆਂ ਅਜਿਹਾ ਹੁੰਦਾ ਹੈ, ਤਦ ਉਹਨੂੰ ਪਾਗਲ ਸਮਝਿਆ ਜਾਂਦਾ ਹੈ...ਪਰ ਲਾਲਚੀ ਬੰਦਾ ਸਿਰਫ ਪੈਸੇ ਅਤੇ ਜਾਇਦਾਦ ਬਾਰੇ ਹੀ ਸੋਚਦਾ ਹੈ, ਤੇ ਦੂਜਾ ਕੇਵਲ ਪ੍ਰਸਿੱਧੀ ਬਾਰੇ ਹੀ ਸੋਚਦਾ ਹੈ, ਕੋਈ ਉਨ੍ਹਾਂ ਨੂੰ ਪਾਗਲ ਖਿਆਲ ਨਹੀਂ ਕਰਦਾ, ਬੱਸ ਕੇਵਲ ਪ੍ਰੇਸ਼ਾਨੀ ਦਾ ਕਾਰਨ ਹੀ ਸਮਝਦਾ ਹੈ, ਆਮ ਤੌਰ 'ਤੇ ਇਨ੍ਹਾਂ ਲੋਕਾਂ ਲਈ ਘਿਰਣਾ ਹੀ ਹੁੰਦੀ ਹੈ। ਪਰ ਅਸਲ ਵਿਚ ਲੋਭ-ਲਾਲਚ ਆਕਾਂਖਿਆ ਆਦਿ, ਪਾਗਲਪਨ ਦੀਆਂ ਹੀ ਸ਼ਕਲਾਂ ਹਨ, ਉਂਜ ਭਾਵੇਂ ਇਹਨਾਂ ਨੂੰ ਆਮ ਤੌਰ 'ਤੇ ਕੋਈ ਰੋਗ ਨਹੀਂ ਸਮਝਦਾ ?

ਸਪਿਨੋਜ਼ਾ ਨੇ ਇਹ ਸ਼ਬਦ ਅੱਜ ਤੋਂ ਕਈ ਸੌ ਸਾਲ ਪਹਿਲਾਂ ਲਿਖੇ ਸੀ। ਉਸ ਤੋਂ ਪਿੱਛੋਂ ਬੀਤੇ ਸਮੇਂ ਵਿਚ ਮਨੁੱਖ ਦੇ ਲੋਭ-ਲਾਲਚ ਵਰਗੇ ਨੁਕਸ ਵਧਦੇ ਵਧਦੇ ਇਸ ਹੱਦ ਤੱਕ ਪਹੁੰਚ ਚੁੱਕੇ ਹਨ ਕਿ ਇਨ੍ਹਾਂ ਨੂੰ ਕੋਈ ਪ੍ਰੇਸ਼ਾਨੀ ਦਾ ਕਾਰਨ ਜਾਂ ਘਿਰਣਾ-ਯੋਗ ਨਹੀਂ ਸਮਝਦਾ। ਸਗੋਂ ਇਹਨਾਂ ਨੂੰ ਤਾਂ ਨਾਰਮਲ ਸਮਝਿਆ ਜਾਣ ਲੱਗ ਪਿਆ ਹੈ। ਅੱਜ ਬੰਦੇ ਨੂੰ ਆਪਣੀ ਪਛਾਣ ਹੀ ਨਹੀਂ ਰਹੀ। ਉਹ ਆਪਣੇ ਆਪ ਨੂੰ ਉਹ ਨਹੀਂ ਸਮਝਦਾ ਜੋ ਉਹ ਅਸਲ ਵਿਚ ਹੈ, ਸਗੋਂ ਜੋ ਉਹਦੇ ਖਿਆਲ ਵਿਚ ਉਹਨੂੰ ਹੋਣਾ ਚਾਹੀਦਾ ਹੈ, ਉਸੇ ਰੂਪ ਵਿਚ ਸਮਝਣ ਲੱਗ ਪੈਂਦਾ ਹੈ। ਅੱਜ ਲੋਭ-ਲਾਲਚ ਦਾ ਗੁਲਾਮ, ਪੈਸੇ ਦਾ ਪੁਜਾਰੀ ਬੰਦਾ, ਆਪਣੇ ਆਪ ਨੂੰ ਇਕੱਲਾ ਨਹੀਂ ਵੇਖ ਰਿਹਾ, ਸਗੋਂ ਆਪਣੇ ਵਰਗੇ ਹੀ ਲਖੂ-ਖਾ ਵਿਚ ਰਹਿ ਰਿਹਾ, ਵਿਚਰ ਰਿਹਾ ਹੈ। ਜਿਸ ਕਰਕੇ ਉਹ 'ਨਾਰਮਲ' ਹੈ। ਸਮਾਜਿਕ ਸੱਭਿਆਚਾਰ ਦਾ ਪੈਟਰਨ ਹੀ ਅਜਿਹਾ ਹੈ ਜੀਹਦੇ ਅਨੁਕੂਲ ਉਹ ਵਰਤ ਰਿਹਾ ਹੈ, ਇਸੇ ਕਰਕੇ ਤਾਂ ਉਹ ਆਪਣੇ ਆਪ ਨੂੰ ਤੰਦਰੁਸਤ ਸਮਝਦਾ ਹੈ। ਅੱਜ ਤਾਂ ਉਹ ਆਦਮੀ ਜਿਹੜਾ ਲੋਭ-ਲਾਲਚ ਤੋਂ ਉੱਪਰ ਹੈ, ਇਸ ਸਮਾਜਿਕ ਪੈਟਰਨ ਵਿਚ 'ਆਸਾਧਾਰਨ'



'ਐਬਨਾਰਮਲ' ਸਮਝਿਆ ਜਾਣਾ ਲੱਗ ਪਿਆ ਹੈ।

ਅਜੋਕੇ ਆਰਥਿਕ-ਸਮਾਜਿਕ ਪ੍ਰਬੰਧ ਨੇ ਜਿਹੜਾ ਲੁਟ-ਚੋਂਘ ਅਤੇ ਅਨਿਆਂ ਉੱਤੇ ਆਧਾਰਤ ਹੈ, ਤੇ ਇਹਦੀਆਂ ਕਦਰਾਂ-ਕੀਮਤਾਂ ਨੇ, ਜੋ ਅਣਮਨੁੱਖੀ ਹਨ, ਪਰ ਬੰਦਾ ਜਿਨ੍ਹਾਂ ਨੂੰ ਨਾਰਮਲ ਸਮਝੀ ਬੈਠਾ ਹੈ। ਬੰਦੇ ਨੂੰ ਇਨਸ਼ਾਨ ਦੇ ਉਚੇ ਦਰਜੇ ਤੋਂ ਮੁੜ 'ਸਭਯ' ਪਸ਼ੂ ਦੇ ਦਰਜੇ ਉੱਤੇ ਲਿਆ ਸੁੱਟਿਆ ਹੈ। ਉਹਨੂੰ ਅਮਾਣੁਸ ਬਣਾ ਦਿੱਤਾ ਹੈ। ਯਾਦ ਰਹੇ, ਜੀਵ-ਸੰਸਾਰ ਵਿਚ ਸਾਰੇ ਜੀਵ ਪ੍ਰਕਿਰਤੀ ਦਾ ਹੀ ਅੰਗ ਹੁੰਦੇ ਹਨ ਅਤੇ ਇਹਦੀ ਸੀਮਾਂ ਨੂੰ ਉਹ ਕਦੇ ਪਾਰ ਨਹੀਂ ਕਰਦੇ। ਉਨ੍ਹਾਂ ਨੂੰ ਸੱਚ ਦਾ, ਠੀਕ ਜਾਂ ਗਲਤ ਦਾ ਕੋਈ ਗਿਆਨ ਨਹੀਂ ਹੁੰਦਾ। ਹਾਂ ਉਹ ਇਸ ਗੱਲ ਦੀ ਸੂਝ ਹੋ ਸਕਦੀ ਹੈ ਕਿ ਕੋਈ ਚੀਜ਼ ਲਾਭਦਾਇਕ ਹੈ ਜਾਂ ਨਹੀਂ।

ਪਰ ਮਨੁੱਖ ਹੀ ਇਕ ਅਜਿਹਾ ਜੀਵ ਹੈ ਜਿਹੜਾ ਕੁਦਰਤ ਨਾਲੋਂ ਟੁੱਟ ਚੁੱਕਿਆ ਹੈ, ਜਿਹੜਾ ਸੋਚ ਸਕਦਾ ਹੈ, ਜਿਸਨੂੰ ਠੀਕ ਗਲਤ ਦੀ ਸਮਝ ਹੈ, ਯੋਗ ਅਯੋਗ ਦਾ ਇਲਮ ਹੈ। ਉਸ ਵਿਚ ਇਹ ਸਮਰਥਾ ਹੈ ਕਿ ਇਸ ਦੁਨੀਆਂ ਨੂੰ ਪੂਰੀ ਤਰ੍ਹਾਂ ਮਨੁੱਖ ਬਣਾ ਸਕਦਾ ਹੈ।

ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਮਨੁੱਖ ਅੰਸ਼ਕ ਰੂਪ ਵਿਚ ਦੈਵੀ ਹੈ, ਅੰਸ਼ਕ ਰੂਪ ਵਿਚ ਜਾਨਵਰ ਹੈ, ਅੰਸ਼ਕ ਰੂਪ ਵਿਚ ਸੀਮਿਤ ਹੈ ਅਤੇ ਅੰਸ਼ਕ ਰੂਪ ਵਿਚ ਅਸੀਮਿਤ ਹੈ। ਉਹਦੇ ਅੱਗੇ ਸੰਭਾਵਨਾ ਦੇ ਵਿਸ਼ਾਲ ਦਿਸਹੱਦੇ ਖੁੱਲ੍ਹੇ ਪਏ ਹਨ ਕਿਉਂ ਜੁ ਉਹ ਸੱਚ ਤੇ ਝੂਠ ਵਿਚਕਾਰ, ਨਿਆਈਂ ਅਨਿਆਈਂ ਵਿਚਕਾਰ, ਗਲਤ ਤੇ ਠੀਕ ਵਿਚਕਾਰ ਫ਼ਰਕ ਵੇਖ ਸਕਦਾ ਹੈ।

ਮਨੁੱਖ ਦੀ ਇਸੇ ਸੋਚ-ਸ਼ਕਤੀ ਨੇ ਉੱਚੀਆਂ ਸੁੱਚੀਆਂ ਕਦਰਾਂ ਕੀਮਤਾਂ ਨੂੰ-ਪਿਆਰ, ਤਰਸ-ਹਮਦਰਦੀ ਤੇ ਦਰਦ, ਪਰਸੁਆਰਥ ਨੂੰ-ਜਨਮ ਦਿੱਤਾ। ਬੁੱਧ, ਕਬੀਰ ਤੇ ਨਾਨਕ ਅਤੇ ਕਾਰਲ ਮਾਰਕਸ ਵਰਗੇ ਮਹਾਂਪੁਰਖਾਂ ਤੇ ਵਿਚਾਰਕਾਂ ਨੇ ਮਨੁੱਖਾਂ ਦਾ ਰਾਹ ਰੁਸ਼ਨਾਇਆ।

ਪਰ ਜਿਵੇਂ ਕਿ ਮੈਂ ਸਪੱਸ਼ਟ ਕਰ ਚੁੱਕਿਆ ਹਾਂ, ਆਰਥਿਕ-ਸਮਾਜਿਕ ਰਾਜਸੀ ਢਾਂਚਾ ਜੋ ਮਨੁੱਖ ਨੇ ਹੀ ਸਿਰਜਿਆ ਹੁੰਦਾ ਹੈ, ਇਹਨੂੰ ਆਪਣੇ ਅਧੀਨ ਕਰ ਲੈਂਦਾ ਹੈ ਅਤੇ ਆਪਣੇ ਰੰਗ ਵਿਚ ਰੰਗਣ ਲੱਗਦਾ ਹੈ। ਅਜੋਕੇ ਸਮਾਜ ਦੀਆਂ, ਪੂੰਜੀਵਾਦੀ ਪ੍ਰਣਾਲੀ ਦੀਆਂ ਕਦਰਾਂ ਨੇ ਮਨੁੱਖ ਨੂੰ ਇਨ੍ਹਾਂ ਉੱਚੀਆਂ-ਸੁੱਚੀਆਂ ਕੀਮਤਾਂ ਤੋਂ ਭਟਕਾ ਦਿੱਤਾ, ਦੂਜੇ ਮਨੁੱਖਾਂ ਤੋਂ, ਭੈਣ ਭਰਾਵਾਂ ਤੇ ਮਾਪਿਆਂ ਤੱਕ ਤੋਂ ਬੇਮੁੱਖ ਕਰ ਦਿੱਤਾ। ਅਜੋਕੀਆਂ ਪੂੰਜੀਵਾਦੀ ਹਾਲਤਾਂ ਵਿਚ ਉਹ ਪੂਰੀ ਤਰ੍ਹਾਂ ਵਿਯੋਗਿਆ ਜਾ ਚੁੱਕਿਆ ਹੈ। ਇਹ ਵੱਡਾ ਦੁਖਾਂਤ ਹੈ।

ਮਾਰਕਸ ਨੇ ਤੇ ਹੋਰ ਕਈ ਵਿਚਾਰਕਾਂ ਨੇ ਦੱਸਿਆ ਹੈ ਕਿ ਵਿਅਕਤੀ ਦੀ ਹੋਂਦ ਦਾ ਮਨੋਰਥ ਹੀ ਆਪਣੇ ਆਪ ਨੂੰ ਜਨਮ ਦੇਣਾ ਹੈ, ਉਹਨੂੰ ਠੀਕ ਹੀ, ਪੂਰੇ ਹੋਣ ਤੋਂ ਪਹਿਲਾਂ ਸੰਪੂਰਨ ਜਨਮ ਲੈਣਾ ਚਾਹੀਦਾ ਹੈ, ਪਰ ਦੁਖ ਦੀ ਗੱਲ ਤਾਂ ਇਹ ਹੈ, ਸਾਡੀ ਤ੍ਰਾਸਦੀ ਤਾ ਇਹ ਹੈ ਕਿ ਬਹੁਤੇ ਵਿਅਕਤੀ ਜੰਮਣ ਤੋਂ ਪਹਿਲਾਂ ਹੀ ਮਰ ਜਾਂਦੇ ਹਨ।

ਪਾਠਕਾਂ ਨੇ ਸੋਚਣਾ ਹੈ ਕਿ ਅਜੋਕੀਆਂ ਗਲਤ ਕਦਰਾਂ ਨੂੰ ਕੀ ਅਸਾਂ ਸਿਹਤਮੰਦ ਸਮਝੀ ਜਾਣਾ ਹੈ, ਜਾਂ ਇਨ੍ਹਾਂ ਨੂੰ ਰੋਗੀ ਸਮਝਕੇ, ਅਮਾਣੁਸ ਨੂੰ ਮੁੜ ਮਨੁੱਖ ਬਣਾਉਣ ਲਈ, ਅਰੋਗ ਇਨਸਾਨੀ ਰਿਸ਼ਤੇ ਸਿਰਜਣ ਲਈ, ਇਸ ਰੋਗੀ ਸਮਾਜ ਉਤੇ ਆਪਣਾ ਸਿਹਤਮੰਦ ਪ੍ਰਭਾਵ ਪਾਉਣਾ ਤੇ ਇਹਨੂੰ ਹੀ ਤਬਦੀਲ ਕਰਨਾ ਹੈ।

**— ਪਿਆਰਾ ਸਿੰਘ ਸਹਿਰਾਈ**

# ਘਰ ਦੀ ਇੱਜ਼ਤ

ਕੈਨੇਡਾ ਵਿਚ ਨਾ ਵਿਆਹੀਂ ਵੇ ਬਾਬਲਾ ਇੰਡੀਆ ਮੁੰਡੇ ਬਥੇਰੇ,
ਹੰਝੂਆਂ ਦਾ ਮੁੱਲ ਤਾਰਦੇ।
ਕੈਨੇਡਾ ਵਾਲੇ ਕਰਨ ਕਮਾਈਆਂ, ਡਾਢ੍ਹੇ ਦੁੱਖ ਸਮੁੰਦਰੋਂ ਪਾਰ ਦੇ।

ਰਵਿੰਦਰ ਭੈਣ ਜੀ ਨੇ ਅੱਖਾਂ ਚੁੱਕ ਕੇ ਆਸੇ ਪਾਸੇ ਵੇਖਿਆ। ਨਿੱਕੇ ਜਿਹੇ ਨੀਮ ਹਨੇਰੇ ਕਮਰੇ ਵਿਚ ਕੈਨੇਡਾ ਦੀ ਇਕ ਬੇਸਮੈਂਟ ਵਿਚ ਉਸ ਦਾ ਦਮ ਘੁੱਟਣ ਲੱਗਾ। ਕੈਨੇਡਾ..ਕੈਨੇਡਾ...ਆਹ ਕੈਨੇਡਾ ਸੀ, ਜਿਥੇ ਆਉਣ ਲਈ ਮੁੰਡਿਆਂ ਦੀਆਂ ਬੋਲੀਆਂ ਲੱਗਦੀਆਂ ਸਨ। ਸੋਹਣੀਆਂ - ਸੋਹਣੀਆਂ ਅਤੇ ਰੱਜ ਕੇ ਅਮੀਰ ਕੁੜੀਆਂ ਦੇ ਮਾਪੇ ਵਧ ਚੜ੍ਹ ਕੇ ਬੋਲੀਆਂ ਲਾਉਂਦੇ ਤੇ ਫਿਰ ਕੁੜੀਆਂ ਅਤੇ ਆਪਣੀਆਂ ਅੱਖਾਂ ਵਿਚ ਕੈਨੇਡਾ ਦੇ ਸੁਪਨੇ ਸਜਾਈ ਆਪਣੀਆਂ ਲਾਡਾਂ ਚਾਵਾਂ ਨਾਲ ਪਾਲੀਆਂ ਨੂੰ ਆਪਣੇ ਤੋਂ ਦੂਰ ਕਰ ਦਿੰਦੇ।

ਰਵਿੰਦਰ ਭੈਣ ਜੀ ਦੇ ਮਾਂ ਬਾਪ ਨੇ ਵੀ ਤਾਂ ਇਹੀ ਕੁਝ ਕੀਤਾ ਸੀ, ਉਸ ਦਾ ਵਿਆਹ ਮਾਂ ਬਾਪ ਨੇ ਫੋਟੋ ਨਾਲ ਹੀ ਕਰ ਦਿੱਤਾ ਸੀ ਅਤੇ ਇਧਰੋਂ ਰਵਿੰਦਰ ਭੈਣ ਜੀ ਦੇ ਘਰ ਵਾਲੇ ਅਮਰਜੀਤ ਨੇ ਕਾਗਜ਼ ਭਰ ਦਿੱਤੇ ਸਨ। ਅਮਰਜੀਤ ਦਾ ਆਪ ਇੰਡੀਆ ਆਉਣ ਜਾਣਾ ਬਚ ਗਿਆ ਸੀ। ਵੈਸੇ ਵੀ ਧੰਦੇ ਦੇ ਦਿਨ ਸਨ। ਇਹ ਕਿਹੜਾ ਸਰਕਾਰੀ ਨੌਕਰੀ ਸੀ। ਉਹ ਤਾਂ ਭਲਾ ਹੋਵੇ ਜਗਤਾਰ ਮਜ਼੍ਹਬੀ ਦਾ (ਜਗਤਾਰ ਮਜ਼੍ਹਬੀ ਉਹਨਾਂ ਦੇ ਪਿੰਡ ਸੀਰੀ ਹੁੰਦਾ ਸੀ ਤੇ ਹੁਣ ਇਧਰ ਆ ਕੇ ਚਾਰ ਚਾਰ ਟੈਕਸੀਆਂ ਦਾ ਮਾਲਕ ਬਣਿਆ ਬੈਠਾ ਸੀ। ਜਿਸ ਦੀ ਟੈਕਸੀ ਉਹ ਚਲਾਉਂਦਾ ਸੀ ਤੇ ਘਰ ਦਾ ਠੀਆ ਠੱਪਾ ਤੋਰਦਾ ਸੀ। ਘਰ ਦੇ ਖੁਸ਼ ਸਨ ਕਿ ਮੁੰਡਾ ਕੈਨੇਡਾ ਕਮਾਈਆਂ ਕਰਦਾ ਹੈ, ਪਰ ਉਸ ਕੋਲ ਕਦੀ ਵੀ ਇੰਨੇ ਪੈਸੇ ਇਕੱਠੇ ਨਹੀਂ ਸਨ ਹੋਏ ਕਿ ਇੰਡੀਆ ਜਾ ਕੇ ਵਿਆਹ ਕਰਵਾ ਆਉਂਦਾ। ਚਾਰ ਚਾਰ ਭੈਣਾਂ ਦੇ ਵਿਆਹ ਕਰਨੇ ਕਿਹੜਾ ਸੌਖੇ ਪਏ ਸਨ। ਹਰ ਸਾਲ ਇਕ ਮਾਂ ਬਾਪ ਦੀ ਸਿਹਤ ਤੇ ਡਾਕਟਰੀ ਇਲਾਜ਼। ਚਾਹੁੰਦਿਆਂ ਹੋਇਆਂ ਵੀ ਤਾਂ ਉਹ ਮਾਂ ਬਾਪ ਨੂੰ ਕੈਨਡਾ ਨਾ ਬੁਲਾ ਸਕਿਆ ਤੇ ਨਾ ਹੀ ਆਪ ਜਾ ਕੇ ਚਾਰ ਦਿਨ ਲਾ ਸਕਿਆ, ਵਿਆਹ ਕਰਵਾਉਣਾ ਤਾਂ ਇਕ ਪਾਸੇ। ਰਵਿੰਦਰ ਭੈਣ ਜੀ ਦੀ ਭੂਆ ਅਮਰਜੀਤ ਦੇ ਪਿੰਡ ਵਿਆਹੀ ਸੀ ਤੇ ਉਹਨੇ ਵੇਖਿਆ ਕਿ ਜਿਹੜੇ ਘਰ ਇਕ ਵੇਲੇ ਹੀ ਰੋਟੀ ਪੱਕਦੀ ਸੀ, ਹੁਣ ਟਰੈਕਟਰ ਟਰਾਲੀ ਘਰੇ ਖੜ੍ਹੇ ਸਨ। ਸਭ ਮੁੰਡੇ ਦੀਆਂ ਕੈਨੇਡਾ ਦੀਆਂ ਕਮਾਈਆਂ ਸਦਕਾ ਹੀ ਸੀ। ਕੀ ਹੋਇਆ ਜੇ ਮੁੰਡੇ ਨੇ ਸਿਰਫ 43+5 ਹੀ ਕੀਤੀਆਂ ਸਨ ਤੇ ਨਾਲੇ ਪੜ੍ਹ ਲਿਖ ਕੇ ਕਿਹੜਾ ਨੌਕਰੀਆਂ ਮਿਲ ਜਾਂਦੀਆਂ ਹਨ। ਉਹ ਤਾਂ ਕਹਿ ਲਉ ਪਈ ਕੈਨੇਡਾ 'ਚ ਮੁੰਡਾ ਹੈਗਾ ਤਾਂ ਪੜ੍ਹਿਆਂ ਲਿਖਿਆਂ ਨਾਲੋਂ ਵੱਧ ਕਮਾਉਂਦਾ ਹੈ। ਇਥੇ ਹੁੰਦਾ ਤਾਂ ਕਿਸੇ ਨਾਲ ਮਸਾਂ ਸੀਰੀ ਹੀ ਰਲਦਾ ਤੇ ਜੇ ਰਵਿੰਦਰ ਭੈਣ ਜੀ 'ਐਮ.ਏ.' ਹਨ ਵੀ ਤਾਂ ਕਿਹੜਾ



ਪੱਕੀ ਨੌਕਰੀ ਮਿਲ ਗਈ ਹੈ। ਨਾਲੇ ਭਾਪਾ ਜੀ (ਰਵਿੰਦਰ ਭੈਣ ਜੀ ਦੇ ਪਾਪਾ ਜੀ, ਜਿਹੜੇ ਕਿ ਉਸ ਦੇ ਵੱਡੇ ਭਰਾ ਸਨ, ਜਿਨ੍ਹਾਂ ਨੂੰ ਉਹ ਜੀ ਕਹਿੰਦੀ ਹੁੰਦੀ ਸੀ) ਦਾ ਹੱਥ ਸੁਖਾਲਾ ਹੋ ਜਾਊ।

ਰਵਿੰਦਰ ਭੈਣ ਜੀ ਦੇ ਤਿੰਨ ਛੋਟੇ ਭਰਾ ਅਤੇ ਦੋ ਛੋਟੀਆਂ ਭੈਣਾਂ ਸਨ। ਰਵਿੰਦਰ ਭੈਣ ਜੀ 'ਐਮ. ਏ.', 'ਬੀ.ਟੀ.' ਸਨ। ਤੇ ਇਕ ਸਕੂਲ ਵਿਚ ਲੈਕਚਰਾਰ ਲੱਗੇ ਹੋਏ ਸਨ। ਬਾਕੀ ਛੋਟੇ ਭੈਣ ਭਰਾ ਪੜ੍ਹਦੇ ਸਨ। ਬਾਪ ਗਰੀਬ ਪੋਸਟ ਮਾਸਟਰ ਸੀ, ਪਰ ਉਸਦੇ ਅਤੇ ਬੱਚਿਆਂ ਦੇ ਸੁਪਨੇ ਦਿਸਹੱਦੇ ਤੋਂ ਪਾਰ ਦੇ ਸਨ।

ਬਾਪ ਦੀ ਕਮਾਈ ਨਾਲ ਮਸਾਂ ਖਿੱਚ-ਧੂਹ ਕੇ ਹੀ ਗੁਜ਼ਾਰਾ ਹੁੰਦਾ ਸੀ, ਜਦੋਂ ਚਾਰ ਚਾਰ ਬੱਚੇ ਕਾਲਜਾਂ ਵਿਚ ਪੜ੍ਹਦੇ ਹੋਣ ਤਾਂ ਕੁੜੀਆਂ ਦੇ ਵਿਆਹਾਂ ਅਤੇ ਦਾਜ ਦਹੇਜ ਦਾ ਖਰਚਾ ਕੱਢਣਾ ਬਹੁਤ ਔਖਾ ਹੁੰਦਾ ਹੈ। ਸੋ ਰਵਿੰਦਰ ਭੈਣ ਜੀ ਦੇ ਪਾਪਾ ਜੀ ਚਾਹੁੰਦੇ ਸਨ ਕਿ ਕਿਸੇ ਤਰ੍ਹਾਂ ਕੁੜੀ ਕੈਨੇਡਾ ਵਿਆਹੀ ਜਾਵੇ ਤਾਂ ਜੋ ਗਰੀਬੀ ਕੱਟੇ ਤੇ ਫਿਰ ਬਗ਼ੈਰ ਦਾਜ ਦਹੇਜ ਦੀ ਮੰਗ ਤੋਂ ਜਦੋਂ ਅਮਰਜੀਤ ਹੁਰਾਂ ਦਾ ਰਿਸ਼ਤਾ ਆਇਆ ਤਾਂ ਰਵਿੰਦਰ ਭੈਣ ਜੀ ਦੇ ਪਾਪਾ ਜੀ ਨੇ ਹਾਂ ਕਰਨ ਲੱਗਿਆਂ ਇਕ ਮਿੰਟ ਵੀ ਦੇਰ ਨਾ ਕੀਤੀ। ਲੜਕਾ ਦੇਖਣਾ ਪਰਖਣਾਂ ਤਾਂ ਇਕ ਪਾਸੇ ਉਹਨਾਂ ਨੇ ਤਾਂ ਮੁੰਡੇ ਦੇ ਵਿਆਹੇ ਵਰ੍ਹੇ ਹੋਣ, ਦਹਾਜੂ ਹੋਣ ਜਾਂ ਤਲਾਕ ਸ਼ੁਦਾ ਹੋਣ ਜਾਂ ਹੋਰ ਵੀ ਕਿਸੇ ਕਿਸਮ ਦੇ ਭੈੜ ਬਾਰੇ ਪੁੱਛ ਪੜਤਾਲ ਕਰਨਾ ਜ਼ਰੂਰੀ ਨਾ ਸਮਝਿਆ, ਮੁੰਡੇ ਦੇ ਸਾਊ ਤੇ ਕਮਾਊ ਹੋਣ ਨੇ ਸਾਰੀਆਂ ਗੱਲਾਂ 'ਤੇ ਪਰਦਾ ਪਾ ਦਿੱਤਾ। 'ਸਾਊ ਤੇ ਕਮਾਊ ਹੋਊ ਤਾਂ ਆਪੇ ਘਰ ਬੰਨ੍ਹ ਲਉ ਤੇ ਜੇ ਸਾਊ ਨਾ ਹੋਇਆ ਤਾਂ ਬੰਨ੍ਹਿਆ ਬਨ੍ਹਾਇਆ ਘਰ ਰੋੜ੍ਹ ਦਊ' ਇਹੀ ਵਿਚਾਰ ਸਨ। ਰਵਿੰਦਰ ਭੈਣ ਜੀ ਦੇ ਘਰਦਿਆਂ ਦੇ।

ਖ਼ੈਰ ਪੱਕ ਠੱਕ ਹੋ ਗਈ। ਮੁੰਡੇ ਦੇ ਅੱਜ ਭਲਕ ਆਉਂਦਿਆਂ ਆਉਂਦਿਆਂ ਨੇ ਜਦੋਂ ਸਾਲ ਹੋਰ ਕੱਢ ਦਿੱਤਾ ਤਾਂ ਰਵਿੰਦਰ ਭੈਣ ਜੀ ਦੇ ਘਰਦਿਆਂ ਦਾ ਸਬਰ ਦਾ ਬੰਨ੍ਹ ਟੁੱਟ ਗਿਆ ਤੇ ਫਿਰ ਹਾਰ ਕੇ ਫੋਟੋ ਨਾਲ ਹੀ ਵਿਆਹ ਕਰਕੇ ਰਵਿੰਦਰ ਭੈਣ ਜੀ ਨੂੰ ਸਹੁਰੇ ਘਰ ਤੋਰ ਦਿੱਤਾ ਗਿਆ। ਉਧਰੋਂ ਅਮਰਜੀਤ ਨੇ ਕਾਗਜ਼ ਭਰ ਦਿੱਤੇ ਤੇ ਇਧਰੋਂ ਰਵਿੰਦਰ ਭੈਣ ਜੀ ਦੇ ਸੰਯੋਗ ਜ਼ੋਰਾਵਰ ਨਿਕਲੇ ਤੇ ਸਾਲ ਦੇ ਵਿਚ ਉਹ ਕੈਨੇਡਾ ਪਹੁੰਚ ਗਏ।

ਰਵਿੰਦਰ ਭੈਣ ਜੀ ਭਾਵੇਂ 5-63 ਸਾਲਾਂ ਦੇ ਹੋਣ ਲੱਗੇ ਸਨ, ਪਰ ਸੁਪਨੇ ਉਹਨਾਂ ਦੇ ਕੰਜ-ਕੰਵਾਰੇ ਸਨ। ਤੇ ਨਾਲ ਹੀ ਸਰੀਰ ਵੀ ਤੇ ਰੂਹ ਵੀ। ਉਹਨਾਂ ਦੇ ਦਿਮਾਗ ਵਿਚ ਆਪਣੇ ਘਰ ਵਾਲੇ, ਆਪਣੇ ਸੁਪਨਿਆਂ ਦੇ ਰਾਜਕੁਮਾਰ ਦਾ ਹੋਰ ਵੀ ਤਸੱਵਰ ਸੀ ਤੇ ਨਾਲ ਦੀ ਨਾਲ ਕੈਨੇਡਾ ਬਾਰੇ ਵੀ ਉਹਨਾਂ ਦੇ ਵਿਚਾਰ ਬਹੁਤ-ਬਹੁਤ ਚੰਗੇ ਸਨ। ਕੈਨੇਡਾ ਤੇ ਸਵਰਗ ਉਹਨਾਂ ਨੂੰ ਬਿਲਕੁਲ ਇਕੋ ਜਿਹੇ ਜਾਪਦੇ ਸਨ। ਉਹ ਨਹੀਂ ਸੀ ਜਾਣਦੇ ਕਿ ਜ਼ਿੰਦਗੀ ਦੇ ਧਰਾਤਲ ਦਾ ਕੌੜਾ ਸੱਚ ਕਿੰਨਾ ਕੁਸੈਲਾ ਸੀ।

ਖੁੱਲ੍ਹਾ-ਡੁੱਲ੍ਹਾ ਘੱਟੋ-ਘੱਟ ਤਿੰਨ ਮੰਜ਼ਿਲਾ ਘਰ, ਅੱਗੇ ਪਿੱਛੇ ਖੂਬਸੂਰਤ ਲਾਨ। ਸੱਜਿਆ ਸਜਾਇਆ ਜਹਾਜ਼ ਵਰਗਾ ਘਰ ਉਹਨਾਂ ਦੇ ਖ਼ਿਆਲਾਂ ਵਿਚ ਵੱਸਿਆ ਹੋਇਆ ਸੀ। ਉਹਨਾਂ ਦੇ ਪਹਿਲੇ ਸੁਪਨੇ ਦੀਆਂ ਕਿਰਚਾਂ ਉਹਨਾਂ ਦੀ ਰੂਹ ਵਿਚ ਧੁਰ ਅੰਦਰ ਤੱਕ ਉਦੋਂ ਖੁਭੀਆਂ, ਜਦੋਂ ਉਹਨਾਂ ਨੇ ਅਮਰਜੀਤ ਨੂੰ ਇਕੱਲਿਆਂ ਹੀ ਏਅਰਪੋਰਟ ਦੀ ਲਾਬੀ ਵਿਚ ਦੇਖਿਆ। ਚਾਰ ਦੋਸਤ ਮਿੱਤਰ ਤਾਂ ਇਕ ਪਾਸੇ, ਕੋਈ ਰਿਸ਼ਤੇਦਾਰ ਤੱਕ ਨਾਲ ਨਹੀ ਸੀ। ਕੋਈ ਸ਼ਗਨ

ਸਰਬੱਤ ਨਹੀਂ, ਕੋਈ ਕਿਸੇ ਨੇ ਪਾਣੀ ਨਹੀਂ ਵਾਰ ਕੇ ਪੀਤਾ, ਕੋਈ ਕਿਸੇ ਨੇ ਤੇਲ ਨਹੀਂ ਚੋਇਆ, ਕਿਸੇ ਨੇ ਨਵੀਂ ਵਿਆਹੀ ਕੁੜੀ ਦਾ ਘੁੰਡ ਚੁੱਕ ਕੇ ਮੂੰਹ ਨਹੀਂ ਦੇਖਿਆ। ਕੋਈ ਗਾਨਾ ਨਹੀਂ ਖੇਡਿਆ ਗਿਆ ਤੇ ਕਿਸੇ ਦਿਉਰ ਨੇ ਗੋਦੀ ਵਿਚ ਬੈਠਣ ਦੀ ਜ਼ਿੱਦ ਨਹੀਂ ਕੀਤੀ।

ਦੂਜਾ ਝਟਕਾ ਉਦੋਂ ਲੱਗਾ, ਜਦੋਂ ਤਿੰਨ ਮੰਜ਼ਲੀ ਜਹਾਜ਼ ਵਰਗੀ ਕੋਠੀ ਤਾਂ ਇਕ ਪਾਸੇ ਰਹੀ, ਫੁੱਟਪਾਥ ਤੋਂ ਹੀ ਪੌੜੀਆਂ ਹੇਠਾਂ ਬੇਸਮੈਂਟ ਨੂੰ ਉਤਰਦੀਆਂ ਸਨ। ਜਿਸ ਦਾ ਇਕ ਕਮਰਾ....ਨਹੀਂ ਨਹੀਂ....ਕਮਰਾ ਨਹੀਂ, ਘਚੌਰ ਜਿਹੀ ਨੂੰ ਅਮਰਜੀਤ ਆਪਣੇ ਦੋਸਤ ਹਰਦੀਪ ਨਾਲ ਸ਼ੇਅਰ ਕਰਦਾ ਸੀ। ਹਰਦੀਪ ਅੱਜ ਕੱਲ੍ਹ ਇੰਡੀਆ ਵਿਆਹ ਕਰਾਉਣ ਗਿਆ ਹੋਇਆ ਸੀ, ਜਿਸ ਕਰਕੇ ਪ੍ਰਾਈਵੇਸੀ ਵਿਚ ਕੋਈ ਖਲਲ ਨਹੀਂ ਸੀ ਪੈਣ ਵਾਲਾ।

ਤੀਜਾ ਝਟਕਾ ਉਦੋਂ ਲੱਗਾ, ਜਦੋਂ ਅਮਰਜੀਤ ਨੇ ਬਗ਼ੈਰ ਕਿਸੇ ਰਾਹੇ ਰਸਮ ਤੋਂ ਇਹ ਕਿਹਾ ਕਿ, 'ਉਹ ਤਾਂ ਟੈਕਸੀ ਲੈ ਕੇ ਜਾ ਰਿਹਾ ਹੈ ਤੇ ਜੇ ਰਵਿੰਦਰ ਨੂੰ ਭੁੱਖ ਲੱਗੇ ਤਾਂ ਫਰਿਜ ਵਿਚ ਜੋ ਕੁਝ ਵੀ ਹੈ, ਖਾ ਲਵੇ। ਬਾਕੀ ਗੱਲਾਂ ਸ਼ਾਮ ਨੂੰ ਆ ਕੇ ਕਰਾਂਗੇ।'

ਨਾ ਚਾਹੁੰਦਿਆਂ ਹੋਇਆਂ ਵੀ ਰਵਿੰਦਰ ਭੈਣ ਜੀ ਦੀਆਂ ਅੱਖਾਂ ਵਿਚ ਪਰਲ ਪਰਲ ਹੰਝੂ ਵਹਿਣ ਲੱਗੇ। ਜਿਹੜੇ ਉਹਨਾਂ ਨੇ 'ਅੱਖ ਵਿਚ ਸ਼ਾਇਦ ਕੁਝ ਪੈ ਗਿਆ ਹੈ' ਕਹਿ ਕੇ ਮੂੰਹ ਦੂਜੇ ਪਾਸੇ ਕਰਕੇ ਪੂੰਝ ਲਏ। ਇਹਨਾਂ ਹੰਝੂਆਂ ਦਾ ਹੁਣ ਕੋਈ ਮੁੱਲ ਨਹੀਂ। ਸੀਚ ਕੇ ਉਹਨਾਂ ਦਾ ਫਿਰ ਗੱਚ ਭਰ ਆਇਆ। ਹਾਏ! ਜ਼ਿੰਦਗੀ ਕਿਵੇਂ ਕੱਟੂੰ। ਇਕ ਤਾਂ ਆਪਣਿਆਂ ਨਾਲੋਂ ਵਿਛੜਨ ਦਾ ਦੁੱਖ, ਦੂਜਾ ਘਰ ਵਾਲਾ ਬਿਲਕੁਲ ਆਮ ਜਿਹਾ ਬੰਦਾ, ਜਿਸ ਵਿਚ ਸੁਪਨਿਆਂ ਦੇ ਰਾਜਕੁਮਾਰਾਂ ਵਾਲੀ ਕੋਈ ਗੱਲ ਨਹੀਂ, ਸਗੋਂ ਗ੍ਰਹਿਸਥੀ ਦੀ ਚੱਕੀ ਵਿਚ ਬੇਰਹਿਮੀ ਨਾਲ ਪੀਸਿਆ ਹੋਇਆ। ਜਿਸ ਉਪਰ ਥੋੜ੍ਹਾ ਤਰਸ ਤਾਂ ਜ਼ਰੂਰ ਆ ਸਕਦਾ ਹੈ, ਪਰ ਪਿਆਰ ਬਿਲਕੁਲ ਨਹੀਂ ਤੇ ਸੌ ਗੱਲਾਂ ਦੀ ਇਕ ਗੱਲ। ਉਹ ਉਸਦੇ ਹਾਣ ਪਰਵਾਨ ਦਾ ਵੀ ਨਹੀਂ। ਕਿਥੇ ਉਹ ਗੋਰੀ ਨਿਛੋਹ, ਗੁਲਾਬ ਦੀਆਂ ਪੰਖੜੀਆਂ ਵਰਗੇ ਬੁੱਲ੍ਹਾਂ ਵਾਲੀ, ਕਾਲੀਆਂ ਘਨਘੋਰ ਹਿਰਨੀ ਵਰਗੀਆਂ ਅੱਖਾਂ ਵਾਲੀ, ਤਿੱਖੇ ਨੈਣ ਨਕਸ਼ਾਂ ਤੇ ਕੁਦਰਤੀ ਤਰਾਸ਼ੀਆਂ ਹੋਈਆਂ ਭਵਾਂ (ਭਰਵੱਟਿਆਂ) ਵਾਲੀ, ਗਜ਼ ਗਜ਼ ਲੰਬੇ ਕਾਲੇ ਵਾਲਾਂ ਦੀ ਗੁੱਤ ਫਨੀਅਰ ਨਾਗ ਦਾ ਭੁਲੇਖਾ ਪਾਉਣ ਵਾਲੀ ਤੇ ਕਿਥੇ ਧੁੱਪਾਂ ਬਰਸਾਤਾਂ ਤੇ ਲੂੰਆਂ ਦਾ ਮਾਰਿਆ ਅਮਰਜੀਤ। ਜਿਸ ਦਾ ਨਾ ਰੰਗ-ਰੂਪ ਸੋਹਣਾ, ਨਾ ਦੂਜੇ ਦੀਆਂ ਭਾਵਨਾਵਾਂ ਦਾ ਅਹਿਸਾਸ ਕਰਨ ਵਾਲਾ।

ਕਿਥੇ ਤਾਂ ਬਚਪਨ ਤੋਂ ਲੈ ਕੇ ਹੁਣ ਤੱਕ ਹਰ ਕੋਈ ਰਵਿੰਦਰ ਭੈਣ ਜੀ ਨੂੰ 'ਪਰੀ' ਕਹਿਣ ਵਾਲਾ....'ਪਰੀ.....' ਸੋਚ ਕੇ ਰਵਿੰਦਰ ਭੈਣ ਜੀ ਦੇ ਬੁੱਲ੍ਹਾਂ 'ਤੇ ਵਿਅੰਗਮਈ ਮੁਸਕਰਾਹਟ ਖੇਡ ਗਈ। 'ਪਰੀ' ਦਾ ਇਹ ਹਾਲ। ਸੋਚ ਕੇ ਰਵਿੰਦਰ ਭੈਣ ਜੀ ਦੇ ਦਿਲ ਵਿਚੋਂ ਗਹਿਰੀ ਹੂਕ ਉੱਠੀ, ਕਿਥੇ ਤਾਂ ਸਹੇਲੀਆਂ ਉਹਨੂੰ ਹਮੇਸ਼ਾ ਮਖੌਲਾਂ ਕਰਦੀਆਂ ਰਹਿੰਦੀਆਂ ਸਨ ਕਿ ਵਿਆਹ ਹੋਣ ਦੇਹ, ਘਰ ਵਾਲਾ ਤਾਂ ਤੇਰੇ ਗੋਡੇ ਮੁੱਢ ਹੀ ਬੈਠਾ ਰਹੂ। ਤੇ ਅੱਜ ਘਰ ਵਾਲਾ ਉਹਨੂੰ ਛੱਡ ਕੇ ਕੰਮ 'ਤੇ ਵੀ ਚਲਾ ਗਿਆ। ਉਹ ਵੀ ਪਹਿਲੇ ਹੀ ਦਿਨ। ਉਸਦੇ ਅਪਸਰਾਵਾਂ ਨੂੰ ਵੀ ਮਾਤ ਪਾਉਂਦੇ ਰੂਪ ਰੰਗ ਦਾ ਕੋਈ ਅਸਰ ਅਮਰਜੀਤ 'ਤੇ ਹੋਇਆ ਵੀ ਹੈ। ਇਸ ਦਾ ਉਸ ਨੂੰ ਸ਼ੱਕ ਸੀ।

ਰਵਿੰਦਰ ਭੈਣ ਜੀ ਦਾ ਦਿਲ ਚਾਹ ਰਿਹਾ ਸੀ ਕਿ ਉਲਟੇ ਪੈਰੀਂ ਹੀ ਉਹ ਇੰਡੀਆ



ਵਾਪਸ ਚਲੀ ਜਾਵੇ। ਘੰਟਿਆਂ ਬੱਧੀ ਉਹ ਬੈਠੇ ਰੋਂਦੇ ਰਹੇ, ਕੋਈ ਵੀ ਚੁੱਪ ਕਰਾਉਣ ਵਾਲਾ ਜਾਂ ਦਿਲਾਸਾਂ ਦੇਣ ਵਾਲਾ, ਸਮਝਾਉਣ ਵਾਲਾ ਨਹੀਂ ਸੀ। ਉਹਨਾਂ ਨੂੰ ਲੱਗਾ ਜਿਵੇਂ ਇਹਨਾਂ ਕੁਝ ਕੁ ਘੰਟਿਆਂ ਵਿਚ ਹੀ ਉਹ ਦਸ ਸਾਲ ਹੋਰ ਬੁੜ੍ਹੀ ਹੋ ਗਈ ਹੋਵੇ। ਜਦੋਂ ਉਹ ਰੋਂਦੀ ਰੋਂਦੀ ਥੱਕ ਗਈ ਅਤੇ ਹੰਝੂ ਕੇਰਨ ਤੋਂ ਅੱਖਾਂ ਨੇ ਵੀ ਜਵਾਬ ਦੇ ਦਿੱਤਾ ਅਤੇ ਸਿਰ ਵੀ ਉਸਦਾ ਫੱਟਣ ਵਾਲਾ ਹੋ ਗਿਆ ਤਾਂ ਉੱਠ ਕੇ ਉਸ ਨੇ ਮੂੰਹ ਹੱਥ ਧੋਤਾ, ਵਾਲਾਂ ਵਿਚ ਕੰਘੀ ਫੇਰੀ, ਹਲਕਾ ਜਿਹਾ ਮੇਕਅੱਪ ਕੀਤਾ, ਪਰਸ ਵਿਚੋਂ ਕੱਢ ਕੇ ਪੈਰਾਸੀਟਾਮੋਲ (ਸਿਰ ਦਰਦ ਦੂਰ ਕਰਨ ਵਾਲੀ) ਦੀ ਗੋਲੀ ਪਾਣੀ ਨਾਲ ਹੀ ਲੰਘਾ ਲਈ ਅਤੇ ਸ਼ਾਂਤ ਹੋ ਕੇ ਆਪਣੀ ਆਉਣ ਵਾਲੀ ਜ਼ਿੰਦਗੀ ਬਾਰੇ ਸੋਚਣ ਲੱਗੀ। ਵਾਪਸ ਇੰਡੀਆ ਨਾ ਤਾਂ ਉਹੀ ਹੁਣ ਜਾ ਸਕਦੀ ਸੀ ਤੇ ਨਾ ਹੀ ਜਾਣ ਦੀ ਤੁੱਕ ਸੀ। ਮਾਂ, ਬਾਪ, ਭੈਣ, ਭਰਾਵਾਂ ਦੀਆਂ ਅੱਖਾਂ ਵਿਚ ਕੈਨੇਡਾ ਬਾਰੇ ਤੈਰਦੇ ਸੁਪਨੇ ਉਹ ਇੰਝ ਇਕੋ ਝਟਕੇ ਨਾਲ ਤੋੜ ਸਕਦੀ ਹੈ? ਸੋਚਦਿਆਂ ਹੀ ਅੱਖਾਂ ਵਿਚੋਂ ਹੰਝੂ ਫਿਰ ਵਹਿ ਤੁਰੇ। ਫਿਰ ਉਹਨੇ ਅਮਰਜੀਤ ਵਾਲੇ ਪਾਸੇ ਹੋ ਕੇ ਸੋਚਿਆ ਕਿ ਚਲੋ ਦੇਖਦੇ ਹਾਂ ਸ਼ਾਇਦ ਉਹ ਬਹੁਤ ਹੀ ਚੰਗਾ ਹੋਵੇ ਜਾਂ ਫਿਰ ਜੇਕਰ ਉਸਦੀ ਜ਼ਿੰਦਗੀ ਖਰਾਬ ਹੋ ਵੀ ਗਈ ਅਤੇ ਘਰਦਿਆਂ ਦੀ, ਮਾਂ, ਬਾਪ, ਭੈਣਾਂ, ਭਰਾਵਾਂ ਦੀ ਬਣ ਗਈ ਤਾਂ ਵੀ ਸੌਦਾ ਕੋਈ ਬੁਰਾ ਨਹੀਂ। ਉਸਨੇ ਆਪਣੀ ਜ਼ਿੰਦਗੀ ਨੂੰ ਉਹਨਾਂ ਦੀ ਜ਼ਿੰਦਗੀ ਉਪਰ ਹੋਮ ਕਰਨ ਦਾ ਪੂਰਾ ਪੂਰਾ ਮਨ ਬਣਾ ਲਿਆ, ਉਹਨੇ ਫਿਰ ਆਪਣੇ ਨਾਲ ਬਹਿਸ ਕੀਤੀ। ਤਾਂ ਕੀ ਉਸਦਾ ਵਿਆਹ, ਵਿਆਹ ਨਹੀਂ....ਸਿਰਫ ਇਕ ਸਮਝੌਤਾ ਹੀ ਹੈ। ਹਾਂ! ਸਮਝੌਤਾ ਹੀ ਹੈ। ਉਸਦੇ ਮਨ ਨੇ ਪੱਕਿਆਂ ਹੋ ਕੇ ਜਵਾਬ ਦਿੱਤਾ, ਇਹ ਤਾਂ ਪੁੱਗਦੀਆਂ ਦੇ ਸੌਦੇ ਹਨ। ਉਸਦਾ ਬਾਪ ਕਿਹਾ ਕਰਦਾ ਸੀ, ਇਕ ਦੂਜੇ ਦੀ ਜ਼ਰੂਰਤ ਦਾ ਖ਼ਿਆਲ। ਇਕ ਦੂਜੇ ਦੀ ਜ਼ਰੂਰਤ ਦੀ ਪੂਰਤੀ ਤੇ ਫਿਰ ਮੇਰੇ....ਮੇਰੇ ਸੁਪਨੇ....ਉਹਨਾਂ ਦਾ ਕੀ ਬਣੂੰ? ਸੁਪਨੇ...ਸੁਪਨੇ....ਕਾਹਦੇ ਸੁਪਨੇ....ਕਿਸਦੇ ਸੁਪਨੇ, ਸੁਪਨਿਆਂ ਨਾਲ ਢਿੱਡ ਦੀ ਅੱਗ ਨਹੀਂ ਬੁਝਦੀ, ਸੁਪਨਿਆਂ ਨਾਲ ਇਕ ਵੇਲੇ ਦੀ ਰੋਟੀ ਵੀ ਨਹੀਂ ਪੱਕਦੀ। ਸੁਪਨਿਆਂ ਨਾਲ ਕਿਸੇ ਘਰ ਦੀ ਨੀਂਹ ਨਹੀਂ ਪੂਰੀ ਜਾਂਦੀ। ਸੁਪਨਿਆਂ ਦੀ ਕਿਸਮਤ ਵਿਚ ਟੁੱਟਣਾ ਹੀ ਲਿਖਿਆ ਹੁੰਦਾ ਹੈ। ਸੁਪਨੇ ਦੀ ਤਾਂ ਅੱਖਾਂ ਖੁੱਲ੍ਹਣ ਨਾਲ ਹੀ ਮੌਤ ਹੋ ਜਾਂਦੀ ਹੈ ਤੇ ਫਿਰ ਉਹ ਸੁਪਨਿਆਂ ਦੇ ਸਿਵੇ ਫੋਲਦੀ, ਫੁੱਲ ਚੁੱਗਦੀ ਅਹਿੱਲ ਬੈਠੀ ਰਹੀ। ਉਹ ਪਤਾ ਨਹੀਂ ਕਿੰਨਾ ਕੁ ਚਿਰ ਇਵੇਂ ਬੈਠੀ ਰਹੀ। ਉਸਨੂੰ ਤਾਂ ਉਦੋਂ ਹੀ ਪਤਾ ਲੱਗਾ, ਜਦੋਂ ਅਮਰਜੀਤ ਇਕ ਕੱਛ ਵਿਚ ਸ਼ਰਾਬ ਦੀ ਬੋਤਲ ਤੇ ਦੂਜੀ ਵਿਚ ਵੱਡਾ ਸਾਰਾ ਕੈਨਵਸ ਦਾ ਥੈਲਾ ਦਬਾਈ ਅੰਦਰ ਵੜਿਆ।

'ਤੂੰ ਕੁਝ ਖਾਧਾ ਪੀਤਾ ਵੀ ਹੈ ਕਿ ਨਹੀਂ?' ਉਹ ਤ੍ਰਭਕ ਕੇ ਖੜ੍ਹੀ ਹੋ ਗਈ ਅਤੇ ਅੱਖਾਂ ਨੀਵੀਆਂ ਕਰੀ ਪੈਰ ਦੇ ਅੰਗੂਠੇ ਨਾਲ ਫਰਸ਼ 'ਤੇ ਗੋਲ-ਗੋਲ ਲਾਈਨਾਂ ਖਿੱਚਦੀ ਰਹੀ।

ਅਮਰਜੀਤ ਨੇ ਉਸਨੂੰ ਗਹੁ ਨਾਲ ਦੇਖਿਆ ਤੇ ਫਿਰ ਹਥਲਾ ਸਾਮਾਨ ਫਰਿੱਜ ਦੇ ਉਪਰ ਟਿਕਾ ਕੇ ਉਸ ਕੋਲ ਆ ਗਿਆ। ਮਾਂ ਨੇ ਕਿਹਾ ਸੀ, 'ਘਰ ਵਾਲੇ ਕੋਲ ਕਦੀ ਮਾੜਾ ਮੂਡ ਨਾ ਲੈ ਕੇ ਜਾਈਂ ਤੇ ਨਾ ਹੀ ਕਦੀ ਰੋਂਦੀ ਧੋਂਦੀ ਸ਼ਕਲ ਉਹਨੂੰ ਵਿਖਾਈਂ। ਕੁਝ ਵੀ ਚਾਹੀਦਾ ਹੋਵੇ, ਕੋਈ ਵੀ ਗੱਲ ਹੋਵੇ, ਕਦੀ ਬਾਹਰੋਂ ਆਏ ਨੂੰ ਇਕਦਮ ਨਾ ਦੱਸੀਂ ਤੇ ਹਮੇਸ਼ਾਂ ਉਸਦਾ ਕਹਿਣਾ ਮੰਨੀ। ਤੂੰ ਘਰ ਦੀ ਸਭ ਤੋਂ ਵੱਡੀ ਧੀ ਐ ਤੇ ਘਰ ਦੀ ਇੱਜ਼ਤ ਤੇਰੇ ਹੀ ਹੱਥ ਹੈ। ਦੇਖੀਂ,

ਬਰਾਦਰੀ 'ਚ ਸਾਡੀ ਨੱਕ ਨਾ ਵੱਢੀਂ, ਸ਼ੇਰ ਪੁੱਤ ਬਣੀ ਤੇ ਔਕੜਾਂ ਦਾ ਸਾਹਮਣਾ ਕਰੀਂ।' ਸ਼ਾਇਦ ਮਾਂ ਨੇ ਉਸਦਾ ਭਵਿੱਖ ਪੜ੍ਹ ਲਿਆ ਸੀ। ਉਸ ਨੇ ਰੋਣ ਹਾਕੇ ਹੁੰਦਿਆਂ ਸੋਚਿਆ ਤੇ ਫਿਰ ਅਗਲੇ ਹੀ ਪਲ ਸਭ ਗੱਲਾਂ ਪਿੱਛੇ ਧੱਕ ਕੇ ਉਸ ਨੇ ਮੁਸਕਰਾ ਕੇ ਉਸ ਵਲ ਵੇਖਿਆ। ਅਮਰਜੀਤ ਤੇ ਉਸਦੀਆਂ ਅੱਖਾਂ ਟਕਰਾਈਆਂ। ਅਮਰਜੀਤ ਨੂੰ ਲੱਗਾ ਜਿਵੇਂ ਕੋਈ ਮਿਕਨਾਤੀਸੀ ਖਿੱਚ ਉਸਨੂੰ ਆਪਣੇ ਵਲ ਖਿੱਚ ਰਹੀ ਹੋਵੇ। ਸਾਈਡ ਬਲਬ ਦੀ ਰੌਸ਼ਨੀ ਉਸਦੀ ਚੁੰਨੀ ਵਿਚੋਂ ਹੁੰਦੀ ਹੋਈ ਉਸਦੇ ਅੱਧੇ ਮੂੰਹ 'ਤੇ ਪੈ ਰਹੀ ਸੀ। ਜਿਵੇਂ ਬੱਦਲਾਂ ਵਿਚੋਂ ਅੱਧਾ ਚੰਦ ਝਾਤੀਆਂ ਮਾਰ ਰਿਹਾ ਹੋਵੇ। ਅਮਰਜੀਤ ਦੇ ਹੱਥ ਤੇ ਪੈਰ ਦੋਵੇਂ ਕੰਬਣ ਲੱਗੇ। ਲੜਖੜਾਉਂਦੇ ਪੈਰਾਂ ਨਾਲ ਉਹ ਅੱਗੇ ਵਧਿਆ ਤੇ ਕੰਬਦੇ ਹੱਥਾਂ ਨਾਲ ਉਸਦਾ ਮੂੰਹ ਦੋਹਾਂ ਹੱਥਾਂ ਵਿਚ ਫੜ੍ਹ ਕੇ ਉਸਦੀਆਂ ਅੱਖਾਂ ਵਿਚ ਦੇਖਣ ਦੀ ਕੋਸ਼ਿਸ਼ ਕਰਨ ਲੱਗਾ। ਰਵਿੰਦਰ ਦੀਆਂ ਅੱਖਾਂ ਆਪ-ਮੁਹਾਰੀਆਂ ਝੁਕ ਗਈਆਂ, ਬੁੱਲ੍ਹ ਕੰਬਣ ਲੱਗੇ, ਅਮਰਜੀਤ ਬਗੈਰ ਸ਼ਰਾਬ ਪੀਤਿਆਂ ਸ਼ਰਾਬੀ ਹੋ ਗਿਆ ਲੱਗਦਾ ਸੀ।

'ਮੇਰੇ ਕੋਲ ਕੁਝ ਵੀ ਨਹੀਂ, ਨਾ ਤਾਂ ਘਰ, ਨਾ ਹੀ ਆਪਣੀ ਟੈਕਸੀ, ਨਾ ਬੈਂਕ ਬੈਲੇਂਸ, ਪਰ ਹੁਣ ਤੂੰ ਆ ਗਈ ਹੈਂ, ਆਪਾਂ ਰਲ ਕੇ ਸਭ ਕੁਝ ਬਣਾ ਲਵਾਂਗੇ। ਤੂੰ ਕਿਸੇ ਗੱਲ ਦਾ ਬੁਰਾ ਨਾ ਮੰਨੀਂ, ਮੈਂ ਅੱਜ ਕੱਪੜਿਆਂ ਵਾਲੀ ਫੈਕਟਰੀ 'ਚ ਤੇਰੇ ਕੰਮ ਦਾ ਪਤਾ ਕਰਕੇ ਆਇਆ ਹਾਂ। ਸਵੇਰ ਦੀ ਸ਼ਿਫਟ ਹੈ, ਮੈਂ ਜਾਂਦਾ ਹੋਇਆ ਤੈਨੂੰ ਛੱਡ ਜਾਇਆ ਕਰਾਂਗਾ, ਆਉਂਦਿਆਂ ਤੂੰ ਬੱਸ 'ਤੇ ਆ ਜਾਇਆ ਕਰੀਂ। ਆਪਾਂ ਦੋਵੇਂ ਮਿਹਨਤ ਕਰਾਂਗੇ ਤਾਂ ਹੀ ਘਰ ਦਾ ਠੀਆ-ਠੱਪਾ, ਖਰਚਾ ਵਰਚਾ ਤੋਰਾਂਗੇ, 'ਕੱਲੇ ਦੇ ਵੱਸ ਦਾ ਨਹੀਂ। ਇਥੇ ਕੁਝ ਵੀ, ਘਰ ਬਾਰ ਆਪਣਾ ਹੋਊ ਤਾਂ ਹੀ ਘਰ ਦੀ ਇੱਜ਼ਤ.... ਤੇ ਅੱਗੋਂ ਰਵਿੰਦਰ ਤੋਂ ਕੁਝ ਸੁਣ ਨਾ ਹੋਇਆ....ਫਿਰ ਘਰ ਦੀ ਇੱਜ਼ਤ, ਉਸਦੀ, ਅਮਰਜੀਤ ਦੀ ਆਪਣੀ ਜ਼ਿੰਦਗੀ ਕੁਝ ਵੀ ਨਹੀਂ, ਹਾਂ...ਨਹੀਂ, ਸੱਚੀਂ ਕੁਝ ਵੀ ਨਹੀਂ। ਇਹ ਸਭ ਘਰ, ਘਰ ਦੀ ਇੱਜ਼ਤ ਸਦਕਾ ਹੀ ਹੁੰਦਾ ਹੈ, ਇਹ ਸਮਾਜ, ਇਸ ਵਿਚ ਰਹਿਣ ਵਾਲੇ ਸਭ ਘਰ ਅਤੇ ਘਰ ਦੀ ਇੱਜ਼ਤ ਸਦਕੇ ਹੀ ਤਾਂ ਹੁੰਦੇ ਹਨ। ਸੋਚਦਿਆਂ ਉਸ ਨੇ ਡੂੰਘਾ ਸਾਹ ਲਿਆ ਅਤੇ ਘਰ ਅਤੇ ਘਰ ਦੀ ਇੱਜ਼ਤ ਬਣਾਉਣ ਲਈ ਆਪਣੇ ਆਪ ਨੂੰ ਪੱਕਿਆਂ ਕਰਨ ਦੀ ਕੋਸ਼ਿਸ਼ ਕਰਨ ਲੱਗੀ।

**—ਡਾ. ਪ੍ਰਿਤਪਾਲ ਕੌਰ ਚਾਹਲ**
**184, ਬਲਾਕ ਸੀ ਭਾਈ ਰਣਧੀਰ ਸਿੰਘ ਨਗਰ**
**ਲੁਧਿਆਣਾ।**
**ਫੋਨ : 98882-47686**



# ਸਿਉਂਕ

ਜਾਨਣਾ ਚਾਹੁੰਦੇ ਹੋ, ਮੈਂ ਕੌਣ ਹਾਂ ? ਮੈਂ ਹਵਾ ਦਾ ਬੁੱਲਾ ਹਾਂ ਜੋ ਤੁਹਾਡੇ ਸਾਹ ਵਿਚ ਰਲ ਕੇ, ਹੱਡੀਆਂ ਨੂੰ ਚਿੰਬੜ ਜਾਂਦਾ ਹੈ। ਮੈਂ ਉਹ ਚੀਕ ਵੀ ਹਾਂ ਜਿਹੜੀ ਅੰਦਰੋਂ ਨਿਕਲਦੀ ਹੀ ਨਹੀਂ। ਅੰਦਰ ਨੂੰ ਤੋੜ-ਮਰੋੜ ਕੇ ਰਲ ਜਾਂਦੀ ਹੈ ਲਹੂ ਦੇ ਕਣ-ਕਣ ਵਿਚ। ਇਹ ਲੋਕ ਮੇਰੇ ਵੱਲ ਕਿਵੇਂ ਝਾਕਦੇ ਹਨ ? ਜਿਵੇਂ ਮੈਂ ਕੋਈ ਜਾਨਵਰ ਹੋਵਾਂ। ਮੈਂ ਪੁੱਛਦਾ ਹਾਂ, ਕਿਉਂ ਡੇਲੇ ਅੱਡ-ਅੱਡ ਕੇ ਦੇਖਦੇ ਹੋ ? ਇਨਸਾਨ ਹਾਂ ਮੈਂ ਵੀ। ਵਸਤੂ ਤਾਂ ਨਹੀਂ।

ਜੀ ਹਾਂ, ਵਸਤੂ। ਵੈਸੇ ਇਹ ਕੋਈ ਗੁਨਾਹ ਨਹੀਂ। ਕਿਹੜਾ ਮੇਰਾ ਕਸੂਰ ਐ। ਪਰ ਸਾਲਾ ਸਮਾਜ ਨ੍ਹੀਂ ਮੰਨਦਾ। ਮੈਂ ਬਥੇਰਾ ਕਹਿੰਨਾਂ, ਮੈਂ ਵੀ ਸਾਹ ਲੈਂਦਾ ਹਾਂ। ਸਾਹ-ਹੀਣ ਨਹੀਂ ਹਾਂ। ਇਕ ਦਿਲ ਧੜਕਦੈ ਮੇਰੇ ਅੰਦਰ ਵੀ। ਲਾਲ ਸੂਹਾ। ਧੱਕ-ਧੱਕ ਕਰਦਾ। ਪਰ ਮੇਰੀ ਆਪਣੀ ਮਾਂ ਹੀ ਨ੍ਹੀਂ ਮੰਨਦੀ। ਕਹਿੰਦੀ ਐ, ਮੈਂ ਇੱਕ ਸ਼ੈਅ ਦੀ ਤਰ੍ਹਾਂ ਪਿਆ ਰਹਵਾਂ। ਕਮਰੇ ਵਿਚ ਬੰਦ।... ਗੰਦੀ ਗਜਾਈ ਹੇਠਾਂ।...ਤੇ ਉਹ ਆਪ ਦੀ ਮਰਜ਼ੀ ਕਰਦੀ ਘੁੰਮਦੀ-ਫਿਰਦੀ ਰਹੇ।

ਮੇਰਾ ਪਿਓ ? ਉਹ ਵੀ ਪਿਆ ਰਹਿੰਦੈ ਦਾਰੂ ਪੀ ਕੇ। ਭੁਲਾ ਛੱਡਦੈ ਆਪਣੀ ਹੋਸ਼। ਭੁੱਲ ਜਾਂਦਾ ਹੈ ਸਾਨੂੰ ਸਭ ਨੂੰ।....ਤੇ ਹੁਣ ਅਸੀਂ ਸਾਰੇ ਜੀਵੀਏ ਜਾਂ ਮਰੀਏ। ਜਿਵੇਂ ਕੋਈ ਚਿੰਤਾ ਈ ਨ੍ਹੀਂ ਉਸ ਨੂੰ। ਚੱਲੋ ਛੱਡੋ। ਕੀ ਲੈਣਾ ਸੋਚ ਕੇ।....ਪਰ ਕੀ ਕਰਾਂ ? ਸੋਚ ਖਹਿੜਾ ਵੀ ਛੱਡੇ।

ਮੈਂ ਵੀ ਹੁਣ, ਐਨ ਆਪਣੇ ਪਿਓ ਦੀ ਤਰ੍ਹਾਂ ਭੁੱਲਣ ਲੱਗ ਪਿਆ ਹਾਂ। ਰਹਿਣ ਲੱਗ ਪਿਆ ਹਾਂ ਆਪਣੀ ਦੁਨੀਆਂ ਵਿਚ। ਜਿੱਥੇ ਮੈਨੂੰ ਨਾ ਲੋਕਾਂ ਦੇ ਤਾਅਨੇ-ਮਿਹਣੇ ਸੁਨਣ ਤੇ ਨਾ ਹੀ ਮੇਰੀਆਂ ਅੱਖਾਂ ਕੁਝ ਦੇਖ ਸਕਣ। ਨਾ ਹੀ ਸੁਣਨ ਮੇਰੀ ਮਾਂ ਦੇ ਹਾਸੇ ਭਰੇ ਬੋਲ। ਨਾ ਦਿਖਾਈ ਦੇਵੇ ਉਸ ਦਾ ਸਸਤਾ ਜਿਹਾ ਮੇਕਅੱਪ। ਉਹ ਭੱਜ-ਭੱਜ ਕੇ 'ਉਸ ਦੇ' ਦੁਆਲੇ ਘੁੰਮਦੀ ਰਹਿੰਦੀ ਐ। 'ਉਸ ਦੇ' ਹੱਥਾਂ ਵਿਚ ਨੋਟਾਂ ਦਾ ਪਲੰਦਾ ਜਿਹਾ ਦੇਖ ਕੇ, ਮੇਰੀ ਮਾਂ ਦੀਆਂ ਲਾਲਾ ਦੇਖਣ ਵਾਲੀਆਂ ਹੁੰਦੀਆਂ। ਲੋਟ-ਪੋਟ ਹੋ ਜਾਂਦੀ ਐ। ਵਾਰ-ਵਾਰ ਉਸ ਨੂੰ ਪੁੱਛਦੀ ਐ, "ਕੈਨੇਡਾ ਕਿਵੇਂ ਦਾ ਮੁਲਕ ਐ ਜੀ ?" ਫੇਰ ਕੋਈ ਉੱਤਰ ਉਡੀਕੇ ਬਿਨਾਂ ਮੂੰਹ ਜਿਹਾ ਬਣਾ ਕੇ ਆਖਦੀ ਐ, "ਕਰਮਾਂ ਆਲੇ ਨੇ ਲੋਕ, ਜਿਹੜੇ ਉਥੇ ਜਾਂਦੇ-ਰਹਿੰਦੇ ਹੋਣਗੇ। ਸਾਡਾ ਟੈਮ ਤਾਂ ਗਿਆ। ਜੇ ਮੇਰੇ ਪੀਤੇ ਜਾਂ ਪੀਤੀ ਦਾ ਕੁਛ.... ?" ਤੇ ਟੇਢੀ ਜਿਹੀ ਅੱਖ ਨਾਲੇ ਉਸ ਵੱਲ ਦੇਖਦੀ ਹੋਈ ਸੰਕੇਤ ਕਰਦੀ ਹੈ। ਜਿਵੇਂ ਉਸ ਨੇ ਮਾਂ ਨੂੰ ਨਹੀਂ ਤਾਂ ਮੈਨੂੰ ਤੇ ਜੀਤੀ ਨੂੰ ਕੈਨੇਡਾ ਲੈ ਹੀ ਜਾਣਾ ਹੋਵੇ। ਮਾਂ ਦੇ ਜਿਸਮ ਵਿਚ ਹੁੰਦੀ ਹਰਕਤ ਨੂੰ ਦੇਖ ਕੇ, ਮੇਰਾ ਜੀਅ ਕਰਦੈ ਕਿ ਗੰਡਾਸੀ ਧਰ ਲਵਾਂ ਆਪਣੀ ਧੌਣ 'ਤੇ। ਕਰ ਦਵਾਂ ਸਭ ਖ਼ਤਮ।

ਪਰ ਮੈਂ ਕੁਝ ਨ੍ਹੀਂ ਕਰ ਸਕਦਾ। ਮੂੰਹ ਰਜਾਈ ਵਿਚ ਦੇ ਲੈਂਦਾ ਹਾਂ। ਕੰਨਾਂ ਦੇ ਦੁਆਲੇ ਹੋਰ ਘੁੱਟ ਕੇ ਵਲ੍ਹੇਟ ਲੈਂਦਾ ਹਾਂ।

ਮੇਰਾ ਭਾਪਾ ਕਿਸੇ ਮਹਿਕਮੇ ਵਿਚ ਚਪੜਾਸੀ ਦੀ ਨਕਰੀ ਕਰਦੈ। ਜੀ-ਹਜ਼ੂਰੀ ਕਰਦਿਆਂ,

ਪੱਬਾਂ ਭਾਰ ਤੁਰਦਿਆਂ ਉਹ ਸ਼ਾਮ ਦੀ ਉਡੀਕ ਬੜੀ ਬੇਤਾਬੀ ਨਾਲ ਕਰਦੈ। ਕੰਮ ਤੋਂ ਪਰਤਦਿਆਂ, ਘਰ ਵੜਦਾ ਹੋਇਆ ਉਹ ਅਵਾਜ਼ੇ ਕੱਸਦਾ ਹੈ। ਬੋਲਾਂ ਵਿਚ ਰੋਹਬ ਲਿਆ ਕੇ, ਆਪਣੀ ਹੋਂਦ ਜਤਾਉਂਦਾ ਹੈ। ਫੇਰ ਟਿਫਨ ਨੂੰ ਇਕ ਪਾਸੇ ਰੱਖਦਾ ਹੋਇਆ ਮਾਂ ਦਾ ਕਲਾਵਾ ਭਰਦਾ ਹੈ।... ਤੇ ਆਲੇ-ਦੁਆਲੇ ਟੀਰੀ ਜਿਹੀ ਅੱਖ ਨਾਲ ਕੁਝ ਭਾਲਦਾ ਹੈ। ਸ਼ਾਇਦ ਭਾਪੇ ਦੇ ਪੀਣ ਨੂੰ ਵਿਦੇਸ਼ੀ ਦਾਰੂ ਦੀ ਬੋਤਲ ਜੁ ਆਈ ਐ। ਆਈ ਨ੍ਹੀਂ। ਮਾਂ ਲਿਆਈ ਐ। ਕਿੱਥੋਂ ? ਤੁਸੀਂ ਪੁੱਛਦੇ ਓਂ ? ਪਤਾ ਲੱਗੇ ਥੋਨੂੰ ਵੀ। ਸਬਰ ਕਰੋ। ਦੱਸੂੰਗਾ ਉਹ ਵੀ ਮੈਂ।

ਹਾਂ ਸੱਚ, ਗਲ ਬੋਤਲ ਦੀ ਚੱਲੀ ਐ। ਮੈਂ ਸੋਚਦਾ ਹਾਂ ਕਿ ਜਿੰਨੀ ਤਿੱਖੀ ਬੋਤਲ ਦੀ ਸ਼ਰਾਬ, ਉੱਨੀ ਹੀ ਉੱਚੀ ਭਾਪੇ ਦੀ ਬੜ੍ਹਕ। ਤੋਰ ਵਿਚ ਜਿਵੇਂ ਆਕੜ ਆ ਜਾਂਦੀ ਐ ਏਸ ਦੇ। ਜਿੱਦਾਂ ਹਿੱਕ ਗਿੱਠ ਚੌੜੀ ਹੋ ਗਈ ਹੋਵੇ। ਫੇਰ ਉਹ ਤਿਰਛਾ ਜਿਹਾ ਝਾਕਦੈ ਮੇਰੀ ਵੱਡੀ ਭੈਣ ਵੱਲ। ਜਿਵੇਂ ਅਗਲੀ ਬੋਤਲ ਉਸ ਨੇ ਲਿਆਉਣੀ ਹੋਵੇ। ਸੋਲ੍ਹਾਂ-ਸਤਾਰਾਂ ਕੁ ਸਾਲਾਂ ਦੀ ਜੀਤੀ ਮੇਰੇ ਜ਼ਿਹਨ 'ਚ ਚੁਭਦੀ ਐ। ਕਿਉਂ ਇਹ ਦਿਨੋ-ਦਿਨ ਵਧੀ ਜਾਂਦੀ ਐ ? ਮੇਰਾ ਜੀਅ ਕਰਦੈ, ਜੀਤੀ ਨੂੰ ਹਨ੍ਹੇਰੀ ਕੋਠੜੀ 'ਚ ਬੰਦ ਕਰ ਦਿਆਂ। ਜਿੱਥੇ ਸ਼ੈਦ ਇਹ ਵਧਣੋਂ ਹਟ ਜਾਵੇ।...ਤੇ ਕਿਸੇ ਨੂੰ ਇਹ ਨਜ਼ਰ ਹੀ ਨਾ ਆਵੇ।

...ਮਾਂ ਮੇਰੀ, ਸਾਡਾ ਸਭ ਦਾ ਚੇਤਾ ਭੁਲਾ ਕੇ, ਮਖ਼ੀਲ ਦੀ ਮੱਖੀ ਵਾਂਗ ਮੰਡਲਾਉਂਦੀ ਰਹਿੰਦੀ ਹੈ। ਚਾਲ੍ਹੀਆਂ ਨੂੰ ਢੁੱਕ ਕੇ ਵੀ ਆਪਣੇ ਵਿਚ ਤਾਜ਼ਗੀ ਲਿਆਉਣ ਦੀ ਕੋਸ਼ਿਸ਼ ਕਰਦੀ ਹੈ। ਮੈਨੂੰ ਇਹ ਪਤਾ ਨ੍ਹੀਂ ਲੱਗਦਾ ਕਿ ਉਹ ਭਾਪੇ ਨੂੰ ਦੇਖ ਕੇ ਜਾਂ ਮਕਾਨ ਮਾਲਕ ਨੂੰ ਦੇਖ ਕੇ 'ਫੁੱਲ' ਵਾਂਗ ਖਿੜ ਜਾਂਦੀ ਹੈ। ਗੱਲ੍ਹਾਂ ਵਿਚ ਡੂੰਘ ਪੈਣ ਲੱਗ ਪੈਂਦੇ ਹਨ। ਮੇਰੀਆਂ ਛੋਟੀਆਂ ਭੈਣਾਂ ਨੂੰ ਭੇਜ ਦਿੰਦੀ ਐ ਦੁਕਾਨਾਂ ਨੂੰ। ਗੋਸ਼ਤ ਮੰਗਵਾਉਂਦੀ ਐ ਤੇ ਦਾਰੂ ਦੀ ਬੋਤਲ। ਜਿਹੜੀ ਮਹਿੰਗਾ ਸਿੰਘ ਆਉਂਦਾ ਹੋਇਆ ਕੈਨੇਡਾ ਤੋਂ ਨਾਲ ਲਿਆਇਆ ਸੀ, ਮੇਜ਼ 'ਤੇ ਪਈ ਉਸ ਦੀ ਉਡੀਕ ਕਰਦੀ ਹੈ। ਉਹ ਮਹਿੰਗਾ ਜਿਸ ਨੇ ਸਾਨੂੰ ਸਭ ਨੂੰ ਖਰੀਦ ਲਿਆ। ਕਿਹਾ ਸੀ ਨਾ ਮੈਂ, ਕਿ ਮੈਂ ਦੱਸੂੰ ਤੁਹਾਨੂੰ ਕਿ ਬੋਤਲ ਕਿੱਥੋਂ ਆਉਂਦੀ ਐ। ਇਹ ਸਭ 'ਮਹਿੰਗੇ' ਦੀਆਂ ਮਿਹਰਬਾਨੀਆਂ। ਮਾਂ ਕਈ ਵਰ੍ਹਿਆਂ ਤੋਂ ਕੈਨੇਡਾ ਦੇ ਸੁਪਨੇ ਦੇਖਦੀ ਹੋਈ ਮਹਿੰਗੇ ਦੀ ਸੇਵਾ ਕਰਦੀ ਆ ਰਹੀ ਹੈ। ਆਪਣਾ-ਆਪ ਸੰਵਾਰ ਕੇ ਰੱਖਦੀ ਹੈ। ਪਾਊਡਰ-ਲਿਪਸਟਿਕ ਜਿਵੇਂ ਲੱਥਣ ਹੀ ਨਹੀਂ ਦਿੰਦੀ।

ਸਾਨੂੰ ਭਾਵੇਂ ਕੁਝ ਮਿਲੇ ਜਾਂ ਨਾ ਮਿਲੇ। ਪਰ ਮਾਂ ਭੱਜੀ ਫਿਰਦੀ ਐ ਇਸ ਦੇ ਮਗਰ। ਕਦੀ ਚਾਹ ਬਣਾਉਂਦੀ ਤੇ ਕਦੀ ਸੋਢਾ ਲੈ ਕੇ ਆਉਂਦੀ। ਉਸ ਨੂੰ ਵੀ ਮਾਂ ਦਾ ਚਿਹਰਾ ਸ਼ੈਦ ਚੰਗਾ ਲੱਗਦਾ ਹੋਵੇ। ਉਹ ਏਸ ਵੱਲਾਂ ਵਿੰਗੀ ਜਿਹੀ ਅੱਖ ਨਾਲ ਝਾਕਦਾ ਹੈ। ਮੇਰੇ ਤੋਂ ਜਿਵੇਂ ਨਜ਼ਰ ਬਚਾ ਰਿਹਾ ਹੋਵੇ। ਮੇਰੀ ਨਜ਼ਰ ਉਸ ਦੇ ਚੁੱਭਦੀ ਹੈ ਤੇ ਉਹ ਦੂਜੇ, ਬੰਨੇ ਮੂੰਹ ਭਵਾ ਲੈਂਦਾ ਹੈ। ਹੌਲੀ ਦੇਣੀ ਪੁੱਛਦਾ ਹੈ, "ਪੀਤੇ ਦੇ ਇਲਾਜ ਦਾ ਕੀ ਬਣਿਆ ?" ਮਾਂ ਮੱਠਾ ਜਿਹਾ ਹੁੰਗਾਰਾ ਭਰਦੀ ਹੈ। ਭਾਪਾ ਅੱਖ ਬਚਾ ਕੇ ਗਲਾਸੀ ਹੱਥ ਵਿਚ ਫੜ ਕੇ ਬਾਹਰ ਬਾਲਕੋਨੀ ਵੱਲ ਨਿਕਲ ਜਾਂਦਾ ਹੈ। ਬਾਹਰਲੀ ਹਵਾ ਵਿਚ ਸਾਹ ਲੈਣ ਜਾਂ ਅੰਦਰਲੇ ਹਨੇਰੇ ਤੋਂ ਡਰਦਾ ਹੋਇਆ। ਮੈਂ ਸਮਝ ਨ੍ਹੀਂ ਸਕਦਾ। ਮੈਂ ਦੇਖਦਾ ਹਾਂ, ਉਹ ਕਦੀ ਅੰਦਰ ਵੜਦਾ ਹੈ ਤੇ ਲੋਹੇ ਦੀਆਂ ਅਲਮਾਰੀਆਂ ਦੇ ਉਤੇ ਪਈ ਮਿੱਟੀ ਨਾਲ ਭਰੇ ਹੋਏ ਸੂਟਕੇਸਾਂ ਨੂੰ ਨਿਹਾਰਦਾ ਹੈ। ਸੋਚਦਾ ਹੋਣੈਂ, ਕਦੀ ਇਨ੍ਹਾਂ ਨੂੰ ਲੈ ਕੇ ਅਸੀਂ ਵੀ ਏਅਰਪੋਰਟ ਵੱਲ ਨੂੰ ਮੂੰਹ ਕਰਾਂਗੇ।

ਮਹਿੰਗਾ ਸਿੰਘ ਬੈਠਾ, ਹਰ ਗੱਲ 'ਤੇ ਖੰਘੂਰੇ ਮਾਰਦਾ ਹੈ। ਮੈਨੂੰ ਜਾਪਦੇ ਜਿਵੇਂ, ਉਸ ਦੇ



ਖੰਘੂਰੇ ਵਿਚ ਵੀ ਸ਼ਰਾਰਤ ਲੁਕੀ ਹੋਈ ਹੋਵੇ। ਕਦੀ ਮੇਰੀ ਵੱਡੀ ਭੈਣ ਨੂੰ 'ਵਾਜ ਮਾਰ ਕੇ ਕਹਿੰਦੈ, "ਓਏ ਜੀਤੀ ! ਲਿਆ ਬਈ ਗੰਢਾ-ਟਮਾਟਰ। ਗੰਢੇ-ਟਮਾਟਰ ਬਿਨਾਂ ਜਿਵੇਂ ਸੁਆਦ ਜਿਹਾ ਨ੍ਹੀਂ ਆਉਂਦੈ।"

ਗੰਢਾ-ਟਮਾਟਰ ਆਖਦਿਆਂ ਹੋਇਆਂ ਉਹ ਜੀਤੀ ਦੇ ਜਿਸਮ ਨੂੰ ਨਾਪਦਾ-ਤੋਲਦਾ ਹੈ। ਫੇਰ ਗੰਢੇ ਨੂੰ ਟੇਬਲ ਦੇ ਕੋਨੇ ਤੇ ਰੱਖ ਕੇ ਹੱਥ ਦੇ ਮੁੱਕੇ ਨਾਲ ਭੰਨਦਾ ਹੈ। ਮੈਨੂੰ ਰੋਹ ਚੜ੍ਹਦਾ ਹੈ। "ਸਾਲਿਆ, ਕਿਉਂ ਤੇਰੀ ਭੁੱਖ ਨ੍ਹੀਂ ਮਿਟਦੀ ? ਤੇਰੇ ਅੰਗ-ਸੰਗ ਵਿਚ ਭੁੱਖ, ਡੁੱਲ੍ਹ - ਡੁੱਲ੍ਹ ਪੈਂਦੀ ਐ। ਹੋ ਲੈਣ ਦੇ ਮੈਨੂੰ ਠੀਕ, ਵੱਢਾਂਗਾ ਤੇਰਾ ਫਾਹਾ ਵੀ ਮੈਂ।"

ਮੈਂ ਮਨ ਵਿਚ ਹੀ ਸੋਚਦਾ ਹਾਂ, ਚਿੜ੍ਹਦਾ ਹਾਂ। ਪਰ ਕਰ ਕੁਝ ਨ੍ਹੀਂ ਸਕਦਾ। ਫੇਰ ਕੋਈ ਸੁੰਡੀ ਮੇਰੇ ਅੰਦਰ ਨੂੰ ਖਾਣ ਲੱਗ ਪੈਂਦੀ ਹੈ। ਉਹ ਸੁੰਡੀ ਜਿਹੜੀ ਮੇਰੀਆਂ ਤੇ ਮੇਰੀਆਂ ਭੈਣਾਂ ਦੀਆਂ ਬੱਝੀਆਂ ਆਂਦਰਾਂ ਨੂੰ ਖਾ ਰਹੀ ਹੁੰਦੀ ਹੈ। ਜੀਤੀ ਵੱਲ ਦੇਖ ਰਹੀਆਂ ਜਿਵੇਂ ਮੇਰੇ ਪੇਟ ਵਿਚ ਤਰਥੱਲ ਮਚਾਉਂਦੀਆਂ ਹਨ। ਮੇਰਾ ਜੀਅ ਘਾਊਂ-ਮਾਊਂ ਜਿਹਾ ਹੋਣ ਡਹਿ ਪੈਂਦਾ ਹੈ। ਚੱਕਰ ਆਉਂਦੇ ਹਨ ਤੇ ਮੈਂ ਉਥੋਂ ਉੱਠ ਕੇ ਫੇਰ ਰਜਾਈ ਵਿਚ ਵੜ ਜਾਂਦਾ ਹਾਂ।

ਇਨ੍ਹਾਂ ਅੱਖਾਂ ਨੇ ਓਸ ਦਿਨ ਵੀ ਭੜਥੂ ਪਾਇਆ ਸੀ ਜਦੋਂ ਪਹਿਲੇ ਦਿਨ ਮੇਰੀ ਮਾਂ ਦੇ ਜਿਸਮ ਵਿਚ ਹੋਰ ਈ ਤਰ੍ਹਾਂ ਦੀ ਹਰਕਤ ਮੈਂ ਮਹਿਸੂਸ ਕੀਤੀ ਸੀ। ਭਾਪੇ ਨੂੰ ਕੰਮ ਤੇ ਤੋਰ ਕੇ ਉਹ ਕੱਚੇ ਕੋਠੇ ਵਿਚ ਗੰਦੇ ਕੱਪੜਿਆਂ ਵਿਚੋਂ ਘਸਮੈਲੀ ਜਿਹੀ ਚੱਦਰ ਕੱਢ ਕੇ ਮੰਜੇ ਉੱਤੇ ਵਿਛਾ ਰਹੀ ਸੀ। ਉਸ ਦਿਨ ਮਹਿੰਗਾ ਪਹਿਲੀ ਵੇਰਾਂ ਸਾਡੇ ਘਰ ਆ ਕੇ ਬੋਤਲ ਖੋਲ੍ਹ ਕੇ ਬੈਠਾ ਸੀ। ਉਸ ਵੇਲੇ ਮੈਂ ਮਸਾਂ ਛੇਆਂ-ਸੱਤਾਂ ਕੁ ਸਾਲਾਂ ਦਾ ਹੋਵਾਂਗਾ। ਮੈਨੂੰ ਜੀਤੀ ਦਾ ਹੱਥ ਫੜਾ ਕੇ ਮਾਂ ਨੇ ਬਾਹਰ ਨੂੰ ਘੱਲ ਦਿੱਤਾ ਸੀ। ਪੰਜਾਹ ਪੈਸੇ ਮਹਿੰਗੇ ਨੇ ਮੇਰੇ ਹੱਥ 'ਤੇ ਧਰੇ ਸਨ। "ਜਾਹ, ਜਾ ਕੇ ਗੋਲੀਆਂ ਖਾ ਲਵੀਂ।" ਮੈਂ ਉਸ ਦਾ ਨੇੜੇ ਆਇਆ ਹੱਥ ਆਪਣੇ ਸਰੀਰ ਨੂੰ ਛੂਹਣ ਤੋਂ ਪਹਿਲਾਂ ਹੀ ਛੰਡਕ ਦਿੱਤਾ ਸੀ। ਉਸ ਨੇ ਮੇਰੀਆਂ ਅੱਖਾਂ 'ਚੋਂ ਪਤਾ ਨ੍ਹੀਂ ਕੀ ਪੜ੍ਹਿਆ ਸੀ, ਤੇ ਉਹ ਝੂਠਾ ਜਿਹਾ ਹੋ ਗਿਆ ਸੀ।

ਉਹ ਪੰਜਾਹ ਪੈਸੇ ਪਹਿਲਾਂ ਮੈਂ ਹੱਥ ਵਿਚ ਇਉਂ ਘੁੱਟ ਕੇ ਫੜੇ ਜਿਵੇਂ ਹੱਡੀਆਂ ਵਿੱਚੀਂ ਦੂਜੇ ਬੰਨੇ ਨਿਕਲ ਜਾਣੇ ਹੋਣ ਤੇ ਫੇਰ ਨਾ ਜਾਣੇ ਮੈਨੂੰ ਕੀ ਸੁੱਝੀ, ਮੈਂ ਟੋਆ ਪੁੱਟ ਕੇ ਕਿਧਰੇ ਦੱਬ ਦਿੱਤੇ ਸਨ। ਚੇਤਾ ਨਹੀਂ, ਕਿਸੇ ਨਾਲੀ-ਬਹੀਣ ਦੇ ਕੰਢੇ ਡੱਕਿਆਂ ਨਾਲ ਗਲੀ ਕਰਕੇ ਉਸ ਵਿਚ ਸਿੱਟ ਦਿੱਤੇ ਹੋਣਗੇ। ਨਹੀਂ ਚਾਹੀਦੇ ਸਨ ਮੈਨੂੰ ਉਸ ਦੇ ਪੰਜਾਹ ਪੈਸੇ।

.....ਤੇ ਉਥੋਂ ਦੌੜ ਕੇ, ਮੈਂ ਜੀਤੀ ਦਾ ਹੱਥ ਫੜੀ ਕਿੰਨਾ ਚਿਰ ਪਿੰਡ ਦੇ 'ਦਰਵਾਜ਼ੇ' ਹੇਠਾਂ ਬੈਠਾ ਰਿਹਾ ਸੀ। ਜੀਤੀ ਨੂੰ ਭੁੱਖ ਲੱਗੀ ਹੋਈ ਸੀ ਤੇ ਮੈਨੂੰ ਪਿਆਸ। ਸੁੱਕਦਾ ਮੂੰਹ ਮੈਂ ਤਾਈ ਬਿਸ਼ਨੀ ਦੇ ਨਲਕੇ ਤੋਂ ਪਾਣੀ ਪੀ ਕੇ ਗਿੱਲਾ ਕਰ ਲਿਆ ਸੀ। ਪਰ ਜੀਤੀ ਨੇ ਤਾਂ ਪਾਣੀ ਵੀ ਨਹੀਂ ਸੀ ਪੀਤਾ। ਗਰਮੀ ਦੀ ਰੁੱਤ ਵਿਚ ਵੀ ਕੰਬੀ ਜਾਂਦੀ ਸੀ ਉਹ।

ਜਦੋਂ ਮੈਂ ਘਰ ਪਰਤਿਆ ਤਾਂ ਮੇਰੇ ਪਿਓ ਦੀ ਬੋਤਲ ਛਣਕਦੀ ਸੀ। ਉਸ ਨੇ ਅੱਜ ਬੜ੍ਹਕ ਮਾਰ ਕੇ ਮਹਿੰਗੀ ਦਾਰੂ ਪੀਤੀ ਸੀ। ਵਲੈਤੀ ਵਿਸਕੀ।

ਇਸ ਤੋਂ ਬਾਅਦ ਮੈਂ ਤੇ ਜੀਤੀ ਹਰ ਰੋਜ਼ ਬਾਹਰ ਰਹਿਣ ਲੱਗ ਪਏ। ਮੈਂ ਸਕੂਲ ਕਦੀ ਜਾਂਦਾ ਤੇ ਕਦੀ ਨਾ ਜਾਂਦਾ। ਕੂੜੇ ਦੇ ਢੇਰਾਂ ਤੇ ਤੁਰਿਆ ਫਿਰਦਾ। ਰੜ੍ਹਾਂ ਵਿਚ ਮੁੰਡਿਆਂ ਵਿਚ ਖੇਲ੍ਹੀ ਜਾਂਦਾ। ਮੁੰਡਿਆਂ ਨਾਲ ਲੜਾਈ-ਝਗੜਾ ਵੀ ਨਾ ਕਰਦਾ। ਸੋਚਦਾ ਮੇਰੀ ਚੁੱਪ ਨਾਲ ਉਨ੍ਹਾਂ

ਦੀਆਂ ਅੱਖਾਂ ਵਿਚ ਸਵਾਲਾਂ ਦੇ ਤਾਰੇ ਨਹੀਂ ਟਿਮਕਣਗੇ। ਹਨੇਰਾ ਹੋਣ ਤੱਕ ਮੈਂ ਬਾਹਰ ਹੀ ਰਹਿੰਦਾ ਤੇ ਘਰ ਵੱਲ ਜਿਮੇਂ ਮੂੰਹ ਕਰਨ ਨੂੰ ਮੇਰਾ ਜੀਅ ਨਾ ਕਰਦਾ।

ਜੀਤੀ ਅਤੇ ਮੈਥੋਂ ਨਿੱਕੇ ਭੈਣ-ਭਰਾ ਵੀ ਤਕੜੇ ਹੋਣ ਲੱਗ ਪਏ। ਉਨ੍ਹਾਂ ਦੇ ਕਪੜੇ ਵੀ ਸੁਹਣੇ ਸਿਲਣ ਲੱਗ ਪਏ। ਜੀਤੀ ਵੀ ਨਵੀਆਂ ਫਰਾਕਾਂ ਪਾਉਣ ਲੱਗ ਪਈ। ਸਾਨੂੰ ਭਰਾਵਾਂ ਨੂੰ ਨਵੇਂ ਕਪੜੇ ਤੇ ਖੇਡਾਂ ਮਿਲਦੀਆਂ। ਮਹਿੰਗਾ ਸਿੰਘ ਜਦੋਂ ਕੈਨੇਡਾ ਤੋਂ ਪਰਤਦਾ ਤਾਂ ਸਾਡੇ ਵਾਸਤੇ ਕੁਝ ਨਾ ਕੁਝ ਲਿਆਈ ਜਾਂਦਾ। ਸਾਡਾ ਕੱਚਾ ਕੋਠਾ ਨਵੀਆਂ ਤੇ ਵਿਦੇਸ਼ੀ ਚੀਜ਼ਾਂ ਨਾਲ ਭਰਨ ਲੱਗ ਪਿਆ।

ਜਿਉਂ ਅਸੀਂ 'ਮਹਿੰਗੇ' ਦਾ ਟੱਬਰ ਬਣ ਕੇ ਇਸ ਦੇ ਨਾਲ ਰਹਿਣ ਲੱਗ ਪਏ ਸਾਂ, ਉਸ ਵੇਲੇ ਤੋਂ ਅਸੀਂ ਲੋਕਾਂ ਦੀਆਂ ਨਿੱਕੀਆਂ-ਨਿੱਕੀਆਂ ਗੱਲਾਂ ਵੀ ਧਿਆਨ ਨਾਲ ਸੁਣਦੇ ਸਾਂ। ਉਹ ਸਭ ਜਿਵੇਂ ਸਾਡੇ ਤੇ ਦੰਦ ਚਿੜਾ ਰਹੇ ਹੋਣ। ਉਹ ਇਸ ਦੀ ਬੀਤੀ ਜ਼ਿੰਦਗੀ ਬਾਰੇ ਬਾਰ-ਬਾਰ ਗੱਲਾਂ ਕਰਦੇ। ਸੁਣੀਆਂ-ਅਣਸੁਣੀਆਂ ਗੱਲਾਂ ਦੀਆਂ ਕਹਾਣੀਆਂ ਘੜ ਕੇ ਦੱਸਦੇ ਕਿ, ਸੱਤਰਵਿਆਂ ਵਿਚ ਕਲਰਕੀ ਦੀ ਨੌਕਰੀ ਕਰਦਾ, 'ਮਹਿੰਗਾ' ਕੈਨੇਡਾ ਨੂੰ ਚਲੇ ਗਿਆ ਸੀ। ਇਸ ਦਾ ਪੁੱਤ ਨਛੱਤਰ ਕੈਨੇਡਾ ਵਿਚ ਰਹਿੰਦਾ ਸੀ, ਜਿਸ ਨੇ ਇਸ ਨੂੰ ਮੰਗਵਾਇਆ ਸੀ। ਇਹ ਹਾਲੀਂ ਚਾਲ੍ਹੀਆਂ-ਪੰਜਤਾਲੀਆਂ ਨੂੰ ਹੀ ਟੱਪਿਆ ਸੀ। ਪੁੱਤ ਦੇ ਘਰ ਵਿਚ ਬਾਕੀ ਰਹਿੰਦੀ ਉਮਰ ਵਿਹਲਾ ਕਿਵੇਂ ਬੈਠਦਾ ? ਵੈਸੇ ਵੀ ਇਹਦੀ ਪੁੱਤ ਨਾਲ ਕਦੀ ਬਣੀ ਹੀ ਨਹੀਂ ਸੀ। ਭੀੜੀ ਗਲੀ ਵਾਲੀ ਅਮਰ ਕੌਰ ਦੱਸਿਆ ਕਰਦੀ ਸੀ ਕਿ "ਨਿੱਕੇ ਹੁੰਦੇ ਨੂੰ ਨਛੱਤਰ ਨੂੰ ਇਹ ਬੜਾ ਮਾਰਦਾ ਹੁੰਦਾ ਸੀ। ਚੰਗਾ ਹੋਇਐ, ਨਛੱਤਰ ਭਲੇ ਵੇਲੇ ਬਾਹਰ ਨਿਕਲ ਗਿਆ। ਉਹ ਭਲੀ ਕਰਦਾ, ਸੁੱਖ-ਸ਼ਾਂਤੀ ਨਾਲ ਰਹੀ ਜਾਂਦਾ। ਕੀ ਲੋੜ ਸੀ ਪਿਓ ਨੂੰ ਆਪਣੇ ਕੋਲ ਮੰਗਵਾਉਣ ਦੀ ? ਬਿਪਤਾ ਤਾਂ ਉਸ ਨੇ ਆਪਣੇ ਗਲ ਆਪ ਪਾ ਲਈ ਨਾ ?"

ਉਸ ਨੂੰ ਸ਼ੈਦ ਲੋੜ ਸੀ ਆਪਣੀ ਧੀ 'ਸੀਮਾ' ਨੂੰ ਸੰਭਾਲਣ ਦੀ। ਮਹਿੰਗਾ ਦੱਸਦਾ ਸੀ ਕਿ ਨਛੱਤਰ ਨੇ ਆ ਕੇ ਕਿਹਾ ਸੀ, "ਤੁਸੀਂ ਚਲੇ ਚਲੋਂਗੇ ਤਾਂ ਸੀਮਾਂ ਨੂੰ ਬਾਹਰ ਕਿਸੇ ਕੋਲ ਛੱਡਣਾ ਨਹੀਂ ਪਊ। ਬੇਬੇ ਸੀਮਾ ਨੂੰ ਰੱਖ ਲਊ ਤੇ ਤੁਹਾਡਾ ਵੀ ਜੀਅ ਲੱਗਾ ਰਹੂ। ਬੱਚੇ ਸਾਂਭਣ ਵਾਲੀਆਂ ਉੱਥੇ ਪੈਸੇ ਬਹੁਤ ਲੈਂਦੀਆਂ ਹਨ। ਇਕ ਬੰਦੇ ਦੀ ਕਮਾਈ ਤਾਂ ਉਨ੍ਹਾਂ ਦੇ ਲੇਖੇ ਲੱਗ ਜਾਂਦੀ ਐ।"

ਨਛੱਤਰ ਮਹਿੰਗਾ ਸਿੰਘ ਦੇ ਸੁਭਾਅ ਤੋਂ ਜਾਣੂ ਸੀ। ਆਪਣੀ ਪਤਨੀ ਸੁਖਜਿੰਦਰ ਨੂੰ ਵੀ ਉਸ ਨੇ ਕੁਝ ਨ੍ਹੀਂ ਦੱਸਿਆ ਹੋਣੈਂ। ਨਹੀਂ ਤਾਂ ਉਹ ਸ਼ਾਇਦ ਇਸ ਨੂੰ ਕਦੀ ਵੀ ਮੰਗਵਾਉਣ ਲਈ ਰਾਜ਼ੀ ਨਾ ਹੁੰਦੀ।

ਇਸ ਬੰਦੇ ਦੀ ਜੀਵਨ ਗਾਥਾ ਪਤਾ ਨ੍ਹੀਂ ਕਿਉਂ ਮੇਰੇ ਦੁਆਲੇ ਹੀ ਚੱਕਰ ਕੱਟਦੀ ਰਹਿੰਦੀ ਐ। ਵਾਵਰੋਲੇ ਵਾਂਗ ਮੇਰੇ ਦਿਮਾਗ ਵਿਚ ਹੋਰ ਈ ਤਰ੍ਹਾਂ ਸ਼ੂਕਦੀ ਹੋਈ ਘੁੰਮਦੀ ਰਹਿੰਦੀ ਹੈ। ਤੇ ਮੈਂ ਲੋਕਾਂ ਦੀ ਕਾਨਾਫੂਸੀ ਵੀ ਬੜੇ ਧਿਆਨ ਨਾਲ ਸੁਣਦਾ ਹਾਂ। ਪਿੰਡ ਦੇ ਲੋਕਾਂ ਨੂੰ ਹੋਰ ਕੰਮ ਵੀ ਕੀ ਐ ? ਕਹਿੰਦੇ ਨੇ ਨਾਂ ਕਿ, ਵਿਹਲੀਏ ਰੰਨੇ, ਉੱਨ ਵੇਲ, ਉੱਨ ਨ੍ਹੀਂ ਘਸੁੰਨ ਫੇਰ। ਦੋ ਇਧਰਲੀਆਂ ਤੇ ਦੋ ਓਧਰਲੀਆਂ। ਜਿੱਥੈ ਚਟਖਾਰੇ ਲਾ ਕੇ ਗੱਲ ਮਿਲੀ, ਉਥੇ ਉਸ ਨੂੰ ਕੱਚੀ ਲੱਸੀ ਵਾਂਗ ਵਧਾ ਕੇ ਅੱਗੇ ਤੋਰ ਦਿੱਤਾ।....ਤੇ ਸਾਡੇ ਨਾਲ ਵੀ ਐਦਾਂ ਹੀ ਹੁੰਦਾ ਰਿਹਾ। ਉਸ ਦਾ ਅਸਰ ਹੋਰ ਨਹੀਂ ਤਾਂ ਮੇਰੇ ਤੇ ਜ਼ਰੂਰ ਪੈਂਦਾ ਰਿਹਾ ਹੋਵੇਗਾ। ਏਸੇ ਲਈ ਮੈਂ ਸਮੇਂ ਦਾ ਹਰ ਕੋਨਾ ਖੁਰਚਦਾ ਹਾਂ। ਚੀਕਾਂ ਕਿਵੇਂ ਮੇਰੀ ਹਿੱਕ 'ਚ ਦਫਨ ਹੋ ਗਈਆਂ ਹੋਣ। ਹਉਕੇ ਮੇਰੇ ਦੁਆਲੇ ਸਿਮਟ ਗਏ ਹੋਣ। ਜਿਵੇਂ



ਆਲੇ-ਦੁਆਲੇ ਦੇ ਲੋਕਾਂ ਨੂੰ ਵੀ ਇਸ ਬੰਦੇ ਦੀਆਂ ਗੱਲਾਂ ਤੋਂ ਬਿਨਾਂ ਹੋਰ ਕੋਈ ਕੰਮ ਨਾ ਹੋਵੇ। ਐਵੇਂ ਛੇੜ ਬੈਠਣਗੇ ਵਿਥਿਆ।.....ਤੇ ਫੇਰ ਮਹਿੰਗਾ ਆਪ ਵੀ ਬਹਿ ਜਾਂਦਾ ਹੈ ਆਪਣੀ ਪਿਛਲੀ ਚਰਖੀ ਘੁਮਾ ਕੇ। ਜਿਵੇਂ ਪੁੱਠਾ ਗੇੜਾ ਦੇਈ ਜਾਊ। ਤੇ ਮੇਰੀ ਮਾਂ ਪਸੀਜ-ਪਸੀਜ ਕੇ ਹੋਰ ਇਸ ਦੇ ਨੇੜੇ ਹੋਈ ਜਾਊ।

ਇਕ ਵੇਰਾਂ ਮਹਿੰਗਾ ਸਿੰਘ ਆਪਣਾ ਰੰਡੀ-ਰੋਣਾ ਮੇਰੀ ਮਾਂ ਕੋਲ ਰੋ ਰਿਹਾ ਸੀ ਤੇ ਮੈਂ ਦਰ ਦੇ ਓਹਲੇ ਖੜਾ ਸੁਣ ਰਿਹਾ ਸੀ। ਕਹਿੰਦਾ, "ਸੁਖਜਿੰਦਰ ਜਿਸ ਨੂੰ ਉਥੇ ਸੂਜ਼ਨ ਕਰਕੇ ਬੁਲਾਉਂਦੇ ਐ, ਕੈਨੇਡਾ ਦੀ ਜੰਮ-ਪਲ ਐ। ਕੈਨੇਡਾ ਸਾਨੂੰ ਮੰਗਵਾ ਤਾਂ ਲਿਆ ਪਰ ਸੂਜ਼ਨ ਨੇ ਥੋੜ੍ਹੇ ਹੀ ਦਿਨਾਂ ਵਿਚ ਸਾਡਾ ਬੋਰੀਆ-ਬਿਸਤਰਾ ਬੇਸਮੈਂਟ ਜੋ ਘਰ ਦੇ ਹੇਠਾਂ ਜ਼ਮੀਨ ਵਿਚ ਹੁੰਦੈ, ਉਥੇ ਰਖਾ ਦਿੱਤਾ। ਅਸੀਂ ਬੇਸਮੈਂਟ ਵਿਚ ਹੀ ਰਹਿੰਦੇ ਤੇ ਉਥੇ ਹੀ ਕੁੜੀ ਨੂੰ ਸਾਂਭਦੇ। ਕੰਮ ਤੋਂ ਆ ਕੇ ਉਹ ਸਾਡੇ ਲਈ ਰੋਟੀ ਪਕਾਉਣ ਤੋਂ ਵੀ ਆਰੀ ਹੋ ਗਈ। ਕਹਿਣ ਲੱਗੀ, "ਮੈਂ ਕੰਮ ਕਰਾਂ ਜਾਂ ਇਨ੍ਹਾਂ ਨੂੰ ਸਾਂਭਾ ? ਕਿੱਦਾਂ ਸਹਾਂ ਹੁੱਜਤਾਂ ? ਮੇਰੇ ਕੋਲ ਆਪਣੇ ਲਈ ਵੀ ਵਕਤ ਨਹੀਂ ਹੈ। ਆਪਣੀ ਧੀ 'ਸੀਮਾ' ਨਾਲ ਵੀ ਮੈਂ ਸਮਾਂ ਨਹੀਂ ਗੁਜ਼ਾਰ ਸਕਦੀ। ਇਹ ਘਰ ਬੈਠੇ ਰੋਟੀ-ਪਾਣੀ ਵੀ ਨਹੀਂ ਖਾ-ਪਕਾ ਸਕਦੇ ? ਕਿਹੜਾ ਐਡੇ ਸਿਆਣੇ ਹਨ, ਜਿਹੜਾ ਹੱਥ-ਪੈਰ ਨ੍ਹੀਂ ਹਿਲਾ ਸਕਦੇ ? ਫੇਰ ਰਵਿੰਦਰ ਵੀ ਪਾਰਟ-ਟਾਈਮ ਕੰਮ ਕਰਦੀ ਹੈ। ਉਹ ਵੀ ਨਾਲ ਕੰਮ ਕਰਵਾ ਸਕਦੀ ਹੈ। ਆਪਣਾ ਆਪ ਸਾਂਭਣ ਦੀ ਇਨ੍ਹਾਂ ਨੂੰ ਜਾਚ ਸਿੱਖਣੀ ਐ।" ਗੱਲ ਕਰਦਾ ਇਹ ਸਿਰ ਸਿੱਟ ਕੇ ਰੋਹ ਦਾ ਜੁਗਾਲ ਕਰਨ ਲੱਗ ਪਿਆ ਸੀ। ਮੂੰਹ ਦੀ ਬੁਰਕੀ ਜਿਵੇਂ ਇਸ ਦੇ ਸੰਘ ਵਿਚ ਅੜ ਗਈ ਹੋਵੇ। ਪਾਣੀ ਦਾ ਘੁੱਟ ਭਰਦਾ ਹੋਇਆ ਫੇਰ ਬੋਲਿਆ, "ਉਥੇ ਤਾਂ ਜਿਵੇਂ ਬੰਦੇ ਦੀ ਔਕਾਤ ਈ ਨ੍ਹੀਂ ਰਹਿੰਦੀ। ਬੰਦਾ ਖੁਰ ਜਿਹਾ ਜਾਂਦੈ।"

ਉਸ ਵੇਲੇ ਮੈਨੂੰ ਏਸ 'ਤੇ ਤਰਸ ਵੀ ਆਇਆ ਸੀ। ਮਾਂ ਵਾਂਗ ਮੈਂ ਵੀ ਸ਼ਾਇਦ ਪਸੀਜ ਗਿਆ ਹੋਵਾਂ। ਮੇਰਾ ਜੀਅ ਕੀਤਾ ਸੀ ਪਲ ਕੁ ਲਈ ਏਸ ਦੇ ਕੋਲ ਬੈਠ ਜਾਵਾਂ। ਫੇਰ ਮਾਂ ਨੀਝ ਲਾ ਕੇ ਬੈਠੀ ਸੁਣਦੀ ਦੇਖ ਕੇ ਮੇਰਾ ਜੀਅ ਕੀਤਾ ਸੀ ਕਿ ਮੈਂ ਇਸ ਦਾ ਸਿਰ ਪਾੜ ਦਿਆਂ। ਕਿਵੇਂ ਪਖੰਡ ਲਾ ਰਿਹੈ। ਇਹ ਵੀ ਮਾਂ ਨੂੰ ਭਰਮਾਉਣ ਦੀ ਇਸ ਦੀ ਚਾਲ ਹੈ।

ਜਿੱਥੇ ਅਸੀਂ ਹੁਣ ਨਵੇਂ ਮਕਾਨ ਵਿਚ ਰਹਿੰਦੇ ਹਾਂ, ਉਥੇ ਇਸ ਦੇ ਧੀ-ਪੁੱਤ ਕਦੀ-ਕਦਾਈਂ ਕੈਨੇਡਾ ਤੋਂ ਮਿਲਣ ਆ ਜਾਂਦੇ ਸਨ। ਸਾਨੂੰ ਉਹ ਕਦੀ ਬੁਲਾਉਂਦੇ ਤੇ ਕਦੀ ਨਾ ਬੁਲਾਉਂਦੇ। ਅਸੀਂ ਉਨ੍ਹਾਂ ਨੂੰ ਵਾਧੂ ਬੋਝ ਲੱਗਦੇ। ਕਈ ਵੇਰਾਂ ਕੋਈ ਗੱਲ ਸਾਂਝੀ ਕਰ ਵੀ ਲੈਂਦੇ।

ਇਕ ਵੇਰਾਂ ਨਛੱਤਰ ਪਿੰਡ ਆਇਆ ਹੋਇਆ ਦੱਸਦਾ ਸੀ ਕਿ "ਭਾਈਆ ਨਿੱਤ ਦਿਨ ਸੂਜ਼ਨ ਦੀਆਂ ਪਕਾਈਆਂ ਰੋਟੀਆਂ 'ਚ ਨੁਕਸ ਕੱਢਦਾ ਹੁੰਦਾ ਸੀ। ਰੋਟੀਆਂ ਚੁੱਕ-ਚੁੱਕ ਕੇ ਮਾਰਦਾ ਹੁੰਦਾ ਸੀ। ਕੀ ਕਰਦਾ ਉਹ ਵੀ ? ਦੱਸੋ ?" ਕਹਿਣ ਲੱਗਾ, "ਸਾਡਾ ਜੀਣਾਂ ਵੀ ਦੁੱਭਰ ਕਰ ਦਿੱਤੈ ਏਸ ਨੇ ਜਿੰਮੇ। ਬੇਬੇ ਤੇ ਰਵਿੰਦਰ ਤਾਂ ਊਂ ਹੀ ਇਸ ਤੋਂ ਡਰਦੀਆਂ ਕੂੰਦੀਆਂ ਨਹੀਂ ਸਨ। ਉਨ੍ਹਾਂ ਨੂੰ ਜਿੰਨਾ ਕੁ ਪਤਾ ਸੀ ਮਦਦ ਕਰ ਦਿੰਦੀਆਂ ਰਹੀਆਂ।"

ਨਛੱਤਰ ਦੀ ਗੱਲ ਮੇਰੇ ਮਨ ਵੱਧ ਲੱਗਦੀ ਹੈ। ਤੇ ਮੈਂ ਮਨ 'ਚ ਹੀ ਸੋਚੀ ਜਾਂਦਾ ਹਾਂ ਕਿ ਉਥੇ ਇਸ ਨਾਲ ਕੀ ਬੀਤਦੀ ਹੋਊ ?

ਸਾਲ-ਛੇ ਮਹੀਨੇ ਵਿਚ ਹੀ ਮਹਿੰਗੇ ਨੇ ਪੁੱਤ ਦੇ ਘਰ ਦੀ ਸੇਵਾ ਦੇਖ ਲਈ ਸੀ। ਸ਼ਾਇਦ ਨਛੱਤਰ ਵੀ ਦੋ ਪੁੜਾਂ ਵਿਚਾਲੇ ਪੀਹਣ ਹੋਣ ਲੱਗ ਪਿਆ ਹੋਣੈਂ। ਅਖੀਰ ਉਸ ਨੇ ਵੀ ਆਖ

ਦਿੱਤਾ ਕਿ "ਆਪਣਾ ਕੰਮ ਕਰਕੇ ਖਾਓ। ਪਤਾ ਲੱਗੇ ਪਰਦੇਸ ਵਿਚ ਜ਼ਿੰਦਗੀ ਕਿੱਦਾਂ ਚਲਦੀ ਹੈ। ਤਿੰਨਾਂ ਜੀਆਂ ਦਾ ਵਾਧੂ ਖਰਚਾ ਮੈਂ ਵੀ ਨਹੀਂ ਚੁੱਕ ਸਕਦਾ।"

ਇਹ ਸਾਰੀ ਵਿਥਿਆ ਵਾਰ-ਵਾਰ ਮਹਿੰਗਾ ਸਿੰਘ ਮੇਰੀ ਮਾਂ ਨੂੰ ਸੁਣਾਉਂਦਾ ਰਹਿੰਦਾ ਸੀ ਤੇ ਫੇਰ ਭਾਈ ਇਹ ਇਕ ਦਿਨ ਦੱਸਣ ਬੈਠ ਗਿਆ ਕਿ, "ਆਪਣਾ-ਆਪ ਸਾਂਭਣ ਲਈ, ਤੇ ਗੁਜ਼ਾਰਾ ਕਰਨ ਲਈ ਮੈਨੂੰ ਕੰਮ ਲੱਭਣਾ ਹੀ ਪਿਆ। ਚੱਜ ਦੀ ਰੋਟੀ ਖਾਣ ਲਈ ਕੰਮ ਕਰਨਾ ਹੀ ਪੈਣਾ ਸੀ।" ਫੇਰ ਕਹਿਣ ਲੱਗਾ, "ਜ਼ਿੰਦਗੀ ਦੀ ਹਕੀਕਤ ਵੀ ਮੇਰੇ ਸਾਮ੍ਹਣੇ ਆ ਗਈ। 'ਲੱਕੜ ਦੀਆਂ ਮਿੱਲਾਂ ਵਿਚ' ਮੈਨੂੰ ਕੰਮ ਕਰਨਾ ਪਿਆ। ਲੱਕੜ ਦੇ ਕੰਮ ਤੇ ਜਾਂ ਖੇਤੀਬਾੜੀ ਦੇ ਕੰਮ 'ਤੇ ਹੀ ਉਧਰਲਾ ਨਿੰਮੋਝੂਣਾ ਜਿਹਾ ਹੋ ਕੇ ਬੈਠ ਗਿਆ ਸੀ, ਜਿਵੇਂ ਕਿਸੇ ਭਾਰੇ ਕੰਮ ਦੀ ਕੋਈ ਟੀਸ ਇਸ ਦੇ ਜਿਸਮ ਨੇ ਮਹਿਸੂਸ ਕੀਤੀ ਹੋਵੇ।

ਨਛੱਤਰ ਹੀ ਆਇਆ ਦੱਸਦਾ ਸੀ ਕਿ "ਮੈਂ ਪੁੱਛ-ਦੱਸ ਕੇ ਕਿਸੇ ਹੋਰ ਕੰਮ ਤੇ ਇਸ ਨੂੰ ਲੁਆ ਜ਼ਰੂਰ ਦਿੱਤਾ ਸੀ। ਇਸ ਦੀ ਟੁੱਟੀ-ਭੱਜੀ ਅੰਗਰੇਜ਼ੀ ਦੀ ਮੁਹਾਰਤ ਵੀ ਇਸ ਦੇ ਕੰਮ ਨਾ ਆਈ। ਚਾਰ ਦਿਨਾਂ ਬਾਅਦ ਇਹ ਉਹ ਕੰਮ ਵੀ ਛੱਡ ਕੇ ਘਰ ਬੈਠ ਗਿਆ ਸੀ। ਕਹਿੰਦਾ ਸੀ ਮੈਥੋਂ ਨ੍ਹੀਂ ਜੀ-ਹਜ਼ੂਰੀ ਹੁੰਦੀ।"

ਮੈਂ ਸਮਝ ਗਿਆ, ਪੁੱਤ ਦੇ ਘਰ ਵਿਚ ਇਸ ਦੀ ਹੋਂਦ ਆਟੇ ਵਿਚ ਲੂਣ ਮੁਤਾਬਕ ਹੀ ਸੀ। ਮੈਂ ਸੋਚਦਾ ਹਾਂ ਕਿ ਨਛੱਤਰ ਆਪਣੇ ਟੱਬਰ-ਟ੍ਰੀਰ ਵਿਚ ਉਲਝਿਆ ਹੋਣੈਂ। ਉਹ ਇਸ ਨੂੰ ਆਪਣੇ ਵਿਚ ਰਲਾਉਂਦੇ ਵੀ ਹੋਣਗੇ। ਪਰ ਮਹਿੰਗਾ ਹੋਇਆ ਅੜਬ ਸੁਭਾਅ ਦਾ ਬੰਦਾ, ਇਹ ਆਪਣੀ ਅੜੀ ਤੇ ਖੜੋ ਜਾਂਦਾ ਹੋਣੈਂ। ਨਛੱਤਰ ਦੇ ਬੱਚੇ ਵੀ ਇਕ ਤੋਂ ਦੋ ਹੋ ਗਏ ਸਨ। ਉਹ ਦੋਨੋਂ ਹੋਰ ਵੀ ਆਪਣੇ ਟੱਬਰ ਵਿਚ ਰੁੱਝ ਗਏ ਹੋਣਗੇ।

ਇਸ ਬੰਦੇ ਦਾ ਉਸ ਘਰ ਵਿਚ ਕੋਈ ਜ਼ੋਰ ਨਾ ਚੱਲਦਾ ਵੇਖ ਕੇ, ਇਸ ਨੇ ਆਪਣੀ ਭਲਾਈ ਏਸ ਵਿਚ ਹੀ ਸਮਝੀ ਹੋਣੀ ਐ ਕਿ ਜਾਂ ਵਾਪਸ ਇੰਡੀਆ ਪਰਤ ਜਾਵੇ ਤਾਂ ਜਾਂ ਸ਼ਹਿਰ ਬਦਲ ਕੇ ਨਵਾਂ ਕੰਮ ਭਾਲ ਲਵੇ। ਨਿੱਤ ਦੀ ਟਿੱਕ-ਟਿੱਕ ਨਾਲੋਂ ਇਹੋ ਚੰਗਾ ਸੀ। ਬੱਚੇ ਰੌਲੀ ਪਾਉਂਦੇ, ਜਿਵੇਂ ਇਸ ਨੂੰ ਚੰਗੇ ਨਾ ਲੱਗਦੇ ਹੋਣਗੇ। ਨਛੱਤਰ ਪਿੰਡ ਆਏ ਹੋਏ ਨੇ ਆਪਣੇ ਮਿੱਤਰ ਖੱਦਰ ਭੰਡਾਰ ਵਾਲੇ ਜਸਜੀਤ ਨੂੰ ਦੱਸਿਆ ਸੀ ਤੇ ਮੈਂ ਪਿੰਡ ਦੇ ਥੜ੍ਹੇ 'ਤੇ ਬੈਠਾ ਸੁਣਦਾ ਸੀ। ਸੁਜਨ ਨੂੰ ਇਸ ਦੀ ਇਹ ਹਰਕਤ ਬਿਲਕੁਲ ਵੀ ਮੰਜ਼ੂਰ ਨਹੀਂ ਸੀ। ਉਹ ਆਪਣੇ ਬੱਚਿਆਂ ਨੂੰ ਕਿਸੇ ਨੂੰ ਵੀ ਕੁਝ ਕਹਿਣ ਨਹੀਂ ਦਿੰਦੀ। ਕੋਈ ਵੀ ਹੋਵੇ, ਉਹ ਮੋਹਰੇ ਕੰਧ ਬਣ ਕੇ ਖੜੋ ਜਾਂਦੀ ਐ। ਉਸ ਨੇ ਭਾਈਏ ਨੂੰ ਵੀ ਕਿਹਾ ਸੀ, "ਭਾਈਆ ਜੀ ! ਬੱਚਿਆਂ ਨਾਲ ਖੇਡੋ ਜੀ-ਸਦਕੇ ! ਦੱਸੋ-ਸਮਝਾਵੋ ਬੇ ਸ਼ੱਕ। ਬੇਬੇ ਇਨ੍ਹਾਂ ਨੂੰ ਸਾਂਭਦੀ ਵੀ ਐ। ਪਰ ਮੈਂ ਇਸ ਦੇ ਬਦਲੇ, ਤੁਹਾਨੂੰ ਇਨ੍ਹਾਂ 'ਤੇ ਹੱਥ ਨ੍ਹੀਂ ਚੁੱਕਣ ਦੇਣਾ। ਇਹ ਕਾਨੂੰਨੀ ਜੁਰਮ ਐ। ਬੱਚੇ ਦੇ ਵੱਡੇ ਹੋਣ ਵਿਚ ਵਿਘਨ ਪੈਂਦੈ।" ਨਛੱਤਰ ਕਹਿੰਦਾ, "ਭਾਈਏ ਨੇ ਸੁਜਨ ਨੂੰ ਬਹੁਤ ਬੁਰਾ-ਭਲਾ ਆਖਿਆ ਸੀ। ਉਸ ਤੋਂ ਬਾਅਦ ਇਹ ਕੰਮ ਛੱਡ ਕੇ ਬੇਬੇ ਤੇ ਰਵਿੰਦਰ ਨੂੰ ਨਾਲ ਲੈ ਕੇ ਟੋਰੰਟੋ ਨੂੰ ਚਲੇ ਗਿਆ। ਕਹਿੰਦਾ, ਅਸੀਂ ਵੀ ਇਸ ਨੂੰ ਨਾ ਰੋਕਿਆ। ਬੇਬੇ ਦੇ ਜਾਣ ਦਾ ਮਨ 'ਚ ਦੁੱਖ ਹੋਇਆ। ਪਰ ਉਸ ਨੂੰ ਨਾਲ ਜਾਣਾ ਹੀ ਪੈਣਾ ਸੀ।"

ਇਹ ਆਪ ਵੀ ਦੱਸਦਾ ਐ ਕਿ ਕਾਰਾਂ ਬਣਾਉਣ ਵਾਲੀ ਕੰਪਨੀ ਵਿਚ ਮੇਰੇ ਭਰਾ ਨੇ ਮੈਨੂੰ ਕੰਮ 'ਤੇ ਲੁਆ ਦਿੱਤਾ। ਓਸ ਕੰਪਨੀ ਵਿਚ ਤਨਖਾਹ ਬਹੁਤ ਮਿਲਦੀ ਸੀ। ਕਹਿੰਦਾ ਐ ਕਿ ਚਾਰ



ਕੁ ਦਿਨ ਅਸੀਂ ਭਰਾ ਦੇ ਘਰ ਰਹਿ ਕੇ ਕਿਸੇ ਦਾ ਬੇਸਮੈਂਟ ਕਿਰਾਏ 'ਤੇ ਲੈ ਲਿਆ। ਤੇ ਫੇਰ ਮਨ ਮਾਰ ਕੇ ਕੰਮ ਕੀਤਾ ਤੇ ਚਾਰ ਪੈਸੇ ਜੋੜੇ ਅਤੇ ਆਪਣਾ ਘਰ ਖਰੀਦ ਲਿਆ।

ਲੋਕੀਂ ਕਹਿੰਦੇ ਹਨ ਕਿ ਬੇਅੰਤ ਕੌਰ ਬੜੀ ਬੀਬੀ ਔਰਤ ਸੀ। ਲੋਕਾਂ ਦੀਆਂ ਗੱਲਾਂ ਸੁਣ ਕੇ ਮੇਰਾ ਕਈ ਵੇਰਾਂ ਜੀਅ ਕੀਤਾ ਉਸ ਨੂੰ ਮਿਲਣ ਨੂੰ। ਕਾਸ਼ ਮੈਂ ਕਦੀ ਦੇਖੀ ਹੁੰਦੀ। ਉਸ ਨੂੰ ਜਾਣਿਆ ਹੁੰਦਾ। ਪਰ ਕਿੱਦਾਂ ? ਮੈਂ ਤਾਂ ਬਹੁਤ ਛੋਟਾ ਸਾਂ ਜਦੋਂ ਉਹ ਗੁਜ਼ਰੀ। ਇਹ ਸੋਚਦਿਆਂ ਇਹ ਹਉਕਾ ਮੇਰੇ ਧੁਰ ਅੰਦਰ ਨੂੰ ਚੀਰਦਾ ਹੋਇਆ ਲੰਘ ਜਾਂਦਾ ਹੈ। ਮੈਂ ਉੱਠਦਾ ਹਾਂ ਤੇ ਖੜੋਣ ਦੀ ਕੋਸ਼ਿਸ਼ ਕਰਦਾ ਹਾਂ। ਸਰੀਰ ਜਿਵੇਂ ਮਿੱਟੀ ਹੋਇਆ ਪਿਐ। ਚਿੱਤ ਡਿਗੂੰ-ਡਿਗੂੰ ਕਰ ਰਿਹੈ। ਰਸੋਈ ਵਿਚੋਂ ਪਾਣੀ ਦਾ ਘੁੱਟ ਪੀ ਕੇ ਮੈਂ ਫੇਰ ਆਪਣੀ ਰਜਾਈ ਵਿਚ ਵੜ ਜਾਂਦਾ ਹਾਂ। ਤੇ ਸੋਚਾਂ ਦੇ ਸਮੁੰਦਰ ਵਿਚ ਡੁੱਬ ਜਾਂਦਾ ਹਾਂ। ਸੋਚ ਜਿਮੇਂ ਏਸ ਬੰਦੇ ਦੇ ਦੁਆਲਿਓਂ ਹਟਦੀ ਹੀ ਨਹੀਂ। ਏਸੇ ਦੇ ਜੀਵਨ ਦੀ ਗਾਥਾ ਮੇਰੀਆਂ ਅੱਖਾਂ ਅੱਗੇ ਟਿਮਟਿਮਾਉਂਦੀ ਰਹਿੰਦੀ ਹੈ। ਕੰਨਾਂ ਵਿਚ ਜਿਵੇਂ ਟੱਲੀਆਂ ਖੜਕਦੀਆਂ ਹਨ। ਸਾਂ-ਸਾਂ ਦੀ ਅਵਾਜ਼ ਸਾਰੇ ਕਮਰੇ ਵਿਚ ਫੈਲੀ ਰਹਿੰਦੀ ਹੈ। ਕੰਧ 'ਤੇ ਮੇਰੀ ਨਜ਼ਰ ਜਾਂਦੀ ਹੈ। ਕੋਹੜ-ਕਿਰਲੀ ਮੇਰੇ ਵਾਂਗ ਕੰਧ ਨੂੰ ਚਿਪਕੀ ਹੋਈ ਹੈ। ਮੈਂ ਵੀ ਸੋਚਾਂ ਨੂੰ ਘੁੱਟ ਕੇ ਫੜੀ ਬੈਠਾ ਹਾਂ। ਕੱਠਾ ਜਿਹਾ ਹੋ ਕੇ ਰਜਾਈ ਨੂੰ ਵਲ੍ਹੇਟ ਕੇ। ਤੇ ਫੇਰ ਮੈਂ ਮਹਿੰਗੇ ਦੀ ਧੀ ਰਵਿੰਦਰ ਬਾਰੇ ਸੋਚਦਾ ਹਾਂ। ਰਵਿੰਦਰ ਦਾ ਵਿਆਹ ਵੀ ਇਨ੍ਹਾਂ ਨੇ ਛੇਤੀ ਹੀ ਕਰ ਦਿੱਤਾ ਸੀ। ਉਹ ਵੀ ਟੋਰਾਂਟੋ ਇਨ੍ਹਾਂ ਦੇ ਕੋਲ ਵਸਣ-ਰਸਣ ਲੱਗ ਪਈ ਹੋਵੇਗੀ। ਉਹ ਥੋੜ੍ਹਾ-ਬਹੁਤ ਇਨ੍ਹਾਂ ਨੂੰ ਸਹਾਰਾ ਵੀ ਦੇ ਦਿੰਦੀ ਹੋਵੇਗੀ। ਪਰ ਜੁਆਈ ਸੀਤਲ, ਮਹਿੰਗਾ ਸਿੰਘ ਨੂੰ ਫੁੱਟੀ ਅੱਖ ਨਹੀਂ ਸੀ ਭਾਉਂਦਾ। ਸੀਤਲ ਨੂੰ ਵੀ ਇਨ੍ਹਾਂ ਦੀ ਧੀ ਰਵਿੰਦਰ ਨੇ ਕਨੇਡਾ ਜਾ ਕੇ ਮੰਗਵਾਇਆ ਸੀ। ਸੀਤਲ ਪੜ੍ਹਿਆ-ਲਿਖਿਆ ਸੀ। ਕੋਈ ਚੰਗਾ ਕੰਮ ਨਾ ਮਿਲਣ ਕਰਕੇ ਉਸ ਨੇ ਦੋ ਕੁ ਵਰ੍ਹੇ ਤਾਂ ਕਹਿੰਦੇ ਐ ਕਿ ਟੈਕਸੀ ਚਲਾਈ। ਫੇਰ, ਅੜੀ ਇੰਸ਼ੋਰੈਂਸ ਦਾ ਕੋਰਸ ਕਰ ਲਿਆ। ਕਈ ਸਾਲ ਮਹਿੰਗਾ ਸਿੰਘ ਉਸ ਦੀ ਤਨਖਾਹ ਦਾ ਹਿਸਾਬ-ਕਿਤਾਬ ਵੀ ਆਪ ਰੱਖਦਾ ਰਿਹਾ। ਉਸ ਨੂੰ ਮੰਗਵਾਉਣ ਦਾ ਅਹਿਸਾਨ ਜਤਾਉਂਦਾ ਰਿਹਾ। ਜਦੋਂ ਸੀਤਲ ਦੇ ਸਬਰ ਦੀ ਹੱਦ ਹੋ ਗਈ ਤਾਂ ਅਖੀਰ ਰਵਿੰਦਰ ਤੇ ਸੀਤਲ ਵੀ ਆਪਣਾ ਘਰ ਲੈ ਕੇ ਅੱਡ ਹੋ ਗਏ। ਕੀ ਕਰਦੇ ? ਜਦੋਂ ਸੀਤਲ ਇਨ੍ਹਾਂ ਦੇ ਘਰ ਮਿਲਣ ਜਾਂਦਾ ਤਾਂ ਮਹਿੰਗਾ ਉਸ ਨੂੰ ਕੈਨੇਡਾ ਮੰਗਵਾਉਣ ਦੇ ਤਾਹਨੇ-ਮਿਲਣੇ ਦੇਣੋਂ ਬਾਜ਼ ਨਾ ਆਉਂਦਾ। ਆਖਦਾ, ਭੁੱਖੇ ਮਰਦੇ ਲੋਕ ਆ ਕੇ ਘਰਾਂ ਵਾਲੇ ਬਣ ਬੈਠੇ ਐ। ਹਿੱਡ ਉੱਚੀ ਕਰੀ ਫਿਰਦੇ ਐ। ਅਸੀਂ ਵਾੜ ਦਿੱਤੈ ਏਸ ਮੁਲਕ ਵਿਚ। ਕੌਣ ਅਹਿਸਾਨ ਮੰਨਦੈ ?" ਗੁਆਂਢਣ ਤਾਈ ਕਈ ਵੇਰਾਂ ਇਹ ਗੱਲ ਦੱਸ ਚੁੱਕੀ ਐ ਕਿ "ਕੁੜੀ ਦੇ ਹਉਕੇ ਮੈਨੂੰ ਅੱਜ ਤੱਕ ਸੁਣਾਈ ਦਿੰਦੇ ਐ।"

ਹਰ ਇਕ ਦੀਆਂ ਗੱਲਾਂ ਸੁਣ ਕੇ ਮੈਂ ਆਪਣੀਆਂ ਕਿਆਸ-ਅਰਾਈਆਂ ਲਾਉਂਦਾ ਰਹਿੰਦਾ ਹਾਂ ਕਿ ਸੀਤਲ ਦੇ ਮਨ ਵਿਚ ਹੋਣੈਂ, ਕੀ ਲੈਣਾ ਹੈ ਵਾਦ-ਵਿਵਾਦ ਕਰਕੇ। ਭਾਈਏ ਦੀ ਆਦਤ ਹੀ ਐਦਾਂ ਦੀ ਐ। ਪਰ ਕਿੰਨਾ ਕੁ ਚਿਰ ? ਵਰ੍ਹੇ ਬੀਤ ਗਏ। ਅਖੀਰ ਉਹ ਵੀ ਤੰਗ ਆ ਗਿਆ ਹੋਣੈਂ। ਤਾਂ ਹੀ ਇਕ ਦਿਨ ਉਸ ਨੇ ਇਸ ਨੂੰ ਉੱਤਰ ਦੇ ਦਿੱਤਾ ਸੀ। ਹਾਲੀਂ ਕੁਝ ਦਿਨ ਹੋਏ ਇਹ ਮੇਰੀ ਮਾਂ ਕੋਲ ਬੈਠਾ ਡੁਸਕਦਾ ਦੱਸ ਰਿਹਾ ਸੀ ਕਿ ਸੀਤਲ ਕਹਿਣ ਲੱਗਾ, "ਭਾਈਆ, ਆਪਾਂ ਸਾਰੇ ਹੀ ਉਥੋਂ ਰੋਟੀ ਕਮਾਉਣ ਆਏ ਹਾਂ। ਰਜਵਾੜਾ ਤਾਂ ਕੋਈ ਹੈ ਨ੍ਹੀਂ ਸੀ। ਕਿਸੇ ਦੇ ਚਾਰ ਸਿਆੜ ਵੱਧ ਸਨ ਤੇ ਕਿਸੇ ਦੇ ਘੱਟ। ਤੁਸੀਂ ਆਪ ਵੀ ਹਜ਼ਾਰ-ਬਾਰਾਂ ਸੌ ਦੀ ਨੌਕਰੀ ਛੱਡ ਕੇ ਹੀ

ਆਏ ਹੋ।" ਰੋਟੀ ਚੱਬਦਿਆਂ ਇਸ ਨੇ ਜਿਵੇਂ ਬੀਤੇ ਦੀਆਂ ਯਾਦਾਂ ਨੂੰ ਵੀ ਕਰੀਚ-ਕਰੀਚ ਕੇ ਨਿਗਲਿਆ ਹੋਵੇ ਚਿਹਰੇ ਦੀਆਂ ਵੱਟਾਂ ਹੋਰ ਵੀ ਡੂੰਘੀਆਂ ਹੋ ਗਈਆਂ ਜਾਪੀਆਂ। ਤੇ ਅੱਖਾਂ ਜਿਵੇਂ ਅੰਦਰ ਨੂੰ ਧੱਸ ਗਈਆਂ ਹੋਣ।

ਮੈਂ ਸੋਚਦਾ ਹਾਂ ਕਿ ਰਵਿੰਦਰ ਤਾਂ ਸ਼ਾਇਦ ਝੱਲ ਲੈਂਦੀ ਹੋਣੀ ਐ ਜਦੋਂ ਨਿਆਣਿਆਂ ਦੀ ਨੁਕਤਾਚੀਨੀ ਕਰਦਾ ਹੋਊ। ਪਰ ਸੀਤਲ ਨੂੰ ਇਸ ਦੀ ਦਖਲਅੰਦਾਜ਼ੀ ਚੰਗੀ ਨ੍ਹੀਂ ਲੱਗਦੀ ਹੋਣੀ। ਸ਼ਾਇਦ ਏਸੇ ਲਈ ਹੀ ਉਸ ਨੇ ਇਸ ਨੂੰ ਇਹ ਵੀ ਆਖ ਦਿੱਤਾ ਸੀ, "ਸਾਨੂੰ ਪਤੈ ਆਪਣੇ ਨਿਆਣਿਆਂ ਦਾ ਭਲਾ-ਬੁਰਾ ਕਿਸ ਤਰ੍ਹਾਂ ਸੋਚਣੈਂ। ਤੁਹਾਨੂੰ ਚਿੰਤਾ ਕਰਨ ਦੀ ਕੋਈ ਲੋੜ ਨ੍ਹੀਂ। ਚਿੰਤਾ ਕਰਨੀ ਐ ਤਾਂ ਆਪਣੇ ਪੋਤੇ-ਪੋਤੀਆਂ ਦੀ ਕਰੋ।" ਇਹ ਗੱਲਾਂ ਮੇਰੀ ਮਾਂ ਨੂੰ ਦੱਸਦਾ ਹੋਇਆ ਮਹਿੰਗਾ, ਮੈਨੂੰ ਲੱਗਾ, ਜਿਵੇਂ ਸੁੰਗੜ ਕੇ 'ਕੱਠਾ ਜਿਹਾ ਹੋ ਗਿਆ ਹੋਵੇ। ਟੀਰੀ ਜਿਹੀ ਅੱਖ ਨਾਲ ਇਸ ਨੇ ਮੇਰੇ ਵੱਲ ਵੀ ਝਾਕਿਆ। ਜਦੋਂ ਇਸ ਨੇ ਦੇਖਿਆ ਕਿ ਮੈਂ ਇਸ ਦੀ ਗੱਲ ਸੁਣ ਲਈ ਹੈ ਤਾਂ ਇਹ ਝੂਠਾ ਜਿਹਾ ਹੋ ਗਿਆ ਸੀ। ਜਿਵੇਂ ਇਸ ਦੀ ਹਸਤੀ ਮਿੱਟੀ ਹੇਠਾਂ ਦੱਬ ਹੋ ਗਈ ਹੋਵੇ। ਮਹਿੰਗੇ ਦੀ ਆਦਤ ਅਸੀਂ ਸਭ ਜਾਣਦੇ ਹਾਂ ਕਿ ਹਮੇਸ਼ਾ ਹੁਕਮ ਚਲਾਉਣ ਦੀ ਹੈ। ਇਸ ਨੇ ਕਿਸੇ ਤੋਂ ਮੋੜਵਾਂ ਉੱਤਰ ਕਦੀ ਸੁਣਿਆ ਹੀ ਨਹੀਂ। ਚਾਰ ਪੈਸੇ ਜਿਹੜੇ ਏਸ ਨੇ ਕਮਾ ਕੇ ਜੋੜੇ ਹਨ, ਉਨ੍ਹਾਂ ਦੇ ਸਿਰ ਤੇ ਸਭ ਨੂੰ ਪੈਰਾਂ ਹੇਠ ਰੱਖਦਾ ਹੈ। ਇਸੇ ਕਾਰਨ ਇਹ ਨਛੱਤਰ ਦੇ ਘਰ ਵਿਚ ਫਿੱਟ ਨਹੀਂ ਸੀ ਹੋ ਸਕਿਆ। ਭਲਾ ਹੁਣ ਜੁਆਈ ਕਿਵੇਂ ਉਸ ਦੇ ਮੋਹਰੇ ਉੱਤਰ ਦੇਵੇ ? ਜਿਸ ਨੂੰ ਇਸ ਦੀ ਧੀ ਨੇ ਸੁਰਗ 'ਚ ਵਾੜਿਆ ਸੀ। ਮਹਿੰਗਾ ਬਿਨਾਂ ਸੋਚੇ ਉੱਠਿਆ ਤੇ ਬੈਠੇ ਸੀਤਲ ਦੇ ਸਿਰ ਵਿਚ ਦੋ ਧਰ ਦਿੱਤੀਆਂ। ਸੀਤਲ ਦਾ ਉਠਿਆ ਮੋੜਵਾਂ ਥੱਪੜ ਵੀ ਹਵਾ ਵਿਚ ਹੀ ਰੁਕ ਗਿਆ ਸੀ। ਮੈਂ ਸੋਚਦਾਂ, ਫੇਰ ਵੀ ਚੰਗਾ ਸੀ ਸੀਤਲ, ਜਿਹੜਾ ਆਪਣੀ ਮਰਿਆਦਾ ਦੀ ਲੀਕ ਦੇ ਅੰਦਰ ਰਿਹਾ। ਭਾਵੇਂ ਇਸ ਨੇ ਇਨ੍ਹਾਂ ਗੱਲਾਂ ਦਾ ਭੇਤ ਨ੍ਹੀਂ ਸੀ ਕੱਢਿਆ ਪਰ ਕਹਿੰਦੇ ਹਨ ਕਿ ਇਸ਼ਕ-ਮੁਸ਼ਕ ਛੁਪਾਇਆਂ ਵੀ ਨਹੀਂ ਛੁਪਦੇ। ਏਸੇ ਤਰ੍ਹਾਂ ਐਦਾਂ ਦੀ ਗੱਲ ਵੀ ਕਦੀ ਨਹੀਂ ਛੁਪਦੀ। ਲੋਕੀਂ ਅੱਜ ਤਾਈਂ ਗੱਲਾਂ ਕਰਦੇ ਐ ਕਿ ਜਿਹੜਾ ਬੰਦਾ ਜੁਆਈ ਤੇ ਹੱਥ ਚੁੱਕ ਸਕਦੈ, ਉਹ ਹੋਰ ਕਿਸੇ ਦਾ ਸਕਾ ਕਦੋਂ ਬਣਿਆ ?

ਹੋ ਸਕਦੈ, ਸੀਤਲ ਵੀ ਇਸ ਦੀਆਂ ਸੁਣ-ਸੁਣ ਕੇ ਤੰਗ ਆ ਗਿਆ ਹੋਣੈਂ। ਜਦੋਂ ਏਸ ਨੇ ਉਸ ਉੱਤੇ ਹੱਥ ਚੁੱਕਿਆ ਸ਼ਾਇਦ ਉਹ ਉਸ ਦਾ ਆਖਰੀ ਸਬਰ ਹੋਵੇ। ਉਸ ਤੋਂ ਬਾਅਦ ਜਿਵੇਂ ਉਸ ਦਾ ਬੰਨ੍ਹ ਟੁੱਟ ਗਿਆ ਹੋਵੇ। ਉਸ ਨੂੰ ਕੈਨੇਡਾ ਮੰਗਵਾਉਣ ਦੀ ਐਡੀ ਵੱਡੀ ਸਜ਼ਾ ? ਪੈਰ-ਪੈਰ ਤੇ ਬੇਇੱਜ਼ਤ ਹੋਣਾ ? ਉਸ ਨੂੰ ਨਹੀਂ ਚਾਹੀਦਾ ਸੀ ਇਹ ਸਭ। ਜਿੱਥੇ ਪੈਸਾ-ਪੈਸਾ ਉਸ ਦੀ ਤਨਖਾਹ ਗਿਣੀ-ਮਿਥੀ ਜਾਂਦੀ ਹੋਵੇ। ਕੀ ਕਮਾਇਆ, ਕਿੱਥੇ ਖਰਚਿਆ ਦਾ ਹਿਸਾਬ ਪੁੱਛਿਆ ਜਾਂਦਾ ਹੋਵੇ। ਸੀਤਲ ਇਹ ਵੀ ਸੋਚਦਾ ਹੋਊ ਕਿ ਆਪਣੇ ਪੁੱਤ ਦੇ ਘਰ ਵਿਚ ਤਾਂ ਇਸ ਦੀ ਕੌਡੀ ਜਿੰਨੀ ਪੁੱਛ-ਦੱਸ ਨਹੀਂ ਹੈ। ਫੇਰ ਮੇਰੇ ਤੇ ਫੋਕਾ ਰੋਹਬ ਕਿਉਂ ਜਮਾਉਂਦਾ ਹੈ ? ਜਦੋਂ ਉਹ ਅੱਕ-ਥੱਕ ਗਿਆ, ਦੋ ਥੱਪੜ ਵੀ ਖਾ ਲਏ, ਤਾਂ ਉਸ ਨੇ ਰਵਿੰਦਰ ਨੂੰ ਆਖ ਹੀ ਦਿੱਤਾ ਹੋਣੈਂ ਕਿ, "ਤੇਰਾ ਪਿਓ ਐ, ਤੂੰ ਜਾਣਾ ਮਿਲਣ ਤਾਂ ਜਾ। ਪਰ ਮੈਨੂੰ ਕਦੀ ਨਾ ਆਖੀਂ। ਮੇਰੀ ਬੱਸ ਐ ?" ਭਲਾਂ ਦੱਸੋ, ਕਰਦਾ ਵੀ ਕੀ ਉਹ ? ਮੈਨੂੰ ਚੇਤਾ ਐ ਜਦੋਂ ਬੇਅੰਤ ਕੋਰ ਪੂਰੀ ਹੋਈ। ਉਹਦੀ ਬਰਦਾਸ਼ਤ ਦੀ ਵੀ ਹੱਦ ਹੋ ਗਈ ਹੋਣੀ ਐ, ਜਦੋਂ ਉਹ ਇਕ ਦਿਨ ਬੈਠੀ-ਬੈਠੀ ਰੋਟੀ ਖਾਂਦੀ ਹੋਈ, ਇਕ ਪਾਸੇ ਨੂੰ ਉਲਟ ਗਈ। ਬੇਅੰਤ ਕੌਰ ਕੁਛ ਢਿੱਲੀ-ਮੱਠੀ ਤਾਂ ਪਹਿਲਾਂ ਹੀ ਰਹਿੰਦੀ ਸੀ। ਸ਼ੂਗਰ, ਬਲੱਡ



ਪ੍ਰੈਸ਼ਰ, ਦਿਲ ਦੀ ਬਿਮਾਰੀ। ਗੱਲ ਕੀ, ਉਸ ਦਾ ਸਰੀਰ ਬਿਮਾਰੀ ਤੋਂ ਅਤੇ ਮਨ ਇਸ ਬੰਦੇ ਤੋਂ, ਜਿਵੇਂ ਅੱਕ-ਥੱਕ ਗਏ ਸਨ ਤੇ ਉਹ ਇਸ ਦਾ ਸਾਥ ਛੱਡ ਕੇ ਤੁਰ ਗਈ। ਬੇਅੰਤ ਕੌਰ ਜਿਉਂਦੀ ਤੇ ਇਸ ਬੰਦੇ ਨੇ ਉਸ ਨੂੰ ਵੀ ਨਹੀਂ ਸੀ, ਉਸ ਦੀ ਦੇਖਭਾਲ ਨੂੰ ਸੀ। ਮੁਫਤ ਦੀ ਕਾਮੀ ਬਣਾ ਕੇ ਜੁ ਰੱਖੀ ਸੀ। ਸਾਰੀ ਉਮਰ ਉਹ ਇਸ ਦੀ ਗੁਲਾਮੀ ਕਰਦੀ ਰਹੀ ਸੀ। ਪਹਿਲਾਂ ਦਾਗ਼ ਦਿੱਤੇ ਹੋਣਗੇ ਤੇ ਫੇਰ ਭੋਗ ਪੈਣ ਤੋਂ ਬਾਅਦ ਨਛੱਤਰ ਤੇ ਰਵਿੰਦਰ ਆਪੋ-ਆਪਣੇ ਘਰੀਂ ਆਪਣੇ ਟੱਬਰਾਂ ਵਿਚ ਸਮੋ ਗਏ ਹੋਣਗੇ। ਬੇਅੰਤ ਕੌਰ ਦੀ ਧੀ ਤੇ ਪੁੱਤ ਦੇ ਟੱਬਰਾਂ ਦਾ ਰਿਸ਼ਤਾ ਤੋਰੀ ਜਾ ਰਹੀ ਸੀ। ਮਾਂ ਜੁ ਸੀ। ਤੇ ਹੁਣ ਉਨ੍ਹਾਂ ਦੋਹਾਂ ਧੀ ਤੇ ਪੁੱਤ ਦੀ ਵੀ ਇਸ ਵਿਚ ਕੋਈ ਖਿੱਚ ਨਾ ਰਹੀ। ਕੋਈ ਇਸ ਦੀ ਵਾਤ ਨਾ ਪੁੱਛਦਾ। ਕੋਈ ਪੋਤਾ-ਪੋਤੀ ਮਿਲਣ ਨਾ ਆਉਂਦਾ। ਜਦੋਂ ਇਹ 'ਕੱਲਾ ਰਹਿ ਗਿਆ ਤਾਂ ਪਿੰਡ ਵੱਲ ਨੂੰ ਮੂੰਹ ਕਰ ਕੇ ਤੁਰ ਪਿਆ। ਰਿਟਾਇਰ ਹੋਣ ਤੋਂ ਬਾਅਦ ਇਹ ਸਾਲ ਵਿਚ ਇਕ ਵਾਰੀ ਕੈਨੇਡਾ ਤੋਂ ਪਰਤ ਕੇ ਪਿੰਡ ਜ਼ਰੂਰ ਆਉਂਦਾ ਰਿਹਾ। ਕੰਮ ਕਰਦਿਆਂ ਹੋਇਆਂ ਵੀਹ ਵਰ੍ਹੇ ਤਾਂ ਇਹ ਪਰਤਿਆ ਹੀ ਨਹੀਂ ਸੀ। ਲੋੜ ਹੀ ਨਹੀਂ ਸੀ ਪਈ। ਬੇਅੰਤ ਕੌਰ, ਨਛੱਤਰ, ਰਵਿੰਦਰ ਸਭ ਗੇੜਾ ਮਾਰ ਗਏ ਸਨ। ਉਦੋਂ ਹੀ ਉਨ੍ਹਾਂ ਤੋਂ ਆਂਢ-ਗੁਆਂਢ ਨੂੰ ਇਸ ਦੇ ਬਾਰੇ ਪਤਾ ਲੱਗਾ ਸੀ। ਸਾਰੇ ਅੱਜ ਤੱਕ ਇਹ ਗੱਲਾਂ ਕਰਦੇ ਆ ਰਹੇ ਹਨ। ਪਰ ਕੀ ਪਤਾ ਸੀ ਕਿ ਸਾਡੇ...।

ਪਹਿਲੀ ਵਾਰੀ ਇਹ ਬੇਅੰਤ ਕੌਰ ਦੇ 'ਫੁੱਲ' ਲੈ ਕੇ ਇੰਡੀਆ ਆਇਆ ਸੀ। ਮੈਨੂੰ ਉਹ ਸਭ ਚੇਤਾ ਹੈ। ਅਸੀਂ ਕਈ ਨਿਆਣੇ ਗਲੀ ਵਿਚ ਖੜੇ ਇਸ ਦੇ ਕੱਪੜੇ ਨਿਹਾਰਦੇ ਸੀ। ਇਸ ਦਾ ਸਮਾਨ ਦੇਖਦੇ ਸੀ। ਇਹ ਸਾਨੂੰ ਜਿਮੇਂ ਕਿਸੇ ਪਰੀਦੇਸ ਤੋਂ ਆਇਆ ਬੰਦਾ ਜਾਪਦਾ ਸੀ। ਉਸ ਤੋਂ ਬਾਅਦ ਇਹ ਹਰ ਸਾਲ ਆਉਣ ਲੱਗ ਪਿਆ। ਸਾਡੇ ਪਿਛਵਾੜੇ ਇਸ ਦਾ ਵੱਡਾ ਸਾਰਾ ਘਰ ਸੀ। ਜਾਂ ਇਹ ਅੱਖਾਂ ਕਿ ਇਸ ਦੇ ਪਿਛਵਾੜੇ ਅਸੀਂ ਨਿੱਕੇ ਜਿਹੇ ਕੱਚੇ ਕੋਠੇ ਵਿਚ ਰਹਿੰਦੇ ਸੀ। ਇਹ ਦੁਆਸਮੇਂ 'ਤੇ ਖੜਾ ਸਾਨੂੰ ਝਾਤੀਆਂ ਮਾਰਦਾ ਰਹਿੰਦਾ। ਸਾਨੂੰ ਸਭ ਨੂੰ ਚੰਗਾ-ਚੰਗਾ ਲੱਗਦਾ। ਸਾਡੀ ਵੀ ਟੌਹਰ ਜਿਹੀ ਬਣ ਜਾਂਦੀ। ਅਸੀਂ ਵੀ ਆਪਣੇ-ਆਪ ਨੂੰ ਖਾਸ-ਖਾਸ ਮਹਿਸੂਸ ਕਰਦੇ।....ਤੇ ਫੇਰ ਇਹ ਸਾਨੂੰ ਕਦੀ ਉਪਰੋਂ ਕੇਲੇ ਤੇ ਕਦੀ ਸਿਓ ਸਿੱਟਦਾ ਰਹਿੰਦਾ। ਬੱਸ, ਉਦੋਂ ਹੀ ਮੇਰੀ ਮਾਂ 'ਚ ਵੀ ਤਬਦੀਲੀ ਸ਼ੁਰੂ ਹੋਈ। ਸ਼ਾਇਦ, ਮਾਂ ਵੀ ਗੰਦੇ ਕਪੜਿਆਂ, ਮੰਗਵੀਆਂ ਦਾਲਾਂ, ਸਬਜ਼ੀਆਂ ਤੋਂ ਅੱਕ-ਥੱਕ ਚੁੱਕੀ ਸੀ। ਸਾਲ-ਸਾਲ ਦੇ ਫ਼ਰਕ ਨਾਲ ਚਾਰ-ਪੰਜ ਨਿਆਣੇ ਸਨ। ਭਾਪੇ ਦੀ ਹਜ਼ਾਰ-ਬਾਰਾਂ ਸੌ ਦੀ ਨੌਕਰੀ। ਉਤੋਂ ਪੀਣ ਦੀ ਲੱਗੀ ਹੋਈ ਲਤ। ਕਿੱਥੋਂ ਕਰਦੀ ਮਾਂ ਗੁਜ਼ਾਰਾ ? ਮਹਿੰਗਾ ਸਿੰਘ ਨੂੰ ਕਿਸੇ ਚੜ੍ਹਦੇ-ਲਹਿੰਦੇ ਦੀ ਚਿੰਤਾ ਹੈ ਈ ਨ੍ਹੀਂ ਸੀ। ਕਿਸੇ ਧੀ-ਪੁੱਤ ਦੇ ਦੁੱਖ-ਸੁੱਖ ਵਿਚ ਇਹ ਕਦੀ ਸ਼ਰੀਕ ਵੀ ਨਹੀਂ ਸੀ ਹੋਇਆ। ਨਾ ਹੀ ਕਦੀ ਕਿਸੇ ਭੈਣ-ਭਾਈ ਨਾਲ ਬਣੀ ਸੀ। ਜਦੋਂ ਇਹ ਸਾਲ ਪਿੱਛੋਂ ਆਉਂਦਾ ਤਾਂ ਦੋ-ਚਾਰ ਮਹੀਨੇ ਪਿੰਡ ਵਿਚ ਰਹਿੰਦਾ। ਮਾਂ ਇਸ ਦੀ ਰੋਟੀ ਵੀ ਪਕਾਉਣ ਲੱਗ ਪਈ ਸੀ। ਕਦੀ ਇਹ ਸਾਡੇ ਘਰ ਆ ਕੇ ਰੋਟੀ ਖਾ ਜਾਂਦਾ ਤੇ ਕਦੀ ਮਾਂ ਰੋਟੀ ਏਸ ਦੇ ਘਰ ਜਾ ਕੇ ਬਣਾ ਕੇ ਆਉਂਦੀ ਤੇ ਏਸ ਦਾ ਰੰਗੀਨ ਟੀ. ਵੀ. ਦੇਖ ਆਉਂਦੀ। ਕਦੀ-ਕਦੀ ਅਸੀਂ ਵੀ ਇਸ ਦੇ ਘਰ ਜਾ ਕੇ ਟੀ. ਵੀ. ਦੇਖਣ ਚਲੇ ਜਾਂਦੇ। ਮੇਰੀਆਂ ਨਿੱਕੀਆਂ ਭੈਣਾਂ ਤਾਂ ਬਹੁਤ ਛੋਟੀਆਂ ਸਨ ਪਰ ਪੀਤੀ ਤੇ ਮੈਂ ਇਸ ਦੀਆਂ ਕੁਰਸੀਆਂ 'ਤੇ ਬੈਠੇ ਟੀ. ਵੀ. ਦੇਖਦੇ। ਜਿਵੇਂ ਮਹਿਸੂਸ ਕਰਦੇ ਕਿ ਅਸੀਂ ਹੁਣ ਲੱਖਪਤੀਆਂ ਵਾਂਗ ਰਹਿਣ ਲੱਗ ਪਏ ਹਾਂ। ਬਾਕੀ ਗਲੀ ਦੇ ਨਿਆਣੇ ਸਾਡੇ ਤੇ ਰਸ਼ਕ ਕਰਦੇ।...ਤੇ ਇਹ ਮਾਂ ਨਾਲ

ਬੈਠਾ ਗੱਲੀਂ ਜੁਪਿਆ ਰਹਿੰਦਾ।

ਜਦੋਂ ਇਹ ਛੇਈਂ ਮਹੀਨੀਂ ਕਨੇਡਾ ਤੋਂ ਪਰਤਦਾ ਤਾਂ ਤਾਜ਼ੀ ਪੱਕੀ ਰੋਟੀ ਲਈ ਤੇ ਆਪਣੀ ਸੇਵਾ ਲਈ ਇਹ ਸਾਡੇ ਵਾਸਤੇ ਨਿੱਕ-ਸੁੱਕ ਲਿਆਉਂਦਾ। ਉਸ ਵਕਤ ਸਾਡਾ ਘਰ ਚੀਜ਼ਾਂ-ਵਸਤਾਂ ਅਤੇ ਕੱਪੜਿਆਂ ਨਾਲ ਭਰ ਜਾਂਦਾ। ਭਾਪੇ ਲਈ ਦਾਰੂ, ਮਾਂ ਲਈ ਵੰਨ-ਸੁਵੰਨੇ ਸੂਟ, ਮੇਕਅੱਪ ਦਾ ਸਮਾਨ, ਮੇਰੀਆਂ ਭੈਣਾਂ ਲਈ ਫਰਾਕਾਂ, ਮੇਰੇ ਭਰਾਵਾਂ ਲਈ ਕੱਪੜੇ ਤੇ ਮੇਰੇ ਲਈ ਕਈ ਕੁਛ ਹੁੰਦਾ ਤੇ ਫਿਰ ਮਾਂ ਤੇ ਭਾਪੇ ਦੇ ਗੁੱਟਾਂ ਤੇ ਘੜੀਆਂ ਲੱਗੀਆਂ ਸਭ ਨੇ ਦੇਖੀਆਂ। ਰੇਡੀਓ ਵੀ ਸਾਡੇ ਘਰ ਵੱਜਣ ਲੱਗ ਪਿਆ। ਕਨੇਡਾ ਨੂੰ ਮੁੜ ਕੇ ਜਾਂਦਾ ਹੋਇਆ ਇਹ ਆਪਣਾ ਪੁਰਾਣਾ ਟੀ. ਵੀ. ਵੀ ਸਾਨੂੰ ਦੇ ਗਿਆ। ਸਾਡੇ ਘਰ ਚੁੱਲ੍ਹੇ ਦੀ ਥਾਂ ਗੈਸ ਦਾ ਸਟੋਵ ਆ ਗਿਆ। ਸ਼ਾਇਦ ਮਾਂ ਦੇ ਕਾਲੇ ਹੋਏ ਹੱਥ ਇਸ ਦੇ ਚੁਭਦੇ ਹੋਣਗੇ। ਇਸ ਦਾ ਰੋਹਬ-ਦਾਬ ਵੀ ਅਸੀਂ ਸਭ ਝੱਲਦੇ ਰਹੇ। ਭਾਪਾ ਵੀ ਇਸ ਦੀ ਜੀ-ਹਜ਼ੂਰੀ ਕਰਦਾ।

...ਤੇ ਫੇਰ ਜੀ ਅਸੀਂ ਕੱਚੇ ਕੋਠੇ ਵਿਚ ਸਾਹਬਾਂ ਵਾਲੀ ਜੂਨ ਜਿਉਣ ਲੱਗ ਪਏ। ਕੱਚੇ ਕੋਠੇ ਦਾ ਮਾਲਕ ਭਿੰਦਾ, ਜਿਸ ਦਾ ਸਾਡੇ ਘਰ ਵਿਚ ਪਹਿਲਾਂ ਰਾਜ ਸੀ, ਉਹ ਹੁਣ ਆਪਣੇ ਹੀ ਕੋਠੇ ਵਿਚ ਆ-ਜਾ ਸਕਦਾ ਸੀ। ਮਾਂ ਉਸ ਨੂੰ ਗਾਲ੍ਹਾਂ ਕੱਢ ਕੇ ਬਾਹਰ ਕਰ ਦਿੰਦੀ। ਉਸ ਦੇ ਗੰਨੇ-ਛੱਲੀਆਂ, ਸਾਗ, ਸਭ ਵਿਦੇਸ਼ੀ ਚਾਕਲੇਟਾਂ ਦੇ ਮੂਹਰੇ ਫਿੱਕੇ ਪੈ ਗਏ ਸਨ।

ਜਦੋਂ ਭਿੰਦੇ ਨੂੰ ਆਪਣਾ ਥਾਂ ਖੁੱਸਦਾ ਮਹਿਸੂਸ ਹੋਇਆ ਤਾਂ ਉਸ ਨੇ ਮਾਂ ਦੀ ਬਥੇਰੀ ਚਾਪਲੂਸੀ ਕੀਤੀ। ਪਰ ਮਾਂ ਮੁੜ ਕੇ ਉਸ ਦੇ ਹੱਥੀਂ ਨਾ ਚੜ੍ਹੀ। ਕੈਨੇਡਾ ਦੀ ਦੌਲਤ ਸਾਹਵੇਂ ਉਸ ਦੇ ਖੇਤਾਂ ਦੀ ਭਲਾ ਕੀ ਔਕਾਤ ਸੀ ? ਮਾਂ ਨੂੰ ਲੱਗਦਾ ਜਿਵੇਂ ਹਵਾਈ ਜਹਾਜ਼ ਭਿੰਦੇ ਦੇ ਖੇਤਾਂ ਨੂੰ ਸਿੱਧ ਕੇ ਲੰਘ ਰਿਹਾ ਹੋਵੇ। ਔਖੇ ਹੋਏ ਭਿੰਦੇ ਨੇ ਸਾਨੂੰ ਕੋਠੇ 'ਚੋਂ ਬਾਹਰ ਕੱਢ ਦਿੱਤਾ। ਦੋ-ਚਾਰ ਆਪਣੇ ਮਿੱਤਰ-ਬੇਲੀ ਨਾਲ ਲਿਆ ਕੇ ਸਾਡਾ ਸਮਾਨ ਗਲੀ ਵਿਚ ਵਗਾਹ ਮਾਰਿਆ। ਕਹਿਣ ਲੱਗਾ, "ਸਾਲੀ-ਕਮਜ਼ਾਤ ਨੇ ਗੰਦ ਪਾਇਐ ਸਾਰੇ ਇਲਾਕੇ ਵਿਚ।"

ਗਲੀ ਦੇ ਲੋਕ ਵੀ ਖੁਸ਼ ਸਨ। ਕਹਿੰਦੇ ਸਨ, ਧੀਆਂ-ਨੂੰਹਾਂ ਦਾ ਇਲਾਕਾ ਐ ਤੇ ਇਸ ਘਰ ਵਿਚ ਵਣ-ਵਣ ਦੀ ਲੱਕੜੀ ਤੁਰੀ ਫਿਰਦੀ ਐ। ਕਿਸੇ ਨੇ ਭਿੰਦੇ ਨੂੰ ਰੋਕਿਆ ਵੀ ਨਾ।

ਅਸੀਂ ਗਲੀ ਵਿਚ ਰੋਂਦੇ ਖੜੇ ਸਾਂ। ਮਾਂ ਸਾਰਿਆਂ ਦਾ ਅੱਗਾ-ਪਿੱਛਾ ਫੋਲ ਰਹੀ ਸੀ। ਧੜੀ-ਧੜੀ ਦੀਆਂ ਗਾਲ੍ਹਾਂ ਕੱਢ ਰਹੀ ਸੀ। "ਖੇਹ ਹੋ ਜਾਵੇ ਭਿੰਦੇ ਦਾ, ਜਿਸ ਨੇ ਮੇਰੇ ਨਿਆਣੇ ਘਰੋਂ ਬੇ-ਘਰ ਕਰ ਦਿੱਤੇ। ਕੀੜੇ ਪੈਣ ਔਂਤਰੇ ਦੇ।" ਪਰ ਕਿਸੇ ਨੂੰ ਸਾਡੇ 'ਤੇ ਰਹਿਮ ਨਾ ਆਇਆ। ਸਗੋਂ ਹੋਰ ਔਰਤਾਂ ਮਾਂ ਨੂੰ ਹੀ ਆਖ ਰਹੀਆਂ ਸਨ, "ਚੱਲ ਵਗਦੀ ਹੋ। ਚਗ਼ਲ ਕਿਸੇ ਥਾਂ ਦੀ। ਸ਼ੁਕਰ ਹੋਇਆ ਗੰਦ ਚੁੱਕਿਆ ਗਿਆ।" ਜਦੋਂ ਨੂੰ ਮਹਿੰਗਾ ਉਥੇ ਪਹੁੰਚ ਗਿਆ ਸੀ ਤੇ ਇਸ ਪੂਰਾ ਬਣਿਆ-ਬਣਾਇਆ ਟੱਬਰ ਆਪਣੇ ਘਰ ਲਿਆ ਬਿਠਾਇਆ। ਲੋਕਾਂ ਨੇ ਇਸ ਨੂੰ ਬਥੇਰਾ ਸਮਝਾਇਆ ਪਰ ਇਹ ਸੁਣਨ ਨੂੰ ਤਿਆਰ ਨਾ ਹੋਇਆ।

ਫੇਰ ਇਹ ਕੈਨੇਡਾ ਵੀ ਛੱਡ ਆਇਆ। ਪੱਕਾ ਇੰਡੀਆ ਵਿਚ ਹੀ ਰਹਿਣ ਲੱਗ ਪਿਆ। ਸਾਲ-ਦੋ ਸਾਲਾਂ ਵਿਚ ਮਹੀਨੇ-ਦੋ ਮਹੀਨੇ ਲਈ ਕੈਨੇਡਾ ਜਾਂਦਾ। ਪਾਸਪੋਰਟ ਤੇ ਮੁਹਰ ਲੁਆ ਆਉਂਦਾ। ਬਾਕੀ ਸਮਾਂ ਇੱਥੇ ਪਿੰਡ ਵਿਚ ਹੀ ਗੁਜ਼ਾਰਦਾ। ਜਿਹੜੀ ਕੋਠੀ ਇਹ ਆਪਣੈ ਵਾਸਤੇ ਛੱਤ ਰਿਹਾ ਸੀ, ਉਸ ਵਿਚ ਹੁਣ ਸਾਡਾ ਡੇਰਾ ਲੱਗ ਗਿਆ ਤੇ ਪੁਰਾਣੇ ਮਕਾਨ ਦੀ ਥਾਂ ਨਵੀਂ ਕੋਠੀ ਵਿਚ ਮਾਂ ਜਿਵੇਂ ਪੱਬਾਂ ਭਾਰ ਮਿਹਲ ਕੇ ਤੁਰਦੀ। ਮਹਿੰਗਾ ਸਿੰਘ ਦੀ ਦਿਲੋ-ਜਾਨ ਨਾਲ



ਸੇਵਾ ਕਰਦੀ। ਤਾਜ਼ੀਆਂ-ਤਾਜ਼ੀਆਂ ਰੋਟੀਆਂ ਇਸ ਵਾਸਤੇ ਪਕਾਉਂਦੀ। ਭਾਵੇਂ ਉਸ ਨੂੰ ਮਹਿੰਗੇ ਦੇ ਕਈ ਵੇਰਾਂ ਝਿੜਕੇ ਵੀ ਸਹਿਣੇ ਪੈਂਦੇ। ਉਹ ਸਹਿ ਲੈਂਦੀ। ਕਿਉਂਕਿ ਕੱਚੇ ਕੋਠੇ ਤੋਂ ਬਾਅਦ ਪੱਕਾ ਮਕਾਨ ਤੇ ਫੇਰ ਹੁਣ ਆਲੀਸ਼ਾਨ ਕੋਠੀ ਵਿਚ ਉਹ ਆ ਗਈ ਸੀ। ਭਾਪਾ ਵੀ ਬਾਲਕੋਨੀ ਵਿਚ ਛਾਤੀ ਚੌੜੀ ਕਰਕੇ ਖੜ੍ਹਦਾ। ਕੋਠੀ ਵਿਚ ਬਣੀਆਂ ਕਿਆਰੀਆਂ ਦੇ ਫੁੱਲਾਂ ਨੂੰ ਸਿੰਜਦਾ, ਬੀਜਦਾ ਤੇ ਆਪਣੇ-ਆਪ ਨੂੰ ਜਿਵੇਂ ਮਾਲਕ ਸਮਝਦਾ। ਮਾਂ ਵੱਲ ਵੀ ਮੋਹ ਜਿਹੇ ਨਾਲ ਝਾਕਦਾ ਤੇ ਸੋਚਦਾ, ਕਨੇਡਾ ਨਹੀਂ ਤਾਂ ਇਹ ਕੋਠੀ ਹੀ ਸਹੀ।

ਜਦੋਂ ਕਦੇ-ਕਦਾਈਂ ਮਹਿੰਗਾ ਸਿੰਘ ਦੀ ਧੀ ਅਤੇ ਪੁੱਤ ਬਾਹਰੋਂ ਆਉਂਦੇ ਤਾਂ ਰੌਲੀ ਪਾ ਕੇ ਚਲੇ ਜਾਂਦੇ। ਕਿਸੇ ਦੀ ਸੁਣਵਾਈ ਨਾ ਹੁੰਦੀ। ਮਹਿੰਗਾ ਸਿੰਘ ਆਪਣੇ ਕਮਾਏ ਹੋਏ ਪੈਸੇ ਨਾਲ ਆਪਣੇ ਟੱਬਰ ਨੂੰ ਟਿੱਚ ਕਰਕੇ ਨਾ ਜਾਣਦਾ। ਬੱਸ ਜੀ, ਕੋਠੀ ਵਿਚ, ਮਹਿੰਗਾ ਸਿੰਘ ਅਤੇ ਮੇਰੀ ਮਾਂ ਦਾ ਹੀ ਰਾਜ ਚੱਲਦਾ। ਮਹਿੰਗਾ ਓਹੋ ਹੀ ਕਰਦਾ, ਜੋ ਮੇਰੀ ਮਾਂ ਕਹਿੰਦੀ। ਬੇਅੰਤ ਕੌਰ ਦੀਆਂ ਖਾਧੀਆਂ ਹੋਈਆਂ ਰੋਟੀਆਂ ਵੀ ਜਿਵੇਂ ਹਿੱਕ ਵਿਚ ਅੜੀਆਂ ਰਹਿੰਦੀਆਂ।

ਅੱਠ-ਦਾਸ ਸਾਲ ਸਾਡੇ ਏਦਾਂ ਹੀ ਚੰਗੇ ਨਿਕਲੇ। ਖਾਣ-ਪੀਣ ਦੀਆਂ ਮੌਜਾਂ। ਇਕੋ ਤੰਗੀ ਹੁੰਦੀ ਜਦੋਂ ਮਾਂ ਜਿਵੇਂ ਕਿਸੇ ਦੇ ਹਿੱਸੇ ਨਾ ਆਉਂਦੀ। ਏਸੇ ਬੰਦੇ ਨਾਲ ਚਿਪਕੀ ਰਹਿੰਦੀ। ਜਦੋਂ ਇਹ ਦੋਨੋਂ ਸ਼ਹਿਰ ਨੂੰ ਜਾਂਦੇ ਤਾਂ ਅੱਗੜ-ਪਿੱਛੜ ਘਰੋਂ ਨਿਕਲ ਜਾਂਦੇ। ਭਲਾ ਲੋਕ ਕਿਹੜੇ ਮੂੜ੍ਹ ਸਨ ? ਸਭ ਤਾੜ ਰੱਖਦੇ ਸਨ। ਸਾਡੇ ਤੇ ਲੋਕੀਂ ਮੂੰਹ ਅੱਡ-ਅੱਡ ਹੱਸਦੇ। ਕਾਨਾਫੂਸੀ ਕਰਦੇ। ਆਖਦੇ, "ਜਲ-ਜੀਣੇ ਭਿੰਦੇ ਨੇ ਆਪਣਾ ਗੀਦ ਕੱਢ ਕੇ ਸਾਡੇ ਗੁਆਂਢ ਰੱਖ ਧਰਿਐ।"

ਛੋਟੇ ਹੁੰਦਿਆਂ ਬਹੁਤਾ ਧਿਆਨ ਨਹੀਂ ਸੀ ਦੇਈਦਾ। ਪਰ ਜਦੋਂ ਸਕੂਲ ਵਿਚ ਹਾਣੀ ਟਿੱਚਰਾਂ ਕਰਦੇ ਤਾਂ ਮੇਰਾ ਜੀਅ ਪੜ੍ਹਾਈ ਵਿਚ ਵੀ ਨਾ ਲੱਗਦਾ। ਉਹ ਆਪੋ ਵਿਚੀਂ ਕਿਸੇ ਗੱਲ ਤੇ ਹੱਸਦੇ, ਪਰ ਮੈਨੂੰ ਜਾਪਦਾ ਜਿਵੇਂ ਉਨ੍ਹਾਂ ਦੀਆਂ ਕਿਲਕਾਰੀਆਂ ਮੇਰੇ 'ਤੇ ਹੀ ਵੱਜ ਰਹੀਆਂ ਹੋਣ। ਮੈਂ ਮਸਾਂ ਮਰ-ਪਿੱਟ ਕੇ ਦਸਵੀਂ ਵਿਚੋਂ ਪਾਸ ਹੋਇਆ। ਇਸ ਤੋਂ ਅੱਗੇ ਤੁਰਿਆ ਹੀ ਨਾ। ਮੇਰੇ ਦੁਆਲੇ ਜਿਵੇਂ ਅੱਖਾਂ ਘਿਰੀਆਂ ਰਹਿੰਦੀਆਂ। ਖਿੜ-ਖਿੜ ਹੱਸਦੇ ਚਿਹਰੇ ਨਜ਼ਰ ਆਉਂਦੇ। ...ਤੇ ਮੇਰੇ ਅੰਦਰ ਉਨ੍ਹਾਂ ਦੇ ਹਾਸੇ ਗੂੰਜਣ ਲੱਗ ਪਏ। ਕੰਨਾਂ ਵਿਚ ਇਕ ਸ਼ੋਰ ਧਮਾਲ ਪਾਉਣ ਲੱਗ ਪਿਆ। ਮੇਰੇ ਜ਼ਿਹਨ ਵਿਚ ਵੀ ਜਿਵੇਂ ਉਨ੍ਹਾਂ ਦੀਆਂ ਤਿੱਖੀਆਂ ਨਜ਼ਰਾਂ ਚੁਭਣ ਲੱਗ ਪਈਆਂ। ਉਹੋ ਅੱਖਾਂ ਮੇਰੇ ਧੁਰ ਅੰਦਰ ਉੱਗਣ ਲੱਗ ਪਈਆਂ।

...ਜਦੋਂ ਮੈਂ ਘਰ ਦੀ ਸਥਿਤੀ ਬਾਰੇ ਡੂੰਘੀ ਤਰ੍ਹਾਂ ਨਾਲ ਸੋਚਦਾ ਤਾਂ ਮੇਰੀਆਂ ਭੈਣਾਂ ਦੇ ਸਜੇ-ਫਬੇ ਚਿਹਰੇ ਮੇਰੇ ਦੁਆਲੇ ਨੱਚਣ ਲੱਗ ਪੈਂਦੇ। ਮੇਰੇ ਭਰਾਵਾਂ ਦੀਆਂ ਕਾਪੀਆਂ-ਪੈਨਸਲਾਂ ਮੇਰੇ ਮੂਹਰੇ ਛਣਕਦੀਆਂ। ਭਾਪੇ ਦੀ ਛੋਟੀ ਜਿਹੀ ਚਪੜਾਸੀ ਦੀ ਨੌਕਰੀ ਤਰਥੱਲ ਮਚਾਉਂਦੀ। ਮਾਂ ਦੀਆਂ ਕਨੇਡਾ ਪਹੁੰਚਣ ਦੀਆਂ ਆਸਾਂ ਠੂਠਾਂ ਲੈ ਕੇ ਖੜੀਆਂ ਨਜ਼ਰ ਆਉਂਦੀਆਂ। ਉਥੋਂ ਦੀ ਚਿਲਕੋਰ ਉਸ ਦੇ ਮੱਥੇ ਵਿਚ ਬਲਦੀ ਦਿਖਾਈ ਦਿੰਦੀ। ਤੇ ਮੈਂ ਇਹ ਸੋਚਦਿਆਂ, ਕੱਚੇ ਕੋਠੇ ਵਿਚ ਘਸਮੈਲੇ ਕੱਪੜਿਆਂ ਵਿਚ ਵਲ੍ਹੇਟ ਹੋਈ ਜਾਂਦਾ।

ਮੈਂ ਚੁੱਪ-ਚੁਪੀਤਾ ਰਹਿਣ ਲੱਗ ਪਿਆ। ਗੁੱਛਾਂ-ਮੁੱਛਾਂ ਹੋ ਕੇ ਗੰਦੀ ਰਜਾਈ ਵਿਚ ਵੜ ਜਾਂਦਾ। ਆਪਣੀਆਂ ਅੱਖਾਂ ਦੇ ਦੁਆਰ ਭੀੜਨ ਦੀ ਕੋਸ਼ਿਸ਼ ਕਰਦਾ। ਸੋਚਦਾ ਸ਼ਾਇਦ ਭਾਪੇ ਦਾ ਚੇਤਾ ਤਾਂ ਵਿਦੇਸ਼ੀ ਦਾਰੂ ਭੁਲਾ ਦਿੰਦੀ ਹੋਊ। ਹਰ ਸ਼ਾਮ ਉਹ ਦਾਰੂ ਪੀ ਕੇ ਬੜ੍ਹਕ ਮਾਰ ਕੇ ਆਪਣੀ ਹੋਂਦ ਜਤਾਉਂਦਾ ਰਹਿੰਦਾ। ਪਰ ਮੈਂ ਕਿਵੇਂ ਭੁੱਲਾਂ ?

ਲੋਕੀਂ ਕਹਿਣ ਲੱਗੇ, "ਮੁੰਡੇ ਨੂੰ ਕੋਈ ਰੁੰਨ ਐ।"

ਮੈਂ ਕਹਿੰਦਾ, "ਸਾਲਿਓ, ਮੈਂ ਤਾਂ ਠੀਕ ਹਾਂ। ਤੁਸੀਂ ਆਪਣਾ ਇਲਾਜ ਕਰਾਓ। ਤੁਸੀਂ ਕਿਉਂ ਨ੍ਹੀ ਦੇਖ ਸਕਦੇ ਜੋ ਮੈਂ ਦੇਖਦਾ ਹਾਂ ?"

ਫੇਰ ਮੈਂ ਸੋਚਾਂ ਵਿਚ ਐਨਾ ਰੁੱਝਣ ਲੱਗ ਪਿਆ ਕਿ ਜਦੋਂ ਕਿਸੇ ਥਾਂ ਬੈਠਾ ਹੁੰਦਾ ਤਾਂ ਬੈਠਾ ਹੀ ਰਹਿੰਦਾ। ਬੋਲਣ ਲੱਗਦਾ ਤਾਂ ਬੋਲੀ ਹੀ ਜਾਂਦਾ। ਤੇ ਹੁਣ ਤਾਂ ਮਾਂ ਵੀ ਜਿਵੇਂ ਮੈਥੋਂ ਡਰਨ ਲੱਗ ਪਈ ਹੈ। ਇਕ ਦਿਨ ਮਹਿੰਗੇ ਨੂੰ ਆਖਣ ਲੱਗੀ, "ਮੇਰਾ ਜਵਾਨ-ਜਹਾਨ ਪੁੱਤ ਐ। ਕੀ ਕਰੂੰਗੀ ਮੈਂ ? ਕਿੱਥੇ ਖੜੂੰਗੀ ਮੈਂ ਇਸ ਨੂੰ ? ਪਤਾ ਨ੍ਹੀਂ" ਤੇ ਮਾਂ ਉਸ ਦੇ ਨਾਲ ਲੱਗੀ ਡੁਸਕਣ ਲੱਗ ਪਈ। "ਚਿੰਤਾ ਨਾ ਕਰ। ਚਿੰਤਾ ਨਾਲ ਤੇਰਾ ਚਿਹਰਾ ਲੱਥਦਾ ਜਾਂਦੈ। ਦੇਖਦੇ ਹਾਂ, ਕੁਝ ਕਰਦੇ ਹਾਂ ਇਸ ਦਾ ਇਲਾਜ ਵੀ।" ਮਹਿੰਗੇ ਨੇ ਮਾਂ ਨੂੰ ਦਿਲਾਸਾ ਦਿੱਤਾ ਸੀ। ਪਰ ਮੈਨੂੰ ਲੱਗਾ ਜਿਵੇਂ ਉਸੇ ਦਾ ਫ਼ਿਕਰ ਮੇਰੇ ਨਾਲੋਂ ਮਾਂ ਲਈ ਵੱਧ ਹੋਵੇ। ਉਹ ਮਾਂ ਦੇ ਚਿਹਰੇ 'ਤੇ ਪੈ ਰਹੀਆਂ ਫ਼ਿਕਰ ਦੀਆਂ ਵੱਟਾਂ ਵੱਲ ਜ਼ਿਆਦਾ ਧਿਆਨ ਦੇ ਰਿਹਾ ਹੋਵੇ, ਜਿਨ੍ਹਾਂ ਨੂੰ ਉਹ ਹੱਥਾਂ ਨਾਲ ਪਲੋਸ ਰਿਹਾ ਸੀ। ਮੇਰਾ ਜੀਅ ਕੀਤਾ ਵੱਢ ਦਿਆਂ ਉਸ ਦੇ ਹੱਥ। ਟੋਟੇ-ਟੋਟੇ ਕਰ ਦਿਆਂ ਉਸੇ ਦੀ ਦੇਹ। ਭੈਣਾਂ ਦੇ ਕੱਪੜੇ, ਸਕੂਲਾਂ ਦੀਆਂ ਫੀਸਾਂ, ਭਾਪੇ ਦੀ ਦਾਰੂ, ਕਿੱਥੋਂ ਕਰੂੰਗੀ ਮਾਂ ਗੁਜ਼ਾਰਾ ? ਭਾਪੇ ਦੀ ਟੁੱਟੀ ਜਿਹੀ ਨਕੌਰੀ ਨਾਲ ਇਹ ਐਸ਼ ਤਾਂ ਮਿਲਣੀ ਨ੍ਹੀਂ। ਘਰ ਵਿਚ ਹਰ ਨਵੀਂ ਚੀਜ਼ ਵੀ ਆਉਣੀ ਨ੍ਹੀਂ। ਤੇ ਹੁਣ ਸਾਡਾ ਘਰ ਭਰਿਆ-ਭਕੁੰਨਿਆ ਪਿਐ। ਕੋਈ ਤੋਟ ਨ੍ਹੀਂ।

ਇਹ ਸੋਚ ਕੇ ਮੈਂ ਫੇਰ ਰਜਾਈ ਵਿਚ ਵੜ ਗਿਆ। ਮੂੰਹ-ਸਿਰ ਵਲ੍ਹੇਟ ਲਿਆ। ਸੋਚਦਾ ਹਾਂ ਕਿ ਸ਼ਾਇਦ ਸੋਚਾਂ ਏਸੇ ਤਰ੍ਹਾਂ ਖਹਿੜਾ ਛੱਡ ਦੇਣ। ਸ਼ਾਇਦ ਏਸ ਰਜਾਈ ਦੇ ਅੰਦਰ ਨਾ ਹੀ ਵੜਨ। ਪਰ ਕਿੱਥੇ ? ਕਦੀ ਮੇਰਾ ਜੀਅ ਕਰਦਾ ਹੈ ਕਿ ਮੈਂ ਰੌਲੀ ਪਾ ਕੇ ਆਖਾਂ, 'ਕੱਠੇ ਕਰਾਂ ਲੋਕਾਂ ਨੂੰ, 'ਕੋਈ ਲਾ ਦਿਓ ਮੈਨੂੰ ਫਾਹੇ। ਕੱਢ ਦਿਓ ਮੈਨੂੰ ਘਰੋਂ ਬਾਹਰ। ਏਸ ਰਜਾਈ ਦਾ ਭਾਰ ਮੈਥੋਂ ਹੁਣ ਚੁੱਕਿਆ ਨ੍ਹੀਂ ਜਾ ਰਿਹਾ। ਕੋਈ ਤਾਂ ਸੁਣੋ ਫਰਿਆਦ। ਸੁੱਟ ਦਿਓ ਕਿਸੇ ਗਲੀ ਵਿਚ। ਕੂੜੇ ਦੇ ਢੇਰ 'ਤੇ। ਉਥੇ ਮੈਨੂੰ ਸ਼ਾਇਦ ਇਸ ਦੀ ਲੋੜ ਵੀ ਨ੍ਹੀਂ ਪੈਣੀ। ਪਰ ਬਾਹਰ ਤਾਂ ਕੱਢੋ।"

ਕੋਈ ਨ੍ਹੀਂ ਸੁਣਦਾ। ਸਭ ਗੂੰਗੇ-ਬਹਿਰੇ ਹੋ ਗਏ ਹਨ। ਸਿਰਫ ਦੇਖਦੇ ਹਨ ਟੁਕਰ-ਟੁਕਰ।

ਮੈਂ ਫੇਰ ਖਿਆਲ ਕਰਦਾ ਹਾਂ, ਜਾਵਾਂ ਵੀ ਤਾਂ ਕਿੱਥੇ ? ਜੇ ਜਾਵਾਂ ਤਾਂ ਮੇਰੀਆਂ ਅੱਖਾਂ ਇੱਥੇ ਹੀ ਘੁੰਮਦੀਆਂ ਰਹਿਣਗੀਆਂ। ਇਨ੍ਹਾਂ ਲੋਕਾਂ ਦਾ ਪਿੱਛਾ ਕਰਦੀਆਂ। ਲੱਗਦੈ ਜਿਵੇਂ ਇਹ ਅੱਖਾਂ ਮੇਰੇ ਪੂਰੇ ਜਿਸਮ ਤੇ ਉੱਗ ਆਈਆਂ ਹੋਣ ਤੇ ਜਦੋਂ ਮੈਂ ਘਰੋਂ ਬਾਹਰ ਵੀ ਚਲਿਆ ਜਾਵਾਂ, ਉਹੀ ਅੱਖਾਂ ਘਰ ਦੀਆਂ ਕੰਧਾਂ 'ਤੇ ਚਿਪਕ ਜਾਂਦੀਆਂ ਹਨ। ਮੇਰੇ ਆਲੇ-ਦੁਆਲੇ, ਅੰਦਰ-ਬਾਹਰ ਖੁੰਬਾਂ ਵਾਂਗੂੰ ਉੱਗ ਆਉਂਦੀਆਂ ਹਨ ਜੋ ਮੈਨੂੰ ਟਿਕਣ ਨ੍ਹੀਂ ਦੇ ਰਹੀਆਂ। ਜਦੋਂ ਮੈਂ ਰਜਾਈ ਵਿਚ ਵੀ ਵੜ ਜਾਵਾਂ ਤਾਂ ਇਹ ਉਸ ਦੇ ਅੰਦਰ ਵੀ ਵੜ ਜਾਂਦੀਆਂ ਹਨ। ਉਨ੍ਹਾਂ ਵਿਚ ਇਹ ਦੋਨੋਂ ਨੱਚਦੇ ਹਨ, ਟੱਪਦੇ ਹਨ। ਖਿਲੀ ਪਾਉਂਦੇ ਹਨ। ਮੈਂ ਕਹਿੰਦਾ ਹਾਂ, ਸੂਈਆਂ ਖਭੋ ਦੇਊਗਾ ਫੇਰ ਕੀ ਕਰੋਗੇ ? ਅੰਨ੍ਹੇ ਹੋ ਜਾਓਗੇ। ਪਰ ਇਹ ਮੰਨਦੇ ਹੀ ਨ੍ਹੀਂ। ਆਪਣੀ ਹੀ ਰੌਲੀ ਪਾ ਰੱਖਦੇ ਹਨ। ਇਨ੍ਹਾਂ ਦੇ ਹਾਸੇ ਦੀ ਗੂੰਜ ਮੇਰੇ ਕੰਨ ਪਾੜ ਰਹੀ ਹੈ।

ਹਾਲੀਂ ਕੱਲ੍ਹ ਹੀ ਇਹ ਦੋਨੋਂ ਮੈਨੂੰ ਲੈ ਤੁਰੇ ਡਾਕਟਰ ਦੇ ਕੋਲ। ਮੈਂ ਬਥੇਰਾ ਕਿਹਾ, ਬਥੇਰੀ ਰੌਲੀ ਪਾਈ। ਪਰ ਕਿੱਥੇ ? ਕੱਢ ਮਾਰਿਆ ਰਜਾਈ ਵਿਚੋਂ। ਧੂਹ ਕੇ ਲਿਜਾ ਸਿੱਟਿਆਂ ਕਾਰ ਵਿਚ। ਜਾ ਬਿਠਾਇਆ ਡਾਕਟਰ ਦੇ ਮੂਹਰੇ। ਮਹਿੰਗਾ ਕਹਿਣ ਲੱਗਾ, "ਡਾਕਟਰ ਸਾਹਿਬ, ਮੁੰਡੇ ਦਾ ਇਲਾਜ



ਕਰੋ। ਦੇਖੋ ਇਸ ਦੀ ਮਾਂ ਦਾ ਫ਼ਿਕਰ ਨਾਲ ਕੀ ਹਾਲ ਹੋ ਗਿਐ।"

ਮੈਂ ਆਪਣੀ ਮਾਂ ਵੱਲ ਦੇਖਦਾ ਹਾਂ। ਇਕ ਨਫ਼ਰਤ ਦੀ ਤਿਉੜੀ ਮੇਰੇ ਮੱਥੇ ਵਿਚ ਉੱਭਰ ਆਈ ਹੈ। ਕੀ ਇਹ ਨਫ਼ਰਤ ਮਹਿੰਗੇ ਲਈ ਹੈ ਜਾਂ ਮਾਂ ਲਈ ਜਾਂ ਆਪਣੇ ਆਪ ਲਈ। ਨਹੀਂ ਸਮਝ ਪੈਂਦੀ। ਮੈਂ ਮਾਂ ਵੱਲ ਦੇਖਦਾ ਹਾਂ ਤੇ ਸੋਚਦਾ ਹਾਂ, ਕੀ ਇਸ ਦਾ ਇਹ ਪਾਖੰਡ ਹੈ ਜਾਂ ਸੱਚ ਹੀ ਮੇਰੀ ਚਿੰਤਾ ? ਮੇਰੇ ਵੱਲ ਦੇਖ ਕੇ ਡੁਸਕਣ ਲੱਗ ਪਈ ਹੈ। ਆਪਣੀ ਗੁਲਾਬੀ ਚੁੰਨੀ ਨਾਲ ਅੱਖਾਂ ਪੂੰਝਦੀ ਹੈ। ਟੀਰੀ ਜਿਹੀ ਝਾਕਦੀ ਹੋਈ ਕਹਿੰਦੀ ਐ, "ਮੇਰੀ ਜਾਨ ਖਾ ਲਈ ਹੈ ਏਸ ਦੀ ਬਿਮਾਰੀ ਨੇ। ਪਤਾ ਨ੍ਹੀਂ ਕਿਹੜੀ ਅਲਾਮਤ ਚਿੰਬੜ ਗਈ ਐ। ਸੌ ਓਹੜ-ਪੋਹੜ ਕਰ ਥੱਕੀ। ਪਰ ਏਸ ਨੂੰ ਭੋਰਾ ਫ਼ਰਕ ਨ੍ਹੀਂ ਪਿਆ। ਦੱਸੋ ਕੀ ਕਰਾਂ ? ਓਸ ਤ੍ਰਿਵੈਣੀ ਵਾਲੇ ਬਾਬੇ ਕੋਲ ਵੀ ਚੌਂਕੀ ਭਰੀ।" ਤ੍ਰਿਵੈਣੀ ਵਾਲੇ ਬਾਬੇ ਦਾ ਨਾਂ ਆਉਂਦਿਆਂ ਹੀ ਮਹਿੰਗਾ ਮਾਂ ਵੱਲ ਕਹਿਰੀ ਵੱਟ ਕੇ ਦੇਖਦਾ ਹੈ। ਉਸ ਨੂੰ ਜਿਵੇਂ ਆਪਣੀ ਸ਼ੈਅ ਤੇ ਕੋਈ ਧਾਵਾ ਬੋਲਦਾ ਮਹਿਸੂਸ ਹੋਇਆ ਹੋਵੇ।

ਮੇਰਾ ਅੰਦਰ ਹੱਸਦਾ ਹੈ। ਸੋਚਦਾ ਹਾਂ, ਚੱਲ ਹੁਣ ਕੰਜਰਾ ! 'ਕੱਲਾ ਤੂੰ ਹੀ ਨ੍ਹੀਂ। ਫੇਰ ਤ੍ਰਿਵੈਣੀ ਵਾਲੇ ਬਾਬੇ ਦਾ ਖਿਆਲ ਆਉਂਦਾ ਹੈ। ਇਹ ਉਸ ਦਿਨ ਦੀ ਗੱਲ ਹੈ ਜਦੋਂ ਮੈਂ ਸਾਰੇ ਕੱਪੜੇ ਲਾਹੇ ਕੇ ਨੰਗ-ਧੜੰਗ ਹੋ ਕੇ ਤੁਰ ਪਿਆ ਸੀ। ਸੋਚਿਆ ਸੀ, ਨਹੀਂ ਪਾਉਣੇ ਮੈਂ ਏਸ ਦੇ ਦਿੱਤੇ ਹੋਏ ਕੱਪੜੇ। ਲੋਕੀਂ ਕਹਿਣ ਲੱਗੇ, "ਕੋਈ ਓਪਰੀ ਹਵਾ ਨੇ ਇਸ ਦਾ ਡਮਾਕ ਫੇਰ ਦਿੱਤੈ। ਲੈ ਜਾਓ ਏਸ ਨੂੰ ਤ੍ਰਿਵੈਣੀ ਵਾਲੇ ਬਾਬੇ ਕੋਲ। ਉਹ ਹਰ ਰੁੰਨ ਦਾ ਇਲਾਜ ਕਰਦੈ।"

ਜਦੋਂ ਮਾਂ ਮੈਨੂੰ ਬਾਬੇ ਕੋਲ ਲੈ ਕੇ ਗਈ ਤਾਂ ਲੱਗੀ ਰੋ-ਰੋ ਕੇ ਵਿਥਿਆ ਸੁਣਾਉਣ। "ਮੈਨੂੰ ਤੁਹਾਡਾ ਹੀ ਆਸਰਾ ਐ ਬਾਬਾ ਜੀ ! ਕ੍ਰਿਪਾ ਕਰੋ। ਮੁੰਡਾ ਰਾਜੀ ਹੋ ਜੇ।"

ਮਾਂ ਨੂੰ ਸੁੰਨ ਦੇਖ ਕੇ ਮੈਂ ਕੁਝ ਨ੍ਹੀਂ ਬੋਲਿਆ। ਚੁੱਪ ਬੈਠਾ ਸੁਣਦਾ ਰਿਹਾ। ਪੈਰ ਦੇ ਅੰਗੂਠੇ ਨਾਲ ਜ਼ਮੀਨ ਨੂੰ ਖੁਰਚਦਾ ਰਿਹਾ। ਜਿਵੇਂ ਧਰਤੀ ਪਾਟ ਜਾਵੇਗੀ ਤੇ ਮੈਂ ਵਿਚ ਭਸਮ ਹੋ ਜਾਊਂਗਾ। ਬਾਬੇ ਨੇ ਮੈਨੂੰ ਬਾਹਰ ਬੈਠਣ ਲਈ ਕਿਹਾ ਤੇ ਆਪ ਮਾਂ ਨੂੰ ਲੈ ਕੇ ਕੁਟੀਆ ਵਿਚ ਚਲੇ ਗਿਆ। ਕੋਈ ਦੁਆਈ ਮਿਕਸ ਕਰਨੀ ਹੋਊ। ਕੋਈ ਤੜਾ-ਤਬੀਤ ਬਣਾਉਣਾ ਹੋਊ। ਮੈਂ ਮਨ ਹੀ ਮਨ ਹੱਸਿਆ ਸੀ। ਬਾਹਰ ਆ ਕੇ ਮਾਂ ਨੇ ਤਬੀਤ ਮੇਰੀ ਬਾਂਹ 'ਤੇ ਬੰਨ੍ਹ ਦਿੱਤਾ ਸੀ। ਮੈਂ ਉਸ ਵੱਲ ਦੇਖ ਕੇ ਵੀ ਘੂਰਦਾ ਰਹਿੰਦਾ ਹਾਂ। ਜਦੋਂ ਮੈਨੂੰ ਮਾਂ ਤੇ ਮਹਿੰਗਾ ਸਿੰਘ ਡਾਕਟਰ ਦੇ ਲੈ ਕੇ ਗਏ ਤੇ ਤਾਂ ਵੀ ਮੈਂ ਡਾਕਟਰ ਦੀ ਆਖੀ ਸੁਣੀ ਜਾਂਦਾ ਰਿਹਾ। ਡਾਕਟਰ ਪੁੱਛਦਾ ਸੀ, "ਘਰ ਵਿਚ ਕੌਣ-ਕੌਣ ਹਨ ? ਕੀ ਕਰਦੇ ਹਨ ਭੈਣਾਂ ਨਾਲ ਇਹ ਕਿਵੇਂ ਵਰਤਦਾ ਐ ? ਭਰਾਵਾਂ ਨੂੰ ਮਾਰਦਾ ਤਾਂ ਨਹੀਂ ? ਪਿਓ ਨਾਲ ਖੁਸ਼ ਹੋਕੇ ਮਿਲਦਾ ਹੈ ਜਾਂ ਓਸ ਨਾਲ ਵੀ ਚਿੜ੍ਹਦਾ ਹੈ ?"

ਮਾਂ ਨੇ ਉੱਤਰ ਦਿੱਤਾ ਸੀ, "ਡਾਕਟਰ ਜੀ, ਬੋਲਦਾ ਹੀ ਤਾਂ ਨਹੀਂ। ਬੱਸ ਦੇਖੀ ਜਾਂਦਾ ਹੈ ਡੇਲੇ ਅੱਡ-ਅੱਡ। ਕੀ ਕਰਾਂ ? ਦੱਸੋ ? ਜਵਾਨ-ਜਹਾਨ ਪੁੱਤ। ਭਲਾ ਝੱਲਿਆ ਜਾਂਦਾ ਹੈ ਏਸ ਤਰ੍ਹਾਂ ?"...ਉਹ ਮੂੰਹ ਜਿਹਾ ਬਣਾ ਕੇ ਸਿਰ ਸਿੱਟ ਕੇ ਬੈਠ ਗਈ ਸੀ।

ਡਾਕਟਰ ਨੇ ਮਹਿੰਗਾ ਸਿੰਘ ਨੂੰ ਪੁੱਛਿਆ ਸੀ, "ਏਸ ਦਾ ਬਾਪ ਕਿੱਥੇ ਐ ? ਨਾਲ ਨ੍ਹੀਂ ਆਇਆ ?"

ਉਸ ਦੀ ਥਾਂ ਮੇਰੀ ਮਾਂ ਨੇ ਜਵਾਬ ਦਿੱਤਾ, "ਉਹ ਜੀ, ਉਹ ਜੀ...।" ਗੱਲ ਅਧੂਰੀ ਛੱਡ ਦਿੱਤੀ। ਜਿਵੇਂ ਗਰਾਰੀਆਂ ਅੜ ਗਈਆਂ ਹੋਣ। ਵਿਚਾਰੀ ਕਹਿੰਦੀ ਵੀ ਕੀ ? ਮਹਿੰਗਾ ਵੀ ਨਜ਼ਰ ਘੁਮਾ ਕੇ ਬਾਹਰ ਦੇਖਣ ਲੱਗ ਪਿਆ।

ਮੈਂ ਵਿਚੋਂ ਬੋਲ ਪਿਆ ਸਾਂ, ਖਿੜ-ਖਿੜ ਹੱਸਦਾ ਹੋਇਆ। 'ਮਰਿਆ ਹੋਇਆ।'

ਸਾਰੇ ਮੇਰੇ ਵੱਲ ਦੇਖਦੇ ਰਹੇ। ਮਿੰਟ ਕੁ ਲਈ ਸਭ ਖਾਮੋਸ਼ ਹੋ ਗਏ ਜਿਵੇਂ ਹਵਾ ਰੁਕ ਗਈ ਹੋਵੇ, ਸਾਹ ਬੰਦ ਹੋ ਗਏ ਹੋਣ। ਸਿਉਂਕ ਨੇ ਆਲਾ-ਦੁਆਲਾ ਛਲਣੀ ਕਰ ਦਿੱਤਾ ਹੋਵੇ। ਫੇਰ ਮਾਂ ਦਾ ਮੂੰਹ ਖੁੱਲ੍ਹਿਆ, "ਸੁੱਖ ਬੋਲ। ਚੰਦਰਾ ਜਦੋਂ ਬੋਲੂ, ਭੈੜਾ ਹੀ ਬੋਲੂ।" ਉਹ ਖਿਝੀ ਹੋਈ ਸੀ। ਡਾਕਟਰ ਮੇਰੇ ਵੱਲ ਗਹੁ ਨਾਲ ਤੱਕਦਾ ਰਿਹਾ। ਮੇਰੀ ਤੱਕਣੀ ਜਿਵੇਂ ਕੁਝ ਭਾਲਦਾ ਹੋਊ। ਮੇਰੀਆਂ ਹੱਸਦੀਆਂ ਅੱਖਾਂ ਉਸ ਨੂੰ ਕੁਝ ਬਿਆਨ ਕਰ ਰਹੀਆਂ ਸਨ। ਉਸ ਤੋਂ ਵੀ ਮੇਰੀਆਂ ਨਜ਼ਰਾਂ ਦੀ ਤਾਬ ਨਾ ਝੱਲੀ ਗਈ ਤੇ ਉਹ ਮੇਰੀ ਮਾਂ ਵੱਲ ਦੇਖਣ ਲੱਗਾ ਸੀ।

ਕੁਝ ਦੇਰ ਬਾਅਦ ਉਹ ਕੁਝ ਸੋਚ ਕੇ ਬੋਲਿਆ, "ਤੁਸੀਂ ਇਸ ਨੂੰ ਕੱਲ੍ਹ ਲੈ ਕੇ ਆਉਣਾ। 'ਕੱਲੇ।" 'ਕੱਲੇ ਸ਼ਬਦ ਉਸ ਨੇ ਘਰੋੜ ਕੇ ਆਖਿਆ ਸੀ।...ਤੇ ਉਹ ਵੀ ਜਿਵੇਂ ਮਹਿੰਗੇ ਤੋਂ ਨਜ਼ਰ ਚੁਰਾ ਰਿਹਾ ਹੋਵੇ। ਮੈਂ ਖੁਸ਼ ਹੋ ਗਿਆ ਸਾਂ। ਮੈਨੂੰ ਲੱਗਾ ਅੱਖਾਂ ਮੇਰੇ ਜਿਸਮ ਤੋਂ ਜਿਵੇਂ ਮਿਟ ਗਈਆਂ ਹੋਣ ਤੇ ਮਹਿੰਗਾ ਸਿੰਘ ਦੇ ਜਿਸਮ 'ਤੇ ਉੱਗ ਆਈਆਂ ਹੋਣ। ਮੇਰਾ ਜਲ ਰਿਹਾ ਅੰਦਰ ਵੀ ਸ਼ਾਂਤ ਹੋਣ ਲੱਗ ਪਿਆ ਹੋਵੇ। ਜਿਵੇਂ ਕਿਸੇ ਨੇ ਮੇਰਾ ਅੰਦਰ ਪੜ੍ਹ ਲਿਆ ਹੋਵੇ। ਮਹਿੰਗਾ ਬੌਰਾ ਜਿਹਾ ਹੋਇਆ ਜ਼ਮੀਨ ਵੱਲ ਤੱਕ ਰਿਹਾ ਸੀ।

ਮੈਂ ਉਥੋਂ ਉੱਠ ਕੇ ਬਾਹਰ ਖੁੱਲ੍ਹੀ ਹਵਾ ਵਿਚ ਆ ਗਿਆ ਸਾਂ। ਮਾਂ ਵੀ ਮਗਰੇ ਹੀ ਆ ਗਈ ਸੀ।...ਮਹਿੰਗਾ ਸਿੰਘ ਦੀਆਂ ਅੱਖਾਂ ਸਾਡਾ ਪਿੱਛਾ ਕਰਦੀਆਂ ਰਹੀਆਂ।....ਤੇ ਮੈਂ ਜਿਵੇਂ ਸਿਉਂਕ ਖਾਧੇ ਗੇਟ ਨੂੰ ਧੱਕਾ ਮਾਰ ਕੇ ਵਗਾਹ ਮਾਰਿਆ ਹੋਵੇ। ਬਾਹਰ ਨੀਲੇ, ਅਸਮਾਨ ਵੱਲ ਤੱਕਿਆ। ਖਿੱਚ ਕੇ ਸਾਹ ਲਿਆ। ਹਵਾ ਵਿਚ ਮੇਰਾ ਸਾਹ ਲੈਣਾ ਸੌਖਾ ਹੋ ਗਿਆ ਸੀ। ਕੱਲ੍ਹ ਦਾ ਫੇਰ ਮੈਂ ਸੋਚੀ ਜਾਂਦਾ ਹਾਂ, ਡਾਕਟਰ ਨੇ ਕਿਉਂ 'ਕੱਲੇ ਆਉਣ ਨੂੰ ਕਿਹਾ ਹੈ ? ਇਹ ਸ਼ਬਦ ਜਿਵੇਂ ਮੇਰੇ ਕੰਨਾਂ ਵਿਚ ਗੂੰਜੀ ਜਾਂਦਾ ਹੈ। ਅੰਦਰ ਨੂੰ ਫੇਰ ਕੁਝ ਘੁਣ ਵਾਂਗ ਖਾਈ ਜਾਂਦਾ ਹੈ।....ਤੇ ਮੈਂ ਰਜਾਈ ਦੇ ਭਾਰ ਹੇਠਾਂ ਦੱਬ ਹੋਈ ਜਾ ਰਿਹਾ ਹਾਂ। ਸਭ ਦੀਆਂ ਨਜ਼ਰਾਂ ਮੇਰੇ ਧੁਰ ਅੰਦਰ ਤਕ ਉੱਤਰੀ ਜਾ ਰਹੀਆਂ ਹਨ।

**— ਬਲਬੀਰ ਕੌਰ ਸੰਘੇੜਾ**



# ਰੱਬ ਦਾ ਜਨਮ ਦਿਨ

ਬਚਨੀ, ਜਿਸ ਦਾ ਪੂਰਾ ਨਾਂ ਬਚਨ ਕੌਰ ਹੈ, ਤਿੰਨ ਭਰਾਵਾਂ ਮਗਰੋਂ ਪੈਦਾ ਹੋਈ ਸੀ। ਜਿਨ੍ਹਾਂ ਸਮਿਆਂ ਵਿਚ ਉਹ ਜੰਮੀ ਸੀ, ਉਨ੍ਹਾਂ ਦਿਨਾਂ ਵਿੱਚ ਕੁੜੀਆਂ ਨੂੰ ਜਨਮ ਤੋਂ ਪਹਿਲਾਂ ਮਾਰ ਦੇਣ ਦਾ ਰਿਵਾਜ ਅਜੇ ਨਹੀਂ ਸੀ ਪਿਆ। ਜੇ ਹੁੰਦਾ ਵੀ ਤਾਂ ਉਸ ਨੇ ਬੱਚ ਜਾਣਾ ਸੀ, ਕਿਉਂਕਿ ਉਹ ਆਪਣੇ ਤਿੰਨ ਭਰਾਵਾਂ ਨੂੰ, ਆਪਣੇ ਨਾਲੋਂ ਪਹਿਲਾਂ ਇਸ ਦੁਨੀਆਂ ਵਿੱਚ ਭੇਜ ਚੁੱਕੀ ਸੀ। ਉਸ ਦੇ ਭਰਾਵਾਂ ਵਿੱਚ ਸਭ ਤੋਂ ਛੋਟਾ ਕੇਸਰ ਵੀ ਉਸ ਨਾਲੋਂ ਅੱਠ ਕੁ ਸਾਲ ਵੱਡਾ ਸੀ। ਬਚਨੀ ਦੀ ਮਾਂ ਨੂੰ ਤਿੰਨ ਪੁੱਤ ਹੀ ਬਥੇਰੇ ਸਨ। ਉਸ ਨੂੰ ਹੋਰ ਔਲਾਦ ਦੀ ਲੋੜ ਨਹੀਂ ਸੀ। ਉਹ ਚਾਲ੍ਹੀਆਂ ਤੋਂ ਉੱਤੇ ਹੋ ਚੁੱਕੀ ਸੀ, ਜਦੋਂ ਬਚਨੀ ਨੇ ਉਸ ਦੇ ਘਰ ਜਨਮ ਲਿਆ। ਪਤਾ ਨਹੀਂ ਉਮਰ ਦੀ ਗੱਲ ਸੀ ਜਾਂ ਦਵਾ-ਦਾਰੂ ਅਤੇ ਦੇਖ ਭਾਲ ਦੀ ਘਾਟ, ਬਚਨੀ ਦੀ ਮਾਂ ਸੰਤੀ, ਬਚਨੀ ਦੇ ਜਨਮ ਪਿੱਛੋਂ ਨਿਘਰਦੀ ਗਈ। ਜਦੋਂ ਤਕ ਬਚਨੀ ਦਸਾਂ ਸਾਲਾਂ ਦੀ ਹੋਈ ਉਦੋਂ ਤੱਕ ਸੰਤੀ ਘਰ ਦੇ ਕੰਮ ਕਾਜ ਜੋਗੀ ਨਹੀਂ ਸੀ ਰਹੀ।

ਬਚਨੀ ਘਰ ਦੇ ਕੰਮ ਕਾਜ ਜੋਗੀ ਹੋ ਗਈ ਸੀ। ਮੰਜੀ ਉੱਤੇ ਪਈ ਪਈ ਮਾਂ ਉਸ ਨੂੰ ਦੱਸੀ ਜਾਂਦੀ ਸੀ ਅਤੇ ਉਹ ਘਰ ਦਾ ਕੰਮ ਕਰੀ ਜਾਂਦੀ ਸੀ। ਸੰਤੀ ਨੂੰ ਇਸ ਸਾਰੇ ਕੰਮ ਕਾਜ ਲਈ ਆਪਣੀ ਧੀ ਦੀ ਸ਼ੁਕਰਗੁਜ਼ਾਰ ਹੋਣਾ ਚਾਹੀਦਾ ਸੀ, ਪ੍ਰੰਤੂ, ਉਸ ਬੀਮਾਰ ਔਰਤ ਦੀ ਸੋਚ ਵੀ 'ਬੀਮਾਰ-ਸੋਚ' ਬਣ ਚੁੱਕੀ ਸੀ। ਉਸ ਨੂੰ ਜਦੋਂ ਵੀ ਮੌਕਾ ਮਿਲਦਾ, ਉਹ ਬਚਨੀ ਨੂੰ ਜੀ ਭਰ ਕੇ ਕੋਸਦੀ- "ਇਹ ਮੇਰੇ ਘਰ ਪਤਾ ਨਹੀਂ ਕਿਹੜੇ ਪਾਪ ਦਾ ਬਦਲਾ ਲੈਣ ਆਈ ਹੈ। ਜਦੋਂ ਦੀ ਜੰਮੀ ਹੈ, ਮੈਨੂੰ ਮੌਤ ਦੇ ਮੂੰਹ ਧੱਕੀ ਜਾਂਦੀ ਆ। ਕੀ ਲੋੜ ਸੀ ਮੈਨੂੰ ਏਸ ਪੱਥਰ ਦੀ। ਪੋਤੇ-ਪੋਤੀਆਂ ਦੇ ਮੂੰਹ ਵੇਖਣੇ ਨਸੀਬ ਹੋਣੇ ਹਨ ਕਿ ਨਹੀਂ ? ਰੱਬ ਜਾਣੇ। ਮੇਰੇ ਕਰਮ, ਕਿਸੇ ਨੂੰ ਕੀ ਦੋਸ਼।" ਸੰਤੀ ਦੀ ਪੋਤੇ-ਪੋਤੀਆਂ ਦੇ ਮੂੰਹ ਵੇਖਣ ਦੀ ਰੀਝ ਪੂਰੀ ਹੋ ਗਈ। ਉਸ ਨੇ ਆਪ ਹੀ ਇਹ ਰੀਝ ਪੂਰੀ ਕਰਨ ਦਾ ਉਪਰਾਲਾ ਕਰ ਲਿਆ। ਪੰਜਾਂ ਸਾਲਾਂ ਦੇ ਵਿੱਚ ਵਿੱਚ ਉਸ ਨੇ ਆਪਣੇ ਤਿੰਨਾਂ ਮੁੰਡਿਆਂ ਦੇ ਵਿਆਹ ਕਰ ਦਿੱਤੇ।

ਆਪਣੇ ਪੁੱਤਾਂ ਦੇ ਵਿਆਹਾਂ ਦੀ ਕਾਹਲ ਤਾਰਾ ਸਿੰਘ ਨੂੰ ਵੀ ਸੀ। ਉਹ ਵੇਖਦਾ ਸੀ ਕਿ ਉਸ ਦੀ ਘਰਵਾਲੀ ਸੰਤੀ ਕੋਲੋਂ ਕੰਮ ਕਾਜ ਕੀਤਾ ਨਹੀਂ ਜਾਂਦਾ। ਉਹ ਖਿੱਝਦੀ ਖਪਦੀ ਵੀ ਹੈ ਅਤੇ ਨਿੱਕੀ ਜਹੀ ਬਚਨੀ ਨੂੰ ਮਾਂ ਦੀ ਸੇਵਾ ਦੇ ਨਾਲ ਨਾਲ ਘਰ ਦਾ ਸਾਰਾ ਕੰਮ ਵੀ ਕਰਨਾ ਪੈਂਦਾ ਹੈ। ਉਸ ਦਾ ਖਿਆਲ ਸੀ ਕਿ ਨੂੰਹਾਂ ਦੇ ਘਰ ਆ ਜਾਣ ਉੱਤੇ ਬਚਨੀ ਨੂੰ ਕੁਝ ਸੌਖ ਹੋ ਜਾਵੇਗੀ। ਇਉਂ ਹੋ ਵੀ ਗਿਆ, ਪਰ ਬਹੁਤਾ ਫ਼ਰਕ ਨਾ ਪਿਆ। ਬਚਨੀ ਦੇ ਵੱਡੇ ਭਰਾ, ਬਚਨ ਸਿੰਘ ਦੇ ਘਰ, ਵਿਆਹ ਤੋਂ ਦੋ ਸਾਲ ਪਿੱਛੋਂ ਪੁੱਤਰ ਨੇ ਜਨਮ ਲਿਆ। ਬਚਨੀ ਦੇ ਦੋ ਸਾਲ ਕੁਝ ਸੌਖੇ ਲੰਘੇ ਸਨ ; ਪਰ, ਭਤੀਜੇ ਦੇ ਜਨਮ ਪਿੱਛੋਂ ਉਸ ਦਾ ਕੰਮ ਮੁੜ ਪਹਿਲਾਂ ਜਿੰਨਾ ਹੀ

ਹੋ ਗਿਆ। ਰਸੋਈ ਦਾ ਕੰਮ ਭਾਵੇਂ ਕੁਝ ਘੱਟ ਗਿਆ; ਪਰ, ਮਾਂ ਦੀ ਸੰਭਾਲ ਤੇ ਭਤੀਜੇ ਦੀ ਦੇਖਭਾਲ ਸਾਰੀ ਦੀ ਸਾਰੀ ਉਸ ਦੇ ਖਾਤੇ ਲਿਖੀ ਗਈ।

ਛੋਟੇ ਭਰਾ, ਕਰਤਾਰ ਸਿੰਘ, ਦੀ ਘਰਵਾਲੀ ਨੇ ਸ਼ਾਦੀ ਤੋਂ ਡੇਢ ਕੁ ਸਾਲ ਪਿੱਛੋਂ ਪੁੱਤਰ ਨੂੰ ਜਨਮ ਦਿੱਤਾ। ਮਾਂ ਦੀ ਖੁਸ਼ੀ ਵਿੱਚ ਦੂਜੇ ਪੋਤੇ ਦਾ ਮੂੰਹ ਵੇਖ ਕੇ ਵਾਧਾ ਹੋਇਆ; ਪਰ, ਬਚਨੀ ਨੂੰ ਦੋ ਬੱਚਿਆਂ ਦੀ ਸੰਭਾਲ ਦਾ ਕੰਮ ਆ ਪਿਆ। ਉਹ ਇਨ੍ਹਾਂ ਬੱਚਿਆਂ ਨਾਲ ਖੇਡ ਕੇ ਖੁਸ਼ ਹੁੰਦੀ ਸੀ। ਰਹੀ ਕੰਮ ਦੇ ਬੋਝ ਅਤੇ ਥਕਾਵਟ ਦੀ ਗੱਲ ; ਇਨ੍ਹਾਂ ਦਾ ਉਸ ਨੂੰ ਪੂਰਾ ਪੂਰਾ ਅਭਿਆਸ ਸੀ। ਜਦੋਂ ਸਾਲ ਡੇਢ ਸਾਲ ਪਿੱਛੋਂ ਸਭ ਤੋਂ ਛੋਟੇ ਕੇਸਰ ਸਿੰਘ ਦੇ ਘਰ ਕੰਨਿਆਂ ਦਾ ਜਨਮ ਹੋਇਆ, ਉਦੋਂ ਤਕ ਉਸ ਦੀ ਮਾਂ ਸੰਤੀ, ਉਸ ਨੂੰ ਕੋਸਣ ਲੱਗੀ ਨਹੀਂ ਸੀ ਥੱਕਦੀ। ਉਹ ਆਪਣੀ ਜੀਵਨ-ਯਾਤਰਾ ਦੇ ਅੰਤ ਲਾਗੇ ਪਹੁੰਚ ਗਈ ਸੀ ਅਤੇ ਇੱਥੇ ਪੁੱਜ ਕੇ ਉਹ ਰੱਬ ਦਾ ਸ਼ੁਕਰ ਕਰਨ ਲੱਗ ਪਈ ਸੀ, ਜਿਸ ਨੇ ਉਸ ਨੂੰ ਪੋਤਿਆਂ ਦੇ ਮੂੰਹ ਵੇਖਣ ਦਾ ਮੌਕਾ ਦਿੱਤਾ ਸੀ।

ਰੋਟੀ ਟੁੱਕ ਦਾ ਸਾਰਾ ਕੰਮ ਭਰਜਾਈਆਂ ਕੋਲ ਸੀ ਅਤੇ ਭਤੀਜੀ-ਭਤੀਜਿਆਂ ਦੀ ਸਾਂਭ-ਸੰਭਾਲ ਬਚਨੀ ਕੋਲ ਸੀ। ਜਦੋਂ ਵੀ ਉਹ ਭਤੀਜਿਆਂ ਨਾਲ ਖੇਡ ਰਹੀ ਹੁੰਦੀ ਅਤੇ ਉਸਦੀ ਭਤੀਜੀ ਕਿਸੇ ਕਾਰਨ ਰੋਣ ਲੱਗ ਪੈਂਦੀ ਤਾਂ ਉਸ ਦੀ ਮਾਂ, ਸੰਤੀ, ਉਸ ਨੂੰ ਕਹਿੰਦੀ, "ਰੋ ਲੈਣ ਦੇ; ਕਿਤੇ ਆਖ਼ਰ ਨਹੀਂ ਆਉਂਦੀ ; ਅਞਾਣੇ ਰੋਂਦੇ ਈ ਹੁੰਦੇ ਆ।" ਜੇ ਕਿਧਰੇ ਕਿਸੇ ਪੋਤੇ ਦੇ ਰੋਣ ਦੀ ਆਵਾਜ਼ ਸੰਤੀ ਨੇ ਕੰਨੀਂ ਪੈ ਜਾਂਦੀ ਤਾਂ ਉਹ ਸਾਰਾ ਘਰ ਸਿਰ 'ਤੇ ਚੁੱਕ ਲੈਂਦੀ, "ਨੀ ਬਚਨੀਏ, ਕਿੱਥੇ ਮਰ ਗਈ ਏਂ, ਮੁੰਡਾ ਰੋ ਰੋ ਕੇ ਕਮਲਾ ਹੋ ਗਿਆ; ਨੀ, ਕੰਨੀਂ ਰੂੰ ਦਿੱਤਾ ਹੋਇਆ ?" ਬਚਨੀ ਆਪਣੀ ਭਤੀਜੀ ਵੱਲੋਂ ਬੇ-ਧਿਆਨੀ ਕਰ ਕੇ ਆਪਣੇ ਭਤੀਜਿਆਂ ਦਾ ਧਿਆਨ ਕਰਦੀ ਤਾਂ ਉਸ ਦੀ ਮਾਂ (ਸੰਤੀ) ਉਸ ਨੂੰ ਬਹੁਤ ਹੀ ਖੁਸ਼ ਪਰਤੀਤ ਹੁੰਦੀ। ਜੇ ਕਦੇ ਭਤੀਜੀ ਦੀ ਜ਼ਰੂਰਤ ਵੱਲ ਧਿਆਨ ਦੇਣ ਕਰਕੇ ਭਤੀਜੇ ਦਾ ਖਿਆਲ ਕਰਨ ਵਿੱਚ ਕੁਝ ਘੌਲ ਹੋ ਜਾਂਦੀ ਤਾਂ ਮਾਂ ਦੀਆਂ ਗਾਲ੍ਹਾਂ ਸੁਣਨੀਆਂ ਪੈਂਦੀਆਂ। ਬਚਨੀ ਲਈ ਪੁੱਤਰ ਅਤੇ ਧੀ ਵਿਚਲਾ ਫ਼ਰਕ ਬਹੁਤ ਹੀ ਜ਼ਰੂਰੀ ਫ਼ਰਕ ਬਣ ਗਿਆ।

ਬਚਨੀ ਦੀ ਵੱਡੀ ਭਰਜਾਈ ਦੀ ਮਾਸੀ ਦਾ ਪੁੱਤ ਭਰਾ ਵਲੈਤ (ਲੰਡਨ) ਰਹਿੰਦਾ ਸੀ। ਉਹ ਉਮਰ ਵਿੱਚ ਬਚਨੀ ਨਾਲੋਂ ਬਾਈ-ਚਵ੍ਹੀ ਸਾਲ ਵੱਡਾ ਜ਼ਰੂਰ ਸੀ; ਪਰ, ਲੰਡਨ ਵਿੱਚ ਰਹਿੰਦਾ ਸੀ। ਉਸ ਦਾ ਵਿਆਹ ਹੋਇਆ ਸੀ; ਪਰ ਨਿਭਿਆ ਨਹੀਂ ਸੀ। ਵਲੈਤ ਵਾਸੀ ਹੋਣ ਕਰਕੇ ਉਸ ਅਣਪੜ੍ਹ ਜਹੇ ਆਦਮੀ ਨੂੰ, ਬੀ. ਏ. ਪਾਸ ਇੱਕ ਪੰਜਾਬਣ ਨਾਲ ਵਿਆਹ ਕਰਨ ਦਾ ਮੌਕਾ ਮਿਲ ਗਿਆ ਸੀ। ਉਸ ਪੜ੍ਹੀ ਲਿਖੀ ਕੁੜੀ ਨੇ ਚਾਰ ਕੁ ਸਾਲ ਕੱਢੇ ਅਤੇ ਆਪਣੀ ਇੱਕ ਧੀ ਨੂੰ ਲੈ ਕੇ ਉਸ ਤੋਂ ਨਾਤਾ ਤੋੜ ਗਈ। ਬਚਨੀ ਦੀ ਵੱਡੀ ਭਰਜਾਈ ਨੂੰ ਆਪਣੇ ਮਸੇਰੇ ਭਰਾਅ, ਬਖਸ਼ੀਸ਼ ਸਿੰਘ, ਲਈ ਬਚਨੀ ਬਹੁਤ ਹੀ ਯੋਗ ਕੰਨਿਆ ਪ੍ਰਤੀਤ ਹੋਈ।

ਨੂੰਹ ਨੇ ਆਪਣੇ ਸੱਸ-ਸਹੁਰੇ ਕੋਲੋਂ ਆਪਣੇ ਮਸੇਰ ਦੀ ਉਮਰ ਦਾ ਕੁਝ ਲੁਕ ਲੁਕਾਅ ਨਾ ਰੱਖਿਆ; ਪਰ, ਉਸ ਦੇ ਵਲੈਤੀ ਜੀਵਨ ਵਿਚਲੇ ਸੁੱਖਾਂ ਨੂੰ ਵਧਾਅ ਚੜ੍ਹਾਅ ਕੇ ਦੱਸਣ ਵਿੱਚ ਵੀ ਕੋਈ ਕਸਰ ਨਾ ਛੱਡੀ। ਜੇ ਤਾਰਾ ਸਿੰਘ (ਬਚਨੀ ਦਾ ਪਿਤਾ) ਕਿਸੇ ਵੇਲੇ ਕੋਈ ਉਜਰ ਇਤਰਾਜ਼ ਕਰਨ ਦੇ ਰੌਂ ਵਿੱਚ ਹੁੰਦਾ ਤਾਂ ਮੰਜੇ ਪਈ ਸੰਤੀ ਕਹਿੰਦੀ, "ਬਚਨੇ ਦੇ ਬਾਪੂ, ਤੂੰ ਐਵੇਂ ਨਾ ਹੁੰਦੇ ਕੰਮ ਵਿੱਚ ਰੋਕਾਂ ਪਾ। ਏਡੀ ਵੱਡੀ ਠਾਹਰ ਬਣ ਜਾਂਦੀ ਆ; ਕੱਲ੍ਹ ਕਲੋਤਰ ਨੂੰ



ਪੋਤਿਆਂ ਲਈ ਵਲੈਤ ਦਾ ਦਰ ਖੁੱਲ੍ਹ ਜੂ। ਧੀਆਂ ਹੁੰਦੀਆਂ ਕਾਹਦੇ ਲਈ ਨੇ ?"

ਬਚਨੀ ਦਾ ਵਿਆਹ ਹੋ ਗਿਆ। ਉਹ ਬਖਸ਼ੀਸ਼ ਸਿੰਘ ਦੀ ਪਤਨੀ ਬਣ ਕੇ ਲੰਡਨ ਆ ਗਈ। ਬਖਸ਼ੀਸ਼ ਸਿੰਘ ਉਸ ਨੂੰ ਚੰਗਾ ਸਾਊ ਸਾਥੀ ਪਰਤੀਤ ਹੋਇਆ। ਜਦੋਂ ਉਨ੍ਹਾਂ ਦੇ ਘਰ ਨਿੰਮੀ ਨੇ ਜਨਮ ਲਿਆ, ਉਦੋਂ ਬਖਸ਼ੀਸ਼ ਸਿੰਘ ਬਹੁਤਾ ਭਾਵੇਂ ਨਹੀਂ ਤਾਂ ਵੀ ਪ੍ਰਤੱਖ ਤੌਰ ਉੱਤੇ ਉਦਾਸ ਹੋਇਆ। ਉਸ ਨੇ ਆਪਣੀ ਪ੍ਰਤੱਖ ਉਦਾਸੀ ਬਚਨੀ ਨੂੰ ਮੂੰਹੋਂ ਬੋਲ ਕੇ ਵੀ ਦੱਸ ਦਿੱਤੀ, "ਬਚਨੀਏ, ਤੈਨੂੰ ਪਤਾ ਹੈ ਮੇਰੇ ਪਹਿਲੇ ਵਿਆਹ ਵਿੱਚੋਂ ਵੀ ਮੇਰੇ ਘਰ ਲੜਕੀ ਹੀ ਪੈਦਾ ਹੋਈ ਸੀ। ਮੈਂ ਉਸ ਦੀ ਮਾਂ ਦੇ ਯੋਗ ਨਹੀਂ ਸਾਂ। ਉਹ ਆਪਣੀ ਧੀ ਨੂੰ ਲੈ ਕੇ ਚਲੀ ਗਈ। ਚਲੋ ਜੋ ਹੋਇਆ ਠੀਕ ਹੋਇਆ। ਉਸ ਵਿੱਚ ਮੇਰੀ ਵੀ ਗ਼ਲਤੀ ਸੀ। ਹੁਣ ਉਸ ਨੇ ਆਪਣੀ ਪਸੰਦ ਦੇ ਕਿਸੇ ਬੰਦੇ ਨਾਲ ਵਿਆਹ ਕਰ ਲਿਆ। ਮਾਂ, ਧੀ ਸੁਖੀ ਹਨ। ਆਪਣੀ ਉਮਰ ਵੱਲ ਵੇਖ ਕੇ ਮੈਂ ਇਹ ਚਾਹੁੰਦਾ ਸਾਂ ਕਿ ਸਾਡੇ ਘਰ ਧੀ ਦੀ ਥਾਂ ਪੁੱਤਰ ਜੰਮਦਾ। ਮੈਨੂੰ ਆਪਣਾ ਫ਼ਿਕਰ ਨਹੀਂ। ਮੇਰੇ ਲਈ ਤੇਰਾ ਸਹਾਰਾ ਹੈ। ਮੈਨੂੰ ਤੇਰੀ ਫ਼ਿਕਰ ਹੈ। ਧੀ ਨੇ ਆਪਣੇ ਘਰ ਚਲੀ ਜਾਣਾ। ਤੈਨੂੰ ਕੌਣ ਸੰਭਾਲੂ ?" ਬਚਨੀ ਨੂੰ ਬਖਸ਼ੀਸ਼ ਸਿੰਘ ਬਹੁਤ ਚੰਗਾ ਲੱਗਾ। ਉਸ ਨੂੰ ਇਉਂ ਜਾਪਿਆ, ਜਿਵੇਂ ਸਿਰਫ਼ ਉਹ ਹੀ ਇੱਕ ਅਜਿਹਾ ਆਦਮੀ ਹੈ, ਜਿਸ ਨੂੰ ਉਸ ਦੀ ਫ਼ਿਕਰ ਹੈ। ਉਸ ਦੇ ਮਾਤਾ, ਪਿਤਾ ਅਤੇ ਭਰਾਵਾਂ ਨੇ ਉਸ ਦੀ ਕਦੇ ਫ਼ਿਕਰ ਨਹੀਂ ਸੀ ਕੀਤੀ। ਆਪਣੀ ਨਵ-ਜਨਮੀ ਧੀ, ਨਿੰਮੀ, ਉਸ ਨੂੰ ਆਪਣੇ ਪਤੀ ਦੀ ਚਿੰਤਾ ਦਾ ਕਾਰਨ ਪਰਤੀਤ ਹੋਈ। ਉਸ ਨੇ ਨਿੰਮੀ ਨੂੰ ਕੋਸਿਆ ਭਾਵੇਂ ਨਾ; ਪਰ, ਉਸ ਦੇ ਜਨਮ ਦੀ ਉਸ ਪ੍ਰਕਾਰ ਦੀ ਖੁਸ਼ੀ ਵੀ ਨਾ ਕੀਤੀ, ਜਿਹੋ ਜਹੀ ਖੁਸ਼ੀਆਂ ਧੀਆਂ ਦੇ ਜੰਮਣ ਉੱਤੇ ਏਥੇ, ਵਲੈਤ ਵਿੱਚ ਲੋਕ ਕਰਦੇ ਹਨ। ਏਥੇ ਧੀਆਂ ਦੇ ਜਨਮ ਦਿਨ ਉਸੇ ਚਾਅ ਨਾਲ ਮਨਾਏ ਜਾਂਦੇ ਹਨ, ਜਿਸ ਚਾਅ ਨਾਲ ਮੁੰਡਿਆਂ ਦੇ। ਜੇ ਧੀਆਂ ਦੇ ਜਨਮ ਦੀ ਖੁਸ਼ੀ ਕਰਨ ਵਿੱਚ ਕੁਝ ਘਾਟ ਵਿਖਾਈ ਜਾਵੇ ਤਾਂ ਮਾਪੇ ਧੀਆਂ ਸਾਹਮਣੇ ਸਿਰ ਉੱਚਾ ਕਰਨ ਜੋਗੇ ਨਹੀਂ ਰਹਿੰਦੇ। ਬਚਨੀ ਪੇਕੇ ਘਰੋਂ ਹੀ ਕੁਝ ਇਸ ਪ੍ਰਕਾਰ ਦੇ ਪ੍ਰਭਾਵ ਅਤੇ ਸੰਸਕਾਰ ਲੈ ਕੇ ਆਈ ਸੀ ਕਿ ਉਸ ਨੂੰ ਮੁੰਡੇ ਅਤੇ ਕੁੜੀ ਵਿੱਚ ਬਹੁਤ ਵੱਡਾ ਫਰਕ ਜਾਪਦਾ ਸੀ। ਜਦੋਂ ਨਿੰਮੀ ਇੱਕ ਸਾਲ ਦੀ ਹੋਈ, ਉਦੋਂ ਵੀ ਉਸ ਦਾ ਪਹਿਲਾ ਜਨਮ ਦਿਨ ਨਾ ਮਨਾਇਆ ਗਿਆ। ਜਦੋਂ ਉਹ ਦੋ ਸਾਲਾਂ ਦੀ ਹੋਈ, ਉਦੋਂ ਉਸ ਦੇ ਛੋਟੇ ਭਰਾ ਬੰਟੀ ਦਾ ਜਨਮ ਹੋ ਚੁੱਕਾ ਸੀ। ਬਹੁਤ ਧੂਮਧਾਮ ਨਾਲ ਮਨਾਇਆ ਗਿਆ ਬੰਟੀ ਦਾ ਜਨਮ ਦਿਨ।

ਇਸ ਤੋਂ ਪਿੱਛੋਂ ਦੋਹਾਂ ਭੈਣ-ਭਰਾਵਾਂ ਦੇ ਜਿੰਨੇ ਵੀ ਜਨਮ ਦਿਨ ਆਏ ਚੰਗੀ ਤਰ੍ਹਾਂ ਮਨਾਏ ਗਏ। ਦੋਹਾਂ ਦੀਆਂ ਜਨਮ ਤਰੀਕਾਂ ਲਾਗੋ ਲਾਗ ਹਨ। ਪ੍ਰੰਤੂ, ਹਰ ਜਨਮ ਦਿਨ ਉੱਤੇ ਸੱਦਿਆ ਜਾਣ ਕਰਕੇ ਮੈਂ ਜਾਣਦਾ ਹਾਂ ਕਿ ਜਨਮ ਦਿਨ ਦੇ ਮੌਕੇ ਕਦੇ ਵੀ ਦੋ ਕੇਕ ਨਹੀਂ ਸਨ ਕੱਟੇ ਗਏ; ਕਦੇ ਵੀ ਦੋਹਾਂ ਭੈਣ-ਭਰਾਵਾਂ ਨੇ ਮਿਲ ਕੇ ਕੇਕ ਉੱਤੇ ਲੱਗੀਆਂ ਹੋਈਆਂ ਮੋਮਬੱਤੀਆਂ ਨੂੰ ਸਾਂਝੀ ਫੂਕ ਮਾਰ ਕੇ ਨਹੀਂ ਸੀ ਬੁਝਾਇਆ। ਪਹਿਲੇ ਦੋ ਤਿੰਨ ਸਾਲ ਨਿੰਮੀ, ਭੋਲੇ ਭਾਅ, ਆਪਣੇ ਵੀਰ ਨੂੰ ਮੋਮਬੱਤੀਆਂ ਬੁਝਾਉਂਦਾ ਅਤੇ ਕੇਕ ਕੱਟਦਾ ਵੇਖਦੀ ਰਹੀ ; ਉਸ ਤੋਂ ਪਿੱਛੋਂ ਉਹ ਭੋਲੀ ਨਿੰਮੀ ਤੋਂ ਬਦਲ ਕੇ ਉਦਾਸ ਨਿੰਮੀ ਬਣਦੀ ਗਈ ਅਤੇ ਘਰ ਦਾ ਮਾਹੌਲ ਉਸ ਦੇ ਇਸ ਵਿਕਾਸ ਵਿੱਚ ਮਦਦ ਕਰਦਾ ਗਿਆ।

ਜਦੋਂ ਜਨਮ ਦਿਨ ਦੀ ਪਾਰਟੀ ਦਾ ਅੰਤ ਹੁੰਦਾ, ਉਦੋਂ ਬਚਨੀ ਆਪਣੇ ਪੁੱਤਰ ਨੂੰ ਨਾਲ

ਲੈ ਕੇ ਮਹਿਮਾਨਾਂ ਨੂੰ ਵਿਦਾ ਕਰਨ ਲਈ ਘਰੋਂ ਬਾਹਰ ਖਲੋਂਦੀ। ਬੰਟੀ ਨੂੰ ਕਹਿੰਦੀ, "ਆਂਟੀ ਨੂੰ ਬਾਏ ਕਰੋ, ਬੇਟਾ। ਅੰਕਲ ਨੂੰ ਸਤਿ ਸ਼੍ਰੀ ਅਕਾਲ ਆਖੋ ਬੰਟੀ! ਹੱਥ ਜੋੜ ਕੇ, ਬੇਟਾ ਜੀ। ਆਪਣੇ ਫਰੈਂਡ ਨੂੰ ਥੈਂਕਯੂ ਕਰੋ, ਗੁੱਡ ਬੁਆਏ।" ਪੰਜ ਕੁ ਸਾਲ ਦੀ ਉਮਰ ਤਕ ਨਿੰਮੀ (ਨਿਰਮਲ) ਵੀ ਆਪਣੇ ਭਰਾ ਲਾਗੇ ਖਲੋ ਕੇ, ਆਏ ਮਹਿਮਾਨਾਂ ਨੂੰ ਉਵੇਂ ਹੀ ਗੁੱਡ ਬਾਏ ਕਰਦੀ ਰਹੀ, ਜਿਵੇਂ ਬੰਟੀ ਕਰਦਾ ਸੀ। ਹੌਲੀ ਹੌਲੀ ਉਸ ਨੂੰ ਪਤਾ ਲੱਗ ਗਿਆ ਕਿ ਇਹ ਸਾਰਾ ਕੁਝ ਬੰਟੀ ਦੇ ਕਰਨ ਵਾਲਾ ਕੰਮ ਸੀ ਅਤੇ ਉਹ ਇਸ ਸਾਰੇ ਦੀ ਹਿੱਸੇਦਾਰ ਨਹੀਂ ਸੀ। ਉਸ ਨੇ ਇਸ ਵਿਦਾਇਗੀ ਦੀ ਰਸਮ ਵਿੱਚ ਹਿੱਸਾ ਲੈਣਾ ਛੱਡ ਦਿੱਤਾ। ਉਹ ਦਿਨ ਵੀ ਆ ਗਿਆ, ਜਦੋਂ ਉਸ ਨੂੰ ਪੂਰਾ ਯਕੀਨ ਹੋ ਗਿਆ ਕਿ ਜਨਮ ਦਿਨ ਉਸ ਦੇ ਭਰਾ ਦਾ ਮਨਾਇਆ ਜਾਂਦਾ ਸੀ; ਉਸ ਦਾ ਨਹੀਂ।

ਬਖਸ਼ੀਸ਼ ਸਿੰਘ ਦਾ ਵਤੀਰਾ ਨਿੰਮੀ ਵੱਲ ਬਹੁਤਾ ਓਪਰਾ ਅਤੇ ਰੁੱਖਾ ਨਹੀਂ ਸੀ। ਬਚਨੀ ਵੀ ਨਿੰਮੀ ਨਾਲ ਕਿਸੇ ਤਰ੍ਹਾਂ ਦਾ ਸਖ਼ਤ ਵਰਤਾਉ ਨਹੀਂ ਸੀ ਕਰਦੀ। ਉਸ ਲਈ ਨਿੰਮੀ ਜਿਵੇਂ ਘਰ ਵਿੱਚ ਸੀ ਹੀ ਨਹੀਂ ਜਾਂ ਕੋਈ ਖਾਸ ਜ਼ਰੂਰੀ ਚੀਜ਼ ਨਹੀਂ ਸੀ। ਬੱਸ ਬੰਟੀ ਹੀ ਸੀ ਅਤੇ ਬਾਕੀ ਸਭ ਕੁਝ ਬੰਟੀ ਲਈ ਸੀ। ਨਿੰਮੀ ਸੀਰੀਅਸ ਜਹੀ ਕੁੜੀ ਬਣਦੀ ਗਈ। ਉਸ ਨੇ ਡਿਗਰੀ ਪ੍ਰਾਪਤ ਕਰ ਲਈ ਅਤੇ ਕੌਂਸਲ ਦੇ ਹਾਊਸਿੰਗ ਡੀਪਾਰਟਮੈਂਟ ਵਿੱਚ ਨੌਕਰੀ ਕਰ ਲਈ। ਬੰਟੀ ਇੱਕ ਜ਼ਮਾਨੇ-ਸਾਜ਼ ਆਦਮੀ ਬਣਦਾ ਗਿਆ। ਬਹੁਤਾ ਪੜ੍ਹਿਆ ਨਾ, ਪਰ ਕਾਮਯਾਬ ਜ਼ਰੂਰ ਹੋ ਗਿਆ। ਉਸ ਨੇ ਟੇਪਾਂ, ਟ੍ਰਾਂਜ਼ਿਸਟ੍ਰਾਂ, ਫੋਨਾਂ ਆਦਿਕ ਦੇ ਬਿਜਨਸ ਦੇ ਨਾਲ ਨਾਲ ਟ੍ਰੈਵਲ ਏਜੰਸੀ ਵੀ ਖੋਲ੍ਹ ਲਈ ਅਤੇ ਚੰਗਾ ਕਮਾਊ ਆਦਮੀ ਬਣ ਗਿਆ। ਉਸ ਨੇ ਆਪਣੇ ਵਰਗੀ ਇੱਕ ਸੁਹਣੀ ਅਤੇ ਹੁਸ਼ਿਆਰ ਪੰਜਾਬਣ ਨਾਲ ਸ਼ਾਦੀ ਕਰ ਲਈ। ਭੈਣ ਨੇ ਇੱਕ ਗੋਰੇ ਮੁੰਡੇ ਨਾਲ ਵਿਆਹ ਕਰਨਾ ਚਾਹਿਆ, ਜਿਸ ਦੀ ਮਾਤਾ-ਪਿਤਾ (ਬਚਨੀ ਅਤੇ ਬਖਸ਼ੀਸ਼) ਨੇ ਇਜਾਜ਼ਤ ਨਾ ਦਿੱਤੀ। ਨਿੰਮੀ ਅਤੇ ਅੰਗਰੇਜ਼ ਮੁੰਡੇ (ਮਾਈਕਲ) ਨੇ ਅਜੇ ਤਕ ਵਿਆਹ ਨਹੀਂ ਕੀਤਾ। ਇਸ ਸਾਰੀ ਖੇਡ ਨੇ ਬਚਨੀ ਦਾ ਇਹ ਵਿਸ਼ਵਾਸ ਪੱਕਾ ਕਰ ਦਿੱਤਾ ਸੀ ਕਿ ਪੁੱਤਰ ਪਰਮਾਤਮਾ ਦੀ ਦਾਤ ਹੁੰਦੇ ਹਨ ਅਤੇ ਧੀਆਂ ਇੱਕ ਕਿਸਮ ਦਾ ਭਾਰ ਹੁੰਦੀਆਂ ਹਨ। ਬੰਟੀ ਦੇ ਵਿਆਹ ਤੋਂ ਇੱਕ ਸਾਲ ਪਿੱਛੋਂ ਬਖਸ਼ੀਸ਼ ਸਿੰਘ ਆਪਣੀ ਜੀਵਨ-ਯਾਤਰਾ ਪੂਰੀ ਕਰ ਗਿਆ। ਉਸ ਤੋਂ ਇੱਕ ਸਾਲ ਪਿੱਛੋਂ ਬੰਟੀ ਨੇ ਆਪਣੀ ਮਾਂ ਨੂੰ ਮਕਾਨ ਵੇਚਣ ਲਈ ਤਿਆਰ ਕਰ ਲਿਆ। ਮਾਂ ਨੇ ਮਕਾਨ ਦਾ ਸਾਰਾ ਪੈਸਾ ਬੰਟੀ ਦੀ ਤਲੀ ਉੱਤੇ ਰੱਖ ਦਿੱਤਾ। ਬੰਟੀ ਨੇ ਤਿੰਨ ਮਹੀਨੇ ਦੇ ਅੰਦਰ ਅੰਦਰ ਵੱਡਾ ਮਕਾਨ ਖ਼ਰੀਦ ਲਿਆ ਅਤੇ ਮਾਂ ਨੂੰ ਨਾਲ ਲੈ ਕੇ ਉਸ ਵਿੱਚ ਜਾ ਵੱਸਿਆ। ਛਿਆਂ ਮਹੀਨਿਆਂ ਦੇ ਅੰਦਰ ਅੰਦਰ ਮਾਂ, ਬਚਨੀ, ਕੌਂਸਲ ਦੇ ਫਲੈਟ ਵਿਚ, ਸਾਡੀ ਗੁਆਂਢਣ ਆ ਬਣੀ।

ਪੁੱਛਣ 'ਤੇ ਪਤਾ ਲੱਗਾ ਕਿ ਬੰਟੀ ਨੇ ਆਪਣੀ ਮਾਂ ਨੂੰ ਇਹ ਦੱਸਿਆ ਕਿ ਕੁਝ ਚਿਰ ਕੌਂਸਲ ਦੇ ਫਲੈਟ ਵਿੱਚ ਰਹਿਣ ਨਾਲ ਉਸ ਨੂੰ ਕੌਂਸਲ ਵੱਲੋਂ ਚੋਖੇ ਪੈਸੇ ਮਿਲਣੇ ਸ਼ੁਰੂ ਹੋ ਜਾਣਗੇ ਅਤੇ ਅਜਿਹਾ ਹੋ ਜਾਣ ਪਿੱਛੋਂ ਉਹ ਮਾਂ ਨੂੰ ਮੁੜ ਘਰ ਲੈ ਜਾਵੇਗਾ। ਓਨਾ ਚਿਰ ਉਹ ਮਾਂ ਨੂੰ ਮਿਲਣ ਆਉਂਦਾ ਰਹੇਗਾ। ਹਫ਼ਤੇ ਬੀਤ ਗਏ, ਮਹੀਨੇ ਬੀਤ ਗਏ, ਬੰਟੀ ਮਾਂ ਨੂੰ ਮਿਲਣ ਨਾ ਆਇਆ। ਸਾਲ ਬੀਤ ਗਿਆ, ਬੰਟੀ ਮਾਂ ਨੂੰ ਮਿਲਣ ਨਾ ਆਇਆ। ਸਾਲ ਬੀਤ ਗਿਆ, ਬੰਟੀ ਮਾਂ ਨੂੰ ਮਿਲਣ ਨਾ ਆਇਆ। ਉਹ ਕੌਂਸਲ ਦੇ ਫਲੈਟ ਵਿੱਚ ਆਪਣੀ ਮਾਂ ਦੀ ਰਿਹਾਇਸ਼



ਦਾ ਪੂਰਾ ਪ੍ਰਬੰਧ ਕਰ ਕੇ ਉਸ ਦੀ ਚਿੰਤਾ ਵੱਲੋਂ ਮੁਕਤ ਹੋ ਚੁੱਕਾ ਸੀ। ਮਾਂ ਨੂੰ ਉਸ ਦੇ ਘਰ ਦਾ ਟੈਲੀਫੋਨ ਨੰਬਰ ਵੀ ਯਾਦ ਨਹੀਂ ਸੀ। ਉਹ ਯਾਦ ਕਰਨਾ ਹੀ ਨਹੀਂ ਸੀ ਚਾਹੁੰਦੀ। ਪੁੱਤਰ ਉਸ ਲਈ ਰੱਬ ਸੀ; ਰੱਬ ਨੂੰ ਕਦੇ ਕੋਈ ਫ਼ੂਨ ਨਹੀਂ ਕਰਦਾ, ਉਹ ਤਾਂ ਹਰ ਥਾਂ, ਹਰ ਵੇਲੇ ਹਾਜ਼ਰ ਹੁੰਦਾ ਹੈ। ਬਚਨੀ ਆਪਣੇ ਰੱਬ ਨੂੰ ਉਡੀਕਦੀ ਰਹੀ; ਉਹ ਨਾ ਆਇਆ।

ਬਚਨੀ ਕਿਸੇ ਨਾਲ ਬੋਲਦੀ ਕੂੰਦੀ ਨਹੀਂ ਸੀ। ਉਸ ਨੂੰ ਉਦਾਸ ਹੋਣ ਤੋਂ ਸਿਵਾ ਹੋਰ ਸਭ ਕੁਝ ਕਿਵੇਂ ਜਿਵੇਂ ਭੁੱਲ ਗਿਆ ਸੀ। ਉਹ ਜੀਊਂਦੇ ਲੋਕਾਂ ਦੀ ਦੁਨੀਆਂ ਵਿੱਚ ਵੱਸਣ ਵਾਲੀ ਜੀਊਂਦੀ ਜਾਗਦੀ ਬਚਨੀ ਨਹੀਂ ਸੀ। ਉਹ ਇੱਕ ਨਿਰਜਿੰਦ ਜਿਹਾ ਜੀਊਂਦਾ ਜਾਗਦਾ 'ਆਕਾਰ' ਨਜ਼ਰ ਆਉਂਦੀ ਸੀ। ਇੱਕ ਦਿਨ ਇਸ ਨਿਰਜਿੰਦ ਜਾਪਦੇ ਆਕਾਰ ਦੇ ਕੰਨੀਂ ਆਵਾਜ਼ ਪਈ। ਉਸ ਨੂੰ ਇਹ ਸੱਚ ਪਰਤੀਤ ਨਾ ਹੋਇਆ। ਆਵਾਜ਼ ਫਿਰ ਕੰਨੀਂ ਪਈ। ਇਹ ਸੱਚ ਸੀ ; ਦਰਵਾਜ਼ੇ ਦੀ ਘੰਟੀ ਵੱਜੀ ਸੀ। ਬਚਨੀ ਨੇ ਦਰਵਾਜ਼ਾ ਖੋਲ੍ਹਿਆ। ਦਰਵਾਜ਼ੇ ਸਾਹਮਣੇ ਦੋ ਆਕਾਰ ਖੜ੍ਹੋਤੇ ਸਨ – ਨਿੰਮੀ ਅਤੇ ਮਾਈਕਲ। ਬਚਨੀ ਇਸ ਸੱਚ ਦੇ ਸਨਮੁੱਖ ਖਲੋਅ ਨਾ ਸਕੀ। ਉਹ ਜ਼ਰੂਰ ਡਿੱਗ ਪੈਂਦੀ, ਜੇ ਨਿੰਮੀ ਉਸ ਨੂੰ ਕਲਾਵੇ ਵਿੱਚ ਨਾ ਲੈ ਲੈਂਦੀ। ਇਹ ਉਹੋ ਨਿੰਮੀ ਸੀ, ਜਿਸ ਨੂੰ ਡੇਢ ਸਾਲ ਪਹਿਲਾਂ ਪੁੱਤ ਅਤੇ ਨੂੰਹ ਦੇ ਆਖੇ ਲੱਗ ਕੇ ਬਚਨੀ ਨੇ ਘਰੋਂ ਚਲੇ ਜਾਣ ਨੂੰ ਆਖਿਆ ਸੀ, ਕਿਉਂਕਿ ਉਹ ਇੱਕ ਅੰਗਰੇਜ਼ ਮੁੰਡੇ ਨਾਲ ਵਿਆਹ ਕਰਨਾ ਚਾਹੁੰਦੀ ਸੀ। ਕੌਂਸਲ ਦੇ ਇਹ ਫ਼ਲੈਟ ਨਿੰਮੀ ਦੇ ਚਾਰਜ (ਨਿਗਰਾਨੀ) ਵਿੱਚ ਆ ਗਏ ਸਨ। ਜਦੋਂ ਉਸ ਨੇ ਫਾਈਲਾਂ ਵਿੱਚ ਆਪਣੀ ਮਾਂ ਦਾ ਨਾਂ ਵੇਖਿਆ ਤਾਂ ਉਹ ਤ੍ਰਭਕ ਗਈ। ਉਸੇ ਦਿਨ ਆਫ਼ਿਸ ਵਿੱਚੋਂ ਛੁੱਟੀ ਲੈ ਕੇ ਉਹ ਮਾਈਕਲ ਕੋਲ ਗਈ ਅਤੇ ਉਸ ਨੂੰ ਨਾਲ ਲੈ ਕੇ ਮਾਂ ਕੋਲ ਆ ਗਈ। ਮਾਂ ਨੂੰ ਗੱਡੀ ਵਿੱਚ ਬਿਠਾ ਕੇ ਉਹ ਆਪਣੇ ਘਰ ਲੈ ਗਈ।

ਦੋ ਹਫਤਿਆਂ ਪਿੱਛੋਂ ਮੈਨੂੰ ਇੱਕ ਇਨਵੀਟੇਸ਼ਨ ਕਾਰਡ ਮਿਲਿਆ। ਇਹ ਕਾਰਡ ਬਚਨੀ ਵੱਲੋਂ ਸੀ। ਲਿਖਿਆ ਸੀ, "ਮੈਂ ਰੱਬ ਦਾ ਜਨਮ ਦਿਨ ਮਨਾ ਰਹੀ ਹਾਂ। ਕਿਰਪਾ ਕਰ ਕੇ ਦਰਸ਼ਨ ਦੇਣ ਦੀ ਖੇਚਲ ਕਰਨੀ।" ਰੱਬ ਦਾ ਜਨਮ ਦਿਨ!! ਅਸੀਂ ਸਾਰੇ ਹੈਰਾਨ ਸਾਂ।

ਦੱਸੇ ਸਮੇਂ ਉੱਤੇ ਲੋਕ ਪੁੱਜ ਗਏ। ਮੈਂ ਵੀ ਗਿਆ। ਵਿਸ਼ਾਲ ਘਰ ਦੇ ਖੁੱਲ੍ਹੇ ਬੈਕ ਗਾਰਡਨ ਵਿੱਚ ਵਧੀਆ ਮਾਰਕੀ ਲਾ ਕੇ ਸਜਾਵਟਾਂ ਕੀਤੀਆਂ ਗਈਆਂ ਸਨ। ਮਹਿਮਾਨਾਂ ਦੇ ਸਵਾਗਤ, ਸਤਿਕਾਰ ਅਤੇ ਸੇਵਾ ਦਾ ਵਧੀਆ ਪ੍ਰਬੰਧ ਸੀ। ਕੇਕ ਕੱਟਣ ਦਾ ਸਮਾਂ ਆਇਆ। ਆਪਣੀ ਧੀ ਨੂੰ ਆਪਣੇ ਗਲ ਲਾ ਕੇ, ਆਪਣੀ ਵਰ੍ਹਿਉਂ ਲੰਮੀ ਚੁੱਪ ਨੂੰ ਤੋੜਦਿਆਂ ਬਚਨੀ ਨੇ ਆਖਿਆ, "ਮੇਰਾ ਇਹ ਰੱਬ ਅੱਜ ਅਠਾਈ ਸਾਲ ਦਾ ਹੋ ਗਿਆ; ਪਰ, ਮੈਂ ਆਪਣੇ ਰੱਬ ਦਾ ਪਹਿਲਾ ਜਨਮ ਦਿਨ ਮਨਾ ਰਹੀ ਹਾਂ, ਕਿਉਂਕਿ ਅਠਾਈ ਸਾਲ ਮੈਂ ਆਪਣੇ ਰੱਬ ਨੂੰ ਪਛਾਣ ਨਹੀਂ ਸਕੀ।" ਨਿੰਮੀ ਦੀਆਂ ਅੱਖਾਂ ਵਿਚ ਦੋ ਮੋਟੇ ਮੋਟੇ ਹੰਝੂ ਸਨ, ਜਿਹੜੇ ਮਾਈਕਲ ਨੇ ਆਪਣੇ ਰੁਮਾਲ ਨਾਲ ਪੂੰਝ ਕੇ ਰੁਮਾਲ ਆਪਣੀ ਜੇਬ ਵਿਚ ਰੱਖ ਲਿਆ।

**— ਮੱਘਰ ਸਿੰਘ ਪਨੇਸਰ**
81, 3rd Avenue, Manor Park, E12 6DS, UK

# ਮਾਸ, ਮਿੱਟੀ ਤੇ ਮਾਇਆ

ਮਾਸ : ਨਹੁਆਂ ਨਾਲੋਂ ਨਿਖੇੜੇ ਹੋਏ ਲਈ ਵੀ ਉਹਦਾ ਲਹੂ ਜੋਸ਼ ਕਿਉਂ ਮਾਰਦਾ ?

ਮਿੱਟੀ : ਜਿੱਥੇ ਮੁੜ ਕਦੀ ਪੈਰ ਨਹੀਂ ਧਰਨਾ, ਸੁਫਨਿਆਂ ਵਿਚ ਉਥੇ ਕਿਉਂ ਫਿਰਦਾ ਰਹਿੰਦਾ ਏ।

ਮਾਇਆ : ਸੁਖਾਲਿਆਂ ਕਰਦੀ ਏ ਤਾਂ ਫਿਰ ਦੁੱਖ ਵੀ ਕਿਉਂ ਦਿੰਦੀ ਏ।

ਅਖ਼ਤਰ ਇਹ ਸੋਚਦੇ ਹੋਏ ਬੀਤੇ ਦਿਨਾਂ ਦੀਆਂ ਯਾਦਾਂ ਵਿਚ ਕਿਧਰੇ ਦੂਰ ਜਾ ਨਿਕਲਦਾ ਏ। ਏਥੇ ਲੰਡਨ ਵਿਚ ਅੱਜ ਤੋਂ ਕਈ ਵਰ੍ਹੇ ਪਹਿਲਾਂ ਉਹਨੂੰ ਆਪਣੇ ਪਿਉ ਦੀ ਮੌਤ ਦਾ ਪਤਾ ਪੂਰੇ ਸੱਤ ਦਿਨ ਬਾਅਦ ਲੱਗਿਆ ਸੀ। ਉਸਦੇ ਘਰ ਵਾਲੇ ਇਸ ਦੋ ਚਿੱਤੀ ਵਿਚ ਪਏ ਸਨ ਕਿ ਪਰਦੇਸ ਵਸਦੇ ਮੁੰਡੇ ਨੂੰ ਇਸ ਮੌਤ ਬਾਰੇ ਦੱਸਿਆ ਜਾਵੇ ਜਾਂ ਨਾ! ਬਹੁਤਿਆਂ ਦਾ ਖ਼ਿਆਲ ਸੀ ਕਿ ਉਸਨੂੰ ਨਹੀਂ ਦੱਸਣਾ ਚਾਹੀਦਾ। ਪਰਦੇਸੀਆਂ ਦਾ ਦਿਲ ਬੜਾ ਸੋਹਲ ਹੁੰਦਾ ਏ। ਇਹ ਸੋਗ ਉਹ ਕਿਧਰੇ ਚਿੱਤ ਨਾ ਧਰ ਲਏ। ਵਿਚੋਂ ਕੁਝ ਦੀ ਸਲਾਹ ਵਿਚ ਵੀ ਸੀ ਕਿ ਉਸ ਤੋਂ ਕੁਝ ਨਹੀਂ ਲੁਕਾਉਣਾ ਚਾਹੀਦਾ। ਖ਼ਬਰ ਤਾਂ ਉਹਨੂੰ ਹੋਣੀ ਈ ਏ, ਅੱਜ ਨਾ ਸਹੀ ਫਿਰ ਕਦੇ ਸਹੀ। ਤੇ ਬਿਹਤਰ ਇਹੀ ਏ ਜਿਹੜੀ ਗੱਲ ਭੇਤ ਨਹੀਂ ਰਹਿਣੀ ਉਹ ਦੱਸ ਈ ਦਿੱਤੀ ਜਾਵੇ। ਫਿਰ ਵੀ ਇਕਦਮ ਨਹੀਂ। ਸੋ ਪਹਿਲੇ ਦੱਸਿਆ ਗਿਆ ਸੀ ਕਿ ਬੁੱਢਾ ਬੀਮਾਰ ਏ, ਫਿਰ ਸਖ਼ਤ ਬਿਮਾਰ ਦਾ ਸੁਨੇਹਾ ਮਿਲਿਆ ਤੇ ਓੜਕ ਸਾਹ ਪੂਰੇ ਹੋਣ ਦੀ ਖ਼ਬਰ। ਇੰਜ ਉਹਨੂੰ ਪਹਿਲੇ ਤੋਂ ਈ ਕੋਈ ਸਦਮਾ ਸਹਿਣ ਲਈ ਤਿਆਰ ਰੱਖਿਆ ਗਿਆ ਸੀ।

ਇਕ ਅਜਿਹਾ ਵਾਕਿਆ ਜਿਹੜਾ ਕਈ ਦਿਨ ਪਹਿਲੇ ਵਾਪਰ ਚੁੱਕਿਆ ਸੀ ਪਰ ਕਈ ਦਿਨ ਬਾਅਦ ਦੱਸਿਆ ਗਿਆ ਤੇ ਅਸਲ ਮਰਨ ਦਿਹਾੜੇ ਦਾ ਪਤਾ ਹੋਰ ਵੀ ਕਈ ਦਿਨ ਬਾਅਦ ਲੱਗਿਆ। ਉਸ ਕੈਲੰਡਰ ਵੇਖ ਕੇ ਹਿਸਾਬ ਲਾਇਆ ਸੀ ਕਿ ਭਲਾ ਉਸ ਦਿਨ ਉਹ ਕਿੱਥੇ ਸੀ ਤੇ ਕੀ ਕਰ ਰਿਹਾ ਸੀ ? ਦਸ ਅਪ੍ਰੈਲ ਸੋਮਵਾਰ, ਜਦੋਂ ਉਹਨਾਂ ਦਾ ਸਾਰਾ ਟੱਬਰ ਮਰਨ ਮੰਜੇ ਤੇ ਪਏ ਉਸਦੇ ਪਿਉ ਦੁਆਲੇ ਬੈਠਾ ਹੋਇਆ ਸੀ, ਠੀਕ ਉਸ ਵੇਲੇ ਉਹ ਆਪ ਵਰਕਸ਼ਾਪ ਵਿਚ ਕੰਮ ਤੇ ਹਾਜ਼ਰ ਸੀ। ਉਸ ਦਿਨ ਉਹਦਾ ਕੰਮ ਵਿਚ ਜੀਅ ਨਹੀਂ ਸੀ ਲੱਗ ਰਿਹਾ। ਇਹ ਅੱਜ ਵੀ ਉਹਨੂੰ ਯਾਦ ਏ। ਸਾਰਾ ਦਿਨ ਇਕ ਬੇਨਾਮ ਜਿਹੀ ਉਦਾਸੀ ਛਾਈ ਰਹੀ ਸੀ। ਜਦੋਂ ਦਿਲ ਬੇ-ਸੱਬਬ ਅਚਨਚੇਤ ਉਦਾਸ ਹੋ ਜਾਏ ਤਾਂ ਸਮਝਿਆ ਇਹੀ ਜਾਂਦਾ ਏ ਕੋਈ ਸ਼ਿੱਦਤ ਨਾਲ ਯਾਦ ਕਰ ਰਿਹਾ ਏ।

ਆਪਣੇ ਨਿੱਕੇ ਪੁੱਤਰ ਨੂੰ ਕੋਲ ਨਾ ਵੇਖ ਕੇ ਮਰਨ ਵਾਲੇ ਉਹਨੂੰ ਯਾਦ ਕੀਤਾ ਸੀ। ਸ਼ਾਇਦ ਏਸੇ ਲਈ ਉਸ ਦਿਨ ਉਹ ਉਦਾਸ ਰਿਹਾ। ਕਈ ਦਿਨਾਂ ਬਾਅਦ ਅਖ਼ਤਰ ਨੇ ਸੋਚਿਆ ਤੇ ਇਹ ਜਾਨਣ ਲਈ ਆਪਣੇ ਭਰਾ ਨੂੰ ਫੋਨ ਕੀਤਾ ਕਿ ਪਿਉ ਦੇ ਆਖ਼ਰੀ ਵਾਕ



ਕੀ ਸਨ ? ਅੱਗੋਂ ਜਦ ਉਹਨੇ ਦੱਸਿਆ ਕਿ 'ਮਰਨ ਵੇਲੇ ਪਿਉ ਨੇ ਤੇਰਾ ਨਾਮ ਲਿਆ ਸੀ।' ਤਾਂ ਕਈ ਦਿਨਾਂ ਤੋਂ ਡੱਕਿਆ ਹੰਝੂਆਂ ਦਾ ਹੜ੍ਹ ਅੱਖਾਂ ਵਿਚੋਂ ਵਹਿ ਪਿਆ ਸੀ। ਉਸ ਕਈ ਵਾਰ ਰੋਣਾ ਚਾਹਿਆ ਸੀ ਪਰ ਹੰਝੂ ਪਲਕਾਂ ਤੇ ਆ ਕੇ ਮੁੜ ਜਾਂਦੇ ਰਹੇ। ਉਹ ਚਾਹੁੰਦਾ ਸੀ ਕੋਈ ਅਜਿਹਾ ਮਹਿਰਮ ਮਿਲੇ ਜਿਹਦੇ ਨਾਲ ਇਹ ਦੁੱਖ ਸਾਂਝਾ ਕਰੇ। ਕਿਸੇ ਦੇ ਗਲ ਲੱਗ ਕੇ ਰੋਏ ਪਰ ਅਜਿਹਾ ਕੋਈ ਮਿਲਿਆ ਨਹੀਂ ਸੀ। ਅਖ਼ੀਰ ਕੰਧ ਤੇ ਨਜ਼ਰੀਂਦੇ ਆਪਣੇ ਹੀ ਪ੍ਰਛਾਵੇਂ ਨੂੰ ਦੂਜਾ ਜੀਅ ਮੰਨ ਕੇ ਉਸ ਨਾਲ ਇਹ ਦੁੱਖ ਸਾਂਝਾ ਕਰ ਲਿਆ ਤੇ ਕੰਧ ਨਾਲ ਸਿਰ ਟਿਕਾ ਕੇ ਉਦੋਂ ਤੀਕ ਰੋਂਦਾ ਰਿਹਾ ਜਦ ਤੀਕ ਦਿਲ ਦਾ ਬੋਝ ਹੌਲਾ ਨਹੀਂ ਹੋ ਗਿਆ। ਇਸ ਤੇ ਸਿਵਾ ਹੋਰ ਚਾਰਾ ਵੀ ਕੀ ਸੀ ? ਇਥੇ ਪ੍ਰਦੇਸ ਵਿਚ ਇਸ ਆਪਣੇ ਆਪ ਤੋਂ ਸਿਵਾ ਹੋਰ ਕੋਈ ਆਪਣਾ ਹੈ ਵੀ ਕਿਹੜਾ ਸੀ ? ਇਕਲਾਪੇ ਦੇ ਇਸ ਅਹਿਸਾਸ ਨੇ ਬਾਅਦ ਵਿਚ ਉਹਨੂੰ ਕੈਥੀ ਨਾਲ ਵਿਆਹ ਤੇ ਮਜ਼ਬੂਰ ਕੀਤਾ। ਉਹਦਾ ਦਿਲ ਕਹਿੰਦਾ ਸੀ ਦੁੱਖ-ਸੁੱਖ ਦਾ ਸ਼ਰੀਕ ਇਥੇ ਕੋਈ ਇਕ ਤਾਂ ਆਪਣਾ ਹੋਵੇ।

ਸੋਗ ਦੇ ਦਿਨਾਂ ਵਿਚ ਆਪਣੇ ਪਿਉ ਨੂੰ ਯਾਦ ਕਰਦਿਆਂ ਅਖਤਰ ਨੇ ਉਹ ਦਿਨ ਯਾਦ ਕੀਤੇ ਜਦੋਂ ਉਹ ਅਜੇ ਦਸਾਂ ਸਾਲਾਂ ਦਾ ਸੀ ਤੇ ਉਹਦੇ ਪੈਰ ਤੇ ਕੋਈ ਸੱਪ ਨੂੰਹਾਂ ਲੜ ਗਿਆ। ਜ਼ਖ਼ਮ ਹੋ ਜਾਣ ਵਜੋਂ ਉਹ ਕਈ ਮਹੀਨੇ ਟੁਰ ਫਿਰ ਨਾ ਸਕਿਆ। ਉਦੋਂ ਉਹਦਾ ਪਿਉ ਉਹਨੂੰ ਕੰਧਾਲੇ ਬਿਠਾ ਕੇ ਇਲਾਕੇ ਦੇ ਮਾਂਦਰੀ ਕੋਲ ਮਰ੍ਹਮ ਪੱਟੀ ਕਰਾਉਣ ਪੈਦਲ ਲੈ ਜਾਂਦਾ ਰਿਹਾ ਸੀ। ਉਹਨਾਂ ਕੋਲ ਉਦੋਂ ਕੋਈ ਸਵਾਰੀ ਨਹੀਂ ਸੀ ਹੁੰਦੀ।

'ਨੂਰੇ ਕਿਆ ਤੋਂ ਸਾਈਕਲ ਮੰਗ ਲਿਜਾਇਆ ਕਰ, ਪੰਧ ਲੰਮੇਰਾ ਏ ਤੇ ਜਾਤਕ ਜਵਾਨ।' ਇਕ ਦਿਨ ਤਾਏ ਰਹਮੇ ਨੇ ਵਰ੍ਹਦੇ ਮੀਂਹ ਰੋਹੀ ਵਿਚੋਂ ਲੰਘਦੇ ਜਾਂਦੇ ਉਸਦੇ ਪਿਉ ਨੂੰ ਆਖਿਆ।

'ਭਲਾ ਔਲਾਦ ਦਾ ਵੀ ਕੋਈ ਭਾਰ ਹੁੰਦਾ ਏ ਰਹਮਿਆ।' ਖੋਭੇ ਵਿਚੋਂ ਪੈਰ ਪੁੱਟਦੇ ਪਿਉ ਨੇ ਹਫ਼ੀ ਹੋਈ ਆਵਾਜ਼ ਵਿਚ ਅੱਗੋਂ ਕਿਹਾ ਸੀ।

ਪਿਉ ਉਹਦੇ ਨੂੰ ਸ਼ਰੀਕਾਂ ਕੋਲੋਂ ਸਾਈਕਲ ਮੰਗਣਾ ਚੰਗਾ ਨਹੀਂ ਸੀ ਲੱਗਦਾ। ਬਚਪਨ ਤੋਂ ਅਚੇਤ ਵਿਚ ਪਿਆ ਇਹ ਵਾਕਿਆ ਈ ਸੀ ਉਸਨੇ ਉਹਨੂੰ ਜਵਾਨ ਹੋਇਆਂ ਇੰਗਲੈਂਡ ਆਉਣ ਲਈ ਪ੍ਰੇਰਿਆ ਸੀ। ਆਪਣੇ ਖਾਨਦਾਨ ਦੇ ਚੰਗੇ ਭਵਿੱਖ ਦੀ ਆਸ ਵਿਚ।

ਲੰਡਨ ਆ ਕੇ ਜਦੋਂ ਉਸ ਕੁਝ ਚਿਰ ਬਾਅਦ ਕਾਰ ਮੁੱਲ ਲੈਣ ਲਈ ਭਰਾ ਆਪਣੇ ਨੂੰ ਪੈਸੇ ਘਲਾਏ ਸਨ ਤਾਂ ਉਹਦੇ ਸਾਹਮਣੇ ਘਰ ਲਈ ਸਵਾਰੀ ਦੀ ਲੋੜ ਨਹੀਂ ਸਗੋਂ ਪਿਉ ਆਪਣੇ ਦੀ ਅਣਖ ਸੀ। ਉਹ ਆਪਣੇ ਪਿਉ ਨੂੰ ਕਾਰ ਵਿਚ ਬੈਠੇ ਹੋਏ ਖਿਆਲ ਕਰਦਾ ਤੇ ਉਹਦਾ ਮਨ ਖੁਸ਼ੀ ਨਾਲ ਭਰ ਜਾਂਦਾ। ਬਾਅਦ ਵਿਚ ਇਹ ਹਿਰਖ਼ ਉਸ ਖੁਸ਼ੀ ਨਾਲੋਂ ਵਧ ਗਿਆ ਪਈ ਉਹ ਆਪ ਪਿਉ ਦੇ ਮੋਢੇ ਚੜ੍ਹੀ ਫਿਰਿਆ, ਪਰ ਅਖੀਰ ਸਮੇਂ ਉਸਦੇ ਜਨਾਜ਼ੇ ਨੂੰ ਆਪਣਾ ਮੋਢਾ ਨਾ ਦੇ ਸਕਿਆ। ਕੈਥਰੀਨ ਨਾਲ ਵਿਆਹ ਕਰਦੇ ਸਮੇਂ ਅਖ਼ਤਰ ਦਾ ਖਿਆਲ ਸੀ ਕਿ ਇਕਲਾਪਾ ਘੱਟ ਜਾਏਗਾ। ਉਹ ਗੋਰੀ ਮੇਮ ਤਿੰਨ ਕਮਰਿਆਂ ਦੇ ਇਕ ਫਲੈਟ ਵਿਚ ਉਹਦੇ ਨਾਲ ਈ ਰਹਿਣ ਲੱਗ ਪਈ ਸੀ। ਬੱਚੇ ਹੋਣ ਤੋਂ ਪਹਿਲਾਂ ਤੀਕ ਇਹ ਸਾਥ ਅਖ਼ਤਰ ਨੂੰ ਸੋਸ਼ਲ ਕੰਨਟਰੈਕਟ ਜਿਹਾ ਮਹਿਸੂਸ ਹੁੰਦਾ ਰਿਹਾ। ਇਹ ਵਿਆਹ ਰੀਤਲ ਸਾਂਝ ਦੀ ਬਜਾਏ ਉਸ ਨੂੰ ਕੋਈ ਸਮਾਜੀ ਬਾਂਧ ਜਿਹੀ ਜਾਪਦਾ। ਸ਼ਾਇਦ ਇਸ ਲਈ ਵੀ ਕਿ ਉਹ ਰੀਤਾਂ ਰਸਮਾਂ ਤੋਂ ਬਗ਼ੈਰ ਈ

ਰਚਾਇਆ ਗਿਆ ਸੀ। ਵਿਆਹ ਇਕ ਨਿੱਜੀ ਕੰਮ ਹੁੰਦੇ ਹੋਏ ਵੀ ਤਾਂ ਸਰਾਸਰ ਸਮਾਜੀ ਅਮਲ ਹੁੰਦਾ ਏ। ਮਰਿਆਦਾ ਦੇ ਫੁੱਲ ਚੁਣਨ ਵਾਲਾ ਅਮਲ। ਨਿਕਾਹ ਦੋ ਜਿਸਮਾਂ ਦੇ ਮੇਲ ਦਾ ਇਜਾਜ਼ਤ ਨਾਮਾ ਈ ਨਹੀਂ ਹੁੰਦਾ ਸਗੋਂ ਇਕ ਗੂੜ੍ਹੇ ਸਾਂਗੇ ਦਾ ਮੁੱਢ ਵੀ ਹੁੰਦਾ ਏ। ਜਿਹਨੇ ਆਪ ਅੱਗੋਂ ਕਈ ਰਿਸ਼ਤਿਆਂ ਨੂੰ ਜਨਮ ਦੇਣਾ ਹੁੰਦਾ ਏ। ਇਥੇ ਲੰਡਨ ਵਿਚ ਜੇਠਾਣੀ, ਨੂੰਹ, ਨਨਾਣ, ਭਰਜਾਈ ਵਰਗੇ ਇਹ ਸਾਰੇ ਈ ਰਿਸ਼ਤੇ ਨਾਪੈਦ ਸਨ। ਸ਼ਾਇਦ ਇਸ ਲਈ ਵੀ ਅਖ਼ਤਰ ਬਾਅਜ਼ ਵੇਲੇ ਕੈਥੀ ਤੋਂ ਆਨੰਦ ਨਹੀਂ ਸਗੋਂ ਅਚਵੀ ਜਿਹੀ ਮਹਿਸੂਸ ਕਰਦਾ। ਕੈਥਰੀਨ ਲਈ ਵਾਰੀ ਉਹਨੂੰ ਆਪਣੀ ਬੀਵੀ ਨਹੀਂ ਬੇਤੁਅੱਲਕ ਔਰਤ ਮਾਲੂਮ ਹੁੰਦੀ। ਉਹਨੇ ਕੈਥਰੀਨ ਨੂੰ ਕਲਸੂਮ ਕਹਿਣਾ ਸ਼ੁਰੂ ਕੀਤਾ ਤਾਂ ਉਹਦੇ ਦੋਸਤ ਰਾਜੂ ਨੇ ਕਿਹਾ, 'ਤੇਰਾ ਆਪਣੀ ਤੀਵੀਂ ਨੂੰ ਦੇਸੀ ਨਾਂ ਤੋਂ ਬੁਲਾਉਣਾ ਆਪਣੇ ਵਲੋਂ ਬੇਤੁਅਲਕੀ ਨੂੰ ਮਜ਼ਬੂਤ ਰਿਸ਼ਤੇ ਵਿਚ ਬਦਲਣ ਦੀ ਲਾਸ਼ਊਰੀ ਕੋਸ਼ਿਸ਼ ਏ। ਉਹ ਇੰਕਸ਼ਾਫ ਅਖ਼ਤਰ ਲਈ ਅਜੀਬ ਸੀ। ਫਿਰ ਬੱਚੇ ਹੋ ਗਏ ਤਾਂ ਇਹ ਬੇਤੁਅੱਲਕੀ ਘੱਟ ਹੋ ਗਈ। ਕੈਥੀ ਬੀਵੀ ਤੋਂ ਸਿਵਾ ਹੁਣ ਉਹਦੇ ਬਾਲਾਂ ਦੀ ਮਾਂ ਵੀ ਸੀ। ਇਹ ਇਕ ਰਿਸ਼ਤਾ ਵੱਧ ਗਿਆ ਪਰ ਅਖ਼ਤਰ ਦਾ ਇਕਲਾਪਾ ਨਾ ਘਟਿਆ।

ਬਾਲਾਂ ਬਾਰੇ ਵੀ ਬਾਅਜ਼ ਵੇਲੇ ਉਹ ਮਹਿਸੂਸ ਕਰਦਾ ਜਿਵੇਂ ਗਲਤ ਥਾਂ ਜਨਮ ਲੈ ਲਿਆ ਏ, ਕੋਇਲ ਦੇ ਬੱਚੇ ਕਾਂ ਦੇ ਆਲ੍ਹਣੇ ਵਿਚ ਹੋ ਪੈਣ ਵਾਂਗੂੰ। ਉਹ ਪਿੰਕੀ, ਮਾਣੀ ਤੇ ਬੌਬੀ ਬਾਰੇ ਸੋਚਦਾ ਕਦੇ ਇਹ ਬੱਚੇ ਉਹਦੀ ਫੁੱਫੀ ਦੀ ਧੀ ਵਿਚੋਂ ਜਨਮੇ ਹੁੰਦੇ ਜਿਹੜੀ ਉਹਦੀ ਮੰਗੇਤਰ ਵੀ ਰਹੀ ਸੀ ਪਰ ਉਹਦੇ ਵਲਾਇਤ ਤੋਂ ਨਾ ਮੁੜਨ ਵਜੋਂ ਆਪਣੇ ਮਾਸੀ ਦੇ ਪੁੱਤਰ ਨਾਲ ਵਿਆਹੀ ਗਈ ਸੀ।

ਲੰਡਨ ਵਿਚ ਜਦੋਂ ਉਹਦਾ ਜੀਅ ਉਦਾਸ ਹੁੰਦਾ ਏ ਉਹ ਇੱਕ ਪੁਰਾਣਾ ਐਲਬਮ ਕੱਢਕੇ ਬੈਠ ਜਾਂਦਾ ਏ ਜਿਹਦੇ ਵਿਚ ਖਾਨਦਾਨ ਦੇ ਲੋਕਾਂ ਦੀਆਂ ਤਸਵੀਰਾਂ ਮੌਜੂਦ ਨੇ। ਐਲਬਮ ਵਿਚੋਂ ਬਾਅਦ ਵਿਚ ਕੁਝ ਤਸਵੀਰਾਂ ਉਸ ਫਰੇਮ ਕਰਵਾ ਕੇ ਡਰਾਇੰਗ ਰੂਮ ਦੀ ਕੰਧ ਉੱਤੇ ਵੀ ਟੰਗ ਦਿੱਤੀਆਂ ਸਨ। ਇਹਨਾਂ ਤਸਵੀਰਾਂ ਦੀ ਮੌਜੂਦਗੀ ਪਾਰੋਂ ਉਹਦਾ ਡਰਾਇੰਗ ਰੂਮ ਵਿਚ ਵੜ੍ਹਦੇ ਈ ਇਕਲਾਪੇ ਦਾ ਅਹਿਸਾਸ ਘੱਟ ਜਾਂਦਾ ਏ। ਆਪਣੀ ਤੀਵੀਂ ਤੇ ਔਲਾਦ ਨੂੰ ਉਹਨੇ ਐਲਬਮ ਵਿਚ ਮੌਜੂਦਾ ਸਾਰੀਆਂ ਤਸਵੀਰਾਂ ਨਾਲ ਉਹਨਾਂ ਦਾ ਬਣਦਾ ਹਰ ਰਿਸ਼ਤਾ ਕਈ ਵਾਰ ਦੱਸਿਆ ਏ ਪਰ ਇਹਨਾਂ ਅਜਨਬੀ ਤੇ ਦੂਰ ਦੁਰਾਡੀਆਂ ਬੇਜਾਨ ਸ਼ਕਲਾਂ ਨਾਲ ਕੋਈ ਸਾਕ ਕਿਉਂ ਤੇ ਕਿਵੇਂ ਨਿਭਾਇਆ ਜਾ ਸਕਦਾ ਏ ਉਹ ਨਹੀਂ ਜਾਣਦੇ। ਉਹਦੀ ਕੋਸ਼ਿਸ਼ ਦੇ ਬਾਵਜੂਦ ਉਹਦੇ ਬੀਵੀ ਬੱਚੇ ਕਿਸੇ ਵੀ ਤਰ੍ਹਾਂ ਦੀ ਕੋਈ ਵੀ ਜੜ੍ਹਤ ਜਾਂ ਸਾਕਾਦਾਰੀ ਇਹਨਾਂ ਤਸਵੀਰਾਂ ਵਿਚਲੇ ਲੋਕਾਂ ਨਾਲ ਜ਼ਾਹਰ ਨਹੀਂ ਕਰ ਸਕੇ। ਉਹ ਤੇ ਸਿਰਫ ਉਹਦੇ ਨਾਲ ਪਿਆਰ ਕਰਦੇ ਨੇ ਤੇ ਉਹਦੀ ਜਾਤ ਤੋਂ ਸਿਵਾ ਕਿਸੇ ਹੋਰ ਰਿਸ਼ਤੇ ਤੋਂ ਉਹ ਜਾਣੂੰ ਈ ਨਹੀਂ। ਅਖ਼ਤਰ ਆਪਣੀ ਤੀਵੀਂ ਕੈਥਰੀਨ ਤੇ ਬਾਲਾਂ ਨੂੰ ਡਰਾਇੰਗ ਰੂਮ ਵਿਚ ਟੰਗੀਆਂ ਤਸਵੀਰਾਂ ਦਾ ਮਜ਼ਾਕ ਉਡਾਂਦੇ ਕਈ ਵਾਰ ਵੇਖ ਚੁੱਕਿਆ ਏ। ਇਹ ਮਜ਼ਾਕ ਤਸਵੀਰਾਂ ਦਾ ਨਹੀਂ ਸਗੋਂ ਉਹਦੇ ਪੁਰਖਿਆਂ ਦਾ ਏ, ਇਹ ਉਹ ਜਾਣਦਾ ਏ। ਸ਼ਾਇਦ ਇਸ ਮਜ਼ਾਕ ਦਾ ਸਬੱਬ ਬਣ ਰਹੀ ਬੇਤੁਅੱਲਕੀ ਨੇ ਮਿੱਟੀ ਤੇ ਮਰਿਆਦਾ ਦੇ ਓਬੜਪਨ ਤੋਂ ਜਨਮ ਲਿਆ ਏ।

ਔਲਾਦ ਤੇ ਤੀਵੀਂ ਨੂੰ ਉਹ ਇਕ ਵਾਰ ਪੰਜਾਬ ਵੀ ਲੈ ਕੇ ਗਿਆ ਸੀ। ਆਪਣੇ ਵਲੋਂ



ਬੇਗਾਨਗੀ ਦੀਆਂ ਹੱਦਾਂ ਖ਼ਤਮ ਕਰ ਦੇਣ ਦੀ ਇਹ ਉਹਦੀ ਨਾਕਾਮ ਕੋਸ਼ਿਸ਼ ਸੀ। ਲੰਦਨ ਤੋਂ ਲਾਹੌਰ ਵਿਚਲੀ ਵਿਥ ਤਾਂ ਉਸ ਪੂਰ ਦਿੱਤੀ ਪਰ ਦੋ ਪੀੜ੍ਹੀਆਂ ਵਿਚ ਮੌਜੂਦ ਵੇਲੇ ਦਾ ਖੱਪਾ ਉਹ ਕਿਵੇਂ ਪੂਰਦਾ? ਉਹ ਖਾਨਦਾਨ ਦੇ ਜੀਉਂਦੇ ਲੋਕਾਂ ਨਾਲ ਹੀ ਆਪਣੀ ਤੀਵੀਂ ਤੇ ਅਜੇ ਛੋਟੀ ਉਮਰ ਦੀ ਔਲਾਦ ਦਾ ਮੇਲਾ ਕਰਵਾ ਸਕਿਆ ਸੀ। ਮਰ ਚੁੱਕੇ ਲੋਕ ਅਣਜਾਣ ਹੀ ਰਹਿ ਗਏ ਸਨ। ਜੀਉਂਦਿਆਂ ਦਾ ਮੁਰਦਿਆਂ ਨਾਲ ਕੀ ਰਿਸ਼ਤਾ ਹੁੰਦਾ ਏ, ਬਾਲ ਨਹੀਂ ਜਾਣਦੇ ਹੁੰਦੇ। ਇਸੇ ਲਈ ਡਰਾਇੰਗ ਰੂਮ ਵਿਚ ਟੰਗੀਆਂ ਤਸਵੀਰਾਂ ਵਾਪਸ ਆ ਕੇ ਵੀ ਉਹਨਾਂ ਲਈ ਓਬੜ ਈ ਸਨ। ਬਾਅਦ ਵਿਚ ਅਖ਼ਤਰ ਨੇ ਇਸ ਜਮਾਂਦਰੂ ਓਬੜਪਨ ਤੇ ਬੇਤੁਅੱਲਕੀ ਨੂੰ ਔਲਾਦ ਦਾ ਤੇ ਆਪਣਾ ਮੁਕੱਦਰ ਮੰਨ ਕੇ ਕਬੂਲ ਕਰ ਲਿਆ ਸੀ।

ਇਕਲਾਪੇ ਦੇ ਇਹਨਾਂ ਈ ਦਿਨਾਂ ਵਿਚ ਉਹਦੀ ਰਾਜੂ ਨਾਲ ਵਾਕਫੀ ਹੋਈ। ਅਖ਼ਤਰ ਜਿਹੜੀ ਵਰਕਸ਼ਾਪ ਤੇ ਕੰਮ ਕਰਦਾ ਸੀ ਰਾਜੂ ਉਥੇ ਟੈਕਸੀ ਠੀਕ ਕਰਾਉਣ ਆਇਆ ਸੀ। ਰਾਜੂ ਵੀ ਉਹਦੇ ਵਾਂਗੂੰ ਉਖੜਿਆ ਹੋਇਆ ਤੇ ਇਕਲਾਪੇ ਦਾ ਰੋਗੀ ਬੰਦਾ ਸੀ। ਪਹਿਲੀ ਈ ਮੁਲਾਕਾਤ ਵਿਚ ਉਹ ਯਾਰ ਬਣ ਗਏ। ਰਾਜੂ ਇਥੇ ਲੰਦਨ ਵਿਚ ਟੈਕਸੀ ਡਰਾਈਵਰ ਸੀ।

'ਯਾਰ ਸਾਰਾ ਦਿਨ ਅੰਗਰੇਜ਼ੀ ਬੋਲ-ਬੋਲ ਕੇ ਮੂੰਹ ਥੱਕ ਜਾਂਦਾ ਏ, ਆਪਣੀ ਬੋਲੀ ਤਾਂ ਸਾਲੇ ਅੰਗਰੇਜ਼ਾਂ ਨੂੰ ਗਾਹਲ ਕੱਢਣ ਦੇ ਈ ਕੰਮ ਆਉਂਦੀ ਏ, ਇਥੇ ਤਾਂ ਆਪਣੀ ਬੋਲੀ ਸੁਣਨ ਨੂੰ ਵੀ ਤਰਸ ਜਾਈਦਾ ਏ।' ਰਾਜੂ ਨੂੰ ਚਿਰਾਂ ਬਾਅਦ ਕੋਈ ਆਪਣੀ ਬੋਲੀ ਬੋਲਣ ਵਾਲਾ ਬੰਦਾ ਮਿਲਿਆ ਸੀ। ਆਪਣੀ ਬੋਲੀ ਸੁਣਨ ਬੋਲਣ ਵਾਲੇ ਜਿਹੜੇ ਲੋਕ ਇਥੇ ਹੈ ਵੀ ਨੇ ਉਹਨਾਂ ਕੋਲ ਮਿਲ ਬੈਠਣ ਲਈ ਵਿਹਲ ਨਹੀਂ ਹੁੰਦਾ। ਵੇਲੇ ਦਾ ਵਹਿਣ ਇਥੇ ਬਹੁਤ ਤੇਜ਼ ਏ। ਜਿਹੜੀਆਂ ਦੋ ਘੜੀਆਂ ਕਿਸੇ ਕੋਲ ਬੈਠਣਾ ਏ ਐਨੇ ਚਿਰ 'ਚ ਪੌਂਡ ਕਮਾਏ ਜਾ ਸਕਦੇ ਨੇ। ਪਰਦੇਸ ਵਿਚ ਅਕਸਰ ਈ ਇਹੀ ਸੋਚ ਹੁੰਦੀ ਏ।' 'ਹਾਂ ਯਾਰ ਆਪਣੀ ਬੋਲੀਓਂ ਵਾਂਝੇ ਹੋ ਜਾਣਾ ਬੜਾ ਦੁੱਖਦਾਈ ਹੁੰਦਾ ਏ।' ਅਖ਼ਤਰ ਨੇ ਹਉਕੇ ਵਰਗਾ ਲੰਮਾ ਸਾਹ ਲੈਂਦਿਆਂ ਰਾਜੂ ਨੂੰ ਕਿਹਾ ਤੇ ਫਿਰ ਵੰਡ ਤੋਂ ਬਾਅਦ ਲਾਹੌਰ ਵਿਚ ਰਹਿ ਗਏ ਇਕ ਗੋਰੇ ਸਾਈਮਨ ਦਾ ਕਿੱਸਾ ਉਹਨੂੰ ਸੁਣਾਉਣ ਲੱਗਾ।

ਉਹਦਾ ਅਸਲ ਨਾਂ ਸਾਈਮਨ ਸੀ ਪਰ ਬਾਲ ਉਹਨੂੰ ਸਾਈਂ ਮੰਨਾ ਕਹਿੰਦੇ ਸਨ। ਖਿਲਰੀ ਹੋਈ ਦਾੜ੍ਹੀ ਤੇ ਵਧੇ ਹੋਏ ਵਾਲਾਂ ਵਾਲਾ ਉਹ ਇੱਕ ਬੁੱਢਾ ਅੰਗਰੇਜ਼ ਸੀ। ਸ਼ੁਦਾ ਪਾਰੋਂ ਇਹ ਨਾਂ ਉਹਨੂੰ ਅਜਿਹਾ ਜਚਿਆ ਕਿ ਲੋਕਾਂ ਨੂੰ ਵੀ ਫਿਰ ਸਾਈਂ ਮੰਨਾ ਈ ਯਾਦ ਰਿਹਾ। ਵੰਡ ਤੋਂ ਪਿੱਛੋਂ ਇਕੱਲਾ ਰਹਿ ਗਿਆ ਸਾਈਮਨ ਰੁੱਖਾਂ ਨਾਲ ਅੰਗਰੇਜ਼ੀ ਬੋਲਦਾ ਰਹਿੰਦਾ। ਉਹ ਕਿਸੇ ਇਕ ਰੁੱਖ ਅੱਗੇ ਜਾ ਖੜ੍ਹਾ ਹੁੰਦਾ ਤੇ ਉਹਦੇ ਨਾਲ ਗੱਲਾਂ ਕਰਨ ਲੱਗ ਪੈਂਦਾ। ਕਦੇ ਧੀਮੀ ਆਵਾਜ਼ ਵਿਚ ਜਿਵੇਂ ਸਰਗੋਸ਼ੀਆਂ ਕਰ ਰਿਹਾ ਹੋਵੇ। ਕਦੇ ਬਹੁਤ ਉੱਚੀ ਬੋਲਦਾ ਜਿਵੇਂ ਸਾਹਮਣੇ ਕੋਈ ਡੌਰਾ ਏ। ਉਹਨੂੰ ਖ਼ਬਰ ਨਹੀਂ ਸੀ ਕਿ ਰੁੱਖ ਡੌਰੇ ਈ ਨਹੀਂ ਹੁੰਦੇ ਗੂੰਗੇ ਵੀ ਹੁੰਦੇ ਨੇ। ਜਦੋਂ ਉਹਨੂੰ ਅੱਗੋਂ ਹੁੰਗਾਰਾ ਨਾ ਮਿਲਦਾ ਤਾਂ ਉਹ ਰੁੱਖਾਂ ਦੇ ਗਲ਼ ਲੱਗ ਕੇ ਰੋਣ ਲੱਗ ਪੈਂਦਾ ਸੀ। ਰੁੱਖ ਨਾ ਸੁਣਦੇ ਸਨ ਨਾ ਬੋਲਦੇ ਸਨ ਤੇ ਲੋਕ ਸੁਣਦੇ ਸੀ ਪਰ ਬੋਲਦੇ ਨਹੀਂ ਸਨ। ਆਮ ਲੋਕਾਂ ਨੂੰ ਸਾਈਮਨ ਦੀ ਬੋਲੀ ਸਮਝ ਨਹੀਂ ਸੀ ਆਉਂਦੀ, ਜਿਹਨਾਂ ਨੂੰ ਉਹਦੀ ਬੋਲੀ ਆਉਂਦੀ ਸੀ। ਉਹਨਾਂ ਨੂੰ ਸਾਈਮਨ ਕੋਲ ਬੈਠ ਕੇ ਉਹਦੀ ਬੋਲੀ ਵਿਚ ਗੱਲਾਂ ਕਰਨ ਦਾ ਵਿਹਲ ਨਹੀਂ ਸੀ।

ਰੁੱਖਾਂ ਨਾਲ ਗੱਲਾਂ ਕਰਨ ਤੇ ਉਹਨਾਂ ਨੂੰ ਜੱਫੀ ਪਾ ਕੇ ਰੋਣ ਵਜੋਂ ਸਾਈਮਨ ਨੂੰ ਪਾਗਲਖਾਨੇ ਦਾਖ਼ਲ ਕਰਾ ਦਿੱਤਾ ਗਿਆ। ਉਹਦਾ ਇਲਾਜ ਉਹਨੂੰ ਪਾਗਲਪਨ ਦੇ ਲੱਗਣ ਵਾਲੇ ਟੀਕੇ ਨਹੀਂ ਸਗੋਂ ਉਹਦੇ ਨਾਲ ਬੋਲੇ ਦੋ ਮਿੱਠੇ ਬੋਲੇ ਸਨ। ਇਹ ਸੁਰਤ ਕਿਸੇ ਨੂੰ ਵੀ ਨਾ ਆਈ। ਪਾਗਲਖਾਨੇ ਵਿਚ ਉਹਦਾ ਤਮਾਸ਼ਾ ਲੱਗਣ ਲੱਗ ਪਿਆ। ਪਾਗਲ ਇਕੱਠੇ ਹੋ ਕੇ ਸਾਈਮਨ ਨੂੰ ਘੇਰਾ ਪਾ ਲੈਂਦੇ ਤੇ ਉਹਨੂੰ ਛੇੜਦੇ। ਉਹ ਅੰਗਰੇਜ਼ੀ ਵਿਚ ਗਾਹਲਾਂ ਕੱਢਦਾ, ਪਾਗਲ ਹੋਰ ਛੇੜਦੇ। ਸਾਈਮਨ ਚੀਕਦਾ ਤੇ ਆਪਣਾ ਸਿਰ ਪਿੱਟ ਲੈਂਦਾ। ਇਹ ਵੇਖਦੇ ਹੋਏ ਦੁਆਲੇ ਖੜ੍ਹੇ ਪਾਗਲ ਤਾੜੀਆਂ ਮਾਰਦੇ, ਉੱਚੀ-ਉੱਚੀ ਹੱਸਦੇ। ਕਦੀ ਸਾਈਮਨ ਇਕ ਦਮ ਆਕੜ ਕੇ ਖੜ੍ਹਾ ਹੋ ਜਾਂਦਾ ਤੇ ਪਾਗਲਾਂ ਨੂੰ ਹੁਕਮ ਚਲਾਉਣ ਲੱਗ ਪੈਂਦਾ। ਪਾਗਲ ਉਹਨੂੰ ਸਲੂਟ ਕਰਨ ਦੀ ਬਜਾਏ 'ਏਥੇ ਵੱਜ' ਕਿਸਮ ਦੇ ਇਸ਼ਾਰੇ ਕਰਦੇ ਤਾਂ ਉਹ ਭੋਏਂ ਤੇ ਬੈਠ ਕੇ ਸਿਰ ਗੋਡਿਆਂ ਵਿਚ ਲੈ ਲੈਂਦਾ ਤੇ ਫਿਰ ਰੋਣ ਲੱਗ ਪੈਂਦਾ। ਇਹ ਤਮਾਸ਼ਾ ਆਪਣੇ ਪਾਗਲ ਰਿਸ਼ਤੇਦਾਰਾਂ ਦੀ ਖ਼ਬਰ ਲੈਣ ਆਏ ਸਿਆਣੇ ਬਿਆਣੇ ਲੋਕ ਵੀ ਬੜੇ ਸ਼ੌਕ ਨਾਲ ਵੇਖਦੇ।

ਸਾਈਮਨ ਜੇ ਪਾਗਲ ਨਹੀਂ ਵੀ ਸੀ ਤਾਂ ਹੁਣ ਪਾਗਲ ਹੋ ਗਿਆ ਸੀ।

'ਦੂਜੇ ਗੋਰਿਆਂ ਵਾਂਗੂੰ ਉਹ ਆਪਣੇ ਦੇਸ਼ ਕਿਉਂ ਨਾ ਪਰਤ ਗਿਆ ?' ਰਾਜੂ ਨੇ ਪੁੱਛਿਆ ਤਾਂ ਅਖ਼ਤਰ ਨੇ ਦੱਸਿਆ, "ਸੰਤਾਲੀ ਤੋਂ ਮਗਰੋਂ ਜਦੋਂ ਅੰਗਰੇਜ਼ ਹਿੰਦ ਪਾਕਿ ਵਿਚੋਂ ਜਾ ਰਹੇ ਸਨ, ਸਾਈਮਨ ਨੂੰ ਵੀ ਉਹਨਾਂ ਨਾਲ ਲੈ ਜਾਣਾ ਚਾਹਿਆ ਪਰ ਉਸ ਇਨਕਾਰ ਕਰ ਦਿੱਤਾ ਸੀ। ਸਾਈਮਨ ਕਹਿੰਦਾ ਸੀ, 'ਲਾਹੌਰ ਦੇ ਗੋਰਾ ਕਬਰਸਤਾਨ ਵਿਚ ਉਹਦੀ ਸਵਾਣੀ ਡਾਇਨਾ ਤੇ ਦੋ ਬਾਲ ਅਲੈਜ਼ਬਥ ਤੇ ਬੈਂਜਾਮਨ ਦਫ਼ਨ ਨੇ। ਉਹ ਇਥੋਂ ਨਹੀਂ ਜਾਏਗਾ।' ਇਹ ਮਿੱਟੀ ਤੇ ਮਾਸ ਦਾ ਵੀ ਅਜੀਬ ਰਿਸ਼ਤਾ ਏ। ਜਿੱਥੇ ਤੁਹਾਡਾ ਨਾੜੂ ਦੱਬਿਆ ਹੋਵੇ ਉਹ ਭੂਮੀ ਤੁਹਾਨੂੰ ਆਪਣੇ ਜੁੱਸੇ ਦਾ ਅੰਗ ਜਾਪਦੀ ਏ ਤੇ ਜਿੱਥੇ ਤੁਹਾਡੇ ਪਿਆਰਿਆਂ ਦੇ ਜੁੱਸੇ ਦੱਬੇ ਹੋਵਣ ਉਹ ਖ਼ਾਕ ਭੋਏਂ ਤੇ ਧਰਤੀ ਕਲਬੂਤ ਤੋਂ ਵੀ ਅੱਗੇ ਰੂਹ ਦਾ ਕੋਈ ਹਿੱਸਾ ਮਾਲੂਮ ਹੁੰਦੀ ਏ। ਬੰਦੇ ਦਾ ਜ਼ਮੀਰ ਮਿੱਟੀ ਵਿਚੋਂ ਏਂ ਤੇ ਰੂਹ ਜ਼ਮੀਰ ਦਾ ਈ ਦੂਜਾ ਨਾਂ ਏ। ਪਰ ਥਾਉਂ ਥਾਂ ਫਿਰਨ ਵਾਲਿਆਂ ਦੇ ਮਨ ਵਿਚੋਂ ਮਿੱਟੀ ਦਾ ਮੋਹ ਕਦੇ ਮਰ ਵੀ ਜਾਂਦਾ ਏ, ਕਿਉਂਕਿ ਉਹਨਾਂ ਨੂੰ ਧਰਤੀ ਨਹੀਂ, ਧਨ ਪਿਆਰਾ ਹੋ ਜਾਂਦਾ ਏ। ਇਹ ਆਖ਼ਰੀ ਗੱਲ ਕਰਦੇ ਹੋਏ ਅਖ਼ਤਰ ਦੇ ਸਾਹਵੇਂ ਸਾਈਮਨ ਨਹੀਂ ਸਗੋਂ ਇਥੇ ਲੰਦਨ ਵਿਚ ਈ ਵਸਦਾ ਆਪਣਾ ਇਕ ਦੋਸਤ ਮਨਸ਼ਾ ਸੀ।

'ਲੈ ਭਈ, ਯਾਦ ਰੱਖੀਂ ਜੇ ਮੈਂ ਇਥੇ ਮਰ ਗਿਆ ਤਾਂ ਮੇਰੀ ਲਾਸ਼ ਪਿੱਛੇ ਪਹੁੰਚਾ ਦੇਵੀਂ।' ਰਾਜੂ ਨੇ ਅਖ਼ਤਰ ਨੂੰ ਵਸੀਅਤ ਕੀਤੀ।

ਅਖ਼ਤਰ ਨੇ ਰਾਜੂ ਦੇ ਚਿਹਰੇ ਵੱਲ ਵੇਖਿਆ। ਉੱਥੇ ਬੁੱਲ੍ਹਾਂ ਤੇ ਮੁਸਕੜੀ ਹੋਣ ਦੇ ਬਾਵਜੂਦ ਅੱਖੀਆਂ ਵਿਚ ਗੂੜ੍ਹੀ ਉਦਾਸੀ ਸੀ।

ਵਿਆਹ ਤੋਂ ਬਾਅਦ ਕੁਝ ਚਿਰ ਲਈ ਪੰਜਾਬ ਜਾਂਦੇ ਹੋਏ ਅਖ਼ਤਰ ਨੇ ਕੈਥੀ ਨੂੰ ਵੀ ਨਾਲ ਲੈ ਜਾਣਾ ਚਾਹਿਆ ਪਰ ਪੈਰ ਭਾਰਾ ਹੋਣ ਪਾਰੋਂ ਡਾਕਟਰ ਨੇ ਕੈਥੀ ਨੂੰ ਇਸ ਸਫ਼ਰ ਤੋਂ ਵਰਜ ਦਿੱਤਾ ਸੀ। ਅਖ਼ਤਰ ਨੇ ਪੰਜਾਬ ਜਾ ਕੇ ਵੇਖਿਆ, ਪਿੰਡ ਵਿਚ ਨਿਆਈਂ ਤੋਂ ਲੈ ਕੇ ਨਹਿਰ ਤੱਕ ਸਾਰਾ ਰਕਬਾ ਉਹਨਾਂ ਖਰੀਦ ਲਿਆ ਹੋਇਆ ਸੀ। ਉੱਚਾ ਤੇ ਖ਼ੂਬਸੂਰਤ ਬੰਗਲਾ ਬਣਵਾ ਲਿਆ ਹੋਇਆ ਸੀ। ਘਰ ਵਾਲਿਆਂ ਉਹਨੂੰ ਛੇਤੀ ਈ ਲੰਦਨ ਜਾ ਕੇ ਹੋਰ ਪੈਸੇ ਘੱਲਣ ਦੀ



ਗੱਲ ਕੀਤੀ ਤਾਂ ਜੋ ਨਹਿਰ ਤੋਂ ਪਾਰ ਵਾਲਾ ਮੁਰੱਬਾ ਖਰੀਦਿਆ ਜਾ ਸਕੇ। ਪਰ ਪ੍ਰਦੇਸ ਵਿਚ ਰਹਿੰਦੇ ਹੋਏ ਆਪਣੀ ਮਿੱਟੀ ਤੇ ਲੱਗਦੇ ਲਾਣਿਆਂ ਤੋਂ ਦੂਰੀ ਦਾ ਜੋ ਕਸ਼ਟ ਤੇ ਸੰਤਾਪ ਉਹ ਭੋਗ ਰਿਹਾ ਸੀ, ਉਸ ਬਾਰੇ ਕਿਸੇ ਵੀ ਨਾ ਪੁੱਛਿਆ। ਤਿੰਨ ਮਹੀਨਿਆਂ ਬਾਅਦ ਉਹ ਲੰਦਨ ਮੁੜਿਆ ਤਾਂ ਕੈਥੀ ਨਾਲ ਕਰਨ ਲਈ ਉਸ ਕੋਲ ਖੇਤਾਂ, ਫਸਲਾਂ, ਰੁੱਤ ਦੇ ਰੰਗਾਂ ਤੇ ਅੰਗਾਂ ਸਾਕਾਂ ਬਾਰੇ ਢੇਰ ਸਾਰੀਆਂ ਗੱਲਾਂ ਸਨ, ਪਰ ਕੈਥੀ ਨੇ ਇਹਨਾਂ ਗੱਲਾਂ ਵਿਚ ਕੋਈ ਵੀ ਦਿਲਚਸਪੀ ਜ਼ਾਹਰ ਨਾ ਕੀਤੀ।

ਦੂਜੀ ਪੰਜਾਬ ਫੇਰੀ ਵੇਲੇ ਉਹ ਕੈਥੀ ਤੇ ਬਾਲਾਂ ਨੂੰ ਵੀ ਨਾਲ ਲੈ ਗਿਆ। ਪਿੰਕੀ ਉਦੋਂ ਸੱਤਾਂ ਵਰ੍ਹਿਆਂ ਦੀ ਸੀ। ਮਾਣੀ ਤੁਰਨ ਦੀ ਜਾਂਚ ਸਿੱਖ ਰਿਹਾ ਸੀ ਤੇ ਬੌਬੀ ਅਜੇ ਗੋਦ ਵਿਚ ਸੀ। ਕੈਥੀ ਤੇ ਬਾਲਾਂ ਨੂੰ ਮਿਲ ਕੇ ਸਾਰੇ ਈ ਖ਼ੁਸ਼ ਹੋਏ ਸਨ। ਪਿੰਕੀ ਬਾਰੇ ਕਿਹਾ ਗਿਆ ਕਿ ਇਹਦੀ ਸ਼ਕਲ ਆਪਣੀ ਫੁੱਫੀ ਨਾਲ ਮਿਲਦੀ ਏ ਤੇ ਬੌਬੀ ਦਾ ਮੁਹਾਂਦਰਾ ਆਪਣੇ ਮਰਨ ਵਾਲੇ ਦਾਦੇ ਤੇ ਗਿਆ ਏ। ਹੈਰਾਨੀ ਅਖ਼ਤਰ ਨੂੰ ਉਦੋਂ ਹੋਈ ਜਦੋਂ ਉਹਦੀ ਆਪਣੀ ਫੁੱਫੀ ਜੋ ਬੁੱਢ ਵਡੇਰੀ ਤੇ ਅੰਨ੍ਹੀ ਮੋਰਾਂ ਹੋ ਚੁੱਕੀ ਸੀ, ਨੇ ਮਾਣੀ ਨੂੰ ਗੋਦ ਵਿਚ ਲੈਂਦਿਆਂ ਉਹਦੇ ਚਿਹਰੇ ਨੂੰ ਟੋਹ ਕੇ ਮਾਣੀ ਦੇ ਪੜਦਾਦੇ ਨਾਲ ਇਹਦੀ ਮਸ਼ਾਬਹਤ ਦਾ ਐਲਾਨ ਕਰ ਦਿੱਤਾ। ਮਾਣੀ ਜਿਹਨੂੰ ਵੱਖਰੇ ਸੁਭਾਅ ਦਾ ਹੋਣ ਪਾਰੋਂ ਏਥੇ ਸਾਰੇ ਘਰ ਵਾਲੇ ਕਾਠਾ ਅੰਗਰੇਜ਼ ਆਖਦੇ ਸਨ। ਉਹ ਕਿਸੇ ਦੀ ਝੋਲੀ ਵਿਚ ਘੱਟ ਹੀ ਠਹਿਰਦਾ ਸੀ ਪਰ ਇਸ ਅੰਨ੍ਹੀ ਮਾਈ ਦੀ ਗੋਦ ਵਿਚ ਸਕੂਨ ਨਾਲ ਖੇਡਦਾ ਰਿਹਾ। ਅਖ਼ਤਰ ਨੇ ਫੁੱਫੀ ਨਾਲ ਇਹੀ ਗੱਲ ਕੀਤੀ ਤਾਂ ਉਹਨੇ ਕਿਹਾ, 'ਆਪਣੇ ਲਹੂ ਨੂੰ ਲਹੂ ਸਿਹਾਣ ਲੈਂਦਾ ਏ।'

ਇਸ ਨੇੜ੍ਹਤਾ ਤੇ ਸਾਂਝ ਵਿਚਲੇ ਭੇਤ ਨੂੰ ਤੇ ਅਖ਼ਤਰ ਨਾ ਜਾਣ ਸਕਿਆ ਪਰ ਪਿਛਲੀ ਪੀੜ੍ਹੀ ਨਾਲ ਮਿਲਦੇ ਇਹਨਾਂ ਮੁਹਾਂਦਰਿਆਂ ਪਾਰੋਂ ਇਹ ਸਿੱਟਾ ਉਹਨੇ ਜ਼ਰੂਰ ਕੱਢਿਆ ਕਿ ਰਿਸ਼ਤਿਆਂ ਵਿਚ ਫਾਸਲਾ ਕੋਈ ਨਹੀਂ। ਇਹ ਇਕ ਲਾਮਕਾਨੀ ਲਾਜ਼ਮਾਨੀ ਤੁਅੱਲਕ ਹੁੰਦਾ ਹੈ। ਵਰ੍ਹਿਆਂ ਬਾਅਦ ਜਦੋਂ ਅਖ਼ਤਰ ਨੂੰ ਆਪਣੀ ਔਲਾਦ ਵਿਚ ਇਸ ਮੁਹਾਂਦਰਿਆਂ ਦਾ ਮੁਸ਼ਾਬਹਤ ਤੋਂ ਵੱਖ ਹੋਰ ਕੋਈ ਵੀ ਵਸਫ ਆਪਣੇ ਪੁਰਖਿਆਂ ਵਾਲਾ ਨਜ਼ਰ ਨਹੀਂ ਸੀ ਆਇਆ ਤਾਂ ਉਦੋਂ ਉਹਨੇ ਸੋਚਿਆ ਸੀ ਖਾਨਦਾਨ ਦੇ ਜੁੜੇ ਰਹਿਣ ਲਈ ਜੁੱਸਿਆ ਵਿਚ ਦੌੜ ਰਹੇ ਲਹੂ ਦੀ ਸਾਂਝ ਦੀ ਈ ਨਿਰੀ ਲੋੜ ਨਹੀਂ ਹੁੰਦੀ ਸਗੋਂ ਮਿੱਟੀ ਦੀ ਸਾਂਝ ਵੀ ਸ਼ਾਇਦ ਜ਼ਰੂਰੀ ਹੁੰਦੀ ਏ।

ਉਹਨੂੰ ਤੈਅ ਸ਼ੁਦਾ ਸ਼ਡਿਊਲ ਤੋਂ ਪਹਿਲਾਂ ਹੀ ਲੰਦਨ ਮੁੜਨਾ ਪਿਆ ਸੀ। ਬਾਲਾਂ ਨੂੰ ਪੰਜਾਬ ਦੀ ਰੁੱਤ ਰਾਸ ਨਹੀਂ ਸੀ ਆਈ। ਉਹਨਾਂ ਦਾ ਮਿੱਟੀ ਜੋ ਉਪਰੀ ਸੀ ਤੇ ਫਿਰ ਮੌਸਮ ਵੀ ਓਪਰਾ ਈ ਲੱਗਣਾ ਸੀ। ਲੰਦਨ ਆ ਕੇ ਬਾਲਾਂ ਦੇ ਚੈੱਕਅਪ ਦੌਰਾਨ ਡਾਕਟਰ ਨੇ ਜਦ ਅਖ਼ਤਰ ਨੂੰ ਕਿਹਾ ਕਿ ਚਿੰਤਾ ਵਾਲੀ ਕੋਈ ਗੱਲ ਨਹੀਂ, ਬਾਲਾਂ ਨੂੰ ਐਵੇਂ ਜ਼ਰਾ ਡਸਟ ਅਲਰਜੀ ਹੋ ਗਈ ਸੀ ਤੇ ਅਖ਼ਤਰ ਬੁੜਬੁੜਾਇਆ 'ਇਹੀ ਤੇ ਅਸਲ ਚਿੰਤਾ ਏ।' ਅੰਗਰੇਜ਼ ਡਾਕਟਰ ਉਹਦੀ ਇਹ ਗੱਲ ਸਮਝ ਨਹੀਂ ਸੀ ਸਕਿਆ।

ਫਿਰ ਰਾਜੂ ਨੂੰ ਬਾਲਾਂ ਦੀ ਇਸ ਬਿਮਾਰੀ ਬਾਰੇ ਦੱਸਦੇ ਹੋਏ ਅਖ਼ਤਰ ਪਹਿਲਾਂ ਹੱਸਿਆ ਤੇ ਫਿਰ ਰੋ ਪਿਆ। ਹੱਸਿਆ ਉਹ ਇਸ ਲਈ ਕਿ ਧਰਤੀ ਜਾਇਆਂ ਦੇ ਬਾਲਾਂ ਨੂੰ ਖੇਹ ਮਿੱਟੀ ਤੋਂ ਭਲਾ ਕੀ ਕੁਨਫ਼ ਹੋ ਸਕਦੀ ਏ ਤੇ ਰੋਇਆ ਇਸ ਵਜੋਂ ਕਿ ਅਗਲੀ ਨਸਲ ਵਿਚ ਮਿੱਟੀ ਤੇ

ਮਾਸ ਦਾ ਸਦੀਆਂ ਪੁਰਾਣਾ ਰਿਸ਼ਤਾ ਟੁੱਟ ਰਿਹਾ ਏ। ਸਗੋਂ ਮਿੱਟੀ ਤੇ ਮਾਸ ਨੂੰ ਇਕ ਦੂਜੇ ਨਾਲ ਜ਼ਿੱਦ ਹੋ ਗਈ ਏ। ਇਹਨੂੰ ਉਹ ਮਾਇਆ ਦਾ ਸਿਤਮ ਆਖਣ ਜਾਂ ਕਰਮ, ਰਾਜੂ ਤੇ ਅਖ਼ਤਰ ਕੋਈ ਫੈਸਲਾ ਨਾ ਕਰ ਸਕੇ।

ਮਨਸ਼ੇ ਨੇ ਸੁਣਿਆ ਤਾਂ ਉਹ ਬਹੁਤ ਖੁਸ਼ ਹੋਇਆ। ਉਸ ਕਿਹਾ, 'ਮੁਬਾਰਕ ਹੋਏ! ਇਹ ਬੀਮਾਰੀ ਨਹੀਂ ਇਕ ਅਲਾਮਤ ਏ ਪੁਰਖਿਆਂ ਦੇ ਉਜੱਡ ਪੁਣੇ ਨੂੰ ਉਲੰਘ ਕੇ ਉੱਚੀ ਗੁੜ੍ਹਤਲ ਵੱਲ ਉੱਠੇ ਬਾਲਾਂ ਦੇ ਪਹਿਲੇ ਪੈਰ ਦੀ ਤੇ ਬਾਲਾਂ ਦੀ ਕਮਿਸਟਰੀ ਚੇਂਜ ਹੋ ਰਹੀ ਏ।'

'ਸ਼ੈਤਾਨ ਦਾ ਪੁੱਤਰ' ਗੁੱਸੇ ਨਾਲ ਅਖ਼ਤਰ ਨੇ ਖਿਆਲ ਈ ਖਿਆਲ ਵਿਚ ਮਨਸ਼ੇ ਦੇ ਮੂੰਹ ਤੇ ਥੁੱਕ ਦਿੱਤਾ ਸੀ। ਮਰਿਆਦਾ ਦਾ ਨਾਬਰ ਤੇ ਸੁਰੱਖਿਆ ਦਾ ਮਜ਼ਾਕ ਉਡਾਉਣ ਵਾਲਾ ਮਨਸ਼ਾ ਉਸਨੂੰ ਕਦੇ ਵੀ ਪਸੰਦ ਨਹੀਂ ਆਇਆ। ਇਕ ਅਜਿਹਾ ਬੰਦਾ ਜਿਹਨੂੰ ਆਪਣੇ ਲਹੂ ਦੀ ਪਛਾਣ ਨਾ ਸੀ ਆਈ ਨਾ ਈ ਆਪਣੀ ਮਿਟੀ ਦੀ ਕਦਰ। ਜਿਹੜਾ ਬੜੇ ਮਾਣ ਨਾਲ ਦੱਸਦਾ ਕਿ ਅਰਬ ਵਿਚ ਇਕ ਇਕ ਬੁੱਢੇ ਬਦੂ ਦੀ ਸਵਾਣੀ ਦੇ ਇਕ ਬਾਲ ਤੁਹਾਡੇ ਮਨਸ਼ੇ ਯਾਰ ਦਾ ਵੀ ਜੰਮਿਆ। 'ਓਪਰੇ ਭਾਂਡੇ ਵਿਚ ਜਾਗ ਲਾਉਂਦਿਆਂ ਤੈਨੂੰ ਲਾਜ ਨਾ ਆਈ?' ਰਾਜੂ ਨੇ ਇਕ ਵਾਰ ਉਹਨੂੰ ਪੁੱਛਿਆ। 'ਨਹੀਂ ਬਿਲਕੁਲ ਨਹੀਂ ਤੇ ਨਾ ਈ ਮੈਂ ਕਦੇ ਅਰਬਾਂ ਵਿਚ ਪਲ ਰਹੇ ਆਪਣੇ ਉਸ ਬਾਲਕ ਬਾਰੇ ਸੋਚਿਆ ਏ। ਮਨਸ਼ੇ ਨੇ ਚਿੰਤਾ ਮੁਕਤ ਦੱਸਿਆ ਸੀ। ਸਾਊਥ ਅਫਰੀਕਾ ਦੀ ਇਕ ਨੀਗਰੋ ਕੁੜੀ ਮਨਸ਼ੇ ਦੇ ਨਿਕਾਹ ਵਿਚ ਰਹੀ। ਬਾਅਦ ਵਿਚ ਤਿੰਨ ਬਾਲੜੀਆਂ ਅਤੇ ਉਸ ਨੀਗਰੋ ਕੁੜੀ ਨੂੰ ਛੱਡ ਕੇ ਆਪ ਇੰਗਲੈਂਡ ਆਇਆ ਤੇ ਮੁੜ ਕਦੀ ਉਹਨਾਂ ਦੀ ਸਾਰ ਨਾ ਲਈ। ਮਨਸ਼ਾ ਅਕਸਰ ਕਹਿੰਦਾ, 'ਇਹ ਮਿੱਟੀ ਮੋਹ, ਮਰਿਆਦਾ ਕੀ ਏ ਮੈਂ ਨਹੀਂ ਜਾਣਦਾ। ਮੈਨੂੰ ਤੇ ਬਸ ਮਿੱਟੀ, ਮਾਸ ਤੇ ਮਾਇਆ ਦਾ ਪਤਾ ਏ। ਗਲੋਬਲਾਈਜ਼ੇਸ਼ਨ ਦੇ ਦੌਰ ਵਿਚ ਵੀ ਬੰਦੇ ਨੂੰ ਪੁਰਾਣੇ ਹੱਦ ਬੰਨਿਆਂ ਵਿਚ ਕੈਦ ਨਹੀਂ ਰਹਿਣਾ ਚਾਹੀਦਾ।' ਅਖਤਰ ਤੇ ਰਾਜੂ ਮਨਸ਼ੇ ਨੂੰ ਵੇਖ ਕੇ ਸੋਚਦੇ ਕਿ ਬੰਦਾ ਐਨਾ ਬੇਕਿਰਕ ਵੀ ਹੋ ਸਕਦਾ ਏ? ਕਿਉਂਕਿ ਮਨਸ਼ੇ ਨੇ ਨਾ ਕਦੀਂ ਆਪਣੀ ਔਲਾਦ ਦੀ ਪ੍ਰਵਾਹ ਕੀਤੀ ਸੀ ਨਾ ਈ ਪਿੱਛੇ ਮੌਜੂਦ ਆਪਣੇ ਖਾਨਦਾਨ ਦੀ। ਉਹ ਜੋ ਵੀ ਕਮਾਉਂਦਾ, ਸ਼ਰਾਬ ਪੀਣ ਜਾਂ ਵੈਸ਼ਿਆਂ ਔਰਤਾਂ ਨਾਲ ਸੌਣ ਤੇ ਖਰਚ ਕਰ ਦਿੰਦਾ।

'ਦੁਨੀਆਂ ਕਿੰਨੀ ਵੀ ਗਲੋਬਲ ਹੋ ਜਾਏ ਇਹ ਗਲੋਬਲਾਈਜ਼ੇਸ਼ਨ ਮੰਡੀ ਤੇ ਮਾਲ ਤੱਕ ਈ ਮਹਿਦੂਦ ਰਹਿਸੀ' ਅਖ਼ਤਰ ਰਾਜੂ ਨੂੰ ਸਮਝਾਇਆ। 'ਬੰਦਾ ਆਪਣੀ ਗੁੜ੍ਹਤਲ, ਰਹਿਤਲ, ਬੋਲੀ ਤੇ ਵਰਤਾਰੇ ਵਿਚ ਕਦੇ ਵੀ ਗਲੋਬਲ ਨਹੀਂ ਹੋ ਸਕਦਾ। ਹਰ ਬੰਦੇ ਦੀ ਆਪਣੇ ਮਿੱਟੀ ਹੁੰਦੀ ਏ ਤੇ ਹਰ ਮਿੱਟੀ ਦੀ ਆਪਣੀ ਮਰਿਆਦਾ ਤੇ ਇਕ ਵੱਖਰਾ ਹੇਰਵਾ। ਰਾਜੂ ਦੇਖ! ਪਿੰਡ ਦੀ ਨਿੱਕੀ ਜਿਹੀ ਗੱਲ ਸਾਡੇ ਲਈ ਕਿੰਨੀ ਵੱਡੀ ਖ਼ਬਰ ਹੁੰਦੀ ਏ। ਫੋਨ ਵਿਚ ਅਸੀਂ ਇਥੋਂ ਤੱਕ ਕਿਉਂ ਪੁੱਛ ਲੈਂਦੇ ਹਾਂ ਕਿ ਬੂਰੀ ਮੱਝ ਨੇ ਐਤਕੀਂ ਕੱਟਾ ਦਿੱਤਾ ਏ ਜਾਂ ਕੱਟੀ। ਸਾਨੂੰ ਇਹ ਜਾਨਣ ਦੀ ਖਾਹਿਸ਼ ਕਿਉਂ ਹੁੰਦੀ ਏ ਕਿ ਰੋਹੀ ਵਾਲੇ ਨੀਵੇਂ ਖੇਤ ਵਿਚ ਐਤਕੀਂ ਕਿਹੜੀ ਫਸਲ ਬੀਜੀ ਗਈ? ਅੰਬ ਦੇ ਉਸ ਰੁੱਖ ਤੇ ਸਾਨੂੰ ਬੂਰ ਆਉਣ ਦੀ ਉਡੀਕ ਕਿਉਂ ਰਹਿੰਦੀ ਏ ਜਿਹੜਾ ਅਸੀਂ ਆਪਣੇ ਹੱਥਾਂ ਨਾਲ ਪਿੱਛੇ ਲਾ ਕੇ ਆਏ ਹੁੰਦੇ ਆਂ?' ਰਾਜੂ ਕੋਲ ਇਹਨਾਂ ਸਵਾਲਾਂ ਦਾ ਕੋਈ ਜਵਾਬ ਨਹੀਂ ਸੀ। ਉਹ ਤੇ ਆਪ ਇਹ ਸੋਚ ਰਿਹਾ ਸੀ ਕਿ ਇੰਗਲੈਂਡ ਦੀ ਇਕ ਰਸੀ ਰੁੱਤ



ਵਿਚ ਰਹਿੰਦੇ ਹੋਏ ਵੀ ਉਹ ਵਰ੍ਹੇ ਦਾ ਦੇਸੀ ਹਿਸਾਬ ਕਿਉਂ ਨਹੀਂ ਭੁੱਲਿਆ। ਪੋਹ ਮਾਘ ਫੱਗਣ, ਚੇਤਰ....ਗੁੜ੍ਹਤੀ ਵਿਚ ਮਿਲਿਆ ਇਹ ਰੁੱਤ ਲੇਖਾ ਤੇ ਸ਼ਾਇਦ ਉਹਨੂੰ ਪ੍ਰਲੋਕ ਵਿਚ ਵੀ ਨਾ ਵਿਸਰੇ। ਅਖ਼ਤਰ ਦਾ ਗੱਚ ਭਰ ਆਇਆ ਸੀ ਤੇ ਰਾਜੂ ਦੀਆਂ ਵੀ ਅੱਖਾਂ ਭਿੱਜ ਗਈਆਂ ਸਨ।

ਰਾਜੂ ਮਹੀਨੇ ਵਿਚ ਇਕ ਵੀਕ ਐਂਡ 'ਤੇ ਅਖ਼ਤਰ ਦੇ ਘਰ ਜ਼ਰੂਰ ਆਉਂਦਾ। ਉਹ ਬੱਚਿਆਂ ਨੂੰ ਮਿਲ ਕੇ ਆਪਣਾ ਦਲਿੱਦਰ ਦੂਰ ਕਰਦਾ। ਰਾਜੂ ਹਰ ਵਾਰ ਬੱਚਿਆਂ ਲਈ ਕੋਈ ਗਿਫ਼ਟ ਪੈਕ ਜ਼ਰੂਰ ਲਿਆਉਂਦਾ ਸੀ। ਇਕ ਵਾਰ ਉਹ ਪਿੰਕੀ ਲਈ ਕਰੋਸ਼ੀਆ ਸੈੱਟ, ਧਾਗੇ ਦੇ ਗੁੱਛੇ ਤੇ ਕਸੀਦਾਕਾਰੀ ਦੀ ਕੋਈ ਗਾਈਡ ਲੈ ਕੇ ਆਇਆ। ਉਹਨੇ ਕਿਹਾ ਕਿ ਇਹ ਉਮਰ ਪਿੰਕੀ ਦੀ ਸਿਖਲਾਈ ਦੀ ਏ ਤੇ ਫਿਰ ਲਾਡ ਤੇ ਮਾਣ ਨਾਲ ਪਿੰਕੀ ਦੇ ਸਿਰ ਤੇ ਪਿਆਰ ਦੇ ਕੇ ਬੋਲਿਆ, "ਸਾਡੀ ਧੀ ਹੁਣ ਮੇਜ਼ਪੋਸ਼ਾਂ ਦੀਆਂ ਲੈਸਾਂ ਕੱਢ ਕੇ ਵਿਖਾਏਗੀ।' ਪਿੰਕੀ ਨੇ ਉਦੋਂ ਵੀ ਨੱਕ ਮੂੰਹ ਵੱਟਿਆ ਤੇ ਮੁੜ ਕੇ ਦੂਜੀ ਵਾਰ ਇਹਨਾਂ ਚੀਜ਼ਾਂ ਨੂੰ ਹੱਥ ਵੀ ਨਾ ਲਾਇਆ। ਮਾਣੀ ਨੂੰ ਉਹਨੇ ਖ਼ੂਬਸੂਰਤ ਰੰਗਦਾਰ ਬਾਂਸਰੀ ਦਿੱਤੀ ਪਰ ਮਾਣੀ ਨੇ ਜ਼ਿੱਦ ਕਰਕੇ ਅਗਲੀ ਵਾਰ ਛੋਟੀ ਗੁਟਾਰ ਮੰਗਵਾ ਲਈ। ਬੋਬੀ ਨੂੰ ਰਾਜੂ ਨੇ 'ਬੰਦੇ ਦਾ ਪੁੱਤਰ' ਬਣਾਉਣ ਲਈ ਪੂਰਾ ਟਿੱਲ ਲਾਇਆ। ਬੌਬੀ ਲੁੱਡੀਆਂ ਪਾਉਣ, ਬੈਠਕਾਂ ਮਾਰਨ ਤੇ ਆਪਣੀ ਵੀਣੀ ਮੂੰਹ ਨਾਲ ਜੋੜ ਕੇ ਬੁਲਬਲੀ ਮਾਰਨ ਸਿੱਖ ਗਿਆ ਸੀ। ਰਾਜੂ ਨੂੰ ਬੌਬੀ ਨਾਲ ਮੋਹ ਸੀ ਤੇ ਬੌਬੀ ਨੂੰ ਵੀ ਆਪਣੇ ਅੰਕਲ ਨਾਲ ਬਹੁਤੇਰੀ ਲਟਕ ਸੀ। ਬੌਬੀ ਆਪਣੇ 'ਰਾਜ ਅੰਕਲ' ਕੋਲੋਂ ਫੋਕ ਟੇਲਜ਼ ਸੁਣਦਾ। ਰਾਜੂ ਤੇ ਅਖ਼ਤਰ ਉਹਨੂੰ ਪੰਜਾਬ ਦੀਆਂ ਲੋਕ ਬਾਤਾਂ ਸੁਣਾਉਂਦੇ। ਇਹਨਾਂ ਬਾਤਾਂ ਵਿਚ ਪਸ਼ੂਆਂ, ਜਾਨਵਰਾਂ ਤੇ ਰੁੱਖਾਂ ਨੂੰ ਜਦੋਂ ਬੰਦਿਆਂ ਵਾਂਗ ਗੱਲਾਂ ਕਰਦੇ ਵੇਖਦਾ ਤਾਂ ਅਕਲ ਦਾ ਪੁਤਲਾ ਬੌਬੀ ਇਹਨਾਂ ਬਾਤਾਂ ਨੂੰ ਨਾ ਮੰਨਣਯੋਗ ਆਖ ਕੇ 'ਝੂਠ-ਝੂਠ' ਦਾ ਰੌਲਾ ਪਾ ਦਿੰਦਾ। ਰਾਜੂ ਤੇ ਅਖ਼ਤਰ ਸਫਾਈ ਦਿੰਦੇ ਕਿ ਇਕ ਯੁੱਗ ਸੀ ਜਦੋਂ ਰੁੱਖ, ਪਸ਼ੂ ਤੇ ਜਨੌਰ ਬੰਦਿਆਂ ਵਾਂਗ ਹੀ ਬੋਲਦੇ ਸਨ ਤੇ ਬੰਦਾ ਉਹਨਾਂ ਦੀ ਗੱਲ ਸਮਝਦਾ ਸੀ। 'ਤੁਸੀਂ ਮੇਰੇ ਯੁੱਗ ਦੀ ਬਾਤ ਸੁਣਾਓ' ਬੌਬੀ ਅੱਗੋਂ ਕੂਕਦਾ। ਜਿੱਥੇ ਬੰਦਾ ਬੰਦੇ ਨਾਲ ਬਾਤ ਨਹੀਂ ਕਰਦਾ ਅਜਿਹੇ ਗੂੰਗੇ ਯੁੱਗ ਦੀ ਉਹ ਕੀ ਬਾਤ ਸੁਣਾਉਂਦੇ ਇਸੇ ਲਈ ਉਹ ਦੜ ਵੱਟ ਜਾਂਦੇ।

'ਪਸ਼ੂਆਂ ਤੇ ਜਾਨਵਰਾਂ ਵਿਚਕਾਰ ਕਿਸੇ ਡੰਗਰ ਬੋਲੀ ਦਾ ਵਜੂਦ ਤਾਂ ਮੈਂ ਅੱਜ ਵੀ ਮੰਨਦਾ ਹਾਂ ਪਰ ਇਤਿਹਾਸ ਦੇ ਕਿਸੇ ਵੀ ਵਰਗ ਵਿਚ ਰੁੱਖਾਂ ਦੇ ਗੱਲਾਂ ਕਰਨ ਦਾ ਮੁਨਕਰ ਹਾਂ।' ਅਖ਼ਤਰ ਨੇ ਇਕ ਦਿਨ ਰਾਜੂ ਨੂੰ ਵੱਖਰਿਆਂ ਕਰਕੇ ਦੱਸਿਆ ਤੇ ਕਿਹਾ, 'ਜੇ ਰੁੱਖ ਬੋਲਦੇ ਹੁੰਦੇ ਤਾਂ ਸਾਈਮਨ ਕਦੀ ਪਾਗਲ ਨਾ ਹੁੰਦਾ।'

ਫਿਰ ਰਾਜੂ ਇਕ ਰੋਡ ਐਕਸੀਡੈਂਟ ਵਿਚ ਮਰ ਗਿਆ। ਉਹਦੀ ਵਸੀਅਤ ਮੁਤਾਬਕ ਉਹਦੀ ਲਾਸ਼ ਪਿੱਛੇ ਭੇਜ ਦਿੱਤੀ ਗਈ ਸੀ। ਨਾਲ ਹੀ ਉਹਦਾ ਖੱਟਿਆ ਵੱਟਿਆ ਇਕ ਵੱਡੀ ਰਕਮ ਦਾ ਬੈਂਕ ਡਰਾਫਟ ਵੀ। ਖਣਕਦੀ ਮਾਇਆ ਨਾਲ ਭਰੀ ਪੋਟਲੀ ਤੇ ਹਮਕ ਗਏ ਮੁਰਦਾ ਮਾਸ ਦੀ ਗੁਥਲੀ ਇਕੋ ਹੱਥ ਵਸੂਲ ਕਰਦੇ ਰਾਜੂ ਦੇ ਮਾਪਿਆਂ ਨੂੰ ਕਿੰਨਾ ਅਜੀਬ ਜਿਹਾ ਲੱਗਿਆ ਹੋਵੇਗਾ। ਅਖ਼ਤਰ ਇਹ ਅੱਜ ਵੀ ਸੋਚਦਾ ਏ। ਉਹਨੂੰ ਰਾਜੂ, ਮਨਸ਼ਾ ਤੇ ਸਾਈਮਨ ਅਕਸਰ ਚੇਤੇ ਆਉਂਦੇ ਨੇ। ਰਾਜੂ ਜਿਹਨੇ ਆਪਣੀ ਮਿੱਟੀ ਨੂੰ ਸੰਵਾਰਨ ਲਈ ਇਕ ਓਭੜ

ਧਰਤੀ 'ਤੇ ਰਹਿਣ ਦਾ ਕਸ਼ਟ ਕੱਟਿਆ। ਰਾਜੂ ਦੀ ਆਪਣੇ ਖਾਨਦਾਨ ਲਈ ਕੁਰਬਾਨੀ ਯਾਦ ਕਰਦਿਆਂ ਅਖ਼ਤਰ ਦੀਆਂ ਅੱਖੀਆਂ ਭਰ ਆਉਂਦੀਆਂ ਨੇ। ਮਨਸ਼ਾ ਜੋ ਆਪਣੇ ਖਾਨਦਾਨ, ਬਾਲਾਂ ਤੇ ਤੀਵੀਂ ਨੂੰ ਪਿਛਾੜ ਆਇਆ ਸੀ ਤੇ ਸਾਈਮਨ ਜਿਸ ਆਪਣੇ ਮੋਏ ਬਾਲਾਂ ਤੇ ਤੀਵੀਂ ਦੀ ਖ਼ਾਤਿਰ ਆਪਣਾ ਵਤਨ ਤਿਆਗ ਦਿੱਤਾ। ਅਖਤਰ ਦੇ ਖਿਆਲ ਵਿਚ ਇਹਨਾਂ ਤਿੰਨਾਂ ਦੇ ਵੱਖ-ਵੱਖ ਚਿੱਤਰ ਨੇ। ਰਾਜੂ ਉਹਨੂੰ ਦਇਆ ਦਖਸ਼ਨਾ ਨਾਲ ਗੁੱਟ ਕੋਈ ਭਗਤ ਸਾਧੂ ਜਾਪਦਾ ਏ। ਮਨਸ਼ਾ ਸ਼ੈਤਾਨ ਦਾ ਇਕ ਰੂਪ ਏ, ਹਿਰਖ ਹਵਸ ਦਾ ਕੋਈ ਪੁਤਲਾ ਤੇ ਸਾਈਮਨ ਮਾਸੂਮ ਸੂਰਤ, ਮਿਹਰ ਮੁਹੱਬਤ ਦਾ ਕੋਈ ਬੁੱਤ। ਪਰ ਕਈ ਸਾਲਾਂ ਬਾਅਦ ਅਖ਼ਤਰ ਨੇ ਜਦੋਂ ਮਨਸ਼ੇ ਨੂੰ ਏਡਜ਼ ਹੋ ਜਾਣ ਦਾ ਸੁਣਿਆ ਸੀ ਤਾਂ ਉਹਨੂੰ ਬੜਾ ਹਿਰਖ ਹੋਇਆ ਸੀ।

ਅਖ਼ਤਰ ਨੇ ਕਈ ਵਾਰ ਚਾਹਿਆ ਸੀ ਕਿ ਪੰਜਾਬ ਪਰਤ ਜਾਵੇ ਪਰ ਕੈਥਰੀਨ ਨੇ ਉਹਦਾ ਸਾਥ ਨਹੀਂ ਦਿੱਤਾ। ਉਹ ਆਪਣਾ ਵਤਨ ਛੱਡ ਕੇ ਜਾਣ ਲਈ ਤਿਆਰ ਨਹੀਂ ਹੋਈ। ਉਸਦੀ ਜਵਾਨ ਹੋ ਚੁੱਕੀ ਔਲਾਦ ਨੇ ਵੀ ਕਦੀ ਪਿੱਛੇ ਮੁੜ ਜਾਣ ਦੀ ਖਾਹਿਸ਼ ਜ਼ਾਹਰ ਨਹੀਂ ਕੀਤੀ। ਔਲਾਦ ਦੀ ਮੁਹੱਬਤ ਵਿਚ ਫਿਰ ਉਹ ਵੀ ਨਹੀਂ ਗਿਆ। ਪਿਛਲੇ ਫੇਰੇ ਜਦੋਂ ਅਖ਼ਤਰ ਆਪਣੀ ਮਾਂ ਦੇ ਸੋਗ ਲਈ ਪੰਜਾਬ ਜਾ ਰਿਹਾ ਸੀ ਤਾਂ ਉਸ ਕੁਝ ਦਿਨਾਂ ਲਈ ਈ ਸਹੀ ਕੈਥਰੀਨ ਤੇ ਔਲਾਦ ਨੂੰ ਨਾਲ ਜਾਣ ਲਈ ਕਿਹਾ ਪਰ ਅੱਗੋਂ ਉਹਨਾਂ ਦੀ ਨਾ ਜਾਣ ਦੀ ਮਰਜ਼ੀ ਵੇਖ ਕੇ ਅਖ਼ਤਰ ਨੇ ਵੀ ਉਹਨਾਂ ਨੂੰ ਮਜ਼ਬੂਰ ਨਹੀਂ ਸੀ ਕੀਤਾ ਤੇ ਇਕੱਲਾ ਈ ਚਲਾ ਗਿਆ ਸੀ। ਇਸ ਵਾਰ ਉਹਨੇ ਪਿੰਡ ਦੇ ਸਕੂਲ ਵਿਚ ਨਲਕਾ ਲਗਵਾਇਆ। ਨਿਆਈਂ ਵਾਲੀ ਦੋ ਕਿੱਲੇ ਭੋਏਂ ਵਿਚ ਬਾਗ ਲਵਾਉਣ ਦੀ ਨਸੀਹਤ ਕੀਤੀ। ਮਾਂ ਤੇ ਪਿਉ ਦੀ ਕਬਰ ਦੇ ਸਿਰਹਾਣੇ ਆਪਣੇ ਹੱਥਾਂ ਨਾਲ ਬੇਰੀ ਦੇ ਬੂਟੇ ਲਾਏ। ਦੋਹਾਂ ਕਬਰਾਂ ਦੀ ਪਵਾਂਦੋ ਦੋ ਬੁੱਕ ਮਿੱਟੀ ਦੇ ਚੁੱਕੇ ਤੇ ਪਿਛਲੇ ਪੈਰੀਂ ਹੰਝੂ ਕੇਰਦਾ ਲੰਦਨ ਮੁੜ ਆਇਆ। ਉਹ ਦੋ ਬੁੱਕ ਮਿੱਟੀ ਹੁਣ ਇਹਦੇ ਬੈੱਡਰੂਮ ਵਿਚ ਕਾਰਨਸ ਤੇ ਰੱਖ ਇਕ ਗਮਲੇ ਵਿਚ ਪਈ ਏ। ਗਮਲਾ ਖਾਲੀ ਏ ਵਿਚ ਕੋਈ ਬੂਟਾ ਨਹੀਂ ਲਾਇਆ ਹੋਇਆ। ਫਿਰ ਵੀ ਫਸਲ ਦਿਆਂ ਦੋਹਾਂ ਰੁੱਤਾਂ ਵਿਚ ਇਸ ਅੰਦਰ ਪੰਜਾਬ ਵਿਚ ਖੇਤਾਂ ਦੇ ਬੰਨਿਆਂ ਤੇ ਹੋਣ ਵਾਲੀਆਂ ਬੂਟੀਆਂ ਆਪਣੇ ਆਪ ਉੱਗ ਆਉਂਦੀਆਂ ਨੇ।

ਗਮਲੇ ਵਾਲੀ ਇਸ ਮਿੱਟੀ ਬਾਰੇ ਅਖ਼ਤਰ ਨੇ ਵਸੀਅਤ ਕੀਤੀ ਹੋਈ ਏ ਕਿ ਜਦ ਉਹ ਮਰੇ ਤਾਂ ਉਹਨੂੰ ਕਬਰ ਵਿਚ ਰੱਖਣ ਤੋਂ ਪਹਿਲਾਂ ਇਹ ਮਿੱਟੀ ਥੱਲੇ ਖਿਲਾਰ ਦਿੱਤੀ ਜਾਵੇ। ਉਹ ਚਾਹੁੰਦਾ ਏ ਮਰਨ ਤੋਂ ਬਾਅਦ ਕਮ ਸੇ ਕਮ ਮੇਰੀ ਕੰਡ ਨੂੰ ਆਪਣੀ ਮਿੱਟੀ ਉੱਤੇ ਹੋਣ ਦਾ ਅਹਿਸਾਸ ਤਾਂ ਰਹੇ। ਪਿਛਲੇ ਦੋ ਵਰ੍ਹਿਆਂ ਤੋਂ ਉਹਦਾ ਭਰਾ ਆਪਣੇ ਪੁੱਤਰ ਲਈ ਸਪਾਂਸਰ ਵੀਜ਼ਾ ਘੱਲਣ ਦਾ ਆਖ ਰਿਹਾ ਏ ਪਰ ਅਖ਼ਤਰ ਦਾ ਦਿਲ ਨਹੀਂ ਚਾਹੁੰਦਾ। ਉਹਦੇ ਭਰਾ ਦੀ ਮਰਜ਼ੀ ਇਹ ਵੀ ਏ ਕਿ ਮੁੰਡੇ ਨੂੰ ਇੰਗਲੈਂਡ ਸੱਦ ਕੇ ਪਿੰਕੀ ਨਾਲ ਉਸਦਾ ਨਿਕਾਹ ਪੜ੍ਹਵਾ ਦਿੱਤਾ ਜਾਵੇ। ਭਰਾ ਵਲੋਂ ਵੀਜ਼ਾ ਘੱਲਣ ਦਾ ਤਕਾਜ਼ਾ ਵੱਧ ਗਿਆ ਤਾਂ ਅਖ਼ਤਰ ਨੇ ਭਰਾ ਆਪਣੇ ਨੂੰ ਫੋਨ ਦੀ ਬਜਾਏ ਚਿੱਠੀ ਰਾਹੀਂ ਜਵਾਬ ਦੇਣਾ ਮੁਨਾਸਿਬ ਸਮਝਿਆ। ਉਸ ਆਖਿਆ – 'ਆਪਣੀ ਮਿੱਟੀ ਤੇ ਮਾਸ ਤੋਂ ਦੂਰ ਰਹਿਣ ਦਾ ਦੁੱਖ ਮੈਂ ਨਹੀਂ ਚਾਹੁੰਦਾ ਕਿ ਮੇਰੇ ਬਾਅਦ ਵੀ ਕੋਈ ਭੋਗੇ.... ਮੇਰੀ ਔਲਾਦ ਨੇ ਮੁਸਤਕਲ ਇੰਗਲੈਂਡ ਰਹਿਣ ਦਾ ਫੈਸਲਾ ਕਰ ਲਿਆ ਏ...ਵੀਜ਼ਾ ਮੈਂ ਨਹੀਂ ਘੱਲਣਾ, ਮੇਰੇ ਹਿੱਸੇ ਦੀ ਜਾਇਦਾਦ ਆਪਣੇ ਮੁੰਡੇ ਦੇ ਨਾਂ ਲਵਾ ਦੇ। ਰਹੀ



ਪਿੰਕੀ ਨਾਲ ਉਹਦੇ ਵਿਆਹ ਦੀ ਗੱਲ ਤਾਂ ਮੈਂ ਪਿੰਕੀ ਤੇ ਆਪਣੀ ਮਰਜ਼ੀ ਨਹੀਂ ਥੋਪ ਸਕਦਾ... ਇਹ ਇੰਗਲੈਂਡ ਏ ਜੇ ਪੰਜਾਬ ਵੀ ਹੁੰਦਾ ਤਾਂ ਮੈਂ ਪਿੰਕੀ ਦੀ ਆਪਣੀ ਸੱਧਰ ਦਾ ਇਹਤਰਾਮ ਕਰਦਾ।"

ਅਖਤਰ ਜਦ ਚਿੱਠੀ ਪੋਸਟ ਕਰਨ ਜਾ ਰਿਹਾ ਸੀ ਤਾਂ ਰਸਤੇ ਵਿਚ ਉਸ ਆਪਣੇ ਆਪ ਨੂੰ ਕਈ ਸਵਾਲ ਕੀਤੇ-

ਉਸਦਾ ਇੱਥੇ ਆਉਣਾ ਤਕਦੀਰ ਦਾ ਸਿਤਮ ਸੀ ਜਾਂ ਕਰਮ ?

ਦੌਲਤ ਕਮਾਉਣ ਦਾ ਅਮਲ ਕੀ ਉਸ ਲਈ ਕੋਈ ਸ਼ਜ਼ਾ ਸੀ ?

ਉਹਨੇ ਇਹ ਸਾਰਾ ਕਸ਼ਟ ਕਿਉਂ ਕੱਟਿਆ ?

ਤੇ ਕੀ ਉਹਦੀ ਉਮਰ ਕਾਮਯਾਬ ਰਹੀ ?

ਇਹਨਾਂ ਸਾਰੇ ਸਵਾਲਾਂ ਦਾ ਉਸ ਕੋਲ ਇਕ ਹੀ ਜਵਾਬ ਸੀ-

'ਆਪਣੇ ਲਈ ਤਾਂ ਹਰ ਕੋਈ ਜਿਉਂਦਾ ਏ। ਉਹਨੂੰ ਆਪਣੇ ਤੇ ਮਾਣ ਏ ਕਿ ਉਹ ਆਪਣੇ ਖਾਨਦਾਨ ਲਈ ਜੀਵਿਆ ਏ।'

ਹੁਣ ਆਪਣੇ ਵਤਨ ਵਾਪਿਸ ਨਾ ਜਾਣ ਦੇ ਫੈਸਲੇ ਤੇ ਅਖ਼ਤਰ ਨੂੰ ਕੋਈ ਹਿਰਖ਼ ਨਹੀਂ ਸੀ। 'ਕਿਸੇ ਦੀ ਖ਼ਾਤਿਰ ਜਿਥੇ ਐਨਾ ਜੀਵਨ ਗੁਜ਼ਰ ਗਿਆ, ਉੱਥੇ ਹੁਣ ਉਹ ਕਿਸੇ ਵਾਸਤੇ ਮਰ ਵੀ ਤਾਂ ਸਕਦਾ ਏ।' ਇਹ ਸੋਚਦੇ ਹੋਏ ਉਹ ਉਦਾਸ ਜਿਹਾ ਮੁਸਕਰਾ ਪਿਆ ਤੇ ਇਸ ਨਾਲ ਉਸਨੂੰ ਸਾਈਮਨ ਚੇਤੇ ਆ ਗਿਆ।

**— ਖ਼ਾਲਿਦ ਫਰਿਹਾਦ ਧਾਲੀਵਾਲ**

**(ਸ਼ਾਹਮੁੱਖੀ ਤੋਂ ਗੁਰਮੁਖੀ ਪਾਲ ਸਿੰਘ ਵੱਲਾ)**

**ਧੰਨਵਾਦ ਸਹਿਤ**

**ਚਿਰਾਗ ਤਿਮਾਹੀ ਵਿਚੋਂ**